# ਬੁੱਧ ਧਰਮ ਅਤੇ ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ: ਆਧੁਨਿਕ ਪਰਿਪੇਖ ਵਿੱਚ ਇਕ ਤੁਲਨਾਤਮਕ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ, ਪੀਐੱਚ.ਡੀ.
ਦੀ ਡਿਗਰੀ ਲਈ ਨਿਯਮਾਂ ਦੀ ਪੂਰਤੀ ਹਿੱਤ ਪ੍ਰਸਤੁਤ

ਖੋਜ-ਪ੍ਰਬੰਧ

2016

**ਨਿਗਰਾਨ:**
ਡਾ. ਅਬਨੀਸ਼ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥਣ:**
ਪ੍ਰਦੀਪ ਕੌਰ

**ਸਹਿ ਨਿਗਰਾਨ :**
ਡਾ. ਰਾਜੇਸ਼ ਰੰਜਨ
ਮੁਖੀ ਅਤੇ ਪ੍ਰੋਫ਼ੈਸਰ,
ਨਵ ਨਾਲੰਦਾ ਯੂਨੀਵਰਸਿਟੀ,
ਨਾਲੰਦਾ।

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ **ਪ੍ਰਦੀਪ ਕੌਰ** ਨੇ **'ਬੁੱਧ ਧਰਮ ਅਤੇ ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ: ਆਧੁਨਿਕ ਪਰਿਪੇਖ ਵਿੱਚ ਇਕ ਤੁਲਨਾਤਮਕ ਅਧਿਐਨ'** ਵਿਸ਼ੇ 'ਤੇ ਪੀਐੱਚ. ਡੀ. ਦਾ ਖੋਜ-ਪ੍ਰਬੰਧ ਸਾਡੀ ਨਿਗਰਾਨੀ ਅਧੀਨ ਪੂਰਾ ਕੀਤਾ ਹੈ। ਇਹ ਖੋਜਾਰਥਣ ਦੀ ਮੌਲਿਕ ਰਚਨਾ ਹੈ ਅਤੇ ਉਸਦੀ ਮਿਹਨਤ ਦਾ ਸਿੱਟਾ ਹੈ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਵੀ ਉਪਾਧੀ ਲਈ ਕਿਤੇ ਵੀ ਪੇਸ਼ ਨਹੀਂ ਕੀਤਾ ਗਿਆ। ਅਸੀਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹਾਂ ਅਤੇ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਸਿਫਾਰਿਸ਼ ਕਰਦੇ ਹਾਂ।

**ਮਿਤੀ:** 21-03-2016

**ਨਿਗਰਾਨ:**

ਅਬਨੀਸ਼ ਕੌਰ

ਡਾ. ਅਬਨੀਸ਼ ਕੌਰ
ਅਸਿਸਟੈਂਟ ਪ੍ਰੋਫ਼ੈਸਰ,
ਡਿਸਟੈਂਸ ਐਜੂਕੇਸ਼ਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸਹਿ ਨਿਗਰਾਨ :**

ਰਾਜੇਸ਼ ਰੰਜਨ

ਡਾ. ਰਾਜੇਸ਼ ਰੰਜਨ
ਮੁਖੀ ਅਤੇ ਪ੍ਰੋਫ਼ੈਸਰ,
ਨਵ ਨਾਲੰਦਾ ਯੂਨੀਵਰਸਿਟੀ,
ਨਾਲੰਦਾ।

# ਅਧਿਆਇ-ਪਹਿਲਾ
# ਭਾਰਤੀ ਧਰਮ ਅਤੇ ਇਸਤਰੀ

ਇਸਤਰੀ ਮਨੁੱਖੀ ਹੋਂਦ ਦੀ ਬੁਨਿਆਦ ਹੈ। ਸ੍ਰਿਸ਼ਟੀ ਨੇ ਇਸਤਰੀ ਨੂੰ ਸਿਰਜਣਾ ਦੇ ਸਮਰੱਥ ਬਣਾ ਕੇ ਮੱਹਤਤਾ ਪ੍ਰਦਾਨ ਕੀਤੀ ਹੈ। ਮਰਦ ਅਤੇ ਇਸਤਰੀ ਦੇ ਕੁਦਰਤੀ ਵਖਰੇਵਿਆਂ ਕਾਰਨ ਹੀ ਸਮਾਜ ਵਿੱਚ ਇਹਨਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਬਦਲਦੇ ਸਮਾਜਿਕ ਹਾਲਾਤਾਂ ਨੇ ਹਮੇਸ਼ਾ ਮਰਦ ਅਤੇ ਇਸਤਰੀ ਦੇ ਸੰਬੰਧਾਂ ਨੂੰ ਆਪੋ-ਆਪਣੀਆਂ ਸਮਾਜਿਕ ਬਣਤਰਾਂ ਅਨੁਸਾਰ ਸਿਰਜਿਆ ਹੈ। ਜਿਸ ਵਿੱਚ ਧਰਮ ਦਾ ਰੋਲ ਮੁਢ ਤੋਂ ਹੀ ਰਿਹਾ ਹੈ। ਧਰਮ ਦੇ ਸੰਗਠਿਤ ਅਤੇ ਅਸੰਗਠਿਤ ਦੋਵਾਂ ਰੂਪਾਂ ਦਾ ਹੀ ਇਸਤਰੀ ਜੀਵਨ ਉੱਪਰ ਅਸਰ ਰਿਹਾ ਹੈ।

ਆਦਿ ਕਾਲੀਨ ਸਮਾਜ ਵੱਲ ਨਜ਼ਰ ਮਾਰੀਏ ਤਾਂ ਉਸ ਸਮੇਂ ਦਾ ਮਨੁੱਖੀ ਜੀਵਨ ਅਗਿਆਨਤਾਵਸ ਸੀ। ਇਹ ਮਨੁੱਖੀ ਜੀਵਨ ਦਾ ਮੁਢ ਹੈ, ਜਦੋਂ ਉਹ ਜੰਗਲਾਂ ਵਿੱਚ ਵਿਚਰਦਾ ਹੋਇਆ ਪਸ਼ੂਆਂ ਵਾਂਗ ਆਪਣਾ ਜੀਵਨ ਬਤੀਤ ਕਰਦਾ ਸੀ। ਇਸ ਸਮੇਂ ਮਨੁੱਖ ਗੁਫ਼ਾਵਾਂ ਵਿੱਚ ਰਹਿੰਦਾ ਹੋਇਆ ਆਪਣੇ ਲਈ ਖਾਣਾ ਇਕਤ੍ਰਿਤ ਕਰਦਾ ਸੀ। ਉਹ ਖਾਣੇ ਲਈ ਸ਼ਿਕਾਰ ਅਤੇ ਫ਼ਲਾਂ ਨੂੰ ਆਧਾਰ ਬਣਾਉਂਦਾ ਸੀ ਜੋ ਉਸਦੇ ਜਿਉਣ ਲਈ ਸਹਾਈ ਸਨ। ਉਹ ਜੰਗਲਾਂ ਵਿੱਚ ਰਹਿੰਦੇ ਹੋਏ ਛੋਟੇ ਸਮੂਹਾਂ ਵਿੱਚ ਵੰਡੇ ਹੋਏ ਸਨ। ਇਸ ਸਮੂਹਾਂ ਵਿੱਚ ਮਰਦ ਅਤੇ ਇਸਤਰੀ ਹਰ ਕੰਮ ਸਹਿਯੋਗਤਾ ਨਾਲ ਕਰਦੇ ਸਨ।[1] ਪੁਰਾਤਨ ਯੁੱਗ ਵਿੱਚ ਮਨੁੱਖ ਨੂੰ ਸਮਾਜ ਅਤੇ ਸੰਸਥਾਪਕ ਧਰਮ ਬਾਰੇ ਜਾਣਕਾਰੀ ਨਹੀਂ ਸੀ ਪਰ ਹੌਲੀ-ਹੌਲੀ ਸਮੇਂ ਦੇ ਵਿਕਾਸ ਨਾਲ ਮਨੁੱਖ ਦੇ ਛੋਟੇ-ਛੋਟੇ ਸਮੂਹਾਂ ਨੇ ਕਬਾਇਲੀ ਸਮਾਜ ਦਾ ਰੂਪ ਲੈ ਲਿਆ। ਇਸ ਤਰ੍ਹਾਂ ਮਨੁੱਖ ਸੀਮਿਤ ਟਿਕਾਣਿਆਂ ਵਿੱਚੋਂ ਬਾਹਰ ਨਿਕਲ ਕੇ ਵੱਖ-ਵੱਖ ਬਰਾਦਰੀਆਂ ਵਿੱਚ ਵੰਡੇ ਗਏ।

ਮਨੁੱਖ ਦੇ ਸਮਾਜਿਕ ਵਿਕਾਸ ਦੇ ਨਾਲ-ਨਾਲ ਧਰਮ ਵੀ ਆਪਣੇ ਮੁਢਲੇ ਰੂਪ ਵਿੱਚ ਸਾਹਮਣੇ ਆਇਆ। ਜਿੱਥੇ ਮਨੁੱਖ ਆਪਣੇ ਜਿਉਣ ਲਈ ਕੁਦਰਤ 'ਤੇ ਨਿਰਭਰ ਕਰਦਾ ਸੀ ਉੱਥੇ ਨਾਲ ਹੀ ਇਸਦੀ ਕ੍ਰੋਪੀ ਤੋਂ ਡਰਦਾ ਵੀ ਸੀ। ਇਸੇ ਡਰ ਤੋਂ ਮਨੁੱਖ ਨੇ ਮੁਢਲੇ ਰੂਪ ਵਿੱਚ ਧਰਮ ਨੂੰ ਮੰਨਣਾ ਸ਼ੁਰੂ ਕਰ ਦਿੱਤਾ ਅਤੇ ਕਿਸੇ ਨਾ ਕਿਸੇ ਕੁਦਰਤੀ ਸ਼ਕਤੀ ਦੇ ਰੂਪ ਨੂੰ ਪੂਜਨ ਲੱਗ ਗਿਆ ਸੀ। ਸਮਾਜ ਸ਼ਾਸਤਰੀ ਇਮਾਈਲ ਦੁਰਖੇਮ ਅਨੁਸਾਰ ਕਬਾਇਲੀ ਸਮਾਜ ਵਿੱਚ ਧਰਮ 'ਟੋਟਮਵਾਦ' ਦੇ ਰੂਪ ਵਿੱਚ ਉਤਪੰਨ ਹੋਇਆ। ਜਿਸ ਅਨੁਸਾਰ

[1] "In the earliest times of which we have any historical knowledge men and women were grouped together in hordes, and seem to have led a nomadic life, holding all their possessions in common."
S.M.Mitra, *The Position of Women in Indian life*, Longmans, Green & Co, New York, 1911, p. 2.

ਧਰਮ ਦੇ ਸ਼ੁਰੂਆਤੀ ਰੂਪ ਵਿੱਚ ਕੁੱਝ ਵਸਤਾਂ ਨੂੰ ਪਵਿੱਤਰ ਮੰਨਣ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ, ਜਿਸਨੂੰ ਦੁਰਖੇਮ ਨੇ 'ਟੋਟਮ' ਦਾ ਨਾਮ ਦਿੱਤਾ। ਧਰਮ ਪਵਿੱਤਰ ਵਸਤੂਆਂ ਨਾਲ ਸੰਬੰਧਿਤ ਵਿਸ਼ਵਾਸਾਂ ਅਤੇ ਅਮਲਾਂ ਦੀ ਇੱਕਜੁਟ ਵਿਵਸਥਾ ਹੈ ਜੋ ਲੋਕਾਂ ਨੂੰ ਇੱਕ ਸਮੁਦਾਇ ਵਿੱਚ ਜੋੜਦੀ ਹੈ। ਧਰਮ ਕਬਾਇਲੀ ਸਮਾਜ ਦਾ ਆਧਾਰ ਬਣ ਚੁੱਕਾ ਸੀ ਅਤੇ ਧਾਰਮਿਕ ਵਿਸ਼ਵਾਸ ਮਨੁੱਖ ਦੇ ਸਮਾਜਿਕ ਜੀਵਨ ਨੂੰ ਨਿਰਧਾਰਿਤ ਕਰਨ ਲੱਗ ਗਏ ਸਨ। ਜ਼ੇਮਜ ਫਰੇਜ਼ਰ ਧਰਮ ਦਾ ਮੁਢਲਾ ਰੂਪ ਜਾਦੂ ਨੂੰ ਮੰਨਦੇ ਹਨ। ਮਨੁੱਖ ਕੁਦਰਤੀ ਸ਼ਕਤੀਆਂ ਦੇ ਟਾਕਰੇ ਲਈ ਜਾਦੂ ਦਾ ਆਸਰਾ ਲੈਂਦਾ ਅਤੇ ਇਸਨੂੰ ਸੁਰੱਖਿਆ ਦਾ ਸਾਧਨ ਸਮਝਦਾ ਸੀ।

ਮਰਦ ਅਤੇ ਇਸਤਰੀ ਦੋਨੋਂ ਹੀ ਸਮਾਜਿਕ/ਧਾਰਮਿਕ ਜੀਵਨ ਦਾ ਮਹੱਤਵਪੂਰਨ ਅੰਗ ਸਨ। ਸਮਾਜਿਕ ਅਤੇ ਪਰਿਵਾਰਿਕ ਜ਼ੁੰਮੇਵਾਰੀਆਂ ਨੂੰ ਨਿਭਾਉਣ ਲਈ ਦੋਨਾਂ ਨੇ ਆਪਣੇ-ਆਪਣੇ ਹਿੱਸੇ ਦੇ ਕੰਮ ਵੰਡੇ ਹੋਏ ਸਨ। ਇਹ ਸ਼ਾਇਦ ਸਮਾਜਿਕ ਵੰਡ ਦਾ ਸਭ ਤੋਂ ਪਹਿਲਾ ਰੂਪ ਸੀ। ਪ੍ਰਸਿੱਧ ਸਮਾਜ ਸ਼ਾਸਤਰੀ ਅਤੇ ਮਾਨਵ ਵਿਗਿਆਨੀ ਜਾਰਜ ਪੀਟਰ ਮੁਰਡਾਕ ਲਿਖਦੇ ਹਨ ਕਿ ਮਰਦ ਅਤੇ ਇਸਤਰੀ ਦੀ ਕਿੱਤੇ ਦੇ ਆਧਾਰ 'ਤੇ ਵੰਡ ਸਮਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੀ ਗਈ ਸੀ। ਮੁਰਡਾਕ ਨੇ ਮਰਦ ਅਤੇ ਇਸਤਰੀ ਦੇ ਜ਼ੁੰਮੇ ਲਗਾਏ ਜਾਣ ਵਾਲੇ ਕੰਮਾਂ ਤੋਂ ਜਾਣੂ ਕਰਵਾਇਆ ਜਿਵੇਂ ਕਿ ਸ਼ਿਕਾਰ ਕਰਨਾ, ਭਾਰੇ ਕੰਮ (ਜੰਗਲੀ ਲੱਕੜੀ ਕੱਟਣਾ, ਥਾਂ ਘੇਰਨਾ, ਸੁਰੰਗ ਦੀ ਪਟਾਈ), ਮੱਛੀ ਫੜਨਾ, ਇੱਜੜ ਚਾਰਨਾ ਆਦਿ ਕੰਮ ਮਰਦ ਦੇ ਹਿੱਸੇ ਸਨ। ਇਸੇ ਤਰ੍ਹਾਂ ਇਸਤਰੀਆਂ ਖਾਣਾ ਬਣਾਉਣਾ, ਜੰਗਲੀ ਬਨਸਪਤੀ ਉਪਜ ਇੱਕਠੀ ਕਰਨੀ, ਪਾਣੀ ਦਾ ਪ੍ਰਬੰਧ ਕਰਨਾ, ਸਰੀਰ ਨੂੰ ਢੱਕਣ ਵਾਸਤੇ ਵਸਤਰ ਬਣਾਉਣੇ ਆਦਿ ਕੰਮਾਂ ਨੂੰ ਕਰਨ ਦੇ ਨਾਲ-ਨਾਲ ਸ਼ਿਕਾਰ ਕਰਨ ਵਿੱਚ ਵੀ ਸਹਾਈ ਹੁੰਦੀਆਂ ਸਨ।[2] 'ਭੀਮਬੇਤਕਾ' (Bhimbetka) ਗੁਫ਼ਾ ਚਿੱਤਰਕਲਾ ਤੋਂ ਸਾਰਥਿਕ ਪ੍ਰਮਾਣ ਮਿਲਦਾ ਹੈ ਕਿ ਇਸਤਰੀਆਂ ਫ਼ਲ ਅਤੇ ਹੋਰ ਜੰਗਲੀ ਉਪਜ ਇੱਕਠੀ ਕਰਨ ਦੇ ਨਾਲ-ਨਾਲ ਛੋਟੇ ਸ਼ਿਕਾਰ ਵੀ ਕਰਦੀਆਂ ਸਨ। ਉਸ ਸਮੇਂ ਦੀਆਂ ਕਲਾਕ੍ਰਿਤੀ ਭਰਪੂਰ ਵਸਤਾਂ ਦੀ ਪ੍ਰਾਪਤੀ ਕਲਾ ਦੇ ਪ੍ਰਚਲਿਤ ਹੋਣ ਜਾਂ ਕਲਾ ਦੀ ਸਮਝ ਹੋਣ ਵੱਲ ਇਸ਼ਾਰਾ ਕਰਦੀਆਂ ਹਨ। ਇਸਤਰੀਆਂ ਦੇ ਕਿੱਤੇ ਪ੍ਰਤੀ ਮਿਲਦੀ ਜਾਣਕਾਰੀ ਤੋਂ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਸ਼ਾਇਦ ਕਲਾ ਇਹਨਾਂ ਦੇ ਹਿੱਸੇ ਹੀ ਹੋਵੇ।

ਕਬਾਇਲੀ ਸਮਾਜ ਵਿੱਚ ਰਹਿੰਦੇ ਹੋਏ ਇਸਤਰੀ ਦੀ ਸਭ ਤੋਂ ਵੱਡੀ ਜ਼ੁੰਮੇਵਾਰੀ ਬੱਚੇ ਪੈਦਾ ਕਰਨਾ ਅਤੇ ਉਹਨਾਂ ਦਾ ਪਾਲਣ ਪੋਸ਼ਣ ਕਰਨਾ ਸੀ। ਉਸ ਸਮੇਂ ਮਨੁੱਖ ਨੂੰ ਇਸਤਰੀ ਦੀ ਸਰੀਰਕ ਸ਼ਕਤੀ ਦਾ ਅੱਜ ਦੇ ਸਮੇਂ ਵਾਂਗ ਗਿਆਨ ਨਹੀਂ ਸੀ, ਇਸ ਲਈ ਉਹ ਇਸਤਰੀ ਦੀ ਇਸ ਅਦਭੁਤ ਅਤੇ ਅਨੋਖੀ ਜਣਨ ਸ਼ਕਤੀ ਨੂੰ ਸਤਿਕਾਰਦੇ ਸਨ। ਪੂਰਵ ਇਤਿਹਾਸ ਦੇ ਇਸ ਕਾਲ ਵਿੱਚ ਮਨੁੱਖ ਨੇ ਪਸ਼ੂਆਂ ਵਾਲਾ ਜੀਵਨ ਛੱਡ ਕੇ ਕਬੀਲਿਆਂ ਵਿੱਚ ਸਮੂਹਕ ਤੌਰ 'ਤੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਸਰੀਰ ਨੂੰ ਢੱਕਣ ਦੇ

[2] M.Haralambos, *SociologyThemes and Perspectives*, Oxford University Press, Delhi, 1980, p. 371.

ਨਾਲ-ਨਾਲ ਖਾਣਾ ਵੀ ਪਕਾ ਕੇ ਖਾਣ ਲੱਗ ਗਿਆ ਸੀ। ਇਸ ਯੁੱਗ ਵਿੱਚ ਮਨੁੱਖ ਹੌਲੀ ਹੌਲੀ ਵਿਕਾਸ ਵੱਲ ਵੱਧ ਰਿਹਾ ਸੀ।

**ਸਿੰਧੂ ਘਾਟੀ ਸਭਿਅਤਾ:**

ਪੁਰਾਤਨ ਯੁੱਗ ਦਾ ਮਨੁੱਖ ਕਬਾਇਲੀ ਜੀਵਨ ਵੱਲੋਂ ਸਭਿਅਕ ਸਮਾਜ ਵੱਲ ਵਧਿਆ। ਜਿਸਦੇ ਸਿੱਟੇ ਵਜੋਂ ਸਿੰਧੂ ਘਾਟੀ ਸਭਿਅਤਾ ਹੋਂਦ ਵਿੱਚ ਆਈ। ਮਨੁੱਖ ਖਾਨਾਬਦੋਸ਼ ਜੀਵਨ ਛੱਡ ਕੇ ਸਥਾਈ ਰੂਪ ਵਿੱਚ ਇੱਕ ਥਾਂ 'ਤੇ ਵੱਸਣ ਲੱਗ ਪਿਆ ਤੇ ਨਾਲ ਹੀ ਉਸਨੇ ਖੇਤੀਬਾੜੀ ਅਤੇ ਪਸ਼ੂ ਪਾਲਣ ਰਾਹੀਂ ਜੀਵਨ ਦਾ ਨਿਰਵਾਹ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਲੋਕ ਕਣਕ, ਜੌਂ, ਫਲੀਦਾਰ ਪੌਦਿਆਂ ਅਤੇ ਤਿਲਾਂ ਦੀ ਖੇਤੀ ਕਰਨ ਲੱਗ ਪਏ ਸਨ। ਮੋਹਿੰਜੋਦਾੜੋ ਤੋਂ ਪ੍ਰਾਪਤ ਸੂਤੀ ਕੱਪੜੇ ਦੇ ਟੁਕੜੇ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰੂੰ ਦੀ ਪੈਦਾਵਾਰ ਵੀ ਹੁੰਦੀ ਸੀ।[3] ਇਹਨਾਂ ਕੰਮਾਂ ਦੇ ਪ੍ਰਚਲਨ ਅਤੇ ਮਨੁੱਖ ਦੀਆਂ ਵੱਧ ਰਹੀਆਂ ਜ਼ਰੂਰਤਾਂ ਨੇ ਹੋਰ ਕਿੱਤਿਆਂ ਨੂੰ ਪ੍ਰੋਤਸਾਹਿਤ ਕੀਤਾ ਸੀ। ਇਹ ਸੂਰਬੀਰ, ਵਪਾਰੀ, ਕਾਰੀਗਰੀ ਅਤੇ ਮਜ਼ਦੂਰੀ ਆਦਿ ਕੰਮ ਵੱਖ-ਵੱਖ ਸਮੂਹਾਂ ਵਿੱਚ ਕਰਨ ਲੱਗ ਗਏ ਸੀ। ਸਿੰਧੂ ਘਾਟੀ ਸਭਿਅਤਾ ਨੇ ਵੱਖ-ਵੱਖ ਕਿੱਤਿਆਂ ਦੇ ਬਾਵਜੂਦ ਵੀ ਸਮਾਜ ਨੂੰ ਇੱਕ ਸੰਗਠਿਤ ਰੂਪ ਦਿੱਤਾ ਸੀ।

ਇਸ ਸਭਿਅਕ ਸਮਾਜ ਦਾ ਧੁਰਾ ਮਰਦ ਅਤੇ ਇਸਤਰੀ ਦੋਵਾਂ ਨੂੰ ਮੰਨਿਆ ਜਾਂਦਾ ਸੀ, ਇਸੇ ਲਈ ਇਸਤਰੀ ਨੂੰ ਮਰਦ ਦੇ ਸਮਾਨ ਅਧਿਕਾਰ ਪ੍ਰਾਪਤ ਸਨ। ਇਸਤਰੀ ਦੇ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਰਾਵੇ ਉੱਪਰ ਕੋਈ ਰੋਕ ਨਹੀਂ ਸੀ। ਖੁਦਾਈਆਂ ਅਤੇ ਵਿਗਿਆਨੀਆਂ ਦੁਆਰਾ ਘੋਖਣ ਤੇ ਜੋ ਨਤੀਜੇ ਨਿੱਕਲੇ, ਉਹਨਾਂ ਦੇ ਆਧਾਰ 'ਤੇ ਇਸਤਰੀ ਦੀ ਉੱਚਤਾ ਬਿਆਨ ਕੀਤੀ ਜਾ ਸਕਦੀ ਹੈ। ਉਹ ਆਪਣੇ ਆਪ ਨੂੰ ਅਲੱਗ-ਅਲੱਗ ਤਰ੍ਹਾਂ ਦੇ ਗਹਿਣਿਆਂ ਨਾਲ ਹਾਰ-ਸ਼ਿੰਗਾਰ ਕੇ ਰੱਖਦੀਆਂ ਸਨ ਅਤੇ ਇਸਤਰੀਆਂ ਦੇ ਦੁੱਧ ਨਾਲ ਇਸ਼ਨਾਨ ਕਰਨ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਸਭਿਅਤਾ ਵਿੱਚ ਇਸਤਰੀਆਂ ਵੀ ਅਹਿਮ ਫੈਸਲਿਆਂ ਵਿੱਚ ਸ਼ਾਮਿਲ ਹੁੰਦੀਆਂ ਸਨ। ਇਸਤਰੀ ਹਰ ਕੰਮ ਵਿੱਚ ਮਰਦ ਦੀ ਸਹਿਯੋਗੀ ਮੰਨੀ ਜਾਂਦੀ ਸੀ। ਉਹ ਵੀ ਮਰਦਾਂ ਦੇ ਬਰਾਬਰ ਹੀ ਕੱਤਣ, ਬੁਨਣ ਅਤੇ ਖਿਡੌਣੇ ਆਦਿ ਬਨਾਉਣ ਦਾ ਕੰਮ ਕਰਦੀ ਸੀ। ਹਰਪਾਲ ਸਿੰਘ ਪੰਨੂ ਅਨੁਸਾਰ, "ਵੈਦਿਕ ਕਾਲ ਤੋਂ ਪਹਿਲੋਂ ਹੜੱਪਾ ਅਤੇ ਮੋਹਿੰਜੋਦਾੜੋ ਦੀ ਸਭਿਅਤਾ

---

3 "From the earliest times various crops had been cultivated there: to judge by archeologists' finding the Harappan peoples were familiar with the cultivation of wheat (two varities), barley, sesame and beans. …… Mohenjo-Daro a small piece of cotton fabric was found which clearly points to the fact that cotton was grown at that time."
K. Antonova, G. Bongard-Levin & G.Katousky, *A History of India*, Progress Publication, Moscow, 1979, p. 21.

ਵਿਚ ਇਸਤਰੀ ਦਾ ਸਥਾਨ ਮਰਦ ਤੋਂ ਉੱਪਰ ਸੀ। ਇਸਤਰੀ ਦੇ ਨਾਮ ਤੇ ਵੰਸ਼ ਚੱਲਦਾ ਸੀ ਤੇ ਪਿਤਾ ਜਿਹੜਾ ਵੀ ਹੋਵੇ ਉਸ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ।"[4]

ਮੋਹਿੰਜੋਦਾੜੋ ਅਤੇ ਹੜੱਪਾ ਦੀ ਖੁਦਾਈ ਤੋਂ ਪ੍ਰਾਪਤ ਮੂਰਤੀਆਂ, ਚਿੱਤਰਕਲਾਵਾਂ ਅਤੇ ਹੋਰ ਅਵਸ਼ੇਸ਼ਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਇਹਨਾਂ ਲੋਕਾਂ ਦੀ ਜ਼ਿੰਦਗੀ ਵਿੱਚ ਪੁਰਾਤਨ ਧਰਮ ਦਾ ਵਿਹਾਰਿਕ ਰੂਪ ਨਜ਼ਰ ਆਉਂਦਾ ਹੈ। ਉਹ ਪਸ਼ੂਪਤੀ ਦੇਵ ਦੇ ਨਾਲ-ਨਾਲ ਮਾਤ ਦੇਵੀ ਨੂੰ ਵੀ ਪਵਿੱਤਰ ਮੰਨਦਿਆਂ ਉਸ ਨੂੰ ਸ਼ਕਤੀ ਦਾ ਰੁਤਬਾ ਦਿੰਦੇ ਸਨ ਅਤੇ ਉਸ ਦੀ ਪੂਜਾ ਕਰਦੇ ਸਨ। ਇਸ ਸਮੇਂ ਦੀਆਂ ਪ੍ਰਾਪਤ ਇਸਤਰੀਆਂ ਦੀਆਂ ਮੂਰਤੀਆਂ ਧੂੰਏ ਜਾਂ ਅੱਗ ਨਾਲ ਪ੍ਰਭਾਵਿਤ ਸਨ ਜੋ ਉਹਨਾਂ ਦੀ ਪੂਜਾ ਜਾਂ ਅਗਨੀ ਭੇਂਟ ਨੂੰ ਬਿਆਨ ਕਰਦੀਆਂ ਹਨ। ਮਾਤ ਦੇਵੀ ਨੂੰ ਦੇਵ ਕੁਲ ਦਾ ਮੁੱਖ ਦੇਵਤਾ ਮੰਨਿਆ ਜਾਂਦਾ ਸੀ। ਅਣਕੱਜੀ/ਨਗਨ ਇਸਤਰੀ ਦੀ ਕੁੱਖ ਵਿੱਚੋਂ ਇੱਕ ਦਰੱਖਤ ਪੈਦਾ ਹੁੰਦੇ ਦੀ ਮੂਰਤੀ ਪ੍ਰਾਪਤ ਹੋਈ।[5] ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਦੈਵੀ ਪੂਜਾ ਦੇ ਨਾਲ ਦਰੱਖਤਾਂ ਦੀ ਪੂਜਾ ਦਾ ਰਿਵਾਜ ਵੀ ਸੀ। ਇਸ ਸਮੇਂ ਲਿੰਗ ਅਤੇ ਯੋਨੀ ਪੂਜਨ ਵੀ ਬਹੁਤ ਪ੍ਰੱਚਲਿਤ ਸੀ।[6] ਸ਼ੇਰ ਅਤੇ ਬਲਦ ਹਮੇਸ਼ਾ ਹੀ ਸ਼ਕਤੀਸ਼ਾਲੀ ਜਾਂ ਬਲਵਾਨ ਦੇ ਚਿੰਨ ਮੰਨੇ ਜਾਂਦੇ ਹਨ, ਇਸਤਰੀਆਂ ਦੀਆਂ ਮੂਰਤੀਆਂ ਵਿੱਚ ਸ਼ੇਰ ਅਤੇ ਬਲਦ ਦੀ ਹਜ਼ੂਰੀ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸਤਰੀ ਕਮਜ਼ੋਰ ਨਹੀਂ ਸਗੋਂ ਸ਼ਕਤੀ ਦਾ ਰੂਪ ਮੰਨੀ ਜਾਂਦੀ ਸੀ। ਨੱਚਦੀ ਹੋਈ ਲੜਕੀ ਦਾ ਕਾਂਸੇ ਦਾ ਬੁੱਤ ਉਸ ਸਮੇਂ ਵਿੱਚ ਨਾਚ ਦੀ ਕਲਾ ਨੂੰ ਦਰਸਾਉਣ[7] ਦੇ ਨਾਲ-ਨਾਲ ਇਸਤਰੀ ਜੀਵਨ ਦੀ ਆਜ਼ਾਦੀ ਨੂੰ ਵੀ ਬਿਆਨ ਕਰਦਾ ਪ੍ਰਤੀਤ ਹੁੰਦਾ ਹੈ।

ਇਸ ਸਭਿਅਕ ਸਮਾਜ ਦੇ ਸ਼ਹਿਰਾਂ ਦੀ ਬਣਤਰ ਅਤੇ ਹਰ ਘਰ ਵਿੱਚ ਪੂਰੀ ਸੁੱਖ ਸਹੂਲਤ ਆਦਿ ਤੋਂ ਇਹਨਾਂ ਲੋਕਾਂ ਦੇ ਆਪਸੀ ਪਿਆਰ, ਸਹਿਯੋਗ ਅਤੇ ਇੱਕਜੁਟ ਹੋਣ ਦੀ ਭਾਵਨਾ ਪ੍ਰਤੀਤ ਹੁੰਦੀ ਹੈ। ਇਸ ਸਮੇਂ ਧਰਮ ਵਿੱਚ ਇਸਤਰੀ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੋਣ ਦੇ ਨਾਲ-ਨਾਲ ਇਹ ਸਮਾਜ ਵੀ ਇਸਤਰੀਆਂ ਦਾ ਹਿੱਤਕਾਰੀ ਸੀ। ਕੁੱਝ ਇਤਿਹਾਸਕਾਰਾਂ ਦਾ ਵਿਚਾਰ ਸੀ ਕਿ ਭਾਰਤ ਵਿੱਚ ਸਭਿਅਕ ਸਮਾਜ ਆਰੀਅਨ

---

4 ਹਰਪਾਲ ਸਿੰਘ ਪੰਨੂ, *ਭਾਰਤ ਦੇ ਪੁਰਾਤਨ ਧਰਮ-ਇੱਕ ਸੰਖੇਪ ਸਰਵੇਖਣ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 10.

5 "An interesting sealing from Harappa shows a nude female figure, turned upside down, with out-spread legs and a plant issuing from the womb. The reverse side has a man with a sickle- shaped knife in hand and a woman seated on the ground with hand raised in supplication." R.C.Majumdar (ed.), *The Vedic Age*, Bharatiya Vidya Bhawan, Bombay, 5th ed., 1971, p. 190.

6 "…the cults of the Lingam and Yoni, were also widely prevalent. " P.Thomas, *Indian Women Through the Ages*, Asia Publishing House, Bombay, 1964, p. 6.

7 "A charming bronze figurine of a dancing girl shows appreciation of the art of dancing." Gertrude Emerson Sen, *The Story of Early Indian Civilization*, Orient Longmans, Delhi, 1964, p. 14.

ਲੋਕਾਂ ਦੀ ਹੀ ਦੇਣ ਸੀ, ਜੋ ਹਿੰਦੂ ਧਰਮ ਦੇ ਪੂਰਵਜ ਸਨ ਪਰੰਤੂ ਖੋਜਾਂ ਦੇ ਨਤੀਜੇ ਅਨੁਸਾਰ ਸਿੰਧੂ ਘਾਟੀ ਸਭਿਅਤਾ ਆਰੀਅਨ ਤੋਂ ਜ਼ਿਆਦਾ ਸਭਿਅਕ ਸੀ।[8]

**ਰਿਗਵੈਦਿਕ ਕਾਲ:**

ਸਿੰਧੂ ਘਾਟੀ ਸਭਿਅਤਾ ਦੇ ਉਪਰੰਤ ਮੱਧ ਯੂਰਪ ਤੋਂ ਪ੍ਰਵਾਸੀ ਸਮੂਹ, ਜਿਹਨਾਂ ਨੂੰ ਆਰੀਅਨ ਵਜੋਂ ਜਾਣਿਆ ਗਿਆ, ਇਸ ਭੂਗੋਲਿਕ ਖੇਤਰ ਵਿਖੇ ਆ ਕੇ ਵਸੇ ਸਨ। ਇਸ ਸਮੂਹ ਨੇ ਇੱਥੇ ਕਬੀਲਿਆਂ ਜਾਂ ਛੋਟੇ ਪਿੰਡਾਂ ਦੇ ਰੂਪ ਵਿੱਚ ਰਹਿਣ ਬਸੇਰਾ ਕੀਤਾ ਸੀ। ਇਹਨਾਂ ਨੇ ਇੱਥੇ ਰਹਿਣ ਵਾਲੇ ਲੋਕਾਂ ਦੇ ਜ਼ਿੰਦਗੀ ਜਿਉਂਣ ਦੇ ਤਰੀਕੇ ਨੂੰ ਅਪਣਾਇਆ ਅਤੇ ਉਹਨਾਂ ਨਾਲ ਵਿਹਾਰਿਕ ਸੰਬੰਧ ਸਥਾਪਿਤ ਕੀਤੇ ਸਨ। ਇਹਨਾਂ ਨੇ ਸਮਾਜ ਦੀ ਵੰਡ ਰੰਗ ਦੇ ਆਧਾਰ ’ਤੇ ਕੀਤੀ, ਜਿਸ ਨੂੰ ਵਰਣ ਦਾ ਨਾਂ ਦਿੱਤਾ ਗਿਆ ਸੀ। ਵਰਣ ਸ਼ਬਦ ਤੋਂ ਭਾਵ ਰੰਗ ਲਿਆ ਜਾਂਦਾ ਸੀ- ਆਰੀਅਨ ਵਰਣ ਗੋਰੇ ਰੰਗ ਦੇ ਪ੍ਰਵਾਸੀ ਲੋਕ ਅਤੇ ਦਾਸ ਵਰਣ ਕਾਲੇ ਰੰਗ ਦੇ ਮੂਲ ਵਸਨੀਕ ਸਨ। ਇਸੇ ਸਮੇਂ ਰਿਗਵੇਦ ਦਾ ਸੰਪਾਦਨ, ਮਨੁੱਖ ਦਾ ਧਰਮ ਨੂੰ ਸੰਸਥਾਪਿਤ ਅਤੇ ਸੰਗ੍ਰਿਹਤ ਕਰਨ ਦਾ ਮੁਢਲਾ ਯਤਨ ਸੀ। ਰਿਗਵੇਦ ਦਾ ਸੰਪਾਦਨ ਨਵੀਂ ਭਾਸ਼ਾ ‘ਸੰਸਕ੍ਰਿਤ’ ਵਿੱਚ ਹੋਇਆ। ਰਿਗਵੇਦ ਨੇ ਮਨੁੱਖ ਦੇ ਸਮਾਜਿਕ ਜੀਵਨ ਨੂੰ ਨਿਰਧਾਰਿਤ ਕੀਤਾ। ਰਿਗਵੇਦ ਦੇ ਸੰਪਾਦਨ ਦੇ ਕੁਝ ਸਮੇਂ ਉਪਰੰਤ ਮਨੁੱਖੀ ਸਮਾਜ ਕਿੱਤੇ ਦੇ ਅਧਾਰ ’ਤੇ ਤਿੰਨ ਭਾਗਾਂ ਵਿੱਚ ਵੰਡਿਆ ਗਿਆ, ਜਿਸ ਨੂੰ ਧਾਰਮਿਕ ਆਦਰਸ਼ਾਂ ਦੁਆਰਾ ਲਾਗੂ ਕੀਤਾ ਗਿਆ ਸੀ। ਇਸ ਧਰਮ ਨੇ ਸਮਾਜ ਦੀ ਵਰਣ ਵੰਡ ਕਿੱਤੇ ਦੇ ਅਧਾਰ ’ਤੇ ਕੀਤੀ ਸੀ। ਧਰਮ ਪ੍ਰਚਾਰਕ ਵਰਗ ਨੂੰ ਬ੍ਰਾਹਮਣ, ਯੋਧਾ ਅਤੇ ਸੱਤਾ-ਸ਼ਾਸਕ ਵਰਗ ਨੂੰ ਖੱਤਰੀ ਅਤੇ ਵਪਾਰੀ ਵਰਗ ਨੂੰ ਵੈਸ਼ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ ਸੀ।

ਪਰਿਵਾਰ ਸਮਾਜ ਦੀ ਮੂਲ ਇਕਾਈ ਸੀ ਜਿਸ ਦੇ ਮੂਲ ਕਾਰਜਾਂ ਦਾ ਨਿਰਧਾਰਨ ਧਰਮ ਦੁਆਰਾ ਕੀਤਾ ਗਿਆ ਸੀ। ਇਹਨਾਂ ਮੂਲ ਕਾਰਜਾਂ ਵਿੱਚੋਂ ਪ੍ਰਜਣਨ ਇੱਕ ਸੀ। ਇਸਤਰੀ ਨੂੰ ਉਸ ਦੀ ਪ੍ਰਜਣਨ ਸਮਰੱਥਾ ਕਾਰਨ ਸਮਾਜ ਵਿੱਚ ਖ਼ਾਸ ਰੁਤਬਾ ਪ੍ਰਾਪਤ ਸੀ। ਧਰਮ ਵੱਲੋਂ ਮਰਦ ਅਤੇ ਇਸਤਰੀ ਦੀਆਂ ਧਾਰਮਿਕ ਅਤੇ ਸਮਾਜਿਕ ਜ਼ੁੰਮੇਵਾਰੀਆਂ ਨੂੰ ਵੀ ਪਰਿਭਾਸ਼ਿਤ ਕੀਤਾ ਗਿਆ ਸੀ। ਧਰਮ ਦੁਆਰਾ ਮਨੁੱਖੀ ਜੀਵਨ ਦੀ ਵੰਡ ਚਾਰ ਆਸ਼ਰਮਾਂ ਵਿੱਚ ਹੋ ਚੁੱਕੀ ਸੀ। ਇਹ ਆਸ਼ਰਮ ਸਨ ਬ੍ਰਹਮਚਾਰੀ ਆਸ਼ਰਮ, ਗ੍ਰਹਿਸਤ ਆਸ਼ਰਮ, ਵਾਣਪ੍ਰਸਥ ਆਸ਼ਰਮ, ਅਤੇ ਸੰਨਿਆਸ ਆਸ਼ਰਮ। ਇਹਨਾਂ ਆਸ਼ਰਮਾਂ ਵਿੱਚੋਂ ਸਭ ਤੋਂ ਵੱਧ

---

8 “Historians used to believe that the first civilized men in India came from without in the form of wandering tribes of the great Aryan family, who were the ancestors of Hindu civilization. But recently traces were discovered in the Indus valley of a very early and advanced civilization much older than the Aryan and a totally different kind of culture from that of the pastoral flock-masters that the early Aryans were. ”
J.C. Powell-Price, *A History of India*, Thomas Nelson and sons ltd., London, 1955, p. 18.

ਮਹੱਤਤਾ ਗ੍ਰਹਿਸਤ ਆਸ਼ਰਮ ਨੂੰ ਪ੍ਰਾਪਤ ਸੀ ਜਿਸ ਵਿੱਚ ਰਹਿੰਦਿਆਂ ਹੀ ਪਤੀ ਅਤੇ ਪਤਨੀ ਆਪਣੀਆਂ ਧਾਰਮਿਕ ਜ਼ੁੰਮੇਵਾਰੀਆਂ ਨਿਭਾ ਸਕਦੇ ਸਨ।

ਇਸ ਸਮੇਂ ਧਾਰਮਿਕ ਸੰਸਕਾਰਾਂ/ਕਾਰਜਾਂ ਵਿੱਚ ਇਸਤਰੀ ਦੀ ਸ਼ਮੂਲੀਅਤ ਜ਼ਰੂਰੀ ਮੰਨੀ ਜਾਂਦੀ ਸੀ ਅਤੇ ਕਈ ਯੱਗ ਤਾਂ ਇਸਤਰੀ ਬਿਨਾਂ ਪੂਰਨ ਹੀ ਨਹੀਂ ਮੰਨੇ ਜਾਂਦੇ ਸਨ। ਪਤੀ ਦੀ ਗ਼ੈਰ-ਮੌਜੂਦਗੀ ਵਿੱਚ ਇੱਕਲੀ ਪਤਨੀ ਨੂੰ ਕਈ ਯੱਗਾਂ ਨੂੰ ਸੰਪੂਰਨ ਕਰਨ ਦਾ ਅਧਿਕਾਰ ਸੀ।[9] ਰਿਗਵੇਦ ਵਿੱਚੋਂ ਲੜਕੀ ਦੁਆਰਾ ਯੱਗ ਵਿੱਚ ਇੰਦਰ ਦੇਵਤੇ ਨੂੰ ਸੋਮਰਸ ਪ੍ਰਦਾਨ ਕਰਨ[10] ਅਤੇ ਵਿਸ਼ਵਵਾਰਾ ਨਾਮਕ ਇਸਤਰੀ ਦੁਆਰਾ ਹਰ ਰੋਜ਼ ਸਵੇਰੇ ਖ਼ੁਦ ਯੱਗ ਕਰਨ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।[11] ਇਸਤਰੀ ਨੂੰ ਦੇਵੀ ਰੂਪ ਵਿੱਚ ਵੀ ਪੂਜਿਆ ਜਾਂਦਾ ਸੀ। ਪ੍ਰਾਚੀਨ ਯੁੱਗ ਵਿੱਚ ਜ਼ਿਆਦਾਤਰ ਲੋਕ ਦੇਵੀ ਨੂੰ ਮੂਰਤੀ ਦੇ ਰੂਪ ਵਿੱਚ ਪੂਜਦੇ ਸਨ ਪਰ ਆਰੀਅਨ ਲੋਕਾਂ ਨੇ ਇਸ ਮੂਰਤੀ ਰੂਪੀ ਦੇਵੀ ਨੂੰ ਕੁਦਰਤੀ ਰੂਪ ਪ੍ਰਦਾਨ ਕੀਤਾ ਸਤੀ, ਸਵਿੱਤਰੀ, ਇੰਦਰਾਣੀ, ਸਰਸਵਤੀ, ਅਦਿੱਤੀ, ਊਸ਼ਾ, ਇੱਲਾ, ਵਾਕ ਅਤੇ ਪ੍ਰਿਥਵੀ ਆਦਿ ਇਸਤਰੀ ਰੂਪੀ ਦੇਵੀਆਂ ਦੀ ਪੂਜਾ ਪ੍ਰਚਲਿਤ ਹੋਈ ਸੀ। ਹਰ ਦੇਵੀ ਦੀ ਅਲੱਗ-ਅਲੱਗ ਪ੍ਰਮੁੱਖਤਾ ਮੰਨੀ ਜਾਂਦੀ ਸੀ ਜਿਵੇਂ ਅਦਿੱਤੀ ਆਜ਼ਾਦੀ ਦਾ ਰੂਪ, ਸਰਸਵਤੀ ਨੂੰ ਗਿਆਨਵਾਨ, ਊਸ਼ਾ ਨੂੰ ਦੇਵਤਿਆਂ ਦੀ ਜਨਨੀ, ਵਾਕ ਨੂੰ ਦੇਵਤਿਆਂ ਦੀ ਰਾਣੀ ਅਤੇ ਇੱਲਾ ਨੂੰ ਮਨੁੱਖ ਦੀ ਪਹਿਲੀ ਅਧਿਆਪਿਕਾ ਵਜੋਂ ਜਾਣਿਆ ਜਾਂਦਾ ਸੀ। ਇਸ ਤਰ੍ਹਾਂ ਮੂਰਤੀ ਰੂਪੀ ਦੇਵੀ ਦੀ ਜਗ੍ਹਾਂ ਸ੍ਰਿਸ਼ਟੀ ਦੀ ਜਨਮਦਾਤੀ ਵਿੱਚ ਤਬਦੀਲ ਹੋ ਗਈ ਸੀ। ਰਿਗਵੇਦ ਦੇ ਕਈ ਸਲੋਕ ਦੇਵੀਆਂ ਨੂੰ ਸੰਬੋਧਿਤ ਹਨ, ਜਿਵੇਂ ਗਾਇਤਰੀ ਮੰਤਰ ਸਵਿੱਤਰੀ ਦੇਵੀ ਨੂੰ ਸੰਬੋਧਿਤ ਹੈ। ਜਿੱਥੇ ਦੇਵੀਆਂ ਦੀ ਉਸਤਤ ਵਿੱਚ ਸਲੋਕ ਲਿਖੇ ਗਏ, ਉੱਥੇ ਹੀ ਇਸਤਰੀਆਂ ਦਾ ਸਲੋਕਾਂ ਦੇ ਰਚੇ ਜਾਣ ਵਿੱਚ ਵੀ ਅਹਿਮ ਯੋਗਦਾਨ ਰਿਹਾ ਹੈ। ਰਿਗਵੇਦ ਦੇ ਰਚਨਕਾਰਾਂ ਵਿੱਚ ਰੋਮਾਸਾ (1,126,7), ਲੋਪਾਮੁਦਰਾ (1,179,1-6), ਅਪਾਲਾ (8,91,1-7), ਕਾਦਰੁ (2,6,8), ਵਿਸ਼ਵਵਾਰਾ (5,28,3) ਅਤੇ ਹੋਰ ਰਚਨਾਕਾਰ ਦੀ ਰਚਨਾ ਦਸਵੇਂ ਮੰਡਲ ਵਿੱਚ ਦਰਜ ਜਿਵੇਂ: ਘੋਸ਼ਾ, ਜੁਹੁ, ਵਾਗਮਬਰੀਨੀ, ਪਉਲੋਮੀ, ਜਰਿਤਾ, ਸਰੱਧਾ-ਕਾਮਯਾਨੀ, ਉਰਵਸੀ, ਸਰਨਗਾ, ਯਾਮੀ, ਇੰਦਰਾਣੀ, ਸਵਿਤਰੀ, ਦੇਵਯਾਨੀ ਆਦਿ ਇਸਤਰੀਆਂ ਵੀ ਸ਼ਾਮਿਲ ਸਨ।[12] ਰਿਗਵੈਦਿਕ ਕਾਲ ਵਿੱਚ ਧਰਮ

---

9 "If the husband was away on a journey, the wife alone performed the various sacrifices, which the couple had to offer jointely."
A. S. Altekar, *The Position of Women in Hindu Civilization*, Motilal Banarsidass Publisher, Delhi, 1959, p. 198.

10 ਰਿਗਵੇਦ, 8.91.1.

11 ਉਹੀ, 5.28.1.

12 "The Rigveda speaks of the following rishikas, viz., 1. Romasa(1.126,7), 2. Lopamudra (1,179,1-6), 3. Apala (8,91, 1-7), 4. Kadru (2,6,8), 5. Visvavara(5,28,3) and several others mentioned in the tenth mandala such as : 6.Ghosha, 7. Juhu, 8. Vagambhrini, 9. Paulomi, 10. Jarita, 11. Sraddha-Kamayani, 12. Urvasi, 13. Sarnga, 14. Yami, 15.Indrani, 16. Savitri, 17. Devayani. "
Tara Ali Baig (ed.), *Women of India*, Government of India, Delhi, 1958, p. 2.

ਵੰਡਿਆ ਹੋਇਆ ਨਹੀਂ ਸਗੋਂ ਸਾਰੇ ਇੱਕ ਹੀ ਸ਼ਕਤੀ ਦੇ ਸਿਧਾਂਤ ਸਨ, ਜਿਸ ਨੂੰ ਮਰਦ ਅਤੇ ਇਸਤਰੀ ਦੋਵੇਂ ਬਰਾਬਰ ਰੂਪ ਵਿੱਚ ਮੰਨਦੇ ਸਨ।

ਰਿਗਵੈਦਿਕ ਕਾਲ ਵਿੱਚ ਧਰਮ ਦੇ ਨਾਲ-ਨਾਲ ਸਮਾਜਿਕ ਪੱਖੋਂ ਵੀ ਇਸਤਰੀ ਨੂੰ ਬਹੁਤ ਮਹੱਤਤਾ ਪ੍ਰਾਪਤ ਸੀ। ਪਰਿਵਾਰ ਵਿੱਚ ਲੜਕੀ ਨੂੰ ਆਦਰ ਸਨਮਾਨ ਪ੍ਰਾਪਤ ਸੀ ਅਤੇ ਉਹ ਪੁੱਤਰ ਵਾਂਗ ਹੀ ਪਿਆਰੀ ਹੁੰਦੀ ਸੀ। ਰਿਗਵੈਦਿਕ ਸਮੇਂ ਦੀ ਇਹ ਸੱਚਾਈ ਹੈ ਕਿ ਲੜਕੇ ਦੇ ਜਨਮ ਲਈ ਪ੍ਰਾਰਥਨਾ ਕੀਤੀ ਜਾਂਦੀ ਸੀ, ਪਰ ਲੜਕੀ ਦੇ ਜਨਮ ਸਮੇਂ ਵੀ ਕੋਈ ਸੋਗ ਨਹੀਂ ਮਨਾਇਆ ਜਾਂਦਾ ਸੀ। ਸਗੋਂ ਲੜਕੀਆਂ ਦਾ ਆਦਰ ਇੰਨਾ ਜ਼ਿਆਦਾ ਸੀ ਕਿ ਉਸਨੂੰ ਆਰੀਆ ਜਨ ਪਵਿੱਤਰ ਦੇਵੀ ਦੇ ਰੂਪ ਵਿੱਚ ਦੇਖਦੇ ਸਨ।[13] ਲੜਕੀ ਨੂੰ *ਕੰਨਿਆ* ਅਤੇ *ਦੁਹਿਤਾ* ਨਾਵਾਂ ਨਾਲ ਪੁਕਾਰਿਆ ਜਾਂਦਾ ਸੀ।

ਇਸ ਸਮੇਂ ਲੜਕੀਆਂ ਸੁਤੰਤਰ ਰੂਪ ਵਿੱਚ ਸਿੱਖਿਆ ਹਾਸਲ ਕਰਦੀਆਂ ਸਨ। ਰਿਗਵੈਦਿਕ ਸਿੱਖਿਆ *ਉਪਨਯਨ ਸੰਸਕਾਰ* ਨਾਲ ਸ਼ੁਰੂ ਕੀਤੀ ਜਾਂਦੀ ਸੀ ਜੋ ਲੜਕੇ ਅਤੇ ਲੜਕੀਆਂ ਦੋਵਾਂ ਲਈ ਹੀ ਅੱਠ ਸਾਲ ਦੀ ਉਮਰ ਵਿੱਚ ਕੀਤਾ ਜਾਂਦਾ ਸੀ।[14] ਲੜਕੀਆਂ ਦੀਰਘ ਕਾਲ ਤੱਕ ਆਪਣੀ ਇੱਛਾ ਅਨੁਸਾਰ ਸਿੱਖਿਆ ਪ੍ਰਾਪਤ ਕਰਦੀਆਂ ਸਨ। ਕੁੱਝ ਲੜਕੀਆਂ ਨੇ ਤਾਂ ਸਾਰਾ ਜੀਵਨ ਅਵਿਵਾਹਿਤ ਰਹਿਕੇ ਅਧਿਆਤਮਿਕ ਉੱਨਤੀ ਪ੍ਰਾਪਤ ਕੀਤੀ ਸੀ। ਉਹ ਧਾਰਮਿਕ ਸਿੱਖਿਆ ਦੇ ਨਾਲ-ਨਾਲ ਕਾਵਿ, ਸੰਗੀਤ, ਨ੍ਰਿਤ, ਅਭਿਨਯ, ਸ਼ਾਸਤਰ ਆਦਿ ਸਿੱਖਿਆ ਵੀ ਪ੍ਰਾਪਤ ਕਰਦੀਆਂ ਸਨ। ਰਿਗਵੇਦ ਵਿੱਚੋਂ ਇਸਤਰੀਆਂ ਦੇ ਤੀਰ-ਕਮਾਨ ਬਾਰੇ ਜਾਣੂ ਹੋਣ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਉਹ ਪਤੀਆਂ ਦੇ ਨਾਲ ਜੰਗ ਦੇ ਮੈਦਾਨ ਵਿੱਚ ਜਾ ਕੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੀਆਂ ਸਨ। ਜਿਵੇਂ ਵਿਸ਼ਪਲਾ[15] ਆਪਣੇ ਪਤੀ ਨਾਲ ਯੁੱਧ ਵਿੱਚ ਸ਼ਾਮਿਲ ਹੋਈ ਅਤੇ ਮੁਦਗਾਲਿਨੀ[16] ਨੇ ਵੀ ਆਪਣੇ ਪਤੀ ਮੁਦਗਲਾ ਦੀ ਡਾਕੂਆਂ ਨੂੰ ਫੜਨ ਵਿੱਚ ਸਹਾਇਤਾ ਕੀਤੀ ਸੀ। ਰਿਗਵੇਦ ਵਿੱਚੋਂ ਰਾਜੇ ਦੀ ਗੈਰਹਾਜ਼ਰੀ ਵਿੱਚ ਰਾਣੀ ਦੇ ਸੈਨਾਪਤੀ ਬਣਨ ਅਤੇ ਰਾਜੇ ਦੀ ਤਰ੍ਹਾਂ ਹੀ ਵੀਰ ਯੋਧਿਆਂ ਨੂੰ ਪ੍ਰੇਰਨਾ ਦੇਣ ਦਾ ਵਰਣਨ ਪ੍ਰਾਪਤ ਹੁੰਦਾ ਹੈ।[17] ਇਸ ਤੋਂ ਅੰਦਾਜ਼ਾ ਲਗਾਇਆ

---

[13] gjwnn Smw~,*pRwcIn BwrqIX swihËX m<y nwrI*, rcnw pRkwSn, e~lwhwbwd, 1971, pNnw 60.

[14] "Vedic studies began with the Upanayana. The sacred thread initiation was performed as regularly for girls at the age of eight as for boys."
Padmini Sengupta, *The Story of Women of India*, Indian Book Company, New Delhi, 1974, p. 45.

[15] ਰਿਗਵੇਦ, 1.116.15.;
"In the Rigveda, we find mention of two women warriors Vadhrimati and Vishpala, in the hymn of the female seen Ghosha . Both of them took part in actual fighting in the battlefield."
Swami Madhananda & R.C.Majumdar (eds.), *Great Women of India*, Advaita Asharma Mayavati, Almora, Himalayas, 1953, p. 101.

[16] ਰਿਗਵੇਦ, 10.102.2-3.

[17] ਉਹੀ, 6.75.13.

ਜਾ ਸਕਦਾ ਹੈ ਕਿ ਰਿਗਵੈਦਿਕ ਕਾਲ ਵਿੱਚ ਲੜਕੀਆਂ ਬਹੁਤ ਹੀ ਉੱਦਮੀ, ਬਹਾਦਰ, ਆਜ਼ਾਦ ਅਤੇ ਸ਼ਕਤੀਸ਼ਾਲੀ ਮੰਨੀਆਂ ਜਾਂਦੀਆਂ ਸਨ। ਲੜਕੀਆਂ ਆਪਣੀ ਸੋਚ ਅਤੇ ਕਾਰਜਾਂ ਅਨੁਸਾਰ ਸਵੈ ਰੂਪ ਵਿੱਚ ਵਿਚਰਦੀਆਂ ਸਨ।

ਰਿਗਵੇਦ ਅਨੁਸਾਰ ਇਸ ਸਮੇਂ ਲੜਕੀਆਂ ਸਿੱਖਿਆ ਦੀ ਪ੍ਰਾਪਤੀ ਲਈ ਆਜ਼ਾਦ ਹੋਣ ਦੇ ਨਾਲ-ਨਾਲ ਖ਼ੁਦ ਆਪਣੀ ਜ਼ਿੰਦਗੀ ਦੇ ਫੈਸਲੇ ਲੈਣ ਦੀਆਂ ਵੀ ਅਧਿਕਾਰੀ ਸਨ। ਉਹ ਆਪਣੇ ਵਰ ਦੀ ਚੋਣ ਖ਼ੁਦ ਕਰ ਸਕਦੀਆਂ ਸੀ।[18] ਇਹ ਬਹੁਤ ਹੀ ਘੱਟ ਵਾਪਰਦਾ ਸੀ ਕਿ ਲੜਕੀ ਦੇ ਜੁਆਨ ਹੋਣ ਤੋਂ ਪਹਿਲਾਂ ਹੀ ਉਸਦਾ ਵਿਆਹ ਕਰ ਦਿੱਤਾ ਜਾਵੇ। ਵਿਆਹ ਦੇ ਨਿਰਣੇ ਤੋਂ ਪਹਿਲਾਂ ਲੜਕੀ ਦਾ ਸਰੀਰਕ ਅਤੇ ਦਿਮਾਗ਼ੀ ਦੋਵਾਂ ਪੱਖਾਂ ਤੋਂ ਪੂਰੀ ਤਰ੍ਹਾਂ ਵਿਕਸਿਤ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ।[19] ਵਿਆਹ ਬੰਦਿਸ਼ ਨਾ ਹੋਣ ਕਾਰਨ ਕਈ ਲੜਕੀਆਂ ਅਣਵਿਆਹੀਆਂ ਹੀ ਆਪਣੇ ਪਿਤਾ ਦੇ ਘਰ ਰਹਿੰਦੀਆਂ ਅਤੇ ਇੱਛਾ ਅਨੁਸਾਰ ਜ਼ਿੰਦਗੀ ਦਾ ਸੁੱਖ ਮਾਣਦੀਆਂ ਸਨ।

ਵਿਆਹ ਉਪਰੰਤ ਪਤਨੀ ਰੂਪ ਵਿੱਚ ਇਸਤਰੀ ਨੂੰ ਬਹੁਤ ਉੱਚਤਾ ਪ੍ਰਾਪਤ ਸੀ। ਇਸ ਸਮੇਂ ਵਿਆਹ ਸਿਰਫ਼ ਸਮਾਜਿਕ ਬੰਧਨ ਨਾ ਹੋ ਕੇ ਇੱਕ ਅਧਿਆਤਮਿਕ ਸੰਬੰਧ ਜਾਂ ਰੂਹਾਂ ਦਾ ਮੇਲ ਸਮਝਿਆ ਜਾਂਦਾ ਸੀ। ਪਤੀ ਵੀ ਪਤਨੀ ਨੂੰ ਆਪਣੇ ਜੀਵਨ ਦਾ ਅਹਿਮ ਹਿੱਸਾ ਮੰਨਦਾ ਸੀ। ਰਿਗਵੇਦ ਅਨੁਸਾਰ ਵਿਆਹ ਸਮੇਂ ਹੀ ਪਤੀ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ 'ਤੇਰੇ ਅਤੇ ਆਪਣੇ ਸੁਭਾਗ ਲਈ ਮੈਂ ਤੇਰਾ ਹੱਥ ਫੜਦਾ ਹਾਂ। ਮੈਨੂੰ ਪਤੀ ਦੇ ਰੂਪ ਵਿੱਚ ਪ੍ਰਾਪਤ ਕਰਕੇ ਤੂੰ ਬੁੱਢੇਪੇ ਤੱਕ ਜਿਉਂਦੀ ਰਹਿ। ਦੇਵਤਿਆਂ ਨੇ ਗ੍ਰਹਿਸਤ ਧਰਮ ਦੀ ਰੱਖਿਆ ਦੇ ਲਈ ਤੈਨੂੰ ਮੇਰੇ ਲਈ ਦਿੱਤਾ ਹੈ।'[20] ਵਿਆਹ ਹੋਣ ਸਮੇਂ ਹੀ ਓਸਨੂੰ ਸਹੁਰੇ ਘਰ ਦੀ ਸਵਾਮਿਨੀ ਬਣਨ ਅਤੇ ਉਸਨੂੰ ਆਪਣੇ ਪਤੀ ਦੇ ਪਿਤਾ, ਮਾਤਾ, ਭੈਣ ਭਰਾਵਾਂ ਦੀ ਰਾਣੀ ਬਣਨ ਦਾ ਆਸ਼ੀਰਵਾਦ ਦਿੰਦੇ ਸਨ।[21] ਰਿਗਵੈਦਿਕ ਕਾਲ ਵਿੱਚ ਇਸਤਰੀ ਨੂੰ ਘਰ ਅਤੇ ਸਮਾਜ ਦੇ ਹਰ ਪੱਖ ਤੋਂ ਬਰਾਬਰਤਾ ਪ੍ਰਾਪਤ ਸੀ। ਇਸਤਰੀ ਨੂੰ ਘਰ ਦੇ ਕੰਮਾਂ ਦੀ ਮਦਦਗਾਰ ਹੀ ਨਹੀਂ ਸਮਝਿਆ ਜਾਂਦਾ ਸੀ ਸਗੋਂ ਉਸਨੂੰ ਘਰੇਲੂ ਸੰਸਾਰ ਦਾ ਧੁਰਾ ਸਮਝਿਆ ਜਾਂਦਾ ਸੀ। ਪਤੀ ਆਪਣੀ ਪਤਨੀ ਦੀ ਪਛਾਣ ਵੀ ਘਰ ਨਾਲ

---

18 ਉਹੀ, 10.27.12.

19 ਉਹੀ, 10 .85.21.

20 ਉਹੀ, 10.85.36.

21 ਉਹੀ, 10.85.46.;

"In that new home, she has an honourable place as mistress of the household, looking after her aged father-in-law, mother-in-law and her husband's brothers and sisters."
Tara Ali Baig (ed.), *Women of India*, pp. 4-5.

ਕਰਵਾਉਂਦਾ ਸੀ ਅਤੇ ਪਤਨੀ ਨੂੰ ਘਰ ਵਿੱਚ ਰੋਸ਼ਨੀ ਦਾ ਚਿਰਾਗ ਸਮਝਿਆ ਜਾਂਦਾ ਸੀ। ਜਿਸ ਬਿਨਾਂ ਘਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਰਿਗਵੇਦ ਵਿੱਚ ਪਤੀ ਪਤਨੀ ਦੋਵਾਂ ਲਈ ਸਮੂਹਿਕ ਸ਼ਬਦ *'ਦੰਪਤੀ'* ਵਰਤਿਆ ਗਿਆ।[22] ਇਸ ਦਾ ਅਰਥ ਘਰ ਦਾ ਸਵਾਮੀ: ਭਾਵ ਦੋਵੇਂ ਹੀ ਘਰ ਦੇ ਸਵਾਮੀ ਹੁੰਦੇ ਸਨ। ਪਤੀ ਪਤਨੀ ਸਮਾਨਤਾ ਵਿੱਚ ਹੀ ਨਹੀਂ, ਸਗੋਂ ਇੱਕ ਦੇ ਹੀ ਦੋ ਅੰਗ ਮੰਨੇ ਜਾਂਦੇ ਸੀ। ਜਿੱਥੇ ਦੰਪਤੀ ਜਿਹੇ ਸ਼ਬਦ ਦੀ ਵਰਤੋਂ ਇੱਕ ਪਤੀ ਅਤੇ ਪਤਨੀ ਹੋਣ ਦਾ ਸੂਚਕ ਹੈ। ਉੱਥੇ ਹੀ ਬਹੁਪਤਨੀ ਹੋਣ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਰਿਗਵੇਦ ਦੇ ਦਸਵੇਂ ਮੰਡਲ ਵਿੱਚ ਸੁਪਤਨੀਆਂ ਕਾਰਨ ਹੋਣ ਵਾਲੇ ਦੁੱਖਾਂ ਦਾ ਜ਼ਿਕਰ ਵੀ ਮਿਲਦਾ ਹੈ ਪਰ ਇਸ ਸਮੇਂ ਵਿੱਚ ਪਰਦਾ ਅਤੇ ਸਤੀ ਪ੍ਰਥਾ ਵਰਗੀਆਂ ਕੁਰੀਤੀਆਂ ਪ੍ਰਚਲਿਤ ਨਹੀਂ ਸਨ। ਵਿਧਵਾ ਨੂੰ ਪੁਨਰ ਵਿਆਹ ਕਰਵਾਉਣ ਦੀ ਇਜਾਜ਼ਤ ਸੀ। ਪਤੀ ਦੀ ਮੌਤ ਉਪਰੰਤ ਪਤੀ ਦੇ ਛੋਟੇ ਭਰਾ ਨਾਲ ਵਿਆਹ ਕਰਵਾਉਣ ਦਾ ਵੀ ਰਿਵਾਜ ਪ੍ਰਚਲਿਤ ਸੀ।। ਰਿਗਵੇਦ ਵਿੱਚੋਂ ਉਦਾਹਰਨ ਮਿਲਦੀ ਹੈ ਕਿ ਕਿਵੇਂ ਪਤੀ ਦੀ ਮੌਤ ਉਪਰੰਤ ਚਿਤਾ ਕੋਲ ਬੈਠੀ ਵਿਧਵਾ ਨੂੰ ਉਸ ਦਾ ਦਿਓਰ ਸੰਸਾਰ ਵੱਲ ਮੁੜ ਆਉਣ ਨੂੰ ਕਹਿੰਦਾ ਹੈ।[23] ਵਿਧਵਾ ਦਾ ਦਿਓਰ ਨਾਲ ਵਿਆਹ *ਨਿਯੋਗ ਪ੍ਰਥਾ* ਵਜੋਂ ਜਾਣਿਆ ਜਾਂਦਾ ਸੀ।

ਰਿਗਵੈਦਿਕ ਕਾਲ ਵਿੱਚ ਘਰ ਦਾ ਮੁਖੀਆ ਪਿਤਾ ਨੂੰ ਮੰਨਿਆ ਜਾਂਦਾ ਸੀ ਪਰ ਪਿਤਾ ਦੀ ਪ੍ਰਭੁਤਾ ਦਾ ਭਾਵ ਇਹ ਨਹੀਂ ਸੀ ਕਿ ਮਾਂ ਦਾ ਸਥਾਨ ਨੀਵਾਂ ਸੀ। ਰਿਗਵੈਦਿਕ ਸਮੇਂ ਮਾਂ ਨੂੰ ਵੀ ਉੱਚ ਅਤੇ ਇੱਜ਼ਤਦਾਰ ਰੁਤਬਾ ਪ੍ਰਾਪਤ ਸੀ। ਮਾਂ ਦੀ ਸ਼ਾਨ ਪਿਤਾ ਬਰਾਬਰ ਮੰਨੀ ਜਾਂਦੀ ਸੀ। ਮਾਂ ਦੀਆਂ ਸਿੱਖਿਆਵਾਂ ਨੂੰ ਗੁਰੂ ਦੀਆਂ ਸਿੱਖਿਆਵਾਂ ਜਿੰਨੀ ਮਹੱਤਤਾ ਹਾਸਲ ਸੀ। ਰਿਗਵੇਦ ਵਿੱਚ ਕਿਹਾ ਗਿਆ ਹੈ ਕਿ ਮਾਂ ਆਪਣੇ ਪੁੱਤਰ ਲਈ ਬੁੱਧੀ ਅਤੇ ਵਸਤਰ ਬੁਣਦੀ ਹੈ।[24] ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸੰਤਾਨ ਦੇ ਬੁੱਧੀ ਵਿਕਾਸ ਵਿੱਚ ਮਾਂ ਦਾ ਕਿੰਨਾ ਵੱਡਾ ਹੱਥ ਹੁੰਦਾ ਹੈ। ਇੱਥੋਂ ਤੱਕ ਕਿ (ਮਾਤਾ-ਪਿਤਾ) ਸਮਾਸ ਦੀ ਵਰਤੋਂ ਕਰਦੇ ਸਮੇਂ ਵੀ ਪਹਿਲਾ ਸਥਾਨ ਮਾਂ ਨੂੰ ਹੀ ਦਿੱਤਾ ਗਿਆ ਸੀ।[25]

---

[22] ਰਿਗਵੇਦ, 8.31.5.;
"The Vedic age 'dampati', used to denote jointly the husband and the wife , etymologically means the joint owners of the house."
Swami Madhananda & R.C.Majumdar (eds.), *Great Women of India*, p. 4.

[23] ਰਿਗਵੇਦ, 10.18.8.;
"Riseup woman, thou art lying by one whose life is gone; came to the world of the living, away from thy husband, and became the wife of him who holds thy hand, and is willing to marry thee."
Romesh C. Dutt, *Early Hindu Civilisation*, R.P.Mitra & Son, Calcutta, 1927, p. 76.

[24] ਰਿਗਵੇਦ, 5.47.6.

[25] ਉਹੀ, 4.6.7.

ਰਿਗਵੈਦਿਕ ਕਾਲ ਵਿੱਚ ਭਾਵੇਂ ਇਸਤਰੀ ਦਾ ਵਿਸ਼ੇਸ਼ ਸਥਾਨ ਕੇਂਦਰ ਘਰ ਹੀ ਸੀ, ਪਰੰਤੂ ਉਹ ਕਈ ਅਵਸਰਾਂ 'ਤੇ ਬਿਨਾਂ ਕਿਸੇ ਪਰਦੇ ਅਤੇ ਰੋਕ ਟੋਕ ਦੇ ਘਰ ਤੋਂ ਬਾਹਰ ਜਾ ਸਕਦੀ ਸੀ। ਰਿਗਵੇਦ ਵਿੱਚ ਕਈ ਉਤਸਵਾਂ ਦਾ ਵਰਣਨ ਪ੍ਰਾਪਤ ਹੁੰਦਾ ਹੈ, ਜਿਹਨਾਂ ਵਿੱਚ ਇਸਤਰੀਆਂ ਸੁਤੰਤਰਤਾ ਨਾਲ ਜਾਂਦੀਆਂ ਸਨ। ਰਿਗਵੈਦਿਕ ਕਾਲ ਵਿੱਚ ਇਸਤਰੀ ਨੂੰ ਮਰਦਾਂ ਦੇ ਨਾਲ ਸਮਾਜਿਕ ਕੰਮਾਂ ਵਿੱਚ ਵੀ ਹਿੱਸਾ ਲੈਣ ਦੀ ਇਜਾਜ਼ਤ ਸੀ। ਇਸਤਰੀ ਸਮਾਜਿਕ ਕੰਮਾਂ ਵਿੱਚ ਹਿੱਸਾ ਲੈਂਦੀ ਅਤੇ ਸਭਾ, ਸਮਾਗਮਾਂ ਆਦਿ ਵਿੱਚ ਵਿਚਾਰ ਵਟਾਂਦਰਾ ਵੀ ਕਰਦੀ ਸੀ।[26] ਇਸ ਸਮੇਂ ਦੌਰਾਨ ਇਸਤਰੀਆਂ ਦਾ ਮਰਦਾਂ ਦੇ ਨਾਲ ਹਰ ਕੰਮ ਵਿੱਚ ਸਹਿਯੋਗੀ ਹੋਣਾ ਕੋਈ ਹੈਰਾਨੀਜਨਕ ਗੱਲ ਨਹੀਂ ਸੀ, ਇਸਤਰੀਆਂ ਮਰਦਾਂ ਦੇ ਨਾਲ ਖੇਤੀ ਦੇ ਕੰਮਾਂ ਵਿੱਚ ਵੀ ਸਹਾਇਤਾ ਕਰਦੀਆਂ ਸਨ ਅਤੇ ਇਸਤਰੀਆਂ ਖੇਤੀਬਾੜੀ ਦੇ ਮੇਲਿਆਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਨਿਭਾਉਂਦੀਆ ਸਨ।[27] ਇਸਤਰੀਆਂ ਤਾਂ ਤੀਰ-ਕਮਾਨ ਬਣਾਉਣ ਦੇ ਉਦਯੋਗ ਵਿੱਚ ਵੀ ਪੂਰਨ ਸਾਥ ਦਿੰਦੀਆਂ ਸਨ। ਇਹ ਮਹੱਤਵਪੂਰਨ ਗੱਲ ਰਹੀ ਕਿ ਤੀਰ-ਕਮਾਨ ਬਨਾਉਣ ਵਾਲੀ ਇਸਤਰੀ ਲਈ ਵਰਤਿਆ ਜਾਣ ਵਾਲਾ ਸ਼ਬਦ 'Ishukartryah' ਬਾਅਦ ਵਿੱਚ ਕਿਸੇ ਸਾਹਿਤ ਵਿੱਚ ਨਹੀਂ ਵਰਤਿਆ ਗਿਆ।[28]

ਇਹਨਾਂ ਸਾਰੇ ਅਧਿਕਾਰਾਂ ਤੋਂ ਇਲਾਵਾ ਇਸਤਰੀ ਨੂੰ ਜਾਇਦਾਦ ਹੱਕ ਵੀ ਪ੍ਰਾਪਤ ਸਨ। ਉਹ ਪਿਤਾ ਦੀ ਜਾਇਦਾਦ ਵਿੱਚ ਬਰਾਬਰ ਦੀਆਂ ਉੱਤਰਾਧਿਕਾਰੀ ਹੁੰਦੀਆਂ ਸਨ। ਇੱਥੋਂ ਤੱਕ ਕਿ ਉਸਨੂੰ ਆਪਣੇ ਪਤੀ ਦੀ ਕਮਾਈ ਉੱਪਰ ਵੀ ਪੂਰਾ ਹੱਕ ਪ੍ਰਾਪਤ ਸੀ।[29] ਉਹਨਾਂ ਨੂੰ ਪਿਤਾ ਦੇ ਮਰਨ ਸੰਸਕਾਰ ਨਿਭਾਉਣ ਦਾ ਅਧਿਕਾਰ ਵੀ ਹਾਸਲ ਸੀ। ਸੋ ਕਿਹਾ ਜਾ ਸਕਦਾ ਹੈ ਕਿ ਰਿਗਵੈਦਿਕ ਕਾਲ ਵਿੱਚ ਇਸਤਰੀ ਨੂੰ ਬੁਰੀ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ ਸੀ ਸਗੋਂ ਉਹ ਸਮਾਜ ਲਈ ਮਾਣ-ਇੱਜ਼ਤ ਦਾ ਕਾਰਨ ਬਣਦੀਆਂ ਸਨ।

---

26 "And a wife who appears in public and takes part in society and conversation of the Sabha, the assembly room, and the Vedathas, the meetings."
P.Thomas, *Indian Women Through the Ages*, p. 53.

27 "Women could plaits mats, and convert the wool of sheep into clothing and coverings for animals. They also played a very important part in farming. The man ploughed and sewed and prepared the seed beds, and rested after their arduous tasks for months during which the women transplanting and weeded. Women, therefore, were included in all harvest festivals, in which they played an important role. "
Padmini Sengupta, *The Story of Women of India*, p. 52.

28 "They were manufacturing arrows and bows, making baskets, weaving cloth and participating in outdoor agricultural work. It is important to note that words like female arrow-makers (ishukartryah) do not occur in later literature."
Swami Madhananda & R.C.Majumdar (eds.), *Great Women of India*, p. 27.

29 "Vedic wife was the paymaster in her house, and had to control her husband's earnings."
Padmini Sengupta, *The Story of Women of India*, p. 51.

**ਉੱਤਰ ਵੈਦਿਕ ਕਾਲ:**

ਉੱਤਰ ਵੈਦਿਕ ਕਾਲ ਵਿੱਚ ਤਿੰਨ ਵੇਦਾਂ (ਸਾਮਵੇਦ, ਯਜੁਰਵੇਦ, ਅਥਰਵਵੇਦ), ਬ੍ਰਾਹਮਣ ਗ੍ਰੰਥਾਂ ਅਤੇ ਉਪਨਿਸ਼ਦਾਂ ਆਦਿ ਦੀ ਰਚਨਾ ਹੋਈ ਸੀ। ਇਹਨਾਂ ਤਿੰਨ ਵੇਦਾਂ ਦੀ ਸੰਪਾਦਨਾ ਦਾ ਸਮਾਂ ਰਿਗਵੇਦ ਤੋਂ ਬਾਅਦ ਦਾ ਹੈ। ਯਜੁਰਵੇਦ ਦੀ ਵਿਚਾਰਧਾਰਕ ਦਿਸ਼ਾ ਕਰਮਕਾਂਡਾਂ ਵੱਲ ਅਤੇ ਸਾਮਵੇਦ ਦਾ ਸੰਬੰਧ ਗਾਇਨ ਨਾਲ ਹੈ। ਇਹਨਾਂ ਦੋਵਾਂ ਵੇਦਾਂ ਦੀ ਰਚਨਾ ਵਿੱਚ ਕੁੱਝ ਰਿਗਵੇਦ ਦੇ ਮੰਤਰਾਂ ਦਾ ਯੋਗਦਾਨ ਹੈ। ਸਾਮਵੇਦ, ਯਜੁਰਵੇਦ ਵਿਅਕਤੀ ਨੂੰ ਪਰਲੋਕ ਵਿੱਚ ਸੁੱਖ ਪ੍ਰਾਪਤ ਕਰਨ ਦੇ ਉਪਾਅ ਦੱਸਦੇ ਹਨ, ਪਰ ਅਥਰਵਵੇਦ ਦੂਸਰੇ ਮਹੱਤਵਪੂਰਨ ਪੱਖ ਸਮਾਜਿਕ ਅਤੇ ਸਰੀਰਕ ਸੁੱਖਾਂ ਨੂੰ ਪ੍ਰਾਪਤ ਕਰਨ ਦੇ ਉਪਾਅ ਸਮਝਾਉਂਦਾ ਹੈ। ਯਜੁਰਵੇਦ ਅਤੇ ਸਾਮਵੇਦ ਅਧਿਆਤਮਿਕ ਸੁੱਖਾਂ ਦੇ ਨਾਲ ਜੁੜੇ ਹੋਣ ਕਾਰਨ ਸਮਾਜਿਕ ਪੱਖ ਦਾ ਵਰਣਨ ਬਹੁਤ ਘੱਟ ਪ੍ਰਾਪਤ ਹੁੰਦਾ ਹੈ। ਚੌਥੇ ਵੇਦ ਅਥਰਵਵੇਦ ਵਿੱਚ ਵੀ ਰਿਗਵੇਦ ਦੇ ਮੰਤਰਾਂ ਦਾ ਯੋਗਦਾਨ ਹੈ ਪਰ ਇਸ ਗ੍ਰੰਥ ਦਾ ਨਿਵੇਕਲਾ ਰੂਪ ਵੀ ਹੈ। ਇਸ ਵਿੱਚ ਜਾਦੂ ਦਾ ਵਰਣਨ ਹੈ ਜੋ ਰਿਗਵੇਦ ਵਿੱਚ ਵਰਣਿਤ ਨਹੀਂ ਹੈ।

ਉੱਤਰ ਵੈਦਿਕ ਕਾਲ ਵਿੱਚ ਧਰਮ ਨੇ ਰਹੁ-ਰੀਤਾਂ ਦਾ ਰੂਪ ਧਾਰਨ ਕਰ ਲਿਆ ਸੀ। ਜਿਸ ਕਾਰਨ ਸਮਾਜ ਰੀਤਾਂ ਰਿਵਾਜਾਂ ਵਿੱਚ ਜਕੜਿਆ ਗਿਆ ਸੀ। ਇਸ ਨਾਲ ਮਨੁੱਖੀ ਜ਼ਿੰਦਗੀ ਵਿੱਚ ਬਹੁਤ ਵੱਡਾ ਬਦਲਾਅ ਆਇਆ ਸੀ। ਧਰਮ ਨੇ ਸਮਾਜਿਕ ਜੀਵਨ ਦੀ ਵੰਡ ਚਾਰ ਵਰਣਾਂ ਵਿੱਚ ਕੀਤੀ, ਜਿਹਨਾਂ ਨੂੰ ਪਵਿੱਤਰਤਾ ਦੇ ਆਧਾਰ 'ਤੇ ਆਯੋਜਿਤ ਕੀਤਾ ਗਿਆ ਸੀ। ਧਰਮ ਪ੍ਰਚਾਰਕ ਵਰਗ ਨੂੰ ਬ੍ਰਾਹਮਣ, ਯੋਧਾ ਅਤੇ ਸੱਤਾ-ਸ਼ਾਸਕ ਵਰਗ ਨੂੰ ਖੱਤਰੀ, ਵਪਾਰੀ ਵਰਗ ਨੂੰ ਵੈਸ਼ ਅਤੇ ਇਹਨਾਂ ਤਿੰਨ੍ਹਾਂ ਵਰਗਾਂ ਦੀ ਸੇਵਾ ਕਰਨ ਵਾਲੇ ਵਰਗ ਨੂੰ ਸ਼ੂਦਰ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ ਸੀ। ਇਸ ਵਰਣ ਵਿਭਾਜਨ ਤੋਂ ਬਾਹਰ ਇੱਕ ਪੰਜਵਾਂ ਵਰਗ, ਜੋ ਕਿ ਨੀਵੇਂ ਅਤੇ ਨੀਚ ਕੰਮ ਕਰਦਾ ਸੀ, ਨੂੰ ਅਛੂਤ ਕਿਹਾ ਜਾਂਦਾ ਸੀ। ਅਜਿਹੇ ਕਰਮਕਾਂਡੀ ਸਮਾਜ ਵਿੱਚੋਂ ਪਵਿੱਤਰਤਾ ਅਤੇ ਅਪਵਿੱਤਰਤਾ ਦੇ ਵਿਚਾਰ ਆਉਣ ਲੱਗ ਗਏ ਸਨ। ਉੱਚ ਜਾਤੀ ਨੂੰ ਪਵਿੱਤਰ ਸਮਝਣ ਕਾਰਨ ਉਹ ਧਰਮੀ ਸਮਝੇ ਜਾਂਦੇ ਸੀ ਅਤੇ ਨੀਵੀਂ ਜਾਤ ਦੇ ਲੋਕਾਂ ਨੂੰ ਅਪਵਿੱਤਰ/ਦੂਸ਼ਿਤ ਸਮਝਣ ਕਾਰਨ ਧਾਰਮਿਕ ਕਾਰਜਾਂ ਤੋਂ ਦੂਰ ਰੱਖਿਆ ਜਾਂਦਾ ਸੀ।

ਪਰਿਵਾਰ ਸਮਾਜ ਦੀ ਮੂਲ ਇਕਾਈ ਸੀ। ਪਰਿਵਾਰ ਵਿੱਚ ਧਰਮ ਦਾ ਸਭ ਤੋਂ ਅਹਿਮ ਰੋਲ ਸੀ ਪਰ ਪਰਿਵਾਰ ਵਿੱਚ ਸ਼ਾਮਿਲ ਇਸਤਰੀ ਨੂੰ ਨੀਵੀਂ ਨਜ਼ਰ ਨਾਲ ਵੇਖਿਆ ਜਾਣ ਲੱਗ ਪਿਆ ਸੀ। ਇਸਤਰੀ ਦੀ ਰਿਗਵੈਦਿਕ ਸਮੇਂ ਵਾਲੀ ਸਥਿਤੀ ਜ਼ਿਆਦਾ ਸਮਾਂ ਸਥਾਈ ਨਹੀਂ ਰਹੀ ਸੀ। ਉੱਤਰ ਵੈਦਿਕ ਕਾਲ ਵਿੱਚ ਅੰਤਰ-ਜਾਤੀ ਵਿਆਹ ਦਾ ਪ੍ਰਚਲਨ ਹੋ ਗਿਆ ਸੀ। ਆਰੀਆ-ਅਨਾਰੀਆਂ ਵਿਆਹਿਕ ਸੰਬੰਧਾਂ ਦੇ ਕਾਰਨ ਧਾਰਨਾ ਪ੍ਰਚਲਿਤ ਹੋਈ ਕਿ ਇਸਤਰੀਆਂ ਵੈਦਿਕ ਵਿਹਾਰ ਤੋਂ ਜਾਣੂ ਨਾ ਹੋਣ ਕਰਕੇ ਵੈਦਿਕ ਮੰਤਰਾਂ ਦਾ

ਭ੍ਰਿਸ਼ਟ ਉਚਾਰਨ ਕਰਦੀਆਂ ਸਨ। ਵੈਦਿਕ ਸਾਹਿਤ ਨੂੰ ਸਹੀ, ਸ਼ੁੱਧ ਬਣਾਈ ਰੱਖਣ ਲਈ ਇਸਤਰੀਆਂ ਨੂੰ ਇਸ ਤੋਂ ਅਲੱਗ ਰੱਖਣ ਦਾ ਨਿਯਮ ਬਣਾਇਆ ਗਿਆ ਸੀ।

ਰਿਗਵੈਦਿਕ ਅਤੇ ਪ੍ਰਾਚੀਨਤਮ ਕਾਲ ਵਿੱਚ ਇਸਤਰੀ ਨੂੰ ਜਿਸ ਉੱਚ ਜਾਂ ਪਵਿੱਤਰ ਭਾਵਨਾ ਨਾਲ ਦੇਖਿਆ ਜਾਂਦਾ ਸੀ, ਹੌਲੀ-ਹੌਲੀ ਬਦਲ ਗਈ ਸੀ। ਇਸਤਰੀ ਹੁਣ ਵੀ ਦਿਵ ਗੁਣਾਂ ਨਾਲ ਭਰਪੂਰ ਸੀ ਲੇਕਿਨ ਜਿਹੜੀਆਂ ਗੱਲਾਂ ਇਸਤਰੀ ਦੇ ਗੁਣ ਅਤੇ ਸ਼ਿੰਗਾਰ ਹੁੰਦੀਆਂ ਸਨ, ਉਹ ਹੀ ਹੁਣ ਉਸਦਾ ਦੁਰਭਾਗ ਸਮਝੀਆਂ ਜਾਣ ਲੱਗੀਆਂ ਸੀ। ਇਸਤਰੀ ਨੂੰ ਮਾਹਵਾਰੀ ਅਤੇ ਬੱਚਾ ਹੋਣ ਸਮੇਂ ਅਪਵਿੱਤਰ ਅਤੇ ਅਛੂਤ ਸਮਝਿਆ ਜਾਣ ਲੱਗਿਆ ਸੀ। ਜਿਸ ਕਾਰਨ ਉਸ ਨੂੰ ਧਾਰਮਿਕ ਕਾਰਜਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਉਸ ਦੁਆਰਾ ਕੀਤੇ ਜਾਣ ਵਾਲੇ ਧਾਰਮਿਕ ਕਾਰਜ ਵੀ ਪੁਰੋਹਿਤਾਂ ਦੇ ਅਧਿਕਾਰ ਹੇਠ ਆ ਗਏ ਸਨ। ਯੱਗ ਕਰਨ ਸਮੇਂ ਜਿਹੜੇ ਕਾਰਜਾਂ ਉੱਪਰ ਪਤਨੀ ਦਾ ਹੱਕ ਸੀ, ਉਹ ਸਭ ਪੁਰੋਹਿਤ ਦੁਆਰਾ ਕੀਤੇ ਜਾਣ ਲੱਗੇ ਸਨ। ਬਹੁਤ ਘੱਟ ਥਾਵਾਂ 'ਤੇ ਇਸਤਰੀ ਦੁਆਰਾ ਯੱਗ ਕੀਤੇ ਜਾਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸਤਰੀ ਦਾ ਨੀਵਾਂ ਦਰਜਾ ਹੋਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਧਰਮ ਦੁਆਰਾ ਪਰਲੋਕ ਜਾਣ ਦੇ ਸਿਧਾਂਤ ਦਾ ਵਿਕਸਿਤ ਹੋਣਾ ਵੀ ਸੀ। ਰਿਗਵੈਦਿਕ ਸਮੇਂ ਆਰੀਅਨ ਦੇਵਤਿਆਂ ਨੂੰ ਪੂਜਦੇ ਅਤੇ ਉਹਨਾਂ ਲਈ ਹੀ ਯੱਗ ਕਰਦੇ ਸਨ ਪਰ ਅਥਰਵਵੇਦ ਸਮੇਂ ਯੱਗ ਅਤੇ ਹਵਨ ਦੇਵਤਿਆਂ ਦੀ ਥਾਂ 'ਤੇ ਪਿਤਰ ਆਤਮਾਵਾਂ ਲਈ ਵੀ ਕੀਤੇ ਜਾਣ ਲੱਗੇ ਸੀ। ਇਸ ਸਮੇਂ ਵਿਸ਼ਵਾਸ ਬਣਿਆ ਕਿ ਲੜਕਾ ਹੀ ਮਾਤਾ ਪਿਤਾ ਦੇ ਮਰਨ ਸੰਸਕਾਰ ਨੂੰ ਪੂਰਨ ਕਰਕੇ ਨਰਕ ਤੋਂ ਬਚਾ ਸਕਦਾ ਹੈ ਅਤੇ ਲੜਕੀਆਂ ਨੂੰ ਇਸ ਤੋਂ ਵਾਂਝਾ ਕਰ ਦਿੱਤਾ ਗਿਆ ਸੀ।[30] ਇੱਕ ਵਿਚਾਰ ਇਹ ਬਣਿਆ ਕਿ ਲੜਕੇ ਪਰਿਵਾਰ ਅਤੇ ਕਬੀਲਿਆਂ ਦੀ ਰੱਖਿਆ ਵਿੱਚ ਅਗਾਂਹਵੱਧੂ ਸਨ ਅਤੇ ਨਾਲ ਹੀ ਲੜਕੇ ਨੂੰ ਪਿਤਾ ਦੀ ਜਾਇਦਾਦ ਦਾ ਉੱਤਰਾਧਿਕਾਰੀ ਸਮਝਿਆ ਜਾਣ ਲੱਗਿਆ ਸੀ।

ਇਸ ਸਮੇਂ ਲੜਕੀ ਦੇ ਜਨਮ ਦੀ ਥਾਂ 'ਤੇ ਲੜਕੇ ਦੇ ਜਨਮ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸੀ। ਅਥਰਵਵੇਦ ਅਨੁਸਾਰ ਉਸ ਸਮੇਂ ਪ੍ਰਾਰਥਨਾ ਕੀਤੀ ਜਾਂਦੀ ਸੀ ਕਿ ਲੜਕੀ ਨੂੰ ਪਰਮਾਤਮਾ ਹੋਰ ਥਾਂ ਭੇਜ ਦੇਵੇ ਜਾਂ ਜਨਮ ਦੇਵੇ ਪਰ ਇੱਥੇ ਬੇਟਾ ਹੀ ਦੇਵੇ।[31] ਇਸ ਕਾਲ ਵਿੱਚ ਜੇਕਰ ਗਰਭ ਵਿੱਚੋਂ ਮਰਦ ਲਿੰਗ ਇਸਤਰੀ ਲਿੰਗ ਵਿੱਚ ਤਬਦੀਲ ਹੁੰਦਾ ਸੀ ਤਾਂ ਇਸ ਦਾ ਕਾਰਨ ਬੁਰੀਆਂ ਆਤਮਾਵਾਂ ਨੂੰ ਮੰਨਿਆ ਜਾਂਦਾ ਸੀ।

---

30 "The main reason for this is the development of certain eschatological notions which led to a belief that sons alone were competent to redeem their parents from hell and daughters were incapable of performing this spiritual function."
P.Thomas, *Indian Women Through the Ages*, p. 54.

31 ਅਥਰਵਵੇਦ, 6.11.3.;
"The Atharva-Veda leaves no doubt that sons were preferred to daughters. The birth of a son, rather than a daughter, is the subject-matter of a fervent prayer contained in two hymns."
Swami Madhananda & R.C.Majumdar (eds.), *Great Women of India*, p. 6.

ਇੱਕ ਥਾਂ 'ਤੇ ਇਸਤਰੀ ਨੂੰ ਪੁੱਤਰਾਂ ਦੀ ਮਾਂ ਬਣਨ ਦੇ ਆਸ਼ੀਰਵਾਦ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ।[32] ਇਸਤਰੀ ਦੇ ਗਰਭਧਾਰਨ ਸਮੇਂ ਕੁੱਝ ਸੰਸਕਾਰ ਕੀਤੇ ਜਾਂਦੇ ਸਨ ਜਿਹਨਾਂ ਦਾ ਉਦੇਸ਼ ਪੁੱਤਰ ਪ੍ਰਾਪਤੀ ਦੇ ਲਈ ਪ੍ਰਾਰਥਨਾ ਕਰਨਾ ਹੁੰਦਾ ਸੀ। ਇਹਨਾਂ ਸੰਸਕਾਰਾਂ ਦੇ ਅਵਸਰ 'ਤੇ ਇਸਤਰੀ ਨੂੰ ਜੜ੍ਹੀਆਂ-ਬੂਟੀਆਂ ਦਿੱਤੀਆਂ ਜਾਂਦੀਆਂ ਸਨ ਤਾਂਕਿ ਇਹਨਾਂ ਦੇ ਪ੍ਰਭਾਵ ਨਾਲ ਇਸਤਰੀ ਪੁੱਤਰਵਤੀ ਹੋਵੇ।[33] ਇਸੇ ਕਰਕੇ *ਪੁੰਸਵਨ (pumsavana) ਸੰਸਕਾਰ* (ਪੁੱਤਰ ਪ੍ਰਾਪਤੀ ਸੰਬੰਧੀ) ਸ਼ੁਰੂ ਹੋਇਆ ਜੋ ਅੱਜ ਵੀ ਹਿੰਦੂ ਲੋਕ ਗਰਭਧਾਰਨ ਦੇ ਤੀਜੇ ਮਹੀਨੇ ਕਰਦੇ ਹਨ।[34] ਪੁੱਤਰ ਪੈਦਾ ਕਰਨ ਵਿੱਚ ਹੀ ਇਸਤਰੀ ਜੀਵਨ ਦੀ ਸਾਰਥਕਤਾ ਅਤੇ ਪੂਰਨਤਾ ਮੰਨੀ ਜਾਣ ਲੱਗੀ ਸੀ। ਜੇਕਰ ਇਸਤਰੀ ਦੇ ਘਰ ਵਿਆਹ ਤੋਂ ਕੁੱਝ ਸਮੇਂ ਬਾਅਦ ਤੱਕ ਪੁੱਤਰ ਪੈਦਾ ਨਹੀਂ ਹੁੰਦਾ ਸੀ ਤਾਂ ਉਸਨੂੰ ਨਿਪੁੱਤੀ ਕਹਿ ਕੇ ਅਪਮਾਨਿਤ ਕੀਤਾ ਜਾਂਦਾ ਸੀ। ਕਈ ਵਾਰ ਤਾਂ ਅਜਿਹੀ ਅਭਾਗੀ ਇਸਤਰੀ ਨੂੰ ਤਿਆਗ ਵੀ ਦਿੱਤਾ ਜਾਂਦਾ ਸੀ।

ਧਰਮ ਵਿੱਚ ਜਟਿਲਤਾ ਆਉਣ ਕਾਰਨ ਇਸਤਰੀ ਦੇ ਧਾਰਮਿਕ ਗਿਆਨ ਪ੍ਰਾਪਤ ਕਰਨ 'ਤੇ ਵੀ ਮਨਾਹੀ ਲਗਾ ਦਿੱਤੀ ਗਈ ਸੀ। ਇਸਤਰੀ ਲਈ ਸਿੱਖਿਆ ਦਾ ਪ੍ਰਬੰਧ ਸੀ ਪਰ ਹੌਲੀ-ਹੌਲੀ ਇਸਤਰੀ ਨੂੰ ਦੂਸ਼ਿਤ ਸਮਝਣ ਕਾਰਨ ਪੜ੍ਹਾਈ 'ਤੇ ਰੋਕ ਲਗਾ ਦਿੱਤੀ ਗਈ ਅਤੇ ਉਸ ਨੂੰ ਧਾਰਮਿਕ ਗ੍ਰੰਥਾਂ ਤੋਂ ਵੀ ਦੂਰ ਰੱਖਿਆ ਜਾਣ ਲੱਗਿਆ ਸੀ। ਲੜਕੀਆਂ ਨੂੰ ਕੇਵਲ ਆਪਣੇ ਮਾਤਾ-ਪਿਤਾ ਜਾਂ ਰਿਸ਼ਤੇਦਾਰਾਂ ਤੋਂ ਘਰ ਵਿੱਚ ਪੜ੍ਹਨ ਦੀ ਹੀ ਆਜ਼ਾਦੀ ਰਹਿ ਗਈ ਸੀ।

ਇਸ ਸਮੇਂ ਧਰਮ ਦੇ ਨਾਮ 'ਤੇ ਲੜਕੀਆਂ ਨੂੰ ਦੇਵਦਾਸੀ ਦੇ ਰੂਪ ਵਿੱਚ ਮੰਦਿਰ ਭੇਜਿਆ ਜਾਂਦਾ ਸੀ, ਪਰ ਗਭਰੇਟ ਅਵਸਥਾ ਤੋਂ ਪਹਿਲਾਂ ਹੀ ਉਹਨਾਂ ਨੂੰ ਮੰਦਿਰ ਵਿੱਚੋਂ ਕੱਢ ਦਿੱਤਾ ਜਾਂਦਾ ਸੀ। ਇਸ ਅਵਸਥਾ ਵਿੱਚ ਲੜਕੀਆਂ ਨੂੰ ਦੂਸ਼ਿਤ ਸਮਝਣ ਕਾਰਨ ਇਸ ਤੋਂ ਪਹਿਲਾਂ ਹੀ ਵਿਆਹ ਦਿੱਤਾ ਜਾਂਦਾ ਸੀ, ਕਿਉਂਕਿ ਵਿਸ਼ਵਾਸ ਸੀ ਕਿ ਵਿਆਹ ਦੇ ਸੰਸਕਾਰ ਸਮੇਂ ਦੇਵੀ ਦੇਵਤਿਆਂ ਦਾ ਮੇਲ ਹੁੰਦਾ ਹੈ ਅਤੇ ਇਸ ਪਵਿੱਤਰ ਕੰਮ ਵਿੱਚ ਦੂਸ਼ਿਤ ਲੜਕੀ ਦਾ ਆਉਣਾ ਪਾਪ ਮੰਨਿਆ ਜਾਂਦਾ ਸੀ। ਛੋਟੀ ਉਮਰ ਵਿੱਚ ਵਿਆਹ ਹੋਣ ਕਾਰਨ ਮਾਤਾ-ਪਿਤਾ ਦੀ ਮਰਜ਼ੀ ਹੀ ਭਾਰੂ ਹੁੰਦੀ ਸੀ। ਉਹ ਸਮਾਂ ਬੀਤ ਗਿਆ ਸੀ ਜਦੋਂ ਲੜਕੀਆਂ ਬ੍ਰਹਮਚਾਰਿਆ ਜ਼ਿੰਦਗੀ ਬਤੀਤ ਕਰ ਸਕਦੀਆਂ ਸਨ।

ਪਤਨੀ ਅਜੇ ਵੀ ਪਤੀ ਦਾ ਅੱਧਾ ਅੰਗ ਮੰਨੀ ਜਾਂਦੀ ਸੀ ਪਰ ਇਸਤਰੀ(ਪਤਨੀ) ਦੀ ਇੱਜਤਦਾਰ ਸਥਿਤੀ ਜਲਦੀ ਹੀ ਨੀਵੀਂ ਹੋ ਗਈ ਅਤੇ ਉਹ ਮਰਦ ਦੀ ਸਰੀਰਕ ਇੱਛਾ ਦੀ ਪੂਰਤੀ ਕਰਨ ਦੀ ਵਸਤੂ ਬਣ

---

32 ਅਥਰਵਵੇਦ, 3.23.3.

33 ਉਹੀ, 3.23.6.

34 "Here then is the origin of the Pumsavana (male-producing) ceremony even now performed by the Hindus in the third month of gestation."
P.Thomas, *Indian Women Through the Ages*, p.58.

ਕੇ ਰਹਿ ਗਈ ਸੀ। ਉਸ ਦੀ ਜ਼ਿੰਦਗੀ ਘਰੇਲੂ ਕੰਮਾਂ ਅਤੇ ਬੱਚੇ ਪੈਦਾ ਕਰਨ ਤੱਕ ਹੀ ਸੀਮਤ ਹੋ ਗਈ ਸੀ। ਪਤੀ ਦੇ ਕਠੋਰ, ਦੁਰਗਣੀ ਅਤੇ ਹੀਨ ਹੋਣ ’ਤੇ ਵੀ ਦੇਵਤਾ ਦੇ ਸਮਾਨ ਮੰਨਣ ਅਤੇ ਪੂਜਣ ਦੇ ਲਈ ਸਮਾਜ ਨੇ ਪਤਨੀ ਨੂੰ ਮਜ਼ਬੂਰ ਕੀਤਾ ਹੋਇਆ ਸੀ। ਉਹ ਪਤੀ ਜੋ ਕਿਸੇ ਸਮੇਂ ਪਤਨੀ ਲਈ ਮਿੱਤਰ ਹੁੰਦਾ ਸੀ, ਹੁਣ ਸਖਾ ਨਾ ਹੋਕੇ ਗੁਰੂ ਬਣ ਗਿਆ ਸੀ। ਪਤੀ ਦਾ ਮੰਨਣਾ ਸੀ ਕਿ ਉਸਦੀ ਪਤਨੀ ਪਰਮਾਤਮਾ ਨੇ ਉਸਦੀ ਸੇਵਾ ਕਰਨ ਅਤੇ ਬੱਚੇ ਪੈਦਾ ਕਰਨ ਲਈ ਦਿੱਤੀ ਹੋਈ ਹੈ। ਅਜਿਹੀ ਸੋਚ ਦਾ ਧਾਰਨੀ ਮਰਦ ਇਸਤਰੀ ਨੂੰ ਆਪਣੇ ’ਤੇ ਨਿਰਭਰ ਅਤੇ ਅਧੀਨ ਸਮਝਣ ਲੱਗ ਗਿਆ ਸੀ।[35] ਪਤਨੀ ਪਤੀ ਦੀ ਇੱਛਾ ਅਤੇ ਖ਼ੁਸ਼ੀ ਅਨੁਸਾਰ ਹੀ ਸਾਰੀ ਉਮਰ ਕੱਢ ਦਿੰਦੀ ਸੀ।

ਪਤੀ ਦੀ ਜ਼ਿੰਦਗੀ ਖ਼ਤਮ ਹੋਣ ’ਤੇ ਪਤਨੀ ਖ਼ੁਦ ਨੂੰ ਨਾਲ ਹੀ ਕੁਰਬਾਨ ਕਰ ਦਿੰਦੀ ਸੀ। ਇੱਕ ਵਿਸ਼ਵਾਸ ਯੋਗ ਪਤਨੀ ਸਵਰਗ ਅਤੇ ਨਰਕ ਵਿੱਚ ਵੀ ਪਤੀ ਦੇ ਨਾਲ ਜਾਣ ਦੀ ਇੱਛਾ ਰੱਖਦੀ ਸੀ। ਪਤੀ ਦੀ ਮੌਤ ਉਪਰੰਤ ਉਸ ਤੋਂ ਚਰਿਤਰਵਾਨ, ਸੰਜਮੀ ਅਤੇ ਸਤ ਉੱਤੇ ਕਾਇਮ ਰਹਿਕੇ ਪਤੀ ਦੀ ਯਾਦ ਵਿੱਚ ਜੀਵਨ ਬਤੀਤ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਸਤੀ ਹੋਣ ਦੀ ਜਾਣਕਾਰੀ ਅਥਰਵਵੇਦ ਦੇ ਦੋ ਮੰਤਰਾਂ ਵਿੱਚੋਂ ਪ੍ਰਾਪਤ ਹੁੰਦੀ ਹੈ।[36] ਪਰ ਸਤੀ ਹੋਣਾ ਕੋਈ ਸਮਾਜਿਕ ਨਿਯਮ ਨਹੀਂ ਸੀ। ਸਵੈ ਇੱਛਾ ਨਾਲ ਸਤੀ ਹੋਣ ਵਾਲੀ ਇਸਤਰੀ ਨੂੰ ਸਨਮਾਨ ਸਹਿਤ ਸਤੀ ਕੀਤਾ ਜਾਂਦਾ ਸੀ। ਕਈ ਵਾਰ ਉਹ ਬਰਾਦਰੀ ਦੇ ਡਰ ਹੇਠ ਵੀ ਆਪਾ ਕੁਰਬਾਨ ਕਰ ਦਿੰਦੀਆ ਸਨ। ਇੱਕ ਥਾਂ ਤੇ ਵਿਧਵਾ ਦੇ ਪੁਨਰ-ਵਿਆਹ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।[37] ਪਰ ਸਮਾਜ ਵਿੱਚ ਵਿਧਵਾ ਵਿਆਹ ਦੀ ਮਨਾਹੀ ਸੀ ਕਿਉਂਕਿ ਇਸਤਰੀ ਨੂੰ ਇੱਕ ਵਾਰ ਕਿਸੇ ਦੀ ਨਿੱਜੀ ਜਾਇਦਾਦ ਬਣਨ ਉਪਰੰਤ ਦੂਸ਼ਿਤ ਸਮਝਿਆ ਜਾਂਦਾ ਸੀ। ਇਸ ਸਮੇਂ ਬਹੁ ਵਿਆਹ ਪ੍ਰਥਾ ਬਹੁਤ ਹੀ ਜ਼ਿਆਦਾ ਪ੍ਰਚਲਿਤ ਸੀ। ਬਹੁਤ ਸਾਰੇ ਮੰਤਰ ਅਜਿਹੇ ਮਿਲਦੇ ਹਨ ਜਿਹਨਾਂ ਵਿੱਚ ਪਹਿਲੀ ਪਤਨੀ ਆਪਣੇ ਪਤੀ ਨੂੰ ਵਸ ਵਿੱਚ ਰੱਖਣ ਅਤੇ ਦੂਜੀਆਂ ਪਤਨੀਆਂ ’ਤੇ ਰਾਜ ਕਰਨ ਦੀ ਪ੍ਰਾਰਥਨਾ ਕਰਦੀ ਸੀ।[38] ਆਮ ਤੌਰ ’ਤੇ ਬਹੁਵਿਆਹ ਦਾ ਪ੍ਰਚਲਨ ਜ਼ਿਆਦਾਤਰ ਅਮੀਰ ਲੋਕਾਂ ਵਿੱਚ ਹੀ ਹੁੰਦਾ ਸੀ।

---

35 ਅਥਰਵਵੇਦ, 14.1.52.

36 ਉਹੀ, 18.3.4; 18.2.35;
Shakuntala Rao Shastri, *Women in the Vedic Age*, Bharatiya Vidya Bhavan, Bombay, 1960, p. 57.

37 ਅਥਰਵਵੇਦ, 9.5.26-27.

38 “Polgamy was widely prevalent. We find entire hymns devoted to the subject. We find hymns devoted to witchcraft in which a wife tries to get rid of her rival by uttering verses holding a plant. She addresses the plant, chanting verses in which she asserts her superiority over her rival, as though by mere ceremony she could get rid of her obstacle.”
Shakuntala Rao Shastri, *Women in the Vedic Age*, p. 56.;

ਇਸਤਰੀ ਭਾਵੇਂ ਹਰ ਰੂਪ ਵਿੱਚ ਨਿਗੁਣੀ ਮੰਨੀ ਜਾਣ ਲੱਗੀ ਸੀ, ਪਰ ਮਾਂ ਦੀ ਮਮਤਾ ਦੀ ਕਦਰ ਇਸ ਸਮੇਂ ਵੀ ਉੱਚ ਸੀ। ਅਥਰਵਵੇਦ ਵਿੱਚ ਮਾਂ ਦੀ ਤੁਲਨਾ ਧਰਤੀ ਨਾਲ ਕੀਤੀ ਗਈ ਹੈ,[39] ਜੋ ਹਰ ਸੁੱਖ-ਦੁੱਖ, ਚੰਗੇ-ਮਾੜੇ ਨੂੰ ਆਪਣੇ ਅੰਦਰ ਸਮਾਉਣ ਦੀ ਸਮਰੱਥਾ ਰੱਖਦੀ ਹੈ।

ਸਮਾਜ ਵਿੱਚ ਇਸਤਰੀ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਰੱਖਿਆ ਜਾਣ ਲੱਗਿਆ ਸੀ। ਉਸਨੂੰ ਜਨ-ਸਾਧਾਰਨ ਕੰਮਾਂ ਵਿੱਚ ਜਾਣ ਦੀ ਆਗਿਆ ਵੀ ਨਹੀਂ ਰਹੀ ਸੀ। ਇਸਤਰੀ ਨੂੰ ਪਤੀ ਦੇ ਵਪਾਰ ਅਤੇ ਖੇਤੀ-ਬਾੜੀ ਦੇ ਕੰਮਾਂ ਦਾ ਜੋ ਅਧਿਕਾਰ ਪਹਿਲਾ ਪ੍ਰਾਪਤ ਸੀ, ਉਸ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਇੱਕ ਪਾਸੇ ਜਿੱਥੇ ਇਸਤਰੀ ਸ਼ੂਦਰਾਂ ਬਰਾਬਰ ਸਮਝੀ ਜਾਂਦੀ ਸੀ ਉੱਥੇ ਹੀ ਦੂਸਰੇ ਪਾਸੇ ਇਸਤਰੀ ਨੂੰ ਕੁਲ ਦੇ ਮਾਣ ਅਤੇ ਪ੍ਰਤਿਸ਼ਠਾ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਸੀ। ਇਸਤਰੀ ਨੂੰ ਘਰ ਵਿੱਚ ਸੁਰੱਖਿਅਤ ਸਮਝਿਆ ਜਾਂਦਾ ਸੀ। ਇਸੇ ਸੋਚ ਨੇ ਇਸਤਰੀ ਨੂੰ ਮਰਦਾਂ ਦੇ ਦਬਦਬੇ ਹੇਠ ਕਰ ਦਿੱਤਾ ਸੀ। ਬਾਲ-ਵਿਆਹ, ਬਹੁ-ਵਿਆਹ, ਵਿਦਿਆ 'ਤੇ ਰੋਕ, ਪਰਦਾ ਪ੍ਰਥਾ ਅਤੇ ਸਤੀ ਪ੍ਰਥਾ ਵਰਗੀਆਂ ਬੁਰਾਈਆਂ ਨੇ ਇਸਤਰੀ ਨੂੰ ਦਿਨੋਂ ਦਿਨ ਅਧੋਗਤੀ ਵੱਲ ਧੱਕਣਾ ਸ਼ੁਰੂ ਕਰ ਦਿੱਤਾ ਸੀ।

**ਬ੍ਰਾਹਮਣ ਗ੍ਰੰਥ:**

ਬ੍ਰਾਹਮਣ ਗ੍ਰੰਥਾਂ ਨੂੰ ਉੱਤਰ ਵੈਦਿਕ ਕਾਲ ਵਿੱਚ ਰਚਿਤ ਮੰਨਿਆ ਜਾਂਦਾ ਹੈ। ਹਰ ਵੇਦ ਦੇ ਅਲੱਗ-ਅਲੱਗ ਬ੍ਰਾਹਮਣ ਗ੍ਰੰਥ ਹਨ। ਬ੍ਰਾਹਮਣ ਵੇਦਾਂ ਦੇ ਵਿਆਖਿਆ ਗ੍ਰੰਥ ਹਨ। ਇਹਨਾਂ ਦੀ ਮਹੱਤਤਾ ਅਤੇ ਪ੍ਰਾਚੀਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਵੈਦਿਕ ਸੰਹਿਤਾ ਦੀ ਤਰ੍ਹਾਂ ਇਹਨਾਂ ਨੂੰ ਵੀ ਵੇਦ ਕਿਹਾ ਜਾਂਦਾ ਹੈ। ਬ੍ਰਾਹਮਣ ਗ੍ਰੰਥਾਂ ਦੇ ਬਾਅਦ ਹੀ ਸੰਸਕ੍ਰਿਤ ਜਨਸਾਧਾਰਨ ਭਾਸ਼ਾ ਨਾ ਰਹਿਕੇ ਸਾਹਿਤਕ ਭਾਸ਼ਾ ਦਾ ਰੂਪ ਧਾਰਨ ਕਰ ਗਈ ਸੀ। ਬ੍ਰਾਹਮਣਾਂ ਨੇ ਆਪਣਾ ਪ੍ਰਭੁੱਤਵ ਬਣਾਈ ਰੱਖਣ ਲਈ ਸਮਾਜ ਵਿੱਚ ਵਰਣ ਵਿਵਸਥਾ ਨੂੰ ਹੋਰ ਦ੍ਰਿੜ ਕਰ ਦਿੱਤਾ ਸੀ। ਯੱਗਾਂ ਦੀ ਬਾਗਡੋਰ ਬ੍ਰਾਹਮਣਾਂ ਦੇ ਹੱਥ ਵਿੱਚ ਹੋਣ ਕਾਰਨ ਹੀ ਬ੍ਰਾਹਮਣ ਗ੍ਰੰਥਾਂ ਵਿੱਚ ਯੱਗਾਂ ਨੂੰ ਸਭ ਤੋਂ ਵੱਧ ਮਹੱਤਤਾ ਮਿਲੀ ਸੀ। ਬ੍ਰਾਹਮਣ ਗ੍ਰੰਥਾਂ ਸਮੇਂ ਧਾਰਮਿਕ ਸਥਿਤੀ ਰਿਗਵੇਦ ਤੋਂ ਕਾਫ਼ੀ ਵੱਖਰੀ ਹੋ ਗਈ ਸੀ।

ਇਸ ਸਮੇਂ ਤੱਕ ਆਉਂਦੇ-ਆਉਂਦੇ ਕਰਮਕਾਂਡਾਂ ਨੇ ਹੋਰ ਭਿਆਨਕ ਰੂਪ ਧਾਰਨ ਕਰ ਲਿਆ ਸੀ। ਕਰਮਕਾਂਡਾਂ ਦੀ ਪ੍ਰਧਾਨਤਾ ਹੋਣ ਕਾਰਨ ਬ੍ਰਾਹਮਣ ਗ੍ਰੰਥਾਂ ਵਿੱਚ ਪਰਿਵਾਰਿਕ ਸਥਿਤੀ ਦਾ ਵਰਣਨ ਬਹੁਤ ਘੱਟ ਪ੍ਰਾਪਤ ਹੁੰਦਾ ਹੈ। ਇਸ ਕਾਲ ਵਿੱਚ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਇਸਤਰੀ ਦਾ ਸਥਾਨ ਪੱਕੇ ਤੌਰ 'ਤੇ ਨਿਸ਼ਚਿਤ ਕਰ ਦਿੱਤਾ ਗਿਆ ਸੀ। ਇਸ ਸਮੇਂ ਮਰਦ ਕੇਂਦਰ ਹੋ ਗਿਆ ਸੀ ਅਤੇ ਇਸਤਰੀ ਦੀ ਸਥਿਤੀ ਨੀਵੀਂ ਹੁੰਦੀ ਹੁੰਦੀ ਬਿਲਕੁਲ ਗੌਣ ਹੋ ਚੁੱਕੀ ਸੀ। ਉਸ ਸਮੇਂ ਦੇ ਜੀਵਨ ਦਾ ਧਾਰਮਿਕ ਕਾਰਜਾਂ ਰਾਹੀਂ

[39] ਅਥਰਵਵੇਦ, 12.1.12.

ਹੀ ਅੰਦਾਜ਼ਾ ਲਗਾਇਆ ਜਾ ਸਕਦਾ ਸੀ।[40] ਧਾਰਮਿਕ ਕਾਰਜਾਂ ਵਿੱਚ ਪਤਨੀ ਦਾ ਹਾਜਿਰ ਹੋਣਾ ਰਿਗਵੈਦਿਕ ਕਾਲ ਵਿੱਚ ਜ਼ਰੂਰੀ ਮੰਨਿਆ ਜਾਂਦਾ ਸੀ ਪਰ ਇਸ ਸਮੇਂ ਪਤਨੀ ਨਾ ਹੋਣ 'ਤੇ ਵੀ ਯੱਗ ਕਰਨ ਦੀ ਹਦਾਇਤ ਦਿੱਤੀ ਜਾਂਦੀ ਸੀ। ਬ੍ਰਾਹਮਣ ਗ੍ਰੰਥਾਂ ਵਿੱਚੋਂ ਪਤਨੀ ਦੇ ਯੱਗ ਅਧਿਕਾਰੀ ਹੋਣ ਦਾ ਸੰਕੇਤ ਵੀ ਪ੍ਰਾਪਤ ਹੁੰਦਾ ਹੈ। ਜਿੱਥੇ ਬ੍ਰਾਹਮਣ ਗ੍ਰੰਥਾਂ ਵਿੱਚ ਪਤਨੀ ਦੇ ਕੁੱਝ ਧਾਰਮਿਕ ਅਧਿਕਾਰਾਂ ਦੇ ਪ੍ਰਮਾਣ ਮਿਲਦੇ ਹਨ, ਉੱਥੇ ਹੀ ਦੂਸਰੇ ਪਾਸੇ ਅਧਿਕਾਰਾਂ ਤੋਂ ਵਾਂਝੇ ਹੋਣ ਦੇ ਸਬੂਤ ਵੀ ਪ੍ਰਾਪਤ ਹੁੰਦੇ ਹਨ। ਪਤਨੀ ਦੇ ਧਾਰਮਿਕ ਕਾਰਜਾਂ ਤੋਂ ਵੰਚਿਤ ਹੋਣ ਦੀ ਜਾਣਕਾਰੀ ਸ਼ਤਪਥ ਬ੍ਰਾਹਮਣ ਵਿੱਚੋਂ ਪ੍ਰਾਪਤ ਹੁੰਦੀ ਹੈ ਕਿ ਜੋ ਯੱਗ ਦੇ ਕਾਰਜ ਪਹਿਲਾਂ ਯਜਮਾਨ ਦੀ ਪਤਨੀ ਸੰਪੰਨ ਕਰਦੀ ਸੀ, ਹੁਣ ਉਸਦੀ ਉਹ ਜਗ੍ਹਾ ਨਹੀਂ ਰਹੀ ਸੀ।[41] ਸ਼ਤਪਥ ਬ੍ਰਾਹਮਣ ਵਿੱਚ ਇਸਤਰੀ, ਸ਼ੂਦਰ, ਕੁੱਤਾ ਅਤੇ ਕਾਂ ਚਾਰਾਂ ਨੂੰ ਅਸੱਤ ਐਲਾਨ ਕਰਦੇ ਹੋਏ ਯੱਗ ਸਮੇਂ ਉਹਨਾਂ ਵੱਲ ਦੇਖਣ ਤੋਂ ਵੀ ਮਨ੍ਹਾਂ ਕੀਤਾ ਗਿਆ ਸੀ।[42] ਇਸਤਰੀਆਂ ਨੂੰ ਅਪਵਿੱਤਰ ਐਲਾਨ ਕਰਨ ਦਾ ਮੁੱਖ ਕਾਰਨ ਉਹਨਾਂ ਦੀ ਮਾਹਵਾਰੀ ਸੰਬੰਧੀ ਕਮਜ਼ੋਰੀ ਨੂੰ ਦੱਸਿਆ ਗਿਆ ਸੀ। ਇਸ ਸਮੇਂ ਵਿਚਾਰ ਪ੍ਰਚਲਿਤ ਸੀ ਕਿ ਮਾਹਵਾਰੀ ਸਮੇਂ ਇਸਤਰੀ ਗੰਦੇ ਕੱਪੜਿਆਂ ਵਾਲੀ ਹੁੰਦੀ ਹੈ, ਇਸ ਸਮੇਂ ਇਸਤਰੀ ਨਾਲ ਨਾ ਬੋਲਣਾ ਚਾਹੀਦਾ, ਨਾ ਬੈਠਣਾ, ਇੱਥੋਂ ਤੱਕ ਕਿ ਉਸ ਤੋਂ ਅੰਨ ਗ੍ਰਹਿਣ ਕਰਨ ਦੀ ਵੀ ਮਨਾਹੀ ਕੀਤੀ ਜਾਂਦੀ ਸੀ। ਬੱਚਾ ਹੋਣ ਸਮੇਂ ਵੀ ਇਸਤਰੀ ਨੂੰ ਦੂਸ਼ਿਤ ਗਿਣਿਆ ਜਾਂਦਾ ਸੀ, ਇਸ ਉਪਰੰਤ ਪਵਿੱਤਰ ਜਾਂ ਪਾਵਨ ਕਰਨ ਦਾ ਵੀ ਰਿਵਾਜ ਪ੍ਰਚਲਿਤ ਸੀ।[43] ਅਥਰਵਵੇਦ ਸਮੇਂ ਵੀ ਇਸਤਰੀ ਨੂੰ ਮਾਹਵਾਰੀ ਸਮੇਂ ਅਤੇ ਬੱਚਾ ਪੈਦਾ ਹੋਣ ਸਮੇਂ ਅਪਵਿੱਤਰ ਕਿਹਾ ਜਾਂਦਾ ਸੀ। ਪਰ ਬਾਰ-ਬਾਰ ਪੈਦਾ ਹੋਣ ਵਾਲੇ ਦੂਸ਼ਣ ਕਾਰਨ ਇਸਤਰੀ ਨੂੰ ਸਥਾਈ ਰੂਪ ਵਿੱਚ ਹੀ ਦੂਸ਼ਿਤ ਸਮਝਿਆ ਜਾਣ ਲੱਗਿਆ ਸੀ। ਸ਼ਤਪਥ ਬ੍ਰਾਹਮਣ ਵਿੱਚ ਇਸਤਰੀ ਦੇ ਧੁੰਨੀ ਤੋਂ ਥੱਲੇ ਦੇ ਸਰੀਰ ਨੂੰ ਸਥਾਈ ਰੂਪ ਚ' ਹੀ ਅਪਵਿੱਤਰ ਕਿਹਾ ਗਿਆ ਹੈ।[44] ਇਸਤਰੀ ਸੰਬੰਧੀ ਪੈਦਾ ਕੀਤੇ ਗਏ ਕਰਮਕਾਂਡਾਂ ਨੇ ਮਿਲਕੇ ਅਜਿਹੀ ਸਥਿਤੀ ਉਤਪੰਨ ਕਰ ਦਿੱਤੀ ਕਿ ਇਸਤਰੀਆਂ ਨੂੰ ਧਾਰਮਿਕ ਅਧਿਕਾਰਾਂ

---

40 "During this period, religion and social life were so intermingled that one could not be distinguished from the other. Life expressed itself to a great extent through religious ceremonials."
Shakuntala Rao Shastri, *Women in the Vedic Age,* p. 75.

41 ਸ਼ਤਪਥ ਬ੍ਰਾਹਮਣ, 1.1.4.13.

42 ਉਹੀ, 14.1.1.31.;
"...declares that the woman, the sudra, the dog and the crow are falsehood."
R.C. Majumdar, *The Vedic Age* , Bhartiya Vidys Bhavan, Bombay, 1971, 5th ed., p. 424.

43 "The idea that a woman is impure when with child and anything , especially food, associated with her is contaminated and hence has to be purified as mentioned here."
Shakuntala, Rao Shastri , *Women in the Vedic Age,* p. 80.

44 ਸ਼ਤਪਥ ਬ੍ਰਾਹਮਣ, 1.3; 9.13; 5.2.1.18.;
"Besides, below her navel a woman is always unclean."
P.Thomas, *Indian Women Through the Ages,* p. 57.

ਤੋਂ ਵੰਚਿਤ ਹੋਣਾ ਪਿਆ ਅਤੇ ਯੱਗਾਂ ਵਿੱਚ ਇਸਤਰੀਆਂ ਦੀ ਹਾਜਰੀ ਇੱਕ ਮਾਤਰ ਦਿਖਾਵਾ ਹੀ ਰਹਿ ਗਈ ਸੀ।

ਇਹ ਸਮਾਂ ਧਾਰਮਿਕ ਅਤੇ ਸਮਾਜਿਕ ਜ਼ਿੰਦਗੀ ਦਾ ਮਿਲਿਆ-ਜੁਲਿਆ ਰੂਪ ਸੀ, ਦੋਵਾਂ ਨੂੰ ਵੱਖ ਕਰਕੇ ਦੇਖਣਾ ਮੁਸ਼ਕਿਲ ਜਾਪਦਾ ਹੈ। ਸਮਾਜਿਕ ਜੀਵਨ ਵਿੱਚ ਪਰਿਵਾਰਿਕ ਸ਼ਕਤੀ ਦਾ ਕਾਰਨ ਵੀਰ ਪੁੱਤਰ ਸੀ। ਮੁਕਤੀ ਪ੍ਰਾਪਤ ਕਰਨ ਲਈ ਪੁੱਤਰਾਂ ਨੂੰ ਕਿਸ਼ਤੀ ਸਮਝਿਆ ਜਾਣ ਲੱਗਿਆ ਸੀ। ਇਸ ਸਮੇਂ ਧਾਰਮਿਕ ਸੰਸਕਾਰਾਂ ਵਿੱਚ ਇੱਕ ਬੇਜ਼ੁਬਾਨ ਜਾਂ ਖਾਮੋਸ਼ ਮੰਨੀ ਜਾਣ ਵਾਲੀ ਸਾਥੀ (ਇਸਤਰੀ) ਪੁੱਤਰ ਨਾਲ ਸੰਬੰਧਿਤ ਸੰਸਕਾਰਾਂ ਵਿੱਚ ਮੁੱਖ ਰੋਲ ਅਦਾ ਕਰਦੀ ਸੀ।[45] ਭਾਵ ਇਸਤਰੀ ਦੀ ਮਹੱਤਤਾ ਲੜਕੇ ਦੇ ਜਨਮ ਨਾਲ ਹੀ ਜੁੜ ਚੁੱਕੀ ਸੀ। ਬ੍ਰਾਹਮਣ ਕਾਲ ਵਿੱਚ ਪਤਨੀ ਨੂੰ ਸਾਥੀ, ਪੁੱਤਰੀ ਨੂੰ ਇੱਕ ਮੁਸੀਬਤ ਅਤੇ ਪੁੱਤਰ ਨੂੰ ਸਰਬੋਤਮ ਸਵਰਗ ਦਾ ਪ੍ਰਕਾਸ਼ ਕਿਹਾ ਜਾਣ ਲੱਗਿਆ ਸੀ।[46] ਸਮਾਜ ਵਿੱਚ ਲੜਕੀ ਦੇ ਜਨਮ ਨੂੰ ਦੁੱਖ ਸੰਤਾਪ ਦਾ ਕਾਰਨ ਸਮਝਿਆ ਜਾਣ ਲੱਗਿਆ ਸੀ। ਉਸ ਸੰਬੰਧੀ ਇਹ ਵਿਚਾਰ ਪ੍ਰਚਲਿਤ ਸੀ ਕਿ ਲੜਕੀ ਜਨਮ ਸਮੇਂ, ਵਿਆਹ ਸਮੇਂ ਅਤੇ ਜਵਾਨੀ ਸਮੇਂ ਕਿਸੇ ਗ਼ਲਤੀ ਨਾਲ ਵੰਸ਼ ਨੂੰ ਕਲੰਕਿਤ ਕਰ ਦੇਣ ਆਦਿ ਨਾਲ ਮਾਤਾ-ਪਿਤਾ ਦੇ ਹਿਰਦੇ ਨੂੰ ਦੁੱਖ ਪਹੁੰਚਾਉਣ ਵਾਲੀ ਹੁੰਦੀ ਹੈ। ਲੜਕੇ ਦੀ ਪ੍ਰਾਪਤੀ ਸ਼ੁਰੂ ਤੋਂ ਹੀ ਜ਼ਰੂਰੀ ਮੰਨੀ ਜਾਂਦੀ ਸੀ, ਪਰ ਬੇਟੀ ਨੂੰ ਮਾਰਨ ਦਾ ਵਰਣਨ ਪਹਿਲੀ ਵਾਰੀ ਬ੍ਰਾਹਮਣ ਗ੍ਰੰਥਾਂ ਵਿੱਚੋਂ ਪ੍ਰਾਪਤ ਹੁੰਦਾ ਹੈ।[47]

ਪਤੀ ਪਤਨੀ ਦੇ ਸੰਜੋਗ ਨਾਲ ਹੀ ਮਨੁੱਖੀ ਵਿਕਾਸ ਨਿਸ਼ਚਿਤ ਹੈ। ਬ੍ਰਾਹਮਣ ਗ੍ਰੰਥਾਂ ਵਿੱਚ ਘਰ ਨੂੰ ਪਤਨੀ ਦੇ ਰਹਿਣ ਦਾ ਸਥਾਨ ਕਿਹਾ ਗਿਆ ਹੈ। ਪਤੀ ਦੀ ਪੂਰਣਤਾ ਪਤਨੀ ਨੂੰ ਹਾਸਲ ਕਰਕੇ ਅਤੇ ਬੱਚਿਆਂ ਨੂੰ ਪੈਦਾ ਕਰਨ ’ਤੇ ਹੀ ਹੁੰਦੀ ਸੀ। ਇਸਤਰੀ ਨੂੰ ਮਰਦ ਦਾ ਅੱਧਾ ਭਾਗ ਕਿਹਾ ਜਾਂਦਾ ਸੀ ਪਰ ਦੂਸਰੇ ਪਾਸੇ ਪਤਨੀ ਦੇ ਸਾਹਮਣੇ ਪਤੀ ਦੀ ਗਰੂਰਤਾ ਅਤੇ ਸ੍ਰੇਸ਼ਠਤਾ ਨੂੰ ਵੀ ਸਪਸ਼ਟ ਦਿਖਾਇਆ ਗਿਆ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਤਨੀ ਦੀ ਜ਼ਿੰਦਗੀ ਅਧੀਨਤਾ ਵਾਲੀ ਹੀ ਸੀ। ਲੜਕੀ ਨੂੰ ਨੀਵਾਂ ਸਮਝਣ ’ਤੇ ਮਰਦ ਨੂੰ ਦੁਬਾਰਾ ਵਿਆਹ ਕਰਵਾਉਣ ਦਾ ਮੌਕਾ ਆਮ ਹੀ ਹੁੰਦਾ ਸੀ। ਪਤੀ ਦੁਆਰਾ ਦੋ ਜਾਂ ਦੋ ਤੋਂ ਵੱਧ ਪਤਨੀਆਂ ਰੱਖਣ ਦੇ ਬਾਵਜੂਦ ਵੀ ਇਸਤਰੀ ਨੂੰ ਇੱਕ ਤੋਂ ਵੱਧ ਪਤੀ ਨਾਲ ਰਹਿਣ ਦੀ ਇਜਾਜ਼ਤ

---

45 “During the greater part of the rituals she was a silent partner, but whenever ceremonies occur for bringing about the birth of a son or for conferring blessing on the progeny, she had to play an active part.”
Shakuntala Rao Shastri, *Women in the Vedic Age,* p. 79.

46 ਐਤਰੇਯ ਬ੍ਰਾਹਮਣ, 7.13.;
“A passage in the Aitarya Brahmana says that while the son is the hope of the family, the daughter is a source of trouble to it.”
Swami Madhananda & R.C.Majumdar (eds.), *Great Women of India*, p. 21.

47 “Even as a casual reference, a son is always associated with a mother. But it cannot be said that female children were exposed, we find it first mentioned in the brahmanas.”
Shakuntala Rao Shastri, *Women in the Vedic Age,* p. 44.

ਨਹੀਂ ਸੀ।[48] ਇੱਕ ਜਦੋਂ ਅਨੇਕ ਦਾ ਰੂਪ ਲੈਂਦਾ ਹੈ ਤਾਂ ਉਸਦਾ ਮਹੱਤਵ ਘੱਟਣਾ ਲਾਜ਼ਮੀ ਹੁੰਦਾ ਹੈ ਅਤੇ ਉਹ ਪ੍ਰਕਿਰਿਆ ਪੂਰੇ ਸਮਾਜ ਤੇ ਹਾਵੀ ਹੋਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਹੀ ਇਸਤਰੀ ਦਾ ਮਹੱਤਵ ਵੀ ਦਿਨੋਂ ਦਿਨ ਘੱਟਦਾ ਗਿਆ।

ਪਤੀ ਦੀ ਇਜਾਜ਼ਤ ਤੋਂ ਬਿਨਾਂ ਪਤਨੀ ਦੁਆਰਾ ਕੀਤਾ ਕੰਮ ਪਾਪ ਮੰਨਿਆ ਜਾਂਦਾ ਸੀ ਇੱਥੋਂ ਤੱਕ ਕਿ ਪਤਨੀ ਲਈ ਖਾਣਾ ਖਾਣ ਦਾ ਨਿਯਮ ਵੀ ਪਤੀ ਤੋਂ ਬਾਅਦ ਸੀ। ਉਸਨੂੰ ਅਨਰਥ ਦੀ ਜੜ੍ਹ, ਸ਼ਰਾਬ ਅਤੇ ਜੂਏ ਦੇ ਨਾਲ ਤੀਸਰੀ ਮਹਾਨ ਬੁਰਾਈ, ਸ਼ੂਦਰ ਤੋਂ ਵੀ ਨੀਚ ਅਤੇ ਬੁਰੇ ਤੋਂ ਬੁਰੇ ਮਰਦ ਤੋਂ ਨੀਵੀਂ ਮੰਨਿਆ ਜਾਂਦਾ ਸੀ।[49]

ਵਿਧਵਾ ਇਸਤਰੀ ਨੂੰ ਸਮਾਜ ਵਿੱਚ ਤੁੱਛ, ਨੀਚ ਕਹਿਣ ਲੱਗ ਗਏ ਸਨ ਅਤੇ ਉਸਨੂੰ ਮ੍ਰਿਤ ਪਤੀ ਦੀ ਸੰਪਤੀ ਦੀ ਅਧਿਕਾਰੀ ਵੀ ਨਹੀਂ ਸਵੀਕਾਰਦੇ ਸਨ। ਇਸਤਰੀ ਦੇ ਜੀਵਨ ਦੇ ਨਿਯਮ ਹੋਰ ਵੀ ਕਠੋਰ ਹੋ ਗਏ ਸਨ। ਉਸਦਾ ਸਭਾ ਸੰਮੇਲਨਾਂ ਵਿੱਚ ਜਾਣਾ ਵਰਜਿਤ ਹੋ ਗਿਆ ਸੀ। ਇੱਥੋਂ ਤੱਕ ਕਿ ਇਸਤਰੀਆਂ ਨੂੰ ਉਤਰਾਧਿਕਾਰ ਜਾਂ ਹਿੱਸੇ ਦੇ ਹੱਕ ਤੋਂ ਦੂਰ ਰੱਖਿਆ ਜਾਣ ਲੱਗਿਆ ਸੀ। ਇਸਤਰੀਆਂ ਅਤੇ ਸ਼ੂਦਰਾਂ ਨੂੰ ਜਾਇਦਾਦ ਦਾ ਕੋਈ ਅਧਿਕਾਰ ਨਹੀਂ ਸੀ।[50] ਇਸ ਸਮੇਂ ਇਸਤਰੀਆਂ ਹਰ ਪੱਖ ਤੋਂ ਸ਼ੂਦਰਾਂ ਵਾਂਗ ਨੀਵੀਆਂ ਸਮਝੀਆਂ ਜਾਣ ਲੱਗੀਆਂ ਸੀ। ਭੇਟ ਵਿੱਚ ਇਸਤਰੀਆਂ ਨੂੰ ਦਾਸੀਆਂ ਰੂਪ ਵਿੱਚ ਪ੍ਰਦਾਨ ਕਰਨ ਦੀ ਪ੍ਰਥਾ ਦਾ ਬ੍ਰਾਹਮਣ ਕਾਲ ਤੱਕ ਪੂਰਨ ਵਿਕਸਿਤ ਹੋਣ ਦਾ ਸੰਕੇਤ ਮਿਲਦਾ ਹੈ। ਪਸ਼ੂਆਂ ਵਾਂਗ ਇਸਤਰੀਆਂ (ਦਾਸੀਆਂ) ਵੀ ਉਪਹਾਰ ਵਿੱਚ ਦਿੱਤੀਆਂ ਜਾਂਦੀਆਂ ਸਨ।

**ਉਪਨਿਸ਼ਦ:**

ਵੈਦਿਕ ਸਾਹਿਤ ਦਾ ਅੰਤਿਮ ਭਾਗ 'ਉਪਨਿਸ਼ਦ' ਵਜੋਂ ਜਾਣਿਆ ਜਾਂਦਾ ਹੈ ਅਤੇ ਇਸਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਹ ਬ੍ਰਾਹਮਣ ਗ੍ਰੰਥਾਂ ਦਾ ਸਮਕਾਲੀ ਗ੍ਰੰਥ ਕਿਹਾ ਜਾ ਸਕਦਾ ਹੈ। ਉਪਨਿਸ਼ਦ ਸ਼ਬਦ, ਸੰਸਕ੍ਰਿਤ ਉਪ+ਨੀ+ਸ਼ਦ ਤੋਂ ਬਣਿਆ ਹੈ ਅਤੇ ਪਰੰਪਰਾ ਵਿੱਚ ਉਪਨਿਸ਼ਦ ਦਾ ਅਰਥ ਅਧਿਆਪਕ ਦੇ ਨੇੜ੍ਹੇ ਬੈਠਣ ਤੋਂ ਲਿਆ ਜਾਂਦਾ ਹੈ। ਅਸਲ ਵਿੱਚ ਉਪਨਿਸ਼ਦਾਂ ਦੀ ਦਾਰਸ਼ਨਿਕ ਪੱਖੋਂ ਮਹੱਤਤਾ ਵੱਧ ਮੰਨੀ ਜਾਂਦੀ ਹੈ, ਇਸ ਲਈ ਇਹਨਾਂ ਵਿੱਚੋਂ ਸਮਾਜਿਕ ਜੀਵਨ ਬਾਰੇ ਪ੍ਰਮੁੱਖਤਾ ਨਹੀਂ ਪ੍ਰਾਪਤ ਹੁੰਦੀ। ਉਪਨਿਸ਼ਦਾਂ ਵਿੱਚ

---

48 "…for both Taittiryia Samhita and Aitareya Brahmana most emphatically assert that while one man has many wives, one wife has not many husbands at the same time. "
Swami Madhananda & R.C.Majumdar (eds.), *Great Women of India*, p. 8.

49 ਸ਼ਤਪਥ ਬ੍ਰਾਹਮਣ, 1.3.1.9,12,13.;
"…Shatapatha brahmana rank her as inferior even to a bad man."
Shakuntala Rao Shastri, *Women in the Vedic Age,* p. *80.*

50 "Women were excluded from inheritance or partition. Neither they nor the sudras had any right to property."
R.C.Majumdar, *The Vedic Age*, p. 439.;
"Brahmana (4.4.2.13) declares that women own neither themselves nor an inheritance."
Swami Madhananda & R.C.Majumdar (eds.), *Great Women of India*, p. 129.

ਇਸਤਰੀ ਬਾਰੇ ਵਰਣਨ ਬਹੁਤ ਘੱਟ ਕੀਤਾ ਗਿਆ ਹੈ ਪਰ ਜਿਸ ਆਧਾਰ ’ਤੇ ਸ੍ਰਿਸ਼ਟੀ ਸੰਬੰਧੀ ਗੱਲ ਕੀਤੀ ਗਈ ਹੈ, ਉਸ ਵਿੱਚ ਇਸਤਰੀ ਤੱਤ ਨਜ਼ਰ ਆਉਂਦਾ ਹੈ ਅਤੇ ਉਸਨੂੰ ਮਰਦ ਦੇ ਬਰਾਬਰ ਮਹੱਤਤਾ ਵੀ ਪ੍ਰਾਪਤ ਹੈ। ਇਸਤਰੀ ਤੱਤ ਨੂੰ ਸਰਬ-ਸ਼ਕਤੀਮਾਨ, ਸਰਬ-ਆਧਾਰ ਪਰਮਾਤਮਾ ਦੀ ਸ਼ਕਤੀ ਕਿਹਾ ਗਿਆ ਹੈ। ਇਸ ਸ਼ਕਤੀ ਨੂੰ ਵਿਭਿੰਨ ਰੂਪਾਂ ਵਿੱਚ ਵਰਣਿਤ ਕੀਤਾ ਗਿਆ ਹੈ। ਸ਼ਕਤੀ (ਪ੍ਰਕਿਰਤੀ) ਅਤੇ ਸਰਬ-ਸ਼ਕਤੀਮਾਨ (ਪਰਮਾਤਮਾ) ਦੋਵੇਂ ਹੀ ਸੱਚ ਦਾ ਰੂਪ ਹਨ। ਮਰਦ ਸ਼ਕਤੀਮਾਨ ਹੈ ਅਤੇ ਇਸਤਰੀ ਉਸ ਦੀ ਸ਼ਕਤੀ ਹੈ।

ਉਪਨਿਸ਼ਦਾਂ ਅਨੁਸਾਰ ਸਾਰੀ ਸ੍ਰਿਸ਼ਟੀ ਤੋਂ ਪਹਿਲਾਂ ਮਰਦ ਦੇ ਆਕਾਰ ਵਿੱਚ ਕੇਵਲ ਇੱਕ ਆਤਮਾ ਹੀ ਸੀ। ਮਰਦ ਰੂਪੀ ਆਤਮਾ ਨੇ ਇਕੱਲੇ ਖ਼ੁਸ਼ ਨਾ ਹੋਣ ’ਤੇ ਦੂਸਰੇ ਸਾਥੀ ਦੀ ਇੱਛਾ ਕੀਤੀ ਸੀ। ਇਸ ਮਰਦ ਰੂਪੀ ਆਤਮਾ ਨੇ ਖ਼ੁਦ ਨੂੰ ਦੋ ਵਾਰੀ ਪਟਕਿਆ ਤਾਂ ਉਸ ਤੋਂ ਪਤੀ ਪਤਨੀ ਪੈਦਾ ਹੋਏ ਸੀ।[51] ਇਸ ਪਤੀ ਪਤਨੀ ਦੇ ਸੰਜੋਗ ਨਾਲ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ।

ਛਾਂਦੋਗਯ ਅਤੇ ਬ੍ਰਿਹਦਾਰਣਿਅਕ ਉਪਨਿਸ਼ਦਾਂ ਵਿੱਚੋਂ ਇਸਤਰੀ ਜੀਵਨ ਦੀਆਂ ਉਦਾਹਰਨਾਂ ਪ੍ਰਾਪਤ ਹੁੰਦੀਆਂ ਹਨ। ਉਪਨਿਸ਼ਦ ਕਾਲ ਵਿੱਚ ਲੜਕੀ ਦੀ ਸਥਿਤੀ ਚੰਗੇਰੀ ਸੀ। ਲੜਕੀ ਨੂੰ ਮਾਤਾ-ਪਿਤਾ ਬੋਝ ਨਾ ਸਮਝਦੇ ਹੋਏ ਉਸਨੂੰ ਗੌਰਵਮਈ ਸਥਾਨ ਦਿੰਦੇ ਸਨ। ਪ੍ਰਕਿਰਤੀ ਅਨੁਸਾਰ ਲੜਕਿਆਂ ਦੇ ਨਾਲ ਲੜਕੀਆਂ ਦਾ ਜਨਮ ਵੀ ਜ਼ਰੂਰੀ ਸਮਝਿਆ ਜਾਂਦਾ ਸੀ। ਮਾਤਾ-ਪਿਤਾ ਕੇਵਲ ਵਿਦਵਾਨ ਲੜਕੇ ਦੀ ਕਾਮਨਾ ਨਾ ਕਰਕੇ, ਵਿਦਵਾਨ ਲੜਕੀਆਂ ਦੀ ਕਾਮਨਾ ਵੀ ਕਰਦੇ ਸਨ।[52] ਇਸ ਸਮੇਂ ਇਸਤਰੀ ਧਾਰਮਿਕ ਕਾਰਜ ਅਤੇ ਵਿਦਿਆ ਗ੍ਰਹਿਣ ਕਰ ਸਕਦੀ ਸੀ। ਧਾਰਮਿਕ ਸਿੱਖਿਆ ਵੀ ਹੌਲੀ-ਹੌਲੀ ਬੇਲੋੜੀ ਬਣ ਚੁੱਕੀ ਸੀ। ਇਸ ਕਾਲ ਵਿੱਚ ਵਿਰਲੀ ਹੀ ਕੋਈ ਲੜਕੀ ਗਿਆਨ ਪ੍ਰਾਪਤ ਕਰਦੀ ਸੀ ਜਿਵੇਂ ਗਾਰਗੀ ਵਾਚਕਨਵੀ ਅਤੇ ਮੈਤ੍ਰੇਈ। ਗਾਰਗੀ ਵਾਚਕਨਵੀ ਦੇ ਗਿਆਨਵਾਨ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਜਨਕ ਦੀ ਸਭਾ ਵਿੱਚ ਯਾਗਵਲਕਿਅ ਤੋਂ ਬ੍ਰਹਮਾ ਦੇ ਵਿਸ਼ੇ ਵਿੱਚ ਪ੍ਰਸ਼ਨ ਪੁੱਛਦੀ[53] ਅਤੇ ਪਰਮਸੱਤਾ ਦਾ ਰਹੱਸ ਜਾਣਕੇ ਹੀ ਸ਼ਾਂਤ ਹੁੰਦੀ ਹੈ।[54] ਮੈਤਰੇਈ ਯਾਗਵਲਕਿਅ ਸੰਵਾਦ ਵਿੱਚ ਮੈਤਰੇਈ ਨੇ ਜੋ ਕੁੱਝ ਵੀ ਕਿਹਾ ਉਹ ਵਿਸ਼ਵ ਦਾ ਸਭ ਤੋਂ ਉੱਚ ਇਸਤਰੀ ਕਥਨ ਮੰਨਿਆ ਜਾਂਦਾ ਹੈ। ਉਸਨੇ ਕਿਹਾ ਕਿ ਇਹ ਸਾਰੀ

---

51 ਬ੍ਰਿਹਦਾਰਣਿਅਕ ਉਪਨਿਸ਼ਦ, 1.4.1-3.

52 ਉਹੀ, 6.4.17.;
“The Brihadaranyaka Upanishad mentions a ritual by which a person prays for the birth to him of a daughter who should be a Pandita or a learned lady.”
Tara Ali Baig (ed.), Women of India, p. 5.

53 ਬ੍ਰਿਹਦਾਰਣਿਅਕ ਉਪਨਿਸ਼ਦ, 3.6.1.;
Tara Ali Baig (ed.), Women of India, pp. 3-4.;
Shakuntala Rao Shastri, *Women in the Vedic Age,* pp. 92-95.

54 ਬ੍ਰਿਹਦਾਰਣਿਅਕ ਉਪਨਿਸ਼ਦ, 3.8.

ਪ੍ਰਿਥਵੀ ਮੇਰੇ ਲਈ ਵਿੱਤ ਨਾਲ ਪੂਰਨ ਹੋਵੇ ਤਾਂ ਮੈਨੂੰ ਅੰਮ੍ਰਿਤ ਪ੍ਰਾਪਤ ਹੋ ਸਕਦਾ ਹੈ ਜਾਂ ਨਹੀਂ?[55] ਅਜਿਹੇ ਸਮੇਂ ਵਿੱਚ ਵੀ ਇਸਤਰੀਆਂ ਬ੍ਰਹਮਾ ਅਤੇ ਆਤਮਾ ਦੇ ਰਹੱਸ ਨੂੰ ਜਾਣਨ ਲਈ ਉਤਸੁਕ ਰਹਿੰਦੀਆਂ ਸਨ।

ਇਸ ਸਮੇਂ ਵਿਆਹ ਨੂੰ ਪਵਿੱਤਰ ਬੰਧਨ ਮੰਨਿਆ ਜਾਂਦਾ ਸੀ। ਉਪਨਿਸ਼ਦਾਂ ਅਨੁਸਾਰ ਇਸਤਰੀ ਨੂੰ ਮਰਦ ਦੀ ਸ਼ਖਸੀਅਤ ਦਾ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਸੀ। ਜਿਸ ਦੀ ਸੰਪੂਰਨਤਾ ਵਿਆਹ ਨਾਲ ਹੀ ਹੁੰਦੀ ਸੀ। ਵਿਆਹ ਦੇ ਅਵਸਰ 'ਤੇ ਲੜਕਾ-ਲੜਕੀ ਦੋਵਾਂ ਦੇ ਹਿਰਦੇ ਇੱਕ ਹੋਣ ਦੀਆਂ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਸੀ। ਪਤੀ ਪਤਨੀ ਦੋਵਾਂ ਨੂੰ ਇੱਕ ਦੂਸਰੇ ਬਿਨਾਂ ਅੱਧਸਰੀਰੀ ਕਿਹਾ ਜਾਂਦਾ ਸੀ।[56] ਉਪਨਿਸ਼ਦ ਕਾਲ ਵਿੱਚ ਵਿਆਹ ਵਿਧੀ ਨੂੰ ਪੂਰਨ ਕਰਨ ਦੇ ਲਈ ਲੜਕੇ-ਲੜਕੀ ਨੂੰ ਪੂਰੀ ਸਮਝ ਹੋਣੀ ਜ਼ਰੂਰੀ ਸੀ। ਪਰ ਫਿਰ ਵੀ ਇਸ ਸਮੇਂ ਵਿੱਚੋਂ ਬਾਲ-ਵਿਆਹ ਦੀਆਂ ਕਈ ਉਦਾਹਰਨਾਂ ਪ੍ਰਾਪਤ ਹੁੰਦੀਆਂ ਹਨ। ਉਸ਼ਸ਼ਤੀ ਦੇ ਇਭਿਯ ਪਿੰਡ ਵਿੱਚ ਛੋਟੀ ਉਮਰ ਦੀ ਪਤਨੀ ਨਾਲ ਨਿਵਾਸ[57] ਅਤੇ ਬ੍ਰਾਹਮਣ ਰੈਕਵ ਦੁਆਰਾ ਜਾਨਸ਼੍ਰੁਤੀ ਦੀ ਲੜਕੀ ਦੇ ਨਾਲ ਵਿਆਹ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।[58] ਬਾਲ ਵਿਆਹ ਤੋਂ ਇਲਾਵਾ ਲੜਕੀਆਂ ਬ੍ਰਾਹਮਣਾਂ ਨੂੰ ਦਾਨ ਦੇ ਰੂਪ ਵਿੱਚ ਦੇਣ ਦਾ ਰਿਵਾਜ ਵੀ ਪ੍ਰਚਲਿਤ ਸੀ।

ਪਤੀ ਦੀ ਆਗਿਆ ਦੀ ਪਾਲਨਾ ਪਤਨੀ ਦਾ ਮੁੱਖ ਧਰਮ ਸੀ। ਇਹਨਾਂ ਨਿਯਮਾਂ ਦੀ ਪਾਲਨਾ ਤੋਂ ਦੂਰ ਰਹਿਣ ਵਾਲੀ ਇਸਤਰੀ ਨਾ ਕੇਵਲ ਘ੍ਰਿਣਾ ਦਾ ਪਾਤਰ ਬਣਦੀ ਸੀ ਬਲਕਿ ਉਸਨੂੰ ਬਲਪੂਰਵਕ ਆਗਿਆ ਮੰਨਣ ਲਈ ਮਜ਼ਬੂਰ ਵੀ ਕੀਤਾ ਜਾਂਦਾ ਸੀ। ਜੇਕਰ ਪਤਨੀ ਅਨੁਸ਼ਾਸ਼ਨ ਵਿੱਚ ਨਹੀਂ ਹੁੰਦੀ ਸੀ ਤਾਂ ਉਸਨੂੰ ਡੰਡੇ ਜਾਂ ਹੱਥ ਨਾਲ ਮਾਰਨ ਦੀ ਵੀ ਹਦਾਇਤ ਦਿੱਤੀ ਜਾਂਦੀ ਸੀ।[59]

ਮਾਂ ਰੂਪ ਵਿੱਚ ਇਸਤਰੀ ਨੂੰ ਹਰ ਯੁੱਗ ਵਿੱਚ ਮਹੱਤਤਾ ਪ੍ਰਾਪਤ ਹੁੰਦੀ ਆਈ ਹੈ, ਇਸ ਕਾਲ ਵਿੱਚ ਵੀ ਮਾਂ ਨੂੰ ਉੱਚ ਰੁਤਬਾ ਹਾਸਲ ਸੀ। ਭਾਵੇਂ ਲੜਕੀਆਂ ਪ੍ਰਤੀ ਵਿਚਾਰਾਂ ਦਾ ਘੇਰਾ ਤੰਗ ਹੁੰਦਾ ਜਾ ਰਿਹਾ ਸੀ ਪਰ ਮਾਂ ਦਾ ਸਤਿਕਾਰ, ਸਨਮਾਨ ਅਤੇ ਇੱਜ਼ਤ ਹੋਰ ਵੱਧ ਰਹੇ ਸਨ। ਤੈੱਤਿਰੀਯ ਉਪਨਿਸ਼ਦ ਅਨੁਸਾਰ ਅਚਾਰੀਆ ਚੇਲੇ ਨੂੰ ਸਿੱਖਿਆ ਦਿੰਦੇ ਸਮੇਂ ਮਾਂ ਨੂੰ ਦੇਵਤਾ ਸਮਾਨ ਮੰਨਣ ਦਾ ਉਪਦੇਸ਼ ਦਿੰਦੇ ਸਨ।[60] ਮਾਂ

---

55 ਉਹੀ, 4.5.3.;
Shakuntala Rao Shastri, *Women in the Vedic Age*, pp. 96-98.

56 ਬ੍ਰਿਹਦਾਰਣਿਅਕ ਉਪਨਿਸ਼ਦ, 1.4.17.

57 ਛਾਂਦੋਗਯ ਉਪਨਿਸ਼ਦ, 1.10.

58 ਉਹੀ, 4.2.

59 ਬ੍ਰਿਹਦਾਰਣਿਅਕ ਉਪਨਿਸ਼ਦ, 6.4.7.

60 ਤੈੱਤਿਰੀਯ ਉਪਨਿਸ਼ਦ, 1.11.2.;
"Do not neglect the works due to the gods and fathers! Let thy mother be to thee like unto a god! Let the father be to thee like unto a god! Let thy teacher be to thee like unto a god! What ever actions are blameless, those should be regarded not others whatever good have been performed by us, those should be observe by thee."
Romesh C. Dutt, Early Hindu Civilization, p. 171.

ਪੁੱਤਰ ਨੂੰ ਸਿਰਫ਼ ਜਨਮ ਹੀ ਨਹੀਂ ਦਿੰਦੀ ਸਗੋਂ ਉਸਦੇ ਵੱਧਣ-ਫੁੱਲਣ, ਬੁੱਧੀ ਦੇ ਵਿਕਾਸ ਆਦਿ ਹਰ ਪੜਾਅ ਵਿੱਚ ਰੋਲ ਅਦਾ ਕਰਦੀ ਹੈ। ਯਾਗਵਲਕਿਅ ਨੇ ਤਾਂ ਮਾਂ ਨੂੰ ਦੇਵਤਿਆਂ ਤੋਂ ਵੀ ਜ਼ਿਆਦਾ ਪੂਜਣਯੋਗ ਕਿਹਾ ਸੀ। ਉਪਨਿਸ਼ਦਾਂ ਅਨੁਸਾਰ ਮਾਂ ਅਤੇ ਭੈਣ ਨੂੰ ਕੌੜਾ ਵਚਨ ਬੋਲਣ ਵਾਲੇ ਨੂੰ ਲੋਕਾਂ ਦੁਆਰਾ ਧਿਰਕਾਰਿਆ ਜਾਂਦਾ ਸੀ।[61]

ਇਸ ਸਮੇਂ ਪਤਨੀ ਨੂੰ ਸੰਪਤੀ ਅਧਿਕਾਰ ਵੀ ਸੀ। ਯਾਗਵਲਕਿਅ ਦੁਆਰਾ ਆਪਣੀਆਂ ਦੋਵੇਂ ਪਤਨੀਆਂ ਮੈਤ੍ਰੇਈ ਅਤੇ ਕਾਤਿਆਨੀ ਨੂੰ ਸੰਪਤੀ ਵੰਡ ਕੇ ਦੇਣ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਉਪਨਿਸ਼ਦ ਕਾਲ ਵਿੱਚ ਇਸਤਰੀ ਨੂੰ ਸਨਮਾਨਜਨਕ ਸਥਾਨ ਪ੍ਰਾਪਤ ਹੋਣ ਦੇ ਕਈ ਸੰਕੇਤ ਮਿਲਦੇ ਹਨ।

**ਮਹਾਂਕਾਵਿ ਕਾਲ:**

ਮਹਾਂਕਾਵਿ ਕਾਲ ਦੇ ਦੋ ਮੁੱਖ ਕਾਵਿ ਰਾਮਾਇਣ ਅਤੇ ਮਹਾਂਭਾਰਤ ਹਨ। ਰਾਮਾਇਣ ਅਤੇ ਮਹਾਂਭਾਰਤ ਦੋਨਾਂ ਤੋਂ ਭਾਰਤੀ ਸੰਸਕ੍ਰਿਤੀ ਦਾ ਭਰਪੂਰ ਵਰਣਨ ਪ੍ਰਾਪਤ ਹੁੰਦਾ ਹੈ। ਮਹਾਂਭਾਰਤ ਦਾ ਰਚਨਾਕਾਲ 400 ਈਸਵੀ ਪੂਰਵ ਤੋਂ 400 ਈਸਵੀ ਦੇ ਵਿਚਲੇ ਸਮੇਂ ਅਤੇ ਰਮਾਇਣ ਦਾ ਰਚਨਾਕਾਲ 400 ਈਸਵੀ ਪੂਰਵ ਤੋਂ 200 ਈਸਵੀ ਦੇ ਵਿਚਲੇ ਸਮੇਂ ਦਾ ਹੈ।[62] ਇਹ ਦੋਵੇਂ ਕਾਵਿ ਹਿੰਦੂਆਂ ਲਈ ਧਾਰਮਿਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਰਾਮਾਇਣ ਵਿੱਚੋਂ ਰਾਮਚਰਿੱਤਰ ਦਾ ਵਰਣਨ ਪ੍ਰਾਪਤ ਹੁੰਦਾ ਹੈ, ਇਸ ਵਿੱਚ ਨੈਤਿਕਤਾ ਦਾ ਬੁਰੀ ਸ਼ਕਤੀ ਨਾਲ ਮੁਕਾਬਲਾ ਦਿਖਾਇਆ ਗਿਆ ਅਤੇ ਮਹਾਂਭਾਰਤ ਵਿੱਚ ਵੀ ਕੌਰਵ ਪਾਂਡਵਾਂ ਦੇ ਜੀਵਨ ਦੇ ਨਾਲ-ਨਾਲ ਚੰਗਿਆਈ ਦੀ ਬੁਰਿਆਈ ਉੱਪਰ ਜਿੱਤ ਦਾ ਵਰਣਨ ਪ੍ਰਾਪਤ ਹੁੰਦਾ ਹੈ। ਮਹਾਂਕਾਵਿ ਉਸ ਕਾਲ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਿਕ ਸਾਰੀਆਂ ਪਰਿਸਥਿਤਿਆਂ ਤੋਂ ਰੂ-ਬਰੂ ਕਰਵਾਉਂਦੇ ਹਨ। ਇਸ ਸਮੇਂ ਦੀ ਸਮਾਜਿਕ ਸਥਿਤੀ ਪਹਿਲਾਂ ਵਾਂਗ ਹੀ ਕਰਮਕਾਂਡਾਂ ਵਿੱਚ ਉਲਝੀ ਹੋਈ ਸੀ। ਵਰਣ ਵਿਵਸਥਾ ਵਿੱਚ ਜਟਿਲਤਾ ਹੋਰ ਵੱਧਣ ਕਾਰਨ ਵਰਣ ਧਰਮ ਰੂਪ ਵਿੱਚ ਸਥਾਪਿਤ ਹੋ ਚੁੱਕੇ ਸੀ। ਮੁਢ ਤੋਂ ਚਲੀ ਆ ਰਹੀ ਵੈਦਿਕ ਸੰਸਕ੍ਰਿਤੀ ਵਿੱਚ ਵੀ ਕਾਫ਼ੀ ਬਦਲਾਅ ਆ ਚੁੱਕਿਆ ਸੀ। ਤ੍ਰਿ-ਮੂਰਤੀ ਰੂਪ ਵਿੱਚ ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਪੂਜਾ ਹੋਣ ਲੱਗ ਗਈ ਸੀ।

---

61 ਛਾਂਦੋਗਯ ਉਪਨਿਸ਼ਦ, 7.15.2.

62 "For our present purpose we can safely assign 1400 B.C to 1000 B.C as the probable date of the events of the epics, the date of the composition of the Mahabharata from the 4th century B.C. to 4th century A.D., and the date of the kernel of the Ramayana before the 4th century B.C. although it was redacted till the 2nd century A.D "
Shakambari jayal, *The Status of Women in the Epics*, Motilal Banarsidass, Delhi, 1966, p. 11.

**ਰਾਮਾਇਣ:**

ਰਾਮਾਇਣ ਦੀ ਸੰਸਕ੍ਰਿਤ ਭਾਸ਼ਾ ਦੇ ਆਦਿ ਕਾਵਿ ਦੇ ਤੌਰ ’ਤੇ ਮਹੱਤਤਾ ਤਾਂ ਹੈ ਹੀ, ਪਰੰਤੂ ਇਸਦੇ ਨਾਲ-ਨਾਲ ਹੋਰਨਾਂ ਕਈ ਕਾਰਨਾਂ ਕਰਕੇ ਵੀ ਹੈ। ਭਾਰਤੀ ਸਾਹਿਤ ਵਿੱਚ ਰਾਮਾਇਣ ਦੇ ਗੌਰਵਮਈ ਸਥਾਨ ਦਾ ਇੱਕ ਕਾਰਨ ਧਾਰਮਿਕ ਮਹੱਤਵ ਵੀ ਹੈ। ਰਾਮਾਇਣ ਨੂੰ ਹਿੰਦੂ ਧਾਰਮਿਕ ਪਰੰਪਰਾ ਦੇ ਸੋਮੇ ਦਾ ਦਰਜਾ ਵੀ ਦਿੱਤਾ ਜਾਂਦਾ ਹੈ। ਧਾਰਮਿਕ ਮਹੱਤਤਾ ਦੇ ਨਾਲ-ਨਾਲ ਰਾਮਾਇਣ ਦਾ ਇਤਿਹਾਸਿਕ ਗ੍ਰੰਥ ਵਜੋਂ ਸਭਿਆਚਾਰਕ ਮਹੱਤਵ ਵੀ ਨਜ਼ਰ ਆਉਂਦਾ ਹੈ। ਇਸ ਮਹਾਂਕਾਵਿ ਵਿੱਚ ਰਾਮ ਅਤੇ ਸੀਤਾ ਦੇ ਜੀਵਨ ਦੇ ਪ੍ਰਗਟਾਵੇ ਦੇ ਨਾਲ-ਨਾਲ ਉਸ ਸਮੇਂ ਦੇ ਮਨੁੱਖੀ ਸਮਾਜਿਕ ਜੀਵਨ ਦੇ ਹਰ ਪੱਖ ਉੱਤੇ ਚਾਨਣਾ ਪੈਂਦਾ ਹੈ।

ਇਸ ਸਮੇਂ ਵੀ ਲੜਕਿਆਂ ਨੂੰ ਸਮਾਜ ਅਤੇ ਧਰਮ ਵਿੱਚ ਵੱਧ ਮਹੱਤਤਾ ਹਾਸਲ ਸੀ। ਲੜਕੇ ਨੂੰ ਨਰਕ ਤੋਂ ਬਚਾਉਣ ਅਤੇ ਪਿਤਰ-ਕਰਜ਼ੇ ਤੋਂ ਮੁਕਤ ਕਰਨ ਦਾ ਸਾਧਨ ਮੰਨਿਆ ਜਾਂਦਾ ਸੀ। ਲੜਕੇ ਦੀ ਪ੍ਰਾਪਤੀ ਲਈ ਮਾਤਾ-ਪਿਤਾ ਦੁਆਰਾ ਤਪੱਸਿਆ ਅਤੇ ਯੱਗ ਕੀਤੇ ਜਾਂਦੇ ਸੀ।[63] ਲੜਕੇ ਦਾ ਜਨਮ ਨਾ ਹੋਣ ਤੱਕ ਵੰਸ਼ ਵੱਧਾਉਣ ਦੀ ਚਿੰਤਾ ਹੁੰਦੀ ਸੀ ਪਰ ਲੜਕੀ ਦੇ ਜਨਮ ਨੂੰ ਵੀ ਕੋਈ ਬੁਰਾ ਨਹੀਂ ਸਮਝਿਆ ਜਾਂਦਾ ਸੀ। ਇਸ ਸਮੇਂ ਕੰਨਿਆਦਾਨ ਨੂੰ ਮਹਾਪੁੰਨ ਦਾ ਕਾਰਜ ਸਮਝਿਆ ਜਾਂਦਾ ਸੀ।[64]

ਧਾਰਮਿਕ ਕਾਰਜਾਂ ਅਤੇ ਰਾਜਤਿਲਕ ਸਮੇਂ ਲੜਕੀ ਦਾ ਹਾਜ਼ਿਰ ਹੋਣਾ ਸ਼ੁਭ ਗਿਣਿਆ ਜਾਂਦਾ ਸੀ। ਰਾਮ ਦੇ ਰਾਜਤਿਲਕ ਸਮੇਂ ਉਹਨਾਂ ਦਾ ਸੁਆਗਤ ਅੱਠ ਲੜਕੀਆਂ ਨੇ ਕੀਤਾ ਅਤੇ ਰਾਜਤਿਲਕ ਵੀ ਪਹਿਲਾਂ ਬ੍ਰਾਹਮਣ ਅਤੇ ਫਿਰ ਲੜਕੀਆਂ ਦੁਆਰਾ ਕੀਤਾ ਗਿਆ ਸੀ।[65] ਰਾਜਾ ਜਨਕ ਦੀ ਪਤਨੀ ਨੇ ਸੀਤਾ ਦਾ ਪਾਲਣ ਪੋਸ਼ਣ ਮਾਂ ਜਿਹੇ ਸੱਚੇ ਪਿਆਰ ਨਾਲ ਕੀਤਾ ਸੀ ਪਰ ਦੂਸਰੇ ਪਾਸੇ ਰਾਮਾਇਣ ਵਿੱਚ ਲੜਕੀ ਨੂੰ ਮਾਤਾ-ਪਿਤਾ ਲਈ ਚਿੰਤਾ ਦਾ ਵਿਸ਼ਾ ਵੀ ਕਿਹਾ ਗਿਆ ਹੈ। ਵਿਆਹ ਯੋਗ ਹੋਈ ਲੜਕੀ ਨੂੰ ਦੇਖਕੇ ਮਾਤਾ-ਪਿਤਾ ਕਈ ਕਾਰਨਾਂ ਤੋਂ ਚਿੰਤਿਤ ਹੁੰਦੇ ਸਨ: ਵਰ ਪ੍ਰਾਪਤੀ ਦੀ ਚਿੰਤਾ, ਉਸਦੇ ਵਿਆਹਿਕ ਜੀਵਨ ਦੇ ਸੁਖੀ ਹੋਣ ਜਾਂ ਨਾ ਹੋਣ ਦੀ ਚਿੰਤਾ। ਸ਼ਾਇਦ ਮਾਤਾ-ਪਿਤਾ ਲੜਕੀ ਪ੍ਰਤੀ ਇਹਨਾਂ ਚਿੰਤਾਵਾਂ ਤੋਂ ਘਬਰਾ ਕੇ ਉਸਨੂੰ ਘਰੋਂ ਬਾਹਰ ਛੱਡ ਆਉਂਦੇ ਸਨ। ਸੀਤਾ ਰਾਜਾ ਜਨਕ ਨੂੰ ਹਲ ਚਲਾਉਂਦੇ ਸਮੇਂ ਹੀ ਨਿਰਜਨ ਸਥਾਨ ’ਤੇ ਮਿਲੀ ਸੀ। ਲੰਕਾ ਵਿੱਚ ਕੈਦ ਸੀਤਾ ਦੀ ਉਪਮਾ ਵੀ ਨਿਰਜਨ ਸਥਾਨ ਤੇ ਛੱਡੀ ਬੱਚੀ ਨਾਲ ਕੀਤੀ ਗਈ ਸੀ।[66]

ਰਾਮਾਇਣ ਕਾਲ ਵਿੱਚ ਲੜਕੀਆਂ ਦੀ ਸਿੱਖਿਆ ਵੱਲ ਕੋਈ ਖ਼ਾਸ ਧਿਆਨ ਨਹੀਂ ਦਿੱਤਾ ਜਾਂਦਾ ਸੀ। ਇਸ ਸਮੇਂ ਸਿੱਖਿਆ ਆਸ਼ਰਮਾਂ ਵਿੱਚ ਦਿੱਤੀ ਜਾਂਦੀ ਸੀ ਪਰ ਲੜਕੀਆਂ ਦੀ ਸਿੱਖਿਆ ਦਾ ਪ੍ਰਬੰਧ ਆਮ ਤੌਰ

[63] ਰਾਮਾਇਣ, 2.86.12; 1.8-14.

[64] ਉਹੀ, 1.72.15.

[65] ਉਹੀ, 2.43.15.

[66] ਉਹੀ, 2.118.28-30; 5.28.2.

’ਤੇ ਘਰ ਹੀ ਹੁੰਦਾ ਸੀ। ਕਿਸੇ ਵਿਰਲੀ ਹੀ ਲੜਕੀ ਦੀ ਆਸ਼ਰਮਾਂ ਵਿੱਚ ਜਾਕੇ ਸਿੱਖਿਆ ਪ੍ਰਾਪਤ ਕਰਨ ਦੀ ਸੂਚਨਾ ਪ੍ਰਾਪਤ ਹੁੰਦੀ ਹੈ। ਮਾਤਾ-ਪਿਤਾ, ਰਿਸ਼ੀਆਂ-ਮੁਨੀਆਂ, ਬ੍ਰਾਹਮਣਾਂ ਅਤੇ ਵਿਦਵਾਨਾਂ ਤੋਂ ਸਿੱਖਿਆ ਗ੍ਰਹਿਣ ਕੀਤੀ ਜਾਂਦੀ ਸੀ। ਉਹਨਾਂ ਨੂੰ ਵਿਆਹ ਤੋਂ ਪਹਿਲਾਂ ਧਾਰਮਿਕ ਕਾਰਜਾਂ ਅਤੇ ਵੈਦਿਕ ਕਰਮਕਾਂਡਾਂ ਦੀ ਹੀ ਕੁੱਝ ਸਿੱਖਿਆ ਦਿੱਤੀ ਜਾਂਦੀ ਸੀ। ਰਾਮ ਦੇ ਵਣ ਜਾਣ ਸਮੇਂ ਕੁਸ਼ਲਿਆ ਦੁਆਰਾ ਅਗਨੀ ਵਿੱਚ ਮੰਤਰਾਂ ਸਹਿਤ ਆਹੂਤੀ ਦੇਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਹੀ ਬਾਲੀ ਦੇ ਯੁੱਧ ਲਈ ਜਾਣ ਸਮੇਂ ਉਸਦੀ ਪਤਨੀ ਤਾਰਾ ਨੇ ਵਿਜੈ ਕਾਮਨਾ ਲਈ ਮੰਤਰਾਂ ਦਾ ਪਾਠ ਕੀਤਾ ਸੀ।[67] ਇਸਤਰੀਆਂ ਵੈਦਿਕ ਮੰਤਰਾਂ ਰਾਹੀਂ ਪ੍ਰਾਰਥਨਾਵਾਂ ਕਰਨ ਦੀਆਂ ਹੱਕਦਾਰ ਵੀ ਸਨ। ਪਤਨੀ ਦਾ ਪਤੀ ਦੇ ਨਾਲ ਯੱਗ ਵਿੱਚ ਸ਼ਾਮਿਲ ਹੋਣਾ ਇੱਕ ਧਾਰਮਿਕ ਅਧਿਕਾਰ ਸਮਝਿਆ ਜਾਂਦਾ ਸੀ। ਰਾਮ ਨੇ ਅਸ਼ਵਮੇਘ ਯੱਗ ਸੰਪੰਨ ਕਰਨ ਸਮੇਂ ਸੀਤਾ ਦੇ ਨਾ ਹੋਣ ’ਤੇ ਸੀਤਾ ਦੀ ਸੋਨੇ ਦੀ ਮੂਰਤੀ ਬਣਵਾ ਕੇ ਰੱਖੀ ਸੀ। ਦੂਸਰੇ ਪਾਸੇ ਪਰਵਰਗਿਆ ਸੰਸਕਾਰ (Pravargya Ceremony) ਨੂੰ ਮਹਾਂਕਾਵਿ ਕਾਲ ਵਿੱਚ ਇੱਕ ਰਹੱਸਮਈ ਅਤੇ ਮਹਾਨ ਸੰਸਕਾਰ ਕਿਹਾ ਗਿਆ ਹੈ, ਪਰ ਕਿਤੇ ਵੀ ਪਤਨੀ ਦੀ ਸ਼ਮੂਲੀਅਤ ਇਸ ਸੰਸਕਾਰ ਵਿੱਚ ਪ੍ਰਵਾਨ ਨਹੀਂ ਕੀਤੀ ਗਈ।[68] ਇਸ ਸਮੇਂ ਇਸਤਰੀ ਲਈ ਪਤੀ ਹੀ ਦੇਵਤਾ ਅਤੇ ਪਰਮਾਤਮਾ ਮੰਨਿਆ ਜਾਂਦਾ ਸੀ। ਇਸਤਰੀ ਲਈ ਪਤੀ ਦੀ ਸੇਵਾ ਹੀ ਸਵਰਗ ਤੱਕ ਜਾਣ ਦੀ ਪੌੜੀ ਸੀ। ਇਸਤਰੀ ਲਈ ਲੋਕ ਪਰਲੋਕ ਦਾ ਇੱਕੋ-ਇੱਕ ਸਹਾਰਾ ਪਤੀ ਨੂੰ ਹੀ ਕਿਹਾ ਜਾਂਦਾ ਸੀ। ਪਤੀ ਦੀ ਆਗਿਆ ਤੋਂ ਬਿਨਾਂ ਪਤਨੀ ਦੁਆਰਾ ਕੀਤੇ ਜਾਣ ਵਾਲੇ ਯੱਗ ਅਤੇ ਕਾਰਜ ਪਾਪ ਸਮਝੇ ਜਾਂਦੇ ਸੀ।

ਲੜਕੀਆਂ ਨੂੰ ਧਾਰਮਿਕ ਸਿੱਖਿਆ ਦੇ ਨਾਲ-ਨਾਲ ਯੁੱਧ ਕਲਾ ਅਤੇ ਰਾਜ ਧਰਮ ਦੀ ਸਿੱਖਿਆ ਦੇਣ ਦੀ ਗੱਲ ਵੀ ਕਹੀ ਜਾਂਦੀ ਹੈ। ਸੀਤਾ ਦੀ ਧਨੁਸ਼ ਚੱਕਣ ਦੀ ਸ਼ਕਤੀ ਕਾਰਨ ਹੀ ਰਾਜਾ ਜਨਕ ਨੇ ਸੁਵੰਬਰ ਵਿੱਚ ਧਨੁਸ਼ ਚੱਕਣ ਸੰਬੰਧਿਤ ਸ਼ਰਤ ਰੱਖੀ ਸੀ। ਰਾਣੀ ਕੈਕੇਯੀ ਨੇ ਯੁੱਧ ਸਮੇਂ ਆਪਣੀ ਦਲੇਰੀ ਨਾਲ ਰਾਜਾ ਦਸਰਥ ਦੀ ਜਾਨ ਬਚਾਈ ਸੀ ਪਰ ਨਿਰੀਖਣ ਕਰਨ ਤੇ ਸਭ ਕੁੱਝ ਇੱਕ ਕਲਪਨਾ ਜਿਹਾ ਹੀ ਜਾਪਦਾ ਹੈ ਕਿਉਂਕਿ ਰਾਣੀ ਕੈਕੇਯੀ ਰਾਜਾ ਦਸਰਥ ਦੇ ਸੱਟ ਲੱਗਣ ਤੇ ਦੇਖਭਾਲ ਦਾ ਹੀ ਕੰਮ ਕਰਦੀ ਹੈ। ਦੂਸਰੇ ਪਾਸੇ ਜੇਕਰ ਸੀਤਾ ਨੂੰ ਉਸ ਸਮੇਂ ਸੈਨਿਕ ਸਿੱਖਿਆ ਪ੍ਰਾਪਤ ਹੁੰਦੀ ਤਾਂ ਉਹ ਰਾਵਣ ਦਾ ਵਿਰੋਧ ਕਰਦੀ ਪਰ ਉਸਨੇ

---

67 ਉਹੀ, 2.20.11-15; 4.16.12.;

"At the time of Rama's installation as yuvaraja (the crown prince), we find his mother Kausalya busy in performing the various sacrifice to secure him good luck . Tara was doing the same when her husband was about to begin his duel with sugriva . The Ramayana describes Sita as daily offering her evening Vedic prayers."

Swami Madhananda & R.C.Majumdar (eds.), *Great Women of India*, p. 30.

68 rਾਮਾਇਣ, 1.14.4.;

"The Pravargya ceremony, an awful, mystic and recondite affair has been mentioned in both the epics but nothing is mentioned about the wife's participation in this rite."

Shakambari Jayal, *The Status of Women in the Epics*, p. 234.

ਸਭ ਕੁਝ ਬੇਵਸ ਹੋਕੇ ਸਹਿਨ ਕੀਤਾ ਸੀ। ਜ਼ਿਆਦਾਤਰ ਲੜਕੀਆਂ ਨੂੰ ਘਰੇਲੂ ਸਿੱਖਿਆ ਦਿੱਤੀ ਜਾਂਦੀ ਸੀ, ਜੋ ਨੈਤਿਕ ਅਤੇ ਵਿਵਹਾਰਿਕ ਵਿਚਾਰਾਂ ਦੇ ਵਿਕਾਸ ਹਿਤ ਹੁੰਦੀ ਸੀ। ਸੀਤਾ ਕਈ ਥਾਵਾਂ ’ਤੇ ਗਿਆਨ ਨੂੰ ਦਲੀਲਾਂ ਰਾਹੀਂ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਮਾਤਾ ਕੁਸ਼ਲਿਆ ਦੇ ਚਿੰਤਾ ਕਰਨ ’ਤੇ ਉਹ ਵਿਸ਼ਵਾਸ ਦਵਾਉਂਦੀ ਹੈ ਕਿ ਉਹ ਆਪਣੇ ਫ਼ਰਜ਼ਾਂ ਨੂੰ ਪੂਰਾ ਕਰਨ ਲਈ ਹੀ ਰਾਮ ਦੇ ਨਾਲ ਬਨਵਾਸ ਜਾ ਰਹੀ ਹੈ ਕਿਉਂਕਿ ਪਤਨੀ ਦਾ ਸਭ ਤੋਂ ਵੱਡਾ ਧਰਮ ਪਤੀ ਦੀ ਸੇਵਾ ਕਰਨਾ ਹੁੰਦਾ ਸੀ। ਰਾਮਾਇਣ ਅਨੁਸਾਰ ਰਾਜਾ ਕੁਸ਼ਨਾਭ ਪੁੱਤਰੀਆਂ ਨੂੰ ਖਿਮਾ ਦਾ ਉਪਦੇਸ਼ ਦਿੰਦੇ ਅਤੇ ਲੜਕੀਆਂ ਨੂੰ ਪਤੀਕੁਲ ਪ੍ਰਤੀ ਫ਼ਰਜ਼ ਸਿਖਾਉਂਦੇ ਸਨ।[69]

ਰਿਗਵੈਦਿਕ ਸਮੇਂ ਲੜਕੀ ਸਾਰੀ ਉਮਰ ਅਣਵਿਆਹੀ ਰਹਿਕੇ ਪਿਤਾ ਦੇ ਘਰ ਰਹਿ ਸਕਦੀ ਸੀ, ਪਰ ਰਾਮਾਇਣ ਕਾਲ ਵਿੱਚ ਵਿਆਹ ਦੀ ਮਹੱਤਤਾ ਬਹੁਤ ਵੱਧ ਚੁੱਕੀ ਸੀ। ਵਿਆਹ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਮੰਨਿਆ ਜਾਂਦਾ ਸੀ। ਵਿਆਹ ਆਮ ਤੌਰ ਤੇ ਜਵਾਨੀ ਵਿੱਚ ਹੀ ਕੀਤੇ ਜਾਂਦੇ ਸਨ, ਦੋਵਾਂ ਦੀ ਉਮਰ ਵਿੱਚ ਬਰਾਬਰਤਾ ਹੁੰਦੀ ਸੀ। ਰਾਮਾਇਣ ਕਾਲ ਵਿੱਚ ਸੁਵੰਬਰ ਦਾ ਰਿਵਾਜ ਬਹੁਤ ਪ੍ਰਚਲਿਤ ਸੀ ਜਿਸ ਕਾਰਨ ਲੜਕੀ ਨੂੰ ਆਪਣੀ ਮਰਜ਼ੀ ਦਾ ਵਰ ਚੁਣਨ ਦੀ ਆਜ਼ਾਦੀ ਮਿਲ ਜਾਂਦੀ ਸੀ। ਕਈ ਵਾਰ ਲੜਕੀ ਨੂੰ ਵਰ ਚੁਣਨ ਦੀ ਆਜ਼ਾਦੀ ਹੀ ਹੁੰਦੀ ਸੀ ਪਰ ਅਸਲ ਵਿੱਚ ਮਾਤਾ-ਪਿਤਾ ਦੁਆਰਾ ਰੱਖੀ ਸ਼ਰਤ ਪੂਰਨ ਕਰਨ ਵਾਲਾ ਵਿਅਕਤੀ ਹੀ ਲੜਕੀ ਨਾਲ ਵਿਆਹ ਕਰਵਾ ਸਕਦਾ ਸੀ। ਜਿਸ ਵਿੱਚ ਲੜਕੀ ਦੀ ਕੋਈ ਮਰਜ਼ੀ ਨਹੀਂ ਰਹਿ ਜਾਂਦੀ ਸੀ। ਪਿਤਾ ਦੁਆਰਾ ਲੜਕੀ ਜਿਸ ਨੂੰ ਦਿੱਤੀ ਜਾਂਦੀ ਸੀ, ਉਹ ਉਸ ਦੀ ਹੀ ਜਨਮਾਂ-ਜਨਮਾਂ ਦੀ ਸਾਥੀ ਹੁੰਦੀ ਅਤੇ ਪਰਲੋਕ ਵਿੱਚ ਵੀ ਉਸ ਦੇ ਸਾਥ ਦੀ ਕਾਮਨਾ ਕਰਦੀ ਸੀ। ਮੰਦੋਦਰੀ ਨੂੰ ਉਸ ਦੇ ਪਿਤਾ ਨੇ ਆਪਣੀ ਮਰਜ਼ੀ ਨਾਲ ਹੀ ਰਾਵਣ ਨੂੰ ਦੇ ਦਿੱਤਾ ਸੀ।

ਵਿਆਹ ਉਪਰੰਤ ਪਤੀ ਪਤਨੀ ਦੇ ਰਿਸ਼ਤੇ ਨੂੰ ਬਹੁਤ ਉੱਚਤਾ ਪ੍ਰਾਪਤ ਸੀ। ਇਸ ਸਮੇਂ ਪਤਨੀ ਦੀ ਸੋਚ ਅਤੇ ਉਸਦੀ ਸ਼ਖਸੀਅਤ ਪਤੀ ਦੇ ਅਨੁਸਾਰੀ ਹੁੰਦੀ ਸੀ। ਪਤੀ ਖ਼ੁਦ ਨੂੰ ਵਿਦਵਾਨ ਅਤੇ ਸਮਝਦਾਰ ਅਖਵਾਉਣ ਲੱਗ ਗਏ ਸਨ। ਪਤੀ ਇੱਕ ਦੋਸਤ ਨਾ ਹੋਕੇ ਪਤਨੀ ਲਈ ਆਦਰਸ਼ ਇਨਸਾਨ, ਉਪਦੇਸ਼ਕ ਅਤੇ ਦੇਵਤਾ ਬਣ ਚੁੱਕਿਆ ਸੀ। ਉਹ ਪਤਨੀ ਨੂੰ ਖ਼ੁਸ਼ ਰੱਖੇ ਜਾਂ ਦੁੱਖੀ, ਉਸ ਵਿਰੁੱਧ ਕੋਈ ਅਪੀਲ ਨਹੀਂ ਕੀਤੀ ਜਾ ਸਕਦੀ ਸੀ। ਪਤੀ ਨਾਲ ਹੀ ਪਤਨੀ ਦੀ ਇੱਜ਼ਤ, ਮਰਯਾਦਾ, ਖ਼ੁਸ਼ੀ ਅਤੇ ਸ਼ਾਨ ਮੰਨੀ ਜਾਂਦੀ ਸੀ। ਉਸਨੂੰ ਦੇਵਤਾ ਮੰਨਕੇ ਉਸਦੀ ਸੇਵਾ ਕਰਨਾ ਅਤੇ ਬੁਰੇ ਸੁਭਾਅ ਦਾ ਹੋਣ ’ਤੇ ਵੀ ਉਸ ਪ੍ਰਤੀ ਸਾਰੇ ਫ਼ਰਜ਼ਾਂ ਨੂੰ ਪੂਰਾ ਕਰਨਾ ਪਤਨੀ ਦਾ ਸਭ ਤੋਂ ਵੱਡਾ ਧਰਮ ਮੰਨਿਆ ਜਾਂਦਾ ਸੀ।[70] ਇਸਤਰੀ ਨੂੰ ਆਦਰਸ਼ ਪਤਨੀ, ਪਤੀਵਰਤਾ,

[69] rਮਾਇਣ, 1.33.5-9; 2.27.7-10; 2.37.13-14; 3.56.

[70] ਉਹੀ, 2.117.21-25; 2.39.24.

ਉੱਚੇ ਆਚਰਣ ਅਤੇ ਅਗਿਆਕਾਰੀ ਹੋਣ ਤੇ ਹੀ ਪਤੀ ਦਾ ਪਿਆਰ ਹਾਸਲ ਹੁੰਦਾ ਸੀ। ਰਾਮਾਇਣ ਵਿੱਚ ਨਾ ਮਾਤਾ, ਪਿਤਾ, ਬੇਟਾ, ਦੋਸਤ ਅਤੇ ਨਾ ਹੀ ਖ਼ੁਦ ਇਸਤਰੀ ਨੂੰ ਆਪਣੀ ਰੱਖਿਆ ਦੇ ਕਾਬਿਲ ਕਿਹਾ ਬਲਕਿ ਇੱਕ ਪਤੀ ਨੂੰ ਹੀ ਉਸਦਾ ਸੱਚਾ ਹਿਮਾਇਤੀ ਮੰਨਿਆ ਗਿਆ ਹੈ।[71]

ਇਸ ਸਮੇਂ ਇੱਕ ਵਿਆਹ ਨੂੰ ਹੀ ਚੰਗਾ ਸਮਝਿਆ ਜਾਂਦਾ ਸੀ ਪਰ ਕਈ ਵੱਡੇ ਅਮੀਰ ਲੋਕਾਂ ਜਾਂ ਰਾਜੇ ਮਹਾਰਾਜਿਆਂ ਵਿੱਚ ਬਹੁਤੇ ਵਿਆਹ ਕਰਵਾਉਣ ਦਾ ਰਿਵਾਜ ਵੀ ਪ੍ਰਚਲਿਤ ਸੀ। ਜਿਵੇਂ ਰਾਜਾ ਦਸਰਥ ਦੀਆਂ ਚਾਰ ਪਤਨੀਆਂ ਸਨ। ਇੱਕ ਪਤਨੀ ਦੁਆਰਾ ਪਿਆਰ ਨਾਲ ਪਤੀ ਦਾ ਮਨ ਮੋਹ ਲੈਣ ’ਤੇ ਉਹ ਸੋਕਣਾਂ ਉੱਤੇ ਰਾਜ ਕਰਦੀ, ਜਿਸ ਨਾਲ ਦੂਸਰੀਆਂ ਪਤਨੀਆਂ ਦੀ ਦਸ਼ਾ ਤਰਸਯੋਗ ਹੋ ਜਾਂਦੀ ਸੀ। ਇੱਥੋਂ ਤੱਕ ਕਿ ਦੂਸਰੀਆਂ ਪਤਨੀਆਂ ਨੂੰ ਕਈ ਵਾਰ ਤਿਆਗ ਵੀ ਦਿੱਤਾ ਜਾਂਦਾ ਸੀ। ਪਤੀ ਵੱਲੋਂ ਪਤਨੀ ਕਦੇ ਵੀ ਬੇਮੁਖ ਨਹੀਂ ਹੋ ਸਕਦੀ ਸੀ। ਰਾਮ ਅਨੁਸਾਰ ਇਸਤਰੀ ਦੁਆਰਾ ਪਰਮਾਤਮਾ ਰੂਪੀ ਪਤੀ ਨੂੰ ਤਿਆਗਣ ਤੇ ਬਹੁਤ ਵੱਡਾ ਪਾਪ ਮੰਨਿਆ ਜਾਂਦਾ ਸੀ।[72]

ਵਿਧਵਾ ਇਸਤਰੀ ਲਈ ਪੁਨਰਵਿਆਹ ਦੀ ਪ੍ਰਥਾ ਪ੍ਰਚਲਿਤ ਨਾ ਹੋਣ ਕਾਰਨ ਉਸ ਲਈ ਸਿਰਫ਼ ਦੋ ਹੀ ਰਸਤੇ ਬਚਦੇ ਸੀ-ਸਤੀ ਹੋਣਾ ਜਾਂ ਦੁੱਖ ਭਰਪੂਰ ਜੀਵਨ ਬਤੀਤ ਕਰਨਾ। ਰਾਮਾਇਣ ਕਾਲ ਵਿੱਚ ਦੋਵੇਂ ਉਦਾਹਰਨਾਂ ਪ੍ਰਾਪਤ ਹੁੰਦੀਆ ਹਨ ਪਰ ਇਸ ਸਮੇਂ ਸਤੀ ਪ੍ਰਥਾ ਆਮ ਪ੍ਰਚਲਿਤ ਨਹੀਂ ਸੀ। ਪਤੀ ਉਪਰੰਤ ਪੁੱਤਰ ਦੇ ਸਹਾਰੇ ਦੀ ਜ਼ਿੰਦਗੀ ਨੂੰ ਵਿਧਵਾ ਇਸਤਰੀਆਂ ਨਫ਼ਰਤ ਵੀ ਕਰਦੀਆਂ ਸਨ। ਵਿਧਵਾ ਹੋਣ ਦਾ ਮੁੱਖ ਕਾਰਨ ਇਸਤਰੀ ਦੇ ਬੁਰੇ ਕਰਮ ਮੰਨੇ ਜਾਂਦੇ ਸੀ, ਤਾਂ ਉਸਨੂੰ ਸਮਾਜ ਵਿੱਚ ਚੰਗਾ ਕਿਵੇਂ ਸਮਝਿਆ ਜਾ ਸਕਦਾ ਸੀ। ਵਿਧਵਾ ਇਸਤਰੀ ਦੀ ਹਾਲਤ ਤਰਸਯੋਗ ਸੀ, ਤਾਰ ਤੋਂ ਬਿਨਾਂ ਵੀਨਾ ਅਤੇ ਬਿਨਾਂ ਪਹੀਏ ਦੇ ਰੱਥ ਨਾਲ ਉਸਦੀ ਤੁਲਨਾ ਕੀਤੀ ਜਾਂਦੀ ਸੀ।[73]

ਜਨਨੀ ਦਾ ਸਥਾਨ ਜ਼ਿਆਦਾਤਰ ਹਰ ਸਮਾਜ ਅਤੇ ਸਮੇਂ ਵਿੱਚ ਸਨਮਾਨਿਤ ਹੀ ਰਿਹਾ ਹੈ। ਪਤੀ ਵਲੋਂ ਵੀ ਪਤਨੀ ਦੇ ਮਾਂ ਬਣਨ ’ਤੇ ਉਸਨੂੰ ਵਡਿਆਇਆ ਜਾਂਦਾ ਰਿਹਾ ਹੈ। ਕੇਕੈਯੀ ਆਪਣੀ ਮਮਤਾ ਅਤੇ ਬੱਚੇ ਦੀ ਭਲਾਈ ਲਈ ਸਭ ਕੁੱਝ ਤਿਆਗਣ ਨੂੰ ਤਿਆਰ ਸੀ ਇੱਥੋਂ ਤੱਕ ਕਿ ਪਤੀ ਨੂੰ ਵੀ। ਰਾਮਾਇਣ ਵਿੱਚ

---

71 ਉਹੀ, 2.27.5.;

"Neither father , mother , son and friends , nor her own self is a shelter for a woman in this or after-life; it is husband alone that is her true support."

Shantikumar Nanooram Vyas, *India in the Ramayana Age*, Atma Ram & Sons, Delhi, 1967, p. 103.

72 ਰਾਮਾਇਣ, 2.24.12.;

"Husband, says he, is the god and lord of a woman, and his abandonment is the cruelest sin a woman can commit."

Shantikumar Nanooram Vyas, *India in the Ramayana Age,* p. 116.

73 ਰਾਮਾਇਣ, 2.39.29.

ਮਾਂ ਦੀ ਮਹਾਨਤਾ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਵਿੱਚ ਪਿਤਾ ਜਾਂ ਗੁਰੂ ਦੀ ਆਗਿਆ ਮੰਨਣ ਦਾ ਜ਼ਿਕਰ ਆਉਂਦਾ ਹੈ, ਨਾਲ ਹੀ ਮਾਂ ਨੂੰ ਵੀ ਪੂਜਣਯੋਗ ਕਿਹਾ ਗਿਆ ਹੈ। ਮਾਂ ਦੀ ਆਗਿਆ ਨੂੰ ਸਿਰ ਮੱਥੇ ਮੰਨਣ ਦੀ ਸਭ ਤੋਂ ਵੱਡੀ ਉਦਾਹਰਣ ਰਾਮ ਦੇ ਜੀਵਨ ਵਿੱਚੋਂ ਪ੍ਰਾਪਤ ਹੁੰਦੀ ਹੈ। ਰਾਮ ਸਪਸ਼ਟ ਕਰਦੇ ਹਨ ਕਿ ਪਿਤਾ ਦਸਰਥ ਦੁਆਰਾ ਦਿੱਤੀ ਆਗਿਆ ਵਿੱਚ ਮਾਤਾ ਕੈਕੇਯੀ ਦੀ ਆਗਿਆ ਵੀ ਸ਼ਾਮਿਲ ਸੀ, ਜਿਸਨੂੰ ਉਹਨਾਂ ਨੇ ਬਨਵਾਸ ਜਾ ਕੇ ਪੂਰਾ ਕੀਤਾ ਸੀ।

ਇਸ ਸਮੇਂ ਇਸਤਰੀ ਨੂੰ ਆਤਮ ਰੱਖਿਆ ਦੇ ਕਾਬਿਲ ਨਾ ਮੰਨਦੇ ਹੋਏ ਪਤੀ, ਪੁੱਤਰ ਜਾਂ ਰਿਸ਼ਤੇਦਾਰਾਂ ਦੀ ਸੁਰੱਖਿਆ ਹੇਠ ਰਹਿਣ ਦੀ ਹਦਾਇਤ ਦਿੱਤੀ ਜਾਂਦੀ ਸੀ। ਇਸਤਰੀਆਂ ਨੂੰ ਮਰਦਾਂ ਦੇ ਨਾਲ ਹੀ ਜਨਸਭਾਵਾਂ, ਉਤਸਵਾਂ ਅਤੇ ਸਮਾਰੋਹਾਂ ਵਿੱਚ ਜਾਣ ਦੀ ਆਜ਼ਾਦੀ ਸੀ। ਇਸ ਸਮੇਂ ਪਰਦੇ ਦਾ ਰਿਵਾਜ ਵੀ ਬਹੁਤ ਪ੍ਰਚਲਿਤ ਹੋ ਚੁੱਕਿਆ ਸੀ। ਵੱਡੇ ਘਰਾਨੇ ਦੀਆਂ ਇਸਤਰੀਆਂ ਜ਼ਿਆਦਾਤਰ ਪਰਦੇ ਵਿੱਚ ਹੀ ਰਹਿੰਦੀਆਂ ਸਨ। ਪਰਦਾ ਨਾ ਕਰਨਾ ਇਸਤਰੀ ਦੇ ਚਰਿੱਤਰ ’ਤੇ ਸ਼ੱਕ ਦਾ ਕਾਰਨ ਬਣਿਆ ਹੋਇਆ ਸੀ।

ਪਤਨੀ ਨੂੰ ਪਤੀ ਦੀ ਨਿੱਜੀ ਜਾਇਦਾਦ ਮੰਨੇ ਜਾਣ ਕਾਰਨ ਉਸਦੀ ਕੋਈ ਸੁਤੰਤਰ ਹੋਂਦ ਨਹੀਂ ਰਹੀ ਸੀ। ਇਸਤਰੀ ਦੀ ਗਿਣਤੀ ਹੀਰੇ ਮੋਤੀਆਂ ਵਾਂਗ ਹੋਣ ਲੱਗੀ ਸੀ, ਜਿਸ ਦਾ ਆਦਾਨ-ਪ੍ਰਦਾਨ ਵੀ ਹੁੰਦਾ ਸੀ। ਪਤਨੀਆਂ ਪਤੀ ਦੀ ਖ਼ੁਸ਼ੀ ਅਤੇ ਲੋੜਾਂ ਨੂੰ ਪੂਰਨ ਕਰਨ ਵਿੱਚ ਹੀ ਜ਼ਿੰਦਗੀ ਸਮਝਦੀਆਂ ਸਨ। ਸੀਤਾ ਮੌਤ ਉਪਰੰਤ ਵੀ ਰਾਮ ਦੇ ਮੇਲ ਦੀ ਕਾਮਨਾ ਕਰਦੀ ਸੀ। ਸੀਤਾ ਇੱਕ ਵੀਰ ਇਸਤਰੀ ਸੀ, ਜਿਸਨੇ ਨਾ ਕੇਵਲ ਦੁੱਖ ਸਹਿਣ ਕੀਤੇ ਸਗੋਂ ਪਤੀ ਦੇ ਰਾਹ ਵਿੱਚ ਆਉਣ ਵਾਲੀ ਹਰ ਮੁਸ਼ਕਿਲ ਨੂੰ ਵੀ ਦੂਰ ਕੀਤਾ। ਰਾਵਣ ਦੀ ਕੈਦ ਵਿੱਚ ਪਟਰਾਨੀ ਬਣਨ ਦੇ ਪ੍ਰਸਤਾਵ ਕਰਨ ’ਤੇ ਸੀਤਾ ਨੇ ਉਸਨੂੰ ਕਮਜ਼ੋਰ ਇਨਸਾਨ ਕਹਿ ਕੇ ਦੁਰਕਾਰਿਆ ਸੀ। ਪਤਨੀ ਤੋਂ ਹਮੇਸ਼ਾ ਸਚਰਿੱਤਰ ਅਤੇ ਪਤੀ ਵਿੱਚ ਨਿਸ਼ਠਾਵਾਨ ਹੋਣ ਦੀ ਉਮੀਦ ਕੀਤੀ ਜਾਂਦੀ ਸੀ। ਆਚਰਣ ਉੱਤੇ ਸ਼ੱਕ ਹੋਣ ’ਤੇ ਇਸਤਰੀ ਨੂੰ ਤਿਆਗਣਾ ਜਾਂ ਕਠੋਰ ਪ੍ਰਿਖਿਆਵਾਂ ਲੈਣੀਆਂ ਆਮ ਗੱਲ ਸੀ। ਰਾਮ ਨੇ ਨਾ ਕੇਵਲ ਸੀਤਾ ਨੂੰ ਤਿਆਗਿਆ ਸਗੋਂ ਉਸ ਦੀ ਅਗਨੀ ਪ੍ਰਿਖਿਆ ਵੀ ਲਈ ਸੀ। ਸੀਤਾ ਪਤੀ ਭਗਤੀ ਅਤੇ ਅਨੰਤ ਪਿਆਰ ਦੀ ਮਿਸਾਲ ਹੈ। ਜਿਸਨੇ ਪਤੀ ਪ੍ਰਤੀ ਥੋੜਾ ਵੀ ਬੁਰਾ ਭਾਵ ਨਹੀਂ ਰੱਖਿਆ ਸਗੋਂ ਕਰਮਾਂ ਦਾ ਫ਼ਲ ਸਮਝਦੀ ਹੋਈ ਰਾਮ-ਰਾਮ ਜਪਦੀ ਰਹੀ ਅਤੇ ਅਖ਼ੀਰ ਵਿੱਚ ਰਾਮ ਦੇ ਸ਼ੱਕ ਨੂੰ ਨਾ ਸਹਾਰਦੀ ਹੋਈ ਧਰਤੀ ਵਿੱਚ ਹੀ ਸਮਾ ਗਈ ਸੀ।

ਇਸ ਸਮੇਂ ਅਮੀਰ ਲੋਕ ਇਸਤਰੀਆਂ ਨੂੰ ਮੁੱਲ ਖਰੀਦ ਲੈਂਦੇ ਸਨ। ਦਾਸੀਆਂ ਦੇ ਰੂਪ ਵਿੱਚ ਬ੍ਰਾਹਮਣਾਂ ਜਾਂ ਰਾਜਿਆਂ ਨੂੰ ਦਾਨ ਵਿੱਚ ਲੜਕੀਆਂ ਨੂੰ ਦੇਣ ਦਾ ਰਿਵਾਜ ਵੀ ਸੀ। ਦੂਸਰੇ ਪਾਸੇ ਇਸਤਰੀ ਦੇ ਨਾਗਿਨ ਰੂਪ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਕੈਕੇਯੀ ਅਤੇ ਸ਼ੁਰਪਨਖਾਂ ਇਸ ਦੀਆਂ ਉਦਾਹਰਣਾਂ ਸਨ। ਇਸਤਰੀਆਂ ਆਪਣੇ ਵਤੀਰੇ ਨਾਲ ਪਤੀ ਨੂੰ ਪਿਆਰ ਵਿੱਚ ਫਸਾ ਕੇ ਉਸਦੇ ਮਨ ਉੱਤੇ ਰਾਜ ਕਰਦੀਆਂ

ਸਨ। ਇਸ ਸਮੇਂ ਇਸਤਰੀ ਨੂੰ ਸੁਭਾਵਿਕ ਹੀ ਅਗਿਆਨਤਾ ਅਤੇ ਮੂਰਖਤਾ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਰਾਮਾਇਣ ਵਿੱਚ ਇਸਤਰੀ ਦੇ ਚਰਿੱਤਰ ਨੂੰ ਬਿਆਨਦੇ ਹੋਏ ਉਸ ਨੂੰ ਚਿੜਚਿੜੇਪਨ, ਉਤਸੁਕਤਾ, ਨਿੰਦਿਆ, ਝੂਠੇ ਦਿਖਾਵੇ ਅਤੇ ਹੋਛੇਪਣ ਵਾਲੀ ਦੱਸਿਆ ਹੈ। ਇਸਤਰੀ ਨੂੰ ਧਰਮ ਤਿਆਗੀ, ਅਸਥਿਰ, ਬੇਮੁਖੀ ਅਤੇ ਘਰ ਵਿੱਚ ਫੁੱਟ ਪਾਉਣ ਵਾਲੀ ਕਹਿ ਕੇ ਵੀ ਦੁਰਕਾਰਿਆ ਹੈ।[74]

ਰਾਮਾਇਣ ਤਿਆਗ ਅਤੇ ਪ੍ਰੇਮ ਦੀ ਇੱਕ ਅਨੋਖੀ ਕਥਾ ਹੈ। ਸਵਾਮੀ ਵਿਵੇਕਾਨੰਦ ਅਨੁਸਾਰ ਸੀਤਾ ਲੋਕਾਂ ਲਈ ਦੁੱਖ ਦਾ ਆਦਰਸ਼ ਨਮੂਨਾ ਹੈ। ਸੀਤਾ ਭਾਰਤ ਵਿੱਚ ਉਹ ਨਾਮ ਹੈ ਜੋ ਇਸਤਰੀ ਦੇ ਹਰ ਪੱਖ ਅਤੇ ਰੂਪ ਨੂੰ ਬਿਆਨਦਾ ਹੈ। ਜੇਕਰ ਕਿਸੇ ਮਹਾਪੁਰਖ ਨੇ ਇਸਤਰੀ ਜਾਂ ਬੱਚੀ ਨੂੰ ਆਸ਼ੀਰਵਾਦ ਦੇਣਾ ਹੁੰਦਾ ਤਾਂ ਸੀਤਾ ਵਾਂਗ ਬਣਨ ਦਾ ਆਸ਼ੀਰਵਾਦ ਦਿੰਦੇ ਹਨ।[75] ਰਾਮਾਇਣ ਕਾਲ ਵਿੱਚ ਪਤੀ ਕਲਿਆਣ ਅਤੇ ਭਗਤੀ ਦੀ ਅਟੁੱਟ ਭਾਵਨਾ ਅਤੇ ਆਤਮ ਸਮਰਪਣ ਹੀ ਇਸਤਰੀਤਵ ਸੀ। ਸੀਤਾ ਦੁਆਰਾ ਪਤਨੀ ਰੂਪ ਵਿੱਚ ਹਰ ਫ਼ਰਜ਼ ਅਦਾ ਕਰਦੇ ਹੋਏ ਰਾਮ ਦੇ ਨਾਲ ਬਨਵਾਸ ਵਿੱਚ ਹਰ ਦੁੱਖ ਝੱਲਣਾ, ਰਾਵਣ ਦੀ ਕੈਦ ਵਿੱਚ ਵੀ ਆਪਣੇ ਸਤ ਧਰਮ ਤੇ ਅਟੱਲ ਰਹਿਣਾ, ਤਿਆਗੇ ਜਾਣ ’ਤੇ ਵੀ ਰਾਮ-ਰਾਮ ਧਿਆਉਂਦੇ ਰਹਿਣਾ, ਲਵ-ਕੁਸ਼ ਦਾ ਪਾਲਣ ਪੋਸ਼ਣ ਕਰਕੇ ਅਖ਼ੀਰ ਵਿੱਚ ਪਤੀ ਲਈ ਹੀ ਆਪਣਾ ਆਪ ਤਿਆਗ ਦਿੱਤਾ ਗਿਆ। ਸੀਤਾ ਦਾ ਚਰਿੱਤਰ ਦੁਖਾਂਤ ਜੀਵਨ ਨੂੰ ਚਿਤਰਦਾ ਹੈ ਅਤੇ ਉਸ ਦਾ ਦੁਖਾਂਤ ਜੀਵਨ ਉਸ ਕਾਲ ਦੀ ਭਾਰਤੀ ਇਸਤਰੀ ਦੇ ਦੁਖਾਂਤ ਜੀਵਨ ਦੀ ਪ੍ਰਤਿਨਿਧਤਾ ਕਰਦਾ ਹੈ।

**ਮਹਾਂਭਾਰਤ:**

ਮਹਾਂਭਾਰਤ ਸੰਸਕ੍ਰਿਤ ਸਾਹਿਤ ਦਾ ਇੱਕ ਹੋਰ ਵਿਖਿਆਤ ਮਹਾਂਕਾਵਿ ਹੈ। ਜਿਸਦੀ ਰਚਨਾ ਦਾ ਸੁਭਾਗ ਮਹਾਰਿਸ਼ੀ ਵੇਦ ਵਿਆਸ ਦੇ ਹਿੱਸੇ ਹੈ। ਇਸਦੇ ਗਿਆਨ ਦੀ ਵਿਸ਼ਾਲਤਾ ਨੂੰ ਦੇਖਦੇ ਹੋਏ ਇਸਨੂੰ ਪ੍ਰਾਚੀਨ ਆਰੀਆਂ ਦਾ ਵਿਸ਼ਵਕੋਸ਼ ਕਹਿਣਾ ਕੋਈ ਗ਼ਲਤ ਨਹੀਂ ਹੈ। ਮਹਾਂਭਾਰਤ ਦੀ ਮੁੱਖ ਘਟਨਾ ਕੁਰਕਸ਼ੇਤਰ ਵਿੱਚ ਹੋਏ ਕੌਰਵ ਪਾਂਡਵਾਂ ਦਾ ਯੁੱਧ ਹੈ ਜੋ ਪਾਂਡਵਾਂ ਵੱਲੋਂ ਕੌਰਵਾਂ ਨਾਲ ਲੜੀ ਹੱਕ ਦੀ ਲੜਾਈ ਦਾ ਵਿਰਤਾਂਤ ਹੈ। ਇਸ ਦਾ ਇੱਕ ਮਹੱਤਵਪੂਰਨ ਹਿੱਸਾ ਗੀਤਾ ਉਪਦੇਸ਼ ਹੈ, ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀਵਨ ਦਾ ਪੂਰਨ ਦਰਸ਼ਨ ਬੋਧ ਅਰਜੁਨ ਨੂੰ ਕਰਵਾਉਂਦੇ ਹਨ। ਕੌਰਵ ਪਾਂਡਵਾਂ ਦੇ ਯੁੱਧ ਵਰਣਨ ਦੇ ਨਾਲ-ਨਾਲ ਮਨੁੱਖੀ ਜੀਵਨ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਨੈਤਿਕ ਅਤੇ ਧਾਰਮਿਕ ਪੱਖਾਂ ਉੱਪਰ ਵੀ ਚਾਨਣਾ ਪੈਂਦਾ ਹੈ। ਵੇਦ

---

[74] ਰਾਮਾਇਣ, 3.45.30.;

"Women by nature are renegades from dharma, fickle and cruel, and create estrangement. And thou suspectst me being influenced by this womanish nature."
Shantikumar Nanooram Vyas, *India in the Ramayana Age,* p. 133.

[75] "For the race, Sita standa as the ideal of suffering. … Sita is the name in India for everything that women we call womanly. If a priest has to bless a woman he says, "Be Sita" If he blesses a child he says , 'Be Sita'"
Swami Vivekananda, *Our women*, Advaita Ashrama Mayavati, Almora, Himalayas, 1953, pp. 1-2.

ਵਿਆਸ ਨੇ ਮਹਾਂਭਾਰਤ ਵਿੱਚ ਵਿਸਥਾਰ ਨਾਲ ਕੌਰਵ ਵੰਸ਼ੀ ਰਾਜਿਆਂ ਦੀਆਂ ਕਥਾਵਾਂ, ਵਿਦੁਰ ਦੀ ਸਮਝਦਾਰੀ, ਕੁੰਤੀ ਦੇ ਧੀਰਜ, ਗਾਂਧਾਰੀ ਦੀ ਧਰਮ ਪਾਲਣਾ, ਸ੍ਰੀ ਕ੍ਰਿਸ਼ਨ ਮਹਾਰਾਜ ਦਾ ਮਹਾਤਮ, ਪਾਂਡਵਾਂ ਦੀ ਸੱਚਾਈ ਅਤੇ ਧ੍ਰਿਤਰਾਸ਼ਟਰ ਦੇ ਪੁੱਤਰਾਂ ਦੇ ਭੈੜੇ ਆਚਰਣ ਦਾ ਸੋਹਣਾ ਨਕਸ਼ਾ ਖਿੱਚਿਆ ਹੈ। ਇਹ ਕਹਾਣੀ ਇਸਤਰੀ ਪਾਤਰਾਂ ਨਾਲ ਭਰੀ ਹੋਈ ਹੋਣ ਕਾਰਨ ਇਸਤਰੀ ਸੰਬੰਧੀ ਵਿਚਾਰਾਂ ਦੀ ਵੀ ਕੋਈ ਕਮੀ ਨਜ਼ਰ ਨਹੀਂ ਆਉਂਦੀ ਹੈ। ਮਹਾਂਭਾਰਤ ਦੀਆਂ ਪ੍ਰਮੁੱਖ ਇਸਤਰੀਆਂ ਦ੍ਰੋਪਦੀ, ਗਾਂਧਾਰੀ, ਦਮਯੰਤੀ, ਕੁੰਤੀ ਉਸ ਕਾਲ ਦੀ ਇਸਤਰੀ ਭਾਵਨਾ ਅਤੇ ਸਥਿਤੀ ਨੂੰ ਸਪਸ਼ਟ ਕਰਦੀਆਂ ਹਨ। ਇਹਨਾਂ ਦੇ ਚਰਿੱਤਰ ਹੀ ਉਸ ਕਾਲ ਦੀ ਲੜਕੀ, ਵਿਆਹੁਤਾ, ਮਾਂ ਅਤੇ ਹੋਰ ਵਿਭਿੰਨ ਪੱਖਾਂ ਤੋਂ ਇਸਤਰੀ ਦੀ ਸਥਿਤੀ ਉਜਾਗਰ ਹੁੰਦੀ ਹੈ।

ਮਹਾਂਭਾਰਤ ਕਾਲ ਵਿੱਚ ਲੜਕੇ ਨੂੰ ਆਤਮਾ ਕਹਿ ਕੇ ਉਸਦੀ ਵਡਿਆਈ ਕੀਤੀ ਜਾਂਦੀ ਸੀ ਪਰ ਲੜਕੀ ਨੂੰ ਚਿੰਤਾ ਜਾਂ ਸੰਕਟ ਦੀ ਜੜ੍ਹ ਕਹਿਕੇ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਇਸ ਸਮੇਂ ਵੀ ਪੁੱਤਰਵਾਨ ਵਿਅਕਤੀ ਦੀ ਪ੍ਰਸੰਸਾ ਅਤੇ ਪੁੱਤਰਹੀਨ ਵਿਅਕਤੀ ਨੂੰ ਨਿੰਦਿਆ ਜਾਂਦਾ ਸੀ।[76] ਕਿਤੇ ਨਾ ਕਿਤੇ ਨਿਕੰਮੇ ਅਤੇ ਗੁਣਹੀਣ ਲੜਕੇ ਨਾਲੋਂ ਸੁਸ਼ੀਲ ਅਤੇ ਸੁਯੋਗ ਲੜਕੀ ਦੀ ਕਾਮਨਾ ਕੀਤੀ ਜਾਂਦੀ ਸੀ। ਮਹਾਂਭਾਰਤ ਕਾਲ ਵਿੱਚ ਗੰਧਾਰੀ ਸੋ ਪੁੱਤਰਾਂ ਦੀ ਮਾਂ ਹੋਣ ’ਤੇ ਵੀ ਲੜਕੀ ਦੀ ਤੀਬਰ ਇੱਛਾ ਰੱਖਦੀ ਸੀ। ਇਸ ਸਮੇਂ ਲੜਕੀਆਂ ਨੂੰ ਗੋਦ ਲੈਣ ਦਾ ਰਿਵਾਜ ਵੀ ਪ੍ਰਚਲਿਤ ਸੀ। ਇਹਨਾਂ ਲੜਕੀਆਂ ਨੂੰ ਪਿਤਾ ਦੇ ਘਰ ਪੂਰਾ ਪਿਆਰ ਦਿੱਤਾ ਜਾਂਦਾ ਸੀ ਅਤੇ ਕਦੇ ਵੀ ਉਹਨਾਂ ਨਾਲ ਬੁਰਾ ਵਤੀਰਾ ਨਹੀਂ ਕੀਤਾ ਜਾਂਦਾ ਸੀ। ਜਵਾਨ ਹੋਣ ’ਤੇ ਵੀ ਲੜਕੀ ਪ੍ਰਤੀ ਪਿਆਰ ਦੀ ਭਾਵਨਾ ਰਹਿੰਦੀ ਸੀ। ਪਿਤਾ ਆਪਣੀ ਲੜਕੀ ਦੀ ਖ਼ੁਸ਼ੀ ਦੀ ਖਾਤਿਰ ਆਪਣਾ ਜੀਵਨ ਤੱਕ ਖੱਤਰੇ ਵਿੱਚ ਪਾ ਲੈਂਦੇ ਸੀ। ਸ਼ੁਕਰਚਾਰੀਆ ਨੇ ਆਪਣੀ ਲੜਕੀ ਦੇਵਯਾਨੀ ਨੂੰ ਖ਼ੁਸ਼ ਕਰਨ ਲਈ ਪੇਟ ਫਾੜ ਕੇ ਕਚ ਨੂੰ ਜੀਵਤ ਕੀਤਾ ਸੀ। ਦੂਸਰੇ ਪਾਸੇ ਲੜਕੀਆਂ ਵੀ ਆਪਣੇ ਮਾਤਾ-ਪਿਤਾ ਲਈ ਜੀਵਨ ਤੱਕ ਵਾਰ ਦਿੰਦੀਆ ਸਨ।

ਮਹਾਂਭਾਰਤ ਕਾਲ ਵਿੱਚ ਕਈ ਕਾਰਜਾਂ ਸਮੇਂ ਲੜਕੀਆਂ ਦਾ ਹੋਣਾ ਸ਼ੁਭ ਗਿਣਿਆ ਜਾਂਦਾ ਸੀ। ਯੁਧਿਸ਼ਠਰ ਦੇ ਰਾਜ ਸਿੰਘਾਸਨ ’ਤੇ ਬੈਠਣ ਸਮੇਂ ਲੜਕੀਆਂ ਦੇ ਦਰਸ਼ਨ ਕਰਵਾਏ ਗਏ ਅਤੇ ਯੁੱਧ ਵਿੱਚ ਜਾਣ ਸਮੇਂ ਵੀ ਲੜਕੀਆਂ ਦੇ ਦਰਸ਼ਨ ਸ਼ੁਭ ਗਿਣੇ ਜਾਂਦੇ ਸੀ।[77] ਪਰ ਦੂਜੇ ਪਾਸੇ ਉਹਨਾਂ ਨੂੰ ਅਪਸ਼ਗੁਨ ਵੀ ਕਿਹਾ ਜਾਂਦਾ ਸੀ।[78]

---

[76] jXS<kr im‰, *pRwcIn Bwrq kw swmwijk eiqhws*, ibhwr ihNdI gRNQ AkwdmI, cOQw s<skrx, ptnw, 1986, pNnw 312.

[77] ਮਹਾਭਾਰਤ 4.68.28; 4.37.33; 5.86.16; 7.112.65.

[78] jXS<kr im‰, *pRwcIn Bwrq kw swmwijk eiqhws*, pNnw 400.

ਇਸ ਸਮੇਂ ਵੀ ਲੜਕੀਆਂ ਨੂੰ ਸਿੱਖਿਆ ਦੇਣ ’ਤੇ ਰੋਕ ਸੀ। ਲੜਕੀਆਂ ਨੂੰ ਧਾਰਮਿਕ ਅਧਿਕਾਰਾਂ ਅਤੇ ਸਿੱਖਿਆ ਤੋਂ ਵੰਚਿਤ ਕਰਨ ਦਾ ਸਭ ਤੋਂ ਵੱਡਾ ਕਾਰਨ ਵਿਆਹ ਛੋਟੀ ਉਮਰ ਵਿੱਚ ਕਰਨਾ ਸੀ। ਲੜਕੀਆਂ ਨੂੰ ਘਰ ਵਿੱਚ ਹੀ ਨੈਤਿਕ ਸਿੱਖਿਆ ਦਿੱਤੀ ਜਾਂਦੀ ਸੀ ਤਾਂਕਿ ਉਹ ਆਪਣੇ ਘਰੇਲੂ ਕਾਰਜਾਂ ਦੀਆਂ ਜ਼ੁੰਮੇਵਾਰੀਆਂ ਵਿੱਚ ਸਫਲ ਹੋਣ। ਲੜਕੀਆਂ ਨੂੰ ਸ਼ਸਤਰ ਸਿੱਖਿਆ ਤੋਂ ਵੀ ਵਾਂਝਾਂ ਰੱਖਿਆ ਜਾਂਦਾ ਸੀ, ਜਿਸ ਦੀ ਵੱਡੀ ਉਦਾਹਰਨ ਦ੍ਰੋਪਦੀ ਦਾ ਅਪਹਰਨ ਸੀ। ਲੜਕੀਆਂ ਨੂੰ ਆਸ਼ਰਮਾਂ ਵਿੱਚ ਜਾਣ ਦੀ ਅਨੁਮਤੀ ਵੀ ਨਹੀਂ ਸੀ ਪਰ ਦੂਸਰੇ ਪਾਸੇ ਇਸਤਰੀਆਂ ਦੇ ਗਿਆਨਵਾਨ ਅਤੇ ਸਲਾਹਕਾਰ ਹੋਣ ਦੀ ਚਰਚਾ ਵੀ ਹੈ। ਮਹਾਂਭਾਰਤ ਵਿੱਚੋਂ ਕੁੰਤੀ, ਦ੍ਰੋਪਦੀ, ਸੁਲਭਾ ਆਦਿ ਵਿਦਵਾਨ ਇਸਤਰੀਆਂ ਦਾ ਵਰਣਨ ਪ੍ਰਾਪਤ ਹੁੰਦਾ ਹੈ। ਯੁਧਿਸ਼ਠਰ ਨੂੰ ਦ੍ਰੋਪਦੀ ਦੇ ਗਿਆਨਵਾਨ ਹੋਣ ਉੱਤੇ ਬਹੁਤ ਮਾਣ ਸੀ, ਇੱਥੋਂ ਤੱਕ ਕਿ ਉਸ ਸਮੇਂ ਦ੍ਰੋਪਦੀ ਨੂੰ ਪੰਡਿਤਾ ਕਹਿ ਕੇ ਇੱਜ਼ਤ ਦਿੱਤੀ ਜਾਂਦੀ ਸੀ। ਦ੍ਰੋਪਦੀ ਨੇ ਭਰਾ ਨੂੰ ਸਿੱਖਿਆ ਦੇਣ ਆਏ ਰਿਸ਼ੀ ਤੋਂ ਸਿੱਖਿਆ ਪ੍ਰਾਪਤ ਕਰ ਲਈ ਸੀ। ਆਮ ਤੌਰ ’ਤੇ ਇਸ ਸਮੇਂ ਲੜਕੀਆਂ ਨੂੰ ਸਿੱਖਿਆ ਦੇਣਾ ਕੋਈ ਜ਼ਰੂਰੀ ਨਹੀਂ ਸਮਝਿਆ ਜਾਂਦਾ ਸੀ।

ਲੜਕੀਆਂ ਨੂੰ ਵਿਆਹ ਤੋਂ ਪਹਿਲਾ ਪਿਤਾ, ਬਾਅਦ ਵਿੱਚ ਪਤੀ ਅਤੇ ਬੁੱਢੇ ਹੋਣ ’ਤੇ ਪੁੱਤਰ ਦੇ ਅਧੀਨ ਮੰਨਿਆ ਜਾਂਦਾ ਸੀ। ਮਹਾਂਭਾਰਤ ਵਿੱਚ ਇਸਤਰੀਆਂ ਦੇ ਅਵਿਵਾਹਿਤ ਰਹਿਣ ’ਤੇ ਵੀ ਰੋਕ ਸੀ। ਵਿਆਹ ਸਮੇਂ ਵੀ ਲੜਕੀਆਂ ਨੂੰ ਲੜਕਿਆਂ ਜਿੰਨੀ ਆਜ਼ਾਦੀ ਪ੍ਰਾਪਤ ਨਹੀਂ ਸੀ। ਇਸ ਕਾਲ ਵਿੱਚ ਵੀ ਸੁਵੰਬਰ ਪ੍ਰਥਾ ਪ੍ਰਚਲਿਤ ਸੀ, ਪਰ ਲੜਕੀ ਨੂੰ ਨਾ ਮਾਤਰ ਹੀ ਸੁਤੰਤਰਤਾ ਸੀ, ਆਮ ਤੌਰ ’ਤੇ ਵਰ ਚੁਨਣ ਦੀ ਅੰਤਿਮ ਪ੍ਰਵਾਨਗੀ ਪਿਤਾ ਵੱਲੋਂ ਹੀ ਦਿੱਤੀ ਜਾਂਦੀ ਸੀ। ਵਿਆਹ ਲੜਕੀਆਂ ਲਈ ਇੱਕ ਪਵਿੱਤਰ ਬੰਧਨ ਜਾਂ ਪਵਿੱਤਰ ਰਿਸ਼ਤਾ ਮੰਨਿਆ ਜਾਂਦਾ ਸੀ, ਜਿਸਦੀ ਹਰ ਸਮੇਂ ਪੂਜਾ ਕਰਨੀ ਹੁੰਦੀ ਸੀ।

ਇਸਤਰੀ ਹੋਣ ਦੀ ਸਫ਼ਲਤਾ ਪਿਆਰ ਵੰਡਣ ਅਤੇ ਮਾਂ ਬਣਨ ਤੱਕ ਹੀ ਸੀਮਤ ਸੀ, ਇਹ ਦਰਜਾ ਵਿਆਹ ਉਪਰੰਤ ਹੀ ਹਾਸਲ ਕੀਤਾ ਜਾ ਸਕਦਾ ਸੀ। ਦੂਸਰੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਇਸਤਰੀਆਂ ਦੇ ਫ਼ਰਜ਼ ਵਿਆਹ ਨਾਲ ਹੀ ਸ਼ੁਰੂ ਹੁੰਦੇ ਸਨ। ਵਿਆਹ ਸੰਸਕਾਰ ਪੂਰਨ ਹੋਣ ਬਾਅਦ ਹੀ ਇਸਤਰੀ ਪਤੀ ਦੇ ਨਾਲ ਧਾਰਮਿਕ ਕਾਰਜਾਂ ਦੀ ਹਮਸਾਥਨ ਬਣ ਸਕਦੀ ਸੀ ਪਰ ਹੌਲ਼ੀ ਹੌਲ਼ੀ ਉਹ ਵਿਦਵਾਨ ਪਤੀ ਦੀ ਇੱਕ ਨਾ ਮਾਤਰ ਸਾਥਨ ਰਹਿ ਗਈ ਸੀ। ਇਸ ਸਮੇਂ ਇਸਤਰੀ ਵੱਲੋਂ ਪਤੀ ਦੀ ਸੇਵਾ ਕਰਨਾ ਉਸਦਾ ਧਰਮ ਮੰਨਿਆ ਜਾਂਦਾ ਸੀ। ਅਜਿਹੀ ਇਸਤਰੀ ਹੀ ਸਵਰਗ ਹਾਸਲ ਕਰ ਸਕਦੀ ਸੀ। ਮੰਗੇਤਰ ਲਈ ਵੀ ਪਤੀ ਵਾਲੇ ਫ਼ਰਜ਼ ਪੂਰੇ ਕਰਨਾ ਲੜਕੀ ਦਾ ਕਰਤੱਵ ਮੰਨਿਆ ਜਾਂਦਾ ਸੀ। ਚਾਹੇ ਉਹ ਛੋਟੀ

ਜਾਂ ਵੱਡੀ ਉਮਰ ਦਾ ਹੋਵੇ, ਗੁਣਹੀਣ ਜਾਂ ਗੁਣਵਾਣ ਹੋਵੇ ਉਸ ਨੂੰ ਮਨ ਵਿੱਚ ਦੇਵਤਾ ਧਾਰਨਾ ਹੀ ਲੜਕੀ ਦਾ ਫ਼ਰਜ਼ ਹੁੰਦਾ ਸੀ। ਦੰਪਤੀ ਜੀਵਨ ਦਾ ਸੁੱਖ ਅਤੇ ਸਥਿਰਤਾ ਸਭ ਕੁੱਝ ਪਤਨੀ 'ਤੇ ਹੀ ਨਿਰਭਰ ਮੰਨਿਆ ਜਾਂਦਾ ਸੀ। ਇਸ ਲਈ ਲੜਕੀ ਨੂੰ ਹਮੇਸ਼ਾ ਆਦਰਸ਼ ਪਤਨੀ ਬਣਨ ਲਈ ਸਿੱਖਿਆ ਦਿੱਤੀ ਜਾਂਦੀ ਸੀ। ਪਤੀ ਦੇ ਬਰਾਬਰ ਕੋਈ ਸੁੱਖ ਨਹੀਂ ਸੀ, ਇਸਤਰੀ ਦੇ ਲਈ ਪਤੀ ਦੀ ਸ਼ਰਨ ਵਿੱਚ ਰਹਿਣਾ ਸਭ ਤੋਂ ਮਹਾਨ ਦੱਸਿਆ ਜਾਂਦਾ ਸੀ। ਗੰਧਾਰੀ ਨੇ ਪਤੀ ਦੇ ਅੰਨੇ ਹੋਣ ਕਾਰਨ ਆਪਣੀ ਅੱਖ ਤੇ ਪੱਟੀ ਬੰਨ੍ਹਕੇ ਉਸਦੀ ਸੇਵਾ ਵਿੱਚ ਸਾਰੀ ਉਮਰ ਗੁਜ਼ਾਰੀ ਸੀ। ਦ੍ਰੋਪਦੀ ਨੇ ਆਪਣੇ ਪਤੀ ਅਰਜੁਨ ਦੀ ਮਾਂ ਦੇ ਵਚਨਾਂ ਨੂੰ ਸਿਰ ਮੱਥੇ ਮੰਨ ਕੇ ਪੰਜ ਪਤੀਆਂ ਦੀ ਪਤਨੀ ਬਣਨਾ ਮੰਜ਼ੂਰ ਕੀਤਾ ਅਤੇ ਸਾਰੀ ਉਮਰ ਉਹਨਾਂ ਦੀ ਸੇਵਾ ਕੀਤੀ ਸੀ।

ਇੱਕ ਪਾਸੇ ਪਤੀਵਰਤ ਧਰਮ ਇਸਤਰੀ ਲਈ ਸਰਵਉੱਚ ਮੰਨਿਆ ਜਾਂਦਾ ਸੀ। ਉਹ ਕਰੂਪ ਅਤੇ ਕੋੜੀ ਪਤੀ ਨੂੰ ਵੀ ਦੇਵਤਾ ਸਵੀਕਾਰ ਕਰਦੀ ਸੀ। ਪਤੀ ਦਾ ਪਤਨੀ ਉੱਪਰ ਪੂਰਾ ਪ੍ਰਭੂਤਵ ਹੁੰਦਾ ਸੀ ਪਰ ਦੂਸਰੇ ਪਾਸੇ ਪਤਨੀ ਨੂੰ ਉਧਾਰ ਦੇਣ, ਦਾਨ ਦੇਣ, ਵੇਚਣ ਜਾਂ ਜੂਏ ਵਿੱਚ ਦਾਅ 'ਤੇ ਲਾਉਣ ਦੀਆਂ ਉਦਾਹਰਣਾਂ ਵੀ ਪ੍ਰਾਪਤ ਹੁੰਦੀਆਂ ਹਨ। ਦ੍ਰੋਪਦੀ ਨੂੰ ਜੂਏ ਵਿੱਚ ਹਾਰਨਾ ਇਸਦਾ ਬਹੁਤ ਵੱਡਾ ਪ੍ਰਮਾਣ ਹੈ। ਯੱਗ ਉਪਰੰਤ ਬ੍ਰਾਹਮਣਾਂ ਨੂੰ ਲੜਕੀਆਂ ਦਾਨ ਵਿੱਚ ਦੇਣ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਇਸਤਰੀ ਇੱਕ ਜਾਇਦਾਦ ਮੰਨੀ ਜਾਂਦੀ ਸੀ, ਜਿਸਨੂੰ ਔਖੇ ਸਮੇਂ ਵੇਚਿਆ ਵੀ ਜਾ ਸਕਦਾ ਸੀ।

ਪਤਨੀ ਨੂੰ ਹਮੇਸ਼ਾ ਪਤੀ ਦੀ ਸੁਰੱਖਿਆ ਹੇਠ ਰਹਿਣ ਨੂੰ ਕਿਹਾ ਜਾਂਦਾ ਸੀ, ਇੱਛਾ ਅਨੁਸਾਰ ਪਤੀ ਤੋਂ ਅਲੱਗ ਰਹਿਣ ਵਾਲੀ ਪਤਨੀ ਨੂੰ ਪਾਪਣ ਕਿਹਾ ਜਾਂਦਾ ਸੀ।[79] ਪਤਨੀ ਦੀ ਰੱਖਿਆ ਕਰਨੀ ਪਤੀ ਦਾ ਫ਼ਰਜ਼ ਮੰਨਿਆ ਜਾਂਦਾ ਸੀ। ਪਤਨੀ ਰੱਖਿਆ ਵਿੱਚ ਅਸਮਰਥ ਵਿਅਕਤੀ ਨੂੰ ਨਰਕਗਾਮੀ ਕਿਹਾ ਜਾਂਦਾ ਸੀ। ਮਹਾਂਭਾਰਤ ਵਿੱਚ ਪਤਨੀ ਨੂੰ ਤਾੜਨ ਜਾਂ ਮਾਰਨ ਦੀ ਮਨਾਹੀ ਸੀ। ਬ੍ਰਾਹਮਣ, ਇਸਤਰੀ ਅਤੇ ਗਾਵਾਂ ਉੱਤੇ ਹੱਥ ਚੁੱਕਣ ਵਾਲੇ ਇਨਸਾਨ ਦੀ ਦੋਨਾਂ ਲੋਕਾ ਵਿੱਚ ਦੁਰਗਤੀ ਹੋਣ ਦਾ ਵਿਚਾਰ ਪ੍ਰਚਲਿਤ ਸੀ। ਪਤਨੀ ਨੂੰ ਪਰਿਵਾਰ ਦਾ ਧੁਰਾ ਕਿਹਾ ਜਾਂਦਾ ਸੀ। ਪਤਨੀ ਦੇ ਨਾਲ ਹੀ ਗ੍ਰਹਿਸਤ ਧਰਮ ਅਤੇ ਗ੍ਰਹਿਸਤਮਈ ਧਾਰਮਿਕ ਕਿਰਿਆਵਾਂ ਸੰਪੰਨ ਕੀਤੀਆਂ ਜਾਂਦੀਆਂ ਸੀ।

ਇਸ ਸਮੇਂ ਬਹੁਵਿਆਹ ਪ੍ਰਥਾ ਬਹੁਤ ਪ੍ਰਚਲਿਤ ਸੀ, ਰਾਜਿਆਂ ਜਾਂ ਅਮੀਰ ਲੋਕਾਂ ਵਿੱਚ ਬਹੁਵਿਆਹ ਕਰਵਾਉਣਾ ਆਮ ਹੀ ਸੀ। ਬਹੁਪਤਨੀ ਪ੍ਰਥਾ ਦੇ ਨਾਲ-ਨਾਲ ਬਹੁਪਤੀ ਪ੍ਰਥਾ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਦ੍ਰੋਪਦੀ ਦੇ ਇੱਕ ਤੋਂ ਵੱਧ ਪਤੀ ਸਨ। ਪਰ ਇਸ ਮਹਾਂਕਾਵਿ ਵਿੱਚ ਇੱਕ ਤੋਂ ਵੱਧ ਜਾ ਬਹੁਪਤੀਤਵ ਨੂੰ

79 "It was through marriage that she got such a protector in her husband, to live without him was considered sin for her."
Shakambari Jayal, *The Status of Women in the Epics,* p. 41.

ਧਰਮ ਵਿਰੁੱਧ ਦੱਸਿਆ ਹੈ। ਕਈ ਵਾਰ ਤਾਂ ਇੱਕ ਆਦਮੀ ਦੇ ਨਾਲ ਕਈ ਭੈਣਾਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਜਿਵੇਂ ਧ੍ਰਿਤਰਾਸ਼ਟਰ ਦਾ ਵਿਆਹ ਗੰਧਾਰੀ ਅਤੇ ਉਸ ਦੀਆਂ ਦਸ ਭੈਣਾਂ ਨਾਲ ਸੰਪੰਨ ਹੋਇਆ ਸੀ। ਸ਼ਾਇਦ ਇਸ ਬਹੁਵਿਆਹ ਜਾਂ ਬਹੁਪਤਨੀ ਪ੍ਰਥਾ ਨੇ ਹੀ ਇਸਤਰੀ ਨੂੰ ਇੱਕ ਜਾਇਦਾਦ ਰੂਪ ਪ੍ਰਦਾਨ ਕਰ ਦਿੱਤਾ ਸੀ।

ਮਹਾਂਭਾਰਤ ਕਾਲ ਵਿੱਚ ਤਲਾਕ ਅਤੇ ਵਿਧਵਾ ਵਿਆਹ ਦੀਆਂ ਇੱਕ-ਦੋ ਉਦਾਹਰਣਾਂ ਤੋਂ ਬਿਨਾਂ ਆਮ ਅਜਿਹਾ ਰਿਵਾਜ ਨਹੀਂ ਸੀ ਪਰ ਇਸ ਸਮੇਂ ਸਤੀ ਪ੍ਰਥਾ ਪ੍ਰਚਲਿਤ ਸੀ। ਪਾਂਡੂ ਦੀ ਪਤਨੀ ਮਾਦ੍ਰੀ, ਵਾਸੂਦੇਵ ਦੀਆਂ ਚਾਰੇ ਪਤਨੀਆਂ ਦੇਵਕੀ, ਭਦ੍ਰਾ, ਰੋਹਿਣੀ ਅਤੇ ਮਦਿਰਾ ਆਦਿ ਪਤੀ ਦੇ ਨਾਲ ਹੀ ਸਤੀ ਹੋਈਆਂ ਸਨ। ਕ੍ਰਿਸ਼ਨ ਦੀਆਂ ਪਤਨੀਆਂ ਰੁਕਮਣੀ, ਸ਼ੈਵੇਯਾ, ਹੇਮਵਤੀ, ਜਾਮਬਵਤੀ ਨੇ ਪਤੀ ਦੀ ਮੌਤ ਤੋਂ ਕੁੱਝ ਸਮੇਂ ਪਿਛੋਂ ਹਸਤਿਨਾਪੁਰ ਜਾਕੇ ਅੱਗ ਵਿੱਚ ਪ੍ਰਵੇਸ਼ ਕਰਕੇ ਪ੍ਰਾਣ ਤਿਆਗ ਦਿੱਤੇ ਸੀ। ਸਤੀ ਪ੍ਰਥਾ ਜ਼ਿਆਦਾਤਰ ਰਾਜਕੁਲਾਂ ਜਾਂ ਅਮੀਰ ਖਾਨਦਾਨਾਂ ਵਿੱਚ ਪ੍ਰਚਲਿਤ ਸੀ। ਸਤੀ ਹੋਣਾ ਕੋਈ ਮਜ਼ਬੂਰੀ ਨਹੀਂ ਸੀ। ਲੜਕੇ ਦੀ ਮਹੱਤਤਾ ਹੋਣ ਕਾਰਨ *ਨਿਯੋਗ ਪ੍ਰਥਾ* ਵੀ ਪ੍ਰਚਲਿਤ ਸੀ, ਜਿਸਦੇ ਅਨੁਸਾਰ ਇਸਤਰੀ ਆਪਣੇ ਪਤੀ ਦੀ ਮੌਤ ਦੇ ਬਾਅਦ ਜਾਂ ਪਤੀ ਦੇ ਕਾਬਿਲ ਨਾ ਹੋਣ ’ਤੇ ਆਪਣੇ ਦਿਓਰ, ਨਜ਼ਦੀਕੀ ਰਿਸ਼ਤੇਦਾਰ ਜਾਂ ਕਿਸੇ ਹੋਰ ਮਰਦ ਨਾਲ ਸੰਬੰਧ ਸਥਾਪਿਤ ਕਰ ਸਕਦੀ ਸੀ। ਕੁੰਤੀ ਅਤੇ ਮਾਦ੍ਰੀ ਦੇ ਨਿਯੋਗ ਪ੍ਰਥਾ ਨਾਲ ਕ੍ਰਮ ਅਨੁਸਾਰ ਤਿੰਨ ਅਤੇ ਦੋ ਪੁੱਤਰ ਹੋਏ ਸਨ। ਇਸ ਸਮੇਂ ਵਿਧਵਾ ਇਸਤਰੀ ਦਾ ਜੀਵਨ ਤਰਸਯੋਗ ਹੁੰਦਾ ਸੀ। ਉਸਨੂੰ ਚੰਗੇ ਕੱਪੜੇ ਅਤੇ ਗਹਿਣੇ ਆਦਿ ਪਹਿਨਣ ਦਾ ਕੋਈ ਹੱਕ ਨਹੀਂ ਰਹਿ ਜਾਂਦਾ ਸੀ। ਇਸ ਤੋਂ ਇਲਾਵਾ ਇਸਤਰੀਆਂ ਨੂੰ ਪਰਦੇ ਹੇਠ ਰਹਿਣ ਦੀ ਹਦਾਇਤ ਵੀ ਦਿੱਤੀ ਜਾਂਦੀ ਸੀ। ਪਿਤਾ ਦੀ ਸੰਪਤੀ ਲਈ ਲੜਕੀ ਵਾਰਿਸ ਨਹੀਂ ਹੋ ਸਕਦੀ ਸੀ, ਦਾਜ ਹੀ ਉਸਦਾ ਹਿੱਸਾ ਗਿਣਿਆ ਜਾਂਦਾ ਸੀ। ਪੁੱਤਰਹੀਣ ਪਿਤਾ ਦੀ ਲੜਕੀ ਦਾ ਪੁੱਤਰ ਨਾਨੇ ਦਾ ਵਾਰਿਸ ਅਖਵਾਉਂਦਾ ਸੀ। ਭਾਵ ਇੱਕ ਲੜਕੀ ਨੂੰ ਜਾਇਦਾਦ ਦਾ ਹੱਕ ਨਹੀਂ ਸੀ।

ਹਰ ਸਮੇਂ ਦੀ ਤਰ੍ਹਾਂ ਮਹਾਂਭਾਰਤ ਵਿੱਚ ਵੀ ਮਾਂ ਨੂੰ ਪੂਜਣਯੋਗ ਮੰਨਿਆ ਜਾਂਦਾ ਸੀ, ਜਨਨੀ ਰੂਪ ਵਿੱਚ ਹੀ ਇਸਤਰੀ ਦੀ ਸੰਪੂਰਨਤਾ ਅਤੇ ਸਾਰਥਕਤਾ ਮੰਨੀ ਜਾਂਦੀ ਸੀ। ਇਸ ਲਈ ਹੀ ਵਿਧਵਾ ਹੋਣ ’ਤੇ ਨਿਯੋਗ ਦੁਆਰਾ ਪੁੱਤਰ ਪ੍ਰਾਪਤੀ ਦਾ ਵਿਧਾਨ ਪ੍ਰਚਲਿਤ ਸੀ। ਮਹਾਂਭਾਰਤ ਵਿੱਚ ਗੰਧਾਰੀ ਅਤੇ ਕੁੰਤੀ ਦੇ ਮਾਤ੍ਰਤਵ ਨੂੰ ਸ੍ਰੇਸ਼ਠ ਕਿਹਾ ਗਿਆ ਹੈ। ਮਾਂ ਨੂੰ ਗੌਰਵ ਵਿੱਚ ਅਚਾਰੀਆ, ਉਪਾਧਿਆਇ ਅਤੇ ਪਿਤਾ ਤੋਂ ਵੀ ਵੱਧ ਕੇ ਮੰਨਿਆ ਗਿਆ। ਮਹਾਂਭਾਰਤ ਦੇ ਇੱਕ ਪ੍ਰਸੰਗ ਵਿੱਚ ਦਸ ਅਚਾਰੀਆ ਤੋਂ ਵੱਧ ਇੱਕ ਉਪਾਧਿਆਇ, ਦਸ ਉਪਾਧਿਆਇ ਤੋਂ ਵੱਧ ਇੱਕ ਪਿਤਾ ਅਤੇ ਦਸ ਪਿਤਾ ਤੋਂ ਵੱਧ ਇੱਕ ਮਾਂ ਦੀ ਮਹੱਤਤਾ ਦੱਸੀ ਹੈ। ਇਸ ਲਈ

ਮਾਂ ਜਿਹਾ ਸ੍ਰੇਸ਼ਠ ਕੋਈ ਗੁਰੂ ਨਹੀਂ ਹੈ।[80] ਮਾਤਾ-ਪਿਤਾ ਦੋਵੇਂ ਹੀ ਸੰਤਾਨ ਉੱਪਰ ਪੂਰੇ ਅਧਿਕਾਰ ਰੱਖਦੇ ਸਨ। ਮਾਂ ਦੇ ਆਗਿਆਕਾਰੀ ਹੋਣ ਦੀ ਸਭ ਤੋਂ ਵੱਡੀ ਉਦਾਹਰਨ ਮਹਾਂਭਾਰਤ ਵਿੱਚ ਹੈ, ਜਦੋਂ ਦ੍ਰੋਪਦੀ ਨੂੰ ਪੰਜਾਂ ਪਾਂਡਵਾਂ ਦੀ ਪਤਨੀ ਬਣਨਾ ਪਿਆ ਕਿਉਂਕਿ ਪਾਂਡਵ ਮਾਤਾ ਕੁੰਤੀ ਦੇ ਮੂੰਹੋ ਵੰਡ ਕੇ ਖਾ ਲਉ ਸ਼ਬਦ ਨਿਕਲ ਗਏ ਸਨ। ਮਾਂ ਦੀ ਉੱਚਤਾ ਉਸ ਦੇ ਸਵੈ ਤਿਆਗ ਅਤੇ ਕੁਰਬਾਨੀ ਦੀ ਸ਼ਕਤੀ ਦੀ ਬਦੋਲਤ ਹੀ ਮੰਨੀ ਜਾਂਦੀ ਸੀ। ਇਸਤਰੀਆਂ ਜਨਮ ਦੇਣ ਤੋਂ ਲੈ ਕੇ ਵੱਡੇ ਹੋਣ ਤੱਕ ਬੱਚਿਆਂ ਦਾ ਮਾਰਗ ਦਰਸ਼ਨ ਕਰਦੀਆਂ ਸਨ ਅਤੇ ਬੱਚਿਆਂ ਨੂੰ ਉਹਨਾਂ ਦੇ ਫ਼ਰਜ਼ ਯਾਦ ਕਰਵਾਉਂਦੀਆਂ ਸਨ। ਗੰਧਾਰੀ ਕੌਰਵਾਂ ਦੀ ਮਾਂ ਨੇ ਹਮੇਸ਼ਾ ਹੀ ਆਪਣੇ ਪੁੱਤਰ ਦੁਰਯੋਧਨ ਨੂੰ ਸੱਚ ਦੀ ਜਿੱਤ ਦਾ ਆਸ਼ੀਰਵਾਦ ਦਿੱਤਾ ਸੀ। ਇਸ ਗੱਲ ਤੋਂ ਉਸਦੇ ਸੂਝਵਾਨ ਅਤੇ ਬੁੱਧੀ ਦੀ ਮਾਲਿਕ ਹੋਣ ਦਾ ਪ੍ਰਗਟਾਵਾ ਹੁੰਦਾ ਹੈ।[81] ਕੁੰਤੀ ਨੇ ਮਾਂ ਦੇ ਸਾਰੇ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਆਪਣਾ ਸੁਨੇਹਾ ਬੱਚਿਆਂ ਤੱਕ ਸ਼੍ਰੀ ਕ੍ਰਿਸ਼ਨ ਜੀ ਰਾਹੀਂ ਪਹੁੰਚਾਇਆ ਕਿ ਉਹ ਖੱਤਰੀ ਹੋਕੇ ਆਪਣੇ ਧਰਮ ਤੋਂ ਦੂਰ ਨਾ ਹੋਣ। ਇਸ ਤਰ੍ਹਾਂ ਉਸਨੇ ਭੀਮ ਅਤੇ ਅਰਜੁਨ ਨੂੰ ਮਾਂ ਦਾ ਸਤਿਕਾਰ ਸਿੱਧ ਕਰਨ ਲਈ ਪ੍ਰੇਰਿਤ ਕੀਤਾ ਸੀ।[82]

ਦੂਸਰੇ ਪਾਸੇ ਮਹਾਂਭਾਰਤ ਅਨੁਸਾਰ ਕੁਝ ਲੋਕਾਂ ਨੂੰ ਰਾਜੇ ਦੇ ਸਲਾਹ-ਮਸ਼ਵਰਾ ਕਰਨ ਵਾਲੀ ਜਗ੍ਹਾ ਤੋਂ ਬਾਹਰ ਰੱਖਿਆ ਜਾਂਦਾ ਸੀ: ਠਿਗਣਾ ਆਦਮੀ, ਕੁੱਬਚੂ, ਸੁਕੜੂ, ਅੰਨਾ ਆਦਮੀ, ਮੂਰਖ, ਖੁਸਰਾ ਅਤੇ ਇਸਤਰੀ। ਜਿਸ ਅਨੁਸਾਰ ਇਸਤਰੀ ਘੱਟ ਬੁੱਧੀ/ ਮੰਦਬੁੱਧੀ ਅਤੇ ਬੇਲੋੜੀ ਸਾਬਿਤ ਹੁੰਦੀ ਹੈ। ਅਜਿਹਾ ਵਿਵਹਾਰ ਇਸਤਰੀ ਨਾਲ ਉਸ ਸਮੇਂ ਕੀਤਾ ਜਾਂਦਾ ਹੈ ਜਦੋਂ ਇਸਤਰੀ ਨੂੰ ਜਾਇਦਾਦ-ਸੋਨਾ, ਗਾਵਾਂ ਭਾਵ ਵਸਤਾਂ ਦੇ ਬਰਾਬਰ ਰੱਖਿਆ ਜਾਂਦਾ ਹੋਵੇ।[83] ਇਸਤਰੀਆਂ ਪ੍ਰਤੀ ਮਰਦਾਂ ਦਾ ਵਿਚਾਰ ਇਹ ਵੀ ਸੀ ਕਿ

---

80 ਮਹਾਭਾਰਤ, 3.313.60; 1.104.2-4.;
"She is placed higher than the preceptor and father and higher even than the whole earth. There was no preceptor like her. She was in fact the highest preceptor (Guru)."
Shakambari Jayal, *The Status of Women in the Epics,* p. 133.

81 "Gandhari, wife of the blind king Dhirtarashtra, was perhaps the most celebrated women in the Epic age. Her immortal saying ('yato dharmastato jayah' victory pertains only to the side of right.) when she refused to wish success even to her own son Duryodhana has passed into a classic. She is described as very learned, intelligent, versed in religious practices, etc."
Swami Madhananda & R.C.Majumdar (eds.), *Great Women of India*, p. 105.

82 "Kunti had some message to deliver to her sons through Shri Krishna. Her message to Yudhishthira was that his dharma was becoming fruitless by his failure to perform the duties of his station. To Bhima and Arjuna she pointed out that it was now necessary for them to vindicate the honour of their mother. "
Ibid, p. 175.

83 "According to Mahabharata (Shanti Parva) the following categories of persons are to be excluded from the place where a king holds any consultations: 'dwarfs, humpbacked persons, lean men, lame and blind men, idiots, eunuchs and women.' Women thus were lumped together with the retarded and the deformed.(This , when treated as at all human most often women were treated as objects and lumped together with other items of property- villages, gold and cows!)"
Devaki Jain, *Indian Women*, Ministry of Information and Broadcasting, New Delhi, 1975, p. 43.

ਇਸਤਰੀਆਂ ਵਿੱਚ ਕੋਈ ਇੱਕ ਹੀ ਸੰਜਮ ਵਾਲੀ, ਕੋਈ ਇੱਕ ਹੀ ਪਤੀਵਰਤਾ ਹੁੰਦੀ ਹੈ। ਇਹ ਆਪਣੀ ਇੱਛਾ ਅੱਗੇ ਪਿਤਾ, ਭਰਾ, ਕੁਲ, ਪਤੀ, ਪੁੱਤਰ ਆਦਿ ਕਿਸੇ ਨੂੰ ਨਹੀਂ ਜਾਣਦੀ। ਜਿਵੇਂ ਸਮੁੰਦਰ ਨਦੀਆਂ ਨਾਲ ਸਬਰ ਨਹੀਂ ਕਰਦਾ, ਉਸੇ ਤਰ੍ਹਾਂ ਹੀ ਸੁੰਦਰ ਅੱਖਾਂ ਵਾਲੀਆਂ ਇਸਤਰੀਆਂ ਮਰਦਾਂ ਤੋਂ ਤ੍ਰਿਪਤ ਨਹੀਂ ਹੁੰਦੀਆਂ। ਇਸਤਰੀਆਂ ਆਪਣੀਆਂ ਇੰਦਰੀਆਂ ਵਸ ਵਿੱਚ ਰੱਖਣ ਵਿੱਚ ਅਸਮਰਥ ਸਮਝੀਆ ਜਾਂਦੀਆ ਸੀ, ਇਸ ਲਈ ਉਹਨਾਂ ਨੂੰ ਸੁਰੱਖਿਆ ਹੇਠ ਰੱਖਣਾ ਜ਼ਰੂਰੀ ਸਮਝਿਆ ਜਾਂਦਾ ਸੀ।

ਭਾਰਤ ਵਿੱਚ ਵੇਸਵਾ ਗਮਨ ਧੰਦੇ ਜਾਂ ਰੁਜਗਾਰ ਦੇ ਰੂਪ ਵਿੱਚ ਕਦੋਂ ਸ਼ੁਰੂ ਹੋਇਆ ਇਸ ਬਾਰੇ ਪੱਕੇ ਤੌਰ ’ਤੇ ਕੁੱਝ ਕਿਹਾ ਨਹੀਂ ਜਾ ਸਕਦਾ। ਪਤੀ ਵੱਲੋਂ ਪਤਨੀ ਨੂੰ ਜਾਇਦਾਦ ਮੰਨਣ ਤੋਂ ਕੁੱਝ ਸਮੇਂ ਬਾਅਦ ਹੀ ਵੇਸਵਾ ਗਮਨ ਰੁਜਗਾਰ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਆਦਿਪਰਵ ਵਿੱਚ ਵੇਸਵਾਵਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਇਸ ਸਮੇਂ ਇਸਤਰੀਆਂ ਨੂੰ ਆਮ ਹੀ ਮਰਦਾਂ ਦੇ ਭੋਗਣ ਲਈ ਵਸਤੂ ਦੇ ਰੂਪ ਵਿੱਚ ਜਾਂ ਮਹਿਮਾਨਾਂ ਨੂੰ ਤੋਹਫ਼ੇ ਦੇ ਰੂਪ ਵਿੱਚ ਦਿੱਤਾ ਜਾਣ ਲੱਗਿਆ ਸੀ। ਕਈ ਲੋਕ ਆਪਣੀਆਂ ਸੁੰਦਰ ਲੜਕੀਆਂ ਨੂੰ ਆਪਣੀਆਂ ਭੌਤਿਕ ਜ਼ਰੂਰਤਾਂ ਪੂਰੀਆਂ ਕਰਨ ਖਾਤਿਰ ਅਮੀਰ ਲੋਕਾਂ ਨੂੰ ਵੇਚ ਦਿੰਦੇ ਸਨ।

ਮਹਾਂਭਾਰਤ ਮਹਾਂਕਾਵਿ ਵੀ ਰਾਮਾਇਣ ਦੀ ਤਰ੍ਹਾਂ ਇਸਤਰੀ ਦੀ ਸਥਿਤੀ ਨੂੰ ਬਿਆਨ ਕਰਦਾ ਹੈ। ਇਸ ਵਿੱਚ ਪ੍ਰਾਪਤ ਇਸਤਰੀਆਂ ਦ੍ਰੋਪਦੀ, ਗਾਂਧਾਰੀ, ਦਮਯੰਤੀ, ਕੁੰਤੀ ਦੇ ਚਰਿੱਤਰ ਤੋਂ ਇਸਤਰੀ ਦੀ ਤਰਸਯੋਗ ਹਾਲਤ ਦਾ ਅੰਦਾਜ਼ਾ ਲੱਗਦਾ ਹੈ।

**ਮੰਨੂ ਸਮਰਿਤੀ:**

ਮਹਾਂਕਾਵਿ ਕਾਲ ਤੋਂ ਬਾਅਦ ਮੰਨੂ ਦੇ ਵਿਚਾਰਾਂ ਦਾ ਸਮਾਂ ਮੰਨਿਆ ਜਾਂਦਾ ਹੈ। ਸਮਰਿਤੀਆਂ ਮਨੁੱਖੀ ਉਤਪਤ ਹਨ, ਜੋ ਸਮਾਜ ਵਿੱਚ ਪ੍ਰਭਾਵਮਈ ਸਿੱਧ ਹੋਈਆਂ ਹਨ। ਇਹਨਾਂ ਸਮਰਿਤੀਆਂ ਵਿੱਚੋਂ ਮਨੂੰ ਸਮਰਿਤੀ ਨੂੰ ਜ਼ਿਆਦਾ ਪ੍ਰਮਾਣਿਕ ਜਾਂ ਅਹੁਦੇਦਾਰ ਮੰਨਿਆ ਗਿਆ ਹੈ। ਮਨੂੰ ਸਮਰਿਤੀ ਨੀਤੀ ਅਤੇ ਕਾਨੂੰਨ ਨਿਰਧਾਰਿਤ ਕਰਨ ਵਾਲਾ ਪਹਿਲਾ ਗ੍ਰੰਥ ਹੈ। ਕਾਨੂੰਨ ਦੇ ਮੂਲ ਉਤਪਤ ਦਾ ਤਾਜ ਭਾਰਤ ਵਿੱਚ ਮੰਨੂ ਸਿਰ ਹੈ। ਇਹ ਗ੍ਰੰਥ ਪ੍ਰਾਚੀਨ ਭਾਰਤੀ ਸਮਾਜ, ਹਿੰਦੂ ਜਾਤੀ ਪ੍ਰਥਾ, ਕਾਨੂੰਨ ਅਤੇ ਜ਼ਿੰਦਗੀ ਦੇ ਅਲੱਗ-ਅਲੱਗ ਪੜਾਵਾਂ ਲਈ ਨਿਯਮਾਂ ਦੇ ਸੰਗ੍ਰਹਿ ਉੱਪਰ ਚਾਨਣਾ ਪਾਉਂਦਾ ਹੈ।

ਇਸ ਗ੍ਰੰਥ ਵਿੱਚ ਵਰਣ ਵਿਵਸਥਾ ਨੂੰ ਸਮਾਜ ਦਾ ਮੁੱਖ ਆਧਾਰ ਮੰਨਿਆ ਗਿਆ ਹੈ। ਜਿਸ ਕਾਰਨ ਜਾਤ ਅਤੇ ਗੌਤ ਦੀ ਬਜਾਇ ਵਰਣਾਂ ਨੂੰ ਮਹੱਤਤਾ ਦਿੱਤੀ ਜਾਣ ਲੱਗੀ ਸੀ। ਬ੍ਰਾਹਮਣਾਂ ਨੂੰ ਉੱਚੇ ਅਤੇ ਸ਼ੂਦਰਾਂ

ਨੂੰ ਨੀਵੇਂ ਮੰਨਦੇ ਹੋਏ ਇਹਨਾਂ ਲਈ ਕਠੋਰ ਦੰਡ ਨਿਰਧਾਰਤ ਕੀਤੇ ਗਏ। ਮਨੂੰ ਸਮਰਿਤੀ ਨੂੰ ਜਾਤ-ਪ੍ਰਥਾ ਵਧਾਉਣ ਵਾਲਾ ਗ੍ਰੰਥ ਵੀ ਮੰਨਿਆ ਜਾਂਦਾ ਹੈ।

ਆਰੀਆ ਲੋਕਾਂ ਦੀ ਧਰਮ ਮਰਯਾਦਾ ਦਾ ਸੂਤ੍ਰਕਾਰਕ ਮਨੂੰ ਇਸਤਰੀ ਨੂੰ ਵੀ ਬੁਨਿਆਦੀ ਤੌਰ 'ਤੇ ਅਪਵਿੱਤਰ ਅਤੇ ਦੁਰਾਚਾਰੀ ਮੰਨਦਾ ਸੀ। ਇਸ ਕਾਲ ਵਿੱਚ ਇਸਤਰੀ ਨੇ ਪਹਿਲਾਂ ਦੀ ਤਰ੍ਹਾਂ ਦੈਵੀ ਸੱਤਾ ਪ੍ਰਾਪਤ ਨਹੀਂ ਕੀਤੀ ਸਗੋਂ ਉਸ ਦੀ ਹੋਂਦ ਬਿਲਕੁਲ ਹੀ ਡਾਵਾਂਡੋਲ ਹੋ ਗਈ ਸੀ। ਇਸਤਰੀਆਂ ਨੂੰ ਸ਼ੂਦਰਾਂ ਬਰਾਬਰ ਮੰਨੇ ਜਾਣ ਕਾਰਨ ਹਰ ਪੱਖ ਤੋਂ ਬੰਧਨ ਲੱਗੇ ਹੋਏ ਸੀ ਇੱਥੋਂ ਤੱਕ ਕਿ ਮੰਤਰਾਂ ਦਾ ਜਾਪ ਅਤੇ ਧਾਰਮਿਕ ਸੰਸਕਾਰ ਕਰਨ ਦਾ ਵੀ ਕੋਈ ਅਧਿਕਾਰ ਨਹੀਂ ਰਿਹਾ ਸੀ।[84] ਵੇਦਾਂ ਦੇ ਅਧਿਐਨ ਤੋਂ ਵੰਚਿਤ ਇਸਤਰੀਆਂ ਲਈ *ਉਪਨਯਨ ਸੰਸਕਾਰ* ਦੀ ਕੋਈ ਅਹਿਮੀਅਤ ਨਹੀਂ ਸੀ। ਮੰਨੂ ਅਨੁਸਾਰ, "ਪਤੀ ਹੀ ਕੰਨਿਆ ਦਾ ਆਚਾਰਯ, ਵਿਆਹ ਹੀ ਉਸ ਦਾ ਜਨੇਊ ਸੰਸਕਾਰ, ਪਤੀ ਸੇਵਾ ਉਸਦਾ ਆਸ਼੍ਰਮ-ਨਿਵਾਸ, ਤੇ ਗ੍ਰਿਸਤੀ ਕੰਮ ਧੰਦਾ ਹੀ ਉਸ ਦਾ ਰੋਜਾਨਾ ਧਰਮ ਕਰਮ ਹੈ।"[85] ਮੰਨੂ ਅਨੁਸਾਰ ਇਸਤਰੀ ਯੱਗ ਵਿੱਚ ਕਰਤਾ ਰੂਪ ਵਿੱਚ ਹੋਮ ਕਰਨ ਨਾਲ ਨਰਕ ਦੀ ਭਾਗੀ ਬਣਦੀ ਹੈ।[86] ਇੱਥੋਂ ਤੱਕ ਕਿ ਇਸਤਰੀ ਦੀ ਸ਼ਮੂਲੀਅਤ ਵਾਲੇ ਯੱਗਾਂ ਵਿੱਚ ਬ੍ਰਾਹਮਣਾਂ ਨੂੰ ਭੋਜਨ ਕਰਨ ਦੀ ਮਨਾਹੀ ਕੀਤੀ ਜਾਂਦੀ ਸੀ।[87]

ਅਜਿਹੇ ਸਮਾਜ ਵਿੱਚ ਇਸਤਰੀ ਨੂੰ ਹਰ ਰੂਪ ਵਿੱਚ ਨੀਵਾਂ ਸਮਝਿਆ ਜਾਂਦਾ ਸੀ। ਲੜਕੀ ਦੇ ਜਨਮ ਨੂੰ ਚੰਗਾ ਨਹੀਂ ਮੰਨਿਆ ਜਾਂਦਾ ਸੀ ਪਰ ਫਿਰ ਵੀ ਇਸ ਸਮੇਂ ਲੜਕੀ ਹੱਤਿਆ ਨੂੰ ਭਿਆਨਕ ਪਾਪ ਮੰਨਦੇ ਸੀ। ਮੰਨੂ ਅਨੁਸਾਰ ਲੜਕੀ ਦੇ ਜਨਮ 'ਤੇ ਉਸਦੀ ਚੰਗੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ। ਉਸਨੂੰ ਦੁਖੀ ਕਰਨ ਨਾਲ ਸਾਰੇ ਖਾਨਦਾਨ ਜਾਂ ਕੁਲ ਦਾ ਨਾਸ਼ ਹੁੰਦਾ ਹੈ। ਪਿਤਾ ਅਤੇ ਪਿਤਾ ਤੋਂ ਬਾਅਦ ਭਰਾ ਲੜਕੀ ਦੇ ਰੱਖਿਅਕ ਹੁੰਦੇ ਸਨ। ਪਿਤਾ ਅਤੇ ਭਰਾ ਦੀ ਆਗਿਆ ਬਿਨਾਂ ਲੜਕੀਆਂ ਕਿਸੇ ਵੀ ਕੰਮ ਲਈ ਸੁਤੰਤਰ ਨਹੀਂ ਸਨ। ਭਾਵ ਜਨਮ ਤੋਂ ਲੈ ਕੇ ਮਰਨ ਤੱਕ ਮਰਦ ਦੇ ਅਧੀਨ ਰਹਿਣਗੀਆਂ। ਲੜਕੀਆਂ ਆਮ ਤੌਰ 'ਤੇ ਸਿੱਖਿਆ ਪ੍ਰਾਪਤ ਕਰਨ ਦੀਆਂ ਅਧਿਕਾਰੀ ਮੰਨੀਆਂ ਜਾਂਦੀਆਂ ਸੀ ਪਰ ਉਹਨਾਂ ਨੂੰ ਵੈਦਿਕ ਗ੍ਰੰਥਾਂ ਦੇ ਅਧਿਐਨ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਇਸਤਰੀਆਂ ਲਈ ਅਧਿਐਨ ਜਾਂ ਸਿੱਖਿਆ ਕਾਰਜ ਘਰ

84 "If they are destitute of moral strength and know not the Vedas, and are impure and false thee are no rites for them. Women should not perform any sacrifice or vow, no fast must be performed by them apart from their husbands and no girl or young women has the right to offer Agnihotra."
Maya Majumdar (ed.), *Encyclopaedia of Gender Equality Through Women Empowerment*, Vol .2, Sarup & Sons, New Delhi, 2005, p. 8.

85 ਪਿਆਰਾ ਸਿੰਘ ਪਦਮ, *ਗੁਰੂ ਘਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 301.

86 ਮੰਨੂ ਸਮਰਿਤੀ, 11.36.

87 ਉਹੀ, 4.205.

ਵਿੱਚ ਹੀ ਹੁੰਦਾ ਸੀ। ਦੂਸਰੇ ਪਾਸੇ ਮਰਦ 24-25 ਸਾਲ ਗੁਰੂਕੁਲ ਵਿੱਚ ਰਹਿਕੇ ਸਿੱਖਿਆ ਗ੍ਰਹਿਣ ਕਰਦੇ ਸਨ।

ਸਿੱਖਿਆ ਤੋਂ ਵੰਚਿਤ ਹੋਣ ਦੇ ਨਾਲ ਹੀ ਲੜਕੀਆਂ ਦੇ ਬਾਲ-ਵਿਆਹ ਦਾ ਪ੍ਰਚਲਨ ਵੀ ਸੀ। ਮੰਨੂ ਨੇ ਇੱਕ ਪਾਸੇ ਲੜਕੀ ਦੇ ਛੋਟੀ ਉਮਰ ਵਿੱਚ ਹੀ ਵਿਆਹ ਕਰਨ ਦੀ ਸਲਾਹ ਦਿੱਤੀ[88] ਅਤੇ ਦੂਸਰੇ ਪਾਸੇ ਅਯੋਗ ਲੜਕੇ ਨੂੰ ਲੜਕੀ ਦੇਣ ਦੀ ਥਾਂ 'ਤੇ ਘਰ ਵਿੱਚ ਹੀ ਰੱਖਣ ਦੀ ਗੱਲ ਕੀਤੀ ਹੈ।[89] ਕੰਨਿਆਦਾਨ ਸਮੇਂ ਸਿਰ ਨਾ ਕਰ ਸਕਣ ਵਾਲੇ ਪਿਤਾ ਨੂੰ ਸਮਾਜ ਵੱਲੋਂ ਨਿੰਦਿਆ ਜਾਂਦਾ ਸੀ। ਮੰਨੂ ਅਨੁਸਾਰ 12 ਸਾਲਾਂ ਦੀ ਲੜਕੀ ਦੇ ਲਈ ਤੀਹ ਸਾਲ ਦੀ ਉਮਰ ਵਾਲਾ ਅਤੇ ਜ਼ਰੂਰਤ ਅਨੁਸਾਰ 8 ਸਾਲ ਦੀ ਲੜਕੀ ਦਾ 24 ਸਾਲ ਦੀ ਉਮਰ ਦੇ ਲੜਕੇ ਨਾਲ ਵਿਆਹ ਸਹੀ ਮੰਨਿਆ ਗਿਆ ਸੀ।[90]

ਛੋਟੀ ਉਮਰ ਵਿੱਚ ਵਿਆਹ ਹੋਣ ਕਾਰਨ ਇਸਤਰੀਆਂ ਦਾ ਜੀਵਨ ਖੇਤਰ ਘਰ ਦੇ ਕਾਰਜਾਂ ਅਤੇ ਕਰਤੱਵਾਂ ਦੀ ਪਾਲਨਾ ਕਰਨ ਤੱਕ ਹੀ ਸੀਮਿਤ ਸੀ। ਅਜਿਹੇ ਮਾਹੌਲ ਵਿੱਚ ਪਤੀ ਨੂੰ ਸੂਝਵਾਨ ਸਮਝਿਆ ਜਾਂਦਾ ਸੀ ਅਤੇ ਉਸਦਾ ਪਤਨੀ ਉੱਪਰ ਪੂਰਾ ਨਿਯੰਤਰਨ ਵੀ ਹੁੰਦਾ ਸੀ। ਇਸ ਤਰ੍ਹਾਂ ਪਤੀ ਦੀ ਸੇਵਾ ਕਰਨਾ ਹੀ ਪਤਨੀ ਦਾ ਸਭ ਤੋਂ ਵੱਡਾ ਧਰਮ ਬਣ ਗਿਆ ਸੀ। ਮੰਨੂ ਅਨੁਸਾਰ ਮਨ, ਤਨ ਅਤੇ ਧਨ ਤੋਂ ਪਤੀ ਦੀ ਸੇਵਾ ਕਰਨ ਵਾਲੀ ਪਤਨੀ ਮੌਤ ਉਪਰੰਤ ਪਤੀ ਲੋਕ ਦੀ ਪ੍ਰਾਪਤੀ ਕਰਦੀ ਹੈ।[91] ਇੱਕ ਪਤਨੀ ਲਈ ਪਤੀ ਹੀ ਸਭ ਕੁੱਝ ਮੰਨਿਆ ਜਾਂਦਾ ਸੀ, ਉਸਨੂੰ ਆਪਣਾ ਆਪ ਸਮਰਪਿਤ ਕਰ ਕੇ ਪਿਆਰ ਕਰਨਾ ਅਤੇ ਉਸ ਪ੍ਰਤੀ ਸਾਰੇ ਫ਼ਰਜ਼ਾਂ ਨੂੰ ਪੂਰਾ ਕਰਨਾ ਹੀ ਇਸਤਰੀ ਨੂੰ ਨਿਖਾਰਦਾ ਸੀ।[92]

ਪਤਨੀ ਤੋਂ ਹਰ ਸਮੇਂ ਘਰੇਲੂ ਕਾਰਜਾਂ ਵਿੱਚ ਮਗਨ, ਘੱਟ ਖਰਚੀਲੀ, ਹਸਮੁੱਖ ਅਤੇ ਸਾਫ਼-ਸੁਥਰੀ ਰਹਿਣ ਜਿਹੇ ਗੁਣਾਂ ਨਾਲ ਭਰਪੂਰ ਹੋਣ ਦੀ ਆਸ ਕੀਤੀ ਜਾਂਦੀ ਸੀ। ਕਈ ਥਾਵਾਂ 'ਤੇ ਮੰਨੂ ਇਸਤਰੀ ਨੂੰ ਬੋਝ ਨਕਾਰਦੇ ਹੋਏ ਘਰ ਵਿੱਚ ਲਕਸ਼ਮੀ ਦਾ ਦਰਜਾ ਦਿੰਦੇ ਸਨ। ਮੰਨੂ ਸੁਖੀ ਗ੍ਰਹਿਸਤ ਨੂੰ ਬਿਆਨਦੇ ਹੋਏ ਕਹਿੰਦੇ ਕਿ ਜਿਸ ਘਰ ਵਿੱਚ ਪਤੀ ਪਤਨੀ ਇੱਕ ਦੂਸਰੇ ਤੋਂ ਸੰਤੁਸ਼ਟ ਹਨ, ਉਸ ਘਰ ਦਾ ਕਲਿਆਣ ਹੁੰਦਾ ਹੈ।[93] ਦੂਸਰੇ ਪਾਸੇ ਮੰਨੂ ਪਤੀ ਦੇ ਗੁਣਹੀਨ ਹੋਣ 'ਤੇ ਵੀ ਦੇਵਤਾ ਸਮਾਨ ਪੂਜਣ ਦੀ ਸਲਾਹ ਦਿੰਦੇ ਸਨ।

---

88 ਉਹੀ, 9.88.

89 ਉਹੀ, 9.89.

90 ਉਹੀ, 9.94.

91 ਉਹੀ, 5.165-166.

92 "For a woman her husband should be everything. Through devotion and love for him, she fulfills her duty and develops her highest personality."
Maya Majumdar(ed.), *Encyclopaedia of Gender Equality Through Women Empowerment*, Vol.2, p. 8.

93 ਮੰਨੂ ਸਮਰਿਤੀ, 3.60; 3.56.

ਇਸਤਰੀਆਂ ਦੇ ਲਈ ਹੀ ਪਤੀਵਰਤਾ ਹੋਣ ਦੀ ਹਦਾਇਤ ਸੀ, ਮਰਦਾਂ ਲਈ ਅਜਿਹਾ ਕੋਈ ਬੰਧਨ ਨਹੀਂ ਸੀ। ਪਤਨੀ ਨੂੰ ਪਤੀ ਕਿਸੇ ਗ਼ਲਤੀ ਜਾਂ ਦੋਸ਼ ਹੋਣ 'ਤੇ ਆਮ ਹੀ ਛੱਡ ਦਿੰਦੇ ਸਨ ਪਰ ਪਤਨੀ ਛੱਡੇ ਜਾਣ 'ਤੇ ਵੀ ਆਜ਼ਾਦੀ ਵਾਲਾ ਜੀਵਨ ਨਹੀਂ ਬਿਤਾ ਸਕਦੀ ਸੀ।[94] ਪਤੀ ਦੀ ਮੌਤ ਤੋਂ ਬਾਅਦ ਵੀ ਪਤਨੀ ਨੂੰ ਸਾਰੀ ਉਮਰ ਵਿਧਵਾ ਦੇ ਰੂਪ ਵਿੱਚ ਜੀਵਨ ਗੁਜਾਰਨ ਦੀ ਹਦਾਇਤ ਸੀ। ਉਸ ਉੱਪਰ ਖਾਣ-ਪੀਣ ਤੋਂ ਲੈ ਕੇ ਪਹਿਨਣ ਤੱਕ ਕਈ ਤਰ੍ਹਾਂ ਦੀਆਂ ਰੋਕਾਂ ਲੱਗਦੀਆਂ ਸਨ। ਸਾਰੀ ਉਮਰ ਕਿਸੇ ਪਰਾਏ ਮਰਦ ਦਾ ਨਾਂ ਲੈਣ ਦੀ ਇਜ਼ਾਜਤ ਵੀ ਨਹੀਂ ਹੁੰਦੀ ਸੀ।[95] ਮੰਨੂ ਅਨੁਸਾਰ ਵਿਧਵਾ ਇਸਤਰੀ ਪਤੀਵਰਤਾ ਨਿਯਮਾਂ ਦਾ ਉਲੰਘਨ ਨਾ ਕਰੇ, ਕਿਉਂਕਿ ਇੱਕ ਵਾਰ ਵਿਆਹ ਹੋਣ ਬਾਅਦ ਉਸ ਲਈ ਸਭ ਮਰਦ ਪਰਾਏ ਹੋ ਜਾਂਦੇ ਹਨ। ਵਿਧਵਾ ਇਸਤਰੀ ਨੂੰ ਸਮਾਜ ਵਿੱਚ ਪ੍ਰਚਲਿਤ ਨਰਕ-ਅਗਨੀ ਵਿੱਚ ਸੜਦੇ ਹੋਏ ਸਾਦਗੀ ਦਾ ਜੀਵਨ ਗੁਜਾਰਨਾ ਪੈਂਦਾ ਸੀ।

ਇਸਤਰੀ ਨੂੰ ਉਸਦੇ ਪਿਤਾ ਅਤੇ ਪਤੀ ਦੀ ਸੰਪਤੀ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ ਸੀ। ਇੱਥੋਂ ਤੱਕ ਕਿ ਪਤੀ ਦੀ ਮੌਤ ਉਪਰੰਤ ਵਿਧਵਾ ਨੂੰ ਵੀ ਪਤੀ ਦੀ ਸੰਪਤੀ ਦਾ ਕੋਈ ਅਧਿਕਾਰ ਨਹੀਂ ਸੀ। ਸਮਰਿਤੀ ਕਾਲ ਵਿੱਚ ਇਸਤਰੀਆਂ ਦੇ ਹੱਕ ਸ਼ੂਦਰਾਂ, ਦਾਸਾਂ ਅਤੇ ਬੱਚਿਆਂ ਸਮਾਨ ਹੋ ਚੁੱਕੇ ਸੀ।[96]

ਮੰਨੂ ਸਮਰਿਤੀ ਵਿੱਚ ਇਸਤਰੀ ਦੇ ਹਰ ਰੂਪ ਨਾਲੋਂ ਮਾਂ ਰੂਪ ਨੂੰ ਉੱਚ ਸਥਾਨ ਮਿਲਿਆ। ਮੰਨੂ ਦਾ ਵਿਚਾਰ ਹੈ ਕਿ ਪੁੱਤਰਾਂ ਨੂੰ ਹਮੇਸ਼ਾ ਮਾਂ ਦੀ ਸੇਵਾ ਅਤੇ ਆਦਰ ਸਤਿਕਾਰ ਕਰਨਾ ਚਾਹੀਦਾ ਕਿਉਂਕਿ ਮਾਂ ਧਰਤੀ ਦੀ ਹੀ ਮੂਰਤ ਹੈ।[97] ਜੋ ਹਰ ਦੁੱਖ-ਸੁੱਖ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦੀ ਹੈ। ਜੰਗਲਾਂ ਵਿੱਚ ਜਾਕੇ ਤਪ ਕਰਨ ਦੀ ਥਾਂ 'ਤੇ ਮਾਂ ਦੀ ਸੇਵਾ ਨੂੰ ਜ਼ਿਆਦਾ ਗੁਣਕਾਰੀ ਅਤੇ ਫ਼ਲਦਾਇਕ ਦੱਸਿਆ ਸੀ। ਮੰਨੂ ਮਾਂ ਦੇ ਉਪਕਾਰਾਂ ਦੀ ਸਲਾਘਾ ਕਰਦੇ ਹੋਏ ਕਹਿੰਦੇ ਹਨ ਕਿ ਬੱਚਾ ਉਸਦੇ ਪਾਲਣ ਪੋਸ਼ਣ ਜਿਹੇ ਕਰਜ਼ ਨੂੰ ਕਦੇ ਵੀ ਚੁੱਕਾ ਨਹੀਂ ਸਕਦਾ। ਮਾਂ ਰੂਪ ਵਿੱਚ ਆਦਰ ਸਤਿਕਾਰ ਦੇਣ ਦੇ ਬਾਵਜੂਦ ਮੰਨੂ ਇਹ ਨਹੀਂ ਭੁੱਲੇ ਸੀ ਕਿ ਮਾਂ ਵੀ ਇੱਕ ਇਸਤਰੀ ਹੈ। ਮਾਂ ਰੂਪ ਵਿੱਚ ਵੀ ਇਸਤਰੀ ਲਈ ਕੁੱਝ ਸੀਮਾਵਾਂ ਨਿਰਧਾਰਿਤ ਕੀਤੀਆਂ ਹੋਈਆਂ ਸਨ। ਮਾਂ ਨੂੰ ਪੁੱਤਰ ਦੀ ਸੁਰੱਖਿਆ ਹੇਠ ਰਹਿਣ ਦੀ ਹਦਾਇਤ ਦਿੱਤੀ ਗਈ ਸੀ।

---

94 "But, even though discarded, the wife has no right to regard herself as free: for neither by sale nor by repudiation is a wife released from the husband."
Swami Madhananda & R.C.Majumdar (eds.), *Great Women of India*, pp. 19-20.

95 "The cardinal principle is that the wife should ever remain obedient to her husband, must never do anything that might displease him, and, faithful to his memory after his death, should not think of any other man.(5.151)"
Ibid, p. 19.

96 "The rights of women in practically all law books are identified with those of sudras, slaves and children."
P.Thomas, *Indiam Women Through the Ages*, p. 220.

97 ਮੰਨੂ ਸਮਰਿਤੀ, 2.226.

ਇਸਤਰੀ ਨੂੰ ਹਮੇਸ਼ਾ ਹੀ ਸੰਕਟ ਸਮੇਂ ਮਰਦ ਦੀ ਸੁਰੱਖਿਆ ਹੇਠ ਰਹਿਣ ਨੂੰ ਕਿਹਾ ਜਾਂਦਾ ਸੀ। ਇਸਤਰੀ ਨੂੰ ਸਰੀਰਕ ਪੱਖੋਂ ਕਮਜ਼ੋਰ ਹੋਣ ਦੇ ਨਾਲ ਹੀ ਮਾਨਸਿਕ ਪੱਖ ਤੋਂ ਵੀ ਕਮਜ਼ੋਰ ਅਤੇ ਅਵਿਸ਼ਵਾਸਯੋਗ ਮੰਨਿਆ ਜਾਂਦਾ ਸੀ। ਮੰਨੂ ਇਸਤਰੀਆਂ ਦੀ ਬੌਧਿਕ ਹੀਣਤਾ ਦਾ ਕਾਰਨ ਬ੍ਰਹਮਾ ਨੂੰ ਦੱਸਦੇ ਸਨ, ਇਹਨਾਂ ਅਨੁਸਾਰ ਬ੍ਰਹਮਾ ਨੇ ਸ੍ਰਿਸ਼ਟੀ ਰਚਨਾ ਕਰਦੇ ਸਮੇਂ ਕਾਮ-ਕ੍ਰੋਧ, ਕੁਟਿਲਤਾ, ਦੁਰਆਚਰਨ, ਗਹਿਣਿਆਂ ਨਾਲ ਪਿਆਰ ਆਦਿ ਇਸਤਰੀਆਂ ਲਈ ਬਣਾਏ ਸਨ। ਮੰਨੂ ਨੇ ਇਸਤਰੀਆਂ ਦੇ ਸੁਭਾਅ ਵਿੱਚ ਛੇ ਦੋਸ਼ਾਂ ਦਾ ਵਰਣਨ ਕੀਤਾ ਹੈ: ਮਦਿਰਾ ਦਾ ਸੇਵਨ, ਦੁਸ਼ਟਾਂ ਦਾ ਸੰਗ ਕਰਨਾ, ਪਤੀ ਦੇ ਨਾਲ ਵਿਯੋਗ ਰੱਖਣਾ, ਇਧਰ-ਉੱਧਰ ਘੁੰਮਣਾ, ਸਮੇਂ ਸਿਰੇ ਨਾ ਸੋਣਾ ਅਤੇ ਦੂਸਰਿਆਂ ਦੇ ਘਰਾਂ ਵਿੱਚ ਨਿਵਾਸ ਕਰਨਾ।[98] ਇਸ ਸਭ ਦੇ ਕਾਰਨ ਇਸਤਰੀਆਂ ਨੂੰ ਅਪਵਿੱਤਰ ਮੰਨਦੇ ਹੋਏ ਸੁਰੱਖਿਆ ਹੇਠ ਰੱਖਿਆ ਜਾਂਦਾ ਸੀ। ਇਸ ਦੇ ਬਾਵਜੂਦ ਵੀ ਇਸਤਰੀ ਵਿਭਚਾਰ ਜਿਹਾ ਪਾਪ ਕਰਦੀ ਤਾਂ ਉਸ ਲਈ ਪ੍ਰਾਣ ਦੰਡ ਨਿਸ਼ਚਿਤ ਕੀਤਾ ਜਾਂਦਾ ਸੀ। ਪਰਾਏ ਮਰਦ ਸਾਹਮਣੇ ਪਤੀ ਦਾ ਅਪਮਾਨ ਕਰਨ ਵਾਲੀ ਇਸਤਰੀ ਨੂੰ ਸਾਵਰਜਨਿਕ ਥਾਂ 'ਤੇ ਕੁੱਤਿਆਂ ਦੁਆਰਾ ਕਟਵਾਉਣ ਦਾ ਦੰਡ ਪ੍ਰਚਲਿਤ ਸੀ। ਗ਼ਲਤੀ ਕਰਨ 'ਤੇ ਪਤਨੀ ਨੂੰ ਰੱਸੀ ਅਤੇ ਬਾਂਸ ਦੀ ਸੋਟੀ ਨਾਲ ਵੀ ਕੁੱਟਣ ਦਾ ਰਿਵਾਜ ਪ੍ਰਚਲਿਤ ਸੀ।[99]

ਮੰਨੂ ਸਮਰਿਤੀ ਦੇ ਕਾਰਨ ਸਭ ਤੋਂ ਵੱਡਾ ਬਦਲਾਅ ਇਸਤਰੀ ਦੀ ਸਥਿਤੀ ਵਿੱਚ ਹੋਇਆ ਸੀ। ਇਸਤਰੀ ਨੂੰ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਵਿਅਕਤੀਗਤ ਹਰ ਪੱਖ ਤੋਂ ਸੀਮਤ ਕਰ ਦਿੱਤਾ ਗਿਆ ਸੀ।

**ਜੈਨ ਧਰਮ:**

ਜੈਨ ਧਰਮ ਸ਼੍ਰਮਣ ਪਰੰਪਰਾ ਦੀ ਉਪਜ ਮੰਨਿਆ ਜਾਂਦਾ ਹੈ ਜੋ ਕਿ ਸੰਸਾਰ ਦੇ ਪੁਰਾਣੇ ਧਰਮਾਂ ਵਿੱਚੋਂ ਇੱਕ ਹੈ। ਜੈਨ ਧਰਮ ਦੀ ਪਰੰਪਰਾ ਅਨੁਸਾਰ 24 ਤੀਰਥੰਕਰਾਂ ਦੀ ਇਸ ਧਰਤੀ ਉੱਪਰ ਆਮਦ ਹੋਈ ਸੀ, ਇਹਨਾਂ ਵਿੱਚੋਂ ਭਗਵਾਨ ਮਹਾਵੀਰ ਇੱਕ ਸਨ। ਜੋ ਮਹਾਤਮਾ ਬੁੱਧ ਦੇ ਸਮਕਾਲੀ ਸਨ। ਜੈਨ ਪਰੰਪਰਾ ਅਨੁਸਾਰ ਇਹਨਾਂ ਤੋਂ ਪਹਿਲਾਂ 23 ਤੀਰਥੰਕਰ ਹੋ ਚੁੱਕੇ ਸਨ। ਭਗਵਾਨ ਮਹਾਵੀਰ ਨੇ 23ਵੇਂ ਤੀਰਥੰਕਰ

---

98 ਉਹੀ, 9.16,17,13.;
"The creator implanted in them carnal passions, love for ornament, impure desires, wrath, dishonesty, malice and bad conduct."
Swami Madhananda & R.C.Majumdar (eds.), *Great Women of India*, p. 19.

99 "Elsewhere we read that a wife who has committed faults may be beaten with a rope or a split bamboo."
Ibid, p. 19.

ਪਾਰਸ਼ਵਨਾਥ ਦੇ ਸਿਧਾਂਤਾਂ, ਵਿਚਾਰਾਂ ਅਤੇ ਕਾਰਜਾਂ ਨੂੰ ਹੀ ਨਵਾਂ ਜੀਵਨ ਦਾਨ ਬਖ਼ਸ਼ਿਆ ਸੀ। ਭਗਵਾਨ ਮਹਾਵੀਰ ਪਿੱਛੋਂ ਜੈਨੀ ਦੋ ਸ਼ਾਖਾਵਾਂ ਵਿੱਚ ਵੰਡੇ ਗਏ (1) ਸ਼ਵੇਤੰਬਰ ਜੋ ਚਿੱਟੇ ਕੱਪੜੇ ਪਹਿਨਦੇ ਸਨ ਅਤੇ (2) ਦਿਗੰਬਰ ਜੋ ਅਲਫ਼ ਨਗਨ ਰਹਿੰਦੇ ਸਨ।

ਭਗਵਾਨ ਮਹਾਵੀਰ ਦੇ ਸਮੇਂ ਸਮਾਜ ਅਡੰਬਰਾਂ ਅਤੇ ਰੀਤੀ ਰਿਵਾਜਾਂ ਨੂੰ ਹੀ ਧਰਮ ਸਵੀਕਾਰਦਾ ਸੀ। ਇਸ ਸਮੇਂ ਭਾਰਤ ਹੀ ਨਹੀਂ ਸਗੋਂ ਸਾਰਾ ਸੰਸਾਰ ਅੰਧੇਰਮਈ ਜ਼ਿੰਦਗੀ ਵਿੱਚ ਫੱਸਿਆ ਹੋਇਆ ਸੀ। ਭਗਵਾਨ ਮਹਾਵੀਰ ਨੇ ਸਮਾਜ ਦੀ ਸਥਿਤੀ ਨੂੰ ਉੱਚ ਕਰਨ ਦਾ ਉਪਰਾਲਾ ਕੀਤਾ ਅਤੇ ਲੋਕਾਂ ਨੂੰ ਜੀਵਨ ਜਿਉਂਣ ਦੀ ਚੰਗੀ ਸੇਧ ਦਿੱਤੀ। ਜੈਨ ਧਰਮ ਦੇਵਵਾਦ, ਕਰਮਕਾਂਡ, ਹਿੰਸਾਤਮਕ ਯੱਗ, ਵਰਣ ਤੇ ਜਾਤ ਵਿਵਸਥਾ ਦਾ ਵਿਰੋਧੀ ਅਤੇ ਅਹਿੰਸਾ ਤੇ ਅਭੇਦ ਦਾ ਸਮਰਥਕ ਸੀ। ਭਗਵਾਨ ਮਹਾਵੀਰ ਨੇ ਝੂਠੇ ਦੁਨਿਆਵੀ ਕਰਮਕਾਂਡਾਂ ਤੋਂ ਉੱਪਰ ਉੱਠਣ ਅਤੇ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਦਰਸ਼ਨ ਕਰਵਾਇਆ ਸੀ। ਇਹਨਾਂ ਨੇ ਵੇਦਾਂ ਨੂੰ ਨਾ ਮੰਨ ਕੇ ਕਰਮ ਨੂੰ ਹੀ ਪ੍ਰਧਾਨਤਾ ਦਿੱਤੀ ਸੀ। ਕਰਮਾਂ ਦੇ ਅਨੁਸਾਰ ਹੀ ਜੀਵਨ ਵਿੱਚ ਸੁੱਖ-ਦੁੱਖ ਦੀ ਧਾਰਨਾ ਮੰਨੀ ਅਤੇ ਕਰਮ ਫ਼ਲ ਤੋਂ ਮੁਕਤ ਹੋਕੇ ਹੀ ਨਿਰਵਾਣ ਪ੍ਰਾਪਤੀ ਦੀ ਸੰਭਾਵਨਾ ਦੱਸੀ। ਭਗਵਾਨ ਮਹਾਵੀਰ ਨੇ ਪੰਜ ਅਣੂਵਰਤਾਂ ਅਤੇ ਮਹਾਵਰਤਾਂ ਨੂੰ (1.ਅਹਿੰਸਾ ਦਾ ਪਾਲਨ 2. ਸੱਚ ਬੋਲਣਾ 3. ਅਸਤੇਯ (ਚੋਰੀ ਨਾ ਕਰਨਾ) 4. ਬ੍ਰਹਮਚਰਜ 5. ਅਪਰਿਗ੍ਰਹਿ (ਧਨ ਨਾ ਇੱਕਠਾ ਕਰਨਾ)) ਜੀਵਨ ਦਾ ਆਧਾਰ ਦੱਸਿਆ। ਭਗਵਾਨ ਮਹਾਵੀਰ ਨੇ ਸਮਿਅਕ ਗਿਆਨ, ਸਮਿਅਕ ਦਰਸ਼ਨ ਅਤੇ ਸਮਿਅਕ ਚਰਿੱਤਰ ਉੱਪਰ ਵੀ ਜ਼ੋਰ ਦਿੱਤਾ, ਜੋ ਮੁਕਤੀ ਦੇ ਰਾਹ ਲਈ ਮੁੱਖ ਮੰਨੇ ਜਾਂਦੇ ਸਨ।

ਭਗਵਾਨ ਮਹਾਵੀਰ ਦਾ ਸਰਵ ਉੱਚ ਉਦੇਸ਼ ਜਨ ਕਲਿਆਣ ਸੀ। ਇਹਨਾਂ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਦਾ ਵਿਰੋਧ ਕਰਕੇ, ਸਦਕਰਮਾਂ ਅਤੇ ਤਪ ਉੱਪਰ ਜ਼ੋਰ ਦਿੰਦਿਆਂ ਆਤਮ ਕਲਿਆਣ ਦਾ ਮਾਰਗ ਦਿਖਾਇਆ। ਇਹਨਾਂ ਨੇ ਸਮਾਜ ਵਿੱਚੋਂ ਜਾਤ ਪ੍ਰਥਾ ਤੋਂ ਛੁਟਕਾਰਾ ਪਾਉਣ ਲਈ ਕੰਮ ਦੇ ਆਧਾਰ ’ਤੇ ਇਨਸਾਨ ਦੀ ਪਹਿਚਾਣ ਮੰਨੀ ਸੀ। ਦਾਸ ਅਤੇ ਦਾਸੀਆਂ ਨਾਲ ਹੋਣ ਵਾਲੇ ਬੁਰੇ ਵਿਵਹਾਰ ਦਾ ਵੀ ਵਿਰੋਧ ਕੀਤਾ। ਇਹਨਾਂ ਨੇ ਅਹਿੰਸਾ ਉੱਪਰ ਜ਼ੋਰ ਦਿੰਦੇ ਹੋਏ ਹਰ ਜੀਵ (ਇਨਸਾਨ, ਪਸ਼ੂ, ਜੀਵ-ਜੰਤੂ) ਉੱਪਰ ਅਤਿਆਚਾਰ ਕਰਨ ਦੀ ਮਨਾਹੀ ਕੀਤੀ।

ਭਗਵਾਨ ਮਹਾਵੀਰ ਨੇ ਸਮਾਜ ਵਿੱਚ ਨਾ-ਮਾਤਰ ਅਤੇ ਬੱਚੇ ਪੈਦਾ ਕਰਨ ਤੱਕ ਸੀਮਿਤ ਕੀਤੀ ਜਾਣ ਵਾਲੀ ਇਸਤਰੀ ਵੱਲ ਵੀ ਨਿਗ੍ਹਾ ਮਾਰੀ। ਭਗਵਾਨ ਮਹਾਵੀਰ ਨੇ ਇਸਤਰੀਆਂ ਨੂੰ ਸੰਘ ਵਿੱਚ ਪ੍ਰਵੇਸ਼ ਕਰਵਾਇਆ। ਸੰਘ ਵਿੱਚ ਰਹਿਣ ਵਾਲੇ ਸਾਧੂ ਸਾਧਵੀਆਂ ਨੂੰ ਪੂਰਨ ਰੂਪ ਵਿੱਚ ਸੰਜਮ ਰੱਖਣ ਦਾ ਆਦੇਸ਼ ਦਿੱਤਾ ਅਤੇ ਗ੍ਰਹਿਸਤ ਜੀਵਨ ਜੀ ਰਹੇ ਲੋਕਾਂ ਨੂੰ ਵੀ ਇਸਤਰੀ ਦਾ ਮਾਣ ਸਨਮਾਨ ਕਰਨ ਦੀ ਸਿੱਖਿਆ ਦਿੱਤੀ ਸੀ। ਰੇਵਤੀ, ਸੁਲਭਾ, ਤਿਰਸ਼ਲਾ ਆਦਿ ਇਸਤਰੀਆਂ ਨੇ ਧਾਰਮਿਕ ਪੱਖੋਂ ਸਰਵਉੱਚ ਸਥਾਨ ਪ੍ਰਾਪਤ

ਕੀਤਾ ਸੀ। ਜੈਨ ਧਰਮ ਦੇ ਗ੍ਰੰਥਾਂ ਵਿੱਚੋਂ ਕਈ ਉਦਾਹਰਨਾਂ ਅਜਿਹੀਆਂ ਪ੍ਰਾਪਤ ਹੁੰਦੀਆਂ ਹਨ ਜਿਹਨਾਂ ਅਨੁਸਾਰ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸਤਰੀਆਂ ਦੁਆਰਾ ਖ਼ੁਦ ਲਈ ਧਾਰਮਿਕ ਪੱਖੋਂ ਕੀ ਪ੍ਰਾਪਤੀਆਂ ਹਨ? ਅਤੇ ਉਸ ਸਮੇਂ ਇਸ ਲਿੰਗ ਦੀ ਤੀਖਣਤਾਂ ਉੱਪਰ ਕਿੰਨਾ ਕੁ ਯਕੀਨ ਕੀਤਾ ਜਾਂਦਾ ਸੀ ? ਕਲਪ ਸੂਤਰ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਸ੍ਰੇਸ਼ਠ ਸਾਧਵੀ ਪੁਸ਼ਪਚੁਲਾ (Pushpachula) ਅਤੇ 38,000 ਹੋਰ ਇਸਤਰੀਆਂ ਨੇ ਸਾਧਵੀਆਂ ਦੇ ਰੂਪ ਵਿੱਚ ਉੱਚ ਰੁਤਬਾ ਪ੍ਰਾਪਤ ਕੀਤਾ ਅਤੇ ਇਸ ਤਰ੍ਹਾਂ ਹੀ ਸੁਮਾਨਾ (Sumana) ਦੇ ਨਾਲ 326,000 ਸ਼੍ਰਾਵਿਕਾਵਾਂ ਨੇ ਉੱਚ ਦਰਜਾ ਪ੍ਰਾਪਤ ਕੀਤਾ ਸੀ।[100] ਜੈਨ ਆਗਮਾਂ ਅਨੁਸਾਰ ਕੈਵਲਯ (ਗਿਆਨ) ਦੀ ਪ੍ਰਾਪਤੀ ਤੋਂ ਬਾਅਦ ਭਗਵਾਨ ਮਹਾਵੀਰ ਕਈ ਦੇਸ਼ਾਂ ਵਿੱਚ ਗਏ ਅਤੇ ਧਾਰਮਿਕ ਉਪਦੇਸ਼ ਦਿੱਤਾ। ਉਸ ਸਮੇਂ ਹੀ ਉਹਨਾਂ ਦੇ ਧਾਰਮਿਕ ਉਪਦੇਸ਼ਾਂ ਨਾਲ 14,000 ਸਾਧੂ, 46,000 ਸਾਧਵੀਆਂ, 159,000 ਸ਼੍ਰਾਵਕ ਅਤੇ 318,000 ਸ਼੍ਰਾਵਿਕਾ ਬਣ ਚੁੱਕੇ ਸੀ।[101] ਭਗਵਾਨ ਮਹਾਵੀਰ ਦੇ ਸਮੇਂ ਵਿੱਚ ਹੀ ਪਹਿਲੀ ਇਸਤਰੀ ਆਰੀਆ ਚੰਦਨ ਭਿੱਖਣੀ ਸੰਘ ਦੀ ਮੁਖੀ ਬਣੀ ਸੀ।[102] ਅਜਿਹੀਆਂ ਕਈ ਇਸਤਰੀਆਂ ਜੈਨ ਧਰਮ ਵਿੱਚ ਹੋਈਆਂ ਜਿਹਨਾਂ ਨੇ ਧਾਰਮਿਕ ਪੱਖ ਤੋਂ ਉੱਚਾ ਦਰਜਾ ਪ੍ਰਾਪਤ ਕੀਤਾ ਸੀ।

ਮਰਦ ਦੇ ਸਮਾਨ ਅਧਿਕਾਰ ਦੇਣ ਦੇ ਨਾਲ-ਨਾਲ ਇਸਤਰੀ ਦੀ ਨਿੰਦਿਆ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਜੈਨ ਧਰਮ ਵਿੱਚ ਇਸਤਰੀ ਨੂੰ ਮੁਕਤੀ ਪ੍ਰਾਪਤ ਕਰਨ ਵਿੱਚ ਅੜਚਨ ਸਮਝਿਆ ਜਾਂਦਾ ਸੀ, ਜਿਸ ਕਾਰਨ ਉਸਦਾ ਤਿਆਗ ਵੀ ਜ਼ਰੂਰੀ ਕਰ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਇਹ ਵੀ ਕਿਹਾ ਜਾਂਦਾ ਸੀ ਕਿ ਇਸਤਰੀ ਬਾਰੇ ਮਨ ਵਿੱਚ ਵਿਚਾਰ ਲਿਆਉਣ ’ਤੇ ਵੀ ਮਲੀਨ ਦੋਸ਼ ਪੈਦਾ ਹੁੰਦਾ ਹੈ। ਇਸਤਰੀ ਦੀ ਮਨੋਸਥਿਤੀ ਬਿਆਨ ਕਰਦੇ ਹੋਏ ਕਿਹਾ ਕਿ ਇਸਤਰੀ ਮਨ ਤੋਂ ਕੁੱਝ ਹੋਰ, ਬੋਲਣ ਸਮੇਂ ਕੁੱਝ ਹੋਰ, ਕੰਮ ਸਮੇਂ ਕੁੱਝ ਹੋਰ ਹੁੰਦੀ ਹੈ। ਇਸ ਲਈ ਉਸ ਉੱਪਰ ਵਿਸ਼ਵਾਸ ਨਹੀਂ ਕਰਨਾ ਚਾਹੀਦਾ।[103] ਇਸਤਰੀ ਲਈ ਨਿੰਦਿਤ ਜਾਂ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਕੇ ਉਸ ਪ੍ਰਤੀ ਨਫ਼ਰਤ ਦਾ ਮਾਹੌਲ ਬਣਾਇਆ ਜਾਂਦਾ ਸੀ

---

100 “Thus in the Kalpa Sutta we read that the noble almswoman Pushpachula with 38,000 other female disciples of Lord Parshvanath attained to the superior rank of Sadhvis and as many as 326,000 Shravikas or laywomen also with Sumana at their head reached the same status. ”
Indra, M.A, *The Status of Women in Ancient India*, Motilal Banarasidass, Banaras, 2nd ed., 1955, p. 254.

101 “In his life-time he had the proud accomplishment to his credit, to have created a brilliant galaxy of 14,000 Sadhus, 46,000 Sadhvis, 159,000 Shravakas and 318,000 Shravikas or devoted lay-women.”
Ibid, p. 254.

102 “Of the contemporaries of Mahavira, Ajja (arya) Chandana, became the first female disciple of Mahavira, and the head of his Jaina order of nuns. ”
Swami Madhananda & R.C.Majumdar (eds.), *Great Women of India*, p. 279 .

103 koml jYn, *jYn Awgmo< my< nwrI*, pRzw pRkwSn, e<dOr, 1986, pNnw 40.

ਤਾਂ ਜੋ ਤਿਆਗ ਦੀ ਭਾਵਨਾ ਮਨ ਵਿੱਚ ਜਾਗ੍ਰਿਤ ਹੋ ਸਕੇ। ਇਸਤਰੀ ਨੂੰ ਅਗਿਆਨਤਾ, ਦੁੱਖ, ਮੌਤ, ਨਰਕ ਦਾ ਦਰਵਾਜ਼ਾ ਮੰਨਿਆ ਗਿਆ ਅਤੇ ਸਮਾਜਿਕ ਬੁਰਾਈਆਂ ਰੂਪੀ ਚਿੱਕੜ ਕਿਹਾ ਗਿਆ ਜਿਸ ਵਿੱਚ ਮਰਦ ਬਾਰ-ਬਾਰ ਜਕੜਦਾ ਹੈ। ਜੈਨ ਧਰਮ ਵਿੱਚ ਦਿਗੰਬਰ ਧਾਰਨਾ ਅਨੁਸਾਰ ਇਸਤਰੀ ਨੂੰ ਮੁਕਤੀ ਦੇ ਕਾਬਿਲ ਨਾ ਸਮਝਦੇ ਹੋਏ, ਉਸਨੂੰ ਸਾਧਨਾ ਰਾਹੀਂ ਮਰਦ ਜੂਨੀ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਗਈ ਹੈ ਕਿਉਂਕਿ ਇਸ ਪਰੰਪਰਾ ਅਨੁਸਾਰ ਕੱਪੜੇ ਪਹਿਨ ਕੇ ਕੋਈ ਵੀ ਇਨਸਾਨ ਮੁਕਤ ਨਹੀਂ ਹੋ ਸਕਦਾ ਸੀ। ਪਰ ਦੂਜੇ ਪਾਸੇ ਸ਼ਵੇਤੰਬਰ ਸ਼ਾਖਾ ਨੇ ਉਨੀਂਵੇ ਤੀਰਥੰਕਰ ਇਸਤਰੀ ਨੂੰ ਮੰਨਿਆ ਹੈ ਅਤੇ ਉਸ ਦੁਆਰਾ ਕੈਵਲਯ (ਗਿਆਨ) ਪ੍ਰਾਪਤੀ ਦਾ ਵਰਣਨ ਵੀ ਕੀਤਾ ਗਿਆ ਹੈ।

ਭਗਵਾਨ ਮਹਾਵੀਰ ਦੇ ਸਮਕਾਲੀ ਸਮਾਜ ਵਿੱਚ ਸਵਰਗ ਦੀ ਪ੍ਰਾਪਤੀ ਲਈ ਪੁੱਤਰ ਦਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ। ਭਗਵਾਨ ਮਹਾਵੀਰ ਨੇ ਮੁਕਤੀ ਪ੍ਰਾਪਤੀ ਲਈ ਕਰਮਕਾਂਡਾਂ ਦੀ ਥਾਂ ਨੈਤਿਕਤਾ ਨੂੰ ਤਰਜੀਹ ਦਿੱਤੀ। ਜਿਸ ਨਾਲ ਪੁੱਤਰ ਸੰਬੰਧੀ ਧਾਰਮਿਕਤਾ ਅਤੇ ਪਿਤਰ ਪੂਜਾ ਦੀ ਮਹੱਤਤਾ ਅਲੋਪ ਹੋਣੀ ਸ਼ੁਰੂ ਹੋਈ, ਪਰ ਫਿਰ ਵੀ ਕਿਤੇ ਨਾ ਕਿਤੇ ਸਮਾਜਿਕ ਦ੍ਰਿਸ਼ਟੀ ਤੋਂ ਪੁੱਤਰ ਦਾ ਮਹੱਤਵ ਸਮਾਜ ਵਿੱਚ ਉੱਚ ਹੀ ਰਿਹਾ ਸੀ। ਇਸ ਸਮੇਂ ਪੁੱਤਰ ਦੇ ਜਨਮ ਦਾ ਅਨੁਭਵ ਮਿਸ਼ਰੀ ਅਤੇ ਅਮ੍ਰਿਤ ਦੇ ਮਧੁਰ ਸਵਾਦ ਤੋਂ ਕਿਤੇ ਜ਼ਿਆਦਾ ਸੁਖਦ ਮੰਨਿਆ ਜਾਂਦਾ ਸੀ।[104] ਇੱਥੋਂ ਤੱਕ ਕਿ ਪੁੱਤਰ ਦੇ ਜਨਮ ਦੀ ਖ਼ੁਸ਼ਖਬਰੀ ਦੇਣ ਵਾਲੀ ਦਾਸੀ ਨੂੰ ਕਈ ਵਾਰ ਆਜ਼ਾਦ ਵੀ ਕਰ ਦਿੱਤਾ ਜਾਂਦਾ ਸੀ ਅਤੇ ਖ਼ੁਸ਼ੀ ਵਿੱਚ ਬਹੁਤ ਧਨ ਸੰਪਤੀ ਵੰਡੀ ਜਾਂਦੀ ਸੀ। ਆਮ ਤੌਰ ’ਤੇ ਲੜਕੀ ਦੇ ਜਨਮ ਦੀ ਸੂਚਨਾ ਪ੍ਰਾਪਤ ਹੋਣ ’ਤੇ ਕੋਈ ਖ਼ੁਸ਼ੀ ਨਹੀਂ ਮਨਾਈ ਜਾਂਦੀ ਸੀ।

ਲੜਕੀ ਦੀ ਸੁਰੱਖਿਆ ਪਿਤਾ ਭਰਾਵਾਂ ਦੀ ਜ਼ੁੰਮੇਵਾਰੀ ਹੁੰਦੀ ਸੀ। ਲੜਕੀਆਂ ਖ਼ੁਦ ਵੀ ਆਪਣੇ ਚਰਿੱਤਰ ਅਤੇ ਵੰਸ਼ ਦੀ ਰੱਖਿਆ ਨੂੰ ਮਹਾਨ ਕਰਤੱਵ ਸਮਝਦੀਆਂ ਸਨ। ਲੜਕੀਆਂ ਨੂੰ ਚਰਿੱਤਰ ਦੇ ਆਧਾਰ ’ਤੇ ਹੀ ਸਮਾਜ ਵਿੱਚ ਸਨਮਾਨ ਮਿਲਦਾ ਸੀ, ਇਸਦੇ ਅਭਾਵ ਵਿੱਚ ਉਹਨਾਂ ਦਾ ਅਨਾਦਰ ਹੁੰਦਾ ਸੀ।

ਜੈਨ ਆਗਮਾਂ ਵਿੱਚੋਂ ਲੜਕੀਆਂ ਦੀ ਸਿੱਖਿਆ ਦੀ ਜਾਣਕਾਰੀ ਬਹੁਤ ਘੱਟ ਪ੍ਰਾਪਤ ਹੁੰਦੀ ਹੈ। ਲੜਕੀਆਂ ਲਈ ਗ੍ਰਹਿਸਤ ਜੀਵਨ ਖ਼ੁਸ਼ਹਾਲ ਕਰਨ ਹਿੱਤ ਘਰ ਦੇ ਕਾਰਜਾਂ ਨੂੰ ਸਿੱਖਣ ਦੀ ਮਹੱਤਤਾ ਦਿੱਤੀ ਜਾਂਦੀ ਸੀ। ਜੈਨ ਆਗਮਾਂ ਵਿੱਚੋਂ ਕੁੱਝ ਵਿਦਵਾਨ ਇਸਤਰੀਆਂ ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਇਸ ਸਮੇਂ ਲੜਕੀਆਂ ਸੰਗੀਤ ਅਤੇ ਲਲਿਤ ਕਲਾਵਾਂ ਦਾ ਗਿਆਨ ਵੀ ਰੱਖਦੀਆਂ ਸਨ।

ਜੈਨ ਆਗਮਾਂ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਇਸ ਸਮੇਂ ਸਮਾਜ ਵਿੱਚ ਬਾਲ ਵਿਆਹ ਬਹੁਤ ਘੱਟ ਪ੍ਰਚਲਿਤ ਸੀ। ਲੜਕੀ ਦੇ ਜਵਾਨ ਹੋਣ ਤੇ ਹੀ ਉਸਦਾ ਵਿਆਹ ਕੀਤਾ ਜਾਂਦਾ ਸੀ, ਵਰ ਦੀ ਚੋਣ ਵਿੱਚ ਵੀ ਲੜਕੀ ਦੀ ਸਲਾਹ ਲਈ ਜਾਂਦੀ ਸੀ। ਕੁੱਝ ਲੜਕੀਆਂ ਉਹ ਵੀ ਸਨ ਜੋ ਵਿਆਹ ਦੀਆਂ ਇੱਛੁਕ

---

104 koml jYn, *jYn Awgmo< my< nwrI*, pNnw 62.

ਨਹੀਂ ਹੁੰਦੀਆਂ ਸਨ ਜਾਂ ਜਿਹਨਾਂ ਦਾ ਵਿਆਹ ਕਿਸੇ ਕਾਰਨ ਸੰਪੰਨ ਨਹੀਂ ਹੁੰਦਾ ਸੀ, ਉਹ ਬਿਨਾਂ ਕਿਸੇ ਰੋਕ-ਟੋਕ ਦੇ ਉਮਰ ਭਰ ਕਵਾਰੀਆਂ ਆਪਣੇ ਪਿਤਾ ਦੇ ਘਰ ਸਨਮਾਨਜਨਕ ਜ਼ਿੰਦਗੀ ਬਤੀਤ ਕਰ ਸਕਦੀਆਂ ਸਨ। ਪਿਤਾ ਤੋਂ ਬਾਅਦ ਉਹਨਾਂ ਦੀ ਜ਼ੁੰਮੇਵਾਰੀ ਭਰਾ ਸਿਰ ਹੁੰਦੀ ਸੀ। ਵਿਆਹ ਉਪਰੰਤ ਪਤੀ ਦੁਆਰਾ ਤਿਆਗ ਦੇਣ 'ਤੇ ਵੀ ਲੜਕੀ ਪਿਤਾ ਜਾਂ ਭਰਾ ਦੇ ਘਰ ਭਾਰ ਨਹੀਂ ਸਮਝੀ ਜਾਂਦੀ ਸੀ।

ਇਸ ਸਮੇਂ ਵਿਆਹ ਨੂੰ ਧਾਰਮਿਕ ਬੰਧਨ ਦੀ ਬਜਾਇ ਇੱਕ ਸਮਾਜਿਕ ਰਸਮ ਹੀ ਮੰਨਿਆ ਜਾਂਦਾ ਸੀ। ਪਿਤਾ ਦੇ ਘਰ ਵਾਂਗ ਲੜਕੀ ਨੂੰ ਸਹੁਰੇ ਘਰ ਵਿੱਚ ਵੀ ਵੰਸ਼ ਦੀ ਇੱਜ਼ਤ ਪ੍ਰਤੀ ਸੁਚੇਤ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਸੀ। ਪਤਨੀ ਤੋਂ ਪਤੀ ਪ੍ਰਤੀ ਵਫ਼ਾਦਾਰੀ ਅਤੇ ਸ਼ਰਧਾ ਭਾਵਨਾ ਦੀ ਉਮੀਦ ਕੀਤੀ ਜਾਂਦੀ ਸੀ। ਪਤੀ ਵੀ ਘਰ ਤੋਂ ਬਾਹਰਲੀਆਂ ਜ਼ੁੰਮੇਵਾਰੀਆਂ ਦੇ ਨਾਲ-ਨਾਲ ਪਤਨੀ ਦੀਆਂ ਇਛਾਵਾਂ ਅਤੇ ਉਸਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਸਨ। ਪਰ ਦੂਸਰੇ ਪਾਸੇ ਦੀਖਿਆ ਗ੍ਰਹਿਣ ਕਰਦੇ ਸਮੇਂ ਪਤਨੀ ਤੋਂ ਆਗਿਆ ਲੈਣਾ ਜਾਂ ਉਸਦੇ ਵਿਚਾਰ ਨੂੰ ਜਾਨਣਾ ਕੋਈ ਜ਼ਰੂਰੀ ਨਹੀਂ ਸੀ। ਪਤਨੀ ਤੋਂ ਇਜ਼ਾਜਤ ਲੈਕੇ ਦੀਖਿਆ ਪ੍ਰਾਪਤ ਕਰਨ ਦੀ ਕੋਈ ਉਦਾਹਰਨ ਵੀ ਨਹੀਂ ਪ੍ਰਾਪਤ ਹੁੰਦੀ। ਇੱਥੋਂ ਤੱਕ ਕਿ ਪਤਨੀਆਂ ਨੂੰ ਸੂਚਨਾ ਦੇਣਾ ਵੀ ਠੀਕ ਨਹੀਂ ਸਮਝਿਆ ਜਾਂਦਾ ਸੀ। ਇਸ ਸਮੇਂ ਪਤਨੀ ਨੂੰ ਪਤੀ ਦੇ ਫ਼ੈਸਲਿਆਂ ਵਿੱਚ ਰੋਕ-ਟੋਕ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਪਰ ਇਸਤਰੀਆਂ ਨੂੰ ਭਿੱਖਣੀਆਂ ਬਣਨ ਸਮੇਂ ਪਤੀ ਦੀ ਆਗਿਆ ਲੈਣੀ ਜ਼ਰੂਰੀ ਸੀ।

ਇਸਤਰੀਆਂ ਦਾ ਘਰੇਲੂ ਕਾਰਜਾਂ ਤੋਂ ਬਾਹਰ ਸਮਾਜਿਕ ਕਾਰਜਾਂ ਵਿੱਚ ਕੋਈ ਰੋਲ ਨਹੀਂ ਹੁੰਦਾ ਸੀ। ਮੁੱਖ ਤੌਰ 'ਤੇ ਉਹਨਾਂ ਦੀ ਜ਼ਿੰਦਗੀ ਕੰਮ-ਕਾਜ ਵਿੱਚ ਘਰ ਦੀਆਂ ਚਾਰ ਦੀਵਾਰਾਂ ਦੇ ਅੰਦਰ ਬੱਚਿਆਂ ਦੀ ਸਾਂਭ ਸੰਭਾਲ ਅਤੇ ਘਰੇਲੂ ਮਸਲਿਆਂ ਦੀ ਨਿਗਰਾਨੀ ਕਰਨ ਤੱਕ ਹੀ ਸੀਮਤ ਮੰਨੀ ਜਾਂਦੀ ਸੀ। ਇਸਤਰੀ ਦੁਆਰਾ ਰੋਜ਼ਾਨਾ ਪਤੀ ਦੇ ਚਰਨ ਛੂਹਣ ਅਤੇ ਉਸ ਦੀ ਪੂਜਾ ਕਰਨ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।[105] ਬਹੁਵਿਆਹ ਪ੍ਰਥਾ ਪ੍ਰਚਲਿਤ ਹੋਣ ਕਾਰਨ ਪਤਨੀ ਦਾ ਜੀਵਨ ਸੁਖਮਈ ਨਹੀਂ ਸੀ। ਸੋਕਣਾਂ ਵਿੱਚ ਆਪਸੀ ਜਲਨ ਕਾਰਨ ਇੱਕ ਦੂਸਰੇ ਨੂੰ ਮਾਰਨ ਤੱਕ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਸੀ। ਕਈ ਵਾਰ ਪਤੀ ਆਪਣੀ ਲਾਡਲੀ ਪਤਨੀ ਨੂੰ ਖ਼ੁਸ਼ ਰੱਖਣ ਦੇ ਲਈ ਦੂਸਰੀਆਂ ਪਤਨੀਆਂ ਨੂੰ ਤਿਆਗ ਵੀ ਦਿੰਦੇ ਸਨ।

ਨੂੰਹ ਦੇ ਰੂਪ ਵਿੱਚ ਆਗਿਆਕਾਰੀ, ਚਰਿੱਤਰਵਾਨ ਅਤੇ ਕਰਤੱਵ ਨਿਭਾਉਣ ਵਾਲੀ ਇਸਤਰੀ ਦੀ ਕਾਮਨਾ ਕੀਤੀ ਜਾਂਦੀ ਸੀ। ਨੂੰਹ ਉੱਪਰ ਉਸਦੇ ਸਹੁਰੇ ਪਰਿਵਾਰ ਦਾ ਸਖ਼ਤ ਕੰਟਰੋਲ ਹੁੰਦਾ ਸੀ। ਸੱਸ ਸਹੁਰੇ

---

[105] "There, her only function was to look after her children and to supervise all matters of domestic concern. A few texts have enjoined on a jain woman to prostrate herself daily at her husband's feet and worship him."
Indra, M.A., *The Status of Women in Ancient India*, p. 261.

ਦੀ ਆਗਿਆ ਅਨੁਸਾਰ ਰਹਿਣ ਦੀ ਇਜ਼ਾਜਤ ਸੀ। ਸੱਸ ਦੀਆਂ ਪਰਿਖਿਆਵਾਂ ਵਿੱਚ ਖਰੀ ਉਤਰਨ ਵਾਲੀ ਨੂੰਹ ਨੂੰ ਸਹੁਰੇ ਪਰਿਵਾਰ ਵਿੱਚ ਪੂਰਨ ਸਨਮਾਨ ਪ੍ਰਾਪਤ ਹੁੰਦਾ ਸੀ। ਪਤੀ ਦੀ ਮੌਤ ਉਪਰੰਤ ਕਈ ਵਾਰੀ ਸੱਸ ਦੁਆਰਾ ਨੂੰਹ ਨੂੰ ਘਰ ਤੋਂ ਵੀ ਕੱਢ ਦਿੱਤਾ ਜਾਂਦਾ ਸੀ। ਜੈਨ ਸਾਹਿਤ ਵਿੱਚ ਵਿਧਵਾ ਵਿਆਹ ਦੀ ਕੋਈ ਉਦਾਹਰਨ ਪ੍ਰਾਪਤ ਨਹੀਂ ਹੁੰਦੀ।[106] ਇਸ ਤਰ੍ਹਾਂ ਵਿਧਵਾ ਇਸਤਰੀ ਭਿੱਖਣੀ ਬਣਦੀ ਜਾਂ ਬਚੀ ਜ਼ਿੰਦਗੀ ਪਿਤਾ ਦੇ ਘਰ ਗੁਜ਼ਾਰਦੀ। ਇਸ ਸਮੇਂ ਸਮਾਜ ਵਿੱਚ ਸਤੀ ਅਤੇ ਪਰਦਾ ਪ੍ਰਥਾ ਜਿਹੀਆਂ ਬੁਰਾਈਆਂ ਪ੍ਰਚਲਿਤ ਨਹੀਂ ਸਨ।

ਪ੍ਰਾਚੀਨ ਸਮੇਂ ਤੋਂ ਹਮੇਸ਼ਾ ਮਾਂ ਸ਼ਕਤੀ, ਸ਼ਰਧਾ ਅਤੇ ਭਗਤੀ ਦਾ ਪ੍ਰਤੀਕ ਰਹੀ ਹੈ। ਜੈਨ ਧਰਮ ਵਿੱਚ ਵੀ ਮਾਂ ਰੂਪ ਵਿੱਚ ਇਸਤਰੀ ਨੂੰ ਬਹੁਤ ਇੱਜ਼ਤ ਪ੍ਰਾਪਤ ਸੀ। ਜੈਨ ਆਗਮਾਂ ਅਨੁਸਾਰ ਪਿਤਾ ਆਪਣੇ ਛੋਟੇ ਬੱਚਿਆਂ ਨੂੰ ਛੱਡਕੇ ਦਿੱਖਿਆ ਗ੍ਰਹਿਣ ਕਰ ਲੈਂਦੇ ਸਨ ਪਰ ਮਾਵਾਂ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਨੂੰ ਜ਼ਿਆਦਾ ਮਹੱਤਤਾ ਦਿੰਦੀਆ ਸਨ। ਮਾਂ ਦੇ ਅਹੁਦੇ ਵਿੱਚ ਇਸਤਰੀਆਂ ਨੂੰ ਬਹੁਤ ਸੁਤੰਤਰਤਾ ਪ੍ਰਾਪਤ ਸੀ। ਇਸ ਸਾਰੇ ਦੀ ਸਭ ਤੋਂ ਵੱਡੀ ਉਦਾਹਰਨ ਪੱਥਰ ਦੀ ਬਣੀ ਮੂਰਤੀ ਜਿਸ ਵਿੱਚ ਚੋਬੀਸ ਤੀਰਥੰਕਰ ਆਪਣੀਆਂ ਮਾਵਾਂ ਦੀਆਂ ਗੋਦੀਆਂ ਵਿੱਚ ਬੈਠੇ ਨਜ਼ਰ ਆ ਰਹੇ ਹਨ ਅਤੇ ਅੱਜ ਵੀ ਜੈਨੀ ਮੰਦਰਾਂ ਵਿੱਚ ਅਬੂ, ਗਿਰਨਾਰ, ਪਾਟਾਨ, ਓਸ਼ੀਆ ਅਤੇ ਹੋਰ ਕਈ ਥਾਵਾਂ ਵਿੱਚ ਇਸ ਦੀ ਪੂਜਾ ਕੀਤੀ ਜਾਂਦੀ ਹੈ।[107] ਜੈਨ ਧਰਮ ਵਿੱਚ ਹਰ ਤੀਰਥੰਕਰ ਦੀ ਮਾਂ ਦੀ ਆਰਾਧਨਾ ਇਸਤਰੀ ਦੀ ਮਹਾਨਤਾ ਨੂੰ ਸਿੱਧ ਕਰਦੀ ਹੈ।

ਜੈਨ ਆਗਮਾਂ ਵਿੱਚ ਇਸਤਰੀ ਨੂੰ ਆਮ ਤੌਰ ’ਤੇ ਉੱਚ ਮੰਨਿਆ ਜਾਂਦਾ ਸੀ। ਜੈਨੀ ਆਗਮਾਂ ਵਿੱਚ ਦਰਜ ਚੋਦਾਂ ਰਤਨਾਂ ਵਿੱਚੋਂ ਇਸਤਰੀ ਨੂੰ ਇੱਕ ਰਤਨ ਵੀ ਕਿਹਾ ਗਿਆ ਹੈ। ਹਰ ਮੁਸੀਬਤ ਵਿੱਚ ਇਸਤਰੀ ਨੂੰ ਪਹਿਲਾਂ ਬਚਾਉਣ ਦਾ ਉਪਦੇਸ਼ ਵੀ ਦਿੱਤਾ ਸੀ। ਪਰ ਜੈਨ ਆਗਮਾਂ ਵਿੱਚੋਂ ਕਈ ਉਦਾਹਰਨਾਂ ਅਜਿਹੀਆਂ ਪ੍ਰਾਪਤ ਹੁੰਦੀਆਂ ਹਨ ਜੋ ਇਸਤਰੀ ਨੂੰ ਸੁਭਾਅ ਪੱਖੋਂ ਬੁਰੀਆਂ ਦੱਸਦੀਆਂ ਹਨ। ਵਿਦਵਾਨ ਤੋਂ ਵਿਦਵਾਨ ਮਨੁੱਖ ਧਰਤੀ ਦੇ ਕਣ, ਸਮੁੰਦਰਾਂ ਦਾ ਪਾਣੀ ਅਤੇ ਹਿਮਾਲਯ ਪਰਬਤ ਨੂੰ ਮਿਣ ਸਕਦਾ ਪਰ ਇਸਤਰੀ ਦੇ ਦਿਲ ਨੂੰ ਨਹੀਂ ਜਾਣ ਸਕਦਾ। ਉਸ ਦੇ ਸੁਭਾਅ ਜਾਂ ਦਿਲ ਨੂੰ ਜਾਣਨਾ ਅਸੰਭਵ ਦੱਸਿਆ ਹੈ। ਇਸਤਰੀ ਪਿਆਰ ਕਰਨ ਸਮੇਂ ਮਿਸ਼ਰੀ ਦੀ ਤਰ੍ਹਾਂ ਮਿੱਠੀ ਹੋ ਜਾਂਦੀ ਹੈ ਦੂਸਰੇ ਪਾਸੇ ਪਿਆਰ ਖ਼ਤਮ ਹੋਣ ’ਤੇ ਅੱਕ ਤੋਂ

---

[106] koml jYn, *jYn Awgmo< my< nwrI*, pNnw 73.

[107] “From very early times, the Jainas paid the highest possible veneration to the parents of the twenty four Tirthankaras, especially to their mothers, so much so that stone plaques (pattas) showing the twenty four mothers sitting with the infants Jinas on their laps were daily worshipped in many a Jaina shrine. They are still worshipped in the Jaina temples at Abu, Girnar, Patan, Oshia and other places.”
S.Vats, Shakuntla Mudgal (ed.), *Women and Society in Ancient India*, Om Publication, Faridabad, 1999, p. 248.

ਵੀ ਕੌੜੀ ਹੋ ਜਾਂਦੀ ਹੈ।[108] ਇਸ ਸਮੇਂ ਇਸਤਰੀ ਨੂੰ ਅਵਿਸ਼ਵਾਸੀ ਅਤੇ ਕਪਟੀ ਵੀ ਕਿਹਾ ਜਾਂਦਾ ਸੀ। ਜਿਸ ਕਰਕੇ ਉਸਨੂੰ ਨਿਗਰਾਨੀ ਹੇਠ ਰੱਖਣ ਦੀ ਹਦਾਇਤ ਦਿੱਤੀ ਜਾਂਦੀ ਸੀ।

ਭਗਵਾਨ ਮਹਾਵੀਰ ਨੇ ਇਸਤਰੀਆਂ ਨੂੰ ਧਾਰਮਿਕ ਮਹੱਤਤਾ ਦੇ ਕੇ ਉਹਨਾਂ ਦੀ ਹਨੇਰਮਈ ਜ਼ਿੰਦਗੀ ਨੂੰ ਪ੍ਰਕਾਸ਼ਿਤ ਕੀਤਾ ਪਰ ਫਿਰ ਵੀ ਜੈਨ ਧਰਮ ਵਿੱਚ ਇਸਤਰੀਆਂ ਨੂੰ ਕੋਈ ਖ਼ਾਸ ਰੁਤਬਾ ਹਾਸਲ ਨਹੀਂ ਹੋਇਆ ਸੀ।

**ਬੁੱਧ ਧਰਮ:**

ਬੁੱਧ ਧਰਮ ਦੀ ਉਤਪਤੀ ਛੇਵੀਂ ਸਦੀ ਈਸਵੀ ਪੂਰਵ ਵਿੱਚ ਹੋਈ ਸੀ। ਜਿਸ ਵੇਲੇ ਭਾਰਤੀ ਸਮਾਜ ਧਾਰਮਿਕ, ਰਾਜਨੀਤਿਕ ਹਰ ਪੱਖ ਤੋਂ ਕਸ਼ਮਕਸ਼ ਵਾਲੀ ਸਥਿਤੀ ਵਿੱਚ ਸੀ। ਧਰਮ ਦੇ ਖੇਤਰ ਵਿੱਚ ਇਸ ਸਮੇਂ ਬਹੁ ਮਾਤਰਾ ਵਿੱਚ ਦੇਵਤੇ, ਉਪਦੇਵਤੇ ਅਤੇ ਹੋਰ ਪ੍ਰਾਕ੍ਰਿਤਿਕ ਸ਼ਕਤੀਆਂ ਦੇ ਸਵਰੂਪਾਂ ਤੋਂ ਸਮਾਜ ਬਹੁਤ ਪ੍ਰਭਾਵਿਤ ਸੀ। ਉਹਨਾਂ ਦੇ ਅਲੱਗ ਅਲੱਗ ਅਸਤਿਤਵ ਅਤੇ ਆਪਸੀ ਮਤਭੇਦ ਆਮ ਲੋਕਾਂ ਲਈ ਸਮੱਸਿਆ ਬਣ ਚੁੱਕੇ ਸਨ।

ਇਸੇ ਸਮੇਂ ਦੌਰਾਨ ਬੁੱਧ ਧਰਮ ਦਾ ਆਗਾਜ਼ ਹੋਇਆ। ਜਿਸਦੇ ਸੰਸਥਾਪਕ ਮਹਾਤਮਾ ਬੁੱਧ ਸਨ। ਮਹਾਤਮਾ ਬੁੱਧ ਨੇ ਚਾਰ ਸੱਚ ਅਤੇ ਅਸ਼ਟਾਂਗ ਮਾਰਗ ਦੇ ਉਪਦੇਸ਼ ਨਾਲ ਕੁਰਾਹੇ ਪਏ ਲੋਕਾਂ ਨੂੰ ਰਾਹ ਦਿਖਾਇਆ। ਸਾਰੀ ਮਨੁੱਖਤਾ ਨੂੰ ਇੱਕ ਬਰਾਬਰ ਦੱਸਿਆ, ਉਹਨਾਂ ਅਨੁਸਾਰ ਕੋਈ ਵੀ ਮਨੁੱਖ ਜਨਮ ਤੋਂ ਚੰਡਾਲ ਜਾਂ ਬ੍ਰਾਹਮਣ ਨਹੀਂ ਹੋ ਸਕਦਾ। ਹਰ ਮਨੁੱਖ ਆਪਣੇ ਕਰਮਾਂ ਅਨੁਸਾਰ ਹੀ ਬ੍ਰਾਹਮਣ ਜਾਂ ਚੰਡਾਲ ਨਿਸ਼ਚਿਤ ਕੀਤਾ ਜਾ ਸਕਦਾ ਹੈ। ਇਹ ਧਰਮ ਮਨੁੱਖ ਦੀ ਨਿੱਜਵਾਦੀ ਪੂਰਨਤਾ ਅਤੇ ਰੂਹਾਨੀ ਉੱਚਤਾ ਉੱਪਰ ਆਧਾਰਿਤ ਸੀ। ਮੋਕਸ਼ ਜਾਂ ਨਿਰਵਾਣ ਦੀ ਧਾਰਨਾ ਸਭ ਤੋਂ ਮਹੱਤਵਪੂਰਨ ਸਮਝੀ, ਜਿਸ ਦੇ ਅਨੁਸਾਰ ਹੀ ਜ਼ਿੰਦਗੀ ਜੀਉਣ ਦਾ ਸਵਰੂਪ ਨਿਸ਼ਚਿਤ ਕੀਤਾ ਸੀ। ਮਹਾਤਮਾ ਬੁੱਧ ਨੇ ਹੋਰ ਸਮਾਜਿਕ ਸੁਧਾਰਾਂ ਦੇ ਨਾਲ-ਨਾਲ ਇਸਤਰੀ ਦੇ ਜੀਵਨ ਵਿੱਚ ਵੀ ਬਹੁਤ ਵੱਡਾ ਬਦਲਾਅ ਲਿਆਂਦਾ ਸੀ। ਉਹਨਾਂ ਨੇ ਇਸਤਰੀ ਨੂੰ ਸੰਘ ਵਿੱਚ ਸ਼ਾਮਿਲ ਕਰਕੇ ਜੀਵਨ ਦੇ ਅਸਲ ਮੰਤਵ ਵੱਲ ਸੁਚੇਤ ਕੀਤਾ। ਜਿਸ ਨਾਲ ਗ੍ਰਹਿਸਤਮਈ ਇਸਤਰੀ ਦੇ ਜੀਵਨ ਵਿੱਚ ਵੀ ਸੁਧਾਰ ਅਇਆ। ਮਹਾਤਮਾ ਬੁੱਧ ਦੇ ਯਤਨਾਂ ਸਦਕਾ ਇਸਤਰੀ ਇੰਨੀ ਆਜ਼ਾਦ ਹੋਈ ਕਿ ਉਹ ਸੰਘ ਜਾਂ ਪਰਿਵਾਰ ਵਿੱਚ ਰਹਿਕੇ ਖ਼ੁਦ ਲਈ ਜੀ ਸਕਦੀ ਸੀ। ਮਹਾਤਮਾ ਬੁੱਧ ਦੇ ਉਪਦੇਸ਼ਾਂ ਨਾਲ ਸਮਾਜਿਕ ਅਤੇ ਧਾਰਮਿਕ ਸੁਧਾਰਾਂ ਦਾ ਮੁਢ ਬੱਝਿਆ।

---

[108] "..the intelligent may know the sands of the earth , the waters of the sea, and the size of the Himalayas; but a woman's heart they may not know. They weep and make you weep; they tell lies and make you believe them..... A woman, indeed, is like sugar when she has fallen in love, but the very same woman surpasses the bitter Nimba as soon as her love has endeed..... "
P.Thomas, *Indian Women Through the Ages,* p. 111.

**ਸਿੱਖ ਧਰਮ:**

ਸਿੱਖ ਧਰਮ 15ਵੀਂ ਸਦੀ ਵਿੱਚ ਪੈਦਾ ਹੋਇਆ ਧਰਮ ਹੈ ਜਿਸ ਦੇ ਮੋਢੀ ਗੁਰੂ ਨਾਨਕ ਸਾਹਿਬ ਹਨ। ਇਸ ਸਮੇਂ ਛੇਵੀਂ ਸਦੀ ਈਸਵੀ ਪੂਰਵ ਵਾਂਗ ਸਮਾਜਿਕ, ਰਾਜਨੀਤਿਕ, ਧਾਰਮਿਕ ਹਰ ਪੱਖ ਨਿਵਾਨ ਵਾਲੇ ਪੱਧਰ ’ਤੇ ਸੀ। ਅਡੰਬਰਾਂ ਅਤੇ ਫੋਕੇ ਰੀਤੀ ਰਿਵਾਜਾਂ ਨੇ ਧਰਮ ਦਾ ਰੂਪ ਲੈ ਲਿਆ ਸੀ ਅਤੇ ਸਮਾਜ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਸੀ। ਇਸ ਸਮਾਜ ਵਿੱਚ ਇਸਤਰੀ ਤਾਂ ਸ਼ੂਦਰਾਂ ਤੋਂ ਵੀ ਨੀਵੀਂ ਸਮਝੀ ਜਾਂਦੀ ਸੀ। ਗੁਰੂ ਨਾਨਕ ਸਾਹਿਬ ਨੇ ਅਣਮਨੁੱਖੀ ਵਰਤਾਰੇ ਵਾਲੀ ਸਮਾਜਿਕ ਵਿਵਸਥਾ ਵਿੱਚ ਬਰਾਬਰੀ ਵਾਲਾ ਸਮਾਜ ਸਿਰਜਨ ਦਾ ਉਪਰਾਲਾ ਕੀਤਾ ਅਤੇ ਸਾਰਿਆਂ ਨੂੰ ਇੱਕ ਪਰਮਾਤਮਾ ਦੇ ਅੰਸ਼ ਦੱਸਿਆ। ਇਸੇ ਸੋਚ ਨੂੰ ਅੱਗੇ ਨੌਂ ਗੁਰੂ ਸਾਹਿਬਾਨ ਨੇ ਹੋਰ ਵੀ ਪ੍ਰਫੁਲਿਤ ਕੀਤਾ ਸੀ। ਗੁਰੂ ਸਾਹਿਬਾਨ ਨੇ ਅਜਿਹੀ ਅਵਸਥਾ ਵਿੱਚੋਂ ਇਸਤਰੀ ਨੂੰ ਕੱਢਣ ਦਾ ਉਪਰਾਲਾ ਪ੍ਰਚਲਿਤ ਰਿਵਾਜਾਂ ਵਿਰੁੱਧ ਆਵਾਜ਼ ਉਠਾ ਕੇ ਕੀਤਾ। ਗੁਰੂ ਸਾਹਿਬਾਨ ਦੀ ਸਮੁੱਚੀ ਬਾਣੀ ਵਿੱਚ ਇਸਤਰੀ ਨੂੰ ਕਿਤੇ ਵੀ ਮਰਦ ਤੋਂ ਵੱਖਰਾ ਕਰਕੇ ਨਹੀਂ ਵੇਖਿਆ ਗਿਆ। ਸਗੋਂ ਸਾਰਿਆਂ ਨੂੰ ਇੱਕ ਜੋਤ ਤੋਂ ਪੈਦਾ ਹੋਇਆ ਮੰਨਿਆ ਹੈ। ਗੁਰੂ ਸਾਹਿਬਾਨ ਨੇ ਇਸਤਰੀ ਦੀ ਦਸ਼ਾ ਬਿਆਨਦੇ ਹੋਏ ਉਸ ਦੀ ਮਹੱਤਤਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਉਸਨੂੰ ਸਾਰੀ ਮਨੁੱਖਤਾ ਦੀ ਜਨਨੀ ਦੱਸਦਿਆਂ ਮਹਾਨ ਦਰਜਾ ਬਖ਼ਸ਼ਿਆ। ਸਿੱਖ ਧਰਮ ਵਿੱਚ ਇਸਤਰੀ ਨੂੰ ਸਿਧਾਂਤਕ ਪੱਖ ਦੇ ਨਾਲ-ਨਾਲ ਵਿਹਾਰਕ ਪੱਖ ਤੋਂ ਵੀ ਸਮਾਨਤਾ ਦਿੱਤੀ ਗਈ ਸੀ।

ਉਪਰੋਕਤ ਅਧਿਐਨ ਤੋਂ ਸਮੁੱਚੇ ਰੂਪ ਵਿੱਚ ਕਹਿ ਸਕਦੇ ਹਾਂ ਕਿ ਰਿਗਵੈਦਿਕ ਕਾਲ ਵਿੱਚ ਇਸਤਰੀ ਨੂੰ ਮਾਣ-ਸਨਮਾਨ ਸੀ ਪਰ ਉੱਤਰ ਵੈਦਿਕ ਕਾਲ ਵਿੱਚ ਇਸਤਰੀ ਨੂੰ ਕਈ ਅਧਿਕਾਰਾਂ ਤੋਂ ਵਾਂਝੀ ਕਰ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਹੀ ਇਸਤਰੀ ਨੂੰ ਸ਼ੂਦਰਾਂ ਬਰਾਬਰ ਮੰਨਿਆ ਜਾਣ ਲੱਗ ਗਿਆ ਸੀ। ਜਿਸ ਦਾ ਵਿਰੋਧ ਛੇਵੀਂ ਸਦੀ ਈਸਵੀ ਪੂਰਵ ਵਿੱਚ ਮਹਾਤਮਾ ਬੁੱਧ ਦੁਆਰਾ ਕੀਤਾ ਗਿਆ ਸੀ। ਸਮੇਂ ਦੇ ਬਦਲਾਅ ਨਾਲ ਫਿਰ ਤੋਂ ਇਸਤਰੀ ਨੂੰ ਨੀਵਾਣ ਵਲ ਧੱਕ ਦਿੱਤਾ ਗਿਆ ਸੀ ਪਰ ਸਿੱਖ ਧਰਮ ਦੇ ਆਗਾਜ਼ ਨਾਲ ਇਸਤਰੀ ਪ੍ਰਤੀ ਪ੍ਰਾਪਤ ਵਿਚਾਰਾਂ ਨੂੰ ਠਲ੍ਹ ਪਈ। ਸਿੱਖ ਧਰਮ ਨੇ ਮਰਦ ਇਸਤਰੀ ਦੋਵਾਂ ਨੂੰ ਬਰਾਬਰ ਮੰਨਦਿਆ, ਸਮਾਜ ਵਿੱਚ ਇਸਤਰੀ ਨੂੰ ਸਨਮਾਨ ਯੋਗ ਸਥਾਨ ਬਹਾਲ ਕਰਵਾਇਆ।

# ਅਧਿਆਇ–ਦੂਜਾ
# ਬੁੱਧ ਧਰਮ ਵਿੱਚ ਇਸਤਰੀ ਦੀ ਸਥਿਤੀ: ਸੰਦਰਭ ਅਤੇ ਸਰੋਕਾਰ

ਬੁੱਧ ਧਰਮ ਛੇਵੀਂ ਸਦੀ ਈਸਵੀ ਪੂਰਵ ਵਿੱਚ ਪੈਦਾ ਹੋਇਆ ਧਰਮ ਹੈ। ਇਸ ਦੇ ਸੰਸਥਾਪਕ ਮਹਾਤਮਾ ਬੁੱਧ ਹਨ। ਮਹਾਤਮਾ ਬੁੱਧ ਦੁਆਰਾ ਦਿੱਤੇ ਗਏ ਉਪਦੇਸ਼ ਮੌਖਿਕ ਸਨ ਜਿਹਨਾਂ ਨੂੰ ਬਾਅਦ ਵਿੱਚ '*ਤ੍ਰਿਪਿਟਕ*' ਗ੍ਰੰਥ ਦੇ ਰੂਪ ਵਿੱਚ ਸੰਕਲਿਤ ਕੀਤਾ ਗਿਆ ਸੀ। ਤ੍ਰਿਪਿਟਕ ਤਿੰਨ ਪਿਟਕਾਂ ਦਾ ਸੁਮੇਲ ਹੈ: *ਵਿਨਯਪਿਟਕ* ਨੈਤਿਕ ਨਿਯਮਾਂ ਦਾ ਸੰਗ੍ਰਹਿ ਹੈ, *ਸੁੱਤਪਿਟਕ* ਪੰਜ ਨਿਕਾਯਾਂ ਵਿੱਚ ਵਿਭਾਜਿਤ ਵੱਡਾ ਗ੍ਰੰਥ ਹੈ ਜੋ ਮਹਾਤਮਾ ਬੁੱਧ ਦੇ ਉਪਦੇਸ਼ਾਂ ਅਤੇ ਜੀਵਨ ਤੋਂ ਜਾਣੂ ਕਰਵਾਉਂਦਾ ਹੈ ਅਤੇ *ਅਭਿਧੱਮ ਪਿਟਕ* ਵਿੱਚੋਂ ਬੁੱਧ ਧਰਮ ਦੀ ਫ਼ਿਲਾਸਫ਼ੀ ਦੇ ਦਰਸ਼ਨ ਹੁੰਦੇ ਹਨ। ਇਹਨਾਂ ਗ੍ਰੰਥਾਂ ਵਿੱਚੋਂ ਪ੍ਰਾਪਤ ਸਿੱਖਿਆਵਾਂ ਅਤੇ ਉਪਦੇਸ਼ ਸਾਰੀ ਲੋਕਾਈ ਦੇ ਕਲਿਆਣ ਲਈ ਹਨ।

ਛੇਵੀਂ ਸਦੀ ਈਸਵੀ ਪੂਰਵ ਦਾ ਭਾਰਤੀ ਸਮਾਜ ਨਾ ਕੇਵਲ ਇਤਿਹਾਸਕ ਬਲਕਿ ਸੰਸਕ੍ਰਿਤਿਕ, ਧਾਰਮਿਕ ਅਤੇ ਦਾਰਸ਼ਨਿਕ ਵਿਚਾਰਾਂ ਨਾਲ ਭਰਪੂਰ ਕਸ਼ਮਕਸ਼ ਦਾ ਯੁੱਗ ਸੀ। ਇਸ ਸਮੇਂ ਦੇ ਸਮਾਜ ਦਾ ਮਨੁੱਖ ਕਰਮਕਾਂਡੀ ਪੁਰੋਹਿਤਾਂ ਦੇ ਘੇਰੇ ਵਿੱਚ ਫਸ ਕੇ ਰਹਿ ਗਿਆ ਸੀ। "ਬੁੱਧ ਤੋਂ ਪਹਿਲੋਂ ਬ੍ਰਾਹਮਣ ਆਪਣੀ ਤਾਕਤ ਦੇ ਸਿਖਰ ਤੇ ਸਨ ਅਤੇ ਉਨ੍ਹਾਂ ਨੇ ਹਿੰਦੁਸਤਾਨੀ ਜਨਤਾ ਨੂੰ ਚਾਰ ਵਰਣਾਂ ਵਿਚ ਵੰਡ ਕੇ ਅਸਲੋਂ ਬੇਬਸ ਕੀਤਾ ਹੋਇਆ ਸੀ। ਸ਼ੂਦਰ ਲਈ ਵਿਦਿਆ ਪ੍ਰਾਪਤ ਕਰਨਾ, ਮੰਦਰ ਵਿਚ ਜਾਣਾ ਯਾ ਕਿਸੇ ਹੋਰ ਆਤਮਕ ਗੱਲ ਵਿਚ ਦਖਲ ਦੇਣਾ ਪੂਰੀ ਤਰਾਂ ਵਿਵਰਜਤ ਸੀ। ਸੰਸਕ੍ਰਿਤ ਦੇਵ ਬਾਣੀ ਸੀ ਅਤੇ ਇਸ ਨੂੰ ਪੜ੍ਹਨਾ ਤੇ ਇਕ ਪਾਸੇ ਰਿਹਾ, ਜੇ ਕੋਈ ਸ਼ੂਦਰ ਸੰਸਕ੍ਰਿਤ ਦਾ ਸ਼ਲੋਕ ਸੁਣ ਲੈਂਦਾ ਤਾਂ ਉਸ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ।"[1] ਇਸ ਸਮਾਜ ਵਿੱਚ ਇੱਕ ਪਾਸੇ ਜਾਤ-ਪਾਤ ਦਾ ਭੇਦਭਾਵ ਸਿਖਰਾਂ 'ਤੇ ਸੀ ਅਤੇ ਦੂਜੇ ਪਾਸੇ ਇਸਤਰੀ ਪਰਿਵਾਰਿਕ, ਸਮਾਜਿਕ ਅਤੇ ਧਾਰਮਿਕ ਪਰੰਪਰਾਵਾਂ ਦੇ ਅੰਧਵਿਸ਼ਵਾਸਾਂ ਵਿੱਚ ਘਿਰੀ ਹੋਈ ਸੀ। ਇਸਤਰੀ ਸ਼ੂਦਰਾਂ ਵਾਂਗ ਹੀ ਗ਼ੁਲਾਮੀ ਦਾ ਸੰਤਾਪ ਹੰਢਾ ਰਹੀ ਸੀ। ਇਸ ਡਾਵਾਂਡੋਲ ਹੋਏ ਸਮਾਜ ਵਿੱਚ ਇੱਕ ਨਵੇਂ ਦ੍ਰਿਸ਼ਟੀਕੋਣ ਦਾ ਜਨਮ ਬਹੁਤ ਜ਼ਰੂਰੀ ਹੋ ਚੁੱਕਿਆ ਸੀ, ਜੋ ਬੁੱਧ ਧਰਮ ਦੇ ਰੂਪ ਵਿੱਚ ਸਾਹਮਣੇ ਆਇਆ। ਇਸ ਧਰਮ ਨੇ ਸੰਭਵ ਕੋਸ਼ਿਸ਼ਾਂ ਰਾਹੀਂ ਸਮਾਜਿਕ ਢਾਂਚੇ ਵਿੱਚ ਸੁਧਾਰ ਕੀਤਾ।

ਇਸ ਧਰਮ ਦੇ ਸੰਸਥਾਪਕ ਨੇ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਸਾਰੀ ਲੋਕਾਈ ਨੂੰ ਸੱਚ ਦਾ ਪ੍ਰਚਾਰ ਕੀਤਾ। ਦੁਨੀਆ ਦੇ ਕਲਿਆਣ ਦੀ ਭਾਵਨਾ ਨਾਲ ਮਹਾਤਮਾ ਬੁੱਧ ਨੇ ਪਹਿਲਾ ਉਪਦੇਸ਼ ਸਾਰਨਾਥ ਦੇ

---

[1] ਸਰ ਐਡਵਿਨ ਆਰਨਲਡ, *ਏਸ਼ੀਆ ਦਾ ਚਾਨਣ*, ਮੋਹਨ ਸਿੰਘ (ਅਨੁ.), ਹਿੰਦ ਪਬਲਿਸ਼ਰਜ਼ ਲਿਮਿਟਿਡ, ਅੰਮ੍ਰਿਤਸਰ, ਚੌਥੀ ਵਾਰ, 1953, ਪੰਨੇ 3-4.

ਇਤੀਪਤਨ ਮਿਗਦਾਯ ਵਿਖੇ ਪੰਜਵਰਗੀ ਭਿੱਖੂਆਂ ਨੂੰ ਦਿੱਤਾ, ਜਿਸ ਨੂੰ 'ਧਰਮ ਚੱਕਰ ਪਰਿਵਰਤਨ' ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਪੰਜਾਂ ਭਿੱਖੂਆਂ ਵਿੱਚੋਂ ਸਭ ਤੋਂ ਪਹਿਲਾ 'ਕੌਂਡਨੀਯ' ਨੇ ਪ੍ਰਵ੍ਰਜਿਆ[2] ਗ੍ਰਹਿਣ ਕੀਤੀ ਅਤੇ ਬਾਕੀ ਚਾਰ ਵੀ ਪ੍ਰਵ੍ਰਜਿਤ ਹੋ ਕੇ ਭਿੱਖੂ ਬਣੇ। ਇਸ ਨਾਲ ਭਿੱਖੂ ਸੰਘ ਹੋਂਦ ਵਿੱਚ ਆਇਆ। ਹੌਲੀ-ਹੌਲੀ ਭਿੱਖੂਆਂ ਦੀ ਗਿਣਤੀ ਵੱਧਦੀ ਗਈ। ਭਿੱਖੂ ਹਰ ਦਿਸ਼ਾ ਵਿੱਚ ਜਾਕੇ ਬੁੱਧ ਧਰਮ ਦਾ ਉਪਦੇਸ਼ ਦਿੰਦੇ ਅਤੇ ਲੋਕਾਂ ਨੂੰ ਪ੍ਰਵ੍ਰਜਿਤ ਕਰ ਸੰਘ ਵਿੱਚ ਸ਼ਾਮਿਲ ਕਰਦੇ ਸਨ।

ਮਹਾਤਮਾ ਬੁੱਧ ਨੇ ਲੋਕਾਈ ਦੇ ਭਲੇ ਲਈ ਸਿਧਾਂਤਿਕ ਅਤੇ ਦਾਰਸ਼ਨਿਕ ਉਲਝੇਵੇਂ ਦੀ ਥਾਂ 'ਤੇ ਸਰਲ ਅਤੇ ਸਾਦੇ ਨਿਯਮਾਂ ਰਾਹੀਂ ਨੈਤਿਕਤਾ ਦਾ ਉਪਦੇਸ਼ ਦਿੱਤਾ। ਦੁੱਖ ਕੀ ਹੈ, ਉਸਦੇ ਕਾਰਨ ਕਿਹੜੇ ਹਨ ਅਤੇ ਕਿਵੇਂ ਉਹਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ, ਨੂੰ ਆਧਾਰ ਬਣਾਇਆ। ਮਹਾਤਮਾ ਬੁੱਧ ਨੇ ਦੁੱਖ ਤੋਂ ਛੁਟਕਾਰਾ ਪਾਉਣ ਲਈ 'ਚਾਰ ਆਰੀਆ ਸੱਚ' ਤੋਂ ਜਾਣੂ ਕਰਵਾਇਆ। ਇਹਨਾਂ ਚਾਰ ਆਰੀਆ ਸੱਚ ਵਿੱਚੋਂ ਮਹਾਤਮਾ ਬੁੱਧ ਦੇ ਮੂਲ ਉਪਦੇਸ਼ਾਂ ਦਾ ਗਿਆਨ ਹੋ ਜਾਂਦਾ ਹੈ। ਜਿਹਨਾਂ ਦਾ ਮੁੱਖ ਉਦੇਸ਼ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ ਸੀ। ਦੁੱਖਾਂ ਨੂੰ ਜਾਣੋ, ਕਾਰਨਾਂ ਨੂੰ ਜਾਣੋ ਅਤੇ ਸੱਚ ਦੇ ਮਾਰਗ ਦੀ ਪਾਲਨਾ ਰਾਹੀਂ ਦੁੱਖਾਂ ਦਾ ਅੰਤ ਕਰੋ। ਮਹਾਤਮਾ ਬੁੱਧ ਅਨੁਸਾਰ ਜੀਵਨ ਦੇ ਹਰ ਕਦਮ ਅਤੇ ਹਰ ਸੰਬੰਧ ਵਿੱਚ ਦੁੱਖਾਂ ਦੀ ਬਹੁਲਤਾ ਹੈ। ਵਿਅਕਤੀਗਤ ਸੰਬੰਧ (ਪਿਆਰੇ ਤੋਂ ਵਿਛੜਨਾ), ਭੌਤਿਕ ਹਲਾਤਾਂ ਵਿੱਚ ਦੁੱਖ (ਬੁਢਾਪਾ, ਬੀਮਾਰੀ, ਮੌਤ), ਮਾਨਸਿਕ ਦੁੱਖ (ਲਾਲਚ, ਅਗਿਆਨਤਾ), ਕੁਦਰਤੀ ਦੁੱਖ ਅਤੇ ਹੋਰ ਲੱਖਾਂ ਦੁੱਖ ਜਿਹਨਾਂ ਵਿੱਚ ਇਨਸਾਨ ਹਮੇਸ਼ਾ ਰਮਿਆ ਰਹਿੰਦਾ ਹੈ। ਰਾਹੁਲ ਵਾਲਪੋਲਾ ਅਨੁਸਾਰ ਪਾਲੀ ਦੇ ਸ਼ਬਦ ਦੁੱਖ (Dukkha) ਦਾ ਭਾਵ ਦੁੱਖ ਅਤੇ ਤਕਲੀਫ਼ ਤੋਂ ਲਿਆ ਜਾਂਦਾ ਹੈ, ਜੋ ਸੁੱਖ ਦਾ ਵਿਪਰੀਤ ਸ਼ਬਦ ਹੈ। ਮਹਾਤਮਾ ਬੁੱਧ ਨੇ ਇਸ ਸ਼ਬਦ ਦੇ ਅਰਥ ਬੜੀ ਡੂੰਘਿਆਈ ਤੋਂ ਲਏ ਹਨ ਉਹਨਾਂ ਅਨੁਸਾਰ ਅਨਿੱਤਤਾ, ਅਪੂਰਨਤਾ, ਸ਼ੂਨਯਤਾ, ਅਵਾਸਤਵਿਕਤਾ ਦੁੱਖ ਹੈ।[3] ਮਹਾਤਮਾ ਬੁੱਧ ਅਨੁਸਾਰ ਦੁੱਖ ਜੀਵਨ ਦਾ ਸੱਚ ਹੈ, ਜਿਸਦੀ ਵਿਆਪਕਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

---

[2] ਸੰਘ ਵਿੱਚ ਸ਼ਾਮਿਲ ਹੋਣ ਲਈ ਪਹਿਲਾ ਸੰਸਕਾਰ।

[3] " It is true that the Pali word *dukkha* (or Sanskrit *dukha*) in ordinary usage means 'suffering', 'pain', 'sorrow' or 'misery', as opposed to the word *sukha* meaning 'happiness', 'comfort' or 'ease'. But the term *dukkha* as the First Noble Truth, which represents the Buddha's view of life and the world, has a deeper philosophical meaning and connotes enormously wider senses. It is admitted that the term *dukkha* in the First Noble Truth contains, quite obviously, the ordinary meaning of 'suffering', but in addition it also includes deeper ideas such as 'imperfection', 'impermanence', 'emptiness', 'insubstantiality'."
Walpola Sri Rahula, *What the Buddha Taught*, Grove Press, Inc, New York, 1974, p.17.

ਮਹਾਤਮਾ ਬੁੱਧ ਅਨੁਸਾਰ ਜੀਵਨ ਦੀ ਹੋਂਦ ਪੰਜ ਸਕੰਧਾਂ ਨਾਲ ਹੈ। ਇਹ ਪੰਜ ਸਕੰਧ ਨਾਮ-ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ ਹਨ।[4] ਇਹਨਾਂ ਪੰਜ ਸਕੰਧਾਂ ਦੇ ਨਾਲ ਹੀ ਮਾਸ ਦੇ ਪੁਤਲੇ (ਸਰੀਰ) ਅਤੇ ਇਛਾਵਾਂ ਦਾ ਜਨਮ ਹੁੰਦਾ ਹੈ। ਇਸੇ ਤਰ੍ਹਾਂ ਮਹਾਤਮਾ ਬੁੱਧ ਨੇ ਇਨਸਾਨ ਦੇ ਦੁੱਖਾਂ ਦਾ ਅਸਲ ਕਾਰਨ ਤ੍ਰਿਸ਼ਨਾ ਅਤੇ ਅਗਿਆਨਤਾ ਨੂੰ ਦੱਸਿਆ ਸੀ। ਇਨਸਾਨ ਦੇ ਜੀਵਨ ਦਾ ਭਵਚੱਕਰ ਅਗਿਆਨਤਾ ਦਾ ਹੀ ਨਤੀਜਾ ਹੈ। ਮਹਾਤਮਾ ਬੁੱਧ ਨੇ ਇਹਨਾਂ ਦੁੱਖਾਂ ਦੇ ਨਿਰੋਧ ਲਈ ਮੱਧ ਮਾਰਗ ਜਾਂ ਅਸ਼ਟਾਂਗ ਮਾਰਗ ਦੱਸਿਆ ਸੀ। ਮਹਾਤਮਾ ਬੁੱਧ ਦਾ ਕਹਿਣਾ ਹੈ ਕਿ 'ਮੈਂ ਇਸ ਮਾਰਗ 'ਤੇ ਚੱਲਕੇ ਜਨਮ ਮਰਨ ਦੇ ਰਹੱਸ ਨੂੰ ਅਤੇ ਦੁੱਖ ਨਿਰੋਧ ਨੂੰ ਜਾਣ ਲਿਆ ਹੈ।'[5]

ਮਹਾਤਮਾ ਬੁੱਧ ਸਾਰੀ ਮਨੁੱਖਤਾ ਨੂੰ ਇੱਕੋ ਰੂਪ ਵਿੱਚ ਦੇਖਦੇ ਸਨ। ਉਹਨਾਂ ਨੇ ਮਨੁੱਖਤਾ ਦੀ ਹੋਂਦ ਨੂੰ ਬਿਆਨ ਕਰਨ ਸਮੇਂ ਕੋਈ ਮਰਦ ਇਸਤਰੀ ਦਾ ਭੇਦ ਨਹੀਂ ਕੀਤਾ ਸੀ। ਮਹਾਤਮਾ ਬੁੱਧ ਨੇ ਉੱਚੇ-ਨੀਵੇਂ, ਜਾਤ-ਪਾਤ ਅਤੇ ਲਿੰਗ ਦੇ ਭੇਦਭਾਵ ਤੋਂ ਬਿਨਾਂ ਸਾਰਿਆਂ ਨੂੰ ਜੀਵਨ ਦੇ ਅਸਲ ਸੱਚ ਨੂੰ ਸਮਝਣ ਦਾ ਮੌਕਾ ਦਿੱਤਾ। ਮਹਾਤਮਾ ਬੁੱਧ ਨੇ ਮਰਦ ਇਸਤਰੀ ਨੂੰ ਜਨਮ ਜਾਂ ਸਰੀਰ ਆਧਾਰਿਤ ਉੱਚਾ ਨੀਵਾਂ ਨਹੀਂ ਸਮਝਿਆ ਸਗੋਂ ਉਹਨਾਂ ਨੂੰ ਕਰਮਾਂ ਦੇ ਆਧਾਰ ਤੇ ਦਰਜਾ ਦਿੱਤਾ। ਕਿਉਂਕਿ ਹਰ ਇਨਸਾਨ ਦਾ ਕਰਮ ਅਤੇ ਸੁਭਾਅ ਹੀ ਉਸਨੂੰ ਉੱਚਾ ਜਾਂ ਨੀਵਾਂ ਬਣਾਉਂਦਾ ਹੈ।[6]

ਸਾਰੇ ਵਖਰੇਵਿਆਂ ਨੂੰ ਵੰਗਾਰਦੇ ਹੋਏ ਸੰਘ ਦੀ ਸਥਾਪਨਾ ਕੀਤੀ ਜਿਸ ਵਿੱਚ ਆਮ ਆਦਮੀ (ਬਿਨਾਂ ਭੇਦਭਾਵ ਤੋਂ) ਨੂੰ ਸ਼ਾਮਿਲ ਕੀਤਾ ਗਿਆ ਸੀ। ਬੁੱਧ ਧਰਮ ਦੇ ਮੁਢਲੇ ਸਮੇਂ ਦੌਰਾਨ ਸੰਘ ਵਿੱਚ ਸ਼ਾਮਿਲ ਹੋਣ ਲਈ ਕੁੱਝ ਖ਼ਾਸ ਨਿਯਮ ਵੀ ਨਹੀਂ ਸਨ। ਸੰਘ ਵਿੱਚ ਸ਼ਾਮਿਲ ਹੋਣ ਸਮੇਂ ਪ੍ਰਵ੍ਰਜਿਤ ਹੋਣ ਦਾ ਸੰਸਕਾਰ ਸੀ, ਜਿਸ ਵਿੱਚ ਭਿੱਖੂ 'ਮੈਂ ਬੁੱਧ ਦੀ ਸ਼ਰਨ ਗ੍ਰਹਿਣ ਕਰਦਾ ਹਾਂ, ਮੈਂ ਧਰਮ ਦੀ ਸ਼ਰਨ ਗ੍ਰਹਿਣ ਕਰਦਾ ਹਾਂ, ਮੈਂ ਸੰਘ ਦੀ ਸ਼ਰਨ ਗ੍ਰਹਿਣ ਕਰਦਾ ਹਾਂ' ਕਹਿ ਪ੍ਰਵ੍ਰਜਿਤ ਹੁੰਦਾ ਸੀ। ਦੂਸਰਾ ਅਤੇ ਉੱਚ ਉਪਸੰਪਦਾ ਸੰਸਕਾਰ ਘੱਟ ਤੋਂ ਘੱਟ ਪੰਜ ਸਾਲਾਂ ਬਾਅਦ ਨਿਭਾਇਆ ਜਾਂਦਾ ਸੀ। ਸੰਘ ਵਿੱਚ ਸ਼ਾਮਿਲ ਹੋਣ ਦੀ ਇੱਛਾ ਰੱਖਣ ਵਾਲਾ ਇਨਸਾਨ ਸੌਖਿਆਂ ਹੀ ਸੰਘ ਵਿੱਚ ਆ ਸਕਦਾ ਸੀ ਪਰ ਹੌਲੀ-ਹੌਲੀ ਸੰਘ ਵਿੱਚ ਪ੍ਰਵੇਸ਼ ਕਰਨ ਦੇ ਨਿਯਮਾਂ ਵਿੱਚ ਵਾਧਾ ਹੁੰਦਾ ਗਿਆ। ਇਹਨਾਂ ਨਿਯਮਾਂ ਅਨੁਸਾਰ ਪੰਜ ਤਰ੍ਹਾਂ ਦੇ ਬੀਮਾਰੀ ਦੇ ਰੋਗੀ, ਰਾਜਸੈਨਿਕਾਂ, ਚੋਰ-

---

4 *dIG inkwX*, rwhul swN™ËXwXn Ev< jgdIS kwÜXp (Anu.),gOqm buk syNtr, idØlI, 2010, pNnw 194.

5 *sNXuÁ inkwX,* phlw Bwg, iBKu jgdIS kwÜXp Ev< iBKu Dm~ri@q (Anu.), mhwboiD sBw, bnwrs, 1954, pNny 237-238.

6 "The Buddha's main argument against this was that no man or woman could be superior or inferior in society merely by reason of his birth. He clearly pointed out that the position of man and woman depended on his or her conduct. This meant that it was a person's attitude and behavior(Kamma) which made a man superior or inferior."
Shalini Dixit, *Patriarchy and Feminine Space: A Study of Women in Early Buddhism,* Manak Publication, New Delhi, 2008, p.18.

ਡਾਕੂਆਂ ਆਦਿ ਨੂੰ ਸ਼ਾਮਿਲ ਹੋਣ ਤੋਂ ਮਨਾਹੀ ਸੀ। ਸੰਘ ਵਿੱਚ ਪ੍ਰਵੇਸ਼ ਕਰਨ ਲਈ ਉਮਰ ਵੀ ਨਿਰਧਾਰਿਤ ਕਰ ਦਿੱਤੀ ਗਈ ਸੀ। ਮਾਤਾ-ਪਿਤਾ ਦੀ ਆਗਿਆ ਦੇ ਨਾਲ ਘੱਟ ਤੋਂ ਘੱਟ 15 ਸਾਲ ਦੀ ਉਮਰ ਵਾਲੇ ਨੂੰ ਪ੍ਰਵ੍ਰਜਿਤ ਕਰਨਾ ਅਤੇ ਉਪਸੰਪਦਾ ਲਈ ਘੱਟ ਤੋਂ ਘੱਟ 20 ਸਾਲ ਉਮਰ ਨਿਰਧਾਰਿਤ ਸੀ।[7] ਬੁੱਧ ਧਰਮ ਦੇ ਵਿਨਯ ਪਿਟਕ ਗ੍ਰੰਥ ਵਿੱਚ ਭਿੱਖੂਆਂ ਲਈ ਬਣਾਏ 227 ਨਿਯਮਾਂ ਦਾ ਵਰਣਨ ਪ੍ਰਾਪਤ ਹੁੰਦਾ ਹੈ। ਇਹਨਾਂ ਸਾਰੇ ਨਿਯਮਾਂ ਦੀ ਪਾਲਨਾ ਤਾਂ ਹੀ ਹੋ ਸਕਦੀ ਹੈ ਜੇਕਰ ਭਿੱਖਣੀ ਸੰਘ ਵੀ ਸਥਾਪਿਤ ਹੋਇਆ ਹੋਵੇਗਾ।

ਬੁੱਧ ਧਰਮ ਅਜਿਹਾ ਪਹਿਲਾ ਧਰਮ ਸੀ ਜਿਸ ਨੇ ਭਿੱਖਣੀ ਸੰਘ ਦੀ ਵਿਵਸਥਾ ਕੀਤੀ ਤਾਂਕਿ ਇਸਤਰੀਆਂ ਵੀ ਮਰਦਾਂ ਦੀ ਤਰ੍ਹਾਂ ਅਧਿਆਤਮਿਕ ਆਜ਼ਾਦੀ ਪ੍ਰਾਪਤ ਕਰ ਸਕਣ।[8] ਮਹਾਤਮਾ ਬੁੱਧ ਨੇ ਬਿਨਾਂ ਭੇਦਭਾਵ ਤੋਂ ਇਸਤਰੀਆਂ ਨੂੰ ਧਰਮ ਦਾ ਉਪਦੇਸ਼ ਦਿੱਤਾ ਅਤੇ ਉਹਨਾਂ ਨੂੰ ਅੰਦਰੂਨੀ ਸ਼ਕਤੀ ਤੋਂ ਜਾਣੂ ਕਰਵਾਇਆ। ਅਜਿਹੇ ਪ੍ਰਫੁਲਿਤ ਵਿਚਾਰ ਉਸ ਸਮੇਂ ਦੀਆਂ ਪ੍ਰਸਥਿਤੀਆਂ ਵਿੱਚ ਕਿਸੇ ਕ੍ਰਾਂਤੀਕਾਰੀ ਸੋਚ ਤੋਂ ਘੱਟ ਨਹੀਂ ਸਨ। ਮਹਾਤਮਾ ਬੁੱਧ ਨੇ ਇਸਤਰੀ ਪ੍ਰਤੀ ਪ੍ਰਚਲਿਤ ਧਾਰਨਾ ਨੂੰ ਤੋੜਿਆ ਅਤੇ ਇੱਕ ਨਵਾਂ ਸਮਾਜ ਸਿਰਜਿਆ।

ਇਸ ਸਮੇਂ ਦੌਰਾਨ ਜਿੱਥੇ ਭਿੱਖੂ ਸੰਘ ਵਿਸ਼ਾਲ ਰੂਪ ਵਿੱਚ ਹੋਂਦ ਵਿੱਚ ਆ ਚੁੱਕਿਆ ਸੀ ਉੱਥੇ ਦੂਜੇ ਪਾਸੇ ਇਸਤਰੀਆਂ ਵੀ ਬੁੱਧ ਧਰਮ ਵੱਲ ਪ੍ਰੇਰਿਤ ਹੋਈਆਂ ਸਨ। ਇਸਤਰੀਆਂ ਉਪਾਸਿਕਾ ਦੇ ਰੂਪ ਵਿੱਚ ਬੁੱਧ ਧਰਮ ਦੀਆਂ ਅਨੁਯਾਈ ਬਣੀਆਂ। ਉਹ ਦੁਨਿਆਵੀ ਜ਼ੰਜਾਲਾਂ ਤੋਂ ਉੱਪਰ ਉੱਠ ਕੇ ਭਵਿੱਖ ਨੂੰ ਗੰਭੀਰਤਾ ਨਾਲ ਵਿਚਾਰਨ ਲੱਗੀਆਂ ਸਨ। ਇਸੇ ਸਦਕਾ ਮਹਾਤਮਾ ਬੁੱਧ ਦੇ ਜੀਵਨ ਕਾਲ ਵਿੱਚ ਹੀ ਭਿੱਖਣੀ ਸੰਘ ਸਥਾਪਿਤ ਹੋ ਗਏ ਸਨ।

### 1. ਭਿੱਖਣੀ:

ਮਹਾਤਮਾ ਬੁੱਧ ਦੇ ਸਮਕਾਲੀਨ ਸਮਾਜ ਵਿੱਚ ਇਸਤਰੀ ਦੀ ਸਥਿਤੀ ਵੱਲ ਦੇਖਦੇ ਹੋਏ ਭਿੱਖਣੀ ਵਰਗ ਦਾ ਸਥਾਨ ਮੁੱਖ ਹੈ। *ਭਿੱਖਣੀ* ਇਕ ਧਾਰਮਿਕ ਫ਼ਕੀਰ ਇਸਤਰੀ, ਜੋ ਮਹਾਤਮਾ ਬੁੱਧ ਦੁਆਰਾ ਦੱਸੇ ਸੱਚ ਦੇ ਰਾਹ 'ਤੇ ਚੱਲਕੇ ਦੁੱਖਾਂ ਤੋਂ ਆਜ਼ਾਦੀ ਅਤੇ ਨਿਰਵਾਣ ਦੀ ਪ੍ਰਾਪਤੀ ਕਰਦੀ ਹੈ। ਜਿਸ ਦੀ ਜ਼ਿੰਦਗੀ ਵਿੱਚ ਧਰਮ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਸੀ, ਉਹ ਰੋਟੀ, ਕਪੜਾ ਅਤੇ ਛੱਤ ਲਈ ਸਮਾਜ ਵਿੱਚ ਰਹਿ ਰਹੇ ਬੁੱਧ ਧਰਮ ਦੇ ਅਨੁਯਾਈਆਂ ਉੱਪਰ ਨਿਰਭਰ ਹੁੰਦੀ ਸੀ। ਭਿੱਖਣੀ ਸ਼ਬਦ ਅੰਗਰੇਜੀ ਵਿੱਚ 'Nun'

---

7 *ivnXiptk*, rwhul swN™ËXwXn (Anu.), gOqm buk syNtr, idØlI, i¿iÁX s<ákrx, 2010, pNny 115-118.

8 "Buddhism was the first religion in the world to establish a community of ordained women on the premise that women can achieve spiritual liberation on a par with men."
Chatsumarn Kabilsingh, 'The Role of Women in Buddhism', *Sakyadhita: Daughters of the Buddha*, Karma Lekshe Tsomo (ed.), Sri Satguru Publication, Delhi, 1998, p. 225.

ਸ਼ਬਦ ਵਜੋਂ ਵਰਤਿਆ ਜਾਂਦਾ ਹੈ।[9] ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, ਭਿੱਖਣੀ ਸ਼ਬਦ ਭਿੱਖੂ ਦਾ ਇਸਤਰੀ ਲਿੰਗ ਹੈ। ਜਿਸਨੂੰ ਪਾਲੀ ਭਾਸ਼ਾ ਵਿੱਚ ਭਿੱਖਣੀ ਅਤੇ ਸੰਸਕ੍ਰਿਤ ਭਾਸ਼ਾ ਵਿੱਚ ਭਿਕਸ਼ੁਣੀ ਕਿਹਾ ਜਾਂਦਾ ਹੈ। ਜੋ ਕਿ ਦੁਨਿਆਵੀ ਜੀਵਨ ਤਿਆਗ ਕੇ, ਧਾਰਮਿਕ ਫਕੀਰ ਹੋਕੇ ਸੰਘ ਵਿੱਚ ਰਹਿੰਦੇ ਹੋਏ ਚਿੰਤਨ ਰਾਹੀਂ ਜ਼ਿੰਦਗੀ ਦੇ ਅਸਲੀ ਮੰਤਵ ਦੀ ਪ੍ਰਾਪਤੀ ਕਰਦੇ ਹਨ।[10]

### 1.1. ਭਿੱਖਣੀ ਸੰਘ ਦਾ ਇਤਿਹਾਸ:

ਮਹਾਤਮਾ ਬੁੱਧ ਰਾਜਗ੍ਰਹਿ ਵਿਖੇ ਉਪਦੇਸ਼ ਦੇ ਰਹੇ ਸੀ, ਜਿੱਥੇ ਉਹਨਾਂ ਨੇ ਸਾਰਿਪੁੱਤ ਅਤੇ ਮਹਾਮੋਗਲਯਾਨ ਨੂੰ ਬੁੱਧ ਧਰਮ ਵਿੱਚ ਸ਼ਾਮਿਲ ਕੀਤਾ ਸੀ। ਜਦੋਂ ਮਹਾਤਮਾ ਬੁੱਧ ਕਪਿਲਵਸਤੂ ਵਿਖੇ ਪਧਾਰੇ ਤਾਂ ਰਾਜਾ ਸ਼ੁਧੋਦਨ ਉਪਾਸਿਕ, ਨੰਦਾ ਅਤੇ ਰਾਹੁਲ ਭਿੱਖੂ ਬਣ ਗਏ ਸਨ। ਸਾਰਾ ਰਾਜ ਪਰਿਵਾਰ ਮਹਾਤਮਾ ਬੁੱਧ ਦੇ ਆਲੇ-ਦੁਆਲੇ ਇੱਕਠਾ ਹੋਕੇ ਗਿਆਨ ਦਾ ਅਨੰਦ ਮਾਣ ਰਿਹਾ ਸੀ, ਪਰ ਯਸ਼ੋਧਰਾ (ਪਤਨੀ) ਹਰ ਇੱਕ ਦੇ ਕਹਿਣ 'ਤੇ ਵੀ ਕਮਰੇ ਵਿੱਚੋਂ ਥੱਲੇ ਨਹੀਂ ਆਈ ਸੀ। ਉਸ ਦਾ ਕਹਿਣਾ ਸੀ ਕਿ ਜੇਕਰ ਉਸ ਵਿੱਚ ਕੁੱਝ ਉੱਚੇਚੇ ਗੁਣ ਹੋਣਗੇ ਤਾਂ ਮਹਾਤਮਾ ਬੁੱਧ ਖ਼ੁਦ ਉਸਨੂੰ ਮਿਲਣ ਲਈ ਆਉਣਗੇ। ਯਸ਼ੋਧਰਾ ਨੇ ਰਾਹੁਲ ਨੂੰ ਆਪਣੇ ਪਿਤਾ ਦੇ ਉੱਤਰਾਧਿਕਾਰੀ ਦੱਸਦੇ ਹੋਏ ਆਪਣਾ ਹੱਕ ਮੰਗਣ ਨੂੰ ਕਿਹਾ। ਇਹ ਜਾਣਦੇ ਹੋਏ ਵੀ ਕਿ ਉਸਦਾ ਪਤੀ ਦੁਨਿਆਵੀ ਵਸਤਾਂ ਤਿਆਗ ਕੇ ਸੱਚ ਦਾ ਪੁਜਾਰੀ ਬਣਿਆ ਹੋਇਆ ਹੈ। ਇੱਕ ਇਸਤਰੀ ਹੋਣ ਦੇ ਨਾਤੇ ਜਿਸਦਾ ਪਤੀ ਪਹਿਲਾਂ ਹੀ ਇਸ ਤਿਆਗ ਦੇ ਰਾਹ 'ਤੇ ਚੱਲ ਰਿਹਾ ਹੋਵੇ, ਉਹ ਖ਼ੁਦ ਆਪਣੇ ਬੇਟੇ ਨੂੰ ਉਸੇ ਹੀ ਰਾਹ 'ਤੇ ਤੋਰ ਰਹੀ ਹੋਵੇ, ਇਸ ਵਿੱਚ ਇਸਤਰੀ ਦੀ ਬੁੱਧੀਮਤਾ ਅਤੇ ਸੂਝਮਤਾ ਨਜ਼ਰ ਆਉਂਦੀ ਹੈ। ਉਸ ਦੀ ਮਹਾਨਤਾ ਇਸ ਗੱਲ ਵਿੱਚ ਵੀ ਹੈ ਕਿ ਇੱਕ ਇਸਤਰੀ ਹੋ ਕੇ ਉਸਨੇ ਆਪਣੇ ਮਹਾਨ ਗੁਣਾਂ ਸਦਕਾ ਮਹਾਤਮਾ ਬੁੱਧ ਨੂੰ ਖ਼ੁਦ ਉਸ ਤੱਕ ਪਹੁੰਚਣ ਲਈ ਵਿਵਸ਼ ਕੀਤਾ।

ਇਸ ਸਮੇਂ ਹੀ ਮਹਾਪ੍ਰਜਾਪਤੀ ਗੌਤਮੀ ਨੇ ਵੀ ਮਹਾਤਮਾ ਬੁੱਧ ਦਾ ਉਪਦੇਸ਼ ਸੁਣਕੇ ਨਿਰਵਾਣ ਦੀ ਪਹਿਲੀ ਅਵਸਥਾ 'ਸ਼੍ਰੋਤਾਪਨ' ਪ੍ਰਾਪਤ ਕਰ ਲਈ ਸੀ। ਕੁੱਝ ਸਮੇਂ ਪਿੱਛੋਂ ਕਪਿਲਵਸਤੂ ਵਿਖੇ ਸ਼ਾਕਯ ਅਤੇ ਕੋਲਿਯ ਵੰਸ਼ਾਂ ਵਿੱਚ ਹੋਏ ਪਾਣੀ ਦੇ ਬਟਵਾਰੇ ਨੂੰ ਲੈਕੇ ਝੱਗੜੇ ਨੂੰ ਸ਼ਾਂਤ ਕਰਵਾਉਣ ਲਈ ਮਹਾਤਮਾ ਬੁੱਧ ਪਹੁੰਚੇ ਸਨ। ਇਸ ਸਮੇਂ ਦੇ ਆਸ-ਪਾਸ ਹੀ ਰਾਜਾ ਸ਼ੁਧੋਦਨ ਦੀ ਮੌਤ ਹੋ ਗਈ ਸੀ। ਮਹਾਪ੍ਰਜਾਪਤੀ ਗੌਤਮੀ

---

9 "A bhikkhuni is a FEMALE RELIGIOUS MENDICANT who has renounced ordinary worldly life to follow the Buddha's path to enlightment and liberation from unhappiness. She has no livelihood other than her religious life, and she receives donations of food, clothing, and shelter from the lay faithful to sustain her. The word bhikkhuni is usally rendered in English as nun……"
Nancy J. Barnes, 'The Nuns at the Stupa', *Women's Buddhism Buddhism's Women*, Ellison Banks Findly (ed.), Wisdom Publication, Boston, p.17.

10 "Bhikkhu(Pali), feminine Bhikkuni, Sanskrit Bhiksu or (feminine) Bhiksuni, in Buddhism, one who has renounced worldly life and joined the mendicant and contemplative community."
*The New Encyclopaedia Britannica*, Encyclopaedia Britannica, London, Vol.2, 15th ed., 1974, p.188.

ਨੇ ਆਪਣੇ ਪਤੀ ਵੱਲ ਫ਼ਰਜ਼ ਪੂਰੇ ਹੋਣ ਤੋਂ ਬਾਅਦ ਘਰ ਤਿਆਗਣ ਅਤੇ ਸੰਘ ਵਿੱਚ ਪ੍ਰਵੇਸ਼ ਕਰਨ ਦੇ ਵਿਚਾਰ ਨਾਲ ਮਹਾਤਮਾ ਬੁੱਧ ਕੋਲ ਨਯੋਗ੍ਰਾਧਾਰਾਮ ਵਿਹਾਰ ਵਿਖੇ ਜਾਕੇ ਸੰਘ ਵਿੱਚ ਪ੍ਰਵੇਸ਼ ਕਰਵਾਉਣ ਦੀ ਪ੍ਰਾਰਥਨਾ ਕੀਤੀ ਸੀ। ਤਿੰਨ ਵਾਰ ਅਪੀਲ ਕਰਨ 'ਤੇ ਵੀ ਮਹਾਤਮਾ ਬੁੱਧ ਦਾ ਜਵਾਬ ਇਨਕਾਰ ਹੀ ਸੀ। ਇਨਕਾਰ ਹੋਣ 'ਤੇ ਗੌਤਮੀ ਨੇ ਹੌਸਲਾ ਨਹੀਂ ਹਾਰਿਆ ਸਗੋਂ ਉਸਦੀ ਅੰਦਰੂਨੀ ਸ਼ਕਤੀ ਹੋਰ ਵੀ ਵੱਧ ਗਈ ਸੀ। ਗੌਤਮੀ ਨੂੰ ਇਤਿਹਾਸ ਦੀ ਉਹ ਸ਼ਕਤੀ ਅਤੇ ਹੌਸਲੇ ਵਾਲੀ ਇਸਤਰੀ ਕਿਹਾ ਜਾ ਸਕਦਾ ਹੈ, ਜਿਸਨੇ ਸਮਾਜ ਦੇ ਮੁਹਾਂਦਰੇ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਸੀ। ਉਸਨੇ ਆਪਣੇ ਪ੍ਰਚਾਰ ਨਾਲ ਹੋਰ ਇਸਤਰੀਆਂ ਨੂੰ ਵੀ ਨਾਲ ਲੈ ਕੇ ਵੈਸ਼ਾਲੀ ਜਿੱਥੇ ਮਹਾਤਮਾ ਬੁੱਧ ਵਿਹਾਰ ਕਰ ਰਹੇ ਸਨ, ਵਲ ਨੂੰ ਕੂਚ ਕੀਤਾ ਸੀ। ਗੌਤਮੀ ਅਤੇ ਹੋਰ ਇਸਤਰੀਆਂ ਬਾਲ ਕੱਟੇ ਹੋਏ, ਸੰਤਰੀ ਕੱਪੜੇ ਧਾਰਨ ਕੀਤੇ ਹੋਏ ਅਤੇ ਪੈਦਲ ਯਾਤਰਾ ਕਰਨ ਨਾਲ ਪੈਰ ਸੁੱਜੇ ਹੋਏ ਮਹਾਤਮਾ ਬੁੱਧ ਕੋਲ ਵੈਸ਼ਾਲੀ ਵਿਖੇ ਕੁਟਾਗਾਰ ਹਾਲ ਵਿੱਚ ਮਹਾਵਨ ਵਿਖੇ ਪਹੁੰਚੀਆਂ ਸਨ।[11] ਇਸ ਸਾਰੇ ਦ੍ਰਿਸ਼ ਅਤੇ ਗੌਤਮੀ ਦੇ ਸਾਹਸ, ਸੱਚਦਿਲੀ ਨੇ ਆਨੰਦ ਦੇ ਦਿਲ ਉੱਪਰ ਚੰਗੀ ਛਾਪ ਛੱਡੀ। ਆਨੰਦ ਨੇ ਖ਼ੁਦ ਉਸਦੀ ਯੋਗਤਾ ਬਾਰੇ ਮਹਾਤਮਾ ਬੁੱਧ ਨਾਲ ਗੱਲ ਕਰਦੇ ਹੋਏ ਸਿਫ਼ਾਰਿਸ਼ ਕੀਤੀ ਕਿ ਇਹਨਾਂ ਨੂੰ ਸੰਘ ਵਿੱਚ ਸ਼ਾਮਿਲ ਕੀਤਾ ਜਾਵੇ ਪਰ ਤਿੰਨ ਵਾਰ ਅਪੀਲ ਕਰਨ 'ਤੇ ਵੀ ਮਹਾਤਮਾ ਬੁੱਧ ਦਾ ਸਾਫ਼ ਇਨਕਾਰ ਹੀ ਸੀ। ਇਸ ਵਿਚਾਰ ਵਿਮਰਸ਼ ਵਿੱਚ ਹੀ ਆਨੰਦ ਨੇ ਸਵਾਲ ਕੀਤਾ ਕਿ 'ਕੀ ਇਸਤਰੀਆਂ ਅਰਹੰਤ ਪ੍ਰਾਪਤੀ ਦੇ ਕਾਬਿਲ ਹਨ? ਮਹਾਤਮਾ ਬੁੱਧ ਦਾ ਜਵਾਬ ਸੀ ਕਿ ਹਾਂ ਇਸਤਰੀਆਂ ਅਰਹੰਤ ਦੀ ਪ੍ਰਾਪਤੀ ਕਰ ਸਕਦੀਆਂ ਹਨ।'[12] ਇਸ ਸਮੇਂ ਹੀ ਆਨੰਦ ਨੇ ਮਹਾਤਮਾ ਬੁੱਧ ਨੂੰ ਯਾਦ ਕਰਵਾਉਂਦੇ ਹੋਏ ਕਿਹਾ, ਕਿਵੇਂ ਉਹਨਾਂ ਦੀ ਜਨਨੀ ਮਰਨ ਉਪਰੰਤ ਮਹਾਪ੍ਰਜਾਪਤੀ ਗੌਤਮੀ ਨੇ ਸੱਚੇ ਦਿਲੋਂ ਉਹਨਾਂ ਦੀ ਪਾਲਨਾ ਕੀਤੀ ਸੀ। ਮਹਾਤਮਾ ਬੁੱਧ ਇਹ ਸਭ ਸੁਣਕੇ ਕੁੱਝ ਸਮਾਂ ਡੂੰਘੀਆਂ ਸੋਚਾਂ ਵਿੱਚ ਪਏ ਅਤੇ ਅਖ਼ੀਰ ਵਿੱਚ ਇਸਤਰੀਆਂ ਨੂੰ ਸੰਘ ਵਿੱਚ ਸ਼ਾਮਿਲ ਹੋਣ ਦੇ ਨਾਲ ਅੱਠ ਨਿਯਮਾਂ ਨੂੰ ਅਪਨਾਉਣ ਦਾ ਵੀ ਫੈਸਲਾ ਕੀਤਾ ਸੀ। ਮਹਾਪ੍ਰਜਾਪਤੀ ਗੌਤਮੀ ਨੇ ਤਹਿਦਿਲੋਂ ਇਹਨਾਂ ਅੱਠ ਨਿਯਮਾਂ ਨੂੰ ਸਵੀਕਾਰਿਆ ਸੀ। ਸ਼ਾਇਦ ਗੌਤਮੀ ਇਸ ਗੱਲ ਲਈ ਭਰੋਸੇਮੰਦ ਸੀ ਕਿ ਭਿੱਖਣੀ ਰੂਪ ਵਿੱਚ ਇਸਤਰੀਆਂ ਜਲਦ ਹੀ ਇਤਿਹਾਸ ਵਿੱਚ ਆਪਣਾ ਨਾਮ

---

[11] "….and in due course she arrived at Vesali, at Mahavana at the Kutagara Hall. And Mahapagapati te Gotami, with swallon feet and covered with dust, sad and sorrowfull, weeping and in tears, took her stand outside under the entrance porch."
F.Max Muller (ed.), 'Vinya Texts', *The Sacred of the East,* T.W.Rhys Davids & Hermann Oldenberg (trs.), Vol.20, Part.3, Motilal Banarsidass, New Delhi, 2nd ed., 1984, p. 321.

[12] "Are they capable of realizing the fruit of conversion, or the second path, or of the third path, or of Arahatship? They are capable, Ananda."
Ibid*,* p. 322.

ਉੱਚਾ ਕਰ ਲੈਣਗੀਆਂ। ਇਹਨਾਂ ਅੱਠ ਨਿਯਮਾਂ ਨੂੰ ਬੁੱਧ ਧਰਮ ਵਿੱਚ ਅੱਠ ਗੁਰੂ ਧੰਮ ਵਜੋਂ ਜਾਣਿਆ ਜਾਂਦਾ ਹੈ, ਜਿਹਨਾਂ ਦਾ ਵਰਣਨ ਇਸ ਤਰ੍ਹਾਂ ਹੈ:

1. ਭਿੱਖਣੀ ਲਈ 100 ਸਾਲ ਦੀ ਉਮਰ ਹੋਣ 'ਤੇ ਵੀ ਨਵੇਂ ਬਣੇ ਭਿੱਖੂ ਨੂੰ ਪ੍ਰਣਾਮ ਕਰਨਾ ਜ਼ਰੂਰੀ ਹੋਵੇਗਾ। ਭਾਵ ਭਿੱਖੂ ਨੂੰ ਦੇਖਕੇ ਖੜੇ ਹੋਣਾ ਅਤੇ ਹੱਥ ਜੋੜ ਕੇ ਪ੍ਰਣਾਮ ਕਰਨਾ ਆਦਿ।
2. ਭਿੱਖਣੀ ਵਰਖਾ ਦੀ ਰੁੱਤ ਸਮੇਂ ਭਿੱਖੂ ਹੀਨ ਵਿਹਾਰ ਵਿੱਚ ਵਰਖਾਵਾਸ ਨਹੀਂ ਕਰੇਗੀ।
3. ਹਰ ਮਹੀਨੇ ਦੇ ਅੱਧ ਵਿੱਚ ਭਿੱਖਣੀ ਨੂੰ ਭਿੱਖੂ ਸੰਘ ਤੋਂ ਉਪੋਸਥ ਸੰਸਕਾਰ ਦੀ ਤਾਰੀਖ ਅਤੇ ਉਪਦੇਸ਼ ਦਾ ਸਮਾਂ ਪੁੱਛਣਾ ਹੋਵੇਗਾ।
4. ਵਰਖਾਵਾਸ ਤੋਂ ਬਾਅਦ ਭਿੱਖਣੀ ਨੂੰ ਭਿੱਖੂ-ਭਿੱਖਣੀ ਸੰਘ ਦੋਵਾਂ ਦੇ ਸਾਹਮਣੇ ਪੁੱਛਿਆ ਜਾਵੇਗਾ ਕਿ ਉਹਨਾਂ ਉੱਪਰ ਕੋਈ ਦੋਸ਼ ਦੇਖਿਆ ਸੁਣਿਆ ਜਾਂ ਜਾਣਿਆ ਗਿਆ ਹੈ।
5. ਗੰਭੀਰ ਦੋਸ਼ ਕਰਨ ਵਾਲੀ ਭਿੱਖਣੀ ਨੂੰ ਦੋਵੇਂ ਸੰਘਾਂ ਦੇ ਸਾਹਮਣੇ ਪਸ਼ਚਾਤਾਪ ਕਰ ਮੁਆਫ਼ੀ ਮੰਗਣੀ ਹੋਵੇਗੀ।
6. ਦੋ ਸਾਲਾਂ ਦੇ ਵਿੱਚ 6 ਨਿਯਮਾਂ ਨੂੰ ਸਿੱਖਣ ਵਾਲੀ ਭਿੱਖਣੀ ਨੂੰ ਦੋਵਾਂ ਸੰਘ ਦੇ ਸਾਹਮਣੇ ਉਪਸੰਪਦਾ ਗ੍ਰਹਿਣ ਕਰਨੀ ਹੋਵੇਗੀ।
7. ਭਿੱਖਣੀ ਭਿੱਖੂ ਦੇ ਨਾਲ ਕਿਸੇ ਵੀ ਤਰ੍ਹਾਂ ਦੇ ਸਖ਼ਤ ਸ਼ਬਦ ਜਾਂ ਬੁਰਾ ਵਰਤਾਰਾ ਨਹੀਂ ਕਰੇਗੀ।
8. ਹੁਣ ਤੋਂ ਮਗਰੋਂ ਭਿੱਖਣੀ ਦੁਆਰਾ ਭਿੱਖੂ ਨੂੰ ਡਾਂਟਣਾ ਵਰਜਿਤ ਹੈ ਜਦਕਿ ਭਿੱਖੂ ਦੁਆਰਾ ਭਿੱਖਣੀ ਨੂੰ ਡਾਂਟਣਾ ਵਰਜਿਤ ਨਹੀਂ ਹੈ।

ਭਿੱਖਣੀ ਸੰਘ ਬਣਨ ਸਦਕਾ ਹੀ ਇਸਤਰੀਆਂ ਨੂੰ ਸੰਘ ਵਿੱਚ ਸ਼ਾਮਿਲ ਹੋਕੇ ਅਧਿਆਤਮਿਕ ਉਨੱਤੀ ਪ੍ਰਾਪਤ ਕਰਨ ਦਾ ਮੌਕਾ ਹਾਸਲ ਹੋਇਆ ਸੀ। ਇਸ ਦੀ ਬਦੌਲਤ ਉਹ ਮਰਦ ਪ੍ਰਧਾਨਤਾ ਤੋਂ ਵੀ ਆਜ਼ਾਦ ਹੋਈਆ ਸਨ। ਉਹ ਭਿੱਖੂਆਂ ਦੀ ਤਰ੍ਹਾਂ ਚੀਵਰ ਧਾਰਣ ਕਰਕੇ ਅਤੇ ਸਿਰ ਮੁੰਡਨ ਕਰਕੇ ਚੰਗਾ ਜੀਵਨ ਨਿਰਬਾਹ ਕਰਦੀਆਂ ਸਨ।

ਭਿੱਖਣੀਆਂ ਲਈ ਨਵੇਂ ਪ੍ਰਵ੍ਰਜਿਤ ਹੋਏ ਭਿੱਖੂ ਦਾ ਆਦਰ ਸਤਿਕਾਰ ਕਰਨ ਵਾਲਾ ਗੁਰੂ ਧੰਮ ਇਸਤਰੀਆਂ ਨੂੰ ਨੀਵਾਂ ਦਿਖਾਉਣ ਲਈ ਨਹੀਂ ਸਗੋਂ ਸੰਘ ਵਿੱਚ ਭਿੱਖੂ ਭਿੱਖਣੀ ਦੀ ਪਵਿੱਤਰ ਜ਼ਿੰਦਗੀ ਲਈ ਬਣਾਇਆ ਗਿਆ ਸੀ। ਮਹਾਤਮਾ ਬੁੱਧ ਨੇ ਮਨੁੱਖੀ ਦਿਮਾਗ਼ ਦੀ ਕਮਜ਼ੋਰੀ ਚੰਗੀ ਤਰ੍ਹਾਂ ਸਮਝਦੇ ਹੋਏ ਸੋਚਿਆ ਕਿ ਮਰਦ ਅਤੇ ਇਸਤਰੀ ਸੰਘ ਬਣਨ 'ਤੇ ਦੋਵਾਂ ਦੀ ਆਪਸੀ ਬੋਲਚਾਲ ਉਹਨਾਂ ਦੀਆਂ ਭਾਵਨਾਵਾਂ ਨੂੰ ਵਧਾਏਗੀ। ਮਹਾਤਮਾ ਬੁੱਧ ਨੂੰ ਇਸਤਰੀ ਦੀ ਕਾਬਲੀਅਤ ਉੱਪਰ ਸ਼ੱਕ ਨਹੀਂ ਸੀ ਪਰ ਉਹਨਾਂ ਨੇ ਆਉਣ

ਵਾਲੀਆਂ ਅੜਚਨਾਂ ਦੀ ਚਿੰਤਾ ਕਰਦੇ ਹੋਏ ਹੀ ਇਹ ਨਿਯਮ ਨਿਰਧਾਰਿਤ ਕੀਤੇ ਸਨ ਤਾਂ ਕਿ ਇਸ ਨਾਲ ਸਮਾਜਿਕ ਅਧਿਆਤਮਿਕ ਜ਼ਿੰਦਗੀ ਦੀ ਸੁਰੱਖਿਆ ਅਤੇ ਬਚਾਅ ਹੋ ਸਕੇ।[13]

ਇਹਨਾਂ ਨਿਯਮਾਂ ਨਾਲ ਭਿੱਖੂ ਭਿੱਖਣੀ ਵਿੱਚ ਥੋੜੀ ਜਿਹੀ ਦੂਰੀ ਰਹਿਣੀ ਸੁਭਾਵਕ ਸੀ। ਸ਼ਾਇਦ ਇਹ ਸੋਚ ਕੇ ਭਿੱਖੂਆ ਨੂੰ ਉੱਚ ਦਰਜਾ ਦਿੱਤਾ ਸੀ ਕਿ ਜੇਕਰ ਭਿੱਖਣੀਆਂ ਉਹਨਾਂ ਨੂੰ ਸਨਮਾਨ ਦਿੰਦੀਆਂ ਨੇ ਤਾਂ ਉਹਨਾਂ ਦੇ ਰਿਸ਼ਤੇ ਵਿੱਚ ਪਵਿੱਤਰਤਾ ਆਉਣੀ ਆਮ ਗੱਲ ਹੋਣੀ ਸੀ। ਇਸ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਮਹਾਤਮਾ ਬੁੱਧ ਨੇ ਸਮੇਂ ਸਮੇਂ ’ਤੇ ਹੋਰ ਕਈ ਨਿਯਮ ਵੀ ਨਿਰਧਾਰਿਤ ਕੀਤੇ ਸਨ। ਮਹਾਤਮਾ ਬੁੱਧ ਦੁਆਰਾ ਬਣਾਏ ਗਏ ਨਿਯਮਾਂ ਵਿੱਚ ਉਸ ਸਮੇਂ ਦੀ ਸਮਾਜਿਕ ਸਥਿਤੀ ਦਾ ਅਸਰ ਜਾਪਦਾ ਹੈ। ਜੇਕਰ ਮਹਾਤਮਾ ਬੁੱਧ ਉਸ ਪਿਤਰਸਤੀ ਸਮਾਜ ਵਿੱਚ ਭਿੱਖਣੀਆਂ ਨੂੰ ਭਿੱਖੂਆਂ ਦੇ ਬਰਾਬਰ ਹੱਕ ਪ੍ਰਦਾਨ ਕਰ ਦਿੰਦੇ ਤਾਂ ਸ਼ਾਇਦ ਇਹ ਸਮਾਂ ਇਤਿਹਾਸ ਵਿੱਚ ਸ਼ਾਂਤੀ ਦਾ ਨਹੀਂ ਅਸ਼ਾਂਤੀ ਦਾ ਬਣਨਾ ਸੀ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਭਿੱਖਣੀ ਸੰਘ ਭਿੱਖੂ ਸੰਘ ਤੋਂ ਪੰਜ ਸਾਲ ਬਾਅਦ ਹੋਂਦ ਵਿੱਚ ਆਇਆ ਸੀ। ਇਹ ਕਹਿਣਾ ਕੋਈ ਗ਼ਲਤ ਨਹੀਂ ਕਿ ਭਿੱਖੂ ਭਿੱਖਣੀ ਦੇ ਮੁਕਾਬਲੇ ਕਈ ਪੱਖਾਂ ਵਿੱਚ ਅੱਗੇ ਹੋਣਗੇ ਅਤੇ ਉਹਨਾਂ ਤੋਂ ਸਿੱਖਿਆ ਗ੍ਰਹਿਣ ਕਰਨ ਵਿੱਚ ਵੀ ਕੋਈ ਨਿਮਾਣੇ ਹੋਣ ਦਾ ਸਵਾਲ ਨਹੀਂ ਉੱਠਦਾ ਸੀ। ਇਹ ਅੱਠ ਨਿਯਮ ਦਰਸਾਉਂਦੇ ਹਨ ਕਿ ਇਸਤਰੀ ਨੂੰ ਮਰਦ ਦੀ ਰੱਖਿਆ ਹੇਠ ਰਹਿਣਾ ਚਾਹੀਦਾ ਹੈ। ਇਹ ਨਿਯਮ ਉਸ ਸਮੇਂ ਦੇ ਹਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਬਣਾਏ ਗਏ ਹੋਣਗੇ। ਮੁੱਖ ਗੱਲ ਇਹ ਹੈ ਕਿ ਮਹਾਤਮਾ ਬੁੱਧ ਦੀਆਂ ਨਜ਼ਰਾਂ ਵਿੱਚ ਇਸਤਰੀ ਵੀ ਮਰਦਾਂ ਦੇ ਬਰਾਬਰ ਦਾ ਦਰਜਾ ਰੱਖਦੀ ਸੀ। ਜੇਕਰ ਉਹਨਾਂ ਨੇ ‘ਸਾਰਿਪੁੱਤ’ ਅਤੇ ‘ਮੋਦਗਲਯਾਯਨ’ ਨੂੰ ਉੱਚ ਦਰਜਾ ਦਿੱਤਾ ਤਾਂ ਉਹਨਾਂ ਨੇ ਰਾਜਾ ਬਿੰਬੀਸਾਰ ਦੀ ਪਤਨੀ ਖੇਮਾ ਅਤੇ ਧਰਮ ਦਾ ਉਪਦੇਸ਼ ਕਰਨ ਵਾਲੀਆਂ ਭਿੱਖਣੀਆਂ ਵਿੱਚੋਂ ਪ੍ਰਮੁੱਖ ‘ਧੱਮਦਿੱਨਾ’ ਦਾ ਗੌਰਵ ਵੀ ਘੱਟ ਨਹੀਂ ਕੀਤਾ ਸੀ।

ਮਹਾਤਮਾ ਬੁੱਧ ਦੇ ਇਹਨਾਂ ਸ਼ਬਦਾਂ ਕਿ ਸੰਘ ਵਿੱਚ ਇਸਤਰੀ ਸ਼ਾਮਿਲ ਕਰ ਲੈਣ ਨਾਲ ਹਜਾਰਾਂ ਸਾਲ ਫੈਲਣ ਵਾਲਾ ਧਰਮ ਹੁਣ 500 ਸਾਲ ਤੱਕ ਹੀ ਬਣਿਆ ਰਹੇਗਾ, ਅਨੁਸਾਰ ਤਾਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਤਮਾ ਬੁੱਧ ਇਸਤਰੀਆਂ ਨੂੰ ਸੰਘ ਵਿੱਚ ਲਿਆਉਣ ਤੋਂ ਸੰਕੋਚ ਕਰਦੇ ਸਨ। ਇਹ ਜ਼ਰੂਰ ਹੈ ਕਿ ਮਹਾਤਮਾ ਬੁੱਧ ਨੇ ਇਸਤਰੀ ਦੇ ਸੰਘ ਵਿੱਚ ਆਉਣ ਨੂੰ ਧਰਮ ਦੀ ਛੋਟੀ ਉਮਰ ਕਹਿ ਕੇ ਚਿੰਤਾ ਜ਼ਾਹਿਰ ਕੀਤੀ ਸੀ ਪਰੰਤੂ ਇਸ ਪਿੱਛੋਂ ਮਹਾਤਮਾ ਬੁੱਧ ਨੇ ਆਨੰਦ ਨੂੰ ਇਹ ਵੀ ਕਿਹਾ ਸੀ

---

[13] “Intercommunication between the two orders would expose both of them to greater temptations. Rather than say that the Buddha underestimated woman, it may be better to say that he did not overestimate his male disciples.”
Bhikkshuni Heng-ching shih, ‘The Potentialities of Women in the Mahayana Vehicle’, *Sakyadhita: Daughters of the Buddha*, Karma Lekshe Tsomo (ed.), Sri Satguru Publications, Delhi, p. 96.

ਕਿ ਜਿਸ ਤਰ੍ਹਾਂ ਆਦਮੀ ਪਾਣੀ ਦੀ ਰੋਕਥਾਮ ਦੇ ਲਈ ਪਹਿਲਾਂ ਤੋਂ ਹੀ ਵੱਡੇ ਤਲਾਬ ਦੇ ਆਸੇ-ਪਾਸੇ ਬੰਨ੍ਹ ਲਗਾ ਦੇਵੇ। ਇਸ ਤਰ੍ਹਾਂ 'ਮੈਂ ਪਹਿਲਾ ਹੀ ਭਿੱਖਣੀਆਂ ਲਈ ਜੀਵਨ ਭਰ ਪਾਲਨਾ ਕਰਨ ਵਾਲੇ ਅੱਠ ਗੁਰੂ ਨਿਯਮ ਬਣਾ ਦਿੱਤੇ ਹਨ।'[14] ਮਹਾਤਮਾ ਬੁੱਧ ਇਸਤਰੀਆਂ ਨੂੰ ਸੰਘ ਵਿੱਚ ਲਿਆਉਣ ਸਮੇਂ ਚਿੰਤਾਤੁਰ ਸਨ ਪਰ ਅੱਠ ਨਿਯਮਾਂ ਤੋਂ ਬਾਅਦ ਉਹ ਸੰਤੁਸ਼ਟ ਸਨ ਕਿ ਇਸਤਰੀਆਂ ਲਈ ਬਣਾਏ ਗਏ ਨਿਯਮਾਂ ਨਾਲ ਭਿੱਖੂ-ਭਿੱਖਣੀਆਂ ਵਿੱਚ ਚੰਗਾ ਤਾਲਮੇਲ ਰਹੇਗਾ।

ਇਸ ਸੰਕੋਚ ਭਰੀ ਹਾਂ ਕਰਨ ਉੱਪਰ ਬਹੁਤ ਸਾਰੇ ਵਿਦਵਾਨਾਂ ਦੇ ਵੀ ਅਲੱਗ ਅਲੱਗ ਵਿਚਾਰ ਹਨ :

- ਆਈ.ਬੀ.ਹੋਰਨਰ ਇਸ ਸੰਕੋਚਮਈ ਹਾਂ ਦੇ ਤਿੰਨ ਕਾਰਨ ਬਿਆਨ ਕਰਦੀ ਹੈ। ਪਹਿਲਾ ਇਹ ਨਹੀਂ ਭੁਲੱਣਾ ਚਾਹੀਦਾ ਕਿ ਮਹਾਤਮਾ ਬੁੱਧ ਦੇ ਵਿਚਾਰਾਂ ਨੂੰ ਸੰਕਲਿਤ ਕਰਨ ਦਾ ਕੰਮ ਬਾਅਦ ਵਿੱਚ ਮਰਦਾਂ ਦੀ ਸਰਪ੍ਰਸਤੀ ਹੇਠ ਹੋਇਆ ਸੀ। ਇਹ ਸੁਭਾਵਕ ਜਿਹੀ ਗੱਲ ਹੀ ਹੈ ਕਿ ਉਹਨਾਂ ਨੇ ਇਸਤਰੀ ਦੀ ਮਹੱਤਤਾ ਨੂੰ ਘੱਟ ਕਰਨ ਦੀ ਹੀ ਕੋਸ਼ਿਸ਼ ਕੀਤੀ ਹੋਵੇਗੀ। ਦੂਸਰਾ ਇਹਨਾਂ ਅਨੁਸਾਰ ਇੱਕ ਹੀ ਸ਼ਬਦ ਵਿੱਚ ਮਾਂ ਦੀ ਅਵਸਥਾ ਨੂੰ ਜੜ੍ਹੋਂ ਪੁੱਟ ਦੇਣ ਵਾਲੀ ਗੱਲ ਸੀ। ਮਹਾਤਮਾ ਬੁੱਧ ਇਸ ਗੱਲ ਲਈ ਰਾਜ਼ੀ ਸਨ ਕਿ ਇਸਤਰੀਆਂ ਵੀ ਮਰਦਾਂ ਦੀ ਤਰ੍ਹਾਂ ਨਿਰਵਾਣ ਦੀ ਪ੍ਰਾਪਤੀ ਕਰਨ। ਸ਼ਾਇਦ ਉਹ ਇਸ ਗੱਲ ਤੋਂ ਡਰ ਰਹੇ ਸਨ ਕਿ ਇਸ ਪਾਣੀ ਰੂਪੀ ਚੱਲਦੇ ਸਮਾਜ ਵਿੱਚ ਕਿਤੇ ਹੜ ਨਾ ਆ ਜਾਣ। ਇਸ ਤਰ੍ਹਾਂ ਦੇ ਵਿਚਾਰਾਂ ਨੇ ਮਹਾਤਮਾ ਬੁੱਧ ਨੂੰ ਸੋਚਣ ਲਈ ਮਜ਼ਬੂਰ ਕੀਤਾ ਹੋਵੇਗਾ। ਤੀਸਰਾ ਕਾਰਨ ਉਹਨਾਂ ਦੀ ਦੁਬਿਧਾ ਦਾ ਇਹ ਮੰਨਿਆ ਜਾ ਸਕਦਾ ਹੈ ਕਿ ਇਕੱਲੇ ਮਰਦਾਂ ਦਾ ਸੰਘ ਵਿੱਚ ਹੋਣ 'ਤੇ ਉਹਨਾਂ ਨੂੰ ਤਿਆਗਮਈ ਅਵਸਥਾ ਵਿੱਚ ਰੱਖਣਾ ਸ਼ਾਇਦ ਕੁੱਝ ਆਸਾਨ ਸੀ ਪਰ ਇਸਤਰੀ ਦੇ ਸੰਘ ਵਿੱਚ ਆਉਣ ਨਾਲ ਦੋਵਾਂ ਭਿੱਖੂ-ਭਿੱਖਣੀਆਂ ਨੂੰ ਆਪਣੇ ਮਨ ਨੂੰ ਇਕਾਗਰਿਤ ਕਰਨ ਉੱਪਰ ਜ਼ਿਆਦਾ ਜ਼ੋਰ ਦੇਣ ਦੀ ਜ਼ਰੂਰਤ ਸੀ। ਸ਼ਾਇਦ ਇਸ ਸਭ ਤੋਂ ਚਿੰਤਤ ਹੋਣ ਕਾਰਨ ਮਹਾਤਮਾ ਬੁੱਧ ਇਸਤਰੀਆਂ ਨੂੰ ਸੰਘ ਵਿੱਚ ਸ਼ਾਮਿਲ ਕਰਨ ਤੋਂ ਝਿਜਕੇ ਸਨ।[15]
- ਕਰਮ ਤੇਜ ਸਿੰਘ ਸਰਾਉ ਅਨੁਸਾਰ, "ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੌਤਮ ਨੇ ਭਿੱਖੂਨੀ ਸੰਘ ਦੀ ਸਥਾਪਨਾ ਕਰਕੇ ਇਸਤਰੀਆਂ ਦੇ ਲਈ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ, ਇਸਤਰੀਆਂ ਦੇ ਲਈ ਇਸ ਤਰ੍ਹਾਂ ਦੀ ਸਮਾਜਿਕ ਅਤੇ ਅਧਿਆਤਮਿਕ ਤਰੱਕੀ ਉਸ ਸਮੇਂ ਦੀ ਦ੍ਰਿਸ਼ਟੀ ਅਨੁਸਾਰ ਕਾਫ਼ੀ ਅੱਗੇ ਸੀ ਅਤੇ ਇਸ ਲਈ ਆਦਮੀਆਂ ਖ਼ਾਸ ਕਰਕੇ ਭਿੱਖੂਆਂ,

---

14 *ANguqr inkwX*, qIsrw Bwg, kOsØXwXn, BdNq AwnNd (Anu.), mhwboiD sBw, klkÁw, 1966, pNnw 349.; *ivnXiptk*, pNnw 521.

15 I.B.Horner, *Women under Primitive Buddhism: Laywomen and Almswomen*, Oriental Publisher and Distributors, Delhi, 1975, pp. 109-112.

ਨੇ ਇਸ ਉੱਤੇ ਗੰਭੀਰ ਇਤਰਾਜ਼ ਕੀਤਾ ਹੋਵੇਗਾ। ਲੇਕਿਨ ਗੌਤਮ ਬੁੱਧ ਦੇ ਪ੍ਰਭਾਵਮਈ ਅਤੇ ਸ਼ਕਤੀਸ਼ਾਲੀ ਵਿਅਕਤਿਤੱਵ ਨੇ ਇਸ ਤਰ੍ਹਾਂ ਦੇ ਇਤਰਾਜਾਂ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦਿੱਤਾ ਹੋਵੇਗਾ। ਸਾਡੇ ਵਿਚਾਰ ਵਿੱਚ ਮਹਾਪ੍ਰਜਾਪਤੀ ਗੋਤਮੀ ਨਾਲ ਸੰਬੰਧਿਤ ਅੱਠ ਨੇਮਾਂ ਸਮੇਤ ਕਈ ਪ੍ਰਤੀਬਿੰਬ ਅਤੇ ਪ੍ਰਤੀਕੂਲ ਪ੍ਰਸਥਿਤੀਆਂ, ਜਿਨ੍ਹਾਂ ਦਾ ਸੰਦਰਭ ਆਰੰਭਿਕ ਬੋਧੀ ਸਾਹਿਤ ਵਿੱਚ ਮਿਲਦਾ ਹੈ, ਗੌਤਮ ਬੁੱਧ ਦੀ ਮੌਤ ਦੇ ਬਾਅਦ ਇਸਤਰੀਆਂ ਉੱਤੇ ਥੱਪ ਦਿੱਤੇ ਗਏ ਸਨ ਅਤੇ ਇਸ ਪ੍ਰਕਾਰ ਇਹ ਮਹਾਪਰਿਨਿਰਵਾਣ ਦੇ ਬਾਅਦ ਦੇ ਕਾਲ ਵਿਚ ਜੋੜੇ ਗਏ ਖੇਪਕ ਹਨ।"[16]

- ਚਤਸੁਮਰਨ ਕਾਬਿਲ ਸਿੰਘ ਦਾ ਕਹਿਣਾ ਹੈ ਕਿ ਮਹਾਤਮਾ ਬੁੱਧ ਦੀ ਹਿਚਕਿਚਾਹਟ ਨੂੰ ਇਸਤਰੀ ਦੀ ਸੰਘ ਲਈ ਅਸਵੀਕ੍ਰਿਤੀ ਦਾ ਨਾਮ ਦੇਣਾ ਅਢੁੱਕਵੀਂ ਜਾਂ ਤਰਕਹੀਣ ਜਿਹੀ ਗੱਲ ਲੱਗਦੀ ਹੈ। ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਸੰਘ ਵਿੱਚ ਆਉਣ ਦੀ ਮੰਜ਼ੂਰੀ ਤਾਂ ਉਸ ਸਮੇਂ ਹੀ ਦੇ ਦਿੱਤੀ ਸੀ ਜਦੋਂ ਅਰਹੰਤ ਦੀ ਕਾਬਲੀਅਤ ਬਖ਼ਸ਼ੀ ਸੀ।[17]
- ਸੰਘ ਵਿੱਚ ਪ੍ਰਵੇਸ਼ ਕਰਨ ਤੋਂ ਭਾਵ ਇਹ ਨਹੀਂ ਸੀ ਕਿ ਸਮਾਜ ਤੋਂ ਬਾਹਰ ਕੋਈ ਜੀਵਨ ਵਸਾਉਣਾ ਸੀ। ਇਸ ਦਾ ਭਾਵ ਸੀ ਕਿ ਸਮਾਜ ਦੇ ਅੰਦਰ ਹੀ ਨਵਾਂ ਜੀਵਨ ਸ਼ੁਰੂ ਕਰਨਾ ਸੀ ਪਰ ਇਸ ਸਮੇਂ ਦੇ ਮਰਦ ਪ੍ਰਧਾਨ ਸਮਾਜ ਦੀ ਇਸ ਪ੍ਰਤੀ ਗ਼ਲਤ ਧਾਰਨਾ ਸੀ। ਸ਼ਾਇਦ ਇਸੇ ਸੋਚ ਸਦਕਾ ਮਹਾਤਮਾ ਬੁੱਧ ਭਿੱਖਣੀ ਸੰਘ ਖੋਲਣ ਲਈ ਹਿਚਕਿਚਾਏ ਸਨ।[18]
- ਅਰਵਿੰਦ ਸ਼ਰਮਾ ਦਾ ਇਹ ਵਿਚਾਰ ਹੈ ਕਿ ਮਹਾਤਮਾ ਬੁੱਧ ਤੋਂ ਬਾਅਦ ਕਈ ਸਾਲਾਂ ਤੱਕ ਉਹਨਾਂ ਦੇ ਉਪਦੇਸ਼ਾਂ ਨੂੰ ਮੂੰਹ ਜ਼ਬਾਨੀ ਯਾਦ ਰੱਖਿਆ ਗਿਆ ਸੀ। ਕਾਫ਼ੀ ਸਮੇਂ ਪਿੱਛੋਂ ਲਿਖਣ ਦਾ ਕੰਮ ਸ਼ੁਰੂ

---

16 ਕਰਮ ਤੇਜ ਸਿੰਘ ਸਰਾਓ, *ਪ੍ਰਾਚੀਨ ਬੁੱਧ ਧਰਮ ਉਦਭਵ, ਸੁਭਾਅ ਅਤੇ ਪਤਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 95.

17 "Just as we cannot use the fact that the Buddha hesitated to preach as a reason to invalidate the teachings, we cannot use the fact that he hesitated to admit women into the order as a reason to reject the Bhikkhuni Sangha. This would be illogical. In my opinion, the Buddha naturally had to admit women into the order, since he accepted that women are as capable as men of spiritual salvation."
Chatusumarn kabilsingh, 'Nuns of Thailand', *Sakyadhita: Daughters of the Buddha*, Karma Lekshe Tsomo (ed.), pp. 148-149.

18 "Their joining the order did not mean their apting out of society. It simply meant adaption of a newer different social role. Failure to understand this situation invited strident lay criticism to which they were more vulnerable than their male counterparts .in this context one may easily understand the Buddha's hesitation about instituting an order of nuns."
B.G.Gokhle, 'The Samgha and laity', *Journal of Indian History*, University of Kerala, Trivandrum, Vol.59, 1981, p. 8.

ਹੋਇਆ ਸੀ। ਉਹਨਾਂ ਲੇਖਕਾਂ ਵਿੱਚ ਜ਼ਿਆਦਾਤਰ ਭਿੱਖੂ ਸਨ। ਇਸ ਲਿਖਤ ਉੱਪਰ ਕੁੱਝ ਅਸਰ ਤਾਂ ਉਸ ਸਮੇਂ ਅਤੇ ਲਿਖਾਰੀ ਦੀ ਸੋਚ ਦਾ ਰਿਹਾ ਹੀ ਹੋਵੇਗਾ [[19]

- ਕਰਮ ਲਕਸ਼ੇ ਤਸੋਮੋ ਅਨੁਸਾਰ ਇਸਤਰੀ ਦੀ ਸਥਿਤੀ ਬਾਰੇ ਚਰਚਾ ਕਰਨ ਸਮੇਂ ਦੋ ਕੁ ਗੱਲਾਂ ਉੱਪਰ ਜ਼ਿਆਦਾ ਜ਼ੋਰ ਦੇਣਾ ਪਵੇਗਾ। 1. ਸਿੱਖਿਆਵਾਂ ਦੇਣ ਦੇ ਸਮੇਂ ਦੇ ਸਮਾਜਿਕ ਅਤੇ ਧਾਰਮਿਕ ਹਲਾਤਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। 2. ਮਹਾਤਮਾ ਬੁੱਧ ਨੇ ਬ੍ਰਹਮਚਾਰੀ ਰਹਿਣ ਦੀ ਗੱਲ ਕੀਤੀ ਹੈ। ਭਾਵ ਮਰਦ ਇਸਤਰੀ ਤੋਂ ਦੂਰ ਰਹਿਕੇ ਅਤੇ ਇਸਤਰੀ ਮਰਦ ਤੋਂ ਦੂਰ ਰਹਿਕੇ ਬ੍ਰਹਮਚਾਰੀ ਹੋਣ ਦਾ ਫ਼ਰਜ਼ ਅਦਾ ਕਰ ਸਕਣ। ਦੋਵੇਂ ਲਿੰਗ ਬਰਾਬਰਤਾ ਵਿੱਚ ਇੱਕ ਦੂਸਰੇ ਤੋਂ ਦੂਰ ਰਹਿਣ। 3. ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਦੇਣ ਅਤੇ ਉਹਨਾਂ ਨੂੰ ਸੰਪਾਦਿਤ ਕਰਨ ਦੇ ਸਮੇਂ ਵਿੱਚ ਬਹੁਤ ਵੱਡਾ ਅੰਤਰ ਹੈ। ਉਸ ਸਮੇਂ ਤੱਕ ਤਾਂ ਮਰਦ ਪ੍ਰਧਾਨ ਸੋਚ ਨੇ ਇਸਤਰੀ ਨੂੰ ਬਿਲਕੁਲ ਹੀ ਪਿੱਛੇ ਛੱਡ ਦਿੱਤਾ ਸੀ।[20]

ਮਹਾਤਮਾ ਬੁੱਧ ਦੇ ਮਹਾਪਰਿਨਿਰਵਾਣ ਤੋਂ ਬਾਅਦ ਪਹਿਲੀ ਬੋਧੀ ਕੌਂਸਲ ਵਿੱਚ ਆਨੰਦ ’ਤੇ ਇਸਤਰੀਆਂ ਦੇ ਹਿਮਾਇਤੀ ਹੋਣ ਦੇ ਇਲਜ਼ਾਮ ਲਗਾਏ ਗਏ ਸਨ। ਆਨੰਦ ਨੇ ਇਸਤਰੀਆਂ ਦੇ ਪ੍ਰਵ੍ਰਜਿਤ ਹੋਣ ਲਈ ਮਹਾਤਮਾ ਬੁੱਧ ਦੇ ਅੰਦਰ ਉਤਸੁਕਤਾ ਪੈਦਾ ਕੀਤੀ ਸੀ ਸੋ ਇਹ ਦੋਸ਼ੀ ਹੈ।[21] ਇਹ ਵੀ ਸੰਭਵ ਹੋ ਸਕਦਾ ਹੈ ਕਿ ਮਰਦ ਕੌਮ ਨੇ ਇਸਤਰੀ ਨੂੰ ਲਤਾੜਨ ਲਈ ਮਹਾਤਮਾ ਬੁੱਧ ਦੇ ਅਸਲੀ ਵਿਚਾਰਾਂ ਨੂੰ ਪਿੱਛੇ ਛੱਡ ਕੇ ਮਨਘੜਤ ਵਿਚਾਰਾਂ ਨੂੰ ਪਹਿਲ ਦਿੱਤੀ ਹੋਵੇ। ਬੁੱਧ ਧਰਮ ਦਾ ਮੁੱਖ ਜ਼ੋਰ ਸੰਘ ਵਿੱਚ ਰਹਿੰਦੇ ਹੋਏ ਬ੍ਰਹਮਚਾਰੀ ਜੀਵਨ ਜੀਉਣ ਉੱਪਰ ਹੈ। ਮਰਦ ਇਸਤਰੀ ਤੋਂ ਦੂਰ ਰਹਿਕੇ ਅਤੇ ਇਸਤਰੀ ਮਰਦ ਤੋਂ ਦੂਰ ਰਹਿ ਕੇ ਬ੍ਰਹਮਚਾਰੀ ਹੋਣ ਦਾ ਫ਼ਰਜ਼ ਅਦਾ ਕਰ ਸਕਦੇ ਹਨ।

ਮਹਾਤਮਾ ਬੁੱਧ ਦੁਆਰਾ ਉਸ ਕੁਰੀਤੀਆਂ ਭਰਪੂਰ ਸਮਾਜ ਵਿੱਚੋਂ ਇਸਤਰੀ ਨੂੰ ਧਰਮ ਦੇ ਰਾਹ ’ਤੇ ਮਰਦਾਂ ਦੇ ਬਰਾਬਰ ਤੋਰਨਾ ਇੱਕ ਬਹੁਤ ਵੱਡੀ ਮਿਸਾਲ ਹੈ। ਅੰਗੁਤਰ ਨਿਕਾਯ ਵਿੱਚੋਂ ਮਹਾਤਮਾ ਬੁੱਧ ਦੇ ਵਿਚਾਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਭਿੱਖੂਆਂ ਅਤੇ ਉਪਾਸਕਾ ਦੇ ਨਾਲ-ਨਾਲ ਸ਼ੀਲਵਾਨ ਅਤੇ

19 “..the texts were transmitted orally for a few few hundered years and even after they were committed to writing in the first century bce, they continued to be modified and edited by generations of monk interpreters.”
Nancy J.Barnes, ‘Women and Buddhism in India’, *Women in Indian Religions*, Arvind Sharma (ed.), Oxford University Press, New York, 2002, p. 41.

20 Karma Lekshe Tsomo (ed.), *Sakyadhita: Daughters of the Buddha*, pp. 22-23.

21 rwhul sw™ËXwXn, *bu…cXw~~*, mhwboiD sBw, bnwrs, 1952, pNnw 515.

ਸ਼ਰਧਾਵਾਨ ਭਿੱਖਣੀਆਂ ਅਤੇ ਉਪਾਸਿਕਾਵਾਂ ਸੰਘ ਦੀ ਸ਼ੋਭਾ ਬਣਾਉਂਦੀਆਂ ਹਨ।[22] ਇੱਥੋਂ ਤੱਕ ਕਿ ਮਹਾਤਮਾ ਬੁੱਧ ਨੇ ਪਰਿਸ਼ਦ ਦੇ ਗਹਿਣੇ ਦੱਸਦੇ ਹੋਏ ਚਾਰ ਗਹਿਣਿਆਂ ਵਿੱਚੋਂ ਸਦਾਚਾਰੀ ਭਿੱਖਣੀ ਅਤੇ ਉਪਾਸਿਕਾ ਦਾ ਜ਼ਿਕਰ ਕੀਤਾ ਹੈ। ਜੋ ਸ਼ੁਭ ਕਾਰਜ ਕਰਦੇ ਹਨ ਉਹ ਪਰਿਸ਼ਦ ਦੇ ਗਹਿਣੇ ਹਨ।[23] ਮਹਾਤਮਾ ਬੁੱਧ ਦੀ ਨਜ਼ਰ ਵਿੱਚ ਇਸਤਰੀਆਂ ਸੰਘ ਦੇ ਖ਼ਾਤਮੇ ਦਾ ਕਾਰਨ ਨਹੀਂ ਸਗੋਂ ਸੰਘ ਦੀ ਪ੍ਰਸਿੱਧੀ ਦਾ ਕਾਰਨ ਬਣੀਆਂ ਸਨ। ਇਸਤਰੀਆਂ ਨੇ ਵੀ ਇਸ ਅਵਸਰ ਦੀ ਪ੍ਰਾਪਤੀ ਵਿੱਚ ਆਪਣੇ ਆਪ ਨੂੰ ਮਹਾਤਮਾ ਬੁੱਧ ਦੀਆਂ ਨਜ਼ਰਾਂ ਵਿੱਚ ਕਾਬਿਲ ਪੇਸ਼ ਕੀਤਾ ਸੀ। ਅੰਗੁਤਰ ਨਿਕਾਯ ਵਿੱਚੋਂ ਮਹਾਤਮਾ ਬੁੱਧ ਦੁਆਰਾ ਬਿਆਨ ਕੀਤੀਆਂ ਮਹਾਨ ਭਿੱਖਣੀਆਂ ਦੀ ਸੂਚੀ ਪ੍ਰਾਪਤ ਹੁੰਦੀ ਹੈ। ਜਿਸ ਵਿੱਚੋਂ ਮਹਾਪ੍ਰਜਾਪਤੀ ਗੌਤਮੀ, ਖੇਮਾ, ਉਤਪਲਵਰਣਾ, ਪਟਾਚਾਰਾ, ਧੱਮਦਿੱਨਾ, ਨੰਦਾ, ਸੋਣਾ, ਸਕੁਲਾ, ਕੁੰਡਲਕੇਸ਼ਾ ਭਦ੍ਰਾ, ਭਦ੍ਰਾ ਕਪਿਲਾਇਨੀ, ਭਦ੍ਰਾ ਕਾਤਯਾਯਨੀ, ਕਿਸਾ ਗੌਤਮੀ, ਸਿਗਾਲ ਮਾਤਾ ਆਦਿ ਦੇ ਨਾਮ ਪ੍ਰਾਪਤ ਹੁੰਦੇ ਹਨ।[24]

### 1.2. ਭਿੱਖੂ-ਭਿੱਖਣੀ ਸੰਘ ਵਿੱਚ:

ਭਿੱਖੂ ਅਤੇ ਭਿੱਖਣੀ ਸੰਘ ਦੇ ਸਥਾਪਿਤ ਹੋਣ ਵਿੱਚ ਅੰਤਰ ਹੋਣ ਕਾਰਨ ਭਿੱਖੂ ਭਿੱਖਣੀਆਂ ਦੇ ਮੁਕਾਬਲੇ ਜ਼ਿਆਦਾ ਗਿਆਨਵਾਨ ਮੰਨੇ ਜਾਂਦੇ ਸਨ। ਸਮੇਂ ਦੀ ਦੌੜ ਵਿੱਚ ਇਸਤਰੀਆਂ ਨੇ ਵੀ ਬੁੱਧ ਸੰਘ ਵਿੱਚ ਆਪਣੀ ਜਗ੍ਹਾ ਬਣਾ ਲਈ ਸੀ। ਇਹਨਾਂ ਪੰਜ ਸਾਲਾਂ ਦੇ ਸਮੇਂ ਦੀ ਵਿੱਥ ਕਾਰਨ ਹੀ ਭਿੱਖਣੀਆਂ ਨੂੰ ਨੀਵਾਂ ਦਰਜਾ ਦੇਣ ਦਾ ਵਿਚਾਰ ਪ੍ਰਚਲਿਤ ਹੋਇਆ ਸੀ ਪਰ ਭਿੱਖਣੀਆਂ ਗਿਆਨ ਪੱਖੋਂ ਜਾਂ ਧਰਮ ਪੱਖੋਂ ਮਰਦਾਂ ਦੇ ਬਰਾਬਰ ਸਨ। ਇਸਤਰੀਆਂ ਦੁਆਰਾ ਧਾਰਮਿਕ ਪ੍ਰਚਾਰ ਕਰਨ, ਗ੍ਰਹਿਸਤਮਈ ਲੋਕਾਂ ਨਾਲ ਵਾਰਤਾਲਾਪ ਕਰਨ ਅਤੇ ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਕਰਨ ਦੀਆਂ ਉਦਾਹਰਨਾਂ ਆਮ ਹੀ ਪ੍ਰਾਪਤ ਹੁੰਦੀਆਂ ਹਨ। ਇਸਤਰੀ ਨੂੰ ਮਰਦ ਦੀ ਸੁਰੱਖਿਆ ਹੇਠ ਰੱਖਣ ਦੇ ਜੋ ਨਿਯਮ ਬਣਾਏ ਗਏ, ਇਹ ਸਭ ਸਮਾਜਿਕ ਹਲਾਤਾਂ ਨੂੰ ਦੇਖਦੇ ਹੋਏ ਅਤੇ ਇਸਤਰੀਆਂ ਦੀ ਪਵਿੱਤਰਤਾ ਭੰਗ ਹੋਣ ਦੇ ਖ਼ੌਫ਼ ਕਾਰਨ ਸਨ। ਬ੍ਰਹਮਚਾਰੀ ਜ਼ਿੰਦਗੀ ਨਿਰਵਾਹ ਕਰਦੇ ਹੋਏ ਭਿੱਖੂ ਭਿੱਖਣੀ ਆਪਸ ਵਿੱਚ ਪਵਿੱਤਰ ਰਿਸ਼ਤੇ ਦੇ ਨਿਯਮਾਂ ਨੂੰ ਨਿਭਾਉਂਦੇ ਹੋਏ ਇੱਕ ਦੂਜੇ ਦੇ ਚੰਗੇ ਹਿਮਾਇਤੀ ਵੀ ਸਨ, ਜ਼ਰੂਰਤ ਅਨੁਸਾਰ ਇੱਕ-ਦੂਜੇ ਦੀ ਸਹਾਇਤਾ ਵੀ ਕਰਦੇ ਸਨ। ਆਨੰਦ ਨੂੰ ਬੁੱਧ ਧਰਮ ਵਿੱਚ ਮਹਾਤਮਾ ਬੁੱਧ ਦੇ ਮਹਾਨ ਅਨੁਯਾਯੀ ਹੋਣ ਦੇ ਨਾਲ-ਨਾਲ ਇਸਤਰੀਆਂ ਦੇ ਹਿਮਾਇਤੀ ਵਜੋਂ ਵੀ ਜਾਣਿਆ ਜਾਂਦਾ ਹੈ। ਉਹ ਹਮੇਸ਼ਾ ਇਸਤਰੀਆਂ ਨੂੰ ਧਾਰਮਿਕ ਉਪਦੇਸ਼ ਦੇਣ ਅਤੇ ਉਹਨਾਂ ਦੀ ਸਹਾਇਤਾ ਲਈ ਤਤਪਰ ਰਹਿੰਦਾ ਸੀ। ਆਨੰਦ ਤੋਂ ਇਲਾਵਾ ਮਹਾਤਮਾ ਬੁੱਧ ਨੇ ਆਪਣੇ ਮਹਾਨ ਭਿੱਖੂਆਂ ਦੀ

---

[22] *ANguqr inkwX,* dusrw Bwg, BdNq AwnNd kOsØXwXn (Anu.), mhwboiD sBw, klkÁw, 1963, pNnw 8.

[23] vhI, pNnw 216.

[24] *ANguqr inkwX,* phlw Bwg, BdNq AwnNd kOsØXwXn (Anu.), mhwboiD sBw, klkÁw, 1957, pNny 24-25.

ਸੂਚੀ ਦਿੰਦੇ ਸਮੇਂ ਨੰਦਨ ਦੀ ਵਡਿਆਈ ਕਰਦੇ ਕਿਹਾ ਕਿ ਉਹ ਭਿੱਖਣੀ ਉਪਦੇਸ਼ਾਂ ਵਿੱਚ ਸਭ ਤੋਂ ਅੱਗੇ ਹੈ।[25]

ਮਹਾਤਮਾ ਬੁੱਧ ਇਸਤਰੀਆਂ ਦੇ ਸੰਘ ਵਿੱਚ ਆਉਣ ਤੋਂ ਚਿੰਤਤ ਜ਼ਰੂਰ ਸਨ ਪਰ ਉਹਨਾਂ ਨੇ ਹਮੇਸ਼ਾ ਹੀ ਅਜਿਹੇ ਨਿਯਮਾਂ ਨੂੰ ਬਣਾਇਆ ਜੋ ਇਸਤਰੀ ਮਰਦ ਦੇ ਬ੍ਰਹਮਚਾਰੀ ਜੀਵਨ ਨੂੰ ਸੁਖਦਾਈ ਕਰ ਸਕਦੇ ਹੋਣ। ਇਸਤਰੀਆਂ ਨੂੰ ਭਿੱਖਿਆ ਸਮੇਂ ਇਕੱਲੇ ਜਾਣ ਦੀ ਆਗਿਆ ਨਾ ਹੋਣਾ ਅਤੇ ਵਿਹਾਰ ਸਮੇਂ ਭਿੱਖੂਆਂ ਦਾ ਸਾਥ ਆਦਿ ਨਿਯਮਾਂ ਰਾਹੀਂ ਮਹਾਤਮਾ ਬੁੱਧ ਇਸਤਰੀ ਦੀ ਸਥਿਤੀ ਨੂੰ ਉੱਚ ਰੱਖਣਾ ਚਾਹੁੰਦੇ ਸੀ ਤਾਂ ਕਿ ਪਰਿਵਾਰਿਕ ਜ਼ਿੰਦਗੀ ਤਿਆਗ ਕੇ ਭਿੱਖਣੀਆਂ ਬਣੀਆਂ ਇਸਤਰੀਆਂ ਨੂੰ ਮਰਦਾਂ ਦੀ ਵਾਸ਼ਨਾ ਦਾ ਸ਼ਿਕਾਰ ਨਾ ਹੋਣਾ ਪਵੇ। ਇਹ ਵੀ ਕਹਿ ਸਕਦੇ ਹਾਂ ਕਿ ਉਸ ਸਮੇਂ ਦੀ ਸਮਾਜਿਕ ਸੋਚ ਅਨੁਸਾਰ ਇਕੱਲੀ ਇਸਤਰੀ ਦਾ ਘੁੰਮਣਾ ਗ਼ਲਤ ਮੰਨਿਆ ਜਾਂਦਾ ਸੀ। ਸਮਾਜ ਵਿੱਚ ਇਸਤਰੀ ਨਾਲ ਕੁੱਝ ਗ਼ਲਤ ਹੋਣ ’ਤੇ ਉਸਦਾ ਹੀ ਮਜ਼ਾਕ ਬਣਾਇਆ ਜਾਂਦਾ ਸੀ, ਉਸਨੂੰ ਹੀ ਕਸੂਰਵਾਰ ਠਹਿਰਾਇਆ ਜਾਂਦਾ ਸੀ। ਸਮਾਜ ਇਸਤਰੀ ਦੀ ਸਵੈਨਿਰਭਰਤਾ ਅਤੇ ਆਜ਼ਾਦੀ ਤੋਂ ਖ਼ੁਸ਼ ਨਹੀਂ ਸੀ। ਇਹਨਾਂ ਨਿਯਮਾਂ ਦੇ ਬਾਵਜੂਦ ਵੀ ਇਸਤਰੀਆਂ ਨਾਲ ਛੇੜਛਾੜ ਦੀਆਂ ਉਦਾਹਰਣਾਂ ਪ੍ਰਾਪਤ ਹੁੰਦੀਆਂ ਹਨ। ਕਈ ਵਾਰ ਭਿੱਖਣੀਆਂ ਨੂੰ ਗੁਮਰਾਹ ਕਰਕੇ ਉਹਨਾਂ ਨਾਲ ਦੁਸ਼ਕਰਮ ਕਰਨ ਦਾ ਯਤਨ ਕੀਤਾ ਜਾਂਦਾ ਸੀ। ਇਹ ਨਹੀਂ ਕਿ ਭਿੱਖਣੀਆਂ ਲਈ ਇਕੱਲੇ ਜਾਣਾ ਵਰਜਿਤ ਸੀ ਸਗੋਂ ਭਿੱਖੂ ਵੀ ਹਮੇਸ਼ਾ ਝੁੰਡ ਵਿੱਚ ਜਾਂਦੇ ਸਨ। ਅਜਿਹੇ ਕਾਰਨਾਂ ਅਤੇ ਜੰਗਲਾਂ ਕਰਕੇ ਇਕੱਲੇ ਰਹਿਣਾ ਠੀਕ ਨਹੀਂ ਸੀ। ਕਿਉਂਕਿ ਜੰਗਲਾਂ ਵਿੱਚ ਅਬਾਦੀ ਘੱਟ ਹੋਣ ਦੀ ਵਜ੍ਹਾ ਨਾਲ ਜੰਗਲੀ ਜਾਨਵਰਾਂ ਦਾ ਡਰ ਬਣਿਆ ਰਹਿੰਦਾ ਸੀ। ਮਹਾਤਮਾ ਬੁੱਧ ਨੇ ਭਿੱਖਣੀਆਂ ਲਈ ਪਿੰਡ ਵਿੱਚ ਇਕੱਲੇ ਜਾਣਾ, ਬਾਹਰ ਇਕੱਲੇ ਰਹਿਣਾ ਅਤੇ ਜੰਗਲਾਂ ਵਿੱਚ ਇਕੱਲੇ ਜਾਣਾ ਵਰਜਿਤ ਕੀਤਾ ਸੀ। ਇਹ ਇਸ ਕਰਕੇ ਨਹੀਂ ਕਿ ਇਸਤਰੀਆਂ ਸਮਰੱਥ ਨਹੀਂ ਸਨ ਪਰੰਤੂ ਉਹ ਇਸਤਰੀਆਂ ਦੀ ਸੁਰੱਖਿਆ ਚਾਹੁੰਦੇ ਸਨ।[26]

ਮਹਾਤਮਾ ਬੁੱਧ ਨੇ ਭਿੱਖੂ-ਭਿੱਖਣੀ ਪਤਿਮੋਖ ਨਿਯਮ ਬਣਾਏ ਸਨ। ਭਿੱਖੂਆਂ ਲਈ 227 ਨਿਯਮ ਅਤੇ ਭਿੱਖਣੀਆਂ ਲਈ 311 ਨਿਯਮ ਸਨ। ਇਸਤਰੀਆਂ ਦੇ ਸਰੀਰਕ ਵੱਖਰੇਵੇਂ ਕਾਰਨ ਵੀ ਉਹਨਾਂ ਲਈ ਕਈ ਵੱਖਰੇ ਨਿਯਮ ਸਨ। ਇਹਨਾਂ ਨਿਯਮਾਂ ਵਿੱਚ ਕੁੱਝ ਨਿਯਮ ਅਜਿਹੇ ਸਨ ਜਿਹਨਾਂ ਦੀ ਪਾਲਨਾ ਭਿੱਖੂਆਂ ਦੇ ਨਾਲ ਭਿੱਖਣੀਆਂ ਦੇ ਹੋਣ ’ਤੇ ਹੀ ਹੋ ਸਕਦੀ ਸੀ।

---

[25] vhI, pNnw 24.

[26] “While the Buddha allowed Bhikshus to live under trees, in caves or in forests, he didi not allow bhikshunis to live alone, go out in village alone or live outdoors in forests. He did this not because he thought women were incapable, but because he wanted to ensure their safety.”
Venerable Bhikshuni Wu Yin , *Choosing Simplicity: A Commentary on the Bhikshuni Pratimoksha*, Bhikshuni Jendy Shin (tr.) & Bhikshuni Thubten Chodron (ed.), Snow Lion Publications, New York, 2001, p. 87.

ਭਿੱਖੂਆਂ ਨੂੰ ਅਧਿਕਾਰ ਸੀ ਕਿ ਉਹ ਕਿਸੇ ਭਿੱਖਣੀ ਨੂੰ ਗ਼ਲਤ ਵੇਖਦੇ ਜਾਂ ਉਸ ਦੇ ਚੀਵਰ ਪਹਿਨਣ ਵਿੱਚ ਗ਼ਲਤੀ ਵੇਖਦੇ ਤਾਂ ਉਸ ਦੇ ਸੁਧਾਰ ਲਈ ਉਸਨੂੰ ਕਹਿ ਸਕਦੇ ਸਨ। ਇਹਨਾਂ ਅਧਿਕਾਰਾਂ ਦੇ ਨਾਲ-ਨਾਲ ਮਹਾਤਮਾ ਬੁੱਧ ਨੇ ਸੰਘ ਵਿੱਚ ਰਹਿ ਰਹੀਆਂ ਭਿੱਖਣੀਆਂ ਦੇ ਆਦਰ ਸਨਮਾਨ ਵੱਲ ਵੀ ਧਿਆਨ ਦਿੱਤਾ ਸੀ। ਭਿੱਖੂਆਂ ਨੂੰ ਭਿੱਖਣੀਆਂ ਲਈ ਬੁਰੇ ਸ਼ਬਦਾਂ ਦੀ ਵਰਤੋਂ ਨਾ ਕਰਨ ਦਾ ਉਪਦੇਸ਼ ਸੀ।[27] ਮਹਾਤਮਾ ਬੁੱਧ ਨੇ ਇਸਤਰੀਆਂ ਦੀ ਸਥਿਤੀ ਤੋਂ ਚਿੰਤਤ ਹੋਣ ਕਾਰਨ ਹੋਰ ਵੀ ਕੁੱਝ ਨਿਯਮ ਬਣਾਏ ਸਨ। ਜੇਕਰ ਭਿੱਖੂ ਭਿੱਖਣੀਆਂ ਨਾਲ ਬੁਰਾ ਵਰਤਾਰਾ ਕਰਦੇ ਹਨ, ਉਹਨਾਂ ਵੱਲ ਬੁਰੀ ਨਜ਼ਰ/ਸੋਚ ਰੱਖਦੇ ਹਨ ਜਾਂ ਕੋਈ ਅਪਸ਼ਬਦ ਬੋਲਦੇ ਹਨ ਅਤੇ ਆਪਣੇ ਸਰੀਰਕ ਅੰਗ ਦਿਖਾਕੇ ਉਹਨਾਂ ਦੀਆਂ ਭਾਵਨਾਵਾਂ ਨੂੰ ਦੁਸ਼ਟ ਕਰਦੇ ਹਨ, ਉਹ ਭਿੱਖੂ ਸਜਾ ਦੇ ਭਾਗੀ ਹੋਣਗੇ। ਅਜਿਹੇ ਦੋਸ਼ੀ ਭਿੱਖੂ ਭਿੱਖਣੀਆਂ ਦੁਆਰਾ ਨਾ-ਵੰਦਨੀਯ ਕਰ ਦਿੱਤੇ ਜਾਣਗੇ/ ਭਿੱਖਣੀਆਂ ਦੁਆਰਾ ਇਹਨਾਂ ਦੋਸ਼ੀਆਂ ਨੂੰ ਸਿਰ ਝੁੱਕਾ ਕੇ ਪ੍ਰਣਾਮ ਨਹੀਂ ਕੀਤਾ ਜਾਵੇਗਾ।[28] ਇਸ ਸਜਾ ਦੇ ਡਰ ਤੋਂ ਜਾਂ ਭਿੱਖਣੀਆਂ ਦੁਆਰਾ ਸਤਿਕਾਰ ਨਾ ਮਿਲਣ ਦੇ ਡਰ ਤੋਂ ਭਿੱਖੂਆਂ ਵਿੱਚ ਖ਼ੌਫ਼ ਪੈਦਾ ਹੋਇਆ ਹੋਵੇਗਾ। ਅਜਿਹੇ ਨਿਯਮਾਂ ਦੇ ਸਹਾਰੇ ਮਹਾਤਮਾ ਬੁੱਧ ਨੇ ਭਿੱਖੂ ਭਿੱਖਣੀਆਂ ਵਿੱਚ ਇੱਕ ਪਵਿੱਤਰ ਰਿਸ਼ਤੇ ਦਾ ਜੋੜ ਰੱਖਿਆ ਸੀ। ਇਸ ਦੋਸ਼ ਤੋਂ ਮੁਕਤ ਹੋਣ ਦੀ ਇੱਛਾ ਰੱਖਣ ਵਾਲੇ ਦੋਸ਼ੀ ਲਈ ਇੱਕੋ ਇੱਕ ਰਾਹ ਸੀ ਕਿ ਉਹ ਭਿੱਖਣੀ ਸੰਘ ਅੱਗੇ ਮੁਆਫ਼ੀ ਮੰਗੇ। ਭਿੱਖਣੀ ਸੰਘ ਦੁਆਰਾ ਮੁਆਫ਼ ਕਰ ਦੇਣ ’ਤੇ ਹੀ ਉਹ ਆਦਰ ਸਹਿਤ ਜ਼ਿੰਦਗੀ ਜੀਅ ਸਕਦਾ ਸੀ। ਇੱਥੋਂ ਤੱਕ ਕਿ ਭਿੱਖਣੀ ਦੋਸ਼ੀ (bhikkhuni-dusaka), ਭਿੱਖਣੀ ਦੀ ਪਵਿੱਤਰਤਾ ਨੂੰ ਭੰਗ ਕਰਨ ਵਾਲੇ ਇਨਸਾਨ ਨੂੰ ਸੰਘ ਵਿੱਚ ਪ੍ਰਵ੍ਰਜਿਤ ਹੋਣ ਦੀ ਆਗਿਆ ਨਹੀਂ ਸੀ, ਜੇਕਰ ਉਹ ਸੰਘ ਦਾ ਮੈਂਬਰ ਹੋਵੇ ਤਾਂ ਉਸਦੀ ਪ੍ਰਵ੍ਰਜਿਆ ਰੱਦ ਕਰ ਦੇਣ ਦਾ ਆਦੇਸ਼ ਸੀ।[29] ਮਹਾਤਮਾ ਬੁੱਧ ਦੇ ਹਰ ਇੱਕ ਨਿਯਮ ਵਿੱਚ ਮਰਦ ਅਤੇ ਇਸਤਰੀ ਸੰਘ ਦੀ ਬ੍ਰਹਮਚਾਰੀ ਪਵਿੱਤਰਤਾ ਨੂੰ ਮੁੱਖ ਰੱਖਿਆ ਗਿਆ ਸੀ।

ਮਹਾਤਮਾ ਬੁੱਧ ਨੇ ਇਸਤਰੀ ਨੂੰ ਦਲਦਲ ਵਿੱਚੋਂ ਕੱਢ ਕੇ ਸੰਘ ਵਿੱਚ ਸ਼ਾਮਿਲ ਕਰ ਕੇ ਤਿਆਗ ਦੀ ਜ਼ਿੰਦਗੀ ਦਿੱਤੀ ਤਾਂ ਉਸਨੂੰ ਧਰਮ ਦੇ ਅਧਿਕਾਰਾਂ ਦੇ ਨਾਲ-ਨਾਲ ਆਜ਼ਾਦੀ ਦਾ ਅਹਿਸਾਸ ਵੀ ਕਰਵਾਇਆ ਸੀ। ਉਸਨੂੰ ਸੰਘ ਵਿੱਚ ਰਹਿੰਦੇ ਹੋਏ ਕਿਸੇ ਵੀ ਜ਼ੁਲਮ ਨੂੰ ਨਾ ਸਹਿਣ ਦੇ ਸਮਰੱਥ ਬਣਾਇਆ ਸੀ। ਜੇਕਰ

---

27 “Buddha desired that nuns should be respected by monks. He said ‘Oh monks, do not say a bad word to a nun or censure a nun or create sort of fear in her mind.’”
Meena Talim, *Life of Women in Buddhist Literature*, Buddhist World Press, Delhi, 2010, p. 124.

28 *ivnXiptk,* pNnw 525.

29 “However, Mahavagga is very specific about it, which states, ‘Oh monks, if a Bhikkhuni-dusako had not obtained recognition(of pabbajja) then he can not be considered (for pabajja) and even if he had recognized (accepted) already then it should be cancelled’.”
Meena Talim, *Life of Women in Buddhist Literature*, p 127.

ਇਸਤਰੀਆਂ ਨੂੰ ਨਿਯਮਾਂ ਅਧੀਨ ਰੱਖਿਆ ਤਾਂ ਮਰਦਾਂ ਨੂੰ ਵੀ ਮਹਾਤਮਾ ਬੁੱਧ ਨੇ ਉਹਨਾਂ ਨਿਯਮਾਂ ਦੀ ਪਾਲਨਾ ਦਾ ਆਦੇਸ਼ ਦਿੱਤਾ, ਜਿਹਨਾਂ ਕਰਕੇ ਉਹ ਇਸਤਰੀ ਦਾ ਨਜ਼ਾਇਜ ਫਾਇਦਾ ਨਾ ਉੱਠਾ ਸਕਣ। ਇਸਤਰੀ ਵੀ ਆਜ਼ਾਦ ਜੀਵਨ ਜਿਉਂਦੇ ਹੋਏ ਅਧਿਆਤਮਿਕ ਵਿਕਾਸ ਨਾਲ ਨਿਰਵਾਣ ਦੀ ਪ੍ਰਾਪਤੀ ਕਰ ਸਕੇ।

ਇਹ ਹਮੇਸ਼ਾ ਹੀ ਨਹੀਂ ਕਿਹਾ ਜਾ ਸਕਦਾ ਕਿ ਮਰਦ ਹੀ ਇਸਤਰੀ ਦੀ ਸੁੱਚੀ ਜ਼ਿੰਦਗੀ ਭੰਗ ਹੋਣ ਦੇ ਕਾਰਨ ਸਨ। ਕਿਉਂਕਿ ਕੁੱਝ ਇਸਤਰੀਆਂ ਸੱਚ ਦੇ ਰਾਹ ’ਤੇ ਚੱਲਣ ਦੇ ਬਾਵਜੂਦ ਵੀ ਦੁਨਿਆਵੀ ਕਾਮਭੋਗਾਂ ਵਿੱਚ ਰੁਝੀਆਂ ਹੋਈਆਂ ਸਨ ਜੋ ਪੂਰਨ ਰੂਪ ਵਿੱਚ ਇਸ ਬ੍ਰਹਮਚਾਰੀ ਜੀਵਨ ਨੂੰ ਅਪਨਾਉਣ ਦੇ ਕਾਬਿਲ ਨਹੀਂ ਹੋਈਆਂ ਸੀ। ਅੰਗੁਤਰ ਨਿਕਾਯ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਇੱਕ ਭਿੱਖਣੀ ਨੇ ਬੀਮਾਰੀ ਦੇ ਬਹਾਨੇ ਵਿੱਚ ਆਨੰਦ ਨੂੰ ਕਮਰੇ ਵਿੱਚ ਆਕੇ ਉਪਦੇਸ਼ ਸੁਣਾਉਣ ਲਈ ਡਰਾਮਾ ਰਚਾਇਆ ਸੀ। ਆਨੰਦ ਦੇ ਉਪਦੇਸ਼ ਸੁਣਾਉਂਦੇ ਸੁਣਾਉਂਦੇ ਹੀ ਭਿੱਖਣੀ ਨੇ ਆਪਣੇ ਪਾਪ ਦਾ ਪਛਤਾਵਾ ਕਰ ਆਨੰਦ ਤੋਂ ਮੁਆਫ਼ੀ ਮੰਗ ਲਈ ਸੀ।[30] ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਾਤਮਾ ਬੁੱਧ ਨੇ ਭਿੱਖੂਆਂ ਦੀ ਤਰ੍ਹਾਂ ਭਿੱਖਣੀਆਂ ਲਈ ਵੀ ਕੁੱਝ ਨਿਯਮ ਨਿਰਧਾਰਿਤ ਕੀਤੇ ਸਨ, ਜੋ ਭਿੱਖਣੀ ਆਪਣੇ ਸਰੀਰ ਨੂੰ ਨੰਗਾ ਕਰ ਭਿੱਖੂਆਂ ਨੂੰ ਦਿਖਾਵੇ, ਭਿੱਖੂਆਂ ਉੱਪਰ ਪਾਣੀ ਪਾਵੇ ਅਤੇ ਭਿੱਖੂਆਂ ਨੂੰ ਅਦਾਵਾਂ ਦਿਖਾਕੇ ਪਿਆਰ ਵਿੱਚ ਫਸਾਉਣ ਦੀ ਕੋਸ਼ਿਸ਼ ਕਰੇ ਉਸਨੂੰ ਉਪਦੇਸ਼ਾਂ ਤੋਂ ਵੰਚਿਤ ਕਰ ਦੇਣ ਦਾ ਨਿਯਮ ਸੀ।[31] ਮਹਾਤਮਾ ਬੁੱਧ ਨੇ ਦੋਵਾਂ ਲਈ ਹੀ ਇੱਕ-ਦੂਸਰੇ ਦੇ ਬ੍ਰਹਮਚਾਰੀ ਜੀਵਨ ਨੂੰ ਭੰਗ ਕਰਨ ’ਤੇ ਸਜਾ ਨਿਰਧਾਰਿਤ ਕੀਤੀ ਹੋਈ ਸੀ। ਮਹਾਤਮਾ ਬੁੱਧ ਦੀਆਂ ਨਜ਼ਰਾਂ ਵਿੱਚ ਮਰਦ ਇਸਤਰੀ ਬਰਾਬਰ ਸਨ, ਉਹਨਾਂ ਲਈ ਦੋਵਾਂ ਦਾ ਬ੍ਰਹਮਚਾਰੀ ਜੀਵਨ ਬਰਾਬਰ ਸੀ।

ਮਹਾਤਮਾ ਬੁੱਧ ਦੇ ਜ਼ਿੰਦਗੀ ਦੇ ਅਖੀਰਲੇ ਪੜਾਅ ਸਮੇਂ ਆਨੰਦ ਦੁਆਰਾ ਪੁੱਛਣ ’ਤੇ ਕੀ ਸਾਨੂੰ ਇਸਤਰੀਆਂ ਨਾਲ ਕਿਹੋ ਜਿਹਾ ਵਰਤਾਵ ਕਰਨਾ ਚਾਹੀਦਾ ਹੈ?

ਨਾ ਦੇਖਣਾ ਆਨੰਦ।

ਦੇਖ ਲੈਣ ’ਤੇ ਕਿਹੋ ਜਿਹਾ ਵਰਤਾਵ ਕਰਨਾ ਚਾਹੀਦਾ?

ਗੱਲ ਨਹੀਂ ਕਰਨੀ ਆਨੰਦ।

ਗੱਲ ਕਰਨ ਵਾਲੇ ਨੂੰ ਕਿਹੋ ਜਿਹਾ ਵਰਤਾਵ ਕਰਨਾ ਚਾਹੀਦਾ?

---

30 “Once, when ven. Ananda was staying at Kosambi, a certain nun sent word to him that she was sick. She had planned this with ulterior motive. When she was Ananda coming to her cell, she lay down on her couch covering her head. She failed to seduce him. On the contrary, he admonished her to give up her evil cravings, and she, hearing him, realized her sin. She prostrated before him and sought his pardon.”
Ibid, pp. 129-130.

31 *ivnXiptk,* pNnw 526.

ਸਮਰਿਤੀ (ਹੋਸ਼) ਨੂੰ ਸੰਭਾਲਕੇ ਰੱਖਣਾ ਚਾਹੀਦਾ ਹੈ।[32]

ਇਸ ਤੋਂ ਭਾਵ ਇਹ ਨਹੀਂ ਕਿ ਮਹਾਤਮਾ ਬੁੱਧ ਇਸਤਰੀ ਨੂੰ ਦੁਸ਼ਟ ਮੰਨਦੇ ਹਨ, ਉਹਨਾਂ ਦਾ ਕਹਿਣਾ ਸੀ ਕਿ ਇਸਤਰੀ ਨਾਲ ਗੱਲ ਕਰਦੇ ਸਮੇਂ ਮਨ ਨੂੰ ਟਿਕਾਅ ਅਤੇ ਸੰਜਮ ਵਿੱਚ ਰੱਖੋ ਜਿਸ ਨਾਲ ਆਕਰਸ਼ਿਤ ਨਹੀਂ ਹੋਵੋਗੇ। ਜੇਕਰ ਮਰਦ ਖ਼ੁਦ ਹਿਰਦੇ ਤੋਂ ਪਾਕ ਹੈ ਤਾਂ ਉਸ ਨੂੰ ਇਸਤਰੀ ਦਾ ਸਰੀਰ ਕੋਈ ਵੀ ਗ਼ਲਤ ਭਾਵਨਾ ਨਹੀਂ ਦੇਵੇਗਾ। ਉਸ ਲਈ ਇਸਤਰੀ ਦਾ ਸਰੀਰ ਸਿਰਫ਼ ਹੱਡੀਆਂ, ਮਾਸ ਅਤੇ ਖ਼ੂਨ ਦਾ ਪੁਤਲਾ ਹੀ ਹੋਵੇਗਾ। ਭਾਵੇਂ ਉਹ ਇਸਤਰੀ ਨਾਲ ਜਿੰਨਾ ਮਰਜ਼ੀ ਘੁਲ-ਮਿਲ ਲਵੇ। ਇੱਥੇ ਮਹਾਤਮਾ ਬੁੱਧ ਇਸਤਰੀ ਨੂੰ ਨਿੰਦਨੀਯ ਮੰਨਣ ਦੀ ਥਾਂ 'ਤੇ ਮਰਦਾਂ ਨੂੰ ਸਾਵਧਾਨ ਕਰਦੇ ਹਨ। ਜਾਤਕ ਕਥਾ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਕਿਵੇਂ ਇੱਕ ਭਿੱਖੂ ਸੁੰਦਰ ਇਸਤਰੀ ਨੂੰ ਦੇਖਕੇ ਆਪਾ ਖੋ ਬੈਠਦਾ ਹੈ। ਇਸ ਨੂੰ ਦੋਸ਼ੀ ਕਹਿੰਦੇ ਹੋਏ ਮਹਾਤਮਾ ਬੁੱਧ ਨੇ ਕਿਹਾ ਕਿ ਚੰਚਲ ਮਨ ਕਾਰਨ ਮਨ ਵਿੱਚ ਵਿਕਾਰ ਪੈਦਾ ਹੁੰਦੇ ਹਨ। ਆਪਣੀਆਂ ਇੰਦਰੀਆਂ ਨੂੰ ਵਸ ਵਿੱਚ ਰੱਖਣਾ ਸਭ ਤੋਂ ਵੱਧ ਜ਼ਰੂਰੀ ਹੈ।[33] ਮਹਾਤਮਾ ਬੁੱਧ ਖ਼ੁਦ ਗਿਆਨ ਪ੍ਰਾਪਤੀ ਪਿੱਛੋਂ ਆਪਣੀ ਪਤਨੀ ਯਸ਼ੋਧਰਾ ਦੇ ਕਮਰੇ ਤੱਕ ਗਏ ਅਤੇ ਸੰਜਮ ਨਾਲ ਗੱਲ ਕਰਦੇ ਹੋਏ ਯਸ਼ੋਧਰਾ ਨੂੰ ਦੁੱਖ ਨਿਵਾਰਨ ਦਾ ਉਪਦੇਸ਼ ਦਿੱਤਾ। ਉਸ ਸਮੇਂ ਮਹਾਤਮਾ ਬੁੱਧ ਲਈ ਯਸ਼ੋਧਰਾ ਨਾ ਹੀ ਪਤਨੀ ਸੀ ਨਾ ਹੀ ਇਸਤਰੀ ਸੀ ਕੇਵਲ ਇੱਕ ਇਨਸਾਨ ਸੀ।

**2. ਉਪਾਸਿਕਾ**

ਭਿੱਖਣੀ ਬਣਨ ਉਪਰੰਤ ਇਸਤਰੀ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਆ ਜਾਂਦਾ ਸੀ। ਉਹਨਾਂ ਦੀ ਜ਼ਿੰਦਗੀ ਛੋਟੇ ਤੋਂ ਵੱਡੇ ਦਾਇਰੇ ਵਿੱਚ ਤਬਦੀਲ ਹੋ ਜਾਂਦੀ ਸੀ। ਭਿੱਖਣੀ ਹੋਣ ਦੇ ਨਾਤੇ ਉਹ ਆਮ ਲੋਕਾਂ ਨਾਲੋਂ ਜ਼ਿਆਦਾ ਮਨੁੱਖਤਾਵਾਦੀ ਅਤੇ ਪਰਉਪਕਾਰੀ ਕੰਮਾਂ ਨਾਲ ਜੁੜ ਜਾਂਦੀਆਂ ਸਨ। ਉਹਨਾਂ ਦੀ ਜ਼ਿੰਦਗੀ ਦਾ ਮੁੱਖ ਮਕਸਦ ਨਿਰਵਾਣ ਪ੍ਰਾਪਤੀ ਹੁੰਦਾ ਪਰ ਉਹ ਗ੍ਰਹਿਸਤ ਤੋਂ ਟੁੱਟ ਕੇ ਨਹੀਂ ਰਹਿ ਸਕਦੇ ਸੀ। ਉਹ ਆਪਣੀਆਂ ਜ਼ਰੂਰਤਾਂ ਲਈ ਗ੍ਰਹਿਸਤ ਉੱਪਰ ਨਿਰਭਰ ਕਰਦੇ ਅਤੇ ਹਰ ਰੋਜ਼ ਉਹਨਾਂ ਦੇ ਸੰਪਰਕ ਵਿੱਚ ਆਉਂਦੇ ਸਨ। ਭਿੱਖਣੀ ਹੋਣ ਦੇ ਨਾਤੇ ਉਪਾਸਿਕਾ ਨੂੰ ਉਪਦੇਸ਼ਾਂ ਰਾਹੀਂ ਸੱਚ ਦੇ ਰਾਹ ਲਈ ਪ੍ਰੇਰਿਤ ਕਰਨਾ ਵੀ ਉਹਨਾਂ ਦਾ ਫ਼ਰਜ਼ ਸੀ।

ਭਿੱਖਣੀ ਸੰਘ ਸਥਾਪਿਤ ਹੋਣ ਤੋਂ ਪੰਜ ਸਾਲ ਪਹਿਲਾਂ ਇਸਤਰੀਆਂ ਉਪਾਸਿਕਾ ਦੇ ਤੌਰ 'ਤੇ ਬੁੱਧ ਧਰਮ ਵਿੱਚ ਸ਼ਾਮਿਲ ਹੋਈਆਂ ਸਨ। ਬੁੱਧ ਧਰਮ ਦੇ ਗ੍ਰਹਿਸਤਮਈ ਅਨੁਯਾਈਆਂ ਨੂੰ ਉਪਾਸਕ ਅਤੇ ਉਪਾਸਿਕਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, ਉਪਾਸਿਕਾ

---

32 *dIG inkwX*, pNny 141-142.

33 *jwqk,* phlw Bwg, BdNq AwnNd kOsØXwXn (Anu.), ihNdI swihËX sMmyln, pRXwg, 2013, pNny 438-442.

ਉਪਾਸਕ ਦਾ ਇਸਤਰੀ ਲਿੰਗ ਸ਼ਬਦ ਹੈ। ਸੰਸਕ੍ਰਿਤ ਵਿੱਚ ਇਹ ਸ਼ਬਦ ‘Servant’ ਵਜੋਂ ਵਰਤਿਆ ਜਾਂਦਾ ਹੈ। ਆਮ ਤੌਰ ’ਤੇ ਕਿਹਾ ਜਾ ਸਕਦਾ ਹੈ ਕਿ ਉਹ ਲੋਕ ਜੋ ਤਿੰਨ ਰਤਨਾਂ (ਬੁੱਧ, ਧਰਮ, ਸੰਘ) ਵਿੱਚ ਵਿਸ਼ਵਾਸ ਕਰਦੇ ਹੋਣ ਅਤੇ ਸੰਘ ਦੀ ਤਿਆਗਮਈ ਜ਼ਿੰਦਗੀ ਦੀ ਬਜਾਇ ਘਰ ਵਿੱਚ ਰਹਿੰਦੇ ਹੋਏ ਹੀ ਬੁੱਧ ਧਰਮ ਦੇ ਅਨੁਯਾਈ ਹੁੰਦੇ ਹਨ। ਪੰਜ ਨਿਯਮਾਂ ਦੀ ਪਾਲਨਾ ਕਰਨ ਦੇ ਨਾਲ-ਨਾਲ ਸੰਘ ਦੇ ਭਿੱਖੂ ਭਿੱਖਣੀਆਂ ਨੂੰ ਭਿੱਖਿਆ ਦਿੰਦੇ ਹੋਏ ਧਰਮ ਦੇ ਵਿਕਾਸ ਵਿੱਚ ਸਹਾਈ ਹੁੰਦੇ ਹਨ।[34] ਮਹਾਤਮਾ ਬੁੱਧ ਅਨੁਸਾਰ ਜੋ ਇਨਸਾਨ ਬੁੱਧ, ਧਰਮ ਅਤੇ ਸੰਘ ਦੀ ਸ਼ਰਨ ਗ੍ਰਹਿਣ ਕਰਦਾ ਹੈ ਉਹ ਇਨਸਾਨ ਉਪਾਸਕ ਕਹਿਲਾਉਂਦਾ ਹੈ।[35] ਇਹਨਾਂ ਤਿੰਨ ਰਤਨਾਂ ਨੂੰ ਗ੍ਰਹਿਣ ਕਰਨ ਵਾਲੇ ਉਪਾਸਕ ਲਈ ਸ਼ੀਲਵਾਨ ਬਣਨ ਲਈ ਪੰਜ ਨਿਯਮਾਂ ਦੀ ਪਾਲਨਾ ਕਰਨੀ ਜ਼ਰੂਰੀ ਦੱਸੀ ਹੈ।

- ਪ੍ਰਾਣੀ ਹੱਤਿਆ ਦੀ ਮਨਾਹੀ
- ਚੋਰੀ ਦੀ ਮਨਾਹੀ
- ਕਾਮਭੋਗ ਸੰਬੰਧੀ ਮੈਥੁਨ ਦੀ ਮਨਾਹੀ
- ਝੂਠ ਦੀ ਮਨਾਹੀ
- ਨਸ਼ੀਲੀਆਂ ਵਸਤਾਂ ਦੇ ਸੇਵਨ ਦੀ ਮਨਾਹੀ।[36]

ਸਭ ਤੋਂ ਪਹਿਲੀ ਉਪਾਸਿਕਾ ਯੱਸ ਦੀ ਮਾਤਾ ਅਤੇ ਪਤਨੀ ਬਣੀਆਂ ਸਨ। ਉਪਾਸਕ-ਉਪਾਸਿਕਾ ਭਿੱਖੂ-ਭਿੱਖਣੀਆਂ ਤੋਂ ਸੁਣੇ ਉਪਦੇਸ਼ਾਂ ਉੱਪਰ ਅਮਲ ਕਰ ਸੱਚੀ-ਸੁੱਚੀ ਜ਼ਿੰਦਗੀ ਬਿਤਾਉਂਦੇ ਸਨ। ਭਿੱਖੂ-ਭਿੱਖਣੀਆਂ ਨਾਲ ਵਾਰਤਾਲਾਪ ਕਰਨ ਦੇ ਮੌਕੇ ਸਾਰਾ ਸਾਲ ਹੀ ਹੁੰਦੇ ਸਨ। ਮਹਾਤਮਾ ਬੁੱਧ ਨੇ ਉਪਾਸਕ-ਉਪਾਸਿਕਾ ਲਈ ਪੰਜਸ਼ੀਲ ਨਿਯਮਾਂ ਦੇ ਨਾਲ ਉਪੋਸਥ ਵਰਤ ਦੀ ਪਾਲਨਾ ਦਾ ਵੀ ਆਦੇਸ਼ ਦਿੱਤਾ ਸੀ। ਸੰਘ ਦੇ ਮੈਂਬਰਾਂ ਨਾਲੋਂ ਗ੍ਰਹਿਸਤ ਲੋਕਾਂ ਲਈ ਉਪੋਸਥ ਵਰਤ ਜ਼ਿਆਦਾ ਮਹੱਤਵਪੂਰਨ ਹੁੰਦਾ ਸੀ। ਇਸ ਵਰਤ ਦੀ ਪਾਲਨਾ ਸਮੇਂ ਪੰਜਸ਼ੀਲ ਨਿਯਮਾਂ ਦੇ ਨਾਲ ਅੱਠ ਹੋਰ ਨਿਯਮਾਂ ਦੀ ਪਾਲਨਾ ਕਰਨੀ ਜ਼ਰੂਰੀ ਸੀ-ਹੱਤਿਆ, ਚੋਰੀ, ਮੈਥੁਨ, ਝੂਠ ਅਤੇ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਦੀ ਮਨਾਹੀ, ਦਿਨ-ਰਾਤ ਵਿੱਚ ਇੱਕ ਵਾਰ ਭੋਜਨ ਕਰਨਾ, ਫੁਲਾਂ ਦੀ ਬਣੀ ਮਾਲਾ ਧਾਰਨ ਨਾ ਕਰਨ, ਸੁਗੰਧੀਆਂ ਦੇ ਲੇਪ ਦੀ ਮਨਾਹੀ, ਅਤੇ ਧਰਤੀ ’ਤੇ ਜਾਂ ਫੂਸ ਨਾਲ ਬਣੇ ਬਿਛੋਨੇ ਉੱਪਰ ਸੌਣ ਦੀ ਹੀ ਅਗਿਆ ਸੀ।[37] ਇਹਨਾਂ ਨਿਯਮਾਂ ਦੀ ਪਾਲਨਾ ਭਿੱਖੂ-ਭਿੱਖਣੀਆਂ ਦੀ

[34] “Upasaka, feminine Upasika (Sanskrit : ‘servant’), lay devotee of the Gautama Buddha. Although the term correctly refers to any Buddhist who is not a member of a monastic order.” *The New Encyclopaedia Britannica*, Vol.12, p.189.

[35] *ANguqr inkwX,* qIsrw Bwg, pNnw 301.

[36] vhI, pNnw 301.

[37] vhI, pNnw 329.

ਜ਼ਿੰਦਗੀ ਵਿੱਚ ਆਮ ਹੀ ਸੀ। ਇਸ ਤੋਂ ਇਲਾਵਾ ਹਰ ਗ੍ਰਹਿਸਤੀ ਵਿੱਚ ਸ਼ੀਲ, ਤਿਆਗ, ਪ੍ਰਗਿਆ, ਅਤੇ ਸ਼ਰਧਾ ਜਿਹੇ ਗੁਣਾਂ ਦੀ ਭਰਮਾਰ ਹੋਣੀ ਜ਼ਰੂਰੀ ਦੱਸੀ ਹੈ। ਮਹਾਤਮਾ ਬੁੱਧ ਦਾ ਵਿਚਾਰ ਸੀ ਕਿ ਸ਼ੀਲਵਾਨ ਮਰਦ ਅਤੇ ਇਸਤਰੀਆਂ ਇਹਨਾਂ ਅੱਠ ਅੰਗਾਂ ਵਾਲੇ ਉਪੋਸਥ ਵਰਤ ਦੀ ਪਾਲਨਾ ਅਤੇ ਪੁੰਨ ਕਰਮ ਕਰਦੇ ਹੋਏ ਸਵਰਗ ਦੀ ਪ੍ਰਾਪਤੀ ਕਰਦੇ ਹਨ।[38] ਬੁੱਧ ਧਰਮ ਵਿੱਚ ਵਿਸ਼ਵਾਸ ਕਰਨ ਵਾਲਾ ਹਰ ਗ੍ਰਹਿਸਤੀ ਪੰਜਸ਼ੀਲ ਦੀ ਪਾਲਨਾ ਕਰਦਾ ਹੋਇਆ ਅਤੇ ਸੰਘ ਦੇ ਸਦਾਚਾਰੀ ਭਿੱਖੂ-ਭਿੱਖਣੀਆਂ ਦੀ ਸੇਵਾ ਕਰਦਾ ਹੋਇਆ ਸੁੱਖਾਂ ਵਿੱਚ ਜ਼ਿੰਦਗੀ ਬਤੀਤ ਕਰਦਾ ਸੀ। ਮਹਾਤਮਾ ਬੁੱਧ ਦੀਆਂ ਨਜ਼ਰਾਂ ਵਿੱਚ ਗ੍ਰਹਿਸਤੀ ਵੀ ਉੱਚ ਦਰਜਾ ਰੱਖਦੇ ਸਨ। ਮਹਾਤਮਾ ਬੁੱਧ ਹਮੇਸ਼ਾ ਜਾਤ-ਪਾਤ, ਉੱਚੇ-ਨੀਵੇਂ ਦਾ ਭੇਦਭਾਵ ਕੀਤੇ ਬਿਨਾਂ ਲੋਕਾਂ ਨੂੰ ਉਪਦੇਸ਼ ਦਿੰਦੇ ਅਤੇ ਉਹਨਾਂ ਨੂੰ ਚੰਗਿਆਈ ਦੇ ਰਾਹ ਤੋਂ ਜਾਣੂ ਕਰਵਾਉਂਦੇ ਸਨ। ਕਿਸੇ ਵੀ ਸਮੇਂ ਹਰ ਇਸਤਰੀ ਮਹਾਤਮਾ ਬੁੱਧ ਕੋਲ ਆਪਣੇ ਦੁੱਖਾਂ ਦੇ ਸਮਾਧਾਨ ਹਿਤ ਪਹੁੰਚ ਸਕਦੀ ਸੀ। ਜਿਵੇਂ ਵਿਸਾਖਾ, ਕਿੱਸਾ ਗੌਤਮੀ, ਉਬੇਰੀ ਆਦਿ ਆਪਣੇ ਬੱਚਿਆਂ ਦੇ ਵਿਛੋੜੇ ਦੇ ਦੁੱਖ ਲੈ ਕੇ ਮਹਾਤਮਾ ਬੁੱਧ ਕੋਲ ਹਾਜ਼ਰ ਹੋਈਆਂ ਅਤੇ ਉਹਨਾਂ ਤੋਂ ਉਪਦੇਸ਼ ਸੁਣ ਕੇ ਦੁੱਖ ਨਿਵਾਰਨ ਵਿੱਚ ਸਫਲ ਹੋਈਆਂ ਸਨ। ਮਹਾਤਮਾ ਬੁੱਧ ਲਈ ਸੰਘ ਵਿੱਚ ਰਹਿਣ ਵਾਲੇ ਅਤੇ ਗ੍ਰਹਿਸਤ ਵਿੱਚ ਰਹਿਣ ਵਾਲੇ ਸਭ ਇੱਕ ਬਰਾਬਰ ਸਨ। ਨਾ ਹੀ ਉਹਨਾਂ ਦੀ ਨਜ਼ਰ ਵਿੱਚ ਲਿੰਗ ਪੱਖੋਂ ਕੋਈ ਭੇਦਭਾਵ ਸੀ। ਉਹ ਹਮੇਸ਼ਾ ਆਪਣੇ ਮੁੱਖ ਮੰਤਵ ਅਨੁਸਾਰ ਹਰ ਇਨਸਾਨ ਨੂੰ ਦੁੱਖ ਨਿਵਾਰਨ ਦਾ ਉਪਦੇਸ਼ ਦਿੰਦੇ ਸਨ।

ਅੰਗੁਤਰ ਨਿਕਾਯ ਵਿੱਚੋਂ ਮਹਾਤਮਾ ਬੁੱਧ ਦੁਆਰਾ ਗ੍ਰਹਿਸਤ ਵਿੱਚ ਰਹਿ ਰਹੀਆਂ ਇਸਤਰੀਆਂ ਨੂੰ ਉਪਦੇਸ਼ ਦੇਣ ਦਾ ਵਰਣਨ ਪ੍ਰਾਪਤ ਹੁੰਦਾ ਹੈ। ਜਿਸ ਰਾਹੀਂ ਉਹਨਾਂ ਨੂੰ ਘਰ ਵਿੱਚ ਰਹਿੰਦੇ ਹੋਏ ਸੰਜਮ ਨਾਲ ਜੀਵਨ ਨਿਰਵਾਹ ਕਰਨ ਦਾ ਤਰੀਕਾ ਦੱਸਿਆ ਗਿਆ ਸੀ। ਇਸਤਰੀਆਂ ਨੂੰ ਉਪਾਸਿਕਾ ਵਜੋਂ ਪੂਰਾ ਮਾਣ ਵੀ ਹਾਸਲ ਹੋਇਆ ਸੀ। ਉਹ ਬੁੱਧ ਧਰਮ ਦੇ ਪ੍ਰਭਾਵ ਹੇਠ ਹੋਣ ਵਾਲੇ ਧਾਰਮਿਕ ਕਾਰਜ ਚਤੁਰਦਰਸ਼ੀ, ਪੂਰਨਿਮਾ, ਅਮਾਵਸ ਜਾਂ ਕਿਸੇ ਵੀ ਅਸ਼ਟਮੀ ਦੇ ਦਿਨ ਅਸ਼ਟਾਂਗ ਮਾਰਗ ਦੀ ਪਾਲਨਾ, ਉਪੋਸਥ ਵਰਤ ਅਤੇ ਪੰਜਸ਼ੀਲ ਦੀ ਪਾਲਨਾ ਕਰਨ ਦੀਆਂ ਪੂਰਨ ਅਧਿਕਾਰੀ ਸਨ।[39] ਜੇਕਰ ਮਹਾਤਮਾ ਬੁੱਧ ਕਿਸੇ ਸਮੇਂ ਖ਼ੁਦ ਉਪਾਸਿਕਾਵਾਂ ਨੂੰ ਉਪਦੇਸ਼ ਦੇਣ ਲਈ ਨਹੀਂ ਜਾ ਪਾਉਂਦੇ ਤਾਂ ਉਹ ਆਪਣੇ ਚੇਲਿਆਂ ਨੂੰ ਉਪਦੇਸ਼ ਦੇਣ ਲਈ ਭੇਜਦੇ ਸਨ। ਇਹਨਾਂ ਚੇਲਿਆਂ ਵਿੱਚੋਂ ਆਨੰਦ ਅਤੇ ਅਨੁਰੁੱਧਾ ਇਸਤਰੀਆਂ ਦੇ ਮਹਾਨ ਸਹਾਇਕ ਵੀ ਗਿਣੇ ਜਾਂਦੇ ਸਨ। ਇੱਕ ਵਾਰ ਭਿੱਖੂ ਉਪਾਲੀ ਵੱਲੋਂ ਉਪਾਸਿਕਾ ਨੂੰ ਉਪਦੇਸ਼ ਦੇਣ ਤੋਂ ਮਨ੍ਹਾਂ ਕਰ ਦੇਣ 'ਤੇ ਮਹਾਤਮਾ ਬੁੱਧ ਨੇ ਕਿਹਾ ਕਿ ਹਮੇਸ਼ਾ ਹੀ ਉਪਦੇਸ਼ ਸੁਣਨ ਵਾਲੇ ਨੂੰ ਉਪਦੇਸ਼ ਦਿਉ। ਭਿੱਖਿਆ ਲੈਣ ਸਮੇਂ ਹਮੇਸ਼ਾ ਕੁੱਝ

---

38 vhI, pNnw 329.

39 *QyrIgwQwpwil,* ávwmI ©wirkwdwsSwáZI (Anu.), bO© BwrqI, vwrwxsI, 2003, pNnw 241.

ਸ਼ਬਦਾਂ ਵਿੱਚ ਉਪਦੇਸ਼ ਦੇਣਾ ਜ਼ਰੂਰੀ ਦੱਸਿਆ। ਤਾਂਕਿ ਗ੍ਰਹਿਸਤੀ ਮਹਾਤਮਾ ਬੁੱਧ ਦੇ ਉਪਦੇਸ਼ਾਂ ਦਾ ਅਨੰਦ ਮਾਣ ਸਕਣ। ਇਹਨਾਂ ਗੱਲਾਂ ਦਾ ਸਬੂਤ ਕਈ ਥਾਵਾਂ ਤੋਂ ਪ੍ਰਾਪਤ ਹੁੰਦਾ ਹੈ ਜਿਵੇਂ ਮਹਾਕਚਨ ਦਾ ਕਾਲੀ ਉਪਾਸਿਕਾ ਨੂੰ, ਸਾਰਿਪੁੱਤ ਦੁਆਰਾ ਨੰਦਮਾਤਾ ਨੂੰ ਮਹਾਉਪਦੇਸ਼ ਦੇਣਾ ਆਦਿ। ਇੱਕ ਥਾਂ 'ਤੇ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਪੰਜ ਸੌ ਭਿੱਖੂਆਂ ਦੇ ਸੰਘ ਵਿਹਾਰ ਦੇ ਆਸ-ਪਾਸ ਸੱਤ ਸੋ ਉਪਾਸਕ ਅਤੇ ਸੱਤ ਸੋ ਉਪਾਸਿਕਾਵਾਂ ਦਾ ਰਹਿਣ ਵਸੇਰਾ ਸੀ।[40] ਵਰਤ ਦੇ ਦਿਨ ਸੰਘ ਵਿੱਚ ਉਪਦੇਸ਼ ਸੁਣਨ ਲਈ ਵੱਡੀ ਗਿਣਤੀ ਵਿੱਚ ਉਪਾਸਕ-ਉਪਾਸਿਕਾ ਇੱਕਠੇ ਹੁੰਦੇ ਸਨ।

ਜਿੱਥੇ ਭਿੱਖਣੀਆਂ ਨੇ ਬੁੱਧ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਉੱਥੇ ਹੀ ਉਪਾਸਿਕਾਵਾਂ ਨੇ ਬੁੱਧ ਧਰਮ ਨੂੰ ਪ੍ਰਫੁਲਿਤ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਸੀ। ਅਗੁੰਤਰ ਨਿਕਾਯ ਵਿੱਚੋਂ ਮਹਾਤਮਾ ਬੁੱਧ ਦੁਆਰਾ ਦੱਸੀ ਇਹਨਾਂ ਮਹਾਨ ਉਪਾਸਿਕਾਵਾਂ ਦੀ ਸੂਚੀ ਪ੍ਰਾਪਤ ਹੁੰਦੀ ਹੈ, ਜਿਹਨਾਂ ਨੇ ਅਲੱਗ-ਅਲੱਗ ਪੱਖਾਂ ਤੋਂ ਮਹਾਨਤਾ ਹਾਸਲ ਕੀਤੀ ਸੀ। ਜਿਵੇਂ ਧਿਆਨ ਕਰਨ ਵਾਲਿਆਂ ਵਿੱਚ ਉੱਤਰਾ ਨੰਦਮਾਤਾ, ਰੋਗੀਆਂ ਦੀ ਸੇਵਾ ਕਰਨ ਵਿੱਚ ਸੁਪ੍ਰਿਆ, ਮੈਤਰੀ ਭਾਵਨਾ ਵਿੱਚ ਸਾਮਾਵਤੀ, ਦਾਨੀਆਂ ਵਿੱਚ ਵਿਸਾਖਾ ਮਿਗਾਰਮਾਤਾ ਆਦਿ।[41] ਇਸ ਤੋਂ ਇਲਾਵਾ ਮਹਾਤਮਾ ਬੁੱਧ ਦੁਆਰਾ ਦੱਸੀਆਂ 25 ਉਪਾਸਿਕਾਵਾਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ ਜਿਹਨਾਂ ਨੇ ਮਹਾਤਮਾ ਬੁੱਧ ਦੇ ਉਪਦੇਸ਼ਾਂ ਅਤੇ ਸੰਘ ਦੇ ਵਿਕਾਸ ਵਿੱਚ ਪੁਰਜ਼ੋਰ ਸਹਿਯੋਗ ਦਿੱਤਾ ਸੀ। ਸਿਰੀਮਾ, ਪਦੁਮਾ, ਸੁਤਨਾ, ਮਨੁਜਾ, ਉੱਤਰਾ, ਮੁਤਾ, ਖੇਮਾ, ਰੂਚੀ, ਚੁੰਦੀ, ਬਿੰਬੀ, ਸੁਮਨਾ, ਮੱਲਿਕਾ, ਤਿੱਸਾ, ਤਿੱਸਮਾਤਾ, ਸੋਣਾ, ਮੋਣਾਯ, ਮਾਤਾ, ਕਾਣਾ, ਕਾਣਮਾਤਾ, ਉੱਤਰਾ ਨੰਦਮਾਤਾ, ਵਿਸਾਖਾ ਮਿਗਾਰਮਾਤਾ, ਖਜੁੱਤਰਾ ਉਪਾਸਿਕਾ, ਸਾਮਾਵਤੀ ਉਪਾਸਿਕਾ, ਸੁੱਪਵਾਸਾ ਕੋਲਿਯਧੀਤਾ, ਸੁੱਪਿਆ ਉਪਾਸਿਕਾ, ਨਕੁਲਮਾਤਾ ਗ੍ਰਹਿਪਤਾਨਿ।[42]

ਇਹਨਾਂ ਉਪਾਸਿਕਾਵਾਂ ਨੇ ਵੱਖ-ਵੱਖ ਤਰੀਕਿਆਂ ਰਾਹੀਂ ਬੁੱਧ ਧਰਮ ਅਤੇ ਸੰਘ ਦੇ ਵਿਕਾਸ ਵਿੱਚ ਸਹਿਯੋਗ ਦਿੱਤਾ ਸੀ। ਜਿਵੇਂ ਦਾਨ ਰਾਹੀਂ, ਸੇਵਾ ਰਾਹੀਂ, ਪੈਸੇ ਰਾਹੀਂ, ਪ੍ਰਚਾਰ ਰਾਹੀਂ ਆਦਿ। ਸਭ ਤੋਂ ਵੱਡੀ ਗੱਲ ਖ਼ੁਦ ਘਰ ਵਿੱਚ ਰਹਿੰਦੇ ਹੋਏ ਸੰਜਮੀ ਜੀਵਨ ਜਿਉਣਾ ਅਤੇ ਧਰਮ ਨੂੰ ਸਮਰਪਿਤ ਹੋਣਾ। ਉਸ ਸਮੇਂ ਭਾਰਤ ਅਤੇ ਵਿਸ਼ਵ ਭਰ ਦੀਆਂ ਇਸਤਰੀਆਂ ਲਈ ਇਹ ਬਹੁਤ ਵੱਡੀ ਮਿਸਾਲ ਸੀ।

ਭਿੱਖੂ-ਭਿੱਖਣੀਆਂ ਨੂੰ ਦਾਨ ਕਰਨਾ ਉਪਾਸਿਕਾਵਾਂ ਦੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਿਆ ਸੀ। ਇਹ ਕਿਸੇ ਨਾ ਕਿਸੇ ਰੂਪ ਵਿੱਚ ਖਾਣਾ, ਕਪੜਾ ਅਤੇ ਦਵਾਈ ਰਾਹੀਂ ਇਹਨਾਂ ਦੀ ਸੇਵਾ ਕਰਦੇ ਸਨ। ਕਈ ਉਪਾਸਿਕਾਵਾਂ ਵੱਲੋਂ ਹਰ ਰੋਜ਼ ਸੰਘ ਦੇ ਮੈਂਬਰਾਂ ਨੂੰ ਭਿੱਖਿਆ ਦਿੱਤੀ ਜਾਂਦੀ ਸੀ। ਜਿਵੇਂ

---

40 *sNXuÁ inkwX,* phlw Bwg, pNnw 155.
41 *ANguqr inkwX,* phlw Bwg, pNny 26-27.
42 *ANguqr inkwX,* qIsrw Bwg, pNnw 400.

ਸੁਪਾਵਸਾ ਉਪਾਸਿਕਾ ਦੇ ਘਰ ਹਰ ਰੋਜ਼ 500 ਭਿੱਖੂਆਂ ਨੂੰ ਭਿੱਖਿਆ ਦਿੱਤੀ ਜਾਂਦੀ ਸੀ। ਮਹਾਤਮਾ ਬੁੱਧ ਨੇ ਵੀ ਸੁਪਾਵਸਾ ਦੀ ਪ੍ਰਸੰਸਾ ਵਿੱਚ ਕਿਹਾ ਸੀ ਕਿ ਸੁਪਾਵਸਾ ਭਿੱਖੂਆਂ ਦੀ ਸੇਵਾ ਵਿੱਚ ਸਭ ਤੋਂ ਅੱਗੇ ਹੈ।[43] ਭਦਸਾਲ ਜਾਤਕ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਜਿਵੇਂ ਅਨਾਥਪਿੰਡਕ ਦੇ ਘਰ 500 ਭਿੱਖੂਆਂ ਨੂੰ ਨਿਯਮਿਤ ਰੂਪ ਵਿੱਚ ਖਾਣਾ ਖਿਲਾਇਆ ਜਾਂਦਾ ਸੀ, ਉਸੇ ਤਰ੍ਹਾਂ ਹੀ ਵਿਸਾਖਾ ਦੇ ਘਰ ਭਿੱਖੂਆਂ ਦੀ ਸੇਵਾ ਕੀਤੀ ਜਾਂਦੀ ਸੀ।[44] ਕਈ ਘਰਾਂ ਵਿੱਚ ਕਿਸੇ ਚੰਗੇ ਜਾਂ ਖ਼ੁਸ਼ੀ ਦੇ ਮੌਕੇ ਤੇ ਭਿੱਖੂਆਂ ਅਤੇ ਭਿੱਖਣੀਆਂ ਨੂੰ ਸੱਦਾ ਦਿੱਤਾ ਜਾਂਦਾ ਸੀ। ਜਿਵੇਂ ਤਿੱਸਾ ਦੀ ਮਾਤਾ, ਰਾਣੀ ਮਲਿੱਕਾ, ਅੰਬਪਾਲੀ, ਸੁੱਭਦਾ ਅਤੇ ਨੰਦਮਾਤਾ ਦੁਆਰਾ ਸੱਦਿਆ ਗਿਆ ਸੀ। ਇਸ ਦੇ ਨਾਲ ਵਰਖਾਵਾਸ ਸਮੇਂ ਵੀ ਉਹਨਾਂ ਨੂੰ ਪੂਰਨ ਸਹਿਯੋਗ ਦਿੰਦੀਆਂ ਸਨ। ਵਿਸਾਖਾ ਦੀ ਬਦੌਲਤ ਬਣੇ ਨਿਯਮਾਂ ਅਨੁਸਾਰ ਕਈ ਉਪਾਸਿਕਾ ਭਿੱਖੂ-ਭਿੱਖਣੀਆਂ ਦੇ ਬੀਮਾਰ ਹੋਣ ’ਤੇ ਉਹਨਾਂ ਨੂੰ ਦਵਾਈ, ਖਿੱਚੜੀ ਆਦਿ ਦੇ ਕੇ ਉਹਨਾਂ ਦੀ ਸਹਾਇਤਾ ਕਰਦੀਆਂ ਸਨ। ਕਈ ਉਪਾਸਿਕਾਵਾਂ ਸੰਘ ਵਿੱਚ ਜਾਕੇ ਭਿੱਖੂ ਭਿੱਖਣੀਆਂ ਦੀ ਦੇਖਭਾਲ ਵੀ ਕਰਦੀਆਂ ਸਨ। ਸੁੱਪਿਆ ਬਨਾਰਸ ਦੀ ਰਹਿਣ ਵਾਲੀ ਇੱਕ ਉਪਾਸਿਕਾ ਸੀ, ਜਿਸਨੇ ਵਿਸਾਖਾ ਦੇ ਨਾਲ ਸਾਰੀ ਉਮਰ ਭਿੱਖੂ-ਭਿੱਖਣੀਆਂ ਦੀ ਸੇਵਾ ਕੀਤੀ ਸੀ। ਉਹ ਹਮੇਸ਼ਾ ਬੀਮਾਰ ਭਿੱਖੂ-ਭਿੱਖਣੀ ਦੀ ਦੇਖਭਾਲ ਕਰਦੀ ਸੀ। ਉਸਦੀ ਇਸ ਪਰਮ ਸੱਚਦਿਲੀ ਨੂੰ ਬਿਆਨਣ ਲਈ ਉਸ ਦੀ ਜ਼ਿੰਦਗੀ ਦੀ ਇੱਕ ਕੜੀ ਹੀ ਬਹੁਤ ਹੈ। ਇੱਕ ਵਾਰ ਬੀਮਾਰ ਭਿੱਖੂ ਦੀ ਇੱਛਾ ਅਨੁਸਾਰ ਮਾਸ ਦੀ ਜ਼ਰੂਰਤ ਸੀ, ਪਰ ਸਾਰੇ ਸ਼ਹਿਰ ਵਿੱਚੋਂ ਨਾ ਮਿਲਣ ਤੇ ਸੁੱਪਿਆ ਨੇ ਆਪਣੇ ਸਰੀਰ ਤੋਂ ਚਾਕੂ ਨਾਲ ਮਾਸ ਦਾ ਟੁਕੜਾ ਕੱਟ ਕੇ ਦਿੱਤਾ ਤਾਂਕਿ ਭਿੱਖੂ ਦੀ ਮੰਗ ਪੂਰਨ ਕੀਤੀ ਜਾ ਸਕੇ। ਇਸ ਦੀ ਜਾਣਕਾਰੀ ਮਹਾਤਮਾ ਬੁੱਧ ਨੂੰ ਮਿਲਣ ’ਤੇ ਉਹਨਾਂ ਨੇ ਭਿੱਖੂ-ਭਿੱਖਣੀਆਂ ਲਈ ਮਨੁੱਖੀ ਮਾਸ ਦੀ ਮਨਾਹੀ ਕੀਤੀ ਸੀ।[45] ਕਿਹਾ ਜਾ ਸਕਦਾ ਹੈ ਕਿ ਸੁੱਪਿਆ ਦੇ ਮਨ ਵਿੱਚ ਕਿੰਨਾ ਵਿਸ਼ਵਾਸ ਅਤੇ ਧਰਮ ਪ੍ਰਤੀ ਅਰਪਣ ਹੋਣ ਦੀ ਸ਼ਰਧਾ ਸੀ। ਇਸ ਤੋਂ ਇਲਾਵਾ ਉਪਾਸਿਕਾਵਾਂ ਵੱਲੋ ਸੰਘ ਦੇ ਮੈਂਬਰਾਂ ਲਈ ਜ਼ਰੂਰਤ ਪੈਣ ’ਤੇ ਰਿਹਾਇਸ਼ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ।[46] ਇਹ ਜ਼ਰੂਰ ਸੀ ਕਿ ਇਕੱਲੀ ਭਿੱਖਣੀ ਦਾ ਬਾਹਰ ਰਹਿਣਾ ਵਰਜਿਤ ਸੀ। ਭਿੱਖੂ-ਭਿੱਖਣੀਆਂ ਦਾ ਸਾਥ ਹੀ ਉਹਨਾਂ ਨੂੰ ਬਾਹਰ ਜਾਣ ਦੀ ਆਗਿਆ ਦਿੰਦਾ ਸੀ।

---

[43] rwhul swN™ËXwXn, *bu…cXw~~*, mhwboiD sBw, bnwrs, 1952, pNnw 440.; *A<guqr inkwX*, phlw Bwg, pNnw 27.

[44] *jwqk*, cOQw Bwg, BdNq AwnNd kOsØXwXn (Anu.), ihNdI swihËX sMmyln, pRXwg, 1951, pNnw 345.

[45] “Suppiya saw a sick monk who needed a meat broth. On her return home, she sent an attendant to bring meat. But the attendant came back without meat because there was no meat for monks in the whole of Beneras. She therefore, with a knife, cut a piece of flesh from her thigh and gave it to her servant to make into soup for the monk.”
Bela Bhattacharya, *Buddhist Women Saints of India*, Firma Klm Private Limited, Calcutta, 2000, p. 136.

[46] *sNXuÁ inkwX*, phlw Bwg, pNnw 33.

ਵਿਸਾਖਾ ਇੱਕ ਉਪਾਸਿਕਾ ਹੋਣ ’ਤੇ ਹੀ ਬੁੱਧ ਧਰਮ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਪੂਰਾ ਯੋਗਦਾਨ ਪਾਇਆ ਸੀ। ਵਿਸਾਖਾ ਦੁਆਰਾ ਅੱਠ ਨਿਯਮਾਂ ਦੀ ਸਵੀਕ੍ਰਿਤੀ ਕਰਵਾਉਣਾ ਉਸ ਦੀ ਬੁੱਧੀਮਤਾ ਨੂੰ ਦਰਸਾਉਂਦਾ ਹੈ। ਵਿਸਾਖਾ ਨੇ ਆਪਣਾ ਸਾਰਾ ਜੀਵਨ ਭਿੱਖੂ-ਭਿੱਖਣੀਆਂ ਦੀ ਸੇਵਾ ਵਿੱਚ ਹੀ ਗੁਜ਼ਾਰਿਆ ਸੀ। ਵਿਸਾਖਾ ਦਾ ਨਾਮ ਬੁੱਧ ਧਰਮ ਵਿੱਚ ਮਹਾਦਾਨੀ ਵਜੋਂ ਵੀ ਜਾਣਿਆ ਜਾਂਦਾ ਹੈ, ਉਸ ਨੇ 27 ਕਰੋੜ ਮੁਦਰਾ ਦੇ ਖਰਚੇ ਨਾਲ ਵਿਹਾਰ ਬਣਵਾਕੇ ਸੰਘ ਨੂੰ ਦਾਨ ਦਿੱਤਾ ਸੀ।

ਇਹਨਾਂ ਸਹਾਇਤਾ ਤੋਂ ਇਲਾਵਾ ਉਪਾਸਿਕਾਵਾਂ ਨੇ ਭਿੱਖਣੀਆਂ ਦੀ ਤਰ੍ਹਾਂ ਬੁੱਧ ਧਰਮ ਦੇ ਵਿਕਾਸ ਅਤੇ ਫੈਲਾਅ ਵਿੱਚ ਪੂਰਾ ਸਹਿਯੋਗ ਦਿੱਤਾ ਸੀ। ਉਹ ਖ਼ੁਦ ਵੀ ਧਰਮ ਦੇ ਰਾਹ ਤੋਂ ਜਾਣੂ ਹੋਈਆਂ ਅਤੇ ਦੂਸਰਿਆਂ ਨੂੰ ਵੀ ਕੀਤਾ। ਖਜੁੱਤਰਾ ਜੋ ਸਾਮਾਵਤੀ ਰਾਣੀ ਦੀ ਦਾਸੀ ਸੀ, ਨੇ ਖ਼ੁਦ ਇਸ ਰਾਹ ਨੂੰ ਅਪਣਾਇਆ ਸੀ। ਰਾਣੀ ਸਾਮਾਵਤੀ ਅਤੇ ਹੋਰ 500 ਇਸਤਰੀਆਂ ਨੂੰ ਵੀ ਇਸ ਰਾਹ ਨੂੰ ਅਪਨਾਉਣ ਦਾ ਉਪਦੇਸ਼ ਦਿੱਤਾ ਸੀ। ਕਾਲੀ ਜੋ ਬੁੱਧ ਧਰਮ ਦੀ ਬਹੁਤ ਵੱਡੀ ਉਪਾਸਿਕਾ ਸੀ, ਦੇ ਚੰਗੇ ਆਚਰਣ ਅਤੇ ਧਰਮ ਪ੍ਰਤੀ ਸ਼ਰਧਾ ਤੋਂ ਪ੍ਰਭਾਵਿਤ ਹੋਕੇ ਚੋਰੀ ਕਰਨ ਆਏ 900 ਚੋਰਾਂ ਨੇ ਬੁੱਧ ਧਰਮ ਨੂੰ ਅਪਣਾਇਆ ਸੀ। ਪੁਨਵਰਸੁ ਨੇ ਆਪਣੇ ਪੁੱਤਰ ਨੂੰ ਧਰਮ ਦੇ ਸੱਚ ਨੂੰ ਜਾਣਨ ਬਾਰੇ ਕਿਹਾ ਅਤੇ ਦੱਸਿਆ ਕਿ ਸੰਸਾਰਿਕ ਦੁੱਖਾਂ ਅਤੇ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਇਸ ਰਾਹ ’ਤੇ ਚੱਲਕੇ ਹੀ ਮਿਲ ਸਕਦਾ ਹੈ। ਉਸ ਲਈ ਧਰਮ ਦੀ ਖੋਜ ਪਤੀ ਅਤੇ ਪੁੱਤਰ ਦੇ ਪਿਆਰ ਤੋਂ ਕਿਤੇ ਵੱਧ ਪਿਆਰੀ ਸੀ।[47] ਇਸ ਤਰ੍ਹਾਂ ਹੀ ਅਨਾਥਪਿੰਡਿਕ ਦੀ ਬੇਟੀ ਚੁਲਸਭੁਦਾ ਦੀ ਬਦੌਲਤ ਉਸਦਾ ਸਹੁਰੇ ਪਰਿਵਾਰ ਦਾ ਸਾਰਾ ਸ਼ਹਿਰ ਹੀ ਬੁੱਧ ਧਰਮ ਦਾ ਅਨੁਯਾਈ ਬਣ ਗਿਆ ਸੀ।[48] ਇਸ ਤੋਂ ਇਲਾਵਾ ਰਾਣੀ ਮਲਿੱਕਾ ਜਿਸ ਦੀ ਬਦੌਲਤ ਜਾਨਵਰਾਂ ਦੀ ਬਲੀ ਹੋਣ ਤੋਂ ਬਚੀ ਅਤੇ ਰਾਜਾ ਪਸੇਨਦਿ ਇਹਨਾਂ ਕਰਮਕਾਡਾਂ ਵਿੱਚੋਂ ਬਾਹਰ ਆ ਕੇ ਬੁੱਧ ਧਰਮ ਦੇ ਉਪਾਸਕ ਬਣੇ ਸੀ।[49] ਇਹਨਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਬੁੱਧ ਧਰਮ ਦੇ ਵਿਕਾਸ ਵਿੱਚ ਇਸਤਰੀਆਂ ਦਾ ਭਿੱਖਣੀ ਹੋਣ ਦੇ ਨਾਲ-ਨਾਲ ਉਪਾਸਿਕਾ ਦੇ ਨਾਤੇ ਵੀ ਬਹੁਤ ਵੱਡਾ ਯੋਗਦਾਨ ਸੀ। ਇਸੇ ਕਾਰਨ ਮਹਾਤਮਾ ਬੁੱਧ ਉਪਾਸਿਕਾ ਦੀ ਪ੍ਰਸੰਸਾ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਕਿਸੇ ਇਸਤਰੀ ਨੇ ਉਪਾਸਿਕਾ ਬਣਨਾ ਹੈ ਤਾਂ ਉਹ ਖਜੁੱਤਰਾ ਅਤੇ ਵੇਲਕੁੰਡਕਿਯ ਜਿਹੀ ਉਪਾਸਿਕਾ ਬਣੇ।[50]

**3. ਪ੍ਰਚਾਰਕ ਇਸਤਰੀਆਂ:**

---

47 vhI, pNny 167-168.

48 *DMmpd,* iBKu Dm~ri@q (Anu.), myss~ KylwVIlwl, vwrwxsI, 1959, pNny 203-204.

49 *jwqk,* phlw Bwg, pNny 479-480.

50 *sNXuÁ inkwX*, phlw Bwg, pNnw 292.

ਸੰਘ ਵਿੱਚ ਪ੍ਰਵੇਸ਼ ਕਰਨ ਉਪਰੰਤ ਭਿੱਖਣੀਆਂ ਨੇ ਨਾ ਸਿਰਫ਼ ਨੈਤਿਕ ਕਦਰਾਂ ਕੀਮਤਾਂ ਵੱਲ ਧਿਆਨ ਦਿੱਤਾ ਸਗੋਂ ਉਹਨਾਂ ਨੇ ਅਧਿਆਤਮਿਕ ਵਿਕਾਸ ਕੀਤਾ ਸੀ। ਇਹਨਾਂ ਭਿੱਖਣੀਆਂ ਅਤੇ ਉਪਾਸਿਕਾਵਾਂ ਵਿੱਚੋਂ ਹੀ ਕੁੱਝ ਵੱਧ ਕੁਸ਼ਲ ਅਤੇ ਸਮਰੱਥ ਮੰਨੀਆ ਗਈਆਂ ਸਨ।

ਮਹਾਤਮਾ ਬੁੱਧ ਦੇ ਸਮੇਂ ਹੀ ਕੁੱਝ ਇਸਤਰੀਆਂ ਇਸ ਸਮਰੱਥ ਸਨ ਕਿ ਉਹ ਦੂਸਰਿਆਂ ਨੂੰ ਉਪਦੇਸ਼ ਦਿੰਦੀਆਂ, ਪ੍ਰਵ੍ਰਜਿਤ ਕਰਦੀਆਂ, ਸੰਘ ਵਿੱਚ ਰਹਿਣ ਦੇ ਕਾਇਦੇ ਕਾਨੂੰਨ ਸਿਖਾਉਂਦੀਆਂ ਅਤੇ ਅੰਦਰੂਨੀ ਸ਼ਾਂਤੀ ਪ੍ਰਾਪਤ ਕਰਨ ਦੇ ਰਾਹ ਤੋਂ ਜਾਣੂ ਵੀ ਕਰਵਾਉਂਦੀਆਂ ਸਨ। ਮਹਾਤਮਾ ਬੁੱਧ ਦੇ ਸਮੇਂ ਧਾਰਮਿਕ ਪ੍ਰਚਾਰ ਸਾਰਾ ਸਾਲ ਹੀ ਜਾਰੀ ਰਹਿੰਦਾ ਸੀ। ਨੌਂ ਮਹੀਨੇ (ਗਰਮ, ਸਰਦ, ਪਤਝੜ) ਵਿੱਚ ਪੈਦਲ ਪ੍ਰਚਾਰ ਕਰਦੇ ਹੋਏ ਹਰ ਸੰਭਵ ਥਾਂ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਪਰ ਤਿੰਨ ਮਹੀਨੇ ਵਰਖਾਵਾਸ ਸਮੇਂ ਵਿਹਾਰ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਨੂੰ ਉਪਦੇਸ਼ ਦਿੱਤਾ ਜਾਂਦਾ ਸੀ। ਉਪਦੇਸ਼ ਦਾ ਹੱਕਦਾਰ ਵੀ ਉਹ ਇਨਸਾਨ ਹੁੰਦਾ ਹੈ ਜੋ ਖ਼ੁਦ ਅੰਦਰੂਨੀ ਵਿਕਾਸ ਕਰ ਚੁੱਕਿਆ ਹੋਵੇ ਜਾਂ ਜੋ ਖ਼ੁਦ ਉਸ ਸੱਚਾਈ ਤੋਂ ਜਾਣੂ ਹੋਵੇ। ਇਹਨਾਂ ਗੁਣਾਂ ਦੇ ਕਾਬਿਲ ਹੋਣਾ ਇਸਤਰੀ ਦੀ ਮਹਾਨਤਾ ਤੋਂ ਰੂ-ਬਰੂ ਕਰਵਾਉਂਦਾ ਹੈ। ਜਿਹਨਾਂ ਨੇ ਖ਼ੁਦ ਗਿਆਨ ਪ੍ਰਾਪਤ ਕੀਤਾ ਅਤੇ ਆਪਣੇ ਸੀਮਤ ਘੇਰੇ ਵਿੱਚੋਂ ਬਾਹਰ ਨਿਕਲ ਦੂਜਿਆਂ ਦੇ ਹਿੱਤ ਲਈ ਪ੍ਰਚਾਰ ਕੀਤਾ ਸੀ। ਇਹ ਇੱਕ ਤੋਂ ਅਨੇਕਤਾ ਦੀ ਚਾਹ ਹੈ। ਮਹਾਤਮਾ ਬੁੱਧ ਅਨੁਸਾਰ ਦੂਸਰੇ ਨੂੰ ਉਪਦੇਸ਼ ਦੇਣਾ ਕੋਈ ਆਸਾਨ ਕਾਰਜ ਨਹੀਂ ਹੈ। ਦੂਸਰੇ ਨੂੰ ਉਪਦੇਸ਼ ਦੇਣ ਤੋਂ ਪਹਿਲਾ ਪੰਜ ਗੱਲਾਂ ਵਿੱਚ ਇਨਸਾਨ ਦ੍ਰਿੜ ਹੋਣਾ ਚਾਹੀਦਾ ਹੈ: 1. ਸ਼ੀਲ ਕਥਾ ਅਤੇ ਦਾਨ ਕਥਾ ਆਦਿ ਰਾਹੀਂ ਧਰਮ ਉਪਦੇਸ਼ ਦੇਣਾ। 2. ਹਰ ਕਥਨ ਦਾ ਕਾਰਨ ਪ੍ਰਗਟ ਕਰਕੇ ਉਪਦੇਸ਼ ਦੇਣਾ। 3. ਸਾਰੇ ਪ੍ਰਾਣੀਆਂ ਦੇ ਪ੍ਰਤੀ ਕਰੁਣਾ ਤੋਂ ਪ੍ਰੇਰਿਤ ਹੋਕੇ ਧਰਮ ਉਪਦੇਸ਼ ਦੇਣਾ। 4. ਬਿਨਾਂ ਕਿਸੇ ਚੀਵਰ ਜਾਂ ਵਸਤੂ ਦੇ ਲੋਭ ਤੋਂ ਧਰਮ ਉਪਦੇਸ਼ ਕਰਨਾ। 5. ਬਿਨਾਂ ਦੂਸਰੇ ਨੂੰ ਕੋਈ ਹਾਨੀ ਪਹੁੰਚਾਏ ਧਰਮ ਉਪਦੇਸ਼ ਕਰਨਾ।[51] ਇਹਨਾਂ ਗੁਣਾਂ ਦੀ ਕਾਬਲੀਅਤ ਹੀ ਮਹਾਨ ਧਰਮ ਉਪਦੇਸ਼ਕ ਬਣਾਉਂਦੀ ਹੈ। ਇਹਨਾਂ ਗੁਣਾਂ ਨੂੰ ਧਾਰਨ ਕਰਕੇ ਉਪਦੇਸ਼ ਦੇਣ ਵਾਲੀਆਂ ਇਸਤਰੀਆਂ ਦਾ ਜ਼ਿਕਰ ਬੁੱਧ ਸਾਹਿਤ ਵਿੱਚੋਂ ਪ੍ਰਾਪਤ ਹੁੰਦਾ ਹੈ। ਇਹਨਾਂ ਵਿੱਚੋਂ ਹੀ ਕੁੱਝ ਵੱਡੇ ਪੱਧਰ 'ਤੇ ਉਪਦੇਸ਼ਿਕਾ ਵਜੋਂ ਵੀ ਪ੍ਰਸਿੱਧ ਹੋਈਆਂ ਸਨ।

**ਮਹਾਪ੍ਰਜਾਪਤੀ ਗੌਤਮੀ (Mahapajapati Gotami) :** ਮਹਾਪ੍ਰਜਾਪਤੀ ਗੌਤਮੀ ਦਾ ਦੇਵਦਹ ਪਿੰਡ ਵਿੱਚ ਸ਼ਾਕਯ ਪਰਿਵਾਰ ਵਿੱਚ ਜਨਮ ਹੋਇਆ ਸੀ। ਮਹਾਮਾਇਆ ਅਤੇ ਮਹਾਪ੍ਰਜਾਪਤੀ ਦੋਨੋਂ ਭੈਣਾਂ ਸੁਪਾਬੁੱਧ (Suppabuddha) ਦੀਆਂ ਪੁੱਤਰੀਆਂ ਸਨ। ਜਵਾਨ ਹੋਣ 'ਤੇ ਇਹਨਾਂ ਦਾ ਵਿਆਹ ਰਾਜਾ ਸ਼ੁਦੋਧਨ ਨਾਲ ਹੋਇਆ ਸੀ। ਮਹਾਮਾਇਆ ਦੀ ਕੁੱਖੋਂ ਸਿਧਾਰਥ ਦਾ ਜਨਮ ਹੋਣ ਤੋਂ ਸੱਤ ਦਿਨਾਂ ਬਾਅਦ ਹੀ

---

[51] *ANguqr inkwX,* dusrw Bwg, pNnw 382.

ਉਸਦਾ ਦੇਹਾਂਤ ਹੋ ਗਿਆ ਸੀ। ਮਹਾਮਾਇਆ ਪਿਛੋਂ ਮਹਾਪ੍ਰਜਾਪਤੀ ਨੇ ਮਾਸੀ ਨਹੀਂ ਸਗੋਂ ਮਾਂ ਦੀ ਤਰ੍ਹਾਂ ਸਿਧਾਰਥ ਦਾ ਪਾਲਣ ਪੋਸ਼ਣ ਕੀਤਾ ਅਤੇ ਇਹਨਾਂ ਦੇ ਆਪਣੇ ਵੀ ਦੋ ਬੱਚੇ ਨੰਦਾ ਅਤੇ ਸੁੰਦਰੀਨੰਦਾ ਸਨ।

ਮਹਾਪ੍ਰਜਾਪਤੀ ਗੌਤਮੀ ਦੀ ਸਭ ਤੋਂ ਵੱਡੀ ਦੇਣ ਭਿੱਖਣੀ ਸੰਘ ਹੈ। ਜਿਸਨੇ ਸਮਾਜ ਦੀ ਤੰਗਦਿਲੀ ਸੋਚ ਨੂੰ ਵੰਗਾਰ ਕੇ ਇਹ ਕਦਮ ਪੁੱਟਿਆ ਸੀ। ਸਮਾਜ ਵਿੱਚ ਮਰਦਾਂ ਦੇ ਦਬਾਅ ਹੇਠ ਰਹਿ ਰਹੀ ਇਸਤਰੀ ਨੂੰ ਇਹਨਾਂ ਸੰਸਾਰਿਕ ਬੰਧਨਾਂ ਤੋਂ ਮੁਕਤ ਕਰਵਾਕੇ ਇਸਤਰੀ ਨੂੰ ਖ਼ੁਦ ਲਈ ਜੀਉਣ ਦਾ ਮੌਕਾ ਦੇਣ ਵਾਲੀ ਗੌਤਮੀ ਹੀ ਹੈ। ਥੇਰੀਗਾਥਾ ਗ੍ਰੰਥ ਵਿੱਚੋਂ ਪਤਾ ਚੱਲਦਾ ਹੈ ਕਿ ਜੋ ਇਸਤਰੀਆਂ ਸੰਸਾਰ ਵਿੱਚ ਦੁਖਮਈ ਜ਼ਿੰਦਗੀ ਬਤੀਤ ਕਰਦੀਆਂ ਸਨ ਜਾਂ ਜੋ ਸੱਚ ਦੀ ਖੋਜ ਲਈ ਸਹਾਰੇ ਦਾ ਇੰਤਜ਼ਾਰ ਕਰ ਰਹੀਆਂ ਸਨ, ਉਹਨਾਂ ਨੂੰ ਗੌਤਮੀ ਨੇ ਆਪਣੇ ਉਪਦੇਸ਼ਾਂ ਰਾਹੀਂ ਸੰਘ ਵਿੱਚ ਸ਼ਾਮਿਲ ਕੀਤਾ। ਇਸ ਸਮੇਂ ਵਿੱਚ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿ ਕੋਈ ਇਸਤਰੀ ਖ਼ੁਦ ਲਈ ਅਤੇ ਸਮੁੱਚੀ ਇਸਤਰੀ ਕੌਮ ਲਈ ਆਗੂ ਬਣ ਕੇ ਜ਼ਿੰਦਗੀ ਸੁਧਾਰਨ ਦਾ ਉਪਰਾਲਾ ਕਰ ਸਕਦੀ ਹੈ।

ਕਪਿਲਵਸਤੂ ਤੋਂ ਵੈਸ਼ਾਲੀ ਤੱਕ ਦਾ ਸਫ਼ਰ 357 ਮੀਲ, ਜੋ ਗੌਤਮੀ ਅਤੇ ਸਹਿਯੋਗੀ ਇਸਤਰੀਆਂ ਨੇ ਪੈਦਲ ਚੱਲਕੇ ਤੈਅ ਕੀਤਾ ਸੀ।[52] ਇਸਤਰੀਆਂ ਦਾ ਇਕੱਲੇ ਇੰਨੇ ਸਫ਼ਰ ਨੂੰ ਤੈਅ ਕਰਨਾ ਇੱਕ ਬਹਾਦਰੀ ਕਹਿ ਸਕਦੇ ਹਾਂ, ਕਿਉਂਕਿ ਇੱਕ ਤਾਂ ਉਹਨਾਂ ਸਮਿਆਂ ਵਿੱਚ ਇਸਤਰੀ ਹਮੇਸ਼ਾ ਮਰਦ ਦੀ ਸੁਰੱਖਿਆ ਹੇਠ ਹੀ ਰਹਿੰਦੀ ਸੀ ਅਤੇ ਦੂਸਰੇ ਪੱਖ ਤੋਂ ਰਾਜਵੰਸ਼ ਦੇ ਹੋਣ ਕਾਰਨ ਪੈਦਲ ਚੱਲਣਾ ਵੀ ਉਹਨਾਂ ਲਈ ਇੱਕ ਵੱਡੀ ਚੁਣੌਤੀ ਸੀ। ਇਸ ਸਭ ਤੋਂ ਮਹਾਪ੍ਰਜਾਪਤੀ ਗੌਤਮੀ ਦੀ ਸਵੈਨਿਰਭਰਤਾ ਅਤੇ ਇਸਤਰੀਆਂ ਲਈ ਵੱਖਰੇ ਸਮਾਜ ਸਿਰਜਣ ਦੀ ਉੱਚ ਸੋਚ ਨਜ਼ਰ ਆਉਂਦੀ ਹੈ।

ਭਿੱਖਣੀ ਰੂਪ ਵਿੱਚ ਗੌਤਮੀ ਨੇ ਕਈ ਜ਼ੁੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਸੰਘ ਦੇ ਕਾਰਜ ਦਾ ਬੀੜਾ ਵੀ ਚੁੱਕਿਆ ਸੀ। ਜਿਵੇਂ ਕਿ ਭਿੱਖਣੀਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸੁਲਝਾਉਣਾ ਅਤੇ ਉਹਨਾਂ ਨੂੰ ਸਮਝਾਉਣਾ। ਗੌਤਮੀ ਹਰ ਸਮੇਂ ਚੁਕੰਨੇ ਰਹਿ ਕੇ ਧਿਆਨ ਰੱਖਦੀ ਸੀ ਕਿ ਕਿਤੇ ਕਿਸੇ ਭਿੱਖਣੀ ਦੇ ਨਾਲ ਬੇਇਨਸਾਫ਼ੀ ਤਾਂ ਨਹੀਂ ਹੋ ਰਹੀ। ਭਿੱਖਣੀ ਸੰਘ ਤੋਂ ਕੁੱਝ ਸਮੇਂ ਬਾਅਦ ਹੀ ਭਿੱਖੂ ਭਿੱਖਣੀਆਂ ਤੋਂ ਕਈ ਕੰਮਾਂ ਵਿੱਚ ਲਾਭ ਲੈਣ ਲੱਗੇ ਜਿਵੇਂ ਕੱਪੜੇ ਧੋਣੇ, ਖਾਣਾ ਮੰਗਵਾਉਣਾ ਆਦਿ। ਭਿੱਖਣੀਆਂ ਇਹਨਾਂ ਕੰਮਾਂ ਵਿੱਚ ਲੱਗੀਆਂ ਹੋਈਆਂ ਆਪਣੇ ਸੰਘ ਵਿੱਚ ਰਹਿਣ ਦੇ ਅਸਲੀ ਫ਼ਰਜ਼ਾਂ ਤੋਂ ਦੂਰ ਜਾ ਰਹੀਆਂ ਸਨ। ਗੌਤਮੀ ਨੇ ਇੱਕ ਤਰ੍ਹਾਂ ਦਾ ਸ਼ੋਸ਼ਣ ਸਮਝਦੇ ਹੋਏ ਭਿੱਖੂਆਂ ਦੇ ਇਸ ਵਰਤਾਰੇ ਨੂੰ ਮਹਾਤਮਾ ਬੁੱਧ ਤੱਕ ਪਹੁੰਚਾਇਆ। ਮਹਾਤਮਾ ਬੁੱਧ ਨੇ ਇਸ ਸ਼ੋਸ਼ਣ ਨੂੰ ਰੋਕਣ ਲਈ ਕੁੱਝ ਨਿਯਮ ਨਿਰਧਾਰਿਤ ਕੀਤੇ ਸੀ।

---

[52] "Kapilavastu was separated from Jetavana monastery by a distance of 357 miles. She covered the didtance with her followers by foot although various chieftains and lords placed chariots at thrir disposal."
Sameer Das Gupta, *Women in Buddhist Tradition*, Cyber Tech Publications, New Delhi, 2009, p. 56.

ਮਹਾਪ੍ਰਜਾਪਤੀ ਗੌਤਮੀ ਹਮੇਸ਼ਾ ਆਪਣੇ ਸਫਲ ਕਾਰਜਾਂ, ਅੰਦਰੂਨੀ ਹੌਸਲੇ ਅਤੇ ਗਿਆਨਵਾਨ ਹੋਣ ਨਾਤੇ ਲੋਕਾਂ ਵਿੱਚ ਹਰਮਨ ਪਿਆਰੀ ਰਹੀ ਸੀ। ਇੱਥੋਂ ਤੱਕ ਕਿ ਮਹਾਤਮਾ ਬੁੱਧ ਵੀ ਉਸ ਤੋਂ ਖ਼ੁਸ਼ ਹੋ ਕੇ ਉਸਨੂੰ ਗਿਆਨ ਦੀ ਜਾਣਕਾਰੀ ਵਿੱਚ ਸ੍ਰੇਸ਼ਠ ਮੰਨਦੇ ਸਨ।[53] ਇਹ ਸਤਿਕਾਰ ਗੌਤਮੀ ਨੂੰ ਉਹਨਾਂ ਦੀ ਮਾਸੀ ਹੋਣ ਕਾਰਨ ਨਹੀਂ ਬਲਕਿ ਇੱਕ ਕਾਬਲ ਇਸਤਰੀ ਵਜੋਂ ਮਿਲਿਆ ਸੀ। ਕਈ ਉਦਾਹਰਨਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਤਮਾ ਬੁੱਧ ਸਾਰੀਆਂ ਭਿੱਖਣੀਆਂ ਨੂੰ ਬਰਾਬਰ ਮੰਨਦੇ ਸਨ, ਜੋ ਜਿਸ ਦੇ ਸਮਰੱਥ ਹੁੰਦੀ ਉਸਨੂੰ ਉਹ ਆਦਰ ਸਨਮਾਨ ਜ਼ਰੂਰ ਮਿਲਦਾ ਸੀ। ਇੱਕ ਵਾਰ ਗੌਤਮੀ ਨੇ ਚੋਗਾ ਬਣਾਕੇ ਮਹਾਤਮਾ ਬੁੱਧ ਨੂੰ ਦੇਣਾ ਚਾਹਿਆ ਪਰ ਬੁੱਧ ਨੇ ਸਾਫ਼ ਇਨਕਾਰ ਕਰਕੇ ਸੰਘ ਨੂੰ ਦੇਣ ਬਾਰੇ ਕਿਹਾ ਸੀ। ਗੌਤਮੀ ਦੇ ਬੀਮਾਰ ਹੋਣ 'ਤੇ ਮਹਾਤਮਾ ਬੁੱਧ ਨੇ ਖ਼ੁਦ ਉਹਨਾਂ ਦੇ ਕਮਰੇ ਵਿੱਚ ਜਾਕੇ ਉਪਦੇਸ਼ ਦੇਣ ਤੋਂ ਕੋਈ ਸੰਕੋਚ ਨਹੀਂ ਕੀਤਾ ਸੀ। ਮਹਾਪ੍ਰਜਾਪਤੀ ਗੌਤਮੀ ਹੀ ਉਹ ਇਸਤਰੀ ਹੈ ਜੋ ਬੁੱਧ ਧਰਮ ਅਨੁਸਾਰ ਹਮੇਸ਼ਾ ਜ਼ਿੰਦਾ ਮੰਨੀ ਜਾਂਦੀ ਹੈ। ਮਹਾਪ੍ਰਜਾਪਤੀ ਗੌਤਮੀ ਦੀ ਅਰਥੀ ਨੂੰ ਚਾਰ ਸਤਿਕਾਰਯੋਗ ਭਿੱਖੂਆਂ ਦੁਆਰਾ ਸਹਾਰਾ ਦਿੱਤਾ ਗਿਆ ਅਤੇ ਮਹਾਤਮਾ ਬੁੱਧ ਖ਼ੁਦ ਅਰਥੀ ਦੇ ਪਿੱਛੇ ਪਿੱਛੇ ਹੱਥ ਨਾਲ ਸਹਾਰਾ ਦਿੰਦੇ ਗਏ ਸਨ।[54] ਇਸ ਤੋਂ ਪ੍ਰਗਟ ਹੁੰਦਾ ਹੈ ਕਿ ਗੌਤਮੀ ਦੀ ਮਹਾਤਮਾ ਬੁੱਧ ਉੱਪਰ ਚੰਗੀ ਛਾਪ ਸੀ ਅਤੇ ਉਹ ਦਿਲੋਂ ਉਸ ਦਾ ਸਤਿਕਾਰ ਵੀ ਕਰਦੇ ਸਨ। ਬੁੱਧ ਧਰਮ ਦੇ ਵਿਕਾਸ ਵਿੱਚ ਗੌਤਮੀ ਦਾ ਉਪਦੇਸ਼ਿਕਾ ਅਤੇ ਸੁਧਾਰਕ ਦੇ ਰੂਪ ਵਿੱਚ ਵੱਡਾ ਯੋਗਦਾਨ ਹੈ।

**ਧੱਮਦਿੱਨਾ (Dhammadinna) :** ਧੱਮਦਿੱਨਾ ਉਹ ਭਿੱਖਣੀ ਸੀ, ਜਿਸਨੂੰ ਮਹਾਨ ਉਪਦੇਸ਼ਿਕਾ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਧੱਮਦਿੱਨਾ ਰਾਜਗ੍ਰਹਿ ਵਿਖੇ ਜਨਮੀ ਅਤੇ ਜਵਾਨ ਹੋਣ 'ਤੇ ਇੱਕ ਮਸ਼ਹੂਰ ਵਪਾਰੀ ਵਿਸਾਖ ਦੀ ਪਤਨੀ ਬਣੀ ਸੀ। ਵਿਸਾਖ ਗ੍ਰਹਿਸਤ ਜੀਵਨ ਵਿੱਚ ਵਿਚਰਦਾ ਹੋਇਆ ਬੁੱਧ ਧਰਮ ਦਾ ਉਪਾਸਕ ਸੀ। ਵਿਸਾਖ ਜਲਦ ਹੀ ਮਹਾਤਮਾ ਬੁੱਧ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਕੇ, ਦੁਨਿਆਵੀ ਮੋਹ ਮਾਇਆ ਤਿਆਗ ਕੇ ਭਿੱਖੂ ਬਣ ਗਿਆ ਅਤੇ ਧੱਮਦਿੱਨਾ ਵੀ ਇੱਛਾ ਅਨੁਸਾਰ ਭਿੱਖਣੀ ਬਣੀ। ਉਸਨੇ ਅਨੰਦਮਈ ਰਾਹ ਤੇ ਚੱਲਕੇ ਜਲਦ ਹੀ ਅਰਹੰਤ ਦੀ ਪ੍ਰਾਪਤੀ ਕਰ ਲਈ ਸੀ। ਥੇਰੀਗਾਥਾ ਵਿੱਚੋਂ ਧੱਮਦਿੱਨਾ ਦੇ ਸਾਰੀਆਂ ਕਾਮਨਾਵਾਂ ਤੋਂ ਮੁਕਤ ਹੋਣ ਅਤੇ ਮਨ ਦੇ ਪੂਰਨ ਰੂਪ ਵਿੱਚ ਸ਼ੁੱਧ ਹੋਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਧੱਮਦਿੱਨਾ ਦਾ ਕਹਿਣਾ ਸੀ ਕਿ ਉਸਦਾ ਮਨ ਇਹਨਾਂ ਦੁਨਿਆਵੀ ਕਾਮਭੋਗਾਂ ਵੱਲ ਆਕਰਸ਼ਿਤ ਨਹੀਂ

---

53 *ANguqr inkwX*, phlw Bwg, pNnw 24.

54 "Text says that when bhikkhuni Mahapajapati- the woman who had been the Buddha's stepmother and was the first bhikkhuni, according to the scriptures- died, a great funeral was held for her. The four most venerable monks carried her bier, and the Buddha himself walked beside it with his hand on it. In the Buddhist tradition, she is the one of the most venerable nuns who ever lived."
Nancy J.Barnes, 'The Nuns at the Stupa: Inscriptional Evidence for the Lives and Activities of Early Buddhist Nuns in India', *Women's Buddhism Buddhism's Women*, Ellison Banks Findly (ed.), Wisdom Publication, Boston, 2000, p. 27.

ਹੋਵੇਗਾ।[55] ਕੁੱਝ ਸਮੇਂ ਪਿਛੋਂ ਰਾਜਗ੍ਰਹਿ ਆਉਣ ਤੇ ਵਿਸਾਖ ਨੇ ਧੱਮਦਿੱਨਾ ਨੂੰ ਕੁੱਝ ਸਵਾਲ ਪੁੱਛੇ ਸਨ। ਧੱਮਦਿੱਨਾ ਨੇ ਗਿਆਨਵਾਨ ਹੋਣ ਕਾਰਨ ਬੜੀ ਸੂਝ ਨਾਲ ਇੱਕ ਤੋਂ ਬਾਅਦ ਇੱਕ ਸਵਾਲਾਂ ਦੇ ਜਵਾਬ ਦਿੱਤੇ ਸਨ। ਵਿਸਾਖ ਨੇ ਇਹਨਾਂ ਸਾਰੇ ਸਵਾਲਾਂ ਜਵਾਬਾਂ ਦਾ ਜ਼ਿਕਰ ਮਹਾਤਮਾ ਬੁੱਧ ਨਾਲ ਕੀਤਾ। 'ਵਿਸਾਖ ਦੁਆਰਾ ਮਹਾਤਮਾ ਬੁੱਧ ਨੂੰ ਦੱਸਣ ਤੇ ਮਹਾਤਮਾ ਬੁੱਧ ਨੇ ਉਪਾਸਕ ਵਿਸਾਖ ਨੂੰ ਕਿਹਾ, ਵਿਸਾਖ ! ਧੱਮਦਿੱਨਾ ਭਿੱਖਣੀ ਪੰਡਿਤਾ ਹੈ। ਵਿਸਾਖ! ਧੱਮਦਿੱਨਾ ਭਿੱਖਣੀ ਮਹਾਪ੍ਰਗਿਆ ਹੈ। ਵਿਸਾਖ ਜੇਕਰ ਤੂੰ ਮੈਨੂੰ ਇਹ ਸਵਾਲ ਪੁੱਛਦਾ ਤਾਂ ਮੈਂ ਵੀ ਇਹ ਹੀ ਜਵਾਬ ਦਿੰਦਾ ਜੋ ਧੱਮਦਿੱਨਾ ਨੇ ਦਿੱਤੇ ਹਨ। ਇਸ ਦਾ ਇਹੀ ਅਰਥ ਹੈ, ਇਸ ਤਰ੍ਹਾਂ ਹੀ ਇਸਨੂੰ ਧਾਰਨ ਕਰੋ।'[56]

ਧੱਮਦਿੱਨਾ ਭਿੱਖਣੀ ਗਿਆਨਵਾਨ ਅਤੇ ਚੰਗੀ ਹਾਜ਼ਰ-ਜਵਾਬ ਸੀ। ਸੰਘ ਵਿੱਚ ਪ੍ਰਵੇਸ਼ ਕਰਨ ਸਮੇਂ ਧੱਮਦਿੱਨਾ ਦੇ ਨਾਲ ਹੀ ਹੋਰ 13 ਇਸਤਰੀਆਂ ਨੇ ਵੀ ਘਰ ਤਿਆਗੇ ਸਨ, ਪਰ ਉਹਨਾਂ ਸਭ ਵਿੱਚੋਂ ਮਹਾਨ ਉਪਦੇਸ਼ਿਕਾ ਧੱਮਦਿੱਨਾ ਹੀ ਪ੍ਰਸਿੱਧ ਹੋਈ ਸੀ। ਧੱਮਦਿੱਨਾ ਪ੍ਰਚਾਰ ਕਰਨ ਸਮੇਂ ਮਹਾਤਮਾ ਬੁੱਧ ਦੁਆਰਾ ਦਿੱਤੀਆਂ ਮੁੱਖ ਸਿੱਖਿਆਵਾਂ ਉੱਪਰ ਜ਼ੋਰ ਦਿੰਦੀ ਜਿਵੇਂ ਮੋਹ ਮਾਇਆ ਦਾ ਤਿਆਗ, ਸਰੀਰ ਦੇ ਅਸਲੀ ਪੱਖ ਨੂੰ ਸਮਝਣਾ, ਮਨ ਦੀ ਇਕਾਗਰਤਾ, ਅਸ਼ਟਾਂਗ ਮਾਰਗ ਅਤੇ ਪ੍ਰਤੱਖ ਗਿਆਨ ਦੀ ਪ੍ਰਾਪਤੀ ਆਦਿ। ਧੱਮਦਿੱਨਾ ਦੀ ਮਹਾਨਤਾ ਦਾ ਵਰਣਨ ਕਰਦੇ ਹੋਏ ਮਹਾਤਮਾ ਬੁੱਧ ਨੇ ਖ਼ੁਦ ਉਸਨੂੰ ਸਭ ਤੋਂ ਮਹਾਨ ਉਪਦੇਸ਼ਿਕਾ ਹੋਣ ਦਾ ਤਾਜ ਬਖ਼ਸ਼ਿਆ ਸੀ।[57]

**ਸੁੱਕਾ (sukka) :** ਸੁੱਕਾ ਦਾ ਜਨਮ ਰਾਜਗ੍ਰਹਿ ਵਿਖੇ ਅਮੀਰ ਪਰਿਵਾਰ ਵਿੱਚ ਹੋਇਆ ਸੀ। ਮਹਾਤਮਾ ਬੁੱਧ ਦੇ ਰਾਜਗ੍ਰਹਿ ਵਿਖੇ ਆਉਣ ਤੇ ਸੁੱਕਾ ਉਹਨਾਂ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਕੇ ਉਪਾਸਿਕਾ ਬਣੀ ਸੀ। ਕੁੱਝ ਸਮੇਂ ਪਿੱਛੋਂ ਧੱਮਦਿੱਨਾ ਦੇ ਪ੍ਰਚਾਰ ਨੂੰ ਸੁਣ ਕੇ ਸੁੱਕਾ ਸੰਘ ਵਿੱਚ ਪ੍ਰਵੇਸ਼ ਕਰ ਕੇ ਭਿੱਖਣੀ ਬਣ ਗਈ ਸੀ। ਸੁੱਕਾ ਨੇ ਆਪਣੇ ਅੰਦਰ ਦੇ ਸੱਚ ਨੂੰ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਅਤੇ ਜਲਦ ਹੀ ਇਸ ਸਭ ਤੋਂ ਜਾਣੂ ਹੋਕੇ ਅਰਹੰਤ ਦੀ ਪ੍ਰਾਪਤੀ ਕਰ ਲਈ ਸੀ। ਸੁੱਕਾ ਘਰ ਵਿੱਚ ਰਹਿੰਦੇ ਹੋਏ ਹੀ, ਉਪਾਸਿਕ ਰੂਪ ਵਿੱਚ ਕਾਫ਼ੀ ਗਿਆਨਵਾਨ ਹੋ ਚੁੱਕੀ ਸੀ।

ਕੁੱਝ ਸਮੇਂ ਬਾਅਦ ਸੁੱਕਾ ਮਹਾਨ ਉਪਦੇਸ਼ਿਕਾ ਦੇ ਰੂਪ ਵਿੱਚ ਪ੍ਰਸਿੱਧ ਹੋਈ ਅਤੇ ਪੰਜ ਸੋ ਭਿੱਖਣੀਆਂ ਦੀ ਮੁਖੀ ਬਣ ਗਈ ਸੀ। ਸੁੱਕਾ ਨੇ ਕਈ ਵਾਰ ਦੂਸਰੇ ਵਿਹਾਰਾਂ ਵਿੱਚ ਜਾਕੇ ਬੁੱਧ ਧਰਮ ਦੇ ਸਿਧਾਤਾਂ ਦਾ ਪ੍ਰਚਾਰ ਵੀ ਕੀਤਾ ਸੀ। ਸੁੱਕਾ ਦੇ ਪ੍ਰਚਾਰ ਨੂੰ ਲੋਕ ਬੜੀ ਦਿਲਚਸਪੀ ਨਾਲ ਸੁਣਦੇ ਸਨ। ਉਸ ਨੇ ਆਪਣੇ ਪ੍ਰਚਾਰ ਰਾਹੀਂ ਹੋਰ ਬਹੁਤ ਸਾਰੀਆਂ ਇਸਤਰੀਆਂ ਨੂੰ ਜ਼ਿੰਦਗੀ ਦੇ ਅਸਲੀ ਪੜਾਅ ਬਾਰੇ ਸਮਝਾਇਆ ਅਤੇ

---

[55] *QyrIgwQwpwil*,pNnw 236.

[56] *miÈJm inkwX,* rwhul swN™ËXwXn (Anu.), mhwboiD sBw, vwrwxsI, i¿iÁX s<ákrx, 1964, pNnw 185.

[57] *ANguqr inkwX*, phlw Bwg, pNnw 25.

ਉਹਨਾਂ ਨੂੰ ਆਪਣੇ ਮਨੋਰਥ ਪਾਉਣ ਵਿੱਚ ਪੱਕਿਆ ਵੀ ਕੀਤਾ ਸੀ। ਕਿਹਾ ਜਾਂਦਾ ਹੈ ਕਿ ਸੁੱਕਾ ਦੀ ਇੰਨੀ ਪ੍ਰਸੰਸਾ ਸੀ ਕਿ ਲੋਕੀ ਉਸ ਦਾ ਉਪਦੇਸ਼ ਸੁਣਨ ਲਈ ਉਤਸੁੱਕ ਰਹਿੰਦੇ ਸਨ। ਇੱਕ ਵਾਰ ਮਹਾਤਮਾ ਬੁੱਧ ਰਾਜਗ੍ਰਹਿ ਦੇ ਵੇਲੁਵਨ ਵਿੱਖੇ ਵਿਹਾਰ ਕਰ ਰਹੇ ਸੀ। ਉਸ ਸਮੇਂ ਸੁੱਕਾ ਦੁਆਰਾ ਵੱਡੀ ਸਭਾ ਵਿੱਚ ਧਰਮ ਦਾ ਉਪਦੇਸ਼ ਕਰਨ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਸਭਾ ਵਿੱਚ ਬੈਠੇ ਲੋਕਾਂ ਦਾ ਵਿਚਾਰ ਸੀ ਕਿ ਸੁੱਕਾ ਉਹਨਾਂ ਨੂੰ ਮਿੱਠੀ ਸ਼ਰਾਬ ਪੀਣ ਨੂੰ ਦੇ ਰਹੀ ਹੋਵੇ। ਇਸ ਅੰਮ੍ਰਿਤ ਰੂਪੀ ਉਪਦੇਸ਼ ਲਈ ਬੁੱਧੀਮਾਨ ਲੋਕੀ ਉਸ ਤਰ੍ਹਾਂ ਉਤਸੁੱਕ ਰਹਿੰਦੇ ਸਨ ਜਿਵੇਂ ਪਪੀਹੇ ਬੱਦਲਾਂ ਦੇ ਲਈ।[58] ਸੁੱਕਾ ਇੱਕ ਉੱਘੇ ਰੂਪ ਵਿੱਚ ਉਪਦੇਸ਼ਿਕਾ ਬਣੀ ਸੀ। ਸੁੱਕਾ ਨੂੰ ਸੁਣਨ ਲਈ ਹਰ ਕੋਈ ਮੌਕੇ ਦਾ ਇੰਤਜ਼ਾਰ ਕਰਦਾ ਅਤੇ ਉਸਨੂੰ ਸੁਣਦਾ ਹੋਇਆ ਮਗਨ, ਸਥਿਰ, ਇਕਾਗਰ ਹੋ ਉੱਠਦਾ ਸੀ।

**ਖੇਮਾ (Khema) :** ਹੈਲਮੁਥ ਹੈਕਰ (Hellmuth Hecker) ਖੇਮਾ ਸ਼ਬਦ ਦਾ ਭਾਵ ਸਥਿਰ, ਅਡੋਲ, ਕੁਸ਼ਲ ਤੋਂ ਲੈਂਦੇ ਹਨ ਅਤੇ ਖੇਮਾ ਸ਼ਬਦ ਨੂੰ ਨਿਰਵਾਣ ਦਾ ਸਮਾਨਅਰਥੀ ਸ਼ਬਦ ਵੀ ਕਹਿੰਦੇ ਹਨ।[59] ਖੇਮਾ ਸ਼ਬਦ ਹੀ ਇਸ ਇਸਤਰੀ ਦੀ ਬੁੱਧ ਧਰਮ ਵਿੱਚ ਮਹਾਨਤਾ ਤੋਂ ਜਾਣੂ ਕਰਵਾ ਰਿਹਾ ਹੈ।

ਖੇਮਾ ਸਾਗਲ ਰਾਜ ਦੀ ਰਾਜਕੁਮਾਰੀ ਜੋ ਬਹੁਤ ਹੀ ਸੁੰਦਰ ਸੀ। ਇਹ ਮਗਧ ਦੇ ਰਾਜਾ ਬਿੰਬੀਸਾਰ ਦੀ ਪਤਨੀ ਬਣੀ ਸੀ। ਰਾਜਾ ਬਿੰਬੀਸਾਰ ਬੁੱਧ ਧਰਮ ਦਾ ਮੁੱਖ ਅਨੁਯਾਈ ਸੀ, ਪਰ ਖੇਮਾ ਦੇ ਦਿਲ ਵਿੱਚ ਬੁੱਧ ਧਰਮ ਪ੍ਰਤੀ ਕੋਈ ਵਿਚਾਰ ਨਹੀਂ ਸੀ। ਰਾਜਾ ਬਿੰਬੀਸਾਰ ਦੇ ਪੁਰਜ਼ੋਰ ਯਤਨਾਂ ਰਾਹੀਂ ਖੇਮਾ ਪਹਿਲੀ ਵਾਰ ਮਹਾਤਮਾ ਬੁੱਧ ਕੋਲ ਵੇਲੁਵਨ ਵਿਹਾਰ ਵਿਖੇ ਪਹੁੰਚੀ। ਮਹਾਤਮਾ ਬੁੱਧ ਨੇ ਖੇਮਾ ਨੂੰ ਉਸ ਦੀ ਸੁੰਦਰਤਾ ’ਤੇ ਮਾਣ ਹੋਣ ਦਾ ਇੱਕ ਧੁੰਧਲਾ ਜਿਹਾ ਅਕਸ ਦਿਖਾਇਆ। ਉਸ ਅਕਸ ਵਿੱਚ ਬਹੁਤ ਸੁੰਦਰ ਇਸਤਰੀ ਦਾ ਰੂਪ ਨਜ਼ਰ ਆਇਆ, ਦੇਖਦੇ ਹੀ ਦੇਖਦੇ ਉਹ ਸੁੰਦਰ ਇਸਤਰੀ ਅੱਧਖੜ ਰੂਪ ਵਿੱਚ, ਬੁੱਢੀ ਉਮਰ, ਦੰਦ ਟੁੱਟ ਗਏ, ਬਾਲ ਸਫੇਦ, ਝੁਰੜੀਆਂ ਵਾਲਾ ਚਿਹਰਾ ਅਤੇ ਅਖੀਰ ਵਿੱਚ ਧਰਤੀ ਤੇ ਗਿਰ ਗਈ। ਇਸ ਸਭ ਤੋਂ ਰਾਣੀ ਖੇਮਾ ਨੂੰ ਸਮਝ ਆ ਗਿਆ ਕਿ ਇਹ ਸਰੀਰ ਕੁੱਝ ਵੀ ਨਹੀਂ, ਇਹ ਸਿਰਫ਼ ਮਿੱਟੀ ਹੈ। ਮਹਾਤਮਾ ਬੁੱਧ ਨੇ ਉਸਨੂੰ ਸਮਝਾਇਆ ਕਿ ਇਹ ਸੰਸਾਰਿਕ ਮੋਹ ਮਾਇਆ ਦੁੱਖਾਂ ਦਾ ਕਾਰਨ ਹੈ, ਇਹਨਾਂ ਝੂਠੇ ਬੰਧਨਾਂ ਤੋਂ ਮੁਕਤ ਹੋਣ ਦੀ ਜ਼ਰੂਰਤ ਹੈ। ਇਹ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਖੇਮਾ ਨੇ ਘਰ ਵਿੱਚ ਰਹਿੰਦਿਆਂ ਹੀ ਅੰਦਰੂਨੀ ਵਿਕਾਸ ਵੱਲ ਧਿਆਨ ਦਿੱਤਾ ਸੀ। ਖੇਮਾ ਉਹ ਇਸਤਰੀ ਹੈ, “ਜਿਸਨੇ ਗ੍ਰਹਿਸਤੀ ਜੀਵਨ ਨੂੰ

---

58 sNXuÁ inkwX, phlw Bwg, pNnw 169.

59 “The name Khema means well-settled or composed or security and is synonym for Nibbana. ” Hellmuth Hecker, *Buddhist Women at the Time of the Buddha,* Buddhist Publication Society, Sri Lanka, 1994, p.15.

ਤਿਆਗਣ ਤੋਂ ਪਹਿਲਾਂ ਹੀ ਸੰਪੂਰਨ ਬੋਧੀ ਪ੍ਰਾਪਤ ਕਰ ਲਈ ਸੀ।"[60] ਰਾਜਾ ਬਿੰਬੀਸਾਰ ਦੀ ਆਗਿਆ ਨਾਲ ਖੇਮਾ ਸੰਘ ਵਿੱਚ ਸ਼ਾਮਿਲ ਹੋਈ ਸੀ। ਖੇਮਾ ਥੇਰੀਗਾਥਾ ਵਿੱਚ ਆਪਣੇ ਮਨ ਦੀ ਹਾਲਤ ਨੂੰ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ ਮੈਂ ਮਹਾਤਮਾ ਬੁੱਧ ਅਨੁਸਾਰ ਧਰਮ ਅਨੁਸ਼ਾਸਨ ਵਿੱਚ ਜੀਵਨ ਨਿਰਬਾਹ ਕਰਦੀ ਹੋਈ ਸਾਰੇ ਦੁੱਖਾਂ ਤੋਂ ਮੁਕਤ ਹੋ ਸਕੀ।[61]

ਖੇਮਾ ਧਰਮ ਦਾ ਬਹੁਤ ਹੀ ਗਹਿਰਾ ਗਿਆਨ ਰੱਖਣ ਵਾਲੀ ਇਸਤਰੀ ਸੀ, ਉਸ ਦਾ ਲੋਕਾਂ ਦੇ ਦਿਲਾਂ ਵਿੱਚ ਅਤੇ ਮਹਾਤਮਾ ਬੁੱਧ ਦੇ ਦਿਲ ਵਿੱਚ ਚੰਗਾ ਸਨਮਾਨ ਸੀ। ਜਿਸ ਦੀ ਉਦਾਹਰਨ ਸੰਯੁੱਕਤ ਨਿਕਾਯ ਵਿੱਚੋਂ ਮਿਲਦੀ ਹੈ, ਮਹਾਤਮਾ ਬੁੱਧ ਦਾ ਵਿਚਾਰ ਸੀ ਕਿ ਜੇਕਰ ਕਿਸੇ ਲੜਕੀ ਨੇ ਪ੍ਰਵ੍ਰਜਿਤ ਹੋਣਾ ਹੋਵੇ ਤਾਂ ਉਹ ਭਿੱਖਣੀ ਖੇਮਾ ਅਤੇ ਉਤਪਲਵਰਣਾ ਜਿਹੀ ਸਿੱਧ ਹੋਵੇ।[62] ਇਹ ਵੀ ਕਿਹਾ ਜਾ ਸਕਦਾ ਹੈ ਕਿ ਮਹਾਤਮਾ ਬੁੱਧ ਗਿਆਨਵਾਨ ਇਸਤਰੀਆਂ ਦੇ ਸੰਘ ਵਿੱਚ ਆਉਣ ਤੋਂ ਖ਼ੁਸ਼ ਸਨ। ਇਥੋਂ ਤੱਕ ਕਿ ਮਹਾਤਮਾ ਬੁੱਧ ਅਨੁਸਾਰ ਖੇਮਾ ਮਹਾਪ੍ਰਗਿਆਵਾਨ ਅਤੇ ਮਾਰਗ ਕੁਮਾਰਗ ਦੀ ਚੰਗੀ ਜਾਣਕਾਰ ਸੀ।[63]

ਖੇਮਾ ਨੇ ਆਪਣੇ ਉਪਦੇਸ਼ ਰਾਹੀਂ ਬਹੁਤ ਜ਼ਿੰਦਗੀਆਂ ਦਾ ਪਾਰ ਉਤਾਰਾ ਕੀਤਾ ਸੀ। ਬਹੁਤ ਇਸਤਰੀਆਂ ਖੇਮਾ ਦੇ ਉਪਦੇਸ਼ ਰਾਹੀਂ ਸੰਘ ਵਿੱਚ ਵੀ ਸ਼ਾਮਿਲ ਹੋਈਆਂ ਅਤੇ ਕਈਆਂ ਨੇ ਘਰ ਵਿੱਚ ਰਹਿਕੇ ਉਪਾਸਿਕਾ ਵਜੋਂ ਵੀ ਧਰਮ ਦੇ ਵਿਕਾਸ ਵਿੱਚ ਸਹਿਯੋਗ ਦਿੱਤਾ ਸੀ। ਉਸ ਸਮੇਂ ਲੋਕਾਂ ਦਾ ਕਹਿਣਾ ਸੀ ਕਿ ਖੇਮਾ ਇੱਕ ਰਿਸ਼ਿਕਾ ਹੈ, ਜੋ ਗੁਣਾਂ ਦੀ ਖਾਨ, ਸੁਲਝੇ ਵਿੱਚਾਰਾਂ ਵਾਲੀ, ਵਿਦਵਾਨ, ਮਸ਼ਹੂਰ ਵਾਰਤਾਕਾਰ ਅਤੇ ਚੰਗੀ ਹਾਜ਼ਰ-ਜਵਾਬ ਹੈ।[64] ਇੱਕ ਮਸ਼ਹੂਰ ਉਪਦੇਸ਼ਿਕਾ ਹੋਣ ਕਾਰਨ ਹੀ ਰਾਜਾ ਪਸੇਨਦਿ ਨੇ ਉਸ ਨੂੰ ਕੁੱਝ ਸਵਾਲ ਕੀਤੇ, ਖੇਮਾ ਨੇ ਇੱਕ ਚੰਗੀ ਵਾਰਤਾਕਾਰ, ਗਿਆਨਵਾਨ ਹੋਣ ਕਾਰਨ ਜਲਦ ਹੀ ਸਾਰੇ ਸਵਾਲਾਂ ਦੇ ਜਵਾਬ ਦੇ ਦਿੱਤੇ ਸਨ। ਰਾਜਾ ਪਸੇਨਦਿ ਦੁਆਰਾ ਇਹੀ ਸਵਾਲ ਜਦੋਂ ਮਹਾਤਮਾ ਬੁੱਧ ਤੋਂ ਪੁੱਛਣ ਤੇ ਉਹੋ ਜਿਹੇ ਜਵਾਬ ਮਿਲੇ ਤਾਂ ਉਸਨੇ ਮਹਿਸੂਸ ਕੀਤਾ ਕਿ ਖੇਮਾ ਦੀ ਬੁੱਧੀਮਤਾ ਦਾ ਜ਼ਿਕਰ ਬੇਫ਼ਾਲਤੂ ਨਹੀਂ ਸਗੋਂ ਅਮਲੀ

---

60 ਕਰਮ ਤੇਜ ਸਿੰਘ ਸਰਾਓ, *ਪ੍ਰਾਚੀਨ ਬੁੱਧ ਧਰਮ ਉਦਭਵ, ਸੁਭਾਅ ਅਤੇ ਪਤਨ*, ਪੰਨਾ 101.

61 *QyrIgwQwpwil*,pNnw 261.

62 *sNXuÁ inkwX*, phlw Bwg, pNny 292-293.

63 *ANguqr inkwX*, phlw Bwg, pNnw 24.

64 "a lovely rumour has gone abroad, that she is sage, accomplished, shrewd, widely learned, a brilliant talker of goodly ready wit."
I.B. Horner, *Women under Primitive Buddhism: Laywomen and Almswomen,* Oriental Publisher and Distributors, Delhi, 1975, p.169.

ਹੈ।[65] ਖੇਮਾ ਵਰਗੀਆਂ ਮਹਾਨ ਇਸਤਰੀਆਂ ਦੇ ਨਾਲ ਹੀ ਬੁੱਧ ਧਰਮ ਵਿੱਚ ਇਸਤਰੀ ਦੀ ਬੁੱਧੀਮਤਾ, ਸਮਝਦਾਰੀ ਦੀ ਕਦਰ ਹੋਈ ਹੈ।

**ਪਟਾਚਾਰਾ (Patacara) :** ਪਟਾਚਾਰਾ ਨੇ ਸ਼੍ਰਾਵਸਤੀ ਦੇ ਅਮੀਰ ਵਪਾਰੀ ਦੇ ਘਰ ਜਨਮ ਲਿਆ ਸੀ। ਪਟਾਚਾਰਾ ਨੇ ਜਵਾਨ ਹੋਣ 'ਤੇ ਆਪਣੇ ਪ੍ਰੇਮੀ ਨਾਲ ਘਰ ਛੱਡ ਕੇ ਦੂਰ ਕਿਤੇ ਜਾਕੇ ਰਹਿਣ ਵਸੇਬਾ ਕੀਤਾ ਅਤੇ ਉਹਨਾਂ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ ਸੀ। ਦੂਸਰੇ ਬੱਚੇ ਦੇ ਜਨਮ ਸਮੇਂ ਪਟਾਚਾਰਾ ਨੇ ਘਰ ਵਾਪਿਸ ਜਾਣ ਦੀ ਇੱਛਾ ਕੀਤੀ ਪਰ ਰਸਤੇ ਵਿੱਚ ਆਉਂਦਿਆਂ ਭਿਆਨਕ ਤੂਫ਼ਾਨ ਨੇ ਪਟਾਚਾਰਾ ਦੀ ਜ਼ਿੰਦਗੀ ਵਿੱਚ ਹੀ ਤੂਫ਼ਾਨ ਲਿਆ ਦਿੱਤਾ ਸੀ। ਪਹਿਲਾਂ ਪਤੀ ਦੀ ਮੌਤ, ਫਿਰ ਅਚਰਵਤੀ ਦਰਿਆ ਪਾਰ ਕਰਨ ਸਮੇਂ ਦੋਵੇਂ ਬੱਚਿਆਂ ਨੂੰ ਖੋਣਾ, ਅਤੇ ਅਗਿਉਂ ਜਦੋਂ ਉਹ ਰੋਂਦੀ ਹੋਈ, ਮਾਂ ਬਾਪ ਦਾ ਆਸਰਾ ਤੱਕਦੀ ਸ਼੍ਰਾਵਸਤੀ ਵਿਖੇ ਪਹੁੰਚੀ ਤਾਂ ਉਸਨੇ ਸੁਣਿਆ ਕਿ ਰਾਤ ਦੇ ਤੂਫ਼ਾਨ ਵਿੱਚ ਉਸਦਾ ਸਾਰਾ ਪਰਿਵਾਰ ਵੀ ਚੱਲ ਵਸਿਆ। ਇਹ ਸਭ ਹੋਣ 'ਤੇ ਪਟਾਚਾਰਾ ਆਪਣਾ ਮਾਨਸਿਕ ਸੰਤੁਲਨ ਗਵਾ ਬੈਠੀ ਸੀ। ਉਸਨੇ ਆਪਣੇ ਕੱਪੜੇ ਫਾੜ ਕੇ ਸੁਟ ਦਿੱਤੇ। ਉਹ ਗ਼ਲੀ-ਗ਼ਲੀ ਘੁੰਮਦੀ ਹੋਈ ਵੈਣ-ਕੀਰਨੇ ਪਾਉਂਦੀ ਰਹਿੰਦੀ ਅਤੇ ਲੋਕ ਉਸਨੂੰ ਪਾਗਲ ਸਮਝਕੇ ਦੁਰਕਾਰਦੇ ਸਨ।

ਸ਼੍ਰਾਵਸਤੀ ਵਿਖੇ ਹੀ ਇੱਕ ਦਿਨ ਮਹਾਤਮਾ ਬੁੱਧ ਦੇ ਉਪਦੇਸ਼ਾਂ ਨੂੰ ਸੁਣਕੇ, ਪਟਾਚਾਰਾ ਨੇ ਹੋਸ਼ ਸੰਭਾਲਿਆ। ਉਸਨੇ ਸਮਝਿਆ ਕਿ ਮਾਂ-ਬਾਪ, ਪਤੀ, ਬੱਚੇ ਸਭ ਦੁਨਿਆਵੀ ਪਿਆਰ ਦੁੱਖਾਂ ਦਾ ਕਾਰਨ ਹੀ ਬਣਦੇ ਹਨ। ਸੱਚ ਦੇ ਗਿਆਨ ਤੋਂ ਬਿਨਾਂ ਦੁਨਿਆਵੀ ਪਿਆਰ ਦੁੱਖ ਹੀ ਦਿੰਦਾ ਹੈ। ਇਹਨਾਂ ਦੁੱਖਾਂ ਤੋਂ ਮੁਕਤ ਹੋਣ ਲਈ ਧੰਮ ਦੀ ਸ਼ਰਨ ਜ਼ਰੂਰੀ ਹੈ। ਬੁੱਧ ਦੇ ਵਿਚਾਰਾਂ ਨੂੰ ਸੁਣਦੇ ਸੁਣਦੇ ਪਟਾਚਾਰਾ ਨੇ ਆਪਣੇ ਮਨ ਨੂੰ ਇਕਾਗਰ ਕੀਤਾ ਅਤੇ ਅੰਤਰਮੁਖੀ ਹੋ ਕੇ ਸਰੀਰ ਦੇ ਉਤਪੰਨ ਅਤੇ ਵਿਨਾਸ਼ ਹੋਣ ਦੇ ਰਹੱਸ ਨੂੰ ਸਮਝਿਆ ਸੀ। ਭਿੱਖਣੀ ਸੰਘ ਵਿੱਚ ਸ਼ਾਮਿਲ ਹੋਕੇ ਜਲਦ ਹੀ ਅਰਹੰਤ ਦੀ ਪ੍ਰਾਪਤੀ ਕਰ ਲਈ ਸੀ। ਪਟਾਚਰਾ ਨੇ ਮਹਾਤਮਾ ਬੁੱਧ ਦੇ ਅਨੁਸ਼ਾਸਨ ਦਾ ਨਿਮਰਤਾ ਨਾਲ ਪਾਲਨ ਕਰਦੇ ਹੋਏ ਜਲਦ ਹੀ ਸੰਸਾਰਿਕ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰ ਲਈ ਸੀ।[66]

---

65 "...and her most famous pupil is king Psenadi with whom she discusses the existence of the Tathagata after death. The king's pleasure in her talk compounded when he learns that the Buddha's talk on this topic would have been exactly the same."
Elison Banks Findly, 'Women Teachers of Women: Early Nuns Worthy of my Confidence', *Women's Buddhism Buddism's Women,* Ellison Banks Findly (ed.), p. 148.

66 *QyrIgwQwpwil*,pNnw 256.

ਪਟਾਚਾਰਾ ਉਹ ਭਿੱਖਣੀ ਜਾਂ ਥੇਰੀ ਸੀ ਜੋ ਵਿਨਯ ਦੀ ਬਹੁਤ ਡੂੰਘੀ ਗਿਆਤਾ ਅਤੇ ਇਨਸਾਨ ਦੇ ਦੁੱਖਾਂ ਤੋਂ ਵੀ ਜਾਣੂ ਸੀ। ਇੱਥੋਂ ਤੱਕ ਕਿ ਮਹਾਤਮਾ ਬੁੱਧ ਉਸਨੂੰ ਵਿਨਯ ਧਾਰਨ ਕਰਨ ਵਾਲਿਆਂ ਵਿੱਚ ਸਭ ਤੋਂ ਸ੍ਰੇਸ਼ਠ ਮੰਨਦੇ ਸਨ।[67]

ਪਟਾਚਾਰਾ ਇਸਤਰੀਆਂ ਦੇ ਲਈ ਮਹਾਨ ਉਪਦੇਸ਼ਿਕਾ ਸਿੱਧ ਹੋਈ, ਕਿਉਂਕਿ ਉਸਦਾ ਧਿਆਨ ਹਮੇਸ਼ਾ ਹਰ ਇਸਤਰੀ ਦੇ ਦੁੱਖ ਨੂੰ ਸਮਝਣ ਅਤੇ ਮੁਕਤੀ ਵੱਲ ਸੀ। ਇਸਦੇ ਉਪਦੇਸ਼ਾਂ ਦਾ ਕੇਂਦਰ ਦੁੱਖਾਂ ਤੋਂ ਨਿਵਰਤੀ ਭਾਵ ਕੁੱਝ ਵੀ ਗਵਾਚਣ ਦੇ ਦੁੱਖ ਦੀ ਥਾਂ ’ਤੇ ਉੱਚ ਗਿਆਨ ਪ੍ਰਾਪਤੀ ਵੱਲ ਨੂੰ ਹੁੰਦਾ ਸੀ। ਇਹਨਾਂ ਉਪਦੇਸ਼ਾਂ ਰਾਹੀਂ 500 ਇਸਤਰੀਆਂ ਸੰਘ ਵਿੱਚ ਆਈਆਂ ਸਨ। ਪਟਾਚਾਰਾ ਨੇ ਆਪਣੇ ਮਿੱਠੇ ਬੋਲਾਂ ਰਾਹੀਂ ਉਪਦੇਸ਼ ਦੇਕੇ ਉਹਨਾਂ ਦੇ ਅੰਦਰ ਦੇ ਦੁੱਖ ਨੂੰ ਨਿਵਾਰਨ ਵਿੱਚ ਮਦਦ ਕੀਤੀ ਅਤੇ ਸੱਚ ਦੀ ਪ੍ਰਾਪਤੀ ਦੇ ਰਾਹ ਤੋਂ ਜਾਣੂ ਕਰਵਾਇਆ। ਇਸ ਤਰ੍ਹਾਂ ਹੀ ਪਟਾਚਾਰਾ ਨੇ ਇੱਕ ਉਪਦੇਸ਼ਿਕਾ ਅਤੇ ਅਧਿਆਪਕ ਦੇ ਰੂਪ ਵਿੱਚ ਧੰਮ ਦੇ ਉਪਦੇਸ਼ਾਂ ਦਾ ਫੈਲਾਅ ਕਰਦੇ ਹੋਏ 30 ਹੋਰ ਇਸਤਰੀਆਂ ਨੂੰ ਸੰਘ ਵਿੱਚ ਲਿਆਂਦਾ ਸੀ। ਉਹਨਾਂ ਨੂੰ ਧੰਮ ਦੇ ਅਨੁਸ਼ਾਸਨ ਦੀ ਪਾਲਨਾ ਅਤੇ ਇਸ ਦੇ ਸੁੱਖਾਂ ਤੋਂ ਜਾਣੂ ਕਰਵਾਇਆ ਸੀ। ਥੇਰੀਗਾਥਾ ਵਿੱਚੋਂ ਇਹਨਾਂ 30 ਇਸਤਰੀਆਂ ਦੇ ਭਿੱਖਣੀ ਰੂਪ ਵਿੱਚ, ਪਟਾਚਾਰਾ ਦੇ ਉਪਦੇਸ਼ਾਂ ਰਾਹੀ ਅਰਹੰਤ ਪ੍ਰਾਪਤੀ ਦੀ ਜਾਣਕਾਰੀ ਮਿਲਦੀ ਹੈ।[68] ਪਟਾਚਾਰਾ ਘਰਾਂ ਵਿੱਚ ਰਹਿ ਰਹੇ ਮਰਦ ਅਤੇ ਇਸਤਰੀਆਂ ਨੂੰ ਵੀ ਸੱਚ ਦੇ ਰਾਹ ਤੋਂ ਜਾਣੂ ਕਰਵਾਉਂਦੀ ਸੀ। ਪਟਾਚਾਰਾ ਸਾਰੇ ਵਿਸ਼ਿਆਂ ਦੀ ਗਿਆਨਵਾਨ ਅਤੇ ਉਪਦੇਸ਼ਿਕਾ ਜਾਂ ਅਧਿਆਪਕ ਦੇ ਰੂਪ ਵਿੱਚ ਇੱਕ ਮਹਾਨ ਇਸਤਰੀ ਸੀ।

ਪਟਾਚਾਰਾ ਬੁੱਧ ਧਰਮ ਪ੍ਰਤੀ ਦਿਲ ਦੀ ਡੂੰਘਾਈ ਤੋਂ ਸਮਰਪਿਤ ਸੀ। ਉਸਨੇ ਜੋ ਗਿਆਨ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਤੋਂ ਪ੍ਰਾਪਤ ਕੀਤਾ ਸੀ। ਉਸਨੂੰ ਆਪਣੀ ਰਗ ਰਗ ਵਿੱਚ ਵਸਾਇਆ ਹੋਇਆ ਸੀ ਅਤੇ ਹਰ ਇਨਸਾਨ ਨੂੰ ਇਸ ਗਿਆਨ ਤੋਂ ਜਾਣੂ ਵੀ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਇਹ ਕਹਿਣਾ ਕੋਈ ਗ਼ਲਤ ਨਹੀਂ ਹੋਵੇਗਾ ਕਿ ਬੁੱਧ ਧਰਮ ਦੇ ਵਿਕਾਸ ਵਿੱਚ ਪਟਾਚਾਰਾ ਦਾ ਪੂਰਾ ਸਹਿਯੋਗ ਸੀ। ਧਰਮ ਪ੍ਰਤੀ ਸੱਚੇ ਹੋਣ ਕਾਰਨ ਹੀ ਬੁੱਧ ਧਰਮ ਦੀਆਂ ਉਪਦੇਸ਼ਿਕਾਵਾਂ ਵਿੱਚ ਉਸ ਦਾ ਨਾਮ ਅੱਜ ਵੀ ਗਿਣਿਆ ਜਾਂਦਾ ਹੈ।

**ਕਿੱਸਾ ਗੌਤਮੀ (Kisagotami) :** ਕਿੱਸਾ ਗੌਤਮੀ ਦਾ ਜਨਮ ਸ਼੍ਰਾਵਸਤੀ ਵਿਖੇ ਗਰੀਬ ਖੱਤਰੀ ਪਰਿਵਾਰ ਵਿੱਚ ਹੋਇਆ ਸੀ। ਗੌਤਮੀ ਉਸਦਾ ਨਾਮ ਸੀ ਪਰ ਕਿੱਸਾ ਨਾਮ ਉਸਨੂੰ ਉਸਦੇ ਪਤਲੇਪਨ ਕਰਕੇ ਦਿੱਤਾ ਗਿਆ ਸੀ। ਕਿੱਸਾ ਗੌਤਮੀ ਮਹਾਤਮਾ ਬੁੱਧ ਜੀ ਦੀ ਰਿਸ਼ਤੇਦਾਰੀ ਵਿੱਚੋਂ ਹੀ ਸੀ। ਬੁੱਧਚਰਿਆ ਅਨੁਸਾਰ ਇੱਕ ਵਾਰ (ਮਹਾਤਮਾ ਬੁੱਧ) ਸਿਧਾਰਥ ਦੀ ਸ਼ੋਭਾ ਨੂੰ ਦੇਖਕੇ, ਕਿੱਸਾ ਗੌਤਮੀ ਨੇ ਪ੍ਰਸੰਸਾ ਵਿੱਚ ਕੁੱਝ

---

67 *ANguqr inkwX*, phlw Bwg, pNnw 25.
68 *QyrIgwQwpwil*, pNnw 257.

ਵਚਨ ਬੋਲੇ। ਇਹਨਾਂ ਵਚਨਾਂ ਤੋਂ ਸਿਧਾਰਥ ਨੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਸੋਹਣੇ ਸਵਰੂਪ ਨੂੰ ਦੇਖਕੇ ਮਾਂ, ਪਿਤਾ, ਪਤਨੀ ਦਾ ਹਿਰਦਾ ਸ਼ਾਂਤ ਹੁੰਦਾ ਹੈ, ਪਰ ਕਿਹੜੀ ਚੀਜ ਦੇ ਸ਼ਾਂਤ ਹੋਇਆ ਹਿਰਦਾ ਪਰਮ ਸ਼ਾਂਤ ਹੁੰਦਾ ਹੈ?[69] ਇਸੇ ਲੜਕੀ ਦੇ ਵਚਨਾਂ ਨੇ ਸਿਧਾਰਥ ਨੂੰ ਨਿਰਵਾਣ ਦੇ ਰਾਹ ਤੋਰਿਆ। ਮਹਾਤਮਾ ਬੁੱਧ ਦੇ ਗਿਆਨ ਪ੍ਰਾਪਤੀ ਜਾਂ ਸਿਧਾਰਥ ਤੋਂ ਮਹਾਤਮਾ ਬੁੱਧ ਬਣਨ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਿੱਸਾ ਗੌਤਮੀ ਦਾ ਵੀ ਸਹਿਯੋਗ ਹੈ।

ਕਿੱਸਾ ਗੌਤਮੀ ਦਾ ਵਿਆਹ ਸ਼੍ਰਾਵਸਤੀ ਵਿਖੇ ਹੀ ਅਮੀਰ ਵਪਾਰੀ ਦੇ ਬੇਟੇ ਨਾਲ ਹੋਇਆ ਸੀ। ਸਹੁਰੇ ਘਰ ਵਿੱਚ ਲੜਕੇ ਦੀ ਮਾਂ ਬਣਨ ਤੋਂ ਬਾਅਦ ਹੀ ਕਿੱਸਾ ਗੌਤਮੀ ਨੂੰ ਮਾਣ ਸਤਿਕਾਰ ਪ੍ਰਾਪਤ ਹੋਇਆ ਸੀ। ਕੁੱਝ ਸਮੇਂ ਪਿਛੋਂ ਲੜਕੇ ਦੀ ਮੌਤ ਹੋ ਜਾਣ ’ਤੇ ਕਿੱਸਾ ਗੌਤਮੀ ਆਪਣਾ ਮਾਨਸਿਕ ਸੰਤੁਲਨ ਗਵਾ ਬੈਠੀ ਸੀ। ਉਹ ਇਸ ਸੱਚ ਨੂੰ ਨਾ ਮੰਨਦੀ ਹੋਈ ਆਪਣੇ ਬੱਚੇ ਨੂੰ ਗੋਦੀ ਵਿੱਚ ਲੈਕੇ ਪਾਗਲਾਂ ਦੀ ਤਰ੍ਹਾਂ ਘਰ ਘਰ ਘੁੰਮੀ ਕਿ ਸ਼ਾਇਦ ਕੋਈ ਉਸਦੇ ਸੁੱਤੇ ਹੋਏ ਬੱਚੇ ਨੂੰ ਜਗਾਉਣ ਵਿੱਚ ਮਦਦ ਕਰੇਗਾ। ਪਰ ਲੋਕ ਉਸਨੂੰ ਪਾਗਲ ਸਮਝਦੇ, ਹੱਸਦੇ ਅਤੇ ਮਜ਼ਾਕ ਉਡਾਉਂਦੇ ਸਨ। ਇੱਕ ਦਿਨ ਕਿੱਸਾ ਗੌਤਮੀ ਨੇ ਜੇਤਵਨ ਵਿਹਾਰ ਵਿਖੇ ਮਹਾਤਮਾ ਬੁੱਧ ਕੋਲ ਜਾਕੇ ਆਪਣੇ ਬੱਚੇ ਲਈ ਦਵਾਈ ਦੀ ਮੰਗ ਕੀਤੀ। ਮਹਾਤਮਾ ਬੁੱਧ ਨੇ ਉਸਦੀ ਮਾਨਸਿਕ ਹਾਲਤ ਨੂੰ ਸਮਝਦੇ ਹੋਏ ਨਿਵੇਕਲੀ ਵਿਧੀ ਦੱਸਦੇ ਹੋਏ ਕਿਹਾ ਕਿ ਅਜਿਹੇ ਘਰ ਵਿੱਚੋਂ ਸਰੋਂ ਦੇ ਦਾਣੇ ਲੈਕੇ ਆਵੇ, ਜਿਸ ਘਰ ਵਿੱਚ ਕੋਈ ਮੌਤ ਨਾ ਹੋਈ ਹੋਵੇ। ਕਿੱਸਾ ਗੌਤਮੀ ਸ਼੍ਰਾਵਸਤੀ ਦੀਆਂ ਗ਼ਲੀਆਂ ਵਿੱਚ ਘੁੰਮ-ਘੁੰਮ ਕੇ ਥੱਕ ਗਈ ਪਰ ਉਹਨੂੰ ਬਿਨ ਮੌਤ ਵਾਲਾ ਘਰ ਨਹੀਂ ਮਿਲਿਆ ਸੀ। ਕਿੱਸਾ ਗੌਤਮੀ ਨੂੰ ਅਹਿਸਾਸ ਹੋਇਆ ਕਿ ਜਿਹਨੇ ਜਨਮ ਲਿਆ ਹੈ, ਉਸਦੀ ਮੌਤ ਤਾਂ ਨਿਸ਼ਚਿਤ ਹੀ ਹੈ। ਸਾਰੇ ਦਿਨ ਘੁੰਮਣ ਤੋਂ ਬਾਅਦ ਮਹਾਤਮਾ ਬੁੱਧ ਕੋਲ ਪਹੁੰਚੀ ਅਤੇ ਉਹਨਾਂ ਦੁਆਰਾ ਦਿੱਤੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਕੇ ਸੰਘ ਵਿੱਚ ਸ਼ਾਮਿਲ ਹੋ ਗਈ ਸੀ। ਜਲਦ ਹੀ ਕਿੱਸਾ ਗੌਤਮੀ ਦੇ ਅਗਿਆਨਤਾ ਰੂਪੀ ਅੰਧਕਾਰ ਦੇ ਨਾਸ਼ ਹੋਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ।[70]

ਕਿੱਸਾ ਗੌਤਮੀ ਖ਼ੁਦ ਦੁੱਖ ਤੋਂ ਮੁਕਤ ਹੋਈ ਅਤੇ ਮਹਾਤਮਾ ਬੁੱਧ ਦੀ ਮੁੱਖ ਸ਼ਿਸ਼ ਦੇ ਤੌਰ ’ਤੇ ਹੋਰ ਬਹੁਤ ਇਸਤਰੀਆਂ ਨੂੰ ਦੁੱਖ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕੀਤੀ। ਕਿੱਸਾ ਗੌਤਮੀ ਮਹਾਤਮਾ ਬੁੱਧ ਦੁਆਰਾ ਦੱਸੇ ਇਸਤਰੀਆਂ ਦੇ ਦੁੱਖਾਂ ਦਾ ਵਰਣਨ ਕਰਦੀ ਹੋਈ, ਦੁੱਖ ਨਿਵਰਤੀ ਲਈ ਅਸ਼ਟਾਂਗ ਮਾਰਗ ਅਪਨਾਉਣ ਦਾ ਉਪਦੇਸ਼ ਦਿੰਦੀ ਸੀ। ਕਿੱਸਾ ਗੌਤਮੀ ਗਿਆਨ ਅਤੇ ਸੂਝ ਕਾਰਨ ਬਾਕੀ ਸਾਰੀਆਂ ਭਿੱਖਣੀਆਂ

---

69 rwhul swN™ËXwXn, *bu…cXw~~*, pNnw 8.
70 *sNXuÁ inkwX*, phlw Bwg, pNnw 109.

ਵਿੱਚ ਪ੍ਰਸਿੱਧ ਸੀ। ਮਹਾਤਮਾ ਬੁੱਧ ਵੀ ਖ਼ੁਦ ਉਸਨੂੰ ਮਹਾਨ ਭਿੱਖਣੀਆਂ ਵਿੱਚੋਂ ਉੱਚ ਮੰਨਦੇ ਸਨ।[71] ਕਿੱਸਾ ਗੌਤਮੀ ਉਪਦੇਸ਼ਿਕਾ ਦੇ ਨਾਲ-ਨਾਲ ਬੁੱਧ ਧਰਮ ਵਿੱਚ ਆਪਣੀਆਂ ਸੁੰਦਰ ਸਤਰਾਂ ਕਾਰਨ ਵੀ ਪ੍ਰਸਿੱਧ ਹੈ।

**ਵਿਸਾਖਾ (Visakha) :** ਮਹਾਤਮਾ ਬੁੱਧ ਦੇ ਸਮੇਂ ਦੀਆਂ ਮਹਾਨ ਇਸਤਰੀਆਂ ਵਿੱਚੋਂ ਵਿਸਾਖਾ ਜੋ ਸੰਘ ਵਿੱਚ ਸ਼ਾਮਿਲ ਨਹੀਂ ਹੋਈ ਬਲਕਿ ਇੱਕ ਉਪਾਸਿਕਾ ਵਜੋਂ ਹੀ ਬੁੱਧ ਧਰਮ ਦੇ ਵਿਕਾਸ ਵਿੱਚ ਸਹਿਯੋਗੀ ਸਿੱਧ ਹੋਈ ਸੀ।

ਵਿਸਾਖਾ ਮੇਡੰਕਾ (ਭਦਿੱਯ ਦੇ ਕਰੋੜਪਤੀ ਵਪਾਰੀ) ਦੇ ਪੁੱਤਰ ਧਨਨਜਿਆ ਅਤੇ ਸਮਨ ਦੇਵੀ ਦੀ ਪੁੱਤਰੀ ਸੀ। ਅਮੀਰ ਪਰਿਵਾਰ ਦੀ ਲੜਕੀ ਹੋਣ ਕਾਰਨ ਵਿਸਾਖਾ ਨੂੰ ਬਚਪਨ ਵਿੱਚ ਭਾਵੇਂ ਪੂਰੀਆਂ ਸਹੂਲਤਾਂ ਮਿਲੀਆਂ ਹੋਣਗੀਆਂ, ਪਰ ਵਿਸਾਖਾ ਨੇ ਆਮ ਜੀਵਨ ਜਿਉਂਦੇ ਹੋਏ, ਖ਼ੁਦ ਨੂੰ ਚੰਗੇ ਗੁਣਾਂ ਵਿੱਚ ਢਾਲਿਆ ਹੋਇਆ ਸੀ। 12 ਸਾਲ ਦੀ ਉਮਰ ਵਿੱਚ ਹੀ ਮਹਾਤਮਾ ਬੁੱਧ ਦੇ ਉਪਦੇਸ਼ਾ ਤੋਂ ਪ੍ਰਭਾਵਿਤ ਹੋਕੇ ਵਿਸਾਖਾ ਦਾ ਬੁੱਧ ਧਰਮ ਵਿੱਚ ਵਿਸ਼ਵਾਸ ਪੈਦਾ ਹੋ ਗਿਆ ਸੀ।[72] ਰਾਜਾ ਪ੍ਰਸੇਨਜਿਤ ਦੇ ਕਹਿਣ 'ਤੇ ਵਿਸਾਖਾ ਦਾ ਸਾਰਾ ਪਰਿਵਾਰ 'ਸ਼੍ਰਾਵਸਤੀ' ਦੇ ਨੇੜੇ 'ਸਾਕੇਤ' ਵਿਖੇ ਜਾ ਵਸਿਆ ਸੀ। ਸ਼੍ਰਾਵਸਤੀ ਵਿਖੇ ਹੀ ਮਹਾਨ ਵਪਾਰੀ ਮਿਗਾਰਾ ਦੇ ਪੁੱਤਰ ਪੁੰਨਵਧਨਾ (Punnavaddhana) ਨਾਲ ਵਿਸਾਖਾ ਦਾ ਵਿਆਹ ਹੋਇਆ ਸੀ। ਮਿਗਾਰਾ ਦਾ ਸਾਰਾ ਪਰਿਵਾਰ ਨਗਨ ਤਪਸੱਵੀਆਂ ਵਿੱਚ ਵਿਸ਼ਵਾਸ ਕਰਦਾ ਸੀ। ਵਿਸਾਖਾ ਦਾ ਪਤੀ ਚੰਗੇ ਸੁਭਾਅ ਦਾ ਮਾਲਕ ਹੋਣ ਕਾਰਨ, ਉਸਨੇ ਵਿਸਾਖਾ ਨੂੰ ਇੱਛਾ ਅਨੁਸਾਰ ਧਰਮ ਮੰਨਣ ਦੀ ਆਜ਼ਾਦੀ ਦਿੱਤੀ ਹੋਈ ਸੀ। ਪਰ ਮਿਗਾਰਾ ਨੂੰ ਵਿਸਾਖਾ ਵੱਲੋਂ ਨਗਨ ਤਪੱਸਵੀਆਂ ਦਾ ਆਦਰ ਮਾਣ ਨਾ ਕਰਨ 'ਤੇ ਨਰਾਜ਼ਗੀ ਸੀ। ਮਹਾਤਮਾ ਬੁੱਧ ਦੇ ਸ਼੍ਰਾਵਸਤੀ ਵਿਖੇ ਆਉਣ 'ਤੇ ਵਿਸਾਖਾ ਨੇ ਆਪਣੇ ਪਤੀ ਦੀ ਆਗਿਆ ਨਾਲ ਮਹਾਤਮਾ ਬੁੱਧ ਨੂੰ ਘਰ ਆਉਣ ਦਾ ਸੱਦਾ ਦਿੱਤਾ ਅਤੇ ਮਿਗਾਰਾ ਨੂੰ ਵੀ ਉਪਦੇਸ਼ ਸੁਣਨ ਲਈ ਪ੍ਰੇਰਿਤ ਕੀਤਾ ਸੀ। ਮਿਗਾਰਾ ਵਿਸਾਖਾ ਦੇ ਕਹੇ ਅਨੁਸਾਰ ਉਪਦੇਸ਼ ਸੁਣਕੇ ਬੁੱਧ ਧਰਮ ਦਾ ਉਪਾਸਕ ਬਣਿਆ। ਮਿਗਾਰਾ ਆਪਣੀ ਗਿਆਨ ਪ੍ਰਾਪਤੀ ਦਾ ਮੁੱਖ ਕਾਰਨ ਆਪਣੀ ਨੂੰਹ ਵਿਸਾਖਾ ਨੂੰ ਮੰਨਦਾ ਸੀ।[73] ਇੱਥੋਂ ਤੱਕ ਕਿ ਮਿਗਾਰਾ ਨੇ ਬੁੱਧ ਧਰਮ ਦੇ ਉਪਾਸਿਕ ਬਣਨ ਤੇ ਵਿਸਾਖਾ ਨੂੰ ਇੱਜ਼ਤ ਸਨਮਾਨ ਦੇਣ ਲਈ ਮਾਂ ਦਾ ਦਰਜਾ ਵੀ ਦਿੱਤਾ ਸੀ। ਪਾਲੀ ਗ੍ਰੰਥਾਂ ਵਿੱਚ ਵਿਸਾਖਾ ਲਈ 'ਮਿਗਾਰਮਾਤਾ' ਸ਼ਬਦ ਆਮ ਹੀ ਵਰਤਿਆ ਜਾਂਦਾ ਹੈ। ਸਾਰਾ ਸਹੁਰਾ ਪਰਿਵਾਰ ਵਿਸਾਖਾ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਜਲਦ ਹੀ ਬੁੱਧ ਧਰਮ ਦਾ ਅਨੁਯਾਈ ਬਣ ਗਿਆ ਸੀ।

---

71 *ANguqr inkwX,* phlw Bwg, pNnw 25.

72 "When she was only twelve years of age the Buddha visited her home."
G.D. Weerasinghe, 'World's Greatest Social Reformer', *World Buddhism*, Vol.20, No.2, Buddhist Publication, Ceylon, September, 1971, p. 32.

73 "He was converted by what he heared, acknowledging himself thus: reverend sir, all this time I have been without knowing that on you one should bestow alms to receive great rewards. But now I have learnt it, thanks to my daughter in law, and am released from all danger of being born in lower state of becoming."
I.B.Horner, *Women under Primitive Buddhism: Laywomen and Almswomen,* p. 348.

ਵਿਸਾਖਾ ਦੇ ਮਹਾਨ ਕਾਰਜਾਂ ਵਿੱਚੋਂ ਇੱਕ ਕਾਰਜ ਇਹ ਵੀ ਸੀ ਕਿ ਉਹਨੇ ਭਿੱਖੂ ਭਿੱਖਣੀਆਂ ਦੀ ਜ਼ਿੰਦਗੀ ਨੂੰ ਸਮਝਿਆ ਅਤੇ ਕਠੋਰਮਈ ਜ਼ਿੰਦਗੀ ਨੂੰ ਅਰਾਮਦਾਇਕ ਕਰਨ ਹਿਤ ਉਪਰਾਲੇ ਕੀਤੇ ਸਨ। ਤਾਂਕਿ ਉਹਨਾਂ ਦੀ ਜ਼ਿੰਦਗੀ ਰੁਕਾਵਟਮਈ ਨਹੀਂ ਸਗੋਂ ਅਰਾਮਦਾਇਕ ਸਿੱਧ ਹੋਵੇ। ਵਿਨਯ ਪਿਟਕ ਵਿੱਚੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਵਿਸਾਖਾ ਦੇ ਕਹਿਣ ’ਤੇ ਮਹਾਤਮਾ ਬੁੱਧ ਨੇ ਅੱਠ ਦਾਤਾਂ ਬਖ਼ਸ਼ੀਆਂ ਸਨ। ਵਿਸਾਖਾ ਨੇ ਮਹਾਤਮਾ ਬੁੱਧ ਅੱਗੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਮੈਨੂੰ ਆਗਿਆ ਦੇਵੋ ਕਿ ਮੈਂ ਉਮਰ ਭਰ ਬਾਰਿਸ਼ ਦੀ ਰੁੱਤ ਵਿੱਚ ਸੰਘ ਨੂੰ ਚੋਗੇ, ਆਉਣ-ਜਾਣ ਵਾਲੇ ਭਿੱਖੂਆਂ ਨੂੰ ਖਾਣਾ, ਬੀਮਾਰ ਹੋਏ ਭਿੱਖੂਆਂ ਨੂੰ ਖਾਣਾ, ਦਵਾਈ, ਖਿਚੜੀ ਅਤੇ ਭਿੱਖਣੀਆਂ ਨੂੰ ਇਸ਼ਨਾਨ ਕਰਨ ਲਈ ਕੱਪੜੇ ਦੇ ਸਕਾਂ।[74] ਵਿਸਾਖਾ ਨੂੰ ਮਹਾਤਮਾ ਬੁੱਧ ਤੋਂ ਇੱਕ ਵੱਡੀ ਬਖ਼ਸ਼ਿਸ਼ ਪ੍ਰਾਪਤ ਹੋਣ ਦਾ ਮਾਣ ਮਿਲਿਆ। ਵਿਸਾਖਾ ਨੇ ਸਾਰੀ ਉਮਰ ਸੱਚੇ ਮਨ ਤੋਂ ਭਿੱਖੂ ਭਿੱਖਣੀਆਂ ਦੀ ਸੇਵਾ ਕੀਤੀ। ਵਿਸਾਖਾ ਹਮੇਸ਼ਾ ਹੀ ਸੰਘ ਵਿੱਚ ਜਾਂਦੀ ਪ੍ਰਚਾਰ ਸੁਣਦੀ ਅਤੇ ਇਹ ਵੀ ਧਿਆਨ ਰੱਖਦੀ ਕਿ ਕੋਈ ਭਿੱਖੂ ਜਾਂ ਭਿੱਖਣੀ ਬੀਮਾਰ ਤਾਂ ਨਹੀਂ ਜਾਂ ਕਿਸੇ ਨੂੰ ਦਵਾਈ ਆਦਿ ਦੀ ਜ਼ਰੂਰਤ ਤਾਂ ਨਹੀਂ।

ਵਿਸਾਖਾ ਦੁਆਰਾ ਮਹਾਤਮਾ ਬੁੱਧ ਅੱਗੇ ਸਮੇਂ ਸਮੇਂ ’ਤੇ ਨਵੇਂ ਪ੍ਰਸਤਾਵ ਰੱਖਣਾ ਉਸਦੀ ਬੁੱਧੀਮਤਾ, ਅਕਲਮੰਦੀ ਅਤੇ ਹੌਸਲੇ ਨੂੰ ਹੀ ਬਿਆਨਦੇ ਹਨ। ਇਹਨਾਂ ਪ੍ਰਸਤਾਵਾਂ ਉੱਪਰ ਵਿਚਾਰ ਕਰਦਿਆਂ ਹੀ ਮਹਾਤਮਾ ਬੁੱਧ ਨੇ ਭਿੱਖੂਆਂ ਨੂੰ ਮੂੰਹ ਸਾਫ਼ ਕਰਨ ਲਈ ਰੁਮਾਲ ਵਰਤਨ, ਕੁੱਜਾ ਅਤੇ ਝਾੜੂ ਵਰਤਨ ਦੀ ਪ੍ਰਵਾਨਗੀ ਦਿੱਤੀ ਸੀ। ਇਸੇ ਤਰ੍ਹਾਂ ਹੀ ਮਹਾਵੱਗ ਅਨੁਸਾਰ ਵਿਸਾਖਾ ਦੇ ਵਿਚਾਰ ਤੋਂ ਪ੍ਰਭਾਵਿਤ ਹੋਣ ਉਪਰੰਤ ਹੀ ਮਹਾਤਮਾ ਬੁੱਧ ਨੇ ਨਵਾਂ ਨੇਮ ਬਣਾਇਆ ਸੀ, ਜਿਸ ਨਾਲ ਸੰਘ ਵਿੱਚ ਸ਼ਾਮਿਲ ਹੋਣ ਲਈ ਮੌਸਮ ਪੱਖ ਤੋਂ ਕੋਈ ਅੜਚਨ ਨਹੀਂ ਰਹੀ ਸੀ।

ਵਿਸਾਖਾ ਦੇ ਬੁੱਧ ਧਰਮ ਲਈ ਕੀਤੇ ਗਏ ਕਾਰਜਾਂ ਵਿੱਚ ਇੱਕ ਹੋਰ ਦੀ ਜਾਣਕਾਰੀ ਧੱਮਪਦ ਵਿੱਚੋਂ ਪ੍ਰਾਪਤ ਹੁੰਦੀ ਹੈ। ਵਿਸਾਖਾ ਨੇ 27 ਕਰੋੜ ਮੁਦਰਾ ਖਰਚ ਕੇ ਪੂਰਵਾਰਾਮ ਵਿਹਾਰ ਬਣਾ ਕੇ ਸੰਘ ਨੂੰ ਦਾਨ ਕੀਤਾ ਸੀ।[75] ਇਸ ਸਮੇਂ ਸਾਰੇ ਸੰਸਾਰ ਵਿੱਚ ਇਸਤਰੀ ਨੂੰ ਇੰਨੀ ਆਜ਼ਾਦੀ ਕਿਤੇ ਵੀ ਨਹੀਂ ਸੀ, ਜੋ ਜ਼ਿਆਦਾ ਪੈਸੇ ਦੀ ਮਾਲਕ ਹੋਵੇ ਜਾਂ ਇੱਛਾ ਅਨੁਸਾਰ ਦਾਨ ਕਰ ਸਕੇ। ਬੁੱਧ ਧਰਮ ਵਿੱਚ ਵਿਸਾਖਾ ਦਾ ਉੱਚ ਸਥਾਨ ਪੈਸੇ ਖਰਚਨ ਨਾਲ ਨਹੀਂ ਸਗੋਂ ਉਸਦੀਆਂ ਸੱਚੀਆਂ ਭਾਵਨਾਵਾਂ ਕਾਰਨ ਸੀ। ਉਸਨੇ ਇੱਕ ਉਪਾਸਿਕਾ ਹੋਕੇ ਵੀ ਸਾਰੀ ਜ਼ਿੰਦਗੀ ਸੰਘ ਦੀ ਸੇਵਾ ਵਿੱਚ ਗੁਜਾਰੀ ਸੀ। ਸੰਘ ਵਿੱਚ ਸ਼ਾਮਿਲ ਹੋਕੇ ਹਰ ਇਨਸਾਨ ਆਪਣਾ ਭੱਵਿਖ ਸੰਵਾਰਨ ਵਿੱਚ ਜੁਟਿਆ ਹੋਇਆ ਸੀ, ਪਰ ਵਿਸਾਖਾ ਖ਼ੁਦ ਤੋਂ ਉੱਪਰ ਉੱਠ ਕੇ ਹੋਰਾਂ ਦੀਆਂ

---

74 “I desire, lord my life long to bestow robes for the rainy season on the samgha and food for in-coming bhikkhus, and food forout-going bhikkhus, and food for sick, and medicine for the sick, and a constant supply of congeny and bathing robes for the nuns.”
F.Max.Muller (ed.), ‘Vinya Texts’ *The Sacred Books of the East,* Vol.17, Part.2, T.W.Rhys Davids & Hermann Oldenberg (trs.), pp. 219-220.

75 *DMmpd*, pNny 32-33.

ਜ਼ਿੰਦਗੀਆਂ ਸਵਾਰਨ ਲਈ ਤਤਪਰ ਰਹਿੰਦੀ ਸੀ। ਇਹ ਸਭ ਇਸਤਰੀ ਦੀ ਸੋਝੀ, ਉਸਦੀ ਉੱਚੀ ਸੋਚ ਅਤੇ ਸ਼ਕਤੀ ਦੀਆਂ ਉਦਾਹਰਨਾਂ ਹਨ। ਮਹਾਤਮਾ ਬੁੱਧ ਉਸਨੂੰ ਸਮਝਦਾਰ ਅਤੇ ਸਮਾਜ ਦੇ ਹਰ ਪੱਖ ਤੋਂ ਜਾਣੂ ਸਮਝਦੇ ਹੋਏ ਸਲਾਹਾਂ ਲੈਂਦੇ ਜਿਵੇਂ ਇੱਕ ਵਾਰ ਸੰਘ ਵਿੱਚ ਭਿੱਖਣੀ ਦੇ ਗਰਭਵਤੀ ਹੋਣ ਦੇ ਮਾਮਲੇ ਦੀ ਛਾਣਬੀਣ ਦਾ ਕੰਮ ਵਿਸਾਖਾ ਨੂੰ ਸੌਂਪਿਆ ਗਿਆ ਸੀ। ਉਸਨੇ ਇਹ ਕੰਮ ਜਲਦ ਹੀ ਪੂਰੀ ਛਾਣਬੀਣ ਨਾਲ ਪੂਰਾ ਕਰਕੇ ਭਿੱਖਣੀ ਦੇ ਅਸਲੀ ਰੂਪ ਤੋਂ ਜਾਣੂ ਕਰਵਾਕੇ ਉਸਨੂੰ ਖਿਮਾ ਵੀ ਕਰਵਾਇਆ ਸੀ। ਵਿਸਾਖਾ ਨੇ ਸਮਾਜਿਕ ਬੰਧਨਾਂ ਦੀਆਂ ਦੀਵਾਰਾਂ ਨੂੰ ਪਾਰ ਕਰਕੇ ਆਪਣੀ ਇੱਛਾ ਅਨੁਸਾਰ ਆਪਣੀ ਜ਼ਿੰਦਗੀ ਸੰਘ ਨੂੰ ਸਮਰਪਿਤ ਕੀਤੀ ਅਤੇ ਲੋਕਾਂ ਨੂੰ ਜ਼ਿੰਦਗੀ ਸੰਵਾਰਨ ਦਾ ਉਪਦੇਸ਼ ਦਿੱਤਾ। ਆਈ.ਬੀ.ਹੋਰਨਰ ਤਾਂ ਵਿਸਾਖਾ ਨੂੰ ਧਰਮ ਦੀ ਸੱਚੀ, ਵਿਸ਼ਵਾਸਯੋਗ ਮਾਂ ਅਤੇ ਭਿੱਖੂਆਂ ਲਈ ਇੱਕ ਵਿਸ਼ਵਾਸਯੋਗ ਦੋਸਤ ਕਹਿੰਦੀ ਹੈ।[76]

ਪ੍ਰਚਾਰਕ ਬਣਨ ਦਾ ਮੌਕਾ ਭਿੱਖਣੀ ਲਈ ਸਭ ਤੋਂ ਵੱਧ ਕੀਮਤੀ ਸੀ। ਕੁੰਡਲਕੇਸਾ ਵੀ ਪ੍ਰਚਾਰਕ ਵਜੋਂ ਪ੍ਰਸਿੱਧ ਹੋਈ ਸੀ। ਕੁੰਡਲਕੇਸ ਨੇ ਅੰਗ, ਮਗਧ, ਵਜੀ, ਕਾਸੀ ਅਤੇ ਕੋਸ਼ਲ ਆਦਿ ਥਾਵਾਂ ’ਤੇ ਘੁੰਮ-ਘੁੰਮ ਕੇ ਬੁੱਧ ਧਰਮ ਦਾ ਪ੍ਰਚਾਰ ਕੀਤਾ ਸੀ। ਇਹਨਾਂ ਪ੍ਰਚਾਰਕ ਇਸਤਰੀਆਂ ਦੁਆਰਾ ਇਸਤਰੀਆਂ ਦੇ ਨਾਲ-ਨਾਲ ਮਰਦਾਂ ਨੂੰ ਉਪਦੇਸ਼ ਦੇਣ ਦੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਬੁੱਧ ਧਰਮ ਦੇ ਵਿਕਾਸ ਵਿੱਚ ਮਰਦਾਂ ਦੇ ਨਾਲ-ਨਾਲ ਇਸਤਰੀਆਂ ਦਾ ਵੀ ਸਹਿਯੋਗ ਪ੍ਰਾਪਤ ਹੁੰਦਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਹਨਾਂ ਮਹਾਨ ਇਸਤਰੀਆਂ ਨੇ ਮਹਾਤਮਾ ਬੁੱਧ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਵਿਹਾਰਕ ਰੂਪ ਪ੍ਰਦਾਨ ਕੀਤਾ ਸੀ:

ਅੱਤਾਨਮੇਵ ਪਠਮੰ, ਪਤਿਰੂਪੇ ਨਿਵੇਸਯੇ

ਅਥੱਵਮਨੁਸਾਸੇੱਯ, ਨ ਕਿਲਿੱਸੇੱਯ ਪੰਡਿਤੋ॥158॥

(ਮਨੁੱਖ ਨੂੰ ਚਾਹੀਦਾ ਹੈ ਕਿ ਉਹ ਪਹਿਲੇ ਆਪਣੇ ਆਪ ਚੰਗਿਆਈ ਤੇ ਅਮਲ ਕਰੇ, ਤੇ ਫੇਰ ਬਾਕੀਆਂ ਨੂੰ ਉਪਦੇਸ਼ ਕਰੇ। ਇੰਜ ਗਿਆਨੀ ਪੁਰਖ ਨੂੰ ਕਲੇਸ਼ ਨਹੀਂ ਹੋਵੇਗਾ।)[77]

ਇਹਨਾਂ ਉਪਦੇਸ਼ਿਕਾਵਾਂ ਦੇ ਸਹਿਯੋਗ ਅਤੇ ਯੋਗਦਾਨ ਰਾਹੀਂ ਬੁੱਧ ਧਰਮ ਵਿੱਚ ਇਸਤਰੀਆਂ ਦੀ ਮਹਾਨਤਾ ਦਾ ਪੱਖ ਉਜਾਗਰ ਹੁੰਦਾ ਹੈ। ਉਸ ਸਮੇਂ ਇਸਤਰੀ ਜਾਤੀ ਦੀ ਪ੍ਰਫੁਲਤਾ ਅਤੇ ਵਿਕਾਸ ਵਿੱਚ ਇਸਤਰੀ ਦਾ ਹੀ ਯੋਗਦਾਨ ਮਹੱਤਵਪੂਰਨ ਰਿਹਾ ਹੈ। ਇਸ ਦੇ ਨਾਲ-ਨਾਲ ਬੁੱਧ ਧਰਮ ਵਿੱਚ ਇਸਤਰੀ ਦਾ ਸਾਹਿਤ ਯੋਗਦਾਨ ਵੀ ਮਿਲਦਾ ਹੈ, ਜੋ ਇਸਤਰੀ ਦੀ ਬੁੱਧੀਮਤਾ ਨੂੰ ਬਿਆਨ ਕਰਨ ਵਿੱਚ ਸਹਾਈ ਹੈ।

---

[76] “She may indeed be regarded as a true and faithful mother to the religion. The almsmen regarded her as a trusted friend of the order.”
I.B.Horner, *Women under Primitive Buddhism:Laywomen and Almswomen,* p. 358.

[77] *ਧੱਮਪਦ*, ਐਲ.ਐਮ.ਜੋਸ਼ੀ (ਸੰਪਾ.), ਸ਼ਾਰਦਾ ਗਾਂਧੀ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 103.

## 4. ਸਾਹਿਤਕ ਯੋਗਦਾਨ:

ਇਹਨਾਂ ਇਸਤਰੀਆਂ ਨੇ ਮਹਾਤਮਾ ਬੁੱਧ ਦੀ ਛਤਰ-ਛਾਇਆ ਹੇਠ ਧਰਮ ਦਾ ਅਭਿਆਸ ਕੀਤਾ ਅਤੇ ਆਪਣੀ ਜ਼ਿੰਦਗੀ ਨੂੰ ਫਰੇਬਾਂ ਵਿੱਚੋਂ ਕੱਢ ਕੇ ਅਸਲ ਮਨੋਰਥ ਤੱਕ ਲਿਆਂਦਾ ਸੀ। ਇਹਨਾਂ ਨੇ ਧਾਰਮਿਕ ਪੱਖ ਤੋਂ ਮਰਦਾਂ ਵਾਂਗ ਕਈ ਉੱਚ ਦਰਜੇ ਵੀ ਹਾਸਲ ਕੀਤੇ ਅਤੇ ਕਵਿਤਰੀਆਂ ਦੇ ਰੂਪ ਵਿੱਚ ਵੀ ਬੁੱਧ ਧਰਮ ਨੂੰ ਵੱਡੀ ਦੇਣ ਦਿੱਤੀ ਹੈ। ਇਹਨਾਂ ਕਵਿਤਾਵਾਂ ਦਾ ਜ਼ਿਕਰ ਗਾਥਾਵਾਂ ਦੇ ਰੂਪ ਵਿੱਚ ਮੂਲ ਪੂੰਜੀ ਵਜੋਂ '*ਥੇਰੀਗਾਥਾ*' ਗ੍ਰੰਥ ਵਿੱਚ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚ 73 ਭਿੱਖਣੀਆਂ ਨੇ ਆਪਣੇ ਹਿਰਦੇ ਸ਼ਾਂਤੀ ਨੂੰ ਵਰਣਿਤ ਕੀਤਾ ਹੈ। ਇਹ ਗ੍ਰੰਥ ਖੁਦਕ ਨਿਕਾਯ ਦਾ ਹੀ ਇੱਕ ਹਿੱਸਾ ਹੈ। ਇਸ ਗ੍ਰੰਥ ਦੀ ਮੁੱਖ ਵਿਸ਼ੇਸਤਾ ਹੀ ਇਸ ਦੀ ਸੱਚਾਈ ਅਤੇ ਭਾਵਨਾਵਾਂ ਦਾ ਜ਼ਿਕਰ ਹੈ। ਥੇਰੀਗਾਥਾ ਇੱਕ ਉਕਸਾਉਣ ਅਤੇ ਉਤੇਜਿਤ ਕਰਨ ਵਾਲਾ ਗ੍ਰੰਥ ਹੈ। ਇਹ ਸਾਰੇ ਸੰਸਾਰਿਕ ਧਰਮਾਂ ਵਿੱਚੋਂ ਵਿਲੱਖਣ ਲਿਖਤ ਹੈ ਜੋ ਇਸਤਰੀ ਰਚਨਾਕਰਤਾ ਨਾਲ ਸੰਬੰਧਿਤ ਹੈ ਅਤੇ ਇਸਤਰੀਆਂ ਦੇ ਧਾਰਮਿਕ ਅਨੁਭਵ ਉੱਪਰ ਕੇਂਦਰਿਤ ਹੈ।[78]

ਇਸ ਵਿੱਚ ਦਰਜ ਭਿੱਖਣੀਆਂ ਦਾ ਇੱਕ-ਇੱਕ ਸ਼ਬਦ ਨਿਰਵਾਣ ਪ੍ਰਾਪਤੀ ਦੇ ਅਭਿਆਸ ਨੂੰ ਬਿਆਨ ਕਰਦਾ ਹੈ ਕਿਉਂ ਉਹਨਾਂ ਨੇ ਦੁੱਖਾਂ ਤੋਂ ਨਿਵਰਤੀ ਪ੍ਰਾਪਤ ਕਰ ਕੇ ਨਿਰਵਾਣ ਦਾ ਅਨੰਦ ਮਾਣਿਆ। ਕਈ ਥਾਵਾਂ 'ਤੇ ਮਹਾਤਮਾ ਬੁੱਧ ਦੀ ਹਜ਼ੂਰੀ ਦਾ ਵੀ ਜ਼ਿਕਰ ਪ੍ਰਾਪਤ ਹੁੰਦਾ ਹੈ, ਜਿਹਨਾਂ ਦੇ ਉਪਦੇਸ਼ਾਂ ਨਾਲ ਕੁੱਝ ਇਸਤਰੀਆਂ ਨੇ ਸੰਘ ਪ੍ਰਵੇਸ਼ ਕੀਤਾ ਅਤੇ ਕੁੱਝ ਨੇ ਨਿਰਵਾਣ ਦੀ ਪ੍ਰਾਪਤੀ ਕੀਤੀ। ਮੁਤਾ(2), ਪੁੰਨਾ(3), ਦੋ ਤਿੱਸਾ(4-5), ਧੀਰਾ(5-7), ਮਿੱਤਾ(8), ਭਦ੍ਰਾ(9), ਉਪਾਸਮਾ(10), ਸੁਮਾਨਾ(14), ਅਭਿਰੁਪਾ ਨੰਦਾ (19-20), ਅਭਿਆ(35-36), ਉੱਭਰੀ(51), ਸੁੰਦਰੀ ਨੰਦਾ(82-83), ਗੁੱਟਾ(163-168) ਆਦਿ ਵਿੱਚ ਮਹਾਤਮਾ ਬੁੱਧ ਦੇ ਵਚਨ ਵੀ ਸੰਕਲਿਤ ਹਨ। ਕੁੱਝ ਵਚਨ ਮਹਾਤਮਾ ਬੁੱਧ ਦੁਆਰਾ ਸ਼ੁਰੂ ਅਤੇ ਥੇਰੀਆਂ ਦੁਆਰਾ ਖ਼ਤਮ ਕੀਤੇ ਗਏ ਹਨ। ਇਸ ਤਰ੍ਹਾਂ ਹੀ ਕੁੱਝ ਹੋਰ ਇਸਤਰੀਆਂ ਹਨ ਜਿਹਨਾਂ ਦੇ ਜੀਵਨ ਵਿੱਚ ਬਦਲਾਅ ਮਹਾਤਮਾ ਬੁੱਧ ਦੇ ਉਪਦੇਸ਼ ਕਾਰਨ ਹੋਣ ਦਾ ਜ਼ਿਕਰ ਹੈ: ਸ਼ੇਲਾ (57-59), ਸੀਹਾ (77-81), ਖੇਮਾ (138-144), ਅਨੁਪਮਾ (151-156), ਸੋਨਾ (102-106), ਭੱਦਾ ਕੁੰਡਲਕੇਸ਼ (107-111), ਮਹਾਪ੍ਰਜਾਪਤੀ ਗੌਤਮੀ, ਕਿੱਸਾ ਗੌਤਮੀ, ਪਟਾਚਾਰਾ, ਵਸਿੱਠੀ (133-138), ਸੁੰਦਰੀ (312-337), ਰੋਹਿਨੀ (271-290), ਉੱਤਮਾ (45-47) ਆਦਿ। ਇਹ ਸਾਰੇ ਵਿਚਾਰ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ

---

[78] "The Therigatha is an exciting and provocative text. As far as I know, it is the only canonical text in the world's religions that is attributed to female authorship and that focuses exclusively on women's religious experiences."
Kathryn R. Blackstone, *Women in the Footsteps of the Buddha: Struggle for Liberation in the Therigatha*, Motilal Banarsidass Publishers, Delhi, 2000, p.1.

ਮਹਾਤਮਾ ਬੁੱਧ ਇਸਤਰੀਆਂ ਨੂੰ ਸੰਘ ਵਿੱਚ ਲਿਆ ਕੇ ਨਿਰਵਾਣ ਪ੍ਰਾਪਤੀ ਅਤੇ ਸੰਘ ਵਿੱਚ ਆਉਣ ਦੇ ਰਾਹ ਤੋਂ ਜਾਣੂ ਕਰਵਾਉਂਦੇ ਸਨ। ਤਾਂਕਿ ਇਸਤਰੀਆਂ ਵੀ ਇਸ ਦੁੱਖ ਨਿਵਾਰਨ ਦੇ ਸੋਮੇ ਦਾ ਲਾਹਾ ਲੈ ਸਕਣ। ਇੱਥੋਂ ਤੱਕ ਕਿ ਕੁੱਝ ਭਿੱਖਣੀਆਂ ਤਾਂ ਖ਼ੁਦ ਨੂੰ ਮਹਾਤਮਾ ਬੁੱਧ ਦੇ ਹਿਰਦੇ ਤੋਂ ਉਤਪੰਨ ਕੰਨਿਆ ਦੱਸਦੀਆਂ ਸਨ।[79] ਇਹਨਾਂ ਥੇਰੀਆਂ ਵਿੱਚ ਹਰ ਵਰਗ ਦੀਆਂ ਇਸਤਰੀਆਂ: ਬ੍ਰਾਹਮਣ, ਖੱਤਰੀ, ਵੈਸ਼, ਹੀਨ ਵਰਗ, ਰਾਜਵੰਸ਼ੀ ਪਰਿਵਾਰਾਂ, ਗਣਿਕਾ ਵਰਗ ਦੀਆਂ ਇਸਤਰੀਆਂ ਸ਼ਾਮਿਲ ਸਨ।

- ਰਾਜਵੰਸ਼ੀ ਅਤੇ ਅਮੀਰ ਖਾਨਦਾਨ ਵਿੱਚੋਂ–23
- ਮਹਾਨ ਵਪਾਰੀ ਪਰਿਵਾਰਾਂ ਵਿੱਚੋਂ–13
- ਉੱਚ ਵਰਗ ਦੇ ਪ੍ਰਸਿੱਧ ਬ੍ਰਾਹਮਣ ਪਰਿਵਾਰਾਂ ਵਿੱਚੋਂ–7
- ਮੱਧ ਵਰਗ ਦੇ ਬ੍ਰਾਹਮਣ ਪਰਿਵਾਰਾਂ ਵਿੱਚੋਂ–9
- ਨੀਵੇਂ ਵਰਗ ਦੇ ਬ੍ਰਾਹਮਣ ਪਰਿਵਾਰਾਂ ਵਿੱਚੋਂ–2
- ਹੋਰ ਜਾਤਾਂ–4
- ਜਿਹਨਾਂ ਦੀ ਕੋਈ ਜਾਤ ਨਹੀਂ ਦਿੱਤੀ ਹੋਈ–11
- ਵੇਸਵਾ–4[80]

ਇਹਨਾਂ ਇਸਤਰੀਆਂ ਦੇ ਅਨੁਭਵ ਦਾ ਵਰਣਨ ਥੇਰੀਗਾਥਾ ਵਿੱਚੋਂ ਪ੍ਰਾਪਤ ਹੁੰਦਾ ਹੈ। ਜਿਸ ਲਈ ਕੋਈ ਜਾਤ–ਪਾਤ ਅਹਿਮੀਅਤ ਨਹੀਂ ਰੱਖਦੀ ਬਲਕਿ ਸੱਚੇ ਅਮਲਾਂ ਦੀ ਜ਼ਰੂਰਤ ਹੈ।

ਬੁੱਧ ਧਰਮ ਦੀਆਂ ਸਿੱਖਿਆਵਾਂ ਦਾ ਮੁੱਖ ਅਧਾਰ ਚਾਰ ਆਰੀਆ ਸੱਚ ਹਨ। ਮਹਾਤਮਾ ਬੁੱਧ ਦਾ ਪਹਿਲਾ ਮਨੋਰਥ ਹੀ ਇਹਨਾਂ ਗੱਲਾਂ ਤੋਂ ਜਾਣੂ ਕਰਵਾਉਣਾ ਸੀ ਕਿ ਦੁੱਖ ਕੀ ਹਨ?, ਦੁੱਖਾਂ ਦੇ ਕੀ ਕਾਰਨ ਹਨ? ਅਤੇ ਕਿਵੇਂ ਇਹਨਾਂ ਦਾ ਖ਼ਾਤਮਾ ਕੀਤਾ ਜਾ ਸਕਦਾ ਹੈ। ਗਿਆਨ ਪ੍ਰਾਪਤੀ ਤੋਂ ਬਾਅਦ ਪਹਿਲੇ ਉਪਦੇਸ਼ (ਧਰਮ ਚੱਕਰ ਪਰਿਵਰਤਨ) ਵਿੱਚ ਅਤੇ ਮਹਾਪਰਿਨਿਰਵਾਣ ਤੋਂ ਪਹਿਲਾਂ ਮਹਾਤਮਾ ਬੁੱਧ ਨੇ ਚਾਰ ਆਰੀਆ ਸੱਚ ਦਾ ਉਪਦੇਸ਼ ਦਿੱਤਾ ਸੀ। ਇਹਨਾਂ ਉੱਪਰ ਵਿਸ਼ਵਾਸ ਕਰਨ ਵਾਲਾ ਹੀ ਸਰੀਰ, ਬਾਣੀ ਅਤੇ ਮਨ ਦੀ ਪਵਿੱਤਰਤਾ ਰਾਹੀਂ ਬੁੱਧ ਧਰਮ ਦਾ ਅਨੁਯਾਈ ਬਣ ਸਕਦਾ ਹੈ। ਥੇਰੀਗਾਥਾ ਗ੍ਰੰਥ ਵਿੱਚੋਂ ਇਹਨਾਂ ਸਿੱਖਿਆਵਾਂ ਦਾ ਵਿਹਾਰਕ ਰੂਪ ਪ੍ਰਾਪਤ ਹੁੰਦਾ ਹੈ ਕਿ ਕਿਵੇਂ ਇਸਤਰੀਆਂ ਨੇ ਦੁੱਖ ਨੂੰ ਸਮਝਿਆ ਅਤੇ ਕਿਵੇਂ

---

[79] *QyrIgwQwpwil*, pNnw 213.

[80] "Royal and Noble Entrants 23, Entrants from Families of great Merchants 13, Entrants from Eminent Brahmin Families 7, Entrants from Lesser Brahman families 9, Entrants from poor Brahmin families 2, Entrants from other Castes 4, Entrants from Castes not given 11, Courtesans 4."

I.B.Horner, *Women under Primitive Buddhism: Laywomen and Almswomen,* pp. 167-168.

ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਦੀ ਪਾਲਨਾ ਰਾਹੀਂ ਅੰਮ੍ਰਿਤ ਪਦ (ਨਿਰਵਾਣ) ਦੀ ਪ੍ਰਾਪਤੀ ਕੀਤੀ ਸੀ। ਇਹਨਾਂ ਥੇਰੀਆਂ ਦੀ ਅਨੁਭਵਮਈ ਜ਼ਿੰਦਗੀ ਰਾਹੀਂ ਮਹਾਤਮਾ ਬੁੱਧ ਦੇ ਉਪਦੇਸ਼ਾਂ ਤੋਂ ਰੂ-ਬਰੂ ਹੋਣ ਦਾ ਮੌਕਾ ਪ੍ਰਾਪਤ ਹੁੰਦਾ ਹੈ। ਇੱਥੋਂ ਤੱਕ ਕਿ ਥੇਰੀਗਾਥਾ ਗ੍ਰੰਥ ਵਿੱਚੋਂ 'ਅਰਹੰਤ' ਦੀ ਪੂਰਨ ਪਰਿਭਾਸ਼ਾ ਹਾਸਲ ਹੁੰਦੀ ਹੈ।[81]

ਇਹ ਇਸਤਰੀਆਂ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਤੋਂ ਜਾਣੂ ਸਨ। ਉਹ ਹਰ ਇੱਕ ਪਹਿਲੂ ਤੋਂ ਵਾਕਿਫ਼ ਸਨ ਜਿਹਨਾਂ ਨਾਲ ਦੁਨਿਆਵੀ ਮੋਹ ਤਿਆਗਿਆ ਜਾ ਸਕਦਾ ਹੈ। ਇਸ ਦੀਆਂ ਉਦਾਹਰਨਾਂ ਇਹਨਾਂ ਦੇ ਅਨੁਭਵੀ ਜੀਵਨ ਵਿੱਚੋਂ ਸਹਿਜੇ ਹੀ ਮਿਲ ਜਾਂਦੀਆ ਹਨ। ਉਹਨਾਂ ਦੁਆਰਾ ਰਚੇ ਸਾਹਿਤ ਵਿੱਚ ਪ੍ਰਮੁੱਖ ਤੌਰ ਤੇ ਸਰੀਰ, ਧੰਨ ਸੰਪਤੀ, ਕਾਮਵਾਸ਼ਨਾ, ਵਿਛੋੜਾ, ਬ੍ਰਾਹਮਣ ਆਦਿ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ।

**4.1 ਸਰੀਰ:** ਮਨੁੱਖ ਸਰੀਰ ਨੂੰ ਹੀ ਆਪਣੀ ਜ਼ਿੰਦਗੀ ਸੋਚਦਾ ਹੋਇਆ ਹਮੇਸ਼ਾ ਸਜਾਉਣ ਸੰਵਾਰਨ ਵਿੱਚ ਰੁੱਝਿਆ ਰਹਿੰਦਾ ਹੈ, ਪਰ ਗਿਆਨੀ ਪੁਰਖ ਇਸ ਸਰੀਰ ਨੂੰ ਮਿੱਟੀ ਮੰਨਦੇ ਹੋਏ ਅੰਦਰੂਨੀ ਸੱਚ ਦੀ ਭਾਲ ਵਿੱਚ ਰਹਿੰਦੇ ਹਨ। ਮਹਾਤਮਾ ਬੁੱਧ ਅਨੁਸਾਰ ਸਰੀਰ ਸਿਰਫ਼ ਮਿੱਟੀ ਹੈ ਪਰ ਇਸ ਅੰਦਰ ਦੇ ਸੱਚ ਦੀ ਭਾਲ ਲਈ ਮਿੱਟੀ ਦਾ ਹੋਣਾ ਵੀ ਜ਼ਰੂਰੀ ਦੱਸਿਆ ਹੈ। ਇਹਨਾਂ ਅਨੁਸਾਰ ਅਗਿਆਨ ਰੂਪੀ ਹਨੇਰਮਈ ਜ਼ਿੰਦਗੀ ਨੂੰ ਤਿਆਗ ਕੇ ਖ਼ੁਦ ਆਪਣੇ ਹਿਰਦੇ ਦੇ ਪ੍ਰਕਾਸ਼ ਵਿੱਚ ਆਪਣਾ ਮਾਰਗ ਲੱਭਣਾ ਅਸਲੀ ਜ਼ਿੰਦਗੀ ਹੈ। ਮਹਾਤਮਾ ਬੁੱਧ ਸਰੀਰ ਦੇ ਬਾਲਾਂ, ਨਾਖੁਨ, ਹੱਡੀਆਂ, ਨਾੜੀਆਂ, ਲਹੂ, ਲਾਰ, ਪਸੀਨਾ ਅਤੇ ਮਲ-ਮੂਤਰ ਆਦਿ ਨੂੰ ਗੰਦਗੀ ਵਜੋਂ ਪਰਿਭਾਸ਼ਿਤ ਕਰਦੇ ਹਨ। ਸਿਰ ਤੋਂ ਲੈਕੇ ਪੈਰਾਂ ਤੱਕ ਇਹੀ ਕੁੱਝ ਹੈ, ਇਹਨਾਂ ਵਿੱਚੋਂ ਕੋਈ ਵੀ ਵਸਤੂ ਸੁੰਦਰ ਕਹਿਲਾਉਣ ਦੇ ਲਾਇਕ ਨਹੀਂ। ਇਸ ਤਰ੍ਹਾਂ ਜਾਤਕ ਕਥਾ ਵਿੱਚ ਇਸਤਰੀ ਦੁਆਰਾ ਸਰੀਰ ਦੀਆਂ 32 ਤਰ੍ਹਾਂ ਦੀਆਂ ਗੰਦਗੀਆਂ ਦਾ ਵਰਣਨ ਕੀਤਾ ਹੋਇਆ ਹੈ, ਇਹ ਗੰਦਗੀ ਭਰਪੂਰ ਘੜਾ ਹੈ ਜਿਸਨੂੰ ਰੂਹਾਨੀ ਪੱਖ ਤੋਂ ਸੁੰਦਰ ਬਨਾਉਣ ਦੀ ਜ਼ਰੁਰਤ ਦੱਸੀ ਹੈ।[82] ਮੁਰਦੇ ਦੇ ਸਰੀਰ ਵੱਲ ਵੇਖੀਏ ਤਾਂ ਹਰ ਇਨਸਾਨ ਚੁਕੰਨਾ ਹੋ ਜਾਵੇ ਕਿ ਬੁੱਧੀ ਪੂਰਵਕ ਜੀਵਨ ਸਾਧਨਾ ਲਈ ਬਹੁਤ ਛੋਟਾ ਹੈ, ਜਿਸ ਦੇ ਖ਼ਤਮ ਹੁੰਦੇ ਹੀ ਸੱਚ ਦੀ ਪ੍ਰਾਪਤੀ ਦਾ ਅਵਸਰ ਵੀ ਖ਼ਤਮ ਹੋ ਜਾਵੇਗਾ। ਜਦੋਂ ਸਾਧਕ ਸਰੀਰ ਦੀ ਗੰਦਗੀ ਉੱਪਰ ਵਿਚਾਰ ਕਰੇਗਾ ਤਦ ਹੀ ਇਸ ਦੀ ਅਸਲੀਅਤ ਨੂੰ ਜਾਣ ਕੇ, ਅਸਲੀ ਸੱਚ ਦੀ ਭਾਲ ਵਿੱਚ ਰੁਝੇਗਾ। ਇਹਨਾਂ ਵਿਚਾਰਾਂ ਦੇ ਵਿਹਾਰਕ ਪੱਖ ਦਾ ਚਾਨਣਾ ਖੇਮਾ(138-144), ਸੁੰਦਰੀਨੰਦਾ(82-86), ਅਭਿਰੂਪਾ ਨੰਦਾ(19-20),

---

[81] "...The Pali Theragatha and Therigatha which provide a relatively complete definition of the Buddhist Saint, this time as Arhant."
Reginald A. Roy, *Buddhist Saints in India: A Study in Buddhist Values and Orientations*, Oxford University Press, New York, 1994, p. 79.

[82] *jwqk,* phlw Bwg, pNnw 238.

ਅਭਯਮਾਤਾ(33-34) ਦੀਆਂ ਗਾਥਾਵਾਂ ਤੋਂ ਪ੍ਰਾਪਤ ਹੁੰਦਾ ਹੈ ਕਿ ਸਰੀਰ ਦੁਰਗੰਧ ਨਾਲ ਭਰਪੂਰ ਅਤੇ ਵਿਨਾਸ਼ ਸੁਭਾਅ ਵਾਲਾ ਹੁੰਦਾ ਹੈ। ਇਸ ਦੇ ਪਿਆਰ ਵਸ ਰਹਿਣਾ ਸਭ ਤੋਂ ਵੱਡੀ ਮੂਰਖਤਾ ਹੈ। ਧਰਮ ਸਾਧਨਾ ਰਾਹੀਂ ਇਹਨਾਂ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਤਰ੍ਹਾਂ ਹੀ ਧੱਮਾ(17), ਵਿਮਲ (72-76), ਨੰਦੋਤਰਾ(87-91) ਦੇ ਅਧਿਆਤਮਿਕ ਅਨੁਭਵ ਵਿੱਚੋਂ ਸਰੀਰ ਨੂੰ ਦੁਰਗੰਧਮਈ, ਅਪਵਿੱਤਰ ਜਾਣ ਕੇ ਨਿਰਵਾਣ ਦੇ ਰਾਹ ’ਤੇ ਚੱਲਣ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਮਰਪਾਲੀ (252-270) ਜੋ ਵੈਸ਼ਾਲੀ ਦੀ ਇੱਕ ਪ੍ਰਸਿੱਧ ਗਣਿਕਾ ਸੀ, ਜਿਸ ਦੇ ਰਹੱਸਮਈ ਅਨੁਭਵ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਜਵਾਨ ਸਰੀਰ ਕੁਦਰਤ ਦੀ ਖੂਬਸੂਰਤੀ ਬਰਾਬਰ ਹੁੰਦਾ ਹੈ। ਜੋ ਖੂਬਸੂਰਤ ਸਰੀਰ ਸਾਰਿਆਂ ਨੂੰ ਆਕਰਸ਼ਿਤ ਕਰਨ ਵਿੱਚ ਰੁਝਿਆ ਹੁੰਦਾ ਹੈ ਉਹ ਅਸਲ ਵਿੱਚ ਧਰਮ ਸਾਧਨਾ ਲਈ ਪ੍ਰਾਪਤ ਹੋਇਆ ਇੱਕ ਅਨਮੋਲ ਰਤਨ ਹੈ। ਪਰ ਇਨਸਾਨ ਕਾਮਭੋਗਾਂ ਵਿੱਚ ਲੀਨ ਅਸਲ ਮਨੋਰਥ ਤੋਂ ਦੂਰ ਹੋ ਜਾਂਦਾ ਹੈ। ਬੁੱਢੇ ਹੋਣ ’ਤੇ ਜਦੋਂ ਪੁਰਾਣੇ ਘਰ ਦੀ ਤਰ੍ਹਾਂ ਥਾਂ-ਥਾਂ ਤੋਂ ਖੇਰੂ-ਖੇਰੂ ਹੋਇਆ ਪਿਆ ਹੁੰਦਾ ਹੈ ਤਾਂ ਉਸ ਸਮੇਂ ਇਨਸਾਨ ਕੋਲ ਪਛਤਾਵੇ ਅਤੇ ਬੇਬਸੀ ਤੋਂ ਬਿਨ੍ਹਾਂ ਕੁੱਝ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਸੁਮੇਧਾ (450-524) ਸਰੀਰ ਦੀ ਖੂਬਸੂਰਤੀ ਨੂੰ ਅੰਦਰੂਨੀ ਸੱਚ ਤੋਂ ਦੂਰ ਹੋਣ ਦਾ ਕਾਰਨ ਦੱਸਦੀ ਹੈ। ਇਹਨਾਂ ਇਸਤਰੀਆਂ ਦੇ ਰਹੱਸਮਈ ਗਾਥਾਵਾਂ ਦਾ ਮੁੱਖ ਉਪਦੇਸ਼ ਅਨਮੋਲ ਰਤਨ ਰੂਪੀ ਸਰੀਰ ਅਤੇ ਬਖ਼ਸ਼ੀ ਹੋਈ ਬੁੱਧੀ ਦੇ ਸਦਉਪਯੋਗ ਤੋਂ ਹੈ।

**4.2 ਧੰਨ ਸੰਪਤੀ:** ਆਮ ਤੌਰ ਤੇ ਇਹ ਧਾਰਨਾ ਪ੍ਰਚਲਿਤ ਹੈ ਕਿ ਧਨ ਸੰਪਤੀ ਇਨਸਾਨ ਨੂੰ ਸਰੀਰਕ ਅਤੇ ਮਾਨਸਿਕ ਪੱਖ ਤੋਂ ਸਕੂਨ ਦਿੰਦੀ ਹੈ। ਅਸਲ ਵਿੱਚ ਇਹ ਸਭ ਕੁੱਝ ਇਨਸਾਨ ਨੂੰ ਲਗਿਆ ਇੱਕ ਨਸ਼ਾ ਹੈ। ਮਹਾਤਮਾ ਬੁੱਧ ਦੇ ਜਨਮ ਸਮੇਂ ਹਰ ਇਨਸਾਨ ਇਸ ਨਸ਼ੇ ਵਿੱਚ ਡੁੱਬ ਕੇ ਆਪਣੀ ਸੁਧ-ਬੁਧ ਖੋਈ ਬੈਠਾ ਸੀ। ਚਾਹੇ ਉਹ ਇਨਸਾਨ ਧਾਰਮਿਕ ਆਗੂ ਹੀ ਕਿਉਂ ਨਹੀਂ ਸੀ। ਸਭ ਲਾਲਸੀ ਬਣ ਬੈਠੇ ਸਨ। ਮਹਾਤਮਾ ਬੁੱਧ ਨੇ ਇਸ ਨਸ਼ੇ ਦੀ ਥਾਂ ’ਤੇ ਅਮ੍ਰਿਤ ਰੂਪੀ ਅਧਿਆਤਮਿਕ ਗਿਆਨ ਤੋਂ ਜਾਣੂ ਕਰਵਾਇਆ ਸੀ। ਜਿਸ ਦੇ ਵਿਹਾਰਕ ਪੱਖ ਦੀ ਸਭ ਤੋਂ ਵੱਡੀ ਉਦਾਹਰਨ ਉਹਨਾਂ ਦੀ ਜ਼ਿੰਦਗੀ ਹੈ, ਕਿਵੇਂ ਉਹਨਾਂ ਨੇ ਸਾਰਾ ਰਾਜ-ਪਾਠ, ਮਹਿਲ ਅਤੇ ਧੰਨ-ਸੰਪਤੀ ਤਿਆਗ ਕੇ ਗਿਆਨ ਪ੍ਰਾਪਤੀ ਕੀਤੀ ਜਿਸ ਰਾਹੀਂ ਸਾਰੀ ਦੁਨੀਆ ਦਾ ਪਾਰ ਉਤਾਰਾ ਕੀਤਾ ਸੀ। ਮਹਾਤਮਾ ਬੁੱਧ ਅਨੁਸਾਰ ਅਸਲੀ ਧੰਨ ਸੰਪਤੀ ਗਿਆਨ ਹੈ। ਇਹ ਦੁਨਿਆਵੀ ਸੁੱਖ ਸਹੂਲਤਾਂ ਕੁੱਝ ਸਮੇਂ ਲਈ ਹੀ ਅਨੰਦਮਈ ਲੱਗਦੀਆਂ ਹਨ, ਅਸਲੀ ਗਿਆਨ ਹੀ ਸੁਖਦਾਈ ਜੀਵਨ ਦੇ ਸਕਦਾ ਹੈ। ਇਸ ਵਿਚਾਰ ਨੂੰ ਧਾਰਨ ਵਾਲੀਆਂ ਖੇਮਾ, ਸੁਮਨਾ, ਸ਼ੈਲਾ, ਸੁਮੇਧਾ ਆਦਿ ਕੋਸ਼ਲ ਅਤੇ ਮਗਧ ਰਾਜਵੰਸ਼ ਦੀਆਂ ਇਸਤਰੀਆਂ ਸਨ। ਇਹਨਾਂ ਤੋਂ ਇਲਾਵਾ ਆਪਣਾ ਘਰ-ਬਾਰ, ਧੰਨ ਸੰਪਤੀ ਤਿਆਗਣ ਵਾਲੀਆਂ ਹੋਰ ਵੀ ਕਈ ਅਮੀਰ ਇਸਤਰੀਆਂ ਸਨ। ਇਸ ਤਰ੍ਹਾਂ ਸ਼ੁਭਾ ਕਰਮਾਰਧੀਤਾ(339-367), ਸੁਮੇਧਾ (450-524) ਦੇ ਅਧਿਆਤਮਿਕ ਅਨੁਭਵ ਰਾਹੀਂ ਇਹ ਜ਼ਿਕਰ ਪ੍ਰਾਪਤ ਹੁੰਦਾ ਹੈ ਕਿ ਇਹ ਸੰਸਾਰਿਕ ਐਸ਼

ਅਰਾਮ ਦੀਆਂ ਵਸਤੂਆਂ ਸੋਨਾ-ਚਾਂਦੀ, ਨੌਕਰ-ਚਾਕਰ ਅਤੇ ਪੈਸਾ ਸਭ ਦੁੱਖਾਂ ਦੇ ਕਾਰਨ ਹਨ। ਅਗਿਆਨੀ ਸੱਪ ਵਰਗੇ ਜ਼ਹਿਰੀਲੇ ਭੋਗ ਵਿਲਾਸਾਂ ਵਿੱਚ ਫਸਿਆ ਮਨੁੱਖ ਅਸਲੀ ਸੱਚ ਤੋਂ ਕੋਹਾਂ ਦੂਰ ਰਹਿ ਜਾਂਦਾ ਹੈ ਅਤੇ ਨਰਕ ਵਿੱਚ ਦੁੱਖਾਂ ਦਾ ਭਾਗੀ ਬਣਦਾ ਹੈ। ਆਡਯਕਾਸ਼ੀ (25-26) ਅਤੇ ਅਨੁਪਮਾ (151-156) ਦੇ ਅਨੁਭਵਮਈ ਅਭਿਆਸ ਅਨੁਸਾਰ ਜ਼ਿੰਦਗੀ ਦੀ ਅਸਲੀ ਸੰਪਤੀ ਧਰਮ ਸਾਧਨਾ ਰਾਹੀਂ ਹਾਸਲ ਕੀਤੀ ਸ਼ਾਂਤੀ ਹੀ ਹੈ। ਇਹਨਾਂ ਦੇ ਅਨੁਭਵ ਤੋਂ ਮਹਾਤਮਾ ਬੁੱਧ ਦੇ ਉਪਦੇਸ਼ਾਂ ਦਾ ਹੀ ਰੰਗ ਨਜ਼ਰ ਆਉਂਦਾ ਹੈ ਕਿ ਸੰਸਾਰ ਵਿੱਚ ਸਭ ਕੁੱਝ ਅਨਿੱਤ ਹੈ।

**4.3 ਕਾਮਵਾਸ਼ਨਾ:** ਮਹਾਤਮਾ ਬੁੱਧ ਨੇ ਸਰੀਰ ਅਤੇ ਬਾਣੀ ਦੀ ਪਵਿੱਤਰਤਾ ਦੇ ਨਾਲ ਮਨ ਦੀ ਪਵਿੱਤਰਤਾ ਉੱਪਰ ਵੀ ਜ਼ੋਰ ਦਿੱਤਾ ਹੈ। ਮਨ ਵਿੱਚ ਬੁਰੇ ਖ਼ਿਆਲਾਂ ਦੀ ਧਾਰਨਾ ਕਰਨ ਵਾਲਾ ਇਨਸਾਨ ਕਦੇ ਵੀ ਸੁੱਖ ਦੀ ਭਾਲ ਨਹੀਂ ਕਰ ਸਕਦਾ। ਉਹ ਕਾਮਵਾਸ਼ਨਾ ਜਿਹੇ ਵਿਚਾਰਾਂ ਵਿੱਚ ਰੁੱਝਿਆ ਆਪਣੇ ਆਪ ਨੂੰ ਹਨੇਰੇ ਵਿੱਚ ਹੀ ਧੱਕਦਾ ਹੈ। ਉਤਪਲਵਰਣਾ(224-235) ਨੇ ਕਾਮਭੋਗਾਂ ਨੂੰ ਅਪਵਿੱਤਰ ਅਤੇ ਦੁਰਗੰਧਯੁਕਤ ਕੰਡਿਆਂ ਨਾਲ ਭਰਪੂਰ ਕਿਹਾ ਹੈ। ਅਜਿਹੀ ਜ਼ਿੰਦਗੀ ਨੂੰ ਧਿਰਕਾਰਦੇ ਹੋਏ ਸਾਧਨਾ ਰਾਹੀਂ ਛੁਟਕਾਰਾ ਪਾਉਣ ਦਾ ਉਪਦੇਸ਼ ਦਿੱਤਾ ਹੈ। ਇਸ ਤਰ੍ਹਾਂ ਹੀ ਮੁਕਤਾ(2), ਤਿਸ਼ਯਾ(4), ਉਪਸ਼ਮਾ(10) ਆਦਿ ਦੇ ਜੀਵਨ ਤੋਂ ਕਾਮ, ਭਵ, ਦ੍ਰਿਸ਼ਟੀ ਅਤੇ ਅਵਿੱਦਿਆ ਤੋਂ ਮੁਕਤੀ ਪ੍ਰਾਪਤ ਕਰਨ ਦਾ ਜ਼ਿਕਰ ਮਿਲਦਾ ਹੈ।

**4.4 ਵਿਛੋੜਾ:** ਮਹਾਤਮਾ ਬੁੱਧ ਦਾ ਪਹਿਲਾ ਅਤੇ ਆਖਰੀ ਉਪਦੇਸ਼ ਦੁੱਖ ਨਿਵਰਤੀ ਨਾਲ ਹੀ ਸੰਬੰਧਿਤ ਹੈ। ਦੁੱਖ ਕੀ ਹੈ? ਕਿਵੇਂ ਦੁੱਖਾਂ ਦੀ ਨਿਵਰਤੀ ਨਾਲ ਇਨਸਾਨ ਸੁਖਮਈ ਜ਼ਿੰਦਗੀ ਬਤੀਤ ਕਰ ਸਕਦਾ ਹੈ। ਮਹਾਨ ਸੱਚਾਈ ਹੀ ਇਹ ਹੈ ਕਿ ਚਿੰਤਨਮਈ ਜੀਵਨ ਜੀਣ ਵਾਲੇ ਇਨਸਾਨਾਂ ਲਈ ਸਭ ਕੁੱਝ ਦੁਖਦਾਇਕ ਹੈ, ਜਨਮ ਲੈਣਾ, ਬੁਢਾਪਾ, ਰੋਗ ਲੱਗਣਾ, ਮੌਤ ਆਦਿ ਸਾਰੇ ਦੁੱਖਾਂ ਦੇ ਹੀ ਕਾਰਨ ਹਨ। ਮਨੁੱਖ ਲਈ ਇਛਾਵਾਂ ਅਤੇ ਪਿਆਰ ਸਭ ਤੋਂ ਵੱਡੇ ਦੁੱਖ ਹਨ। ਇੱਛਾ ਪੂਰੀ ਨਾ ਹੋਣ ਅਤੇ ਪਿਆਰੇ ਦੇ ਵਿਛੋੜੇ ਵਿੱਚ ਇਨਸਾਨ ਦੁੱਖੀ ਹੁੰਦਾ ਹੈ। ਇਹਨਾਂ ਦੁੱਖਾਂ ਤੋਂ ਬਚਣ ਲਈ ਤ੍ਰਿਸ਼ਣਾਵਾਂ ਉੱਪਰ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਹੀ ਥੇਰੀਗਾਥਾ ਗ੍ਰੰਥ ਵਿੱਚੋਂ ਭਿੱਖਣੀਆਂ ਦੇ ਜੀਵਨ ਅਨੁਭਵ ਤੋਂ ਪਤਾ ਚੱਲਦਾ ਹੈ ਕਿ ਆਪਣੇ ਪਿਆਰਿਆਂ (ਪੁੱਤਰ, ਮਾਤਾ-ਪਿਤਾ, ਪਤੀ ਆਦਿ) ਦੇ ਵਿਛੋੜੇ ਵਿੱਚ ਦੁੱਖੀ ਇਸਤਰੀਆਂ ਨੇ ਸਮਾਜ ਵਿੱਚ ਦੁੱਖਦਾਈ ਜ਼ਿੰਦਗੀ ਜੀਉਣ ਦੀ ਥਾਂ ’ਤੇ ਉੱਚੇਰੀ ਜ਼ਿੰਦਗੀ ਦਾ ਰਾਹ ਚੁਣਿਆ ਸੀ। ਜਿਵੇਂ ਸਾਮਾ(37-38) ਦੋਸਤ ਦੇ ਵਿਛੋੜੇ ਕਾਰਨ, ਉਬੇਰੀ(41-43) ਆਪਣੀ ਜੀਵਾ ਬੱਚੀ ਦੇ ਮਰਨ ’ਤੇ, ਕਿੱਸਾ ਗੌਤਮੀ ਅਤੇ ਵੱਸਿਠੀ (133-138) ਬੇਟੇ ਦੀ ਮੌਤ ਕਾਰਨ, ਸੁੰਦਰੀਨੰਦਾ(82-86) ਪਰਿਵਾਰ ਦੇ ਸਾਰੇ ਮੈਂਬਰਾਂ ਦੇ ਪ੍ਰਵ੍ਰਜਿਤ ਹੋਣ ਉਪਰੰਤ ਵਿਛੋੜੇ ਦਾ ਦੁੱਖ ਸਹਿ ਨਾ ਸਕੀ, ਚੰਦਾ(122-126) ਸਾਰਾ ਪਰਿਵਾਰ ਗਵਾਚਣ

ਅਤੇ ਵਿਧਵਾ ਹੋਣ ਦੇ ਦੁੱਖ ਕਾਰਨ, ਪਟਾਚਾਰਾ ਸਾਰਾ ਪੇਕਾ ਪਰਿਵਾਰ, ਆਪਣੇ ਪਤੀ ਅਤੇ ਬੱਚਿਆਂ ਦੀ ਮੌਤ ਦੇ ਦੁੱਖ ਕਾਰਨ, ਮਹਾਪ੍ਰਜਾਪਤੀ ਗੌਤਮੀ ਪਤੀ ਦੀ ਮੌਤ ਤੋਂ ਬਾਅਦ ਸੰਘ ਵਿੱਚ ਪ੍ਰਵੇਸ਼ ਹੋਈ ਸੀ।

ਇਹਨਾਂ ਇਸਤਰੀਆਂ ਦੇ ਜੀਵਨ ਅਨੁਭਵ ਰਾਹੀਂ ਜਾਣਕਾਰੀ ਮਿਲਦੀ ਹੈ ਕਿ ਆਪਣੇ ਪਿਆਰਿਆਂ ਦੇ ਜਾਣ ਵਿੱਚ ਦੁੱਖ ਮਨਾਉਣ ਦੀ ਥਾਂ 'ਤੇ ਸੱਚਾਈ ਦੀ ਭਾਲ ਵਿੱਚ ਰੁੱਝਣਾ ਚਾਹੀਦਾ ਅਤੇ ਦੁੱਖਾਂ ਦਾ ਨਿਵਾਰਨ ਕਰਕੇ ਨਿਰਵਾਣ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

**4.5 ਬ੍ਰਾਹਮਣ:** ਮਹਾਤਮਾ ਬੁੱਧ ਸਾਰੀਆਂ ਬੁਰਾਈਆਂ ਤੋਂ ਦੂਰ ਰਹਿਣ ਵਾਲੇ ਸੰਜਮੀ ਇਨਸਾਨ ਦੀ ਸ਼ਲਾਘਾ ਕਰਦੇ ਹਨ। ਉਹਨਾਂ ਦੀ ਨਜ਼ਰ ਵਿੱਚ ਬ੍ਰਾਹਮਣ ਉਹ ਨਹੀਂ ਜੋ ਬ੍ਰਾਹਮਣ ਕੁਲ ਵਿੱਚ ਪੈਦਾ ਹੋਇਆ ਹੋਵੇ ਅਸਲੀ ਬ੍ਰਾਹਮਣ ਤਾਂ ਉਹ ਹੈ ਜੋ ਦੁਨਿਆਵੀ ਮੋਹ ਤਿਆਗ ਕੇ ਆਪਣੇ ਮਨ ਨੂੰ ਕਾਬੂ ਕਰ ਸਕਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਵਿੱਚ ਫਸਿਆ ਇਨਸਾਨ ਬ੍ਰਾਹਮਣ ਨਹੀਂ ਸਗੋਂ ਤਨ, ਮਨ ਤੋਂ ਪਾਕ, ਕਲਹ-ਕਲੇਸ਼ ਤੋਂ ਦੂਰ ਸੱਚੇ ਮਨੋਂ ਕੰਮ ਕਰਨ ਵਾਲਾ ਅਤੇ ਪਾਪਾਂ ਤੋਂ ਨਿਰਮਲ ਹੋਣਾ ਹੀ ਬ੍ਰਾਹਮਣ ਹੈ। ਇਸ ਪੂਰਨ ਸ਼ੁਧ ਅਤੇ ਸ਼ੀਲਵਾਨ ਬ੍ਰਾਹਮਣ ਦੇ ਵਿਅਕਤੀਤੱਵ ਦੀ ਪਰਿਭਾਸ਼ਾ ਥੇਰੀਗਾਥਾ ਗ੍ਰੰਥ ਵਿੱਚੋਂ ਇਸਤਰੀਆਂ ਦੇ ਜੀਵਨ ਅਨੁਭਵ ਤੋਂ ਬਹੁਤ ਸੋਹਣੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਪੁਰੂਣਾ(236-241) ਦੀਆਂ ਗਾਥਾਵਾਂ ਅਨੁਸਾਰ ਕਰਮਕਾਂਡੀ ਬ੍ਰਾਹਮਣਵਾਦ ਦੇ ਰੀਤੀ ਰਿਵਾਜਾਂ ਵਾਂਗੂ ਥਾਂ-ਥਾਂ 'ਤੇ ਜਾ ਕੇ ਇਸ਼ਨਾਨ ਕਰਨ ਵਾਲਾ ਇਨਸਾਨ ਪਾਪੀ ਕਰਮਾਂ ਤੋਂ ਮੁਕਤ ਨਹੀਂ ਹੋ ਸਕਦਾ। ਜੇਕਰ ਇਹ ਸੰਭਾਵਿਤ ਹੁੰਦਾ ਤਾਂ ਪਾਣੀ ਵਿੱਚ ਰਹਿਣ ਵਾਲੇ ਜੀਵ-ਜੰਤੂ ਸਵਰਗ ਦੀ ਪ੍ਰਾਪਤੀ ਕਰਦੇ। ਅਸ਼ਟਾਂਗ ਮਾਰਗ ਅਪਨਾਉਣ ਨਾਲ ਹੀ ਅਸਲੀ ਬ੍ਰਾਹਮਣ ਬਣਿਆ ਜਾ ਸਕਦਾ ਹੈ। ਕਰਮ ਕਾਂਡਾ ਵਿੱਚ ਫਸਿਆ ਬ੍ਰਾਹਮਣ ਨਹੀਂ ਸਗੋਂ ਪਾਪੀ ਕਹਿਲਾਉਣ ਦੇ ਕਾਬਿਲ ਹੁੰਦਾ ਹੈ। ਸੁੰਦਰੀ(313-338) ਅਤੇ ਰੋਹਿਣੀ(271-291) ਦੇ ਉਪਦੇਸ਼ਾਂ ਨਾਲ ਬ੍ਰਾਹਮਣਾਂ ਨੇ ਐਸ਼-ਅਰਾਮ ਦੀ ਜ਼ਿੰਦਗੀ ਤਿਆਗ ਕੇ ਨਿਮਰਤਾਪੂਰਵਕ ਜ਼ਿੰਦਗੀ ਨੂੰ ਅਪਣਾਇਆ ਅਤੇ ਕਿਹਾ ਕਿ ਪਹਿਲਾਂ ਤਾਂ ਸਿਰਫ਼ ਨਾਮ ਦੇ ਹੀ ਬ੍ਰਾਹਮਣ ਸੀ ਹੁਣ ਪ੍ਰਵ੍ਰਜਿਤ ਹੋਣ ਤੋਂ ਬਾਅਦ ਅਸਲੀ ਬ੍ਰਾਹਮਣ ਬਣੇ ਹਾਂ।

ਇਹ ਵਾਰਤਾਲਾਪ ਇਹਨਾਂ ਇਸਤਰੀਆਂ ਦੀ ਸੱਚਾਈ, ਪੱਕੇ ਇਰਾਦੇ, ਮਹਾਤਮਾ ਬੁੱਧ ਦੇ ਉਪਦੇਸ਼ਾਂ ਦਾ ਆਦਰ ਮਾਣ ਅਤੇ ਹਰ ਪੱਖ ਤੋਂ ਉਹਨਾਂ ਦੀ ਸੱਚਦਿਲੀ ਨੂੰ ਦਰਸਾਉਂਦੇ ਹਨ। ਥੇਰੀਗਾਥਾ ਗ੍ਰੰਥ ਦੀ ਤੁਲਨਾ ਵਿੱਚ ਥੇਰਗਾਥਾ ਗ੍ਰੰਥ ਕੁੱਝ ਖ਼ੁਸ਼ਕ ਵਿਚਾਰਾਂ ਅਤੇ ਨਿਰਜਿੰਦ ਭਾਵਨਾ ਵਾਲਾ ਪ੍ਰਤੀਤ ਹੁੰਦਾ ਹੈ।[83] ਇਹਨਾਂ ਗਾਥਾਵਾਂ ਵਿੱਚ ਕੁੱਝ ਥਾਵਾਂ 'ਤੇ ਮਹਾਤਮਾ ਬੁੱਧ ਦੇ ਵਚਨ ਜਾਂ ਹੋਰ ਵਾਰਤਾਲਤਪ ਬਿਆਨੇ ਗਏ ਹਨ ਪਰ ਬਹੁ ਸਮੂਹ ਵਿੱਚ ਇਸਤਰੀਆਂ ਦੁਆਰਾ ਲਿੱਖੀਆ ਗਈਆਂ ਗਾਥਾਵਾਂ ਹੀ ਹਨ, ਜੋ ਹਰ ਇਸਤਰੀ ਦੇ

---

[83] "In contrast with the bustling vitality presented in the Therigatha, the Theragatha's descriptions are dry and lifeless."
Kathryn R. Blackstone, *Women in the Footsteps of the Buddha: Struggle for Liberation in the Therigatha*, p.42.

ਦਿਲ ਦੀ ਅਵਾਜ਼ ਸੀ। ਹਰ ਇਸਤਰੀ ਇੰਨੀ ਸੂਝਮਤਾ ਵਾਲੀ ਸੀ, ਜਿਹਨੇ ਦੁੱਖਾਂ ਤੋਂ ਨਿਵਰਤੀ, ਨਿਰਵਾਣ ਦੀ ਪ੍ਰਾਪਤੀ ਅਤੇ ਆਪਣੇ ਰਹੱਸਮਈ ਅਨੁਭਵ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਇਸਤਰੀਆਂ ਵੀ ਆਪਣੇ ਆਪ ਲਈ, ਆਪਣੀ ਜ਼ਿੰਦਗੀ ਲਈ ਅਤੇ ਨਿਰਵਾਣ ਪ੍ਰਾਪਤੀ ਲਈ ਮਰਦਾਂ ਵਾਂਗ ਹੀ ਕਾਬਲੀਅਤ ਰੱਖਦੀਆਂ ਸਨ ਅਤੇ ਮਹਾਤਮਾ ਬੁੱਧ ਨੇ ਉਹਨਾਂ ਨੂੰ ਕਾਬਲੀਅਤ ਦਿਖਾਉਣ ਦਾ ਮੌਕਾ ਵੀ ਮੁਹੱਈਆ ਕਰਵਾਇਆ ਸੀ।

## 5. ਨਿਰਵਾਣ:

ਨਿਰਵਾਣ ਦੁਨੀਆ ਦੇ ਹਰ ਧਰਮ ਦੀ ਇੱਕ ਸਾਂਝੀ ਕੜੀ ਹੈ। ਸਾਰੇ ਧਰਮ ਅਤੇ ਦਰਸ਼ਨ ਮਨੁੱਖੀ ਜੀਵਨ ਦੇ ਇਸ ਅਸਲੀ ਮੰਤਵ ਨੂੰ ਪੇਸ਼ ਕਰਦੇ ਹਨ। ਇਸ ਮੰਤਵ ਦੀ ਪ੍ਰਾਪਤੀ ਲਈ ਹਰ ਧਰਮ ਵਿੱਚ ਸਿੱਖਿਆਵਾਂ ਅਤੇ ਮਾਰਗ ਵੱਖ-ਵੱਖ ਰੂਪਾਂ ਵਿੱਚ ਵਿਚਾਰੇ ਗਏ ਹਨ। ਪਰ ਇਹ ਵਖਰੇਵਾਂ ਇਸ ਤਰ੍ਹਾਂ ਹੈ ਜਿਵੇਂ ਇੱਕ ਭਵਨ ਦੇ ਵੱਖ-ਵੱਖ ਕੋਨਿਆਂ ਵਿੱਚੋਂ ਲਏ ਗਏ ਚਿੱਤਰ ਅਲੱਗ-ਅਲੱਗ ਹੋ ਕੇ ਵੀ ਉਸ ਦੀ ਅਸਲੀ ਹੋਂਦ ਜਾਂ ਤੱਥ ਨੂੰ ਹੀ ਬਿਆਨ ਕਰਦੇ ਹੋਣ। ਬੁੱਧ ਧਰਮ ਦੇ ਪਰਮ ਲਕਸ਼ ਨਿਰਵਾਣ ਨੂੰ ਦੋ ਸ਼ਬਦਾਂ ਦਾ ਜੋੜ ਦੱਸਿਆ ਹੈ- 'ਨਿ' ਅਤੇ 'ਵਾਣ'।'ਨਿ' ਤੋਂ ਭਾਵ ਨਹੀਂ, ਅੰਤ ਅਤੇ 'ਵਾਣ' ਤੋਂ ਭਾਵ ਦੁੱਖ, ਲਾਲਸਾ ਆਦਿ। ਇਸ ਤਰ੍ਹਾਂ ਨਿਰਵਾਣ ਦਾ ਅਰਥ ਸਭ ਇੱਛਾਵਾਂ, ਦੁੱਖਾਂ ਤੋਂ ਮੁਕਤੀ ਹੈ। ਕਈ ਵਿਦਵਾਨਾਂ ਅਨੁਸਾਰ ਨਿਰਵਾਣ ਦਾ ਸ਼ਾਬਦਿਕ ਅਰਥ ਬੁਝਣਾ ਜਾਂ ਸ਼ਾਂਤ ਹੋਣ ਤੋਂ ਲਿਆ ਜਾਂਦਾ ਹੈ। ਇਸ ਸ਼ਾਂਤ ਜਾਂ ਬੁਝਣ ਤੋਂ ਭਾਵ ਦੁੱਖਾਂ, ਵਿਕਾਰਾਂ, ਤ੍ਰਿਸ਼ਨਾ, ਹਉਮੈਂ ਆਦਿ ਦੇ ਸ਼ਾਂਤ ਹੋਣ ਤੋਂ ਹੈ। ਇਹਨਾਂ ਸਾਰੇ ਵਿਕਾਰਾਂ ਉੱਪਰ ਕਾਬੂ ਪਾ ਕੇ ਮਨੁੱਖ ਇੱਕ ਐਸੀ ਅਵਸਥਾ ਵਿੱਚ ਪਹੁੰਚਦਾ ਹੈ, ਜਿੱਥੇ ਦੁੱਖ-ਸੁੱਖ, ਸਹੀ-ਗਲਤ ਅਤੇ ਚੰਗੇ-ਮਾੜੇ ਦਾ ਕੋਈ ਭੇਦ ਨਹੀਂ ਰਹਿ ਜਾਂਦਾ। ਨਿਰਵਾਣ ਅਸਲ ਵਿੱਚ ਸੁਤੰਤਰਤਾ ਅਤੇ ਪਵਿੱਤਰਤਾ ਦਾ ਮਾਰਗ ਹੈ, ਜਿਸ ਵਿੱਚ ਇਨਸਾਨ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਹਾਸਲ ਕਰਦਾ ਹੈ। ਇਹ ਪ੍ਰਾਪਤ ਪਰਮ ਅਨੰਦ ਸਰਵਉੱਚ ਸੱਚ, ਸਰਵਉੱਚ ਦਰਸ਼ਨ ਅਤੇ ਸੱਚਾ ਅਨੁਭਵ ਹੈ। ਧੱਮਪਦ ਵਿੱਚ ਸੱਚੇ ਅਨੁਭਵ(ਨਿਰਵਾਣ) ਨੂੰ ਅੰਮ੍ਰਿਤ ਪਦ ਕਹਿ ਕੇ ਸਲਾਹਿਆ ਗਿਆ ਹੈ।[84] ਇਸ ਅਵਸਥਾ ਵਿੱਚ ਜੋ ਅਨੰਦ, ਖੇੜੇ, ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ, ਉਸ ਤੋਂ ਵੱਡਾ ਕੋਈ ਸੁੱਖ ਨਹੀਂ। ਧੱਮਪਦ ਅਨੁਸਾਰ, "ਮੋਹ ਮਾਇਆ ਤੋਂ ਵਧ ਕੇ ਅੱਗ ਨਹੀਂ ਹੈ, ਈਰਖਾ ਤੋਂ ਵਧ ਕੇ ਬੁਰਾਈ ਨਹੀਂ, ਪਚਸਕੰਧਾਂ (ਰੂਪ, ਵੇਦਨਾ, ਸੰਗਿਆ, ਸੰਸਕਾਰ ਤੇ ਵਿਗਿਆਨ) ਤੋਂ ਵਧ ਕੇ ਦੁੱਖ ਨਹੀਂ ਤੇ ਸ਼ਾਂਤੀ ਤੋਂ ਵਧ ਕੇ ਸੁਖ ਨਹੀਂ ਹੈ।"[85]

---

84 *ਧੱਮਪਦ*, ਪੰਨਾ 92.

85 ਉਹੀ, ਪੰਨਾ 114.

ਨਿਰਵਾਣ ਨੂੰ ਸਮਝਾਉਣ ਲਈ ਮਹਾਤਮਾ ਬੁੱਧ ਨੇ ਅਸਲੀ ਦੁੱਖ, ਦੁੱਖ ਸਮੁਦਾਯ ਅਤੇ ਦੁੱਖ ਨਿਰੋਧ ਦਾ ਉਪਦੇਸ਼ ਦਿੱਤਾ ਹੈ। ਮਨੁੱਖ ਦੇ ਦੁੱਖਾਂ ਦਾ ਆਧਾਰ ਅਵਿੱਦਿਆ ਅਤੇ ਸੰਸਕਾਰ ਹਨ, ਜਿਹਨਾਂ ਕਾਰਨ ਮਨ ਵਿੱਚ ਤ੍ਰਿਸ਼ਨਾ ਪੈਦਾ ਹੁੰਦੀ ਹੈ। ਇਹਨਾਂ ਦੁੱਖਾਂ ਦੇ ਸੱਚ ਤੋਂ ਜਾਣੂ ਹੋ ਕੇ ਨਿਰਵਾਣ ਦੇ ਮਾਰਗ ਸ਼ੀਲ, ਸਮਾਧੀ, ਪ੍ਰਗਿਆ (ਅਸ਼ਟਾਂਗ ਮਾਰਗ) ਰਾਹੀਂ ਨਿਰਵਾਣ ਪਾਉਣ ਨੂੰ ਕਿਹਾ ਹੈ। ਇਹ ਹਰ ਇਨਸਾਨ ਦਾ ਅੰਦਰੂਨੀ ਅਨੁਭਵ ਅਤੇ ਅਹਿਸਾਸ ਹੈ। ਬੁੱਧ ਧਰਮ ਵਿੱਚ ਇਸ ਅਵਸਥਾ ’ਤੇ ਪਹੁੰਚੇ ਇਨਸਾਨ ਨੂੰ ‘ਅਰਹੰਤ’ ਕਿਹਾ ਗਿਆ ਹੈ। ਇਸ ਅਵਸਥਾ ਵਿੱਚ ਮਨ ਨੂੰ ਵਸ ਵਿੱਚ ਕਰਨ ਤੋਂ ਬਾਅਦ ਇਨਸਾਨ ‘ਸ਼੍ਰੋਤਾਪਨ’, ‘ਸ਼ਰਧਾਗਾਮੀ’, ‘ਅਨਾਗਾਮੀ’ ਅਵਸਥਾਵਾਂ ਤੋਂ ਗੁਜ਼ਰਦਾ ਹੋਇਆ ‘ਅਰਹੰਤ’ ਹਾਸਲ ਕਰਦਾ ਹੈ। ਧੱਮਪਦ ਅਨੁਸਾਰ ਇਨਸਾਨ ਬਾਹਰੀ ਰੂਪਾਂ ਨਾਲ ਨਹੀਂ ਸਗੋਂ ਅੰਦਰੂਨੀ ਸੰਜਮ ਨਾਲ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ।[86]

ਹਰ ਇਨਸਾਨ ਚਾਹੇ ਉਹ ਮਰਦ ਹੈ ਜਾਂ ਇਸਤਰੀ, ਉਸ ਦੇ ਬਾਹਰੀ ਵਖਰੇਵੇਂ ਦੇ ਅਨੁਸਾਰ ਉਸ ਦੀ ਅੰਦਰੂਨੀ ਸ਼ਕਤੀ ਵਿੱਚ ਅੰਤਰ ਨਹੀਂ ਵੇਖਿਆ ਜਾ ਸਕਦਾ। ਇਸ ਕਰਕੇ ਜੋ ਇਨਸਾਨ (ਮਰਦ ਅਤੇ ਇਸਤਰੀ) ਨਿਰਵਾਣ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ ਉਹ ਬਿਨਾਂ ਕਿਸੇ ਭੇਦਭਾਵ ਦੇ ਇਸ ਅਨੁਭਵ ਜਾਂ ਪਦ ਨੂੰ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਅਧਿਆਤਮਿਕ ਵਿਕਾਸ ਹਰ ਇੱਕ ਇਨਸਾਨ ਦਾ ਅੰਦਰੂਨੀ ਮੁੱਦਾ ਹੈ। ਇਨਸਾਨ ਦੇ ਬਾਹਰੀ ਕਾਰਜਾਂ, ਤਰੀਕਿਆਂ ਉੱਪਰ ਰੋਕ ਲਗਾਈ ਜਾ ਸਕਦੀ ਪਰ ਅੰਦਰੂਨੀ ਵਿਕਾਸ ਉੱਪਰ ਰੋਕ ਲਗਾਉਣੀ ਅਸੰਭਵ ਹੈ। ਇਸ ਅਧਿਆਤਮਿਕ ਵਿਕਾਸ ਨੂੰ ਗੁਪਤ ਅਨੁਭਵ ਕਿਹਾ ਜਾਂਦਾ ਹੈ। ਇਸ ਅਨੁਭਵ ਨੂੰ ਇਨਸਾਨ ਕਿਸੇ ਵੀ ਜਗ੍ਹਾ ਤੇ, ਕਿਸੇ ਵੀ ਸਮੇਂ ਪ੍ਰਾਪਤ ਕਰ ਸਕਦਾ ਹੈ। ਨਿਰਵਾਣ ਨੂੰ ਕੈਟਾਗਰੀ ਵਿੱਚ ਰੱਖ ਕੇ ਨਹੀਂ ਦੇਖਿਆ ਜਾ ਸਕਦਾ, ਨਾ ਹੀ ਲਿੰਗ ਦੇ ਪੱਖ ਤੋਂ ਬਿਆਨਿਆ ਜਾ ਸਕਦਾ ਹੈ। ਇਨਸਾਨ ਦਾ ਅੰਦਰੂਨੀ ਅਨੁਭਵ ਮਰਦ ਜਾਂ ਇਸਤਰੀ ਦੇ ਪੱਖ ਤੋਂ ਸਮਝਣਾ ਤੰਗ-ਦਿਲੀ ਅਤੇ ਦਿਖਾਵੇ ਦਾ ਕੰਮ ਲੱਗਦਾ ਹੈ। ਨਿਰਵਾਣ ਸਾਰਿਆਂ ਲਈ ਇੱਕ ਚੇਤਨਾ ਹੈ, ਇੱਕ ਰੂਪ ਹੈ, ਇੱਕ ਗਿਆਨ ਦਾ ਸੋਮਾ ਹੈ, ਜੋ ਸਾਰੇ ਵਹਿਮਾਂ-ਭਰਮਾਂ ਤੋਂ ਆਜ਼ਾਦ ਹੈ। ਸੋ ਇਹ ਚੇਤਨਾ ਕਿਵੇਂ ਮਰਦ ਅਤੇ ਇਸਤਰੀ ਨੂੰ ਅਲੱਗ-ਅਲੱਗ ਰੱਖ ਕੇ ਦੇਖੀ ਜਾ ਸਕਦੀ ਹੈ।[87]

---

[86] ਉਹੀ, ਪੰਨਾ 139.

[87] “A Growing number of women, and also some men, feel a need to identify enlightment in feminine mode. I reject the notion, however, that enlightenment can be categorized or identified with gender at all. To set up a male/female dualism with regard to the ultimate of human experience seems superficial and limiting. It is also logically untenable. Enlightenment is an awareness and not a form at all. It is consciousness free of delusions and free of unknowing. How can such an awareness be male or female?”
Karma Lekshe Tsomo (ed.), *Sakyadhita : Daughters of the Buddha*, Sri Satguru Publication, Delhi, 1998, pp. 23-24.

ਬੁੱਧ ਧਰਮ ਇਸ ਗੱਲ ਦਾ ਸਮਰਥਨ ਕਰਦਾ ਹੈ ਕਿ ਇਸਤਰੀਆਂ ਮਰਦਾਂ ਦੇ ਬਰਾਬਰ ਗਿਆਨ ਪ੍ਰਾਪਤ ਕਰਨ ਦੀਆਂ ਹੱਕਦਾਰ ਹਨ। ਮਹਾਤਮਾ ਬੁੱਧ ਨੇ ਕਿਹਾ ਕਿ ਜਿਸ (ਮਰਦ ਅਤੇ ਇਸਤਰੀ) ਦੇ ਕੋਲ ਧਰਮ ਦੇ ਚੱਕੇ, ਸਿਮ੍ਰਿਤੀ ਰੂਪੀ ਚਾਦਰ, ਧਰਮ ਸਾਰਥੀ, ਸਮਿਅੱਕ ਦ੍ਰਿਸ਼ਟੀ ਵਾਲੀ ਸਵਾਰੀ ਹੈ, ਚਾਹੇ ਉਹ ਮਰਦ ਹੈ ਜਾਂ ਇਸਤਰੀ ਉਹ ਇਸ ਸਵਾਰੀ 'ਤੇ ਚੜ੍ਹ ਕੇ ਨਿਰਵਾਣ ਤੱਕ ਪਹੁੰਚ ਜਾਵੇਗਾ।[88] ਭਾਵ ਨਿਰਵਾਣ ਪ੍ਰਾਪਤੀ ਦਾ ਰਾਹ ਇੱਕ ਹੈ, ਜਿਸ ਵਿੱਚ ਮਰਦ ਇਸਤਰੀ ਦਾ ਭੇਦ ਨਹੀਂ, ਸਿਰਫ਼ ਇਨਸਾਨ ਦੇ ਦ੍ਰਿੜ੍ਹ ਨਿਸ਼ਚੇ ਦੀ ਜ਼ਰੂਰਤ ਹੈ। ਮਹਾਤਮਾ ਬੁੱਧ ਲਈ ਕੋਈ ਛੋਟਾ ਵੱਡਾ ਨਹੀਂ ਸੀ ਸਗੋਂ ਉਹ ਤਾਂ ਖ਼ੁਦ ਇਸਤਰੀ ਨੂੰ ਅਰਹੰਤ ਬਣਨ ਦੀ ਹੱਕਦਾਰ ਦੱਸਦੇ ਹਨ। ਆਨੰਦ ਦੇ ਪੁੱਛਣ 'ਤੇ ਉਹਨਾਂ ਕਿਹਾ ਕਿ ਇਸਤਰੀਆਂ ਵੀ ਅਰਹੰਤ ਪਦ ਦੀ ਪ੍ਰਾਪਤੀ ਕਰ ਸਕਦੀਆਂ ਹਨ।[89] ਮਹਾਤਮਾ ਬੁੱਧ ਦੀ ਨਜ਼ਰ ਵਿੱਚ ਹਰ ਇਨਸਾਨ ਅਧਿਆਤਮਿਕ ਪ੍ਰਾਪਤੀ ਦੀ ਕਾਬਲੀਅਤ ਰੱਖਦਾ ਹੈ। ਇਸ ਪ੍ਰਾਪਤੀ ਵਿੱਚ ਨਾ ਉਮਰ, ਨਾ ਸਮਾਂ, ਨਾ ਲਿੰਗ, ਨਾ ਸਮਾਜਿਕ ਰੁਤਬਾ ਕੁੱਝ ਵੀ ਮਹੱਤਤਾ ਨਹੀਂ ਰੱਖਦੇ। ਮਹਾਤਮਾ ਬੱਧ ਦੇ ਅਨੁਯਾਈ ਜਾਤ-ਪਾਤ, ਉੱਚੇ-ਨੀਵੇਂ ਦੇ ਭੇਦ ਭਾਵ ਤੋਂ ਪਰ੍ਹੇ ਸਭ ਇੱਕੋ ਹੀ ਰੰਗ ਵਿੱਚ ਰੰਗੇ ਹੋਏ ਸਨ। ਜਿਵੇਂ ਉਪਾਲੀ ਭਿੱਖੂ ਨਾਈ ਸੀ, ਖਜੁੱਤਰਾ ਦਾਸੀ ਸੀ, ਸਪੋਰਾ ਜਿਸ ਨੇ ਗਲੀਆਂ ਵਿੱਚ ਘੁੰਮ ਕੇ ਸਮਾਂ ਗੁਜ਼ਾਰਿਆ ਸੀ, ਸੁਨੀਤਾ ਜਮਾਦਾਰ ਸੀ ਆਦਿ।

ਬੁੱਧ ਧਰਮ ਵਿੱਚ ਮਰਦ ਅਤੇ ਇਸਤਰੀ ਖ਼ੁਦ ਨੂੰ ਪ੍ਰਕਾਸ਼ਵਾਨ ਅਤੇ ਦੂਸਰਿਆਂ ਨੂੰ ਪ੍ਰਕਾਸ਼ਮਈ ਕਰਨ ਦਾ ਅਧਿਕਾਰ ਰੱਖਦੇ ਹਨ। ਇਸੇ ਕਰਕੇ ਬੁੱਧ ਧਰਮ ਦੇ ਪ੍ਰਚਾਰ ਅਤੇ ਵਿਕਾਸ ਵਿੱਚ ਇਸਤਰੀਆਂ ਦੇ ਸਹਿਯੋਗੀ ਹੋਣ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਇਸਤਰੀਆਂ ਨੇ ਮਰਦਾਂ ਵਾਂਗ ਹੀ ਸੱਚ ਦੇ ਰਾਹ 'ਤੇ ਚੱਲ ਕੇ ਮਹਾਨ ਪ੍ਰਚਾਰਕ ਜਾਂ ਉਪਦੇਸ਼ਕ ਹੋਣ ਦਾ ਦਰਜਾ ਹਾਸਲ ਕੀਤਾ।

ਪਹਿਲਾ ਪੱਖ ਭਿੱਖਣੀ ਦੇ ਸੰਦਰਭ ਵਿੱਚ ਹੈ, ਜੋ ਸੰਘ ਵਿੱਚ ਰਹਿੰਦੀ ਹੋਈ ਨਿਰਵਾਣ ਦੀ ਪ੍ਰਾਪਤੀ ਕਰ ਸਕਦੀ ਹੈ। ਮਹਾਤਮਾ ਬੁੱਧ ਨੇ ਭਿੱਖਣੀ ਦੇ ਗੁਣ ਅਤੇ ਔਗੁਣਾਂ ਨੂੰ ਬਿਆਨ ਦੇ ਦੱਸਿਆ ਹੈ ਕਿ ਉਸ ਨੂੰ ਕਿਹੜੇ ਗੁਣਾਂ ਰਾਹੀਂ ਸਵਰਗ ਅਤੇ ਕਿਹੜੇ ਔਗੁਣਾਂ ਕਾਰਨ ਨਰਕ ਦੀ ਪ੍ਰਾਪਤੀ ਹੁੰਦੀ ਹੈ।[90] ਭਿੱਖਣੀ ਸਦਗੁਣਾਂ ਨੂੰ ਅਪਣਾ ਕੇ, ਸੱਚ ਦੇ ਰਾਹ 'ਤੇ ਚੱਲ ਕੇ ਹੀ ਆਪਣੇ ਪਰਮ ਲਕਸ਼ ਦੀ ਪ੍ਰਾਪਤੀ ਕਰ ਸਕਦੀ ਹੈ। ਮਹਾਤਮਾ ਬੁੱਧ ਵਿਸਾਖਾ ਨਾਲ ਵਾਰਤਾਲਾਪ ਕਰਦੇ ਸਮੇਂ ਇਹ ਵਿਚਾਰ ਪ੍ਰਸਤੁਤ ਕਰਦੇ ਹਨ ਕਿ ਸਦਾਚਾਰੀ ਇਸਤਰੀ ਅਤੇ ਮਰਦ ਸੱਚ ਦੇ ਰਾਹ ਨੂੰ ਅਪਣਾ ਕੇ, ਅਸ਼ਟਾਂਗ ਮਾਰਗ ਦੀ ਪਾਲਨਾ ਕਰਦੇ ਹੋਏ ਸਵਰਗ ਦੀ ਪ੍ਰਾਪਤੀ ਕਰਦੇ ਹਨ[91] ਅਤੇ ਨਾਲ ਹੀ ਅੰਗੁਤਰ ਨਿਕਾਯ ਦੇ ਦੂਜੇ ਭਾਗ ਵਿੱਚ ਮਹਾਤਮਾ ਬੁੱਧ ਕਹਿੰਦੇ ਹਨ

---

88 *sNXuÁ inkwX,* phlw Bwg, pNnw 32.

89 *ivnX iptk,* pNnw 520.

90 *ANguqr inkwX,* dusrw Bwg, pNny 350-352.

91 *ANguqr inkwX,* phlw Bwg, pNnw 221.

ਕਿ ਚੰਗੇ ਗੁਣਾਂ ਨੂੰ ਧਾਰਨ ਕਰਨ ਵਾਲੇ ਭਿੱਖੂ-ਭਿੱਖਣੀ ਦੋ ਤਰ੍ਹਾਂ ਦੇ ਫ਼ਲਾਂ ਦੀ ਪ੍ਰਾਪਤੀ ਕਰ ਸਕਦੇ ਹਨ: ਇੱਕ ਇਸ ਜਨਮ ਵਿੱਚ ਅਰਹੰਤ ਦੀ ਪ੍ਰਾਪਤੀ ਅਤੇ ਦੂਸਰਾ ਇਸ ਜ਼ਿੰਦਗੀ ਦੇ ਪੂਰੇ ਹੋਣ ਤੋਂ ਬਾਅਦ ਵਾਪਸ ਨਾ ਆਉਣ ਦੀ ਉਪਾਧੀ( 'ਅਨਾਗਾਮੀ' )।[92] ਇਸ ਚਰਚਾ ਤੋਂ ਇਹ ਸਾਹਮਣੇ ਆਉਂਦਾ ਹੈ ਕਿ ਭਿੱਖਣੀਆਂ ਨਿਰਵਾਣ ਦੀ ਪ੍ਰਾਪਤੀ ਕਰ ਸਕਦੀਆਂ ਹਨ। ਇਸ ਵਿਚਾਰ ਦੀ ਪ੍ਰੋੜ੍ਹਤਾ 'ਥੇਰੀਗਾਥਾ' ਗ੍ਰੰਥ ਰਾਹੀਂ ਹੋ ਜਾਂਦੀ ਹੈ। ਇਸ ਗ੍ਰੰਥ ਵਿੱਚ ਭਿੱਖਣੀਆਂ ਨੇ ਆਪਣੇ ਅਨੁਭਵ ਨੂੰ ਬਿਆਨ ਕੀਤਾ ਹੈ ਕਿ ਕਿਵੇਂ ਉਹਨਾਂ ਨੇ ਦੁੱਖਾਂ ਤੋਂ ਨਿਵਿਰਤੀ ਪ੍ਰਾਪਤ ਕਰ ਕੇ ਨਿਰਵਾਣ ਦਾ ਅਨੰਦ ਮਾਣਿਆ।

iਇਸਤਰੀਆਂ ਦੇ ਸੰਘ ਵਿੱਚ ਸ਼ਾਮਿਲ ਹੋਣ ਬਾਰੇ ਇਹ ਧਾਰਨਾ ਪ੍ਰਚਲਿਤ ਹੈ ਕਿ ਇਸਤਰੀਆਂ ਆਪਣੇ ਦੁੱਖਾਂ ਤਕਲੀਫ਼ਾਂ ਜਾਂ ਜ਼ਿੰਦਗੀ ਵਿੱਚ ਇਕੱਲੇਪਣ ਤੋਂ ਤੰਗ ਹੋਣ ਕਾਰਨ ਸੰਘ ਵਿੱਚ ਸ਼ਾਮਿਲ ਹੋਈਆਂ ਸਨ। ਦੂਜੇ ਪਾਸੇ ਕੁੱਝ ਅਜਿਹੀਆਂ ਇਸਤਰੀਆਂ ਵੀ ਸਨ ਜੋ ਘਰ ਪਰਿਵਾਰ ਦੀਆਂ ਜ਼ੁੰਮੇਵਾਰੀਆਂ ਪੂਰੀਆਂ ਕਰਦੇ ਹੋਏ ਆਪਣੇ ਆਪ ਨੂੰ ਮਰਦਾਂ ਦੇ ਬਰਾਬਰ ਕਰਨ ਦੀ ਸੋਚ ਰੱਖਦੀਆਂ ਹੋਈਆਂ ਸਮਾਜਿਕ ਰਹੁਰੀਤਾਂ ਦੀ ਜਕੜਨ ਵਿੱਚੋਂ ਨਿਕਲ ਕੇ, ਖ਼ੁਦ ਨੂੰ ਆਜ਼ਾਦ ਕਰਨਾ ਚਾਹੁੰਦੀਆਂ ਸਨ ਅਤੇ ਤੀਜੇ ਪਾਸੇ ਬਹੁਤ ਅਜਿਹੀਆਂ ਇਸਤਰੀਆਂ ਵੀ ਸਨ ਜੋ ਦੁੱਖਾਂ ਦੇ ਡਰ ਤੋਂ ਨਹੀਂ ਸਗੋਂ ਅੰਦਰੂਨੀ ਸੱਚ ਦੀ ਭਾਲ ਵਿੱਚ ਸੰਘ ਦੀਆਂ ਮੈਂਬਰ ਬਣੀਆਂ ਤਾਂ ਜੋ ਨਿਰਵਾਣ ਰਾਹੀਂ ਜਨਮ ਮਰਨ ਦੇ ਚੱਕਰਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਜਿਵੇਂ ਕਿ ਸੁਜਾਤਾ, ਮੁਕਤਾ, ਸਮਾਨਾ, ਪੁਨਾ, ਸੁਮੇਧਾ, ਅੱਨਾ ਤਾਰਾ[93] ਆਦਿ ਇਸਤਰੀਆਂ ਨੇ ਗਿਆਨ ਸੰਪਤੀ ਦੀ ਪੂਰਨਤਾ ਲਈ ਸੰਘ ਵਿੱਚ ਪ੍ਰਵੇਸ਼ ਕੀਤਾ। ਇਹਨਾਂ ਭਿੱਖਣੀਆਂ ਨੇ ਮਹਾਤਮਾ ਬੁੱਧ ਦੁਆਰਾ ਦਿੱਤੇ ਅਵਸਰ ਨਾਲ ਆਪਣੀਆਂ ਇੱਛਾਵਾਂ ਨੂੰ ਪੂਰਨ ਕਰਦੇ ਹੋਏ ਅਨੰਦਮਈ ਜ਼ਿੰਦਗੀ ਬਿਤਾਈ।

ਦੂਜਾ ਪੱਖ ਉਹਨਾਂ ਇਸਤਰੀਆਂ ਦੇ ਸੰਬੰਧ ਵਿੱਚ ਹੈ ਜੋ ਉਪਾਸਿਕਾਵਾਂ (ਗ੍ਰਹਿਸਤ ਵਿੱਚ ਰਹਿੰਦੇ ਹੋਏ ਅਨੁਯਾਯੀ) ਬਣੀਆਂ। ਮਹਾਤਮਾ ਬੁੱਧ ਕਹਿੰਦੇ ਹਨ ਕਿ ਗ੍ਰਹਿਸਤ ਵਿੱਚ ਰਹਿੰਦੇ ਹੋਏ ਪੰਜਸ਼ੀਲ ਨਿਯਮਾਂ ਦੀ ਪਾਲਨਾ ਕਰਨ ਵਾਲਾ ਇਨਸਾਨ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ।[94] ਇਸ ਤਰ੍ਹਾਂ ਹੀ ਜਾਤਕ ਕਥਾ ਵਿੱਚ ਮਹਾਤਮਾ ਬੁੱਧ ਅਨੁਸਾਰ ਜੋ ਉਪਾਸਕ ਜਾਂ ਉਪਾਸਿਕਾ ਤਿੰਨ ਰਤਨਾਂ (ਬੁੱਧ, ਧੰਮ, ਸੰਘ) ਦੀ ਸ਼ਰਨ ਵਿੱਚ ਰਹਿੰਦਾ ਹੈ, ਉਹ ਨਰਕ ਵਿੱਚ ਨਹੀਂ ਜਾਂਦਾ ਸਗੋਂ ਇੱਥੇ ਹੀ ਸਾਰੇ ਦੁੱਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ।[95]

---

92 *ANguqr inkwX,* dusrw Bwg, pNnw 353.

93 "Sumedha, she inspite of the pleading and requests of her parents turned her back on the wedding-bells and retired from the world. Sumana craved to forsake the world but had to wait till the death of her grand-mother(Ayyaka). ….Annatara Their had a natural apititude for the celibate life, from her very childhood. …she took the permission of her husband and joined the Order. Mutta and Punna dawned yellow-robes as soon as they were twenty years old."
Meena Talim, *Life of Women in Buddhist Literature*, p. 11.

94 *ANguqr inkwX,* dusrw Bwg, pNny 405-406.

95 *jwqk*, phlw Bwg, pNnw 174.

ਮਹਾਤਮਾ ਬੁੱਧ ਨੇ ਗ੍ਰਹਿਸਤ ਵਿੱਚ ਰਹਿ ਰਹੀਆਂ ਇਸਤਰੀਆਂ ਨੂੰ ਉਪਦੇਸ਼ ਦੇਣ ਤੋਂ ਕਦੇ ਵੀ ਸੰਕੋਚ ਨਹੀਂ ਕੀਤਾ। ਉਹਨਾਂ ਦਾ ਸੰਘ ਵਿੱਚ ਰਹਿ ਰਹੇ ਭਿੱਖੂ-ਭਿੱਖਣੀਆਂ ਨੂੰ ਮੁੱਖ ਉਪਦੇਸ਼ ਹੀ ਇਹ ਸੀ ਕਿ ਸੱਚ ਨੂੰ ਜਾਣੋ ਅਤੇ ਦੂਸਰਿਆਂ ਨੂੰ ਵੀ ਇਸ ਸੱਚ ਨੂੰ ਜਾਣਨ ਲਈ ਪ੍ਰੇਰਿਤ ਕਰੋ ਤਾਂਕਿ ਗ੍ਰਹਿਸਤ ਜੀਵਨ ਵਿੱਚ ਰਹਿਣ ਵਾਲੇ ਵੀ ਆਪਣਾ ਜੀਵਨ ਸੁਖਾਲਾ ਕਰ ਸਕਣ। ਮਹਾਤਮਾ ਬੁੱਧ ਦੇ ਸਮੇਂ ਕੋਈ ਵੀ ਇਸਤਰੀ ਆਪਣੇ ਸਵਾਲਾਂ ਨੂੰ ਲੈ ਕੇ ਕਿਸੇ ਵੀ ਸਮੇਂ ਉਹਨਾਂ ਕੋਲ ਪਹੁੰਚ ਸਕਦੀ ਸੀ। ਬੁੱਧ ਧਰਮ ਵਿੱਚ ਜਿੰਨੀ ਮਹੱਤਤਾ ਭਿੱਖਣੀ ਦੀ ਸੀ, ਉਨੀਂ ਹੀ ਉਪਾਸਿਕਾ ਦੀ ਸੀ। ਗ੍ਰਹਿਸਤ ਵਿੱਚ ਰਹਿ ਰਹੀ ਉਪਾਸਿਕਾ ਨੇ ਬੱਧ ਧਰਮ ਦੇ ਪਸਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਇਸ ਸੰਦਰਭ ਵਿੱਚ ਵਿਸਾਖਾ ਦਾ ਨਾਮ ਲੈਣਾ ਕੋਈ ਗ਼ਲਤ ਨਹੀਂ ਹੋਵੇਗਾ।

ਉਪਾਸਿਕਾ ਦੇ ਇਸ ਰਸਤੇ ’ਤੇ ਚੱਲਦਿਆਂ, ਬਹੁਤ ਇਸਤਰੀਆਂ ਨੇ ਗ੍ਰਹਿਸਤ ਵਿੱਚ ਰਹਿੰਦੇ ਹੋਏ ਸੰਜਮੀ ਜੀਵਨ ਨਾਲ ਸੱਚ ਨੂੰ ਜਾਣਨ ਦੀ ਕੋਸ਼ਿਸ਼ ਕੀਤੀ। ਮਹਾਤਮਾ ਬੁੱਧ ਦਾ ਕਹਿਣਾ ਹੈ ਕਿ ਭਿੱਖਣੀਆਂ ਦੇ ਨਾਲ ਹੀ ਪੰਜ ਸੌ ਤੋਂ ਵੀ ਜ਼ਿਆਦਾ ਉਪਾਸਿਕਾਵਾਂ ਇਸ ਲੋਕ ਵਿੱਚੋਂ ਨਿਰਵਾਣ ਪ੍ਰਾਪਤ ਕਰ ਵਾਪਸ ਨਹੀਂ ਆਉਣ ਵਾਲੀਆਂ ਹਨ। ਅਜਿਹੀਆਂ ਕੁੱਝ ਉਪਾਸਿਕਾਵਾਂ ਦਾ ਵਰਣਨ ਬੁੱਧ ਸਾਹਿਤ ਵਿੱਚੋਂ ਪ੍ਰਾਪਤ ਹੁੰਦਾ ਹੈ। ਉਪਾਸਿਕਾ ਨੰਦ ਮਾਤਾ[96] ਨੇ ਆਪਣਾ ਮਨ ਕਾਬੂ ਵਿੱਚ ਕਰ ਦੁੱਖਾਂ ਦੀ ਅਸਲੀਅਤ ਤੋਂ ਜਾਣੂ ਹੋ ਕੇ ਸਿਮ੍ਰਿਤੀ ਰਾਹੀਂ ਸੱਚ ਦੇ ਧਿਆਨ ਵਿੱਚ ਜੀਵਨ ਨਿਰਬਾਹ ਕੀਤਾ ਸੀ। ਉਸ ਦੇ ਪਤੀ-ਪੁੱਤਰ ਦੇ ਜਾਣ ਸਮੇਂ ਉਸ ਨੇ ਕੋਈ ਦੁੱਖ ਨਹੀਂ ਮਨਾਇਆ ਸਗੋਂ ਚੁੱਪ-ਚਾਪ ਸਾਰੇ ਵਰਤ ਰਹੇ ਭਾਣੇ ਨੂੰ ਦੇਖਦੀ ਰਹੀ ਜਿਵੇਂ ਉਸ ਦਾ ਕੋਈ ਮੋਹ-ਪਿਆਰ ਹੀ ਨਾ ਰਿਹਾ ਹੋਵੇ। ਇੱਕ ਹੋਰ ਉਪਾਸਿਕਾ ਸੋਨਾਦੀਨਾ ਨਾਲੰਦਾ ਵਿਖੇ ਨੈਤਿਕ ਨਿਯਮਾਂ ਅਤੇ ਉਪੋਸਥ ਵਰਤ ਵਿੱਚ ਰਹਿੰਦੇ ਹੋਏ ਸੰਘ ਦੀ ਸੇਵਾ ਵਿੱਚ ਰੁੱਝੀ ਰਹਿੰਦੀ ਸੀ। ਉਸ ਨੇ ਚਾਰ ਆਰੀਆ ਸੱਚ ਦੀ ਸਾਧਨਾ ਰਾਹੀਂ ‘ਸ਼੍ਰੋਤਾਪਤੀ’ (ਨਿਰਵਾਣ ਦੀ ਇੱਕ ਅਵਸਥਾ) ਦੀ ਪ੍ਰਾਪਤੀ ਕੀਤੀ ਸੀ।[97] ਇਸੇ ਤਰ੍ਹਾਂ ਉਪਾਸਿਕਾ ਸਮਾਨਾ ਅਨਾਥਪਿੰਡਕ ਦੀ ਬੇਟੀ ਸੀ, ਰੋਜ਼ਾਨਾ 2000 ਭਿੱਖੂ ਉਸ ਦੇ ਪਿਤਾ ਘਰ ਭੋਜਨ ਲਈ ਆਉਂਦੇ ਸਨ, ਉਹਨਾਂ ਦੀ ਸੇਵਾ ਕਰਨੀ ਉਸ ਲਈ ਸਭ ਤੋਂ ਵੱਡੀ ਖ਼ੁਸ਼ੀ ਸੀ। ਸਮਾਨਾ ਨੇ ਮੌਤ ਸਮੇਂ ਆਪਣੇ ਪਿਤਾ ਨੂੰ ਭਰਾ ਕਹਿ ਸੰਬੋਧਿਤ ਕੀਤਾ ਸੀ, ਇਸ ਦਾ ਜ਼ਿਕਰ ਮਹਾਤਮਾ ਬੁੱਧ ਨਾਲ ਕਰਨ ’ਤੇ ਪਤਾ ਲੱਗਿਆ ਕਿ ਸਮਾਨਾ ਨੇ ਉਪਾਸਿਕਾ ਵਜੋਂ ਆਪਣੇ ਪਿਤਾ ਦੇ ‘ਸ਼੍ਰੋਤਾਪਨ’ (ਪਦ) ਤੋਂ ਵੀ ਵੱਡਾ ਸਥਾਨ ‘ਸ਼ਰਧਾਗਾਮੀ’

---

96 *miÈJm inkwX,* pNnw 288.

97 “She was a female devotee who lived at Nalanda and served the bhikkhus with the four requisites. She observed the rules of moral conduct and Uposatha with perfection. She meditated over the four noble truth and gained Sotapatti.”
Bela Bhattacharya, *Buddhist Women Saints of India*, Firma Klm Private Limited, Calcutta, 2000, pp.140-141.

ਗ੍ਰਹਿਣ ਕੀਤਾ ਸੀ।[98] ਅਜਿਹੀ ਇੱਕ ਹੋਰ ਉਪਾਸਿਕਾ ਸੁਜਾਤਾ, ਜਿਸ ਨੇ ਘਰ ਵਿੱਚ ਰਹਿੰਦੇ ਹੋਏ ਅਰਹੰਤ ਦੀ ਪ੍ਰਾਪਤੀ ਕਰ ਲਈ ਸੀ। ਮਹਾਤਮਾ ਬੁੱਧ ਇਸ ਗੱਲ ਨਾਲ ਸਹਿਮਤ ਸਨ ਕਿ ਮਰਦ ਅਤੇ ਇਸਤਰੀ ਘਰ ਪਰਿਵਾਰ ਵਿੱਚ ਰਹਿੰਦੇ ਹੋਏ ਪੰਜਸ਼ੀਲ ਨਿਯਮਾਂ ਦੀ ਪਾਲਨਾ ਰਾਹੀਂ ਪਰਮ ਲਕਸ਼ ਨਿਰਵਾਣ ਦੀ ਪ੍ਰਾਪਤੀ ਕਰ ਸਕਦੇ ਹਨ।

ਨਿਰਵਾਣ (ਪੂਰਨ ਅਧਿਆਤਮਿਕ ਮੁਕਤੀ) ਬੁੱਧ ਧਰਮ ਅਨੁਸਾਰ ਅੰਤਿਮ ਸੱਚ ਹੈ, ਇਸ ਸਰਵਉੱਚ ਸੱਚ ਨੂੰ ਬਿਆਨ ਕਰਨ ਲਈ ਭਾਸ਼ਾ ਸਹੀ ਨਹੀਂ ਹੈ। ਇਸ ਸੱਚ ਜਾਂ ਅਨੁਭਵ ਨੂੰ ਪੂਰਨ ਰੂਪ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਬੁੱਧ ਧਰਮ ਵਿੱਚ ਨਿਰਵਾਣ ਪ੍ਰਾਪਤ ਇਸਤਰੀਆਂ ਦੇ ਅਨੁਭਵ ਨੂੰ 'ਥੇਰੀਗਾਥਾ' ਗ੍ਰੰਥ ਰਾਹੀਂ ਸੰਕਲਿਤ ਕੀਤਾ ਗਿਆ ਹੈ। ਇਹਨਾਂ ਨਿਰਵਾਣ ਪ੍ਰਾਪਤ ਇਸਤਰੀਆਂ ਵਿੱਚੋਂ ਭਿੱਖਣੀ ਉਤਪਲਵਰਣਾ ਦਾ ਕਹਿਣਾ ਹੈ ਕਿ ਮੇਰੀ ਸੰਸਾਰਿਕ ਤ੍ਰਿਸ਼ਣਾ ਅਤੇ ਅਗਿਆਨਤਾ ਦਾ ਅੰਧਕਾਰ ਪੂਰਨ ਰੂਪ ਵਿੱਚ ਨਸ਼ਟ ਹੋ ਚੁੱਕਿਆ ਹੈ। ਜੇਂਤਾ ਦਾ ਕਹਿਣਾ ਹੈ ਕਿ ਮੇਰਾ ਜਨਮ-ਮਰਨ ਦਾ ਗੇੜ੍ਹ ਖ਼ਤਮ ਹੋ ਚੁੱਕਿਆ ਹੈ। ਵਿਮਲ ਭਿੱਖਣੀ ਨੇ ਸਾਰੇ ਵਿਕਾਰਾਂ ਤੋਂ ਛੁਟਕਾਰਾ ਹਾਸਲ ਕਰ ਸ਼ਾਂਤ ਚਿੱਤ ਨਾਲ ਨਿਰਵਾਣ ਦੀ ਅਵਸਥਾ ਹਾਸਲ ਕੀਤੀ। ਸੁੰਦਰੀਨੰਦਾ ਭਿੱਖਣੀ ਨੇ ਕਿਹਾ ਕਿ ਉਸ ਨੇ ਸਰੀਰ ਦੇ ਸੱਚ ਤੋਂ ਜਾਣੂ ਹੋ ਕੇ ਸੰਜਮ ਨਾਲ ਨਿਰਵਾਣ ਦੀ ਪ੍ਰਾਪਤੀ ਕੀਤੀ। ਭਿੱਖਣੀ ਮਹਾਪ੍ਰਜਾਪਤੀ ਗੌਤਮੀ ਦਾ ਕਹਿਣਾ ਹੈ ਕਿ ਉਸਨੂੰ ਦੁੱਖਾਂ ਦੇ ਅਸਲੀ ਪੱਖ ਦਾ ਗਿਆਨ ਹੋਇਆ ਅਤੇ ਅਸ਼ਟਾਂਗ ਮਾਰਗ ਦੇ ਅਭਿਆਸ ਨਾਲ ਤ੍ਰਿਸ਼ਨਾ ਦਾ ਵੀ ਨਾਸ਼ ਹੋ ਚੁੱਕਿਆ ਸੀ। ਉਸਨੂੰ ਪੂਰਨ ਵਿਸ਼ਵਾਸ ਸੀ ਕਿ ਧਰਮ ਸਾਧਨਾ ਰਾਹੀਂ ਜਨਮ ਮਰਨ ਦੇ ਗੇੜ ਤੋਂ ਵੀ ਉਸ ਦਾ ਛੁਟਕਾਰਾ ਹੋ ਗਿਆ। 'ਥੇਰੀਗਾਥਾ' ਗ੍ਰੰਥ ਵਿੱਚ 73 ਨਿਰਵਾਣ ਪ੍ਰਾਪਤ ਇਸਤਰੀਆਂ ਦਾ ਅਨੁਭਵ ਦਰਜ਼ ਹੈ।

ਨਿਰਵਾਣ ਦੀ ਪ੍ਰਾਪਤੀ ਦੇ ਨਾਲ-ਨਾਲ ਨਿਰਵਾਣ ਪ੍ਰਾਪਤ ਕਰਨ ਦਾ ਸਮਾਂ ਅਤੇ ਸਥਾਨ ਦਾ ਵਰਣਨ ਵੀ ਥੇਰੀਗਾਥਾ ਗ੍ਰੰਥ ਵਿੱਚੋਂ ਪ੍ਰਾਪਤ ਹੁੰਦਾ ਹੈ ਜਿਵੇਂ ਪਟਾਚਾਰਾ ਸੂਈ ਦੇ ਨਾਲ ਦੀਪਕ ਦੀ ਬੱਤੀ ਨੂੰ ਸਰਕਾਉਣ ਦੇ ਦ੍ਰਿਸ਼ਟਾਂਤ ਨਾਲ ਨਿਰਵਾਣ ਅਵਸਥਾ ਵਿੱਚ ਪਹੁੰਚੀ। ਇਸੇ ਤਰ੍ਹਾਂ ਅਨੁਪਮਾ ਨੇ ਧਰਮ ਉਪਦੇਸ਼ ਦੇ ਪ੍ਰਭਾਵ ਨਾਲ ਹੀ ਆਸਣ 'ਤੇ ਬੈਠੇ ਹੋਏ ਹੀ ਤੀਸਰੇ ਫ਼ਲ ('ਅਨਾਗਮੀ') ਦੀ ਪ੍ਰਾਪਤੀ ਕੀਤੀ ਸੀ। ਵਿਸ਼ਿਸ਼ਟ ਗੱਲ ਇਹ ਹੈ ਕਿ ਅੰਗੁਤਰ ਨਿਕਾਯ ਵਿੱਚ ਮਹਾਤਮਾ ਬੁੱਧ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਸਮੇਂ ਪਾਪੀ ਮਾਰ ਨਾਲ ਵਾਰਤਾਲਾਪ ਕਰਦੇ ਹੋਏ ਕਿਹਾ ਕਿ ਮੈਂ ਉਸ ਸਮੇਂ ਤੱਕ ਮਹਾਪਰਿਨਿਰਵਾਣ ਦੀ ਪ੍ਰਾਪਤੀ ਨਹੀਂ ਕਰੂੰਗਾ ਜਦੋਂ ਤੱਕ ਮੇਰੇ ਭਿੱਖੂ, ਭਿੱਖਣੀਆਂ, ਉਪਾਸਕ, ਉਪਾਸਿਕਾ ਪੰਡਿਤ ਨਹੀਂ ਹੁੰਦੇ, ਨਿਰਵਾਣ ਪ੍ਰਾਪਤੀ, ਧਰਮ ਦੇ ਅਨੁਸਾਰ ਆਚਰਨ ਕਰਨ ਵਾਲੇ ਅਤੇ ਧਰਮ ਦਾ ਅਨੁਕਰਨ ਕਰਨ ਵਾਲੇ ਨਹੀਂ ਹੋ ਜਾਂਦੇ।[99]

---

[98] "Buddha explained that, as she was a sakadagami and he was a sotapanna her addressing him as brother was quite in order. In the religious world she obtained higher stage than him. So she was senior to her father from the religious side."
Ibid, p.127.

[99] *ANguqr inkwX,* qIsrw Bwg, pNnw 373.

ਬੁੱਧ ਧਰਮ ਵਿੱਚ ਇਸਤਰੀ ਦੇ ਸੰਦਰਭ ਵਿੱਚ ਸਭ ਤੋਂ ਸ੍ਰੇਸ਼ਠ ਗੱਲ ਇਹ ਹੈ ਕਿ ਮਹਾਤਮਾ ਬੁੱਧ ਖ਼ੁਦ ਨਿਰਵਾਣ ਪ੍ਰਾਪਤੀ ਦੇ ਰਾਹ ਤੋਂ ਜਾਣੂ ਇੱਕ ਇਸਤਰੀ ਕਾਰਨ ਹੋਏ ਸਨ। ਮਹਾਤਮਾ ਬੁੱਧ ਜਦੋਂ ਬਿਨਾਂ ਕੁੱਝ ਖਾਧੇ ਪੀਤੇ ਸਮਾਧੀ ਵਿੱਚ ਲੀਨ ਸਨ ਅਤੇ ਗਿਆਨ ਦੀ ਪ੍ਰਾਪਤੀ ਲਈ ਤਤਪਰ ਸਨ, ਉਸ ਰਾਹ ਤੋਂ ਗੁਜ਼ਰ ਰਹੀ ਇੱਕ ਨੱਚਣ ਵਾਲੀ ਇਸਤਰੀ ਦੇ ਬੋਲ 'ਸਿਤਾਰ ਦੀਆਂ ਤਾਰਾਂ ਇੰਨੀਆਂ ਢਿੱਲੀਆਂ ਨਾ ਕਰ ਕਿਤੇ ਸੰਗੀਤ ਹੀ ਨਾ ਬਣੇ, ਨਾ ਹੀ ਇੰਨੀਆਂ ਕਸ ਕਿਤੇ ਟੁੱਟ ਹੀ ਨਾ ਜਾਣ' ਤੋਂ ਸਮਝਿਆ ਕਿ ਸੰਜਮ ਨਾਲ ਜੀਵਨ ਬਿਤਾਉਂਦੇ ਹੋਏ ਸੱਚ ਨੂੰ ਪਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਇੱਕ ਹੋਰ ਇਸਤਰੀ ਸੁਜਾਤਾ ਦੀ ਮਹਾਨਤਾ, ਜਿਸਦੇ ਖੀਰ ਦੇ ਕਟੋਰੇ ਨੂੰ ਗ੍ਰਹਿਣ ਕਰਨ ਤੋਂ ਬਾਅਦ ਮਹਾਤਮਾ ਬੁੱਧ ਗਿਆਨ ਦੀ ਪ੍ਰਾਪਤੀ ਲਈ ਸਮਾਧੀ ਵਿੱਚ ਵਿਲੀਨ ਹੋਏ,[100] ਅਤੇ ਕਿੱਸਾ ਗੌਤਮੀ ਦੇ ਬੋਲਾਂ ਨੂੰ ਮਹਾਤਮਾ ਬੁੱਧ ਦੇ ਘਰ ਤਿਆਗ ਸਮੇਂ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਮੰਨਿਆ ਜਾਂਦਾ ਹੈ।[101] ਇਹ ਗੱਲਾਂ ਬੁੱਧ ਧਰਮ ਵਿੱਚ ਇਸਤਰੀ ਦੀ ਮਹਾਨਤਾ ਤੋਂ ਰੂ-ਬਰੂ ਕਰਵਾਉਂਦੀਆਂ ਹਨ।

ਬੁੱਧ ਧਰਮ ਵਿੱਚ ਇਸਤਰੀਆਂ ਮਰਦਾਂ ਦੇ ਵਾਂਗ ਨਿਰਵਾਣ ਪ੍ਰਾਪਤੀ ਕਰ ਸਕਦੀਆਂ ਹਨ। ਨਿਰਵਾਣ ਪ੍ਰਾਪਤੀ ਲਈ ਕੋਈ ਲਿੰਗ, ਜਾਤ, ਸਮਾਂ ਮਹੱਤਤਾ ਨਹੀਂ ਰੱਖਦਾ, ਇਸ ਦੀ ਪ੍ਰਾਪਤੀ ਲਈ ਸਿਰਫ਼ ਚਿੱਤ ਨੂੰ ਵਸ ਵਿੱਚ ਕਰਨਾ ਹੁੰਦਾ ਹੈ। ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਧਰਮ ਦੀ ਸ਼ੋਭਾ ਮੰਨਦੇ ਹੋਏ ਅਧਿਆਤਮਿਕ ਗਿਆਨ, ਨਿਰਵਾਣ ਪ੍ਰਾਪਤੀ ਅਤੇ ਗਿਆਨ ਵੰਡਣ ਦੀ ਹੱਕਦਾਰ ਮੰਨਿਆ। ਇਸਤਰੀਆਂ ਨੇ ਵੀ ਉਹਨਾਂ ਦੁਆਰਾ ਦਿੱਤੇ ਇਸ ਅਵਸਰ ਦੀ ਉੱਚਿਤ ਵਰਤੋਂ ਕਰਦੇ ਹੋਏ ਬੁੱਧ ਧਰਮ ਦੇ ਪ੍ਰਚਾਰ ਅਤੇ ਪਸਾਰ ਵਿੱਚ ਯੋਗ ਰੋਲ ਨਿਭਾਇਆ।

### 6. ਸਮਾਜਿਕ ਸੰਦਰਭ ਵਿੱਚ ਇਸਤਰੀ:

ਮਹਾਤਮਾ ਬੁੱਧ ਦੀ ਜ਼ਿੰਦਗੀ ਅਤੇ ਉਹਨਾਂ ਦੇ ਉਪਦੇਸ਼ਾਂ ਦਾ ਮੁੱਖ ਮਕਸਦ ਅਧਿਆਤਮਿਕ ਜੀਵਨ ਰਾਹੀਂ ਨਿਰਵਾਣ ਪ੍ਰਾਪਤੀ ਸੀ। ਜਿਸ ਲਈ ਮਹਾਤਮਾ ਬੁੱਧ ਨੇ ਨੈਤਿਕਤਾ ਨੂੰ ਜੀਵਨ ਵਿੱਚ ਢਾਲਣ ਦਾ ਉਪਦੇਸ਼ ਦਿੱਤਾ ਸੀ। ਸਾਰੇ ਸਮਾਜ ਨੂੰ ਜਾਤ, ਲਿੰਗ ਤੋਂ ਪਰ੍ਹੇ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਮਹਾਤਮਾ ਬੁੱਧ ਨੇ ਗ੍ਰਹਿਸਤ ਵਿੱਚ ਵਿਚਰ ਰਹੀ ਇਸਤਰੀ ਦੇ ਨਾਲ ਹੁੰਦੇ ਭੇਦਭਾਵ ਵੱਲ ਵੀ ਨਿਗ੍ਹਾ ਮਾਰੀ ਸੀ। ਭਿੱਖਣੀ ਸੰਘ ਆਉਣ ਤੋਂ ਪਹਿਲਾਂ ਇਸਤਰੀ ਦੀ ਮਹੱਤਤਾ ਸਿਰਫ਼ ਘਰ ਦੇ ਕੰਮ-ਕਾਜ ਸੰਭਾਲਣ ਅਤੇ ਬੱਚੇ ਪੈਦਾ

---

[100] *jwqk,* phlw Bwg, pNny 239-243.

[101] "His sixth and last encounter was with the shakyan maiden Kisagotami, who inadvertently taught him to equate happiness with the extinguishment of lust and passion. This led him to renounce his home, his son, his wife, the beautiful princess Yashodra, his possession and all sensual pleasures."
Theodora Foster Caroll, *Women Religion and Development in the Third World*, Praeger Special Studies, New York, 1983, p.83.

ਕਰਨ ਤੱਕ ਹੀ ਸੀ। ਧਰਮ, ਸਮਾਜ ਹਰ ਪਾਸਿਉਂ ਉਸਦਾ ਰੁਤਬਾ ਨੀਵਾਂ ਸੀ। ਮਹਾਤਮਾ ਬੁੱਧ ਦੁਆਰਾ ਇਸਤਰੀ ਨੂੰ ਧਾਰਮਿਕ ਅਧਿਕਾਰ ਦੇਣ ਕਾਰਨ ਉਸਦੀ ਸਮਾਜਿਕ ਅਤੇ ਘਰੇਲੂ ਸਥਿਤੀ ਵਿੱਚ ਵੀ ਬਹੁਤ ਬਦਲਾਅ ਆਇਆ ਸੀ।

ਇਸਤਰੀ ਸਥਿਤੀ ਦੀ ਗੱਲ ਕਰਨ ਲਈ ਸਭ ਤੋਂ ਪਹਿਲਾਂ ਲੜਕੀ ਦੇ ਜਨਮ ਸਮੇਂ ਕੀਤੇ ਜਾਣ ਵਾਲੇ ਵਿਵਹਾਰ ਨੂੰ ਵਾਚਣਾ ਜ਼ਰੂਰੀ ਜਾਪਦਾ ਹੈ। ਲੜਕੀ ਰੂਪ ਇਸਤਰੀ ਜੀਵਨ ਦੀ ਪਹਿਲੀ ਅਵਸਥਾ ਹੈ। ਇਸ ਸਮੇਂ ਦੇ ਹਲਾਤ ਅਨੁਸਾਰ ਲੜਕੀ ਦਾ ਜਨਮ ਮਾਪਿਆਂ ਲਈ ਚਿੰਤਾ ਜਾਂ ਫ਼ਿਕਰ ਦੀ ਜੜ੍ਹ ਤੋਂ ਉੱਪਰ ਕੁੱਝ ਵੀ ਨਹੀਂ ਸੀ। ਬੁੱਧ ਧਰਮ ਦੇ ਪਸਾਰੇ ਨਾਲ ਲੜਕੀ ਦੇ ਜਨਮ ਸਮੇਂ ਦੀ ਮਾਯੂਸੀ ਅਲੋਪ ਹੋਣੀ ਸ਼ੁਰੂ ਹੋਈ ਸੀ ਅਤੇ ਲੜਕੀਆਂ ਨੂੰ ਨੀਵਾਂ ਸਮਝਕੇ ਬੋਝ ਸਮਝਣ ਵਾਲਾ ਵਰਤਾਰਾ ਵੀ ਘੱਟ ਰਿਹਾ ਸੀ। ਸੰਯੁਕੱਤ ਨਿਕਾਯ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਰਾਜਾ ਪਸੇਨਦਿ ਨੇ ਘਰ ਬੇਟੀ ਪੈਦਾ ਹੋਣ ’ਤੇ ਨਿਰਾਸ਼ਾ ਪ੍ਰਗਟ ਕੀਤੀ ਸੀ। ਮਹਾਤਮਾ ਬੁੱਧ ਨੇ ਰਾਜਾ ਪਸੇਨਦਿ ਦੀ ਇਸ ਸੋਚ ਨੂੰ ਨਕਾਰਦੇ ਹੋਏ ਕਿਹਾ ਕਿ ਲੜਕੀ ਵੀ ਬੁੱਧੀਮਾਨ, ਗੁਣੀ ਅਤੇ ਚੰਗੀ ਸੰਤਾਨ ਸਿੱਧ ਹੋ ਸਕਦੀ ਹੈ ਕਿਉਂਕਿ ਕਈ ਇਸਤਰੀਆਂ ਮਰਦਾਂ ਤੋਂ ਵੀ ਵੱਧ ਚੜ੍ਹ ਕੇ ਹੁੰਦੀਆ ਹਨ।[102] ਬੁੱਧਚਰਿਆ ਅਨੁਸਾਰ ਰਾਜਾ ਪਸੇਨਦਿ ਦੀ ਨਿਰਾਸ਼ਾ ਨੂੰ ਨਕਾਰਦੇ ਹੋਏ ਮਹਾਤਮਾ ਬੁੱਧ ਨੇ ਕਿਹਾ ਕਿ ਇਸਤਰੀਆਂ ਮਰਦਾਂ ਤੋਂ ਵੀ ਸ੍ਰੇਸ਼ਠ ਹੁੰਦੀਆਂ ਹਨ। ਉਸ ਤੋਂ ਪੈਦਾ ਹੋਣ ਵਾਲਾ ਪੁੱਤਰ ਦਿਸ਼ਾਵਾਂ ਦਾ ਪਤੀ ਹੁੰਦਾ ਹੈ। ਉਸ ਸੁਭਾਗਾਂ ਵਾਲੀ ਇਸਤਰੀ ਦਾ ਪੁੱਤਰ ਹੀ ਰਾਜ ਤੇ ਸ਼ਾਸਨ ਕਰਦਾ ਹੈ।[103]

ਮਹਾਤਮਾ ਬੁੱਧ ਦਾ ਕਹਿਣਾ ਹੈ ਕਿ ਹਰ ਇਨਸਾਨ ਆਪਣੇ ਪਿਛਲੇ ਕਰਮਾਂ ਅਨੁਸਾਰ ਜੀਵਨ ਹਾਸਲ ਕਰਦਾ ਹੈ। ਕਰਮਾਂ ਦੇ ਅਨੁਸਾਰ ਹੀ ਜ਼ਿੰਦਗੀ ਵਿੱਚ ਸੁੱਖ-ਦੁੱਖ ਦਾ ਸੰਤਾਪ ਮਿਲਦਾ ਹੈ। ਇਸ ਵਿੱਚ ਮਰਦ ਇਸਤਰੀ ਦਾ ਕੋਈ ਮੁੱਦਾ ਨਹੀਂ ਹੈ। ਬੁੱਧ ਧਰਮ ਵਿੱਚ ਜੀਵਨ ਦੇ ਪਰਮ ਮਨੋਰਥ ਦੀ ਪ੍ਰਾਪਤੀ ਲਈ ਦੁਨਿਆਵੀ ਭੇਦਭਾਵ ਅਤੇ ਰਿਵਾਜਾਂ ਦੀ ਕੋਈ ਥਾਂ ਨਹੀਂ ਸਗੋਂ ਇਸ ਲਈ ਨੈਤਿਕਤਾ ਦਾ ਰਾਹ ਅਪਨਾਉਣਾ ਜ਼ਰੂਰੀ ਦੱਸਿਆ ਹੈ। ਨਿਵੇਕਲੀ ਗੱਲ ਇਹ ਹੈ ਕਿ ਹਰ ਇਨਸਾਨ ਇਸ ਰਾਹ ’ਤੇ ਖ਼ੁਦ ਲਈ ਖ਼ੁਦ ਹੀ ਸਹਾਇਕ ਹੋ ਸਕਦਾ ਹੈ, ਹੋਰ ਕੋਈ ਨਹੀਂ। ਅਜਿਹੀ ਸੋਚ ਸਦਕਾ ਹੀ ਲੜਕੇ ਦੁਆਰਾ ਕੀਤੇ ਜਾਣ ਵਾਲੇ ਮ੍ਰਿਤ ਸੰਸਕਾਰ ਰਾਹੀਂ ਸਵਰਗ ਪ੍ਰਾਪਤੀ ਦਾ ਵਹਿਮ ਵੀ ਟੁੱਟਿਆ[104] ਅਤੇ ਲੜਕੀ ਬਾਰੇ ਲੋਕਾਂ ਦੀ ਸੋਚ ਉੱਚੇਰੀ ਹੋਈ ਸੀ।

---

102 *sNXuÁ inkwX*, phlw Bwg, pNnw 78.

103 rwhul swN™ËXwXn, *bu…cXw~~*, pNnw 368.

104 “It was explicitly laid down by the Buddha that even a sonless man can obtain Nirvana provided he leads a spotlessely pure life.”
Shalini Dixit, *Patriarchy and Feminine Space: A Study of Women in Early Buddhism,* Manak Publication, New Delhi, 2008.

ਆਈ. ਬੀ. ਹੋਰਨਰ ਅਨੁਸਾਰ ਪਾਲੀ ਸਾਹਿਤ ਵਿੱਚੋਂ ਲੜਕੀ ਦੇ ਜਨਮ ਸਮੇਂ ਨਿਰਾਸ਼ਾ ਦਾ ਮਾਹੌਲ ਪ੍ਰਾਪਤ ਨਹੀਂ ਹੁੰਦਾ। ਨਾ ਖ਼ੁਸ਼ੀ ਅਤੇ ਨਾ ਹੀ ਦੁੱਖ ਦਾ ਕੋਈ ਪ੍ਰਮਾਣ ਮਿਲਦਾ ਹੈ। ਕਿਸੇ ਵੀ ਇੱਕ ਸ਼ਬਦ ਜਾਂ ਲਿਖਤ ਵਿੱਚੋਂ ਸਬੂਤ ਪ੍ਰਾਪਤ ਨਹੀਂ ਹੁੰਦਾ ਜਿਸ ਅਨੁਸਾਰ ਕਿਹਾ ਜਾ ਸਕੇ ਕਿ ਲੜਕੇ ਦਾ ਲੜਕੀ ਦੇ ਜਨਮ ਤੋਂ ਵੱਧ ਸੁਆਗਤ ਕੀਤਾ ਜਾਂਦਾ ਸੀ।[105] ਪਰ ਲੋਕਾਂ ਦੇ ਮਨਾਂ ਵਿੱਚ ਪੁੱਤਰ ਪੈਦਾ ਹੋਣ ਦੀ ਆਸ ਵਧੇਰੇ ਹੁੰਦੀ ਸੀ। ਉਸ ਸਮੇਂ ਪੁੱਤਰ ਪ੍ਰਾਪਤੀ ਲਈ ਪੂਜਾ-ਪਾਠ ਕੀਤੇ ਜਾਂਦੇ ਸਨ, ਜਿਸ ਦੀ ਉਦਾਹਰਨ ਹੱਥਿਪਾਲ ਜਾਤਕ ਕਥਾ ਵਿੱਚੋਂ ਪ੍ਰਾਪਤ ਹੁੰਦੀ ਹੈ।[106]

ਅੰਗੁਤਰ ਨਿਕਾਯ ਵਿੱਚ ਲੜਕੇ ਦੇ ਫ਼ਰਜ਼ਾਂ ਨੂੰ ਦੱਸਦਿਆਂ ਉਸਦਾ ਪੈਦਾ ਹੋਣਾ ਜ਼ਰੂਰੀ ਦੱਸਿਆ ਹੈ। ਇੱਕ ਲੜਕੇ ਦੇ ਆਸਰੇ ਮਾਂ ਬਾਪ ਦਾ ਬੁਢਾਪਾ ਸਫਲ ਹੁੰਦਾ ਹੈ। ਉਹ ਹੀ ਮਾਂ-ਬਾਪ ਦੀ ਸੇਵਾ, ਪਿਆਰ ਕਰੇਗਾ ਅਤੇ ਉਸ ਕਾਰਨ ਹੀ ਵੰਸ਼ ਅੱਗੇ ਵੱਧੇਗਾ। ਅਜਿਹੀ ਸੋਚ ਵਿੱਚ ਹਰ ਕੋਈ ਲੜਕੇ ਨੂੰ ਗੋਦ ਲੈਣਾ ਤਾਂ ਚੰਗਾ ਸਮਝੇਗਾ। ਪਰ ਆਈ. ਬੀ. ਹੋਰਨਰ ਅਨੁਸਾਰ ਮਹਾਤਮਾ ਬੁੱਧ ਦੇ ਸਮੇਂ ਵਿੱਚ ਲੜਕੀ ਨੂੰ ਗੋਦ ਲੈਣ ਦੀ ਰੀਤ ਸ਼ਾਇਦ ਨਵੀਂ ਚੱਲੀ ਸੀ।[107] ਲੜਕੀ ਦੇ ਜਨਮ ਨੂੰ ਬੁਰਾ ਸਮਝਣ ਵਾਲੇ ਸਮਾਜ ਨੇ ਲੜਕੀ ਨੂੰ ਗੋਦ ਲੈਣਾ ਸ਼ੁਰੂ ਕਰ ਦਿੱਤਾ ਸੀ, ਜੋ ਇਸਤਰੀ ਦੇ ਦਰਜੇ ਨੂੰ ਉੱਚ ਕਰਨ ਦੀ ਬਹੁਤ ਵੱਡੀ ਉਦਾਹਰਨ ਹੈ। ਮਹਾਤਮਾ ਬੁੱਧ ਦੇ ਉਪਦੇਸ਼ਾਂ ਨੇ ਲੋਕਾਂ ਦੇ ਮਨਾਂ ਉੱਪਰ ਗਹਿਰੀ ਛਾਪ ਛੱਡੀ, ਜਿਸ ਕਰਕੇ ਇਹ ਮੰਨਿਆ ਜਾਣ ਲੱਗਿਆ ਸੀ ਕਿ ਮਰਦ ਇਸਤਰੀ ਇੱਕੋ ਜਿਹੇ ਦੋ ਜੀਅ ਹਨ, ਜਿਹਨਾਂ ਵਿੱਚ ਫ਼ਰਕ ਦੇਖਣਾ ਸੰਸਾਰਿਕ ਉਲਝਣਾਂ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਹੈ। ਮਹਾਤਮਾ ਬੁੱਧ ਇਸ ਸਾਰੇ ਤੋਂ ਉੱਪਰ ਉੱਠਣ ਦਾ ਉਪਦੇਸ਼ ਦਿੰਦੇ ਹਨ, ਉਹਨਾਂ ਨੇ ਇੱਕ ਥਾਂ 'ਤੇ ਇਸਤਰੀ ਹੱਤਿਆ ਕਰਨਾ ਬਹੁਤ ਵੱਡਾ ਪਾਪ ਦੱਸਿਆ ਹੈ।[108] ਇਸੇ ਕਰਕੇ ਮਹਾਤਮਾ ਬੁੱਧ ਭਰੂਣ ਹੱਤਿਆ ਦੇ ਵੀ ਖ਼ਿਲਾਫ਼ ਸਨ। ਜਾਤਕ ਕਥਾ ਵਿੱਚ ਭਰੂਣ ਹੱਤਿਆ ਕਰਨ ਵਾਲੇ ਨੂੰ ਨਰਕ ਦਾ ਭਾਗੀਦਾਰ ਦੱਸਿਆ ਹੈ।[109]

---

105 "On the other hand, in no other place in Pali Literature is dissatisfaction recorded at the birth of a daughter; and Pasendi, after all, had not yet been converted to Buddhism. With this exception, although there are no records of dismay, of outcries raised, or even of natural disappointment. In a word, there is no literary evidence for supposing that boys were more welcome than girls." I.B.Horner, *Women under Primitive Buddhism: Laywomen and Almswomen,* p. 20.

106 *jwqk*, pWcvw Bwg, BdNq AwnNd kOsØXwXn (Anu.), ihNdI swihËX sMmyln, pRXwg, 1954, pNnw 64.

107 "The adoption of daughters was probably an innovation." I.B.Horner, *Women under Primitive Buddhism: Laywomen and Almswomen,* p. 22

108 *ANguqr inkwX*, qIsrw Bwg, pNnw 394.

109 "Infanticide was never in vogue in Ancient India. Buddhist society, too, considered it as crime and sin. Whosoever commits abortion shall suffer in hell, says tha Samkicca Jataka." Meena Talim, *Life of Women in Buddhist Literature*, p. 306.

ਇਸ ਸਮੇਂ ਲੜਕੀ ਨੂੰ ਲੜਕੇ ਦੀ ਤਰ੍ਹਾਂ ਸਵੈਨਿਰਭਰ ਨਹੀਂ ਮੰਨਿਆ ਜਾਂਦਾ ਸੀ, ਉਹ ਪਰਿਵਾਰ ਦੇ ਆਦੇਸ਼ ਅਨੁਸਾਰ ਜੀਵਨ ਜਿਉਂਦੀ ਅਤੇ ਉਸਨੂੰ ਹਮੇਸ਼ਾ ਹੀ ਮਾਂ-ਬਾਪ, ਭੈਣ-ਭਰਾ ਅਤੇ ਹੋਰ ਰਿਸ਼ਤੇਦਾਰਾਂ ਦੀ ਛਤਰ-ਛਾਇਆ ਹੇਠ ਰਹਿਣ ਲਈ ਕਿਹਾ ਜਾਂਦਾ ਸੀ। ਪਰ ਬੁੱਧ ਧਰਮ ਦੇ ਫੈਲਾਅ ਨਾਲ ਲੜਕੀ ਦੇ ਜੀਵਨ ਵਿੱਚ ਬਹੁਤ ਬਦਲਾਅ ਆਇਆ ਸੀ। ਲੜਕੇ-ਲੜਕੀ ਦੋਵਾਂ ਦਾ ਪਾਲਣ-ਪੋਸ਼ਣ ਇੱਕੋ ਜਿਹੇ ਮਾਹੌਲ ਵਿੱਚ ਹੋਣ ਲੱਗਿਆ ਸੀ। ਮਾਤਾ-ਪਿਤਾ ਲਈ ਲੜਕੀ ਵੀ ਲੜਕੇ ਵਾਂਗ ਹੀ ਪਿਆਰੀ ਹੁੰਦੀ ਸੀ। ਉਦਾਹਰਨ ਦੇ ਲਈ ਉਬੱਰੀ ਨੇ ਆਪਣੀ ਬੇਟੀ ਦੀ ਮੌਤ 'ਤੇ ਬਹੁਤ ਦੁੱਖ ਜਾਹਿਰ ਕੀਤਾ ਸੀ।[110] ਸਭ ਤੋਂ ਵੱਡੀ ਗੱਲ ਸਿੱਖਿਆ ਦੀ ਹੈ, ਉਸ ਵੇਲੇ ਲੜਕੀਆਂ ਨੂੰ ਸਿੱਖਿਆ ਦੇ ਯੋਗ ਨਹੀਂ ਸਮਝਿਆ ਜਾਂਦਾ ਸੀ। ਮਹਾਤਮਾ ਬੁੱਧ ਨੇ ਉਸ ਸੋਚ ਨੂੰ ਵੰਗਾਰਿਆ ਅਤੇ ਲੜਕੀਆਂ ਨੂੰ ਸਿੱਖਿਆ ਦੀ ਆਜ਼ਾਦੀ ਦਿੱਤੀ ਸੀ। ਇਸ ਸਮੇਂ ਧਾਰਮਿਕ ਸਿੱਖਿਆ ਹੁੰਦੀ ਸੀ, ਜਿਸ ਵਿੱਚ ਇਸਤਰੀ ਨੂੰ ਮਰਦਾਂ ਦੇ ਬਰਾਬਰ ਅਵਸਰ ਪ੍ਰਦਾਨ ਕੀਤੇ ਸਨ। ਧੱਮਦਿੱਨਾ, ਖੇਮਾ, ਉੱਤਪਲਵਰਣਾ, ਸੁੱਕਾ, ਨੰਦੁਤਾਰਾ, ਪਟਾਚਾਰਾ ਆਦਿ ਵਿਦਵਾਨ ਇਸਤਰੀਆਂ ਇਸ ਗੱਲ ਦੇ ਸਬੂਤ ਹਨ। ਇਸ ਤੋਂ ਇਲਾਵਾ ਇਸਤਰੀਆਂ ਦੁਆਰਾ ਰਚਿਤ 'ਥੇਰੀਗਾਥਾ' ਗ੍ਰੰਥ ਉਹਨਾਂ ਦੀ ਵਿੱਦਿਅਕ ਸੋਚ ਅਤੇ ਹੱਕ ਦਾ ਸਬੂਤ ਹੈ। ਲੜਕੀਆਂ ਦਾ ਖ਼ੁਦ ਵੀ ਧਾਰਮਿਕ ਸਵਾਲਾਂ ਵਿੱਚ ਰੁਝਾਨ ਪੈਦਾ ਹੋਣ ਲੱਗਿਆ ਸੀ। ਪ੍ਰਦਯੁਮਨ ਦੀ ਬੇਟੀ ਕੋਕਨਦਾ ਨੇ ਮਹਾਤਮਾ ਬੁੱਧ ਕੋਲ ਜਾਕੇ ਜੋ ਵਿਚਾਰ ਪੇਸ਼ ਕੀਤੇ ਸਨ। ਉਹ ਲੜਕੀਆਂ ਦੀ ਬੁੱਧੀਮਤਾ ਨੂੰ ਬਿਆਨ ਕਰਨ ਦਾ ਇੱਕ ਅਨੋਖਾ ਸਬੂਤ ਹੈ।[111] ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਅਜਿਹਾ ਮਾਹੌਲ ਦਿੱਤਾ ਸੀ ਕਿ ਜੇਕਰ ਲੜਕੀ ਦੇ ਮਨ ਵਿੱਚ ਕੋਈ ਧਾਰਮਿਕ ਸਵਾਲ ਹੁੰਦਾ ਸੀ ਤਾਂ ਉਹ ਮਹਾਤਮਾ ਬੁੱਧ ਕੋਲ ਜਾਕੇ ਉਸ ਦਾ ਸਮਾਧਾਨ ਵੀ ਕਰ ਸਕਦੀਆਂ ਸਨ।

ਵਿਆਹ ਜਿਸ ਦਾ ਮਨੁੱਖੀ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ, ਨੂੰ ਗ੍ਰਹਿਸਤ ਜੀਵਨ ਦਾ ਆਧਾਰ ਮੰਨਿਆ ਜਾਂਦਾ ਹੈ। ਇਸ ਸਮੇਂ ਲੜਕੀ ਦਾ ਵਿਆਹ ਇੱਕ ਸਿਰਦਰਦੀ ਮੰਨਿਆ ਜਾਂਦਾ ਸੀ। ਪਿਤਾ ਜਾਂ ਭਰਾ ਵੱਲੋਂ ਲੜਕੀ ਦਾ ਵਿਆਹ ਸਮੇਂ ਸਿਰ ਨਾ ਕਰ ਸਕਣਾ ਇੱਕ ਬਦਨਾਮੀ ਦਾ ਕਾਰਨ ਬਣਦਾ ਸੀ। ਅਜਿਹੀ ਲੜਕੀ ਨੂੰ ਸਮਾਜ ਵਿੱਚ ਨੀਵਾਂ ਸਮਝਿਆ ਜਾਂਦਾ ਸੀ ਅਤੇ ਉਸ ਲਈ 'ਪਿਤਾ ਦੇ ਘਰ ਬੈਠੀ ਹੋਈ' ਜਿਹੀ ਸੋਚ ਰੱਖੀ ਜਾਂਦੀ ਸੀ।[112] ਅਜਿਹੀ ਸੋਚ ਕਾਰਨ ਹੀ ਕਈ ਵਾਰ ਲੜਕੀ ਦੇ ਜਨਮ ਨੂੰ ਦੁੱਖਾਂ ਦਾ ਕਾਰਨ ਗਿਣਿਆ ਜਾਂਦਾ ਸੀ। ਮਹਾਤਮਾ ਬੁੱਧ ਨੇ ਇਸ ਦੁਰਦਸ਼ਾ ਅਤੇ ਭਟਕੀ ਸੋਚ ਦੁਆਰਾ ਬਣੀ ਝੂਠੇ ਰਿਵਾਜਾਂ ਦੀ

---

110 *QyrIgwQwpwil*, pNnw 245.

111 *sNXuÁ inkwX*, phlw Bwg, pNny 28-29.

112 "In pre-Buddhist days a woman had been looked down on if shw did not marry-growing old at home, she was called 'one who sits with her father'."
I.B.Horner, *Women in Early Buddhist Literature*, Buddhist Publication Society, Ceylon, 1961, p. 17.

ਕੰਧ ਨੂੰ ਤੋੜਿਆ। ਲੜਕੀਆਂ ਨੂੰ ਆਜ਼ਾਦੀ ਪ੍ਰਦਾਨ ਕੀਤੀ, ਚਾਹੇ ਉਹ ਗ੍ਰਹਿਸਤ ਜੀਵਨ ਦਾ ਅਨੰਦ ਲੈਂਦੀ ਚਾਹੇ ਅਣਵਿਆਹੀ ਰਹਿਕੇ ਸੰਘ ਦੀ ਸ਼ਰਨ ਵਿੱਚ ਅਧਿਆਤਮਿਕ ਸੁੱਖ ਦਾ ਅਨੰਦ ਮਾਣਦੀ। ਉਹ ਆਪਣੀ ਇੱਛਾ ਅਨੁਸਾਰ ਵਿਆਹਿਕ ਜ਼ਿੰਦਗੀ ਦੇ ਝਮੇਲੇ ਤੋਂ ਬੱਚਕੇ ਸੰਘ ਵਿੱਚ ਸ਼ਾਮਿਲ ਵੀ ਹੋ ਸਕਦੀ ਸੀ। ਉਸਨੂੰ ਪਰਿਵਾਰ ਜਾਂ ਖਾਨਦਾਨ ਦੀ ਇੱਜ਼ਤ ਖ਼ਾਤਿਰ ਵਿਆਹ ਕਰਵਾਉਣ ਦੀ ਜ਼ਰੂਰਤ ਨਹੀਂ ਰਹੀ ਸੀ। ਸੋਮਾ ਅਜਿਹੀ ਹੀ ਇਸਤਰੀ ਸੀ ਜੋ ਵਿਆਹ ਨੂੰ ਜ਼ਰੂਰੀ ਨਾ ਸਮਝਦੀ ਹੋਈ ਸੰਘ ਵਿੱਚ ਸ਼ਾਮਿਲ ਹੋਈ ਸੀ। ਸੋਮਾ ਜਿਹੀਆਂ ਹੋਰ ਵੀ ਬਹੁਤ ਲੜਕੀਆਂ ਸਨ, ਜਿਹਨਾਂ ਨੇ ਕਵਾਰੇ ਰਹਿਕੇ ਆਜ਼ਾਦੀ ਦੇ ਅਵਸਰ ਦਾ ਅਨੰਦ ਮਾਣਿਆ ਸੀ। ਕੁੱਝ ਲੜਕੀਆਂ ਸੰਘ ਵਿੱਚ ਸ਼ਾਮਿਲ ਹੁੰਦੀਆਂ ਅਤੇ ਕੁੱਝ ਕਵਾਰੀਆ ਘਰ ਵਿੱਚ ਰਹਿੰਦੀਆਂ ਹੋਈਆਂ ਭਿੱਖੂ-ਭਿੱਖਣੀਆਂ ਦੀ ਸੇਵਾ ਕਰਦੀਆਂ ਸਨ ਅਤੇ ਆਪਣੀ ਇੱਛਾ ਅਨੁਸਾਰ ਧਾਰਮਿਕ ਉਪਦੇਸ਼ ਸੁਣਦੀਆਂ ਸਨ। ਅਨਾਥਪਿੰਡਿਕ ਦੀਆਂ ਦੋਵੇਂ ਬੇਟੀਆਂ ਨੇ ਵਿਆਹ ਤੱਕ ਇੱਛਾ ਅਨੁਸਾਰ ਸੰਘ ਦੀ ਸੇਵਾ ਕੀਤੀ ਸੀ।

ਇਸ ਸਮੇਂ ਛੋਟੀ ਉਮਰ ਵਿੱਚ ਵਿਆਹ ਕਰਨ ਦੀ ਧਾਰਨਾ ਪ੍ਰਚਲਿਤ ਨਹੀਂ ਸੀ। ਆਈ. ਬੀ. ਹੋਰਨਰ ਅਨੁਸਾਰ ਵਿਆਹ ਦੀ ਪੱਕੀ ਉਮਰ ਦੀ ਜਾਣਕਾਰੀ ਤਾਂ ਨਹੀਂ ਮਿਲਦੀ, ਪਰੰਤੂ ਆਮਤੌਰ ’ਤੇ 16 ਤੋਂ 20 ਸਾਲ ਦੀ ਉਮਰ ਵਿੱਚ ਵਿਆਹ ਕੀਤੇ ਜਾਂਦੇ ਸੀ।[113] ਜਾਤਕ ਕਥਾ ਵਿੱਚ ਇੱਕ ਮਾਂ ਵੱਲੋਂ ਆਪਣੀ 16 ਸਾਲ ਦੀ ਬੇਟੀ ਦੇ ਵਿਆਹ ਦੀ ਚਿੰਤਾ ਨੂੰ ਬਿਆਨ ਕੀਤਾ ਗਿਆ ਹੈ।[114] ਜੋ ਲੜਕੀ ਦੇ ਵਿਆਹ ਦੀ ਉਮਰ ਨੂੰ 16 ਦੇ ਆਸ-ਪਾਸ ਹੀ ਦਰਸਾਉਂਦਾ ਹੈ। ਵਿਨਯ ਪਿਟਕ ਵਿਚਲੇ ਨਿਯਮਾਂ ਅਨੁਸਾਰ ਛੋਟੀ ਉਮਰ ਵਿੱਚ ਲੜਕੀ ਸੰਘ ਵਿੱਚ ਸ਼ਾਮਿਲ ਨਹੀਂ ਹੋ ਸਕਦੀ ਸੀ। ਪਰ ਕਾਫ਼ੀ ਗਿਣਤੀ ਵਿੱਚ ਲੜਕੀਆਂ ਨੇ ਵਿਆਹ ਤੋਂ ਪਹਿਲਾ ਸੰਘ ਪ੍ਰਵੇਸ਼ ਕੀਤਾ। ਇਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਮ ਤੌਰ ’ਤੇ ਲੜਕੀ ਦੇ ਵਿਆਹ ਦੀ ਉਮਰ 16-17 ਸਾਲ ਸੀ। ਪਰ ਅੰਗੁਤਰ ਨਿਕਾਯ ਵਿੱਚੋਂ ਇੱਕ ਲੜਕੀ ਦੇ ਵਿਆਹ ਦੀ ਉਮਰ ਬਹੁਤ ਘੱਟ ਪ੍ਰਾਪਤ ਹੁੰਦੀ ਹੈ। ਸੰਯੁਕੱਤ ਨਿਕਾਯ ਅਨੁਸਾਰ ਛੋਟੀ ਉਮਰ ਦਾ ਵਿਆਹ ਪੰਜ ਮਹਾਦੁਖਾਂ ਵਿੱਚੋਂ ਇੱਕ ਹੈ।[115] ਮਹਾਤਮਾ ਬੁੱਧ ਬਾਲ-ਵਿਆਹ ਦੇ ਵਿਰੋਧੀ ਸਨ। ਇਸ ਸਮੇਂ ਲੜਕੀਆਂ ਆਪਣੀ ਪਸੰਦ ਅਨੁਸਾਰ ਵਿਆਹ ਕਰਵਾਉਣ ਲਈ ਵੀ ਆਵਾਜ਼ ਚੁੱਕ ਸਕਦੀਆਂ ਸਨ। ਪਾਲੀ ਸਾਹਿਤ ਵਿੱਚੋਂ ਕਈ ਪ੍ਰੇਮ ਕਹਾਣੀਆਂ ਪ੍ਰਾਪਤ ਹੁੰਦੀਆ ਹਨ ਜਿਵੇਂ ਭਦ੍ਰਾ ਕੁੰਡਲਕੇਸ਼ ਅਤੇ ਪਟਾਚਾਰਾ ਨੇ ਆਪਣੀ ਇੱਛਾ ਅਨੁਸਾਰ

---

113 “No age is prescribed as the correct marriageable age, but girls probably married as a rule between the ages of sixteen and twenty.”
I.B.Horner, *Women under Primitive Buddhism: Laywomen and Almswomen,* p. 28.

114 *jwqk*, cOQw Bwg, pNnw 419.;
*jwqk*, dusrw Bwg, BdNq AwnNd kOsØXwXn (Anu.), ihNdI swihËX sMmyln, pRXwg, 1951, pNnw 89.

115 Pulku<vr jYn, *jwqk kQwAo< my< nwrI*, AnIqw pRkwSn, aÈjYn, 1981, pNnw 40.

ਵਿਆਹ ਕਰਵਾਇਆ ਸੀ। ਥੇਰੀਗਾਥਾ ਅਨੁਸਾਰ ਪਿਤਾ ਵੱਲੋਂ ਲੜਕੀ ਦੇ ਵਿਆਹ ਤੋਂ ਪਹਿਲਾ ਉਸ ਨਾਲ ਸਲਾਹ-ਮਸ਼ਵਰਾ ਵੀ ਕੀਤਾ ਜਾਂਦਾ ਸੀ।[116] ਲੜਕੀਆਂ ਨੂੰ ਮਾਤਾ-ਪਿਤਾ ਦੁਆਰਾ ਰੱਖੇ ਵਿਆਹ ਦੇ ਪ੍ਰਸਤਾਵ ਨੂੰ ਸਵੀਕਾਰਨ ਜਾਂ ਅਸਵੀਕਾਰਨ ਦੀ ਆਜ਼ਾਦੀ ਪ੍ਰਾਪਤ ਸੀ। ਉਹ ਇੱਛਾ ਅਨੁਸਾਰ ਵਿਆਹ ਦੇ ਪ੍ਰਸਤਾਵ ਨੂੰ ਨਕਾਰ ਕੇ ਪ੍ਰਵ੍ਰਜਿਤ ਹੋ ਸਕਦੀਆਂ ਸਨ। ਮਹਾਤਮਾ ਬੁੱਧ ਖ਼ੁਦ ਇਸਤਰੀਆਂ ਦੇ ਜਜ਼ਬਾਤਾਂ ਦੀ ਕਦਰ ਕਰਦੇ ਸਨ। ਉਹਨਾਂ ਅਨੁਸਾਰ ਲੜਕੀ ਨਾਲ ਜ਼ਬਰਦਸਤੀ ਕਰਨ ਵਾਲੇ ਪਰਿਵਾਰਾਂ ਦੀ ਕਦੇ ਉੱਨਤੀ ਨਹੀਂ ਹੋ ਸਕਦੀ।[117] ਮਹਾਤਮਾ ਬੁੱਧ ਦੇ ਅਜਿਹੇ ਯਤਨਾਂ ਸਦਕਾ ਲੜਕੀਆਂ ਖ਼ੁਦ ਨੂੰ ਜ਼ਿੰਦਗੀ ਦੇ ਨਿਰਣੇ ਲੈਣ ਦੇ ਕਾਬਿਲ ਸਮਝਣ ਲੱਗੀਆਂ ਸਨ। ਅਜਿਹੀ ਮਿਲੀ ਆਜ਼ਾਦੀ ਕਾਰਨ ਲੜਕੀਆਂ ਵਿੱਚ ਆਤਮਨਿਰਣੇ ਦੀ ਬੁੱਧੀ ਜਾਗ੍ਰਿਤ ਹੋਈ ਸੀ।

ਬੁੱਧ ਸਾਹਿਤ ਅਨੁਸਾਰ ਵਿਆਹ ਸਮੇਂ ਪੁਰੋਹਿਤਾਂ ਦੁਆਰਾ ਕੋਈ ਖ਼ਾਸ ਰੋਲ ਨਹੀਂ ਨਿਭਾਇਆ ਜਾਂਦਾ ਸੀ, ਸਗੋਂ ਉਸ ਸਮੇਂ ਵਿਆਹ ਇੱਕ ਘਰੇਲੂ ਮਸਲਾ ਗਿਣਿਆ ਜਾਂਦਾ ਸੀ।[118] ਸੰਸਕਾਰ ਨਿਯਮਾਂ ਦੀ ਬਜਾਇ ਵਿਆਹ ਦਾ ਸਮਾਂ ਇੱਕ ਮੌਜਮਸਤੀ ਦਾ ਸਮਾਂ ਗਿਣਿਆ ਜਾਂਦਾ ਸੀ। ਵਿਆਹ ਇੱਕ ਜੋ ਮਾਤਾ-ਪਿਤਾ ਵੱਲੋਂ ਤੈਅ ਕੀਤਾ ਹੋਇਆ, ਸਵੰਬਰ ਰਚਾ ਕੇ ਕੀਤਾ ਗਿਆ ਅਤੇ ਤੀਸਰਾ ਗੰਧਰਵ ਵਿਆਹ ਜੋ ਲੜਕੇ-ਲੜਕੀ ਦੋਵਾਂ ਦੀ ਇੱਛਾ ਅਨੁਸਾਰ ਹੁੰਦਾ ਸੀ। ਜਿਸ ਵਿੱਚ ਤੀਸਰੇ ਦੀ ਕੋਈ ਜਗ੍ਹਾਂ ਨਹੀਂ ਰਹਿੰਦੀ ਸੀ। ਵਿਆਹ ਸਮੇਂ ਮਾਤਾ-ਪਿਤਾ ਵੱਲੋਂ ਲੜਕੀ ਨੂੰ ਹੈਸੀਅਤ ਅਨੁਸਾਰ ਤੋਹਫ਼ੇ ਦੇ ਰੂਪ ਵਿੱਚ ਪੈਸਾ, ਗਹਿਣੇ, ਕੱਪੜੇ ਆਦਿ ਦਿੱਤੇ ਜਾਂਦੇ ਸੀ। ਇਹ ਵੀ ਸੀ ਕਿ ਲੜਕੀ ਦਾ ਉਹਨਾਂ ਤੋਹਫ਼ਿਆਂ ਉੱਪਰ ਪੂਰਨ ਅਧਿਕਾਰ ਹੁੰਦਾ ਸੀ। ਵਿਆਹ ਸਮੇਂ ਤੋਹਫ਼ੇ ਦੇ ਰੂਪ ਵਿੱਚ ਰਾਜਾ ਬਿੰਬੀਸਾਰ ਨੇ ਆਪਣੀ ਲੜਕੀ ਨੂੰ ਕਾਸ਼ੀਨਗਰ ਦਿੱਤਾ ਸੀ।[119] ਮਹਾਤਮਾ ਬੁੱਧ ਲੋਭ, ਲਾਲਚ, ਮੋਹ, ਮਾਇਆ ਨੂੰ ਇਨਸਾਨ ਦਾ ਬਹੁਤ ਵੱਡਾ ਦੁੱਖ ਦੱਸਦੇ ਹਨ। ਉਹ ਨੇਕ ਕਮਾਈ ਕਰਨ ਦਾ ਉਪਦੇਸ਼ ਦਿੰਦੇ ਤਾਂਕਿ ਕਿਸੇ ਦੂਸਰੇ ਦਾ ਕੋਈ ਨੁਕਸਾਨ ਨਾ ਹੋਵੇ।

ਇਸਤਰੀ ਨੂੰ ਹਮੇਸ਼ਾ ਹੀ ਬੇਟੀ, ਭੈਣ, ਪਤਨੀ, ਨੂੰਹ, ਮਾਂ ਦੇ ਸਾਰੇ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਸਮਾਜ ਵਿੱਚ ਚੰਗੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਉਸ ਸਮੇਂ ਵੀ ਲੜਕੀ ਨੂੰ ਸਹੁਰੇ ਘਰ ਭੇਜਣ ਸਮੇਂ ਉਸ ਦੇ ਫ਼ਰਜ਼ਾਂ ਤੋਂ ਸੁਚੇਤ ਕੀਤਾ ਜਾਂਦਾ ਸੀ। ਇਸ ਬਾਰੇ ਸਿੱਖਿਆਵਾਂ ਦਿੰਦੇ ਸਮੇਂ ਮਹਾਤਮਾ ਬੁੱਧ ਨੇ ਕਿਹਾ ਹੈ ਕਿ ਲੜਕੀ ਨੂੰ ਮਾਤਾ-ਪਿਤਾ ਵੱਲੋਂ ਜਿਸ ਨਾਲ ਉਸ ਦਾ ਵਿਆਹ ਕੀਤਾ ਜਾਵੇ ਉਸ ਪ੍ਰਤੀ ਉਸਨੂੰ ਸਤਿਕਾਰਿਤ ਰਹਿਣਾ ਚਾਹੀਦਾ ਹੈ, ਉਸ ਤੋਂ ਪਹਿਲਾ ਉੱਠਣ, ਉਸ ਤੋਂ ਬਾਅਦ ਵਿੱਚ ਸੌਣ ਅਤੇ ਉਸਦੀ ਆਗਿਆ ਵਿੱਚ

---

116 *QyrIgwQwpwil,* pNnw 312.

117 *dIG inkwX*, pNnw 119.

118 "The wedding ceremony was generally performed without the intervention of priest of 'Purohita', and was purely a civilar domestic affair."
Nagendar Kr. Singh, *International Encyclpaedia of Buddhism*, Vol.36, Anmol Publications, New Delhi, 1997, p. 5229.

119 *jwqk*, dusrw Bwg, pNnw 443.;
*jwqk*, cOQw Bwg, pNnw 549.

ਰਹਿਣਾ ਚਾਹੀਦਾ ਹੈ। ਉਸਦੇ ਮਾਤਾ-ਪਿਤਾ, ਘਰ ਆਏ ਮਹਿਮਾਨਾਂ ਦਾ ਸਤਿਕਾਰ ਕਰਨਾ, ਪਤੀ ਦੇ ਹਰ ਕੰਮ ਵਿੱਚ ਹੱਥ ਵੰਡਾਉਣਾ ਅਤੇ ਪਤੀ ਦੇ ਘਰ ਰਹਿਣ ਵਾਲੇ ਨੌਕਰਾਂ ਦੇ ਕੰਮ-ਕਾਜ, ਖਾਣ-ਪੀਣ ਅਤੇ ਬੀਮਾਰ ਹੋਣ ’ਤੇ ਦਵਾਈ ਆਦਿ ਦਾ ਖ਼ਿਆਲ ਰੱਖਣ ਨੂੰ ਜ਼ਰੂਰੀ ਫ਼ਰਜ਼ਾਂ ਵਿੱਚ ਗਿਣਿਆ ਹੈ। ਪਤੀ ਵੱਲੋਂ ਕਮਾਈ ਕਰਕੇ ਲਿਆਂਦੇ ਸੋਨਾ, ਚਾਂਦੀ, ਪੈਸਾ ਆਦਿ ਦੀ ਹਿਫਾਜ਼ਤ ਕਰਨਾ ਵੀ ਫ਼ਰਜ਼ ਦੱਸਿਆ ਹੈ।[120] ਲੜਕੀ ਦੇ ਜੀਵਨ ਨੂੰ ਸੁਖਦ ਬਨਾਉਣ ਲਈ ਉਸਨੂੰ ਪਤੀਕੁਲ ਦੇ ਯੋਗ ਸਦਾਚਾਰ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਸੀ। ਬੁੱਧ ਧਰਮ ਵਿੱਚ ਇਹਨਾਂ ਗੁਣਾਂ ਨੂੰ ਧਾਰਨ ਕਰਨ ਵਾਲੀ ਇਸਤਰੀ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਇਸਤਰੀ ਵੱਲੋਂ ਪਤੀ ਦੀ ਆਗਿਆਕਾਰੀ ਅਤੇ ਵਿਸ਼ਵਾਸਯੋਗ ਹੋਣਾ ਸਮਾਜਿਕ ਲੋੜ ਸੀ। ਕਈ ਇਸਤਰੀਆਂ ਨੇ ਉਸ ਸਮੇਂ ਸੰਘ ਪ੍ਰਵੇਸ਼ ਵੀ ਪਤੀ ਬਿਨਾਂ ਸੁੰਨੀ ਜ਼ਿੰਦਗੀ ਜੀਉਣ ਦੀ ਬਜਾਇ ਉਸ ਦੇ ਰਾਹ ’ਤੇ ਚੱਲਣਾ ਚੰਗਾ ਸਮਝਿਆ ਸੀ। ਮਹਾਤਮਾ ਬੁੱਧ ਨੇ ਸੁਜਾਤਾ ਨੂੰ ਉਪਦੇਸ਼ ਦਿੰਦੇ ਹੋਏ ਸੱਤ ਤਰ੍ਹਾਂ ਦੀਆਂ ਪਤਨੀਆਂ ਬਾਰੇ ਦੱਸਿਆ ਹੈ। ਵਧਕ ਜਿਹੀ, ਚੋਰਣੀ, ਮਾਲਕਿਨ ਜਿਹੀ, ਮਾਤਾ ਜਿਹੀ, ਭੈਣ ਜਿਹੀ, ਸਹੇਲੀ ਜਿਹੀ, ਦਾਸੀ ਜਿਹੀ। ਵਧਕ, ਚੋਰਣੀ, ਮਾਲਕਿਨ ਜਿਹੀ ਪਤਨੀ, ਕਠੋਰ ਸੁਭਾਅ ਵਾਲੀ ਅਤੇ ਪਤੀ ਦਾ ਆਦਰ ਨਾ ਕਰਨ ਵਾਲੀ ਜੋ ਨਰਕ ਦੀ ਭਾਗੀ ਬਣਦੀ ਹੈ। ਮਾਂ ਅਤੇ ਭੈਣ ਵਾਂਗ ਦੇਖਭਾਲ ਕਰਨ ਵਾਲੀ, ਸਖੀ ਜਿਹਾ ਸਾਥ ਦੇਣ ਵਾਲੀ ਅਤੇ ਦਾਸੀ ਜਿਹੀ ਪਤਨੀ। ਇਹਨਾਂ ਗੁਣਾਂ ਵਾਲੀ ਪਤਨੀ (ਸ਼ੀਲਵਾਨ) ਸਾਰਾ ਜੀਵਨ ਇਕੱਠੇ ਜਿਉਣ ਤੋਂ ਬਾਅਦ ਸਰੀਰ ਛੁੱਟਣ ’ਤੇ ਸਵਰਗ ਦੀ ਪ੍ਰਾਪਤੀ ਕਰਦੀ ਹੈ।[121] ਪਤੀ ਦੀ ਸੇਵਾ ਕਰਨਾ ਪਤਨੀ ਦਾ ਇੱਕ ਜ਼ਰੂਰੀ ਫ਼ਰਜ਼ ਗਿਣਿਆ ਜਾਂਦਾ ਸੀ। ਸੰਯੁਕੱਤ ਨਿਕਾਯ ਵਿੱਚ ਅਜਿਹੀ ਪਤਨੀ ਨੂੰ ਸਭ ਤੋਂ ਸ੍ਰੇਸ਼ਠ ਦੱਸਿਆ ਹੈ।[122] ਮਹਾਤਮਾ ਬੁੱਧ ਦੇ ਵਿਚਾਰਾਂ ਅਨੁਸਾਰ ਜੇਕਰ ਮਰਦ ਅਤੇ ਇਸਤਰੀ ਗ੍ਰਹਿਸਤ ਜੀਵਨ ਜੀਉਣਾ ਚਾਹੁੰਦੇ ਹਨ ਤਾਂ ਉਹ ਹਰ ਰਿਸ਼ਤੇ ਦੀ ਬੁਨਿਆਦ ਨੂੰ ਪੱਕਿਆ ਕਰਨ ਅਤੇ ਉਸ ਪ੍ਰਤੀ ਸੱਚੇ ਰਹਿਣ। ਦੋਵਾਂ ਨੂੰ ਇੱਕ ਦੂਸਰੇ ਪ੍ਰਤੀ ਸਮਰਪਿਤ ਹੁੰਦੇ ਹੋਏ ਜੀਵਨ ਗੁਜ਼ਾਰਨ ਦੀ ਤਾਕੀਦ ਕੀਤੀ ਹੈ। ਮਹਾਤਮਾ ਬੁੱਧ ਵਿਸਾਖਾ ਨਾਲ ਵਾਰਤਾਲਾਪ ਕਰਦੇ ਹੋਏ ਦੱਸਦੇ ਹਨ ਕਿ ਚਾਰ ਗੁਣਾਂ ਨੂੰ ਧਾਰਨ ਵਾਲੀ ਇਸਤਰੀ ਇਸ ਲੋਕ ਵਿੱਚ ਪ੍ਰਸੰਨ ਰਹਿੰਦੀ ਹੈ:

1. ਪਤੀ ਦੇ ਕੰਮ-ਕਾਜ ਵਿੱਚ ਪੂਰਨ ਸਹਿਯੋਗੀ।
2. ਪਰਿਜਨਾਂ (ਮਹਿਮਾਨਾਂ) ਨੂੰ ਬਰਾਬਰ ਦਾ ਖਾਣਾ ਦੇਣ ਵਾਲੀ।
3. ਪਤੀ ਦੀ ਇੱਛਾ ਅਨੁਸਾਰ ਆਚਰਣ ਧਾਰਨ ਵਾਲੀ।
4. ਪਤੀ ਦੀ ਕਮਾਈ ਦੀ ਰੱਖਿਆ ਕਰਨ ਵਾਲੀ।[123]

---

120 *ANguqr inkwX*, dusrw Bwg, pNnw 266.
121 *ANguqr inkwX,* qIsrw Bwg, pNny 206-09.
122 *sNXuÁ inkwX*, phlw Bwg, pNnw 7.
123 *ANguqr inkwX*, qIsrw Bwg, pNny 341-342.

ਇਹਨਾਂ ਸਿੱਖਿਆਵਾਂ ਤੋਂ ਪਤਾ ਚੱਲਦਾ ਹੈ ਕਿ ਸਹੁਰੇ ਘਰ ਵਿੱਚ ਪਤਨੀ ਨੂੰ ਗ੍ਰਹਿਸਤ ਦੀ ਜ਼ੁੰਮੇਵਾਰੀ ਦੇ ਨਾਲ-ਨਾਲ ਸਾਰੇ ਘਰ ਦੀ ਮਾਲਕੀ ਵੀ ਹਾਸਲ ਹੋ ਜਾਂਦੀ ਸੀ। ਉਸਨੂੰ ਪਤੀ ਦੇ ਸਾਰੇ ਕੰਮ-ਕਾਜ ਵਿੱਚ ਸਲਾਹਕਾਰ ਬਣਨ ਅਤੇ ਪਤੀ ਦੀ ਕਮਾਈ ਨੂੰ ਵਰਤਣ ਦਾ ਹੱਕ ਪ੍ਰਾਪਤ ਸੀ। ਮਹਾਤਮਾ ਬੁੱਧ ਨੇ ਉਸਨੂੰ ਸਹੁਰੇ ਘਰ ਵਿੱਚ ਸਭ ਦੀ ਆਗਿਆ ਪਾਲਨ ਦੇ ਉਪਦੇਸ਼ਾਂ ਦੇ ਨਾਲ-ਨਾਲ ਘਰ ਅਤੇ ਕਾਰੋਬਾਰ ਦੇ ਹੱਕ ਪ੍ਰਦਾਨ ਕੀਤੇ ਸਨ। ਇਹਨਾਂ ਹੱਕਾਂ ਨਾਲ ਇਸਤਰੀ ਦੀ ਘਰ ਵਿੱਚ ਪ੍ਰਭੁੱਤਾ ਬਣ ਗਈ ਸੀ। ਪਤਨੀ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਪਿਤਾ ਦੇ ਘਰ ਵਾਂਗ ਪਤੀ ਦੇ ਘਰ ਨੂੰ ਆਪਣਾ ਸਮਝਦੀ ਹੋਈ ਪੂਰਾ ਧਿਆਨ ਰੱਖੇ ਅਤੇ ਬਣਦੇ ਹੱਕਾਂ ਨੂੰ ਨਿਭਾਉਣ ਵਿੱਚ ਖਰੀ ਉੱਤਰੇ। ਮਹਾਤਮਾ ਬੁੱਧ ਅਨੁਸਾਰ ਪਤਨੀ ਪਤੀ ਦੀ ਸਭ ਤੋਂ ਵੱਡੀ ਸਾਥਨ ਹੈ।[124] ਜ਼ਿੰਦਗੀ ਦੇ ਹਰ ਸੁੱਖ-ਦੁੱਖ ਵਿੱਚ ਪਤੀ ਦਾ ਸਾਥ ਦੇਣ ਵਾਲੀ ਉਸਦੀ ਪਤਨੀ ਹੀ ਹੁੰਦੀ ਹੈ। ਪਤੀ ਨੂੰ ਵੀ ਪਤਨੀ ਨਾਲ ਚੰਗਾ ਰਿਸ਼ਤਾ ਨਿਭਾਉਣ ਲਈ ਕਿਹਾ ਹੈ। ਇਸ ਤਰ੍ਹਾਂ ਮਹਾਤਮਾ ਬੁੱਧ ਨਕੁਲਪਿਤਾ ਨੂੰ ਕਹਿੰਦੇ ਹਨ ਕਿ ਤੂੰ ਭਾਗਾਂ ਵਾਲਾ ਹੈ ਜੋ ਨਕੁਲਮਾਤਾ ਤੇਰੀ ਪਤਨੀ ਹੈ। ਉਹ ਤੇਰੀ ਸੇਵਾ ਕਰਨ ਵਾਲੀ ਹੈ, ਤੇਰੇ ਹਿਤ ਦੀ ਚਿੰਤਾ ਰੱਖਦੀ ਹੈ।[125] ਮਹਾਤਮਾ ਬੁੱਧ ਨੇ ਗ੍ਰਹਿਸਤ ਪਰਿਵਾਰਾਂ ਨੂੰ ਉਪਦੇਸ਼ ਦਿੰਦੇ ਹੋਏ ਛੇ ਦਿਸ਼ਾਵਾਂ ਦੀ ਪੂਜਾ ਦੇ ਵਿੱਚ ਪਤਨੀ ਦੀ ਸੇਵਾ ਦੀ ਵੀ ਗੱਲ ਕੀਤੀ ਹੈ। ਪਤੀ ਨੂੰ ਪਤਨੀ ਰੂਪੀ ਪੱਛਮ ਦਿਸ਼ਾ ਦਾ ਸਤਿਕਾਰ ਕਰਨਾ ਚਾਹੀਦਾ ਹੈ: 1. ਸਨਮਾਨ ਨਾਲ 2. ਅਪਮਾਨ ਨਾ ਕਰਕੇ 3. ਪਰ ਇਸਤਰੀ ਗਮਨ ਨਾ ਕਰਕੇ 4. ਐਸ਼ ਪ੍ਰਦਾਨ ਕਰਕੇ 5. ਅਲੰਕਾਰ ਪ੍ਰਦਾਨ ਕਰਕੇ ਆਪਣੀ ਪਤਨੀ ਨੂੰ ਸੰਤੁਸ਼ਟ ਕਰੇ ਕਿਉਂਕਿ ਪਤਨੀ ਵੀ ਹਮੇਸ਼ਾ ਪਤੀ ਦੀ ਹਰ ਪੱਖ ਤੋਂ ਸੇਵਾ ਕਰਦੀ ਹੈ।[126]

ਮਹਾਤਮਾ ਬੁੱਧ ਦੀ ਨਜ਼ਰ ਵਿੱਚ ਇਸਤਰੀ ਕੋਈ ਅਬਲਾ ਨਹੀਂ ਸਗੋਂ ਹਰ ਪੱਖ ਤੋਂ ਮਰਦ ਦੇ ਬਰਾਬਰ ਸੀ। ਉਹ ਘਰੇਲੂ ਕੰਮਾਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਉਸਨੂੰ ਘਰ ਦੀ ਮੁਖੀ ਵੀ ਮੰਨਿਆ ਜਾਣ ਲੱਗਿਆ ਸੀ। ਮਹਾਤਮਾ ਬੁੱਧ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਪਤੀ ਪਤਨੀ ਦੋਵੇਂ ਜਿਉਂਦੇ ਜੀ ਅਤੇ ਮਰਨ ਉਪਰੰਤ ਵੀ ਇੱਕ ਦੂਸਰੇ ਨੂੰ ਦੇਖਣਾ ਚਾਹੁੰਦੇ ਹਨ ਤਾਂ ਉਹ ਸ਼ਰਧਾ, ਸ਼ੀਲ, ਤਿਆਗ ਅਤੇ ਪ੍ਰਗਿਆ ਵਿੱਚ ਬਰਾਬਰਤਾ ਵਾਲੇ ਹੋਣ।[127] ਮਹਾਤਮਾ ਬੁੱਧ ਦੇ ਇਹਨਾਂ ਉਪਦੇਸ਼ਾਂ ਦਾ ਲੋਕਾਂ ਦੀ ਸੋਚ ਉੱਪਰ ਕਾਫ਼ੀ ਅਸਰ ਪਿਆ। ਜਿਸ ਨਾਲ ਸਮਾਜ ਵਿੱਚ ਇਸਤਰੀ ਨੂੰ ਅਧਿਕਾਰ ਪ੍ਰਾਪਤ ਹੋਏ ਅਤੇ ਚੰਗਾ ਰੁਤਬਾ ਵੀ ਹਾਸਲ ਹੋਇਆ। ਇਹਨਾਂ ਉਪਦੇਸ਼ਾਂ ਦੇ ਪ੍ਰਭਾਵ ਸਦਕਾ ਹੀ ਪਸੇਨਦਿ ਮਲਿੱਕਾ ਦੇਵੀ ਦੀ ਮੌਤ ਦੀ ਖ਼ਬਰ

---

124 *sNXuÁ inkwX*, phlw Bwg, pNnw 38.

125 *ANguqr inkwX*, qIsrw Bwg, pNny 16-17.

126 *dIG inkwX*, pNnw 275.

127 *ANguqr inkwX*, dusrw Bwg, pNnw 63.

ਸੁਣਦੇ ਹੀ ਨਢਾਲ ਹੋ ਗਏ ਅਤੇ ਇਸ ਵਿਛੋੜੇ ਨੂੰ ਬਰਦਾਸ਼ਤ ਨਹੀਂ ਕਰ ਸਕੇ ਸੀ।[128] ਇੱਕ ਅਸੱਕ ਜਾਤਕ ਵਿੱਚੋਂ ਜਾਣਕਾਰੀ ਮਿਲਦੀ ਹੈ ਕਿ ਅਸੱਕ ਨਾਮਕ ਰਾਜੇ ਨੇ ਆਪਣੀ ਪਤਨੀ ਉੱਬਰੀ ਦੀ ਮੌਤ ਹੋਣ 'ਤੇ ਉਸਦੇ ਸੋਗ ਵਿੱਚ ਰਹਿ ਕੇ ਸੱਤ ਦਿਨ ਭੁੱਖੇ ਰਹਿ ਕੇ ਗੁਜ਼ਾਰੇ ਸਨ।[129]

ਪਤੀ-ਪਤਨੀ ਦੋਵੇਂ ਹੀ ਪਰਿਵਾਰ ਦੇ ਥੰਮ ਮੰਨੇ ਜਾਂਦੇ ਹਨ। ਜੇਕਰ ਦੋਵਾਂ ਦਾ ਜੀਵਨ ਨੈਤਿਕਤਾ ਭਰਪੂਰ ਹੋਵੇ ਤਾਂ ਉਹਨਾਂ ਦੀ ਜ਼ਿੰਦਗੀ ਖ਼ੁਸ਼ੀਆਂ ਭਰਪੂਰ ਹੋ ਜਾਂਦੀ ਹੈ। ਦੋਵੇਂ ਇੱਕ ਦੂਜੇ ਪ੍ਰਤੀ ਬਣਦੇ ਕਰਤੱਵਾਂ ਦੀ ਪਾਲਨਾ ਕਰਦੇ ਹੋਏ ਅਤੇ ਸੱਚੇ ਰਹਿੰਦੇ ਹੋਏ ਪਰਿਵਾਰਿਕ ਜ਼ਿੰਦਗੀ ਅਤੇ ਸਮਾਜ ਵਿੱਚ ਖ਼ੁਸ਼ੀਆਂ ਦਾ ਫੈਲਾਅ ਕਰ ਸਕਦੇ ਹਨ। ਮਹਾਤਮਾ ਬੁੱਧ ਦੇ ਸਮੇਂ ਵਿੱਚ ਵਿਸਾਖਾ ਮਿਗਾਰਮਾਤਾ, ਸੁੱਪਿਆ, ਨਕੁਲਮਾਤਾ ਦੇ ਨਾਮ ਚੰਗੀਆਂ ਪਤਨੀਆਂ ਵਜੋਂ ਲਏ ਜਾ ਸਕਦੇ ਹਨ।

ਬੁੱਧ ਧਰਮ ਅਨੁਸਾਰ ਗ੍ਰਹਿਸਤ ਵਿੱਚ ਰਹਿੰਦਾ ਹੋਇਆ ਅਸਲੀ ਅਨੁਯਾਈ ਉਹ ਹੈ ਜੋ ਆਪਣੀ ਪਤਨੀ ਨੂੰ ਉਸਦੇ ਬਣਦੇ ਹੱਕ ਦਿੰਦਾ ਹੋਇਆ ਸਬਰ ਸੰਤੋਖ ਨਾਲ ਉਸ ਨਾਲ ਜੀਵਨ ਬਤੀਤ ਕਰਦਾ ਹੈ। ਉਹ ਹਰ ਦੂਸਰੀ ਇਸਤਰੀ ਨੂੰ ਭੈਣ, ਮਾਂ ਅਤੇ ਧੀ ਬਰਾਬਰ ਸਮਝਦਾ ਹੈ। ਪਤਨੀ ਨੂੰ ਹਮੇਸ਼ਾ ਪਤੀ ਨਾਲ ਸੱਚੀ ਅਤੇ ਵਿਸ਼ਵਾਸਯੋਗ ਰਹਿਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੁੱਧ ਧਰਮ ਵਿੱਚ ਗ੍ਰਹਿਸਤੀ ਨੂੰ ਪੰਜਸ਼ੀਲ ਨਿਯਮਾਂ ਦੀ ਪਾਲਨਾ ਕਰਨੀ ਜ਼ਰੂਰੀ ਦੱਸੀ ਹੈ। ਬੁੱਧ ਧਰਮ ਵਿੱਚ ਬਾਰ-ਬਾਰ ਇਸ ਗੱਲ ਉੱਪਰ ਜ਼ੋਰ ਦਿੱਤਾ ਗਿਆ ਹੈ ਕਿ ਮਰਦ ਨੂੰ ਪਰਾਈ ਇਸਤਰੀ ਗਮਨ ਨਹੀਂ ਕਰਨਾ ਚਾਹੀਦਾ, ਜੋ ਵੀ ਇਸ ਰਾਹ 'ਤੇ ਚੱਲਦਾ ਹੈ ਉਹ ਦੁੱਖਾਂ ਦਾ ਭਾਗੀ ਬਣਦਾ ਹੈ।[130] ਇਸ ਰਾਹੇ ਚੱਲਣ ਵਾਲਾ ਇਨਸਾਨ ਗੰਦਗੀ ਦੇ ਖ਼ੂਹ ਵਿੱਚ ਗਿਰਦਾ ਹੈ। ਇੱਥੋਂ ਤੱਕ ਕਿ ਸੁਤਨਿਪਾਤ ਵਿੱਚ ਮਹਾਤਮਾ ਬੁੱਧ ਦਾ ਕਹਿਣਾ ਹੈ ਕਿ ਜੋ ਮਰਦ ਪਰਾਈ ਇਸਤਰੀ ਪਿੱਛੇ ਆਪਣੀ ਕਮਾਈ ਨਸ਼ਟ ਕਰਦੇ ਹਨ ਅਤੇ ਆਪਣੀ ਪਤਨੀ ਤੋਂ ਅਸੰਤੁਸ਼ਟ ਰਹਿੰਦੇ ਹਨ। ਅਜਿਹੇ ਇਨਸਾਨਾਂ ਦਾ ਜ਼ਿੰਦਗੀ ਵਿੱਚ ਤਰੱਕੀ ਕਰਨਾ ਮੁਮਕਿਨ ਨਹੀਂ ਹੈ।[131] ਚੁਲਪਦੁਮ ਜਾਤਕ ਅਨੁਸਾਰ ਨੀਚ ਲੋਭੀ ਇਨਸਾਨ ਜੋ ਪਰਾਈ ਇਸਤਰੀ ਵੱਲ ਪ੍ਰੇਰਿਤ ਹੁੰਦਾ ਹੈ, ਉਸਨੂੰ ਮੁਸੱਲ ਨਾਲ ਮਾਰਨ ਅਤੇ ਜਿਉਂਦੇ ਜੀ ਕੰਨ-ਨੱਕ ਕੱਟ ਦੇਣ ਦੀ ਗੱਲ ਕੀਤੀ ਹੈ।[132] ਬੁੱਧ ਧਰਮ ਅਨੁਸਾਰ ਗਿਆਨ ਦੀ ਪ੍ਰਾਪਤੀ ਵੀ ਉਹੀ ਇਨਸਾਨ ਕਰ ਸਕਦਾ ਹੈ ਜੋ ਬੁਰਿਆਈ ਤੋਂ ਦੂਰ ਰਹਿੰਦਾ ਹੈ। ਇਹ ਆਮ ਹੀ ਸੀ ਕਿ ਪਤੀ ਨਾਲ ਵਿਸ਼ਵਾਸਘਾਤ ਕਰਨ ਵਾਲੀ ਪਤਨੀ ਨਿੰਦਨੀਯ ਹੁੰਦੀ ਹੈ। ਪਤੀ ਉਸਨੂੰ ਤਿਆਗ ਸਕਦਾ ਸੀ ਅਤੇ ਸਮਾਜ ਵਿੱਚ ਉਸ ਦੀ ਕੋਈ ਕਦਰ

---

[128] vhI, pNnw 284.

[129] *jwqk*, dusrw Bwg, pNnw 345.

[130] *ANguqr inkwX*, dusrw Bwg, pNny 183;
*ANguqr inkwX*, phlw Bwg, pNnw 193;
*sNXuÁ inkwX*, phlw Bwg, pNnw 304.

[131] *suqinpwq*, iBKu Dm~rqn(Anu.), gOqm buk syNtr, idØlI, 2012, pNnw 23.

[132] jwqk, dusrw Bwg, pNnw 303.

ਨਹੀਂ ਕੀਤੀ ਜਾਂਦੀ ਸੀ। ਪਰ ਮਹਾਤਮਾ ਬੁੱਧ ਨੇ ਇਸਤਰੀ ਨੂੰ ਵਿਸ਼ਵਾਸਘਾਤ ਦੀ ਸਜਾ ਦੇ ਨਾਲ-ਨਾਲ ਪਰ ਇਸਤਰੀ ਗਮਨ ਕਰਕੇ ਪਤਨੀ ਨਾਲ ਵਿਸ਼ਵਾਸਘਾਤ ਕਰਨ ਵਾਲੇ ਪਤੀ ਲਈ ਵੀ ਚਾਰ ਸਜਾਵਾਂ ਦਾ ਵਰਣਨ ਕੀਤਾ ਹੈ: ਅਯੋਗਤਾ, ਸੁੱਖ ਦੇ ਨਾਲ ਨੀਂਦ ਨਹੀਂ, ਨਿੰਦਾ ਦਾ ਪਾਤਰ ਅਤੇ ਅਜਿਹਾ ਇਨਸਾਨ ਨਰਕ ਦਾ ਭਾਗੀ ਵੀ ਬਣਦਾ ਹੈ।[133] ਇਹਨਾਂ ਸਿੱਖਿਆਵਾਂ ਰਾਹੀਂ ਮਹਾਤਮਾ ਬੁੱਧ ਨੇ ਇਸਤਰੀ ਦੀ ਮਹੱਤਤਾ ਨੂੰ ਉੱਪਰ ਚੁੱਕਿਆ। ਸੰਯੁੱਕਤ ਨਿਕਾਯ ਵਿੱਚ ਕਿਹਾ ਗਿਆ ਹੈ ਕਿ ਜੋ ਇਨਸਾਨ ਗ੍ਰਹਿਸਤ ਜੀਵਨ ਜਿਉਂਦੇ ਹੋਏ ਧਰਮ ਨਾਲ ਆਪਣੀ ਪਤਨੀ ਦਾ ਪਾਲਣ ਪੋਸ਼ਣ ਕਰਦੇ ਹਨ, ਉਹਨਾਂ ਨੂੰ ਨਮਸਕਾਰ ਹੈ।[134] ਮਹਾਤਮਾ ਬੁੱਧ ਨੇ ਇੱਕ ਪਤਨੀ ਦੇ ਨਾਲ ਸਬਰ ਸੰਤੋਖ ਦਾ ਜੀਵਨ ਜੀਉਣ ਦਾ ਉਪਦੇਸ਼ ਦਿੱਤਾ ਸੀ।

ਇਸ ਸਮੇਂ ਬਹੁਵਿਆਹ ਦਾ ਜੋ ਰਿਵਾਜ ਸੀ, ਜ਼ਿਆਦਾਤਰ ਅਮੀਰ ਅਤੇ ਰਾਜ ਘਰਾਣਿਆਂ ਵਿੱਚ ਪ੍ਰਚਲਿਤ ਸੀ। ਉਦਾਹਰਨ ਦੇ ਲਈ ਰਾਜਾ ਪਸੇਨਦਿ ਅਤੇ ਰਾਜਾ ਬਿੰਬੀਸਾਰ ਦੀਆਂ ਕਈ-ਕਈ ਪਤਨੀਆਂ ਸਨ। ਪਰ ਕਈ ਵਾਰ ਇੱਕ ਤੋਂ ਵੱਧ ਪਤਨੀਆਂ ਦਾ ਹੋਣਾ ਹਾਲਾਤ ਉੱਪਰ ਵੀ ਨਿਰਭਰ ਕਰਦਾ ਸੀ। ਆਮ ਤੌਰ ’ਤੇ ਦੂਸਰੇ ਵਿਆਹ ਦਾ ਕਾਰਨ ਬਾਂਝਪਨ ਹੁੰਦਾ ਸੀ। ਪਰ ਲੋਕਾਂ ਨੇ ਇਸ ਨੂੰ ਐਸ਼-ਅਰਾਮ ਦਾ ਜ਼ਰੀਆ ਬਣਾ ਲਿਆ ਸੀ। ਕਿੱਸਾ ਗੌਤਮੀ ਦੀਆਂ ਗਾਥਾਵਾਂ ਵਿੱਚ ਇਸਤਰੀ ਦੇ ਸਭ ਤੋਂ ਵੱਡੇ ਦੁੱਖ ਸੌਂਕਣ ਹੋਣ ਨੂੰ ਦੱਸਿਆ ਹੈ। ਰਿਸ਼ਿਦਾਸੀ ਜਿਸ ਦਾ ਜੀਵਨ ਸਹੁਰੇ ਘਰ ਵਿੱਚ ਦੁਖਮਈ ਸੀ, ਉਸ ਨੂੰ ਇੱਕ ਤੋਂ ਬਾਅਦ ਇੱਕ ਵਿਆਹ ਕਰਵਾਉਣ ’ਤੇ ਵੀ ਸੁੱਖ ਪ੍ਰਾਪਤ ਨਹੀਂ ਹੋਇਆ ਸੀ। ਉਸਨੇ ਇਹਨਾਂ ਜ਼ੁੰਮੇਵਾਰੀਆਂ ਅਤੇ ਝੰਝਟਾਂ ਤੋਂ ਦੁੱਖੀ ਹੋਕੇ ਘਰ ਬਾਰ ਤਿਆਗ ਕੇ ਸੰਘ ਦਾ ਆਸਰਾ ਲਿਆ ਸੀ। ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਦੇ ਬਾਵਜੂਦ ਵੀ ਜੇਕਰ ਇਸਤਰੀ ਸਹੁਰੇ ਪਰਿਵਾਰ ਵਿੱਚ ਦੁੱਖੀ ਸੀ ਤਾਂ ਉਸ ਕੋਲ ਇਹਨਾਂ ਸਾਰੇ ਝੰਝਟਾਂ ਤੋਂ ਬਚਣ ਦਾ ਇੱਕ ਰਸਤਾ ਸੰਘ ਵਿੱਚ ਸ਼ਾਮਿਲ ਹੋਕੇ ਆਜ਼ਾਦੀ ਪੂਰਵਕ ਰਹਿਣ ਦਾ ਸੀ।

ਇੱਕ ਤੋਂ ਵੱਧ ਵਿਆਹ ਦਾ ਰਿਵਾਜ ਹੋਣ ਕਾਰਨ ਇਸਤਰੀਆਂ ਨੂੰ ਸੌਂਕਣ ਜਾਂ ਤਿਆਗੇ ਜਾਣ ਦਾ ਦੁੱਖ ਸਹਿਣਾ ਪੈਂਦਾ ਸੀ ਪਰ ਪਤਨੀ ਵੱਲੋਂ ਪਤੀ ਨੂੰ ਤਿਆਗਣਾ ਬਹੁਤ ਘੱਟ ਹੁੰਦਾ ਸੀ। ਦੀਘ ਨਿਕਾਯ ਵਿੱਚ ‘ਵਿਵਦਨ’ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦਾ ਭਾਵ ਤਲਾਕ ਤੋਂ ਲਿਆ ਜਾਂਦਾ ਹੈ।[135] ਇਸ ਅਨੁਸਾਰ ਦੋਵੇਂ ਪਤੀ-ਪਤਨੀ ਖ਼ੁਸ਼ ਨਾ ਹੋਣ ’ਤੇ ਆਪਣਾ ਰਿਸ਼ਤਾ ਅਰਾਮਦਾਇਕ ਤਰੀਕੇ ਨਾਲ ਖ਼ਤਮ ਕਰ ਸਕਦੇ ਸਨ। ਪਤੀ ਤੋਂ ਸੰਤੁਸ਼ਟ ਨਾ ਹੋਣ ’ਤੇ ਪਤਨੀ ਵੀ ਪਤੀ ਨੂੰ ਤਿਆਗ ਦੇਣ ਦਾ ਹੱਕ ਰੱਖਦੀ ਸੀ। ਕਈ

---

133 *ਧੱਮਪਦ*, ਪੰਨੇ 136-137.

134 *sNXuÁ inkwX*, phlw Bwg, pNnw 185.

135 komlcNdR jYn, *bO© AOr jYn Awgmo< my< nwrI jIvn*, sohnlwl jYn Dm_ pRcwrk simiq, Am÷qsr, 1967, pNnw 67.

ਇਸਤਰੀਆਂ ਨੇ ਪਤੀ ਤੋਂ ਖ਼ੁਸ਼ ਨਾ ਹੋਣ ਕਾਰਨ ਸੰਘ ਪ੍ਰਵੇਸ਼ ਕਰ ਲਿਆ ਸੀ। ਮੁਕਤਾ ਥੇਰੀ ਅਜਿਹੀ ਇਸਤਰੀ ਸੀ ਜਿਸਨੇ ਆਪਣੇ ਕੁੱਬੇ ਪਤੀ ਤੋਂ ਸੰਤੁਸ਼ਟ ਨਾ ਹੋਣ ਕਾਰਨ ਸੰਘ ਪ੍ਰਵੇਸ਼ ਕਰ ਲਿਆ ਸੀ।

ਭਾਰਤੀ ਇਤਿਹਾਸ ਵਿੱਚ ਪਤੀ ਦੇ ਮਰ ਜਾਣ ਉਪਰੰਤ ਪਤਨੀ ਦੀ ਜ਼ਿੰਦਗੀ ਦਰਦਨਾਕ ਹੋ ਜਾਂਦੀ ਸੀ। ਉਸਦੇ ਜੀਵਨ ਵਿੱਚ ਖਾਣ-ਪੀਣ, ਰਹਿਣ-ਸਹਿਣ, ਪਹਿਨਣ ਤੱਕ ਬਦਲਾਅ ਆ ਜਾਂਦਾ ਸੀ। ਸਤੀ ਦੀ ਗੱਲ ਕਰੀਏ ਤਾਂ ਬੁੱਧ ਸਾਹਿਤ ਅਤੇ ਮਹਾਤਮਾ ਬੁੱਧ ਦੇ ਉਪਦੇਸ਼ਾਂ ਵਿੱਚੋਂ ਚੁੱਪੀ ਹੀ ਪ੍ਰਾਪਤ ਹੁੰਦੀ ਹੈ। ਮਹਾਤਮਾ ਬੁੱਧ ਦੇ ਅਵਸਰ ਦੇਣ ਕਾਰਨ ਵਿਧਵਾ ਇਸਤਰੀ ਸੁੰਨੀ ਜ਼ਿੰਦਗੀ ਅਤੇ ਸਮਾਜ ਦੇ ਤਾਨਿਆਂ ਤੋਂ ਦੂਰ ਸੰਘ ਵਿੱਚ ਸ਼ਾਮਿਲ ਹੋ ਸਕਦੀ ਸੀ। ਇਸ ਕਾਰਨ ਇਸਤਰੀ ਲਈ ਵਿਧਵਾ ਹੋਣਾ ਕਲੰਕਿਤ ਨਹੀਂ ਰਿਹਾ ਸੀ। ਚੰਦਾ ਅਤੇ ਸੋਣਾ ਜਿਹੀਆਂ ਇਸਤਰੀਆਂ ਨੇ ਵਿਧਵਾ ਦੇ ਦੁੱਖ ਸਹਿਣ ਦੀ ਥਾਂ ’ਤੇ ਸੰਘ ਵਿੱਚ ਸ਼ਾਮਿਲ ਹੋਕੇ ਸੱਚ ਦੇ ਰਾਹ ਨੂੰ ਅਪਣਾਇਆ ਸੀ। ਇੱਕ ਪਾਸੇ ਇਸਤਰੀ ਨੂੰ ਇਹ ਹੱਕ ਵੀ ਸੀ ਕਿ ਉਹ ਪਤੀ ਦੀ ਮੌਤ ਤੋਂ ਬਾਅਦ ਉਸਦੀ ਜਾਇਦਾਦ ਨਾਲ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਦੀ ਸੀ।[136] ਬੁੱਧ ਧਰਮ ਦੇ ਪਸਾਰੇ ਨਾਲ ਵਿਧਵਾ ਇਸਤਰੀ ਕੁਲੱਛਣੀ, ਬਦਸ਼ਗਨੀ ਵਾਲੇ ਵਰਤਾਰੇ ਤੋਂ ਆਜ਼ਾਦ ਹੋ ਚੁੱਕੀ ਸੀ। ਉਹ ਇੱਛਾ ਅਨੁਸਾਰ ਪਤੀ ਦੀ ਉਤਰਾਧਿਕਾਰੀ ਬਣ ਕੇ ਕੰਮ-ਕਾਜ ਸੰਭਾਲਦੀ ਜਾਂ ਸੰਘ ਵਿੱਚ ਸ਼ਾਮਿਲ ਹੋ ਨਿਰਵਾਣ ਦੇ ਰਾਹ ਨੂੰ ਚੁਣ ਸਕਦੀ ਸੀ। ਮਹਾਪ੍ਰਜਾਪਤੀ ਗੌਤਮੀ ਪਤੀ ਦੀ ਮੌਤ ਤੋਂ ਬਾਅਦ ਕਪਿਲਵਸਤੂ ਵਿਖੇ ਮਹਾਤਮਾ ਬੁੱਧ ਕੋਲ ਆਈ, ਉਸ ਦੇ ਰੂਪ ਤੋਂ ਕੋਈ ਵਿਧਵਾ ਦਾ ਦੁੱਖਮਈ ਜੀਵਨ ਪ੍ਰਤੀਤ ਨਹੀਂ ਹੁੰਦਾ ਸੀ ਸਗੋਂ ਇੱਕ ਆਮ ਜੀਵਨ ਦੀ ਝਲਕ ਪ੍ਰਾਪਤ ਹੁੰਦੀ ਹੈ।

ਵਿਧਵਾ ਇਸਤਰੀ ਕੋਲ ਚਾਰ ਰਸਤੇ ਹੁੰਦੇ ਸਨ। ਉਹ ਇੱਛਾ ਅਨੁਸਾਰ ਪਤੀ ਦੀ ਸੰਪਤੀ ਰਾਹੀਂ ਜੀਵਨ ਨਿਰਵਾਹ ਕਰਦੀ ਜਾਂ ਆਪਣੇ ਪੇਕੇ ਪਰਿਵਾਰ ਕੋਲ ਰਹਿੰਦੀ ਜਾਂ ਦੂਸਰਾ ਵਿਆਹ ਕਰਵਾ ਸਕਦੀ ਸੀ। ਸਭ ਤੋਂ ਚੰਗਾ ਰਾਹ ਸੰਘ ਪ੍ਰਵੇਸ਼ ਵੀ ਸੀ। ਪਤੀ ਦੇ ਪ੍ਰਵ੍ਰਜਿਤ ਹੋਣ ਪਿੱਛੋਂ ਵੀ ਪਤਨੀ ਜੀਵਨ ਨਿਰਬਾਹ ਲਈ ਇੱਛਾ ਅਨੁਸਾਰ ਮਾਰਗ ਚੁਣ ਸਕਦੀ ਸੀ। ਕਈ ਇਸਤਰੀਆਂ ਪਤੀ ਦੇ ਪ੍ਰਵ੍ਰਜਿਤ ਹੋਣ ਪਿੱਛੋਂ ਪਤੀ ਦੀ ਜਾਇਦਾਦ ਨਾਲ ਜੀਵਨ ਨਿਰਬਾਹ ਕਰਦੀਆਂ ਸਨ। ਸੋਣਾ ਅਤੇ ਸੁੰਦਰੀ ਦੀ ਮਾਤਾ ਨੇ ਪਤੀ ਪਿੱਛੋਂ ਜਾਇਦਾਦ ਨੂੰ ਨਿਰਬਾਹ ਦਾ ਸਾਧਨ ਬਣਾਇਆ ਸੀ। ਆਪਣੇ ਪੇਕੇ ਪਰਿਵਾਰ ਦਾ ਸਾਥ ਜਿਵੇਂ ਪਟਾਚਾਰਾ ਪਤੀ ਅਤੇ ਬੱਚਿਆਂ ਨੂੰ ਖੋ ਦੇਣ ਪਿੱਛੋਂ ਮਾਂ-ਬਾਪ ਦਾ ਆਸਰਾ ਤੱਕਦੀ ਘਰ ਪਹੁੰਚੀ ਸੀ। ਪਰ ਕੋਈ ਵੀ ਨਾ ਮਿਲਣ ਕਾਰਨ ਦਿਮਾਗੀ ਸੰਤੁਲਨ ਗਵਾ ਬੈਠੀ ਸੀ। ਇਹ ਰਿਵਾਜ ਵੀ ਸੀ ਕਿ ਪਤੀ ਦੇ ਪ੍ਰਵ੍ਰਜਿਤ ਹੋਣ ਪਿੱਛੋਂ ਪਤਨੀ ਹੋਰ ਵਿਆਹ ਵੀ ਕਰਵਾ ਸਕਦੀ ਸੀ। ਇੱਕ ਗ੍ਰਹਿਪਤੀ ਵੱਲੋਂ ਪ੍ਰਵ੍ਰਜਿਤ ਹੋਣ ਸਮੇਂ ਪਤਨੀ ਦੀ ਇੱਛਾ ਪੁੱਛੀ ਤਾਂ ਉਸਨੇ ਹੋਰ ਮਰਦ ਨੂੰ ਧਾਰਨ ਦਾ ਵਿਚਾਰ ਪੇਸ਼ ਕੀਤਾ ਸੀ। ਆਮ ਤੌਰ ’ਤੇ ਇਸਤਰੀਆਂ ਪਤੀ ਦੇ ਨਕਸ਼ੇ

[136] *DMmpd,* pNnw 81.

ਕਦਮਾਂ 'ਤੇ ਚੱਲਣ ਵਾਲੀਆਂ ਹੁੰਦੀਆਂ ਸਨ। ਜ਼ਿਆਦਾਤਰ ਇਸਤਰੀਆਂ ਨੇ ਪਤੀ ਬਿਨਾਂ ਜ਼ਿੰਦਗੀ ਗੁਜ਼ਾਰਨ ਦੀ ਥਾਂ ਉਹਨਾਂ ਵਾਂਗ ਸੰਘ ਵਿੱਚ ਸ਼ਾਮਿਲ ਹੋਣਾ ਉੱਚਿਤ ਸਮਝਿਆ ਸੀ।

ਮਹਾਤਮਾ ਬੁੱਧ ਦੇ ਸਮੇਂ ਜਾਂ ਬੁੱਧ ਕਾਲ ਵਿੱਚ ਇਸਤਰੀ ਦੁਆਰਾ ਪਰਦੇ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਇਸਤਰੀਆਂ ਦਾ ਮਹਾਤਮਾ ਬੁੱਧ ਦੇ ਸੰਪਰਕ ਵਿੱਚ ਆਉਣਾ, ਵਿਚਾਰ-ਵਟਾਂਦਰਾ ਕਰਨਾ ਸਭ ਪਰਦੇ ਤੋਂ ਬਿਨਾਂ ਹੀ ਸੰਭਵ ਸੀ। ਸਭ ਤੋਂ ਵੱਡੀ ਉਦਾਹਰਨ ਵਿਸਾਖਾ ਹੈ ਜੋ ਸਹੁਰੇ ਪਰਿਵਾਰ ਦੇ ਸ਼ਹਿਰ ਵਿੱਚ ਦਾਖਿਲ ਹੋਣ ਸਮੇਂ ਬਿਨਾਂ ਪਰਦੇ ਤੋਂ ਹੀ ਸੀ। ਇਸਤਰੀਆਂ ਦੇ ਸੰਘ ਵਿੱਚ ਸ਼ਾਮਿਲ ਹੋਕੇ ਮਰਦਾਂ ਦੇ ਬਰਾਬਰ ਬਿਨਾਂ ਪਰਦੇ ਦੇ ਜੀਵਨ ਨੇ ਸਮਾਜ ਉੱਪਰ ਚੰਗੀ ਛਾਪ ਛੱਡੀ ਸੀ। ਭਿੱਖਣੀ ਦੇ ਭਿੱਖਿਆ ਲੈਣ ਅਤੇ ਪ੍ਰਚਾਰ ਕਰਨ ਸਮੇਂ ਬਿਨਾਂ ਪਰਦੇ ਤੋਂ ਹੋਣਾ ਸਮਾਜ ਵਿੱਚ ਇੱਕ ਵੱਡਾ ਬਦਲਾਅ ਸੀ।

ਮਹਾਤਮਾ ਬੁੱਧ ਦੇ ਸਮੇਂ ਇਸਤਰੀਆਂ ਨੂੰ ਸਿਧਾਂਤਕ ਪੱਖ ਦੇ ਨਾਲ-ਨਾਲ ਵਿਹਾਰਕ ਪੱਖ ਤੋਂ ਵੀ ਬਰਾਬਰਤਾ ਹਾਸਲ ਹੋ ਗਈ ਸੀ। ਇਸਤਰੀਆਂ ਨੂੰ ਘਰੇਲੂ ਕੰਮਾਂ ਦੇ ਨਾਲ ਘਰ ਦੀ ਰਾਣੀ ਬਣਨ ਦਾ ਅਵਸਰ ਵੀ ਮਿਲ ਗਿਆ ਸੀ। ਬੱਚਿਆਂ ਦੇ ਭਵਿੱਖ ਅਤੇ ਘਰ ਦੇ ਹੋਰ ਸਾਰੇ ਫ਼ੈਸਲਿਆਂ ਵਿੱਚ ਇਸਤਰੀ ਦੀ ਸ਼ਮੂਲੀਅਤ ਹੋਣ ਲੱਗੀ ਸੀ। ਇੱਥੋਂ ਤੱਕ ਕਿ ਉਸਨੂੰ ਪਤੀ ਦੀ ਜਾਇਦਾਦ ਦੀ ਹੱਕਦਾਰ ਵੀ ਮੰਨਿਆ ਜਾਣ ਲੱਗਿਆ ਸੀ। ਉਸ ਸਮੇਂ ਵਿੱਚ ਹੀ ਵਿਸਾਖਾ ਨੇ ਸੰਘ ਨੂੰ ਦਾਨ ਦੇਕੇ ਬੁੱਧ ਧਰਮ ਵਿੱਚ ਮਹਾਦਾਨੀ ਹੋਣ ਦਾ ਦਰਜਾ ਹਾਸਲ ਕੀਤਾ ਸੀ। ਭਦ੍ਰਾ ਕਪਿਲਾਨੀ ਜੋ ਜਾਇਦਾਦ ਦੀ ਪੂਰੀ ਹੱਕਦਾਰ ਸੀ। ਇਸ ਤਰ੍ਹਾਂ ਹੀ ਕਾਕ ਜਾਤਕ ਅਨੁਸਾਰ ਇੱਕ ਭਿੱਖੂ ਨੇ ਪ੍ਰਵ੍ਰਜਿਤ ਹੋ ਸੰਘ ਵਿੱਚ ਸ਼ਾਮਿਲ ਹੋਣ ਸਮੇਂ ਸਾਰੀ ਜਾਇਦਾਦ ਲੜਕੇ-ਲੜਕੀਆਂ ਨੂੰ ਦਿੱਤੀ ਸੀ।[137] ਇਸ ਤਰ੍ਹਾਂ ਬੁੱਧ ਸਾਹਿਤ ਵਿੱਚੋਂ ਬਹੁਤ ਉਦਾਹਰਨਾਂ ਪ੍ਰਾਪਤ ਹੁੰਦੀਆਂ ਹਨ ਜੋ ਇਸਤਰੀ ਨੂੰ ਘਰ ਦੀ ਮਾਲਿਕ ਹੋਣ ਦੇ ਨਾਲ ਨਾਲ ਜਾਇਦਾਦ ਦੀ ਮਾਲਿਕ ਵੀ ਦੱਸਦੀਆਂ ਹਨ। ਪਤਨੀ ਜਾਇਦਾਦ ਦੀ ਮੰਗ ਕਿਸੇ ਵੀ ਸਮੇਂ ਕਰ ਸਕਦੀ ਸੀ। ਜਿਸ ਦੀ ਉਦਾਹਰਣ ਮਹਾਤਮਾ ਬੁੱਧ ਦੇ ਜੀਵਨ ਵਿੱਚੋਂ ਹੀ ਪ੍ਰਾਪਤ ਹੋ ਜਾਂਦੀ ਹੈ ਕਿ ਕਿਵੇਂ ਉਹਨਾਂ ਦੀ ਪਤਨੀ ਯਸ਼ੋਧਰਾ ਨੇ ਆਪਣੇ ਬੇਟੇ ਰਾਹੁਲ ਨੂੰ ਆਪਣੇ ਪਿਤਾ ਤੋਂ ਉਤਰਾਧਿਕਾਰੀ ਹੋਣ ਦੀ ਮੰਗ ਰੱਖਣ ਲਈ ਕਿਹਾ ਸੀ।

ਬੁੱਧ ਧਰਮ ਦੇ ਪ੍ਰਭਾਵ ਹੇਠ ਇਸਤਰੀ ਨੂੰ ਮਾਂ ਦੇ ਤੌਰ 'ਤੇ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਮਾਂ ਦੀ ਮਹੱਤਤਾ ਇਸਤਰੀ ਦੇ ਹਰ ਗੁਣ ਵਿੱਚ ਰਚ ਚੁੱਕੀ ਸੀ। ਮਨੁੱਖੀ ਜੀਵਨ ਦੀ ਹੋਂਦ ਹੀ ਇਸਤਰੀ ਹੈ। ਜੁਗਾਂ ਤੋਂ ਇਸਤਰੀ ਨੂੰ ਮਾਂ ਰੂਪ ਵਿੱਚ ਮਹਾਨਤਾ ਮਿਲਦੀ ਆਈ ਹੈ, ਇੱਥੋਂ ਤੱਕ ਕਿ ਇਸ ਰੂਪ ਵਿੱਚ ਇਸਤਰੀ ਦੀ ਪੂਜਾ ਵੀ ਹੋਈ ਹੈ। ਬੁੱਧ ਧਰਮ ਵਿੱਚ ਮਾਂ ਰੂਪ ਵਿੱਚ ਇਸਤਰੀ ਨੂੰ ਮਹਾਨਤਾ ਹਾਸਲ ਹੋਈ ਸੀ। ਸਭ ਤੋਂ ਵੱਡੀ ਗੱਲ ਤਾਂ ਇਹ ਸੀ ਕਿ ਮਹਾਤਮਾ ਬੁੱਧ ਨੇ ਸੰਘ ਵਿੱਚ ਸ਼ਾਮਿਲ ਹੋਣ ਵਾਲਿਆਂ ਲਈ ਪਿਤਾ ਦੇ ਨਾਲ-ਨਾਲ ਮਾਂ ਦੀ ਆਗਿਆ ਲੈਣੀ ਵੀ ਜ਼ਰੂਰੀ ਦੱਸੀ ਸੀ। ਮੱਝਿਮ ਨਿਕਾਯ ਅਨੁਸਾਰ ਜੇਕਰ ਕੋਈ ਮਾਤਾ-ਪਿਤਾ

---

[137] *jwqk*, dusrw Bwg, pNnw 142.

ਦੀ ਸਵੀਕ੍ਰਿਤੀ ਤੋਂ ਬਿਨਾਂ ਪ੍ਰਵ੍ਰਜਿਤ ਹੋਣਾ ਚਾਹੇ ਤਾਂ ਉਸ ਲਈ ਸਾਫ਼ ਇਨਕਾਰ ਸੀ। ਸੋ ਪਹਿਲਾਂ ਮਾਤਾ-ਪਿਤਾ ਦੀ ਆਗਿਆ ਲੈਣਾ ਜ਼ਰੂਰੀ ਨਿਯਮ ਸੀ।[138] ਸੰਘ ਵਿੱਚ ਸ਼ਾਮਿਲ ਹੋਣ ਸਮੇਂ ਮਾਤਾ-ਪਿਤਾ ਦੀ ਇਜ਼ਾਜਤ ਦੀ ਲੋੜ ਸੀ ਅਤੇ ਸੰਘ ਵਿੱਚ ਸ਼ਾਮਿਲ ਹੋਕੇ ਭਿੱਖੂ ਬਣਨ ਤੋਂ ਬਾਅਦ ਉਸ ਲਈ ਸਾਰੇ ਗ੍ਰਹਿਸਤੀ ਇੱਕ ਬਰਾਬਰ ਮੰਨੇ ਜਾਂਦੇ ਸਨ। ਦੂਸਰੇ ਪਾਸੇ ਇਹ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਜੇਕਰ ਭਿੱਖੂ ਨੂੰ ਉਸਦੇ ਮਾਤਾ-ਪਿਤਾ ਦੇ ਬੀਮਾਰ ਹੋਣ ਦੀ ਸੂਚਨਾ ਮਿਲਦੀ ਹੈ ਤਾਂ ਉਹ ਵਰਖਾਵਾਸ ਤੋੜ ਸਕਦਾ ਸੀ। ਉਹਨਾਂ ਦੀ ਜ਼ਰੂਰਤ ਮੁਤਾਬਿਕ ਸਹਾਇਤਾ ਕਰ ਸਕਦਾ ਸੀ ਅਤੇ ਉਹਨਾਂ ਲਈ ਕੱਪੜਿਆਂ ਦਾ ਇੰਤਜਾਮ ਕਰ ਸਕਦਾ ਸੀ।[139] ਮਹਾਤਮਾ ਬੁੱਧ ਦੀ ਨਜ਼ਰ ਵਿੱਚ ਜਿਸ ਮਾਂ ਨੇ ਪਾਲਣ-ਪੋਸ਼ਣ ਕੀਤਾ ਅਤੇ ਖ਼ੁਦ ਨੂੰ ਦੁੱਖ ਦੇਕੇ ਜੋ ਬੱਚੇ ਨੂੰ ਸੁੱਖ ਦਿੰਦੀ ਹੈ ਉਸ ਦੀ ਹਮੇਸ਼ਾ ਇੱਜ਼ਤ ਕਰਨੀ ਚਾਹੀਦੀ ਹੈ। ਮਾਂ ਦਾ ਰੁਤਬਾ ਇਸਤਰੀ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ, ਜੋ ਇੱਕ ਜਿੰਦ-ਜਾਨ ਦੀ ਖਾਤਿਰ ਸਭ ਕੁੱਝ ਵਾਰਨ ਨੂੰ ਤਿਆਰ ਹੋ ਜਾਂਦੀ ਹੈ। ਆਪਣੇ ਖੂਨ ਰਾਹੀਂ ਬੱਚੇ ਦੀ ਸਿਰਜਨਾ ਕਰਦੀ ਹੈ। ਜਿਸ ਦੀ ਬਦੌਲਤ ਇਨਸਾਨ ਸੰਸਾਰ ਵਿੱਚ ਆਉਂਦਾ ਹੈ, ਉਸ ਦੁਆਰਾ ਕੀਤੇ ਉਪਕਾਰਾਂ ਤੋਂ ਉੱਪਰ ਕੁੱਝ ਵੀ ਨਹੀਂ ਹੈ। ਅੰਗੁਤਰ ਨਿਕਾਯ ਵਿੱਚ ਮਹਾਤਮਾ ਬੁੱਧ ਸਤਪੁਰਸ਼ਾਂ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਦੋ ਇਨਸਾਨਾਂ ਦਾ ਕਰਜ਼ਾ ਜਾਂ ਉਪਕਾਰ ਉਤਾਰਨਾ ਸੌਖਾ ਕਾਰਜ ਨਹੀਂ ਹੈ: ਜੇਕਰ ਸੋ ਸਾਲਾਂ ਤੱਕ ਇੱਕ ਮੋਢੇ ਤੇ ਪਿਤਾ ਅਤੇ ਦੂਸਰੇ ਮੋਢੇ ਤੇ ਮਾਂ ਨੂੰ ਢੋਇਆ ਜਾਵੇ, ਹੱਥ-ਪੈਰ ਦੱਬ ਕੇ ਸੇਵਾ ਅਤੇ ਰਾਜ ਵੀ ਚਰਨਾਂ ਵਿੱਚ ਲਿਆਕੇ ਰੱਖ ਦਿੱਤਾ ਜਾਵੇ ਤਦ ਵੀ ਮਾਤਾ-ਪਿਤਾ ਦੇ ਉਪਕਾਰ ਨਹੀਂ ਉਤਾਰੇ ਜਾ ਸਕਦੇ।[140] ਮਾਂ ਦੇ ਕੁਦਰਤੀ ਪਿਆਰ ਅਤੇ ਅਨੌਖੇ ਉਪਕਾਰ ਦੇ ਲਈ ਇਨਸਾਨ ਨੂੰ ਕਰਜ਼ਦਾਰ ਦੱਸਦੇ ਹਨ। ਬੱਚਾ ਸਭ ਤੋਂ ਪਹਿਲਾਂ ਆਪਣੀ ਮਾਂ ਤੋਂ ਹੀ ਸਿੱਖਿਆ ਗ੍ਰਹਿਣ ਕਰਦਾ ਹੈ ਅਤੇ ਇਸੇ ਕਰਕੇ ਮਾਂ ਨੂੰ ਸਭ ਤੋਂ ਪਹਿਲਾ ਗੁਰੂ ਮੰਨਿਆ ਜਾਂਦਾ ਹੈ। ਮਹਾਤਮਾ ਬੁੱਧ ਅਨੁਸਾਰ ਜਿਸ ਕੁਲ ਵਿੱਚ ਮਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਉਹ ਸ-ਬ੍ਰਹਮ ਕੁਲ, ਸ-ਪੂਰਵ ਆਚਾਰੀਆ ਕੁਲ ਅਤੇ ਸ-ਪੂਜਨ ਯੋਗ ਕੁਲ ਹਨ।[141]

ਮਹਾਤਮਾ ਬੁੱਧ ਨੇ ਮਾਤਾ-ਪਿਤਾ ਦੀ ਸੇਵਾ ਨੂੰ ਬੁੱਧੀਮਤਾ ਦਾ ਕੰਮ ਦੱਸਦੇ ਹੋਏ ਕਿਹਾ ਹੈ ਕਿ ਮਾਤਾ-ਪਿਤਾ ਦੀ ਸੇਵਾ ਕਰਨ ਵਾਲੇ ਸਵਰਗ ਦੀ ਪ੍ਰਾਪਤੀ ਕਰਦੇ ਹਨ। ਅੰਗੁਤਰ ਨਿਕਾਯ ਵਿੱਚ ਕਿਹਾ ਗਿਆ ਹੈ ਕਿ ਜਿਹੜੇ ਪੰਡਿਤ ਜਨ ਅੰਨ, ਪੇਯ-ਪਦਾਰਥਾਂ, ਕੱਪੜੇ, ਸਿੰਘਾਸਨ, ਨਹਾਉਣ ਅਤੇ ਪੈਰਾਂ ਨੂੰ ਸਾਫ਼ ਆਦਿ ਕਰਕੇ ਮਾਤਾ-ਪਿਤਾ ਦੀ ਸੇਵਾ ਕਰਦੇ ਹਨ, ਉਹਨਾਂ ਦੀ ਇਸ ਲੋਕ ਵਿੱਚ ਪ੍ਰਸੰਸਾ ਹੁੰਦੀ ਹੀ ਹੈ ਅਤੇ ਪਰਲੋਕ

---

138 *miÈJm inkwX*, pNnw 333.

139 *jwqk*, dusrw Bwg, pNnw 219;
*jwqk*, cOQw Bwg, pNny 291,479.

140 *ANguqr inkwX*, phlw Bwg, pNnw 64.

141 vhI, pNny 134-135.

ਜਾਣ ’ਤੇ ਸਵਰਗ ਵਿੱਚ ਅਨੰਦ ਮਾਣਦੇ ਹਨ।[142] ਮਾਤਾ ਪਿਤਾ ਦੀ ਸੇਵਾ ਨੂੰ ਮਹਾਤਮਾ ਬੁੱਧ ਨੇ ਮੰਗਲ ਕਾਰਜ ਦੱਸਿਆ ਹੈ ਜਿਸ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਦਾ ਹਵਾਲਾ ਧੱਮਪਦ ਵਿੱਚੋਂ ਪ੍ਰਾਪਤ ਹੁੰਦਾ ਹੈ:

ਸੁਖਾ ਮੱਤੇਯਤਾ ਲੋਕੇ, ਅਥੋਂ ਪੇੱਤੇਣਤਾ ਸੁਖਾ।

ਸੁਖਾ ਧਾਮੱਣਵਤਾ ਲੋਕੇ, ਅਥੋਂ ਬ੍ਰਹਮਵੱਤਾ ਸੁਖਾ॥332॥

(ਅਰਥ: ਸੰਸਾਰ ਵਿੱਚ ਮਾਤਾ ਦੀ ਸੇਵਾ ਸੁਖਦਾਇਕ ਹੈ। ਭਿੱਖੂ ਦੀ ਸੇਵਾ ਸੁਖਦਾਇਕ ਹੈ ਤੇ ਬੁੱਧ ਦੀ ਸੇਵਾ ਸੁਖਦਾਇਕ ਹੈ।)[143]

ਜੋ ਲੋਕ ਆਪਣੇ ਮਾਤਾ-ਪਿਤਾ ਦੇ ਹਿਰਦੇ ਨੂੰ ਦੁੱਖ ਦਿੰਦੇ ਹਨ ਉਹ ਇਸ ਲੋਕ ਵਿੱਚ ਅਤੇ ਪਰਲੋਕ ਦੋਵਾਂ ਵਿੱਚ ਨਿੰਦਾ ਦੇ ਕਾਬਿਲ ਮੰਨੇ ਜਾਂਦੇ ਹਨ। ਬੁੱਧ ਧਰਮ ਅਨੁਸਾਰ ਅਜਿਹੇ ਇਨਸਾਨ ਨਰਕ ਦੇ ਭਾਗੀ ਬਣਦੇ ਹਨ। ਸੰਯੁਕੱਤ ਨਿਕਾਯ ਅਨੁਸਾਰ ਮਾਤਾ-ਪਿਤਾ ਪ੍ਰਤੀ ਕਦੇ ਵੀ ਆਕੜ ਵਾਲਾ ਵਤੀਰਾ ਨਹੀਂ ਕਰਨਾ ਚਾਹੀਦਾ ਉਹਨਾਂ ਪ੍ਰਤੀ ਗੌਰਵ ਭਾਵ ਰੱਖੋ ਅਤੇ ਉਹਨਾਂ ਨੂੰ ਸਨਮਾਨ ਦਿਉ।[144] ਮਹਾਤਮਾ ਬੁੱਧ ਮਾਤਾ-ਪਿਤਾ ਪ੍ਰਤੀ ਅਨਉਚਿਤ ਵਰਤਾਰਾ ਕਰਨ ਵਾਲੇ ਨੂੰ ਮੂਰਖ, ਅਸਤਪੁਰਸ਼ ਅਤੇ ਨਿੰਦਣਯੋਗ ਵਿਅਕਤੀ ਕਹਿੰਦੇ ਹਨ ਜਿਸ ਦਾ ਹਵਾਲਾ ਅੰਗੁਤਰ ਨਿਕਾਯ ਵਿੱਚੋਂ ਪ੍ਰਾਪਤ ਹੁੰਦਾ ਹੈ। ਬੁੱਧ ਧਰਮ ਵਿੱਚ ਕਈ ਭਿੱਖਣੀਆਂ ਮਮਤਾ ਕਾਰਨ ਦੁੱਖੀ ਬੁੱਧ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋਕੇ ਸੰਘ ਵਿੱਚ ਜਾਂ ਉਪਾਸਿਕਾ ਵਜੋਂ ਦੀ ਓਟ ਵਿੱਚ ਆਈਆਂ ਸਨ। ਜਿਵੇਂ ਪਟਾਚਾਰਾ, ਕਿੱਸਾ ਗੌਤਮੀ, ਉਬੱਰੀ ਆਦਿ ਜੋ ਆਪਣੇ ਬੱਚਿਆਂ ਦੇ ਦੁੱਖ ਨੂੰ ਨਾ ਸਹਾਰਦੀਆਂ ਹੋਈਆਂ ਸੰਘ ਵਿੱਚ ਸ਼ਾਮਿਲ ਹੋਈਆ ਸਨ।

ਬੁੱਧ ਧਰਮ ਸਮੇਂ ਜ਼ਿਆਦਾਤਰ ਇਸਤਰੀਆਂ ਆਰਥਿਕ ਪੱਖ ਤੋਂ ਮਰਦਾਂ ਉੱਪਰ ਨਿਰਭਰ ਕਰਦੀਆਂ ਸਨ। ਵੱਡੇ ਘਰਾਣੇ ਦੀਆਂ ਇਸਤਰੀਆਂ ਘਰ ਤੋਂ ਬਾਹਰ ਕੰਮ-ਕਾਜ ਦੀ ਬਜਾਇ ਘਰ ਨੂੰ ਹੀ ਸੰਭਾਲਦੀਆਂ ਸਨ। ਦੂਸਰੇ ਪਾਸੇ ਮੱਧ ਜਾਂ ਨੀਵੇਂ ਘਰਾਂ ਦੀਆਂ ਇਸਤਰੀਆਂ ਆਰਥਿਕ ਪੱਖ ਤੋਂ ਸਹਿਯੋਗ ਦੇਣ ਲਈ ਘਰ ਤੋਂ ਬਾਹਰ ਕਿਸੇ ਨਾ ਕਿਸੇ ਕਿੱਤੇ ਰਾਹੀਂ ਪੈਸੇ ਕਮਾਉਂਦੀਆਂ ਸਨ। ਉਹ ਆਰਥਿਕ ਪੱਖ ਤੋਂ ਕਿਸੇ ਉੱਪਰ ਨਿਰਭਰ ਨਹੀਂ ਰਹੀਆਂ ਸਨ।

ਘਰ ਦੇ ਕੰਮ ਲਈ ਰੱਖੀ ਜਾਣ ਵਾਲੀ ਇਸਤਰੀ ਘਰੇਲੂ ਦਾਸੀ ਵਜੋਂ ਜਾਣੀ ਜਾਂਦੀ ਸੀ। ਇਹ ਘਰ ਦੇ ਛੋਟੇ ਕੰਮਾਂ ਤੋਂ ਲੈਕੇ ਹਰ ਕੰਮ ਵਿੱਚ ਸਹਾਇਤਾ ਕਰਦੀਆਂ ਸਨ। ਜਿਵੇਂ ਖਾਣਾ ਬਨਾਉਣਾ, ਪਰੋਸਨਾ, ਹੋਰ ਛੋਟੇ ਕੰਮ ਘਰ ਦੀ ਸਫ਼ਾਈ, ਮਾਲਕਿਨ ਨੂੰ ਇਸ਼ਨਾਨ ਕਰਵਾਉਣਾ, ਪੈਰ ਸਾਫ਼ ਕਰਨਾ ਅਤੇ ਧਾਨ ਕੁੱਟਣ ਦਾ ਕੰਮ ਆਦਿ। ਰਾਜਵੰਸ਼ੀ ਪਰਿਵਾਰਾਂ ਵਿੱਚ ਤਾਂ ਦਾਸੀਆਂ ਹਮੇਸ਼ਾ ਹੀ ਹਰਮ ਵਿੱਚ ਰਹਿਕੇ ਰਾਣੀਆਂ ਦੀ ਹਰ

---

142 jwqk, pWcvw Bwg, pNny 413-414.

143 *ਧੱਮਪਦ*, ਪੰਨਾ 141.

144 *sNXuÁ inkwX*, phlw Bwg, pNnw 43.

ਪੱਖ ਤੋਂ ਸੇਵਾ ਕਰਦੀਆਂ ਸਨ। ਰਾਣੀਆਂ ਦੀ ਹਰ ਤਰ੍ਹਾਂ ਦੀ ਸੇਵਾ ਕਰਨ ਦੀਆਂ ਉਦਾਹਰਨਾਂ ਪ੍ਰਾਪਤ ਹੁੰਦੀਆਂ ਹਨ।[145] ਜਿਵੇਂ ਪੁਨਿਕਾ ਦੀ ਨਦੀ ਵਿੱਚੋਂ ਪਾਣੀ ਲੈਕੇ ਆਉਣ ਦੀ ਜ਼ੁੰਮੇਵਾਰੀ, ਖਜੁੱਤਰਾ ਦੁਆਰਾ ਮਾਲਕਿਨ ਲਈ ਫੁੱਲ ਲੈਕੇ ਆਉਣਾ, ਚੰਦਕਲੀ ਘਰ ਦੇ ਕੰਮਾਂ ਨੂੰ ਸੰਭਾਲਦੀ ਅਤੇ ਕੁੱਝ ਨਰਸ ਦੇ ਰੂਪ ਵਿੱਚ ਕੰਮ ਕਰਦੀਆਂ ਅਤੇ ਕੁੱਝ ਬੱਚਿਆਂ ਦੀ ਸਾਂਭ ਸੰਭਾਲ ਦਾ ਕੰਮ ਕਰਦੀਆਂ ਜਿਹਨਾਂ ਦਾ ਵਰਣਨ ਨਿਦਾਨ ਕਥਾ ਵਿੱਚੋਂ ਪ੍ਰਾਪਤ ਹੁੰਦਾ ਹੈ। ਇਹਨਾਂ ਕੰਮਾਂ ਤੋਂ ਇਲਾਵਾ ਦਾਸੀਆਂ ਦੁਆਰਾ ਰਾਜਵੰਸ਼ੀ ਅਤੇ ਅਮੀਰ ਪਰਿਵਾਰਾਂ ਵਿੱਚ ਦਾਈ ਵਜੋਂ ਵੀ ਕੰਮ ਕੀਤਾ ਜਾਂਦਾ ਸੀ। ਬੱਚੇ ਦੇ ਬਾਲਗ ਹੋਣ ਤੱਕ ਦਾਈਆਂ ਵੱਲੋਂ ਬੱਚੇ ਦੀ ਦੇਖਭਾਲ ਕੀਤੀ ਜਾਂਦੀ ਸੀ।

ਮਹਾਤਮਾ ਬੁੱਧ ਨੇ ਦਾਸ-ਦਾਸੀਆਂ ਨੂੰ ਧਰਮ ਅਪਨਾਉਣ ਦਾ ਪੂਰਾ ਹੱਕ ਪ੍ਰਦਾਨ ਕੀਤਾ ਸੀ ਪਰ ਉਸ ਸਮੇਂ ਤੱਕ ਦਾਸੀਆਂ ਨੂੰ ਪ੍ਰਵ੍ਰਜਿਤ ਹੋਣ ਦੀ ਆਗਿਆ ਨਹੀਂ ਸੀ ਜਿਨਾਂ ਸਮਾਂ ਉਹਨਾਂ ਦੇ ਮਾਲਿਕ ਦੀ ਮੰਜ਼ੂਰੀ ਪ੍ਰਾਪਤ ਨਹੀਂ ਹੁੰਦੀ ਸੀ। ਭਾਵ ਸੰਘ ਵਿੱਚ ਪ੍ਰਵ੍ਰਜਿਆ ਗ੍ਰਹਿਣ ਕਰਨ ਲਈ ਮਾਲਿਕ ਦੀ ਆਗਿਆ ਦੀ ਜ਼ਰੂਰਤ ਹੁੰਦੀ ਸੀ। ਖਜੁੱਤਰਾ ਇੱਕ ਦਾਸੀ ਸੀ, ਹਮੇਸ਼ਾ ਰਾਣੀ ਸਾਮਵਤੀ ਲਈ ਤਾਜੇ ਫੁੱਲ ਖਰੀਦ ਕੇ ਲੈਕੇ ਆਉਂਦੀ ਸੀ। ਇੱਕ ਦਿਨ ਰਸਤੇ ਵਿੱਚ ਮਹਾਤਮਾ ਬੁੱਧ ਦੇ ਉਪਦੇਸ਼ਾਂ ਨੂੰ ਸੁਣਕੇ ਉਸਨੇ ਧਰਮ ਦੀ ਸੱਚਾਈ ਨੂੰ ਸਮਝਿਆ ਅਤੇ ਰਾਣੀ ਦੁਆਰਾ ਦਿੱਤੇ ਪੈਸਿਆਂ ਵਿੱਚੋਂ ਚੋਰੀ ਨਾ ਕਰਕੇ ਪੂਰੇ ਪੈਸਿਆਂ ਦੇ ਫੁੱਲ ਖਰੀਦਕੇ ਲੈਕੇ ਗਈ। ਰਾਣੀ ਦੁਆਰਾ ਹੈਰਾਨ ਹੋਕੇ ਪੁੱਛਣ ’ਤੇ ਸਾਰਾ ਵਰਤਾਂਤ ਸੁਣਾਇਆ। ਰਾਣੀ ਸਾਮਵਤੀ ਅਤੇ ਹੋਰ ਇਸਤਰੀਆਂ ਵੀ ਇਹਨਾਂ ਉਪਦੇਸ਼ਾ ਤੋਂ ਪ੍ਰਭਾਵਿਤ ਹੋਈਆਂ ਸਨ। ਖਜੁੱਤਰਾ ਦਾਸੀ ਹਰ ਰੋਜ਼ ਉਪਦੇਸ਼ ਸੁਣਦੀ ਅਤੇ ਰਾਣੀ ’ਤੇ ਹੋਰ ਇਸਤਰੀਆਂ ਨੂੰ ਸੁਣਾਉਂਦੀ ਸੀ। ਇਸ ਤਰ੍ਹਾਂ ਖਜੁੱਤਰਾ ਨੂੰ ਦਾਸੀ ਹੋਕੇ ਵੀ ਸਾਰੇ ਤ੍ਰਿਪਿਟਕ ਦਾ ਗਿਆਨ ਹੋ ਗਿਆ ਸੀ। ਇੱਥੋਂ ਤੱਕ ਕਿ ਮਹਾਤਮਾ ਬੁੱਧ ਨੇ ਉਸਨੂੰ ਅੰਗੁਤਰ ਨਿਕਾਯ ਵਿੱਚ ਉਪਾਸਿਕਾਵਾਂ ਵਿੱਚੋਂ ਉੱਚ ਦੱਸਿਆ ਹੈ।

ਅੰਗੁਤਰ ਨਿਕਾਯ ਵਿੱਚ ਮਹਾਤਮਾ ਬੁੱਧ ਨੇ ਘਰ ਵਿੱਚ ਰਹਿ ਰਹੇ ਦਾਸ-ਦਾਸੀਆਂ ਦਾ ਸਤਿਕਾਰ ਕਰਨ ਦੀ ਸਿੱਖਿਆ ਦਿੱਤੀ ਹੈ।[146] ਇਸ ਤੋਂ ਇਲਾਵਾ ਦੀਘ ਨਿਕਾਯ ਦੇ ਸਿਗੋਲਵਾਦ ਸੁਤ ਵਿੱਚ ਮਹਾਤਮਾ ਬੁੱਧ ਨੇ ਛੇ ਦਿਸ਼ਾਵਾਂ ਦੀ ਪੂਜਾ ਦੱਸਦੇ ਹੋਏ ਦਾਸਾਂ ਨੂੰ ਥੱਲੇ ਦੀ ਦਿਸ਼ਾ ਕਿਹਾ ਹੈ। ਜਿਸ ਵਿੱਚ ਪੰਜ ਤਰੀਕੇ ਨਾਲ ਜਿਵੇਂ ਜ਼ੋਰ ਅਨੁਸਾਰ ਕੰਮ, ਭੋਜਨ, ਖਰਚਾ ਦੇਕੇ, ਰੋਗ ਸਮੇਂ ਸੁਰੱਖਿਆ ਦੇਕੇ, ਉੱਤਮ ਰਸਾਂ ਵਾਲੇ ਪਦਾਰਥਾਂ ਰਾਹੀਂ ਅਤੇ ਸਮੇਂ ’ਤੇ ਛੁੱਟੀ ਦੇਕੇ ਦਾਸੀਆਂ ਨੂੰ ਚੰਗਾ ਜੀਵਨ ਪ੍ਰਦਾਨ ਕੀਤਾ ਜਾਵੇ ਕਿਉਂਕਿ ਦਾਸ

---

145 *jwqk,* phlw Bwg, pNnw 343.
146 *ANguqr inkwX,* qIsrw Bwg, pNnw 171.

ਹਮੇਸ਼ਾ ਹੀ ਮਾਲਕ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ ਹਨ।[147] ਮੀਨਾ ਤਲੀਮ ਦਾ ਕਹਿਣਾ ਹੈ ਕਿ ਇਸਤਰੀਆਂ ਦਾਸੀਆਂ ਹੋਣ ਦੇ ਨਾਲ-ਨਾਲ ਰਾਜਿਆਂ ਦੀਆਂ ਅੰਗਰੱਖਿਅਕ ਹੋਣ ਦਾ ਕੰਮ ਵੀ ਕਰਦੀਆਂ ਸਨ।[148]

ਘਰਾਂ ਵਿੱਚ ਦਾਸੀਆਂ ਵਜੋਂ ਕੰਮ ਕਰਨ ਤੋਂ ਇਲਾਵਾ ਲੜਕੀਆਂ ਨਾਚ ਰਾਹੀਂ ਲੋਕਾਂ ਦੇ ਮਨ ਪਰਚਾਵੇ ਲਈ ਵੀ ਕੰਮ ਕਰਦੀਆਂ ਸਨ। ਨਾਚ ਅਤੇ ਗਾਇਨ ਰਾਹੀਂ ਲੋਕਾਂ ਦਾ ਮਨੋਰੰਜਨ ਕਰਕੇ ਆਰਥਿਕ ਪੱਖੋਂ ਪਰਿਵਾਰ ਦੀ ਸਹਾਇਤਾ ਕਰਦੀਆਂ ਜਾਂ ਸਵੈਨਿਰਭਰ ਹੋਈਆ ਸਨ। ਮਹਾਤਮਾ ਬੁੱਧ ਦੇ ਘਰ ਤਿਆਗ ਸਮੇਂ ਉਹਨਾਂ ਦੇ ਮਨੋਰੰਜਨ ਲਈ ਨਾਚ ਕਰਨ ਵਾਲੀਆਂ ਇਸਤਰੀਆਂ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਉਸ ਸਮੇਂ ਅਮੀਰ ਘਰਾਂ ਅਤੇ ਰਾਜਵੰਸ਼ੀ ਪਰਿਵਾਰਾਂ ਦੇ ਹਰਮ ਵਿੱਚ ਨਾਚ ਗਾਉਣ ਵਾਲੀਆਂ ਇਸਤਰੀਆਂ ਨੂੰ ਮੰਨੋਰੰਜਨ ਲਈ ਆਮ ਹੀ ਰੱਖਿਆ ਜਾਂਦਾ ਸੀ। ਮਹਾਤਮਾ ਬੁੱਧ ਦੀ ਨਜ਼ਰ ਵਿੱਚ ਸੰਗੀਤ ਕੋਈ ਬੁਰਾ ਹੁਨਰ ਨਹੀਂ ਸੀ ਪਰ ਇਸ ਦੀ ਵਰਤੋਂ ਮਨੋਰੰਜਨ ਲਈ ਨਹੀਂ ਸਗੋਂ ਧਾਰਮਿਕ ਉਪਦੇਸ਼ਾਂ ਲਈ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਇਸਤਰੀਆਂ ਦਾ ਇੱਕ ਹੋਰ ਕਿੱਤਾ ਵੇਸਵਾ ਦਾ ਵੀ ਸੀ। ਸਰੀਰਕ ਸੇਵਾ ਕਰਕੇ ਜੀਵੀਕਾ ਕਮਾਉਣ ਵਾਲੀ ਇਸਤਰੀ ਨੂੰ ਵੇਸਵਾ ਦਾ ਨਾਮ ਦਿੱਤਾ ਜਾਂਦਾ ਸੀ। ਇਹਨਾਂ ਦੇ ਇਸ ਕਿੱਤੇ ਨੂੰ ਕੋਈ ਬੁਰੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ ਸੀ। ਇਹ ਸਮਾਜਿਕ ਕਾਰਜਾਂ ਵਿੱਚ ਭਾਗ ਲੈਂਦੀਆ ਸਨ। ਵੇਸਵਾ ਹੋਣ ਕਾਰਨ ਕਿਸੇ ਸਮਾਜਿਕ ਥਾਵਾਂ ’ਤੇ ਆਉਣ ਜਾਣ ਦੀ ਕੋਈ ਰੋਕ-ਟੋਕ ਨਹੀਂ ਸੀ। ਇਹਨਾਂ ਨਾਚ ਕਰਨ ਵਾਲੀਆਂ ਇਸਤਰੀਆਂ ਵਿੱਚੋਂ ਹੀ ਕੁੱਝ ਵੇਸਵਾਪੁਣੇ ਦੇ ਕਿੱਤੇ ਵਿੱਚ ਆਈਆਂ ਸਨ। ਇਹ ਜ਼ਰੂਰੀ ਨਹੀਂ ਸੀ ਕਿ ਗਰੀਬ ਪਰਿਵਾਰਾਂ ਦੀਆਂ ਇਸਤਰੀਆਂ ਹੀ ਆਰਥਿਕ ਮੰਦੀ ਕਾਰਨ ਇਸ ਰਾਹ ’ਤੇ ਚੱਲੀਆਂ ਸਨ ਬਲਕਿ ਕਈ ਚੰਗੇ ਘਰਾਂ ਦੀਆਂ ਇਸਤਰੀਆਂ ਵੀ ਸ਼ਾਮਿਲ ਸਨ। ਅਡਾਕੱਸੀ ਚੰਗੇ ਵਪਾਰੀ ਦੇ ਘਰ ਜਨਮੀ, ਪਰ ਉਸਨੇ ਵੀ ਇਸ ਕਿੱਤੇ ਨੂੰ ਅਪਣਾਇਆ ਸੀ। ਕੁੱਝ ਲੜਕੀਆਂ ਮਾਂ ਦੇ ਕਿੱਤੇ ਕਾਰਨ ਅਤੇ ਕੁੱਝ ਲੜਕੀਆਂ ਦੇ ਜ਼ਿਆਦਾ ਸੁੰਦਰ ਹੋਣ ਕਾਰਨ ਉਹਨਾਂ ਨੂੰ ਸ਼ਹਿਰ ਦੀ ਖ਼ੂਬਸੂਰਤੀ ਬਨਾਉਣ ਦਾ ਮਸ਼ਵਰਾ ਕੀਤਾ ਜਾਂਦਾ ਸੀ। ਇਹਨਾਂ ਦੇ ਚੰਗੇ ਆਦਰ-ਮਾਣ ਅਤੇ ਪ੍ਰਸੰਸਾ ਲਈ ਨਾਮ ਵੀ ਦਿੱਤੇ ਗਏ ਸਨ : ‘ਨਗਰ ਸ਼ੋਭਿਨੀ’ ਅਤੇ ‘ਜਨਪਦ ਕਲਿਆਣੀ’।[149] ਅਮਰਪਾਲੀ ਬਹੁਤ ਹੀ ਸੁੰਦਰ ਸੀ ਅਤੇ ਦੂਰ-ਦੂਰ ਤੱਕ ਦੇ ਰਾਜਿਆਂ ਵਿੱਚ ਉਸ ਦੀ ਸੁੰਦਰਤਾ ਦੀ ਚਰਚਾ ਸੀ। ਹਰ ਇੱਕ ਰਾਜੇ ਦੀ ਉਹ ਪਸੰਦ ਬਣ ਚੁੱਕੀ ਸੀ। ਹਰ ਇੱਕ ਦੇ ਵਿਆਹ ਦੀ ਇੱਛਾ ਕਾਰਨ ਸਾਰੇ ਰਾਜਿਆਂ ਵਿੱਚ ਯੁੱਧ ਦਾ ਮਾਹੌਲ ਬਣ ਚੁੱਕਿਆ ਸੀ। ਇਸ ਸੰਬੰਧ ਵਿੱਚ ਇਕੱਤਰਤ ਸਭਾ ਨੇ ਸਾਰੇ ਮਾਹੌਲ ਨੂੰ ਨਜ਼ਰ ਵਿੱਚ ਰੱਖਦੇ ਹੋਏ ਅਮਰਪਾਲੀ ਨੂੰ ਇੱਕ ਦੀ ਥਾਂ ’ਤੇ ਸਾਰਿਆਂ ਦੀ ਇੱਛਾ

---

147 *dIG inkwX,* pNny 275-276.

148 “..Women also worked as escorts to royal families. They were warriors and skilled in the art.” Meena Talim, *Life of Women in Buddhist Literature*, p. 295.

149 “A prostitution was one of such occupations but such ladies could get respect from men and women alike. Many of them were awardees of prestigious awards like Nagara Sobhini or Janapada Kalyani.”
Ibid, p. 323.

ਪੂਰਤੀ ਕਰਨ ਦਾ ਮਸ਼ਵਰਾ ਕੀਤਾ ਅਤੇ ਉਸਦੀ ਸੁੰਦਰਤਾ ਨੂੰ 'ਇਸਤਰੀਰਤਨ' ਦਾ ਨਾਮ ਦਿੱਤਾ ਗਿਆ ਸੀ।[150] ਰਾਜਾ ਬਿੰਬੀਸਾਰ ਜਿਹੇ ਰਾਜੇ ਅਮਰਪਾਲੀ ਦੀ ਸੁੰਦਰਤਾ ਵੱਲ ਮੋਹਿਤ ਸੀ। ਉਸ ਸਮੇਂ ਵੇਸਵਾ (ਗਣਿਕਾ) ਨੂੰ ਸਮਾਜ ਵਿੱਚ ਨੀਵੀਂ ਦ੍ਰਿਸ਼ਟੀ ਨਾਲ ਨਹੀਂ ਵੇਖਿਆ ਜਾਂਦਾ ਸੀ। ਇੱਥੋਂ ਤੱਕ ਕਿ ਅਮਰਪਾਲੀ ਵੇਸਵਾ ਵੈਸਾਲੀ ਸ਼ਹਿਰ ਲਈ ਇੱਕ ਮਾਣ ਦਾ ਕਾਰਨ ਸੀ। ਦੂਸਰੇ ਰਾਜ ਦੇ ਨਿਵਾਸੀ ਵੀ ਆਪਣੇ ਸ਼ਹਿਰ ਦੀ ਸੁੰਦਰਤਾ ਲਈ ਸੋਹਣੀ ਵੇਸਵਾ ਰੱਖਣ ਲੱਗ ਗਏ ਸਨ।

ਇਹ ਇਸਤਰੀਆਂ ਅੰਦਰੂਨੀ ਤੌਰ 'ਤੇ ਧਰਮ ਨਾਲ ਜੁੜੀਆਂ ਹੋਈਆਂ ਸਨ, ਪਰ ਮਾਹੌਲ ਅਤੇ ਹਲਾਤਾਂ ਵਿੱਚ ਜਕੜੀਆਂ ਹੋਣ ਕਾਰਨ ਇਸ ਤੋਂ ਵਾਂਝੀਆਂ ਰਹਿੰਦੀਆ ਸਨ। ਮਹਾਤਮਾ ਬੁੱਧ ਦੁਆਰਾ ਬਿਨਾਂ ਭੇਦਭਾਵ ਤੋਂ ਧਰਮ ਦਾ ਹੱਕਦਾਰ ਸਭ ਨੂੰ ਸਮਝਣ 'ਤੇ ਵੇਸਵਾ ਵੀ ਸੰਘ ਵਿੱਚ ਸ਼ਾਮਿਲ ਹੋਈਆਂ ਸਨ। ਵਿਮਲਾ, ਅਭਯਮਾਤਾ, ਅਡਾਕੱਸੀ ਅਤੇ ਅਮਰਪਾਲੀ (ਅੰਬਪਾਲੀ) ਨੇ ਸੰਘ ਵਿੱਚ ਸ਼ਾਮਿਲ ਹੋਕੇ ਅਰਹੰਤ ਦੀ ਪ੍ਰਾਪਤੀ ਕੀਤੀ ਸੀ।[151] ਮਹਾਤਮਾ ਬੁੱਧ ਦੇ ਵੈਸਾਲੀ ਵਿਖੇ ਆਉਣ 'ਤੇ ਅਮਰਪਾਲੀ ਨੇ ਉਹਨਾਂ ਦੇ ਦਰਸ਼ਨ ਕੀਤੇ ਅਤੇ ਉਪਦੇਸ਼ ਸੁਣਕੇ ਨਿਹਾਲ ਹੋਈ। ਅਮਰਪਾਲੀ ਨੂੰ ਗਿਆਨ ਹੋਇਆ ਕਿ ਸਰੀਰ ਕੁੱਝ ਵੀ ਨਹੀਂ ਸਿਰਫ਼ ਮਿੱਟੀ ਹੈ। ਅਮਰਪਾਲੀ ਦੁਆਰਾ ਘਰ ਨਿਉਤਾ ਦੇਣ 'ਤੇ ਮਹਾਤਮਾ ਬੁੱਧ ਨੇ ਬਿਨਾਂ ਹਿਚਕਿਚਾਹਟ ਤੋਂ ਸਵੀਕਾਰ ਕਰ ਲਿਆ ਸੀ। ਸਭ ਤੋਂ ਵੱਡੀ ਗੱਲ ਉਸ ਦਿਨ ਹੀ ਲਿੱਛਵੀਆਂ ਦੁਆਰਾ ਸੱਦਾ ਦੇਣ 'ਤੇ ਮਹਾਤਮਾ ਬੁੱਧ ਨੇ ਨਾ ਕਰਦੇ ਹੋਏ ਕਿਹਾ ਕਿ ਉਹ ਪਹਿਲਾ ਹੀ ਅਮਰਪਾਲੀ ਨੂੰ ਵਚਨ ਦੇ ਚੁੱਕੇ ਹਨ। ਇਸ ਗੱਲ ਤੇ ਲਿੱਛਵੀਆਂ ਨੇ ਅਮਰਪਾਲੀ ਨੂੰ ਕਿਹਾ ਕਿ ਉਹ 100 ਹਜਾਰ ਕਾਰਸ਼ਾਪਨ (ਉਸ ਸਮੇਂ ਦੀ ਮੁਦਰਾ) ਲੈ ਲਵੇ ਪਰ ਇਹ ਮੌਕਾ ਉਹਨਾਂ ਨੂੰ ਦੇ ਦੇਵੇ। ਇਸ ਸਵਾਲ 'ਤੇ ਅਮਰਪਾਲੀ ਦਾ ਜਵਾਬ ਸੀ ਕਿ ਚਾਹੇ ਉਸਨੂੰ ਇੱਕ ਜਨਪਦ ਵੀ ਦੇ ਦੇਣ ਤਦ ਵੀ ਉਹ ਇਹ ਮੌਕਾ ਨਹੀਂ ਦੇਵੇਗੀ।[152] ਇਸ ਘਟਨਾ ਤੋਂ ਇਸਤਰੀ ਦੀ ਧਾਰਮਿਕ ਸ਼ਰਧਾ ਅਤੇ ਮਹਾਤਮਾ ਬੁੱਧ ਦੇ ਦਿਲ ਵਿੱਚ ਇਸਤਰੀ ਦੇ ਰੁਤਬੇ ਦੀ ਸਥਿਤੀ ਬਿਆਨ ਹੁੰਦੀ ਹੈ। ਅਗਲੇ ਦਿਨ ਅਮਰਪਾਲੀ ਨੇ ਸੰਘ ਨੂੰ ਭੋਜਨ ਕਰਵਾਇਆ ਅਤੇ ਆਪਣਾ ਅੰਬਾਂ ਦਾ ਬਾਗ ਸੰਘ ਨੂੰ ਦਾਨ ਵਿੱਚ ਦਿੱਤਾ ਸੀ। ਮਗਰੋਂ ਸ਼ੀਲ, ਸਮਾਧੀ ਅਤੇ ਪ੍ਰਗਿਆ ਦੇ ਰਾਹ 'ਤੇ ਚੱਲਕੇ ਅਰਹਤ ਦੀ ਪ੍ਰਾਪਤੀ ਕੀਤੀ

---

150 "The assembly decided that as her beauty and accomplishments wer the glory of the realm, she was not destined to be the monopoly of one. She was selected as the foremost of the front rank beauties of the state, the jewel of womanhood the 'STRIRATNA'."
Tarashanker Banerjea, 'Amrapali', *The Maha Bodhi*, Maha Bodhi Society, Ceylon, Vol.83, 1975, p.235.

151 "Four courtesans, Vimala, Abhaya's mother called Padumavati, Addhakasi and Ambapali, having been converted to Buddhism, entered the order and attained to arahanship."
I.B.Horner, *Women under Primitive Buddhism: Laywomen and Almswomen*, p. 89.

152 *dIG inkwX,* pNny 128-29.;
rwhul swN™ËXwXn, *bu…cXw~~*, pNny 493-95.

ਸੀ। ਅਜਿਹਾ ਕਰਕੇ ਮਹਾਤਮਾ ਬੁੱਧ ਨੇ ਵਿਚਾਰ ਦ੍ਰਿੜ ਕੀਤਾ ਕਿ ਸਮਾਜਿਕ ਕਿੱਤੇ ਅਨੁਸਾਰ ਕੋਈ ਭੇਦਭਾਵ ਦੀ ਅਹਿਮੀਅਤ ਨਹੀਂ ਬਲਕਿ ਇਨਸਾਨੀਅਤ ਵੱਡੀ ਸੀ।

ਇਸ ਤੋਂ ਇਲਾਵਾ ਇਸਤਰੀ ਦੇ ਔਗੁਣਾਂ ਦਾ ਜ਼ਿਕਰ ਵੀ ਪ੍ਰਾਪਤ ਹੁੰਦਾ ਹੈ। ਕਈ ਥਾਵਾਂ ’ਤੇ ਉਸਦੇ ਸੁਭਾਅ ਨੂੰ ਗ਼ੁੱਸੈਲ, ਮੂਰਖਤਾ ਅਤੇ ਈਰਖਾ ਕਰਨ ਵਾਲੀ ਦੱਸਿਆ ਹੈ। ਇਸਤਰੀ ਦੀ ਕਾਮੁਕ ਭਾਵਨਾਵਾਂ ਨਾਲ ਉਸਨੂੰ ਦੋਸ਼ੀ ਸਾਬਿਤ ਕਰਨ ਦੀਆਂ ਉਦਾਹਰਨਾਂ ਪ੍ਰਾਪਤ ਹੁੰਦੀਆਂ ਹਨ। ਕਈ ਵਾਰ ਉਸਦੇ ਸੁਭਾਅ ਦੀ ਤੁਲਨਾ ਸੱਪ ਦੀ ਜ਼ਹਿਰ ਨਾਲ ਕੀਤੀ ਗਈ ਹੈ। ਇਹ ਸੱਚ ਹੈ ਕਿ ਇਨਸਾਨ ਦੋ ਸੁਭਾਅ ਲੈਕੇ ਚੱਲਦਾ ਹੈ ਅਜਿਹਾ ਰੂਪ ਇਸਤਰੀਆਂ ਵਿੱਚ ਵੀ ਸੀ। ਕੁੱਝ ਨੇਕ ਇਸਤਰੀਆਂ ਆਪਣੇ ਸੁਭਾਅ ਕਾਰਨ ਸਦਗੁਣਾਂ ਦੀ ਖਾਨ ਨਜ਼ਰ ਆਉਂਦੀਆਂ ਅਤੇ ਕਈ ਅਸਲ ਰਾਹ ਤੋਂ ਭਟਕੀਆਂ ਹੋਈਆਂ ਉਲਝੇਵਿਆਂ ਵਿੱਚ ਹੀ ਜੀਵਨ ਨਿਰਵਾਹ ਕਰਦੀਆਂ ਹਨ। ਮਹਾਤਮਾ ਬੁੱਧ ਦੀ ਦੇਣ ਸਦਕਾ ਹੀ ਇਸਤਰੀਆਂ ਨੇ ਇੱਕ ਵੱਡੀ ਮੁਹਾਰਤ ਹਾਸਲ ਕੀਤੀ ਸੀ।

ਮਹਾਤਮਾ ਬੁੱਧ ਦੇ ਪ੍ਰਾਪਤ ਵਿਚਾਰਾਂ ਜਾਤ-ਪਾਤ, ਲਿੰਗ, ਕਿੱਤਾ ਆਦਿ ਕੁੱਝ ਵੀ ਚੰਗਾ ਜਾਂ ਬੁਰਾ ਨਹੀਂ ਸੀ। ਉਹਨਾਂ ਲਈ ਹਰ ਇਨਸਾਨ ਬਰਾਬਰ ਸੀ। ਉਹਨਾਂ ਨੇ ਹਨੇਰਮਈ ਸਮਾਜ ਵਿੱਚ ਗਵਾਚੀ ਇਸਤਰੀ ਨੂੰ ਨਵਾਂ ਜੀਵਨ ਦਿੱਤਾ। ਇਹਨਾਂ ਦੇ ਪੁਰਜ਼ੋਰ ਯਤਨਾਂ ਸਦਕਾ ਇਸਤਰੀ ਸੰਘ ਵਿੱਚ ਸ਼ਾਮਿਲ ਹੋਈ ਅਤੇ ਅਧਿਆਤਮਿਕ ਵਿਕਾਸ ਰਾਹੀਂ ਨਿਰਵਾਣ ਦੀ ਪ੍ਰਾਪਤੀ ਕੀਤੀ। ਇਸ ਸਮੇਂ ਵਿੱਚ ਇਸਤਰੀ ਨੇ ਨਿਗੁਣੇ ਰੂਪ ਤੋਂ ਗੁਣਾਂ ਦੀ ਖਾਨ ਦਾ ਦਰਜਾ ਹਾਸਲ ਕੀਤਾ। ਸੰਘਮਿਤਰਾ ਵੱਲੋਂ ਸ਼੍ਰੀ ਲੰਕਾ ਵਿੱਚ ਭਿੱਖਣੀ ਸੰਘ ਸਥਾਪਿਤ ਕਰਨਾ, ਉਸ ਸਮੇਂ ਦੀ ਇਸਤਰੀ ਆਜ਼ਾਦੀ ਅਤੇ ਮਹਾਨਤਾ ਦੀ ਵੱਡੀ ਮਿਸਾਲ ਹੈ।

# ਅਧਿਆਇ-ਤੀਜਾ
# ਸਿੱਖ ਧਰਮ ਵਿੱਚ ਇਸਤਰੀ ਦੀ ਸਥਿਤੀ: ਸੰਦਰਭ ਅਤੇ ਸਰੋਕਾਰ

'ਸ੍ਰੀ ਗੁਰੂ ਗ੍ਰੰਥ ਸਾਹਿਬ', ਕੇਵਲ ਸਿੱਖਾਂ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਮਾਰਗ ਦਰਸ਼ਕ ਹੈ। ਇਸ ਦੇ ਮਹਾਨ ਬਾਣੀਕਾਰਾਂ ਨੇ ਆਪਣੇ ਮਹਾਨ ਅਨੁਭਵ ਨੂੰ ਲਿਖਤ ਰੂਪ ਰਾਹੀਂ ਪੇਸ਼ ਕਰਕੇ ਸਾਰੇ ਬ੍ਰਹਿਮੰਡ ਦਾ ਪਾਰ ਉਤਾਰਾ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਰੂਹਾਨੀਅਤ ਦਾ ਵਰਣਨ ਹੈ ਉੱਥੇ ਹੀ ਸਮਾਜਿਕ, ਧਾਰਮਿਕ, ਰਾਜਨੀਤਿਕ ਵਿਵਸਥਾ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸੇ ਲਈ 'ਸ਼ਬਦ ਗੁਰੂ' ਨੂੰ ਸਾਰੀ ਮਨੁੱਖਤਾ ਦੀ ਰਾਹਨੁਮਾਈ ਦਾ ਸਰੋਤ ਮੰਨਿਆ ਜਾਂਦਾ ਹੈ।

ਸਿੱਖ ਧਰਮ ਦੇ ਉਦਭਵ ਸਮੇਂ ਹਾਲਾਤ ਸਰਲ ਨਹੀਂ ਸੀ। ਸਮਾਜ ਅਤੇ ਧਰਮ ਕਰਮ ਕਾਂਡਾਂ, ਵਰਗਾਂ ਅਤੇ ਝੂਠ ਫਰੇਬਾਂ ਵਿੱਚ ਜਕੜਿਤ ਸੀ। ਸਮਾਜ ਨੂੰ ਚਲਾਉਣ ਵਾਲੇ ਅਤੇ ਧਰਮ ਦੇ ਮੁੱਖ ਆਗੂਆਂ ਬ੍ਰਾਹਮਣਾਂ ਨੇ ਨਿੱਜ-ਲਾਭ ਕਾਰਨ ਸਮਾਜ ਨੂੰ ਵਰਗਾਂ ਵਿੱਚ ਵੰਡਿਆ ਹੋਇਆ ਸੀ। ਸਮਾਜਿਕ ਵਰਗ-ਵੰਡ ਕਾਰਨ ਲੋਕ ਵੰਡੀਆਂ ਦਾ ਸ਼ਿਕਾਰ ਸਨ। ਇੱਥੋਂ ਤੱਕ ਕਿ ਧਰਮ ਵੀ ਇਸੇ ਵੰਡ ਦਾ ਸ਼ਿਕਾਰ ਸੀ। ਜਿਸਦੇ ਫਲਸਰੂਪ ਗਰੀਬ ਵਰਗ ਦਾ ਕੋਈ ਧਰਮ ਨਹੀਂ ਰਿਹਾ ਸੀ। ਉਹ ਸਮਾਜ ਦੇ ਨਿਯਮਾਂ ਅਤੇ ਧਰਮ ਦੇ ਬੰਧਨਾਂ ਤੋਂ ਉਕਤਾਏ ਹੋਏ ਸਨ ਪਰ ਦੂਜੇ ਪਾਸੇ ਸੱਚ ਨਾਲ ਜੁੜਨਾ ਚਾਹੁੰਦੇ ਸਨ ਉਹ ਘਰ ਪਰਿਵਾਰ ਤਿਆਗ ਕੇ ਜੰਗਲਾ ਵਿੱਚ ਜਾ ਬੈਠੇ ਸਨ। ਜਿੱਥੇ ਧਰਮ ਵਿੱਚ ਜ਼ੁਲਮ, ਲੋਭ ਵਧਿਆ ਹੋਇਆ ਸੀ ਉੱਥੇ ਹੀ ਸਮਾਜਿਕ, ਰਾਜਨੀਤਿਕ ਵਿਵਸਥਾ ਵੀ ਨਿਘਰ ਚੁੱਕੀ ਸੀ। ਸਾਰੇ ਪਾਸੇ ਜਾਤ-ਪਾਤ, ਛਲ ਕਪਟ, ਪਾਪ ਅਤੇ ਹਿੰਸਾ ਦਾ ਹੀ ਰਾਜ ਸੀ। "ਇਕ ਪਾਸੇ ਰਿਸ਼ਵਤ-ਖੋਰ ਕਾਜ਼ੀ ਹਾਕਮ, ਉਹਨਾਂ ਦੀ ਹਮੈਤ ਕਰਨ ਵਾਲੇ ਖੱਤਰੀ ਕਰਮ-ਚਾਰੀ ਅਤੇ ਬ੍ਰਾਹਮਣ, ਜਿਨ੍ਹਾਂ ਨੇ ਸਿਮ੍ਰਤੀਆਂ ਸ਼ਾਸਤ੍ਰਾਂ ਦੇ ਸੰਗਲਾਂ ਨਾਲ ਨੀਵੀਆਂ ਜਾਤਾਂ ਦੇ ਕ੍ਰੋੜਾਂ ਬੰਦਿਆਂ ਨੂੰ ਬੰਨ੍ਹਿਆਂ ਹੋਇਆ ਸੀ; ਦੂਜੇ ਪਾਸੇ ਗਰੀਬ ਲੋਕ ਜੋ ਚੱਟੀਆਂ ਭਰ ਭਰ ਕੇ ਤ੍ਰਾਹ ਤ੍ਰਾਹ ਕਰ ਰਹੇ ਸਨ।"[1]

ਇਸ ਸਮਾਜਿਕ ਵਰਗ ਵੰਡ ਦੀ ਸ਼੍ਰੇਣੀ ਵਿੱਚ ਇਸਤਰੀ ਸਭ ਤੋਂ ਵੱਧ ਨਿਵਾਣ ਵਾਲੇ ਪੱਧਰ 'ਤੇ ਸੀ। ਇਸਤਰੀ ਲਈ ਸਮਾਜਿਕ, ਰਾਜਨੀਤਿਕ, ਆਰਥਿਕ ਹੱਕ ਬਹੁਤ ਦੂਰ ਦੀ ਗੱਲ ਸੀ, ਕਿਉਂਕਿ ਉਹ ਤਾਂ ਧਾਰਮਿਕ ਕਾਰਜਾਂ ਦੀ ਹੱਕਦਾਰ ਵੀ ਨਹੀਂ ਸੀ। ਇਸਤਰੀ ਨੂੰ ਧਾਰਮਿਕ ਗ੍ਰੰਥ ਪੜ੍ਹਨ ਦੀ ਇਜਾਜ਼ਤ ਵੀ ਨਹੀਂ ਸੀ। ਇਹ ਸਭ ਕੇਵਲ ਉੱਚ ਸ਼੍ਰੇਣੀ ਦੇ ਮਰਦਾਂ ਦੇ ਹਿੱਸੇ ਹੀ ਸੀ। ਇੱਥੋਂ ਤੱਕ ਕਿ ਉਸ ਵੇਲੇ ਹਿੰਦੂ ਮੁਸਲਿਮ ਦੋਵੇਂ ਹੀ ਇਸਤਰੀ ਨੂੰ ਮਰਦ ਤੋਂ ਨੀਵਾਂ ਸਮਝਦੇ ਸਨ। ਬਹੁਵਿਆਹ, ਵਿਧਵਾ ਪੁਨਰ ਵਿਆਹ 'ਤੇ ਪਾਬੰਦੀ, ਸਤੀ ਪ੍ਰਥਾ, ਬਾਲ-ਵਿਆਹ, ਲੜਕੀ ਹੱਤਿਆ ਜਿਹੇ ਸਰਾਪ ਪ੍ਰਚਲਿਤ ਸਨ। ਇਸਤਰੀ ਆਰਥਿਕ,

---

[1] ਸਾਹਿਬ ਸਿੰਘ, *ਧਰਮ ਤੇ ਸਦਾਚਾਰ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995, ਪੰਨਾ 32.

ਸਮਾਜਿਕ, ਮਾਨਸਿਕ ਹਰ ਪੱਖੋਂ ਮਰਦਾਂ ਉੱਪਰ ਨਿਰਭਰ ਸੀ।[2] ਉਹ ਘਰ ਦੀ ਚਾਰ ਦੀਵਾਰੀ ਤੱਕ ਹੀ ਸੀਮਤ ਸੀ। ਉਸਨੂੰ ਨਾ ਸਿੱਖਿਆ ਅਤੇ ਨਾ ਹੀ ਕੋਈ ਨਿਰਣੇ ਲੈਣ ਯੋਗ ਸਮਝਿਆ ਜਾਂਦਾ ਸੀ। ਧਰਮ ਅਨੁਸਾਰ ਪਹਿਲਾਂ ਬ੍ਰਹਮਚਾਰੀ ਦੀ ਅਵਸਥਾ, ਗ੍ਰਹਿਸਤ, ਵਾਣਪ੍ਰਸਥ ਅਤੇ ਫਿਰ ਸੰਨਿਆਸ ਦੀ ਅਵਸਥਾ; ਭਾਵ ਗ੍ਰਹਿਸਤ ਛੱਡਣਾ ਹੀ ਪਵੇਗਾ। ਜੇਕਰ ਮੁਕਤ ਹੋਣਾ ਹੈ ਤਾਂ ਇਸਤਰੀ ਨਾਲ ਸਫ਼ਰ ਨਹੀਂ ਕਰ ਸਕਦੀ ਸੀ। ਇਸਤਰੀ ਅਤੇ ਸ਼ੂਦਰ ਸਿਰਫ਼ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਹੀ ਬਣ ਕੇ ਰਹਿ ਗਏ ਸਨ।

ਗੁਰੂ ਸਾਹਿਬਾਨ ਇਸ ਗੱਲ ਤੋਂ ਵਾਕਿਫ਼ ਸਨ ਕਿ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਪਹਿਲਾ ਮਨੁੱਖੀ ਬਰਾਬਰਤਾ ਜ਼ਰੂਰੀ ਹੈ। ਉਹਨਾਂ ਨੇ ਸਮਾਜ ਦੀ ਮੂਲ ਇਕਾਈ ਪਰਿਵਾਰ ਵਿੱਚ ਹੋ ਰਹੇ ਭੇਦਭਾਵ ਵੱਲ ਨਜ਼ਰ ਮਾਰੀ। ਉਹਨਾਂ ਅਨੁਸਾਰ ਜੇਕਰ ਕੋਈ ਸਮਾਜ ਮਰਦ ਇਸਤਰੀ ਦੇ ਵਖਰੇਵਿਆਂ ਉੱਪਰ ਪ੍ਰਫੁਲਿਤ ਹੁੰਦਾ ਹੈ ਤਾਂ ਉਸ ਦੀ ਜੜ੍ਹ ਖੋਖਲੀ ਹੋਵੇਗੀ। ਉਹਨਾਂ ਨੇ ਇਸਤਰੀ ਨਾਲ ਹੋ ਰਹੇ ਵਿਤਕਰਿਆਂ ਨੂੰ ਜਾਣਿਆ ਅਤੇ ਸੁਹਿਰਦ ਸਮਾਜ ਸਿਰਜਣ ਦੀ ਪ੍ਰੇਰਣਾ ਦਿੱਤੀ। "ਗੁਰੂ ਨਾਨਕ ਦਾ ਸਮੁੱਚਾ ਮਕਸਦ ਕੇਵਲ ਇੱਕ ਨਵਾਂ ਧਰਮ ਸਥਾਪਤ ਕਰਨਾ ਹੀ ਨਹੀਂ ਸੀ ਬਲਕਿ ਸਾਰੀ ਦੀ ਸਾਰੀ ਮਨੁੱਖਤਾ ਨੂੰ ਇੱਕ ਸਤਰ ਤੇ ਕੇਵਲ ਇੱਕ ਦੀ ਉਪਾਸਨਾ ਨਾਲ ਜੋੜਨਾ ਸੀ ਜੋ ਉਸ ਤੱਥ ਤੋਂ ਮੁਨਕਰ ਹੋਈ ਬੈਠੀ ਸੀ।"[3]

ਗੁਰੂ ਨਾਨਕ ਸਾਹਿਬ ਦੇ ਇਸ ਰਾਹ ਤੇ ਚੱਲਦਿਆਂ ਬਾਕੀ ਗੁਰੂ ਸਾਹਿਬਾਨ ਨੇ ਵੀ ਇਹਨਾਂ ਵਿਤਕਰਿਆਂ ਉੱਪਰ ਚਿੰਤਾ ਪ੍ਰਗਟਾਉਂਦੇ ਹੋਏ ਹਰ ਇਨਸਾਨ ਲਈ ਬਰਾਬਰਤਾ ਸਿਰਜਣ ਦਾ ਉਪਰਾਲਾ ਕੀਤਾ ਤਾਂਕਿ ਲੋਕਾਂ ਵਿੱਚ ਕਿਸੇ ਭੇਦਭਾਵ ਦੀ ਗੁੰਜਾਇਸ਼ ਨਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਭਿੰਨ ਸੰਸਕ੍ਰਿਤੀਆਂ ਅਤੇ ਧਰਮਾਂ ਦੇ ਹਾਲਾਤ ਸਮਝਦਿਆਂ ਪਾਰ-ਸੰਪਰਦਾਇਕ, ਪਾਰ-ਰਾਸ਼ਟਰੀ, ਪਾਰ-ਸੰਸਕ੍ਰਿਤਿਕ ਅੰਤਰ ਦ੍ਰਿਸ਼ਟੀ ਦੁਆਰਾ ਸਾਰੀ ਲੋਕਾਈ ਦੇ ਵਿਕਾਸ ਲਈ ਨਵਾਂ ਰਾਹ ਖੋਲਣ ਦੀ ਗੱਲ ਕੀਤੀ ਗਈ ਹੈ।

ਇਸ ਸਮੇਂ ਸਮਾਜਿਕ ਅਤੇ ਧਾਰਮਿਕ ਗਿਆਨ ਰੂਪੀ ਰੌਸ਼ਨੀ ਦੀ ਜ਼ਰੂਰਤ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਇਸ ਨਿਵੇਕਲੇ ਸਿਧਾਂਤ ਦੇ ਰੂਪ ਰਾਹੀਂ ਪ੍ਰਾਪਤ ਹੋਈ। ਗੁਰੂ ਸਾਹਿਬਾਨ ਦੀ

---

2 "In the late fifteenth century, when Guru Nanak started preaching his message, both Hindus and Muslims considered women to be inferior to men, an impediment in the way of spiritual progress, and the cause of man's normal degradation. Polygamy was rampant, widows were denied remarriage and social recognition. Sati, child marriage and female infanticide were widespread. Women were economically, socially and psychologically dependent on men. Redemption surfaced in the form of the Bhakti (devotional) movement."
Rajkumari Shanker, 'Women in Sikhism', *Women in Indian Religions,* Arvind Sharma(ed.), Oxford University Press, New Delhi, 2002, p.112.

3 ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮ ਤੇ ਵਿਵਹਾਰ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 2012, ਪੰਨਾ 25.

ਵਿਚਾਰਧਾਰਾ ਇਹ ਰਹੀ ਹੈ ਕਿ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਮਨੁੱਖ ਨੂੰ ਪਰਮਾਤਮਾ ਦੀ ਸਰਵ ਉੱਚ ਕ੍ਰਿਤ ਸਮਝਿਆ ਜਾਂਦਾ ਹੈ ਕਿਉਂਕਿ ਉਹ ਚੇਤੰਨ ਹੈ। ਇਸੇ ਲਈ ਮਨੁੱਖੀ ਜੀਵਨ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਇਸ ਜੀਵਨ ਰਾਹੀਂ ਉਹ ਮੁਕਤੀ ਪ੍ਰਾਪਤ ਕਰ ਸਕਦਾ ਹੈ। ਮਨੁੱਖੀ ਜੀਵਨ ਦੀ ਇਹ ਪ੍ਰਾਪਤੀ ਕਿਤੇ ਵੀ ਵੰਡੀ ਨਹੀਂ ਹੋਈ ਬਲਕਿ ਪਰਮਾਤਮਾ ਦੁਆਰਾ ਸਾਜੀ ਸ੍ਰਿਸ਼ਟੀ ਵਿੱਚ ਮਰਦ ਅਤੇ ਇਸਤਰੀ ਦਾ ਸੰਯੋਗ ਰਿਹਾ ਹੈ। ਸ੍ਰਿਸ਼ਟੀ ਦੇ ਵਿਧਾਨ ਨੂੰ ਚਲਾਉਣ ਲਈ ਇਹ ਜੀਵਨ ਵਿਉਂਤ ਸਿਰਜੀ ਗਈ ਹੈ। ਇਸੇ ਜੀਵਨ ਵਿਉਂਤ ਵਿੱਚ ਬਾਕੀ ਜੀਵਾਂ ਦੀ ਤਰ੍ਹਾਂ ਮਨੁੱਖ ਦੀਆਂ ਜ਼ੁੰਮੇਵਾਰੀਆਂ ਵੀ ਪਰਮਾਤਮਾ ਦੁਆਰਾ ਸਥਾਪਿਤ ਕੀਤੀਆਂ ਗਈਆਂ ਹਨ। ਪਰ ਮਨੁੱਖੀ ਚੇਤੰਨਤਾ ਸਮਾਜ ਨੂੰ ਆਪਣੀ ਸਹੂਲਤ ਅਤੇ ਮਰਜ਼ੀ ਮੁਤਾਬਕ ਵਰਗਾਂ ਵਿੱਚ ਵੰਡ ਕੇ ਮਨੁੱਖੀ ਅਸਮਾਨਤਾ ਦਾ ਭਾਵ ਉਜਾਗਰ ਕੀਤਾ ਹੋਇਆ ਸੀ। ਅਜਿਹੇ ਸਮਾਜ ਵਿੱਚ ਗੁਰੂ ਸਾਹਿਬਾਨ ਨੇ ਇਸਤਰੀ ਦੀ ਸਥਿਤੀ ਨੂੰ ਵੇਖਿਆ ਅਤੇ ਉਸ ਵਿੱਚੋਂ ਨਿਕਲਣ ਦਾ ਰਾਹ ਸੁਝਾਇਆ। ਮਨੁੱਖੀ ਸਮਾਜ ਵਿੱਚ ਹਮੇਸ਼ਾ ਤੋਂ ਮਰਦ ਦੀ ਪ੍ਰਧਾਨਤਾ ਅਧੀਨ ਸਾਰੇ ਕਾਰਜ ਹੋਇਆ ਕਰਦੇ ਸਨ ਭਾਵੇਂ ਉਹ ਸਮਾਜਿਕ ਜਾਂ ਧਾਰਮਿਕ ਕੋਈ ਵੀ ਹੋਵੇ। ਇੱਕ ਪਾਸੇ ਇਸਤਰੀ ਰਾਹੀਂ ਸਮਾਜ/ਪਰਿਵਾਰ ਦਾ ਵਿਕਾਸ ਹੁੰਦਾ ਸੀ ਅਤੇ ਨਾਲ ਹੀ ਉਹ ਘ੍ਰਿਣਾ ਦੀ ਪਾਤਰ ਵੀ ਬਣੀ ਹੋਈ ਸੀ। ਸਮਾਜ ਦਾ ਇਸਤਰੀ ਪ੍ਰਤੀ ਦੋਗਲਾਪਨ ਰਵੱਈਆ ਉਸਦੀ ਆਜ਼ਾਦੀ, ਹੋਂਦ ਅਤੇ ਹੋਣੀ ਉੱਪਰ ਇਸ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਕਿ ਉਹ ਆਪਣੀ ਪਹਿਚਾਨ ਹੀ ਭੁੱਲ ਗਈ ਸੀ। ਅਜਿਹੇ ਅਧੂਰੇ ਸਮਾਜ ਵਿੱਚ ਇਸਤਰੀ ਦਾ ਹੋਣਾ ਜਾਂ ਨਾ ਹੋਣਾ ਕੋਈ ਮਹੱਤਤਾ ਨਹੀਂ ਰੱਖਦਾ ਸੀ। ਗੁਰੂ ਸਾਹਿਬਾਨ ਨੇ ਅਜਿਹੀ ਸਮਾਜਿਕ ਸੋਚ ਨੂੰ ਵੰਗਾਰਿਆ।

ਗੁਰੂ ਸਾਹਿਬਾਨ ਮਨੁੱਖ ਨੂੰ ਇਹ ਸਮਝਾਉਣ ਲਈ ਦ੍ਰਿੜ੍ਹ ਸਨ ਕਿ ਸਿਰਜਣਹਾਰ ਦੀ ਇਸ ਸਾਜੀ ਸ੍ਰਿਸ਼ਟੀ ਵਿੱਚ ਪੰਜ ਤੱਤਾਂ ਤੋਂ ਬਣੇ ਜੀਵ ਅੰਦਰ ਸੱਚ ਦਾ ਅੰਸ਼ ਵਿਦਮਾਨ ਹੈ। 'ਪੰਚ ਤਤੁ ਮਿਲਿ ਇਹੁ ਤਨੁ ਕੀਆ॥'[4] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਉਸ ਪਰਮ ਸੱਚ ਨੇ ਸਾਰਿਆਂ ਅੰਦਰ ਇੱਕ ਜੋਤਿ ਰੱਖੀ ਹੈ। ਜਿਸ ਲਈ ਕਿਸੇ ਨਾਲ ਵੀ ਨਸਲ, ਲਿੰਗ, ਰੰਗ ਦਾ ਕੋਈ ਭੇਦਭਾਵ ਨਹੀਂ ਕੀਤਾ ਜਾ ਸਕਦਾ। ਸਾਰਿਆਂ ਨੂੰ ਬਰਾਬਰਤਾ ਦਿੱਤੀ ਹੈ ਤਾਂ ਕੋਈ ਵੀ ਇਨਸਾਨ ਚੰਗਾ ਮਾੜਾ ਕਿਵੇਂ ਹੋ ਸਕਦਾ ਹੈ।

ਏਕਾ ਮਾਟੀ ਏਕਾ ਜੋਤਿ॥[5]

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥[6]

ਜੇਕਰ ਇਨਸਾਨ ਨੂੰ ਪੈਦਾ ਕਰਨ ਵਾਲਾ, ਉਸ ਦਾ ਪਾਲਣਹਾਰ, ਰਖਵਾਲਾ ਇੱਕ ਹੈ ਤਾਂ ਉਸ ਦੀ ਰਚੀ ਇਸ ਦੁਨੀਆ ਵਿੱਚ ਵੀ ਬਰਾਬਰਤਾ ਹੋਣੀ ਚਾਹੀਦੀ ਹੈ। ਇਨਸਾਨ ਜਨਮ ਸਮੇਂ ਕਿਸੇ ਜਾਤ ਪਾਤ ਅਤੇ

---

[4] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1039.

[5] ਉਹੀ, ਪੰਨਾ 188.

[6] ਉਹੀ, ਪੰਨਾ 921.

ਲਿੰਗਕ ਫਰਕ ਤੋਂ ਜਾਣੂ ਨਹੀਂ ਹੁੰਦਾ। ਇਹ ਸਾਰੀਆਂ ਦੁਨਿਆਵੀ ਉਪਜਾਂ ਹਨ ਜੋ ਉਸਨੂੰ ਸਾਰੀ ਉਮਰ ਇਸ ਭੇਦ-ਭਾਵ ਵਿੱਚ ਉਲਝਾਈ ਰਖਦੀਆਂ ਹਨ। ਗੁਰੂ ਸਾਹਿਬਾਨ ਨੇ ਹਰ ਇਨਸਾਨ (ਮਰਦ ਅਤੇ ਇਸਤਰੀ) ਨੂੰ ਪਰਮ ਸੱਚ ਦੀ ਸਿਰਜਨਾ ਦੱਸਦੇ ਹੋਏ ਸਾਰੇ ਭੇਦਾਂ ਜਾਂ ਵਖਰੇਵਿਆਂ ਤੋਂ ਪਰ੍ਹੇ ਦੱਸਿਆ ਹੈ।

ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ॥[7]

ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤਤ ਲੇਹੁ ਸਰੀਰ ਬਿਚਾਰੀ॥[8]

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ॥[9]

ਗੁਰੂ ਸਾਹਿਬਾਨ ਨੇ ਹਨੇਰ 'ਚ ਪਏ ਮਨੁੱਖ ਦੀ ਚੇਤਨਾ ਨੂੰ ਝੰਜੋੜਿਆ ਹੈ। ਮਰਦ ਇਸਤਰੀ ਦੀ ਭੇਦਤਾ ਤੋਂ ਮੁਕਤ ਹੋ ਕੇ ਪਰਮ ਸੱਚ ਨਾਲ ਅਭੇਦ ਹੋਣਾ ਹੀ ਮਨੁੱਖੀ ਜੀਵਨ ਦਾ ਪਰਮ ਮਨੋਰਥ ਹੈ। 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥'[10] ਗੁਰੂ ਸਾਹਿਬਾਨ ਦੀ ਵੱਡੀ ਗੱਲ ਇਹ ਰਹੀ ਹੈ ਕਿ ਸਾਰੀ ਬਾਣੀ ਦੀ ਰਚਨਾ ਉਹਨਾਂ ਨੇ ਇਸਤਰੀ ਰੂਪ ਵਿੱਚ ਕੀਤੀ ਹੈ। ਗੁਰੂ ਸਾਹਿਬਾਨ ਨੇ ਸਮਾਨਤਾ ਦਾ ਇਹ ਸੰਕਲਪ ਇਸ ਤਰ੍ਹਾਂ ਉਘਾੜਿਆ ਕਿ ਸਾਰੇ ਮਨੁੱਖਾਂ ਨੂੰ ਜੀਵ ਇਸਤਰੀ ਦੇ ਤੌਰ 'ਤੇ ਸੰਬੋਧਿਤ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁੱਚੇ ਰੂਪ ਵਿੱਚ ਮਨੁੱਖੀ ਜੀਵਨ ਦੇ ਆਦਰਸ਼ ਨੂੰ ਪੇਸ਼ ਕਰਦਾ ਹੈ। ਗੁਰੂ ਸਾਹਿਬਾਨ ਨੇ ਪ੍ਰਚਲਿਤ ਸਮਾਜਿਕ ਸੋਚ ਨੂੰ ਇੱਕ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਕੇ ਅਧਿਆਤਮਿਕਤਾ ਨਾਲ ਜੋੜਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੱਖ ਸੁਰ ਅਧਿਆਤਮਿਕ ਹੈ ਪਰ ਗੁਰੂ ਸਾਹਿਬਾਨ ਨੇ ਅਧਿਆਤਮਿਕਤਾ ਨੂੰ ਪ੍ਰਤੀਕਾਂ ਦੀ ਵਰਤੋਂ ਜਾਂ ਮਨੁੱਖੀ ਜੀਵਨ ਵਿੱਚੋਂ ਹਵਾਲਿਆਂ ਰਾਹੀਂ ਬਿਆਨ ਕੀਤਾ ਹੈ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਧਾਰਮਿਕ ਅਤੇ ਸਮਾਜਿਕ ਦੋਵੇਂ ਪੱਖ ਉੱਭਰ ਕੇ ਆਉਂਦੇ ਹਨ। ਜਿਹਨਾਂ ਨੂੰ ਇਸ ਖੋਜ ਕਾਰਜ ਦਾ ਆਧਾਰ ਬਣਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਸਰਬੱਤ ਦੇ ਭਲੇ ਲਈ ਹੋਈ, ਜਿਸ ਵਿੱਚ ਜੀਵਨ ਨੂੰ ਸਾਧਾਰਨ ਕਿਰਿਆਵਾਂ ਵਿੱਚੋਂ ਉਚੇਰਾ ਕਰ ਕੇ ਵਿਸ਼ੇਸ਼ ਮਾਨਸਿਕ ਪ੍ਰਕਿਰਿਆਵਾਂ ਵਿੱਚ ਜਿਊਂਣ ਦੀ ਜੁਗਤ ਦੱਸੀ ਗਈ ਹੈ। ਇਸ ਲਈ ਆਮ ਜੀਵਨ ਸ਼ੈਲੀ ਨਾਲ ਸੰਬੰਧਿਤ ਪ੍ਰਤੀਕਾਂ ਨੂੰ ਵਰਤੋਂ ਵਿੱਚ ਲਿਆ ਹੈ। ਪ੍ਰਤੀਕ ਹਮੇਸ਼ਾ ਕਿਸੇ ਛਿੱਪੇ ਅਰਥਾਂ ਨੂੰ ਉਜਾਗਰ ਕਰਦੇ ਹਨ। ਡਾ.ਦਰਸ਼ਨ ਸਿੰਘ ਅਨੁਸਾਰ "ਧਰਮ ਸੰਸਾਰ ਦੇ ਅਮੂਰਤ ਰਿਸ਼ਤੇ ਚਿੰਨ੍ਹਾਂ ਦੀ ਮੱਦਦ ਨਾਲ ਵਿਸ਼ੇਸ਼ ਰੂਪ ਗ੍ਰਹਿਣ ਕਰਦੇ ਹਨ ਅਤੇ ਪ੍ਰਗਟਾਵੇ ਦੀ ਪੱਧਰ ਤੇ ਸਾਕਾਰ ਵੀ

[7] ਉਹੀ, ਪੰਨਾ 1349.

[8] ਉਹੀ, ਪੰਨਾ 331.

[9] ਉਹੀ, ਪੰਨਾ 983.

[10] ਉਹੀ, ਪੰਨਾ 441.

ਚਿੰਨ੍ਹਾਂ ਦੁਆਰਾ ਹੀ ਹੁੰਦੇ ਹਨ।"[11] ਗੁਰੂ ਸਾਹਿਬਾਨ ਦੁਆਰਾ ਵਰਤੇ ਗਏ ਪ੍ਰਤੀਕ ਉਹਨਾਂ ਦੀ ਮਹਾਨ ਸੋਚ ਨੂੰ ਪੇਸ਼ ਕਰਦੇ ਹਨ। ਅਜਿਹੇ ਪ੍ਰਤੀਕ ਜਿਹਨਾਂ ਕਰਕੇ ਲੋਕਾਂ ਦੇ ਮਨਾਂ ਵਿੱਚ ਉਸ ਵਿਸਮਾਦੀ ਸੱਚ ਦੀ ਤਸਵੀਰ ਉੱਭਰ ਸਕੇ। ਮਰਸੀਆ ਇਲਿਆਡੇ ਦੇ ਵਿਚਾਰਾਂ ਅਨੁਸਾਰ ਪ੍ਰਤੀਕਾਂ ਕੋਲ ਅਸਤਿਤੱਵ ਦੇ ਗੁਣਾਂ ਦੀ ਭਰਮਾਰ ਹੁੰਦੀ ਹੈ: ਪ੍ਰਤੀਕ ਹਮੇਸ਼ਾ ਹੀ ਮਨੁੱਖੀ ਜੀਵਨ ਦੀ ਸੱਚਾਈ ਅਤੇ ਉਸਦੇ ਹਾਲਾਤ ਨਾਲ ਸੰਬੰਧਿਤ ਹੁੰਦੇ ਹਨ: ਪ੍ਰਤੀਕ ਜ਼ਿੰਦਗੀ ਦੀ ਡੂੰਘਾਈ ਵਿੱਚ ਮੂਲ ਜੜ੍ਹ ਨਾਲ ਸੰਬੰਧਿਤ ਹੁੰਦੇ ਹਨ; ਪ੍ਰਤੀਕ ਅਧਿਆਤਮਿਕ ਰੂਪ ਨੂੰ ਬਿਆਨਣ ਦੇ ਨਾਲ-ਨਾਲ ਤਜ਼ੁਰਬੇ/ ਅਨੁਭਵ ਨੂੰ ਵੀ ਬਿਆਨਦੇ ਹਨ।[12] ਗੁਰੂ ਨਾਨਕ ਸਾਹਿਬ ਭਲੀ ਭਾਂਤ ਸਮਝਦੇ ਸਨ ਕਿ ਮਨੁੱਖਤਾ ਪ੍ਰਤੀਕ ਦੇ ਸੰਕਲਪ ਰਾਹੀਂ ਹੀ ਅਧਿਆਤਮਿਕ ਤੱਥਾਂ ਨੂੰ ਸਮਝ ਸਕਦੀ ਹੈ। ਪ੍ਰਤੀਕਾਂ ਰਾਹੀਂ ਅਮੂਰਤ ਗੱਲਾਂ ਦਾ ਮੂਰਤੀਕਰਣ ਕੀਤਾ ਜਾ ਸਕਦਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਨੇ ਅਜਿਹੇ ਪ੍ਰਤੀਕ ਸਾਜੇ ਜੋ ਜਨ-ਸਾਧਾਰਨ ਵਿੱਚ ਵਧੇਰੇ ਸੁਭਾਵਕ ਅਤੇ ਉਤੇਜਨਾ ਭਰਪੂਰ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਪ੍ਰਤੀਕ ਜ਼ਿਆਦਾਤਰ ਇਸਤਰੀ ਦੇ ਜੀਵਨ ਨਾਲ ਸੰਬੰਧਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਪ੍ਰਤੀਕ ਬਹੁਲਤਾ ਅਤੇ ਅਸੀਮਤਾ ਵਿੱਚ ਹੋਣ ਕਾਰਨ ਇਸਤਰੀ ਬਾਣੀ ਦਾ ਧੁਰਾ ਨਜ਼ਰ ਆਉਂਦੀ ਹੈ। ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਪੁਰਖ ਅਤੇ ਮਨੁੱਖਾਂ ਨੂੰ ਜੀਵ ਇਸਤਰੀ ਦੇ ਤੌਰ 'ਤੇ ਸੰਬੋਧਿਤ ਕੀਤਾ ਹੈ। ਜਿਸ ਅਨੁਸਾਰ ਸਾਰੀ ਮਨੁੱਖਤਾ ਇੱਕ ਇਸਤਰੀ ਜੀਵ ਹੈ ਅਤੇ ਸਭ ਨੇ ਉਸ ਮਰਦ/ਪੁਰਖ ਰੂਪੀ ਪਰਮਾਤਮਾ ਨੂੰ ਪਾਉਣ ਹਿਤ ਮਨੁੱਖਾ ਜਨਮ ਧਾਰਿਆ ਹੈ:

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥[13]

ਠਾਕੁਰੁ ਏਕੁ ਸਬਾਈ ਨਾਰਿ॥[14]

ਸਿੱਖ ਧਰਮ ਵਿੱਚ 'ਆਦਰਸ਼ ਮਨੁੱਖ' ਦਾ ਸੰਕਲਪ 'ਗੁਰਮੁਖ' ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਗੁਰਮੁਖ ਜੋ ਪਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾ ਕੇ ਉਸ ਨੂੰ ਸਮਰਪਿਤ ਹੁੰਦਾ ਹੈ। ਗੁਰਮੁਖ ਗੁਰੂ ਨੂੰ ਸਮਰਪਿਤ ਹੋਣ ਦੇ ਨਾਲ-ਨਾਲ ਗੰਭੀਰਤਾ, ਮਿੱਠ ਬੋਲੜਾ, ਸ਼ਾਂਤ, ਸਬਰ, ਸੰਤੋਖੀ ਅਤੇ ਨਾਮ ਆਧਾਰੀ ਵੀ ਹੁੰਦਾ ਹੈ। ਗੁਰਮੁਖ ਉਸ ਚੰਦਨ ਜਿਹਾ ਹੁੰਦਾ ਹੈ, ਜਿਸ ਦੇ ਚੰਗੇ ਗੁਣਾਂ ਦੀ ਮਹਿਕ ਹਮੇਸ਼ਾ ਮੌਜੂਦ ਰਹਿੰਦੀ ਹੈ। ਗੁਰਮੁਖ ਨੂੰ ਬਿਆਨ ਕਰਨ ਲਈ ਇਸਤਰੀ ਦੇ ਜੀਵਨ ਨੂੰ ਪ੍ਰਤੀਕ ਵਜੋਂ ਲਿਆ ਗਿਆ ਹੈ।

---

11 ਦਰਸ਼ਨ ਸਿੰਘ, *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 70.

12 "As we learn from Eliade, symbols have an existential value; symbols always point to a reality or situation concerning human existence ; symbols preserve contact with the deep sources of life; symbols express the spiritual as life experience."
Mircea Eliade, *The Two and the One*, Harper Torchbooks, New York, 1965, p. 207, as quoted by, Nikky Gunninder Kaur Singh, *The Feminine Principle in the Sikh Vision of the Transcendent*, Cambridge University Press, New York, 1993, p. 106.

13 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 591.

14 ਉਹੀ, ਪੰਨਾ 933.

'ਗੁਰਮੁਖ' ਦੇ ਪ੍ਰੇਮ ਅਤੇ ਸਮਰਪਣ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਤਨੀ ਦੇ ਪਿਆਰ ਦੇ ਰੂਪਕ ਰਾਹੀਂ ਬਿਆਨ ਕੀਤਾ ਗਿਆ ਹੈ। ਇਸ ਵਿੱਚ ਇਸਤਰੀ ਗੁਣਾਂ ਨੂੰ ਸਰਵਉੱਤਮ ਮੰਨਿਆ ਹੈ, ਜਿਹਨਾਂ ਨੂੰ ਧਾਰਨ ਕਰਕੇ ਆਪਣੇ ਸਾਈਂ ਨੂੰ ਖ਼ੁਸ਼ ਕੀਤਾ ਜਾ ਸਕਦਾ ਹੈ। ਸਭ ਤੋਂ ਵਿਸ਼ਿਸ਼ਟ ਗੱਲ ਤਾਂ ਇਹ ਹੈ ਕਿ ਇਸ ਕਾਇਨਾਤ ਦੇ ਰਹੱਸ ਨੂੰ ਅਨੁਭਵ ਕਰਨ ਲਈ ਇਸਤਰੀ ਰੂਪ ਵਿੱਚ ਅਧਿਆਤਮਿਕ ਚਿੰਤਨ ਦਾ ਅਭਿਆਸ ਪ੍ਰਦਾਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਜੀਵਨ ਦੇ ਮੁੱਖ ਪਹਿਲੂਆਂ, ਉਸਦੇ ਗੁਣਾਂ, ਉਸਦੇ ਜੀਵਨ ਵਿੱਚੋਂ ਵੱਖ ਵੱਖ ਰਿਸ਼ਤਿਆਂ ਨੂੰ ਉਜਾਗਰ ਕਰਦੇ ਹੋਏ ਮਨੁੱਖ ਨੂੰ ਪ੍ਰੇਰਨਾ ਦਿੱਤੀ ਹੈ ਕਿ ਹਰ ਮਨੁੱਖ ਇਸਤਰੀ ਵਾਂਗ ਸਹਿਣਸ਼ੀਲਤਾ, ਪਿਆਰ, ਸੰਜਮ, ਨਿਮਰਤਾ ਜਿਹੇ ਗੁਣਾਂ ਰਾਹੀਂ ਪਰਮਾਤਮਾ ਰੂਪੀ ਪਤੀ ਨੂੰ ਸਮਰਪਿਤ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਰਚੇਤਾ ਖ਼ੁਦ ਨੂੰ ਉਸ ਪਰਮ ਸੱਚ ਦੀ ਦਾਸੀ, ਪਤਨੀ, ਕਾਮਨੀ ਮੰਨਦੇ ਹਨ, ਜੋ ਹਮੇਸ਼ਾ ਪਤੀ ਦੇ ਪਿਆਰ ਦੀ ਚੇਸ਼ਠਾ ਕਰਦੀ ਰਹਿੰਦੀ ਹੈ। ਗੁਰੂ ਸਾਹਿਬਾਨ ਨੇ ਆਪਣਾ ਅਧਿਆਤਮਿਕ ਅਨੁਭਵ ਸਾਂਝਾ ਕਰਨ ਲਈ ਇਸਤਰੀ ਦੇ ਗੁਣਾਂ ਨੂੰ ਆਧਾਰ ਬਣਾਇਆ। ਇਸਤਰੀ ਦੇ ਜੀਵਨ ਨਾਲ ਸੰਬੰਧਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤੇ ਗਏ ਸ਼ਬਦ ਸੁਚੱਜੀ, ਸੁਹਾਗਣ, ਗੁਣਵੰਤੀ 'ਗੁਰਮੁਖ' ਦੇ ਸੰਕਲਪ ਨੂੰ ਪ੍ਰਸਤੁਤ ਕਰਦੇ ਹਨ।

ਗੁਰੂ ਨਾਨਕ ਸਾਹਿਬ ਗੁਰਮੁਖ ਲਈ ਸੁਚੱਜੀ ਇਸਤਰੀ ਦਾ ਪ੍ਰਤੀਕ ਵਰਤਦੇ ਹਨ। ਸੁਚੱਜੀ ਤੋਂ ਭਾਵ ਚੰਗੀ ਜੀਵਨ ਜਾਂਚ ਧਾਰਨ ਵਾਲੀ ਇਸਤਰੀ। ਸੁਚੱਜੀ ਜੋ ਚੰਗੇ ਗੁਣਾਂ (ਸਹਿਣਸ਼ੀਲਤਾ, ਸਬਰ, ਸੰਤੋਖ) ਦੀ ਮੂਰਤ ਹੁੰਦੀ ਹੈ ਅਤੇ ਪਿਰ ਨਾਲ ਜੁੜਨ ਦੇ ਕਾਬਿਲ ਹੁੰਦੀ ਹੈ। ਅਜਿਹੇ ਗੁਣ ਜਿਹਨਾਂ ਦੀ ਪਾਲਨਾ ਸਦਕਾ ਜੀਵ ਇਸਤਰੀ (ਇਸਤਰੀ) ਪਰਮਾਤਮਾ (ਪਤੀ) ਦੇ ਮੇਲ ਦੀ ਆਸ ਕਰਦੀ ਹੈ।

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ॥…
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੁਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥[15]

ਗੁਰੂ ਨਾਨਕ ਸਾਹਿਬ ਨੇ ਸੁਚੱਜੀ ਸਿਰਲੇਖ ਹੇਠ ਜੀਵਨ ਦੀ ਸੇਧ ਦਿੱਤੀ ਹੈ ਅਤੇ ਗੁਰੂ ਅਰਜਨ ਸਾਹਿਬ ਗੁਣਵੰਤੀ ਦੀ ਗੱਲ ਕਰਦੇ ਹਨ। ਗੁਣਵੰਤੀ ਨੇਕ ਗੁਣਾਂ ਨੂੰ ਧਾਰਨ ਕਰਨ ਵਾਲੀ ਇਸਤਰੀ। ਇਹ ਗੁਣ ਪਰਮ-ਸੱਚ ਦੇ ਮਿਲਾਪ ਅਤੇ ਉਸ ਦੀ ਬਖ਼ਸ਼ਿਸ਼ ਹਾਸਲ ਕਰਨ ਵਿੱਚ ਸਹਾਈ ਹੁੰਦੇ ਹਨ। ਗੁਣਵੰਤੀ ਇਸਤਰੀ ਮੋਹ-ਮਾਇਆ ਸਭ ਤਿਆਗ ਕੇ ਉਸ ਦੇ ਮੇਲ ਦੀ ਆਸ ਵਿੱਚ ਚੰਗੇ ਗੁਣਾਂ ਨੂੰ ਧਾਰਦੀ ਹੋਈ ਹਿਰਦੇ ਵਿੱਚ ਸੱਚ ਦਾ ਵਾਸਾ ਕਰਦੀ ਹੈ।

---

15 ਉਹੀ, ਪੰਨੇ 762-763.

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥

ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥...

ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥

ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥[16]

ਗੁਰਬਾਣੀ ਅਨੁਸਾਰ ਜੋ ਇਨਸਾਨ ਸੰਸਾਰ ਵਿਚਲੀ ਮਾਇਆ ਰੂਪੀ ਝੂਠ ਫ਼ਰੇਬ ਤੋਂ ਨਿਰਲੇਪ ਹੋਕੇ ਇਸਤਰੀ ਸਦਗੁਣਾਂ ਰਾਹੀਂ ਪਤੀ ਰੂਪੀ ਪਰਮਾਤਮਾ ਦੀ ਦਾਸੀ ਬਣਕੇ ਉਸਦੇ ਮੇਲ ਦਾ ਸੁਭਾਗ ਹਾਸਲ ਕਰਦਾ ਹੈ, ਉਹ ਮਨੁੱਖ (ਜੀਵ ਇਸਤਰੀ) ਹੀ ਸੁਹਾਗਣ ਦਾ ਦਰਜਾ ਪ੍ਰਾਪਤ ਕਰਦਾ ਹੈ। ਆਮ ਸ਼ਬਦਾਂ ਵਿੱਚ ਸੁਹਾਗਣ ਦੀ ਸੰਗਿਆ ਉਸ ਇਸਤਰੀ ਲਈ ਵਰਤੀ ਜਾਂਦੀ ਹੈ ਜਿਸ ਦੇ ਸਿਰ ਦਾ ਸਾਈਂ (ਪਤੀ) ਸਲਾਮਤ ਹੋਵੇ ਅਤੇ ਜੋ ਆਪਣੇ ਸਦਗੁਣਾਂ ਕਾਰਨ ਪਤੀ ਦਾ ਪਿਆਰ ਜਿੱਤ ਲੈਂਦੀ ਹੈ। ਸੁਹਾਗਣ ਆਮ ਜੀਵਨ ਨਾਲ ਸੰਬੰਧਿਤ ਅਜਿਹਾ ਪ੍ਰਤੀਕ ਹੈ, ਜਿਸ ਅਨੁਸਾਰ ਇਸਤਰੀ ਦੇ ਜੀਵਨ ਨੂੰ ਸੰਪੂਰਨ ਹੋਣ ਦਾ ਰੁਤਬਾ ਦਿੱਤਾ ਜਾਂਦਾ ਹੈ। ਇਸਤਰੀ ਦੇ ਸੁਚੱਜਾ ਰੂਪ ਧਾਰਨ ’ਤੇ ਹੀ ਪਤੀ ਪਤਨੀ ਦੋਵਾਂ ਵਿੱਚ ਪ੍ਰੇਮ, ਸੂਝ, ਇਤਫ਼ਾਕ ਦੀ ਨਿਆਈ ਧਰ ਹੁੰਦੀ ਹੈ। ਇਸ ਤਰ੍ਹਾਂ ਮਨੁੱਖੀ ਦੇਹ ਵੀ ਘਰ ਹੈ ਜਿਸ ਵਿੱਚ ਹਾਜ਼ਰ ਪਰਮਾਤਮਾ ਦੇ ਅੰਸ਼ ਨਾਲ ਇਕਮਿਕ ਹੋਣਾ ਜ਼ਰੂਰੀ ਹੈ ਤਾਂ ਹੀ ਇਸ ਘਰ ਵਿੱਚ ਠੰਢਕ, ਖੇੜੇ, ਆਤਮਿਕ ਸੰਤੁਸ਼ਟੀ ਦਾ ਮਾਹੌਲ ਪੈਦਾ ਹੋਵੇਗਾ। ਭਾਈ ਕਾਨ੍ਹ ਸਿੰਘ ਨਾਭਾ ਨੇ ਸੁਹਾਗ ਦਾ ਭਾਵ ਸੋਭਾਗਯ ਅਤੇ ਖ਼ੁਸ਼ਨਸੀਬ ਤੋਂ ਲਿਆ ਹੈ “ਸੁਹਾਗਣ ਉਹ ਇਸਤਰੀ ਜਿਸ ਦਾ ਪਤੀ ਜਿਉਂਦਾ ਹੈ।”[17] ਇਸ ਖ਼ੁਸ਼ੀ ਅਤੇ ਸੁਹਾਗਣ ਤੋਂ ਭਾਵ ਪਰਮਾਤਮਾ ਨਾਲ ਇਕਮਿਕ ਹੋਣ ਤੋਂ ਹੈ। ਜੋ ਜੀਵ ਰੂਪੀ ਇਸਤਰੀ (ਸੁਚੱਜੀ, ਗੁਣਵੰਤੀ) ਸਭ ਗੁਣਾਂ ਦੀ ਧਾਰਨੀ ਹੋਕੇ, ਉਸਦੀ ਰਜ਼ਾ ਵਿੱਚ ਰਾਜ਼ੀ ਹੋ ਕੇ ਉਸਦੇ ਹੁਕਮ ਦੀ ਪਾਲਨਾ ਕਰਦੀ ਹੈ, ਉਹ ਆਪਣੇ ਪਿਆਰੇ ਕੰਤ ਦਾ ਪਿਆਰ ਜਿੱਤ ਲੈਂਦੀ ਹੈ। ਕੰਤ ਨੂੰ ਭਾ ਜਾਣ ਵਾਲੀ ਇਸਤਰੀ ਹੀ ਸੁਹਾਗਣ ਦਾ ਰੁਤਬਾ ਪ੍ਰਾਪਤ ਕਰਦੀ ਹੈ।

ਸੁਹਾਗਣਾਂ ਉਹ ਹਨ ਜੋ ਆਪਾ ਭਾਵ ਖ਼ਤਮ ਕਰ, ਉਸਦੇ ਹੁਕਮ ਨੂੰ ਮੰਨਦੀਆਂ ਹੋਈਆਂ ਉਸ ਦੇ ਮੇਲ ਦਾ ਅਨੰਦ ਮਾਣਦੀਆਂ ਹਨ। ਮਨ ਦੀਆਂ ਸਾਰੀਆਂ ਦਵੈਤ ਭਾਵਨਾਵਾਂ, ਸਿਆਣਪਾਂ ਹੀ ਚਤੁਰਾਈਆਂ ਅਤੇ ਅੰਹਭਾਵ ਨੂੰ ਖ਼ਤਮ ਕਰ ਕੇ ਉਸ ਪਰਮ-ਸੱਚ ਨੂੰ ਪੂਰਨ ਤੌਰ ’ਤੇ ਸਮਰਪਿਤ ਹੋਣ ਵਾਲੀ ਇਸਤਰੀ ਸੁਹਾਗਣ ਦਾ ਰੁਤਬਾ ਹਾਸਲ ਕਰ ਸਕਦੀ ਹੈ। ਇਹ ਬਹੁਤ ਹੀ ਕਠਿਨ ਅਤੇ ਔਕੜਾਂ ਭਰਿਆ ਰਾਹ ਹੈ ਕਿਉਂਕਿ ਚੰਚਲ ਮਨ ਐਸ਼ ਆਰਾਮ ਦੀ ਚਮਕ ਵੱਲ ਜ਼ਿਆਦਾ ਆਕਰਸ਼ਿਤ ਹੁੰਦਾ ਹੈ। ਬਹੁਤ ਥੋੜ੍ਹੇ ਹਨ ਜੋ

---

16 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 763.

17 ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, 1999, ਪੰਨਾ 206.

ਸੱਚੇ ਪਿਆਰ ਵੱਲ ਤੁਰਦੇ ਹਨ। ਸੋ ਉਹ ਧੰਨ ਨੇ ਵੱਡੇ ਭਾਗਾਂ ਵਾਲੀਆਂ ਇਸਤਰੀਆਂ (ਸੁਹਾਗਣਾਂ) ਜੋ ਉਸ ਦੇ ਪਿਆਰ ਨੂੰ ਪਾ ਲੈਂਦੀਆਂ ਹਨ:

ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ॥
ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ॥
ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ॥
ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ॥[18]
ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ॥
ਸਦਾ ਪਿਰੁ ਗਵਹਿ ਆਪਣਾ ਵਿਚਹੁ ਆਪੁ ਗਵਾਇ॥[19]
ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ॥
ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਏ॥[20]
ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ॥
ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ॥[21]
ਸਦਾ ਸੋਹਾਗਣਿ ਜੋ ਪ੍ਰਭੁ ਭਾਵੈ। ਗੁਰ ਸਬਦੀ ਸੀਗਾਰੁ ਬਣਾਵੈ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ। ਮਿਲਿ ਪ੍ਰੀਤਮ ਸਦਾ ਸੁਖੁ ਪਾਵੈ॥
ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ॥[22]

ਸੁਹਾਗਣ ਪਰਮਾਤਮਾ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ। ਸਿੱਖ ਧਰਮ ਦੀ ਵਿਲੱਖਣਤਾ ਹੈ ਕਿ ਪਰਮਾਤਮਾ ਦਾ ਮੇਲ ਹਾਸਲ ਕਰਨ ਲਈ ਮਰਦ ਨੂੰ ਵੀ ਇਸਤਰੀ ਗੁਣਾਂ ਨੂੰ ਧਾਰਨਾ ਪੈਂਦਾ ਹੈ। ਸੋ ਸੁਹਾਗਣ ਇਸਤਰੀ ਵਿੱਚ ਉਹਨਾਂ ਸਾਰੇ ਗੁਣਾਂ ਦੀ ਭਰਮਾਰ ਹੁੰਦੀ ਹੈ ਜੋ ਇੱਕ ਇਨਸਾਨ ਨੂੰ ਉਸ ਪਰਮ-ਸੱਚ ਨਾਲ ਅਭੇਦ ਹੋਣ ਲਈ ਜ਼ਰੂਰੀ ਹਨ। ਜਿਵੇਂ ਇੱਕ ਇਸਤਰੀ ਵਿਆਹ ਸਮੇਂ ਪੇਕਾ ਘਰ ਛੱਡ ਕੇ ਪਤੀ ਘਰ ਜਾਣ 'ਤੇ ਸਭ ਕੁੱਝ (ਮਨ, ਧਨ, ਘਰ) ਤਿਆਗ ਕੇ ਸਿਰਫ਼ ਉਸ ਨੂੰ ਸਮਰਪਿਤ ਹੋ ਜਾਂਦੀ ਹੈ ਅਤੇ ਸਾਰੇ ਰਿਸ਼ਤੇ ਨਾਤੇ ਭੁੱਲਕੇ ਉਹ ਸਿਰਫ਼ ਪਤੀ ਨਾਲ ਜੁੜਿਆ ਨਾਤਾ ਯਾਦ ਰੱਖਦੀ ਹੈ। ਹਉਮੈਂ, ਹੰਕਾਰ, ਹਿੰਸਾ, ਸੋਗ ਸਭ ਦਾ ਤਿਆਗ ਕਰਕੇ ਉਸ ਦੇ ਮਿਲਾਪ ਵਿੱਚ ਖ਼ੁਸ਼ੀ ਮਾਣਦੀ ਹੈ। ਇਸੇ ਤਰ੍ਹਾਂ ਪਰਮਾਤਮਾ ਨੂੰ ਸਮਰਪਿਤ ਹਰ

18 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 38.
19 ਉਹੀ, ਪੰਨਾ 559.
20 ਉਹੀ, ਪੰਨਾ 309
21 ਉਹੀ, ਪੰਨਾ 428.
22 ਉਹੀ, ਪੰਨਾ 363.

ਮਨੁੱਖ ਲਈ ਹਉਮੈਂ ਤੋਂ ਦੂਰ ਹੋ ਕੇ ਉਸ ਦੀ ਰਜ਼ਾ ਵਿੱਚ ਖ਼ੁਸ਼ ਰਹਿਣਾ, ਉਸ ਦੀ ਹਰ ਦੇਣ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ, ਉਸ ਦੀ ਹੀ ਸਿਫ਼ਤ ਕਰਨਾ, ਨਿਮਰਤਾ ਅਤੇ ਪਿਆਰ ਜਿਹੇ ਗੁਣਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ। ਇਸ ਉੱਤਮ ਆਚਾਰ ਦਾ ਧਾਰਨੀ ਹੋ ਕੇ ਆਪਣੇ ਕੰਤ ਨੂੰ ਪੂਰਨ ਰੂਪ ਵਿੱਚ ਸਮਰਪਿਤ ਹੋਇਆ ਜਾ ਸਕਦਾ ਹੈ। ਪਤਨੀ ਸੁਚੱਜੀ, ਗੁਣਵੰਤੀ ਹੋ ਕੇ ਹੀ ਆਪਣੇ ਪਤੀ ਨੂੰ ਖ਼ੁਸ਼ ਕਰ ਸਕਦੀ ਹੈ। ਉਸੇ ਤਰ੍ਹਾਂ ਜੀਵ ਆਤਮਾ ਨੂੰ ਨੇਕ ਗੁਣਾਂ (ਸਤ, ਸੰਤੋਖ, ਸੱਚ, ਸ਼ੀਲ, ਸੰਜਮ, ਸ਼ਾਂਤ) ਦਾ ਸ਼ਿੰਗਾਰ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਹੋਂਦ ਦੀ ਮੂਲ ਜੜ੍ਹ ਨਾਲ ਅਭੇਦ ਹੋ ਸਕੇ। ਪਤਨੀ ਦੀ ਤਰ੍ਹਾਂ ਆਪਣੇ ਮਨ ਵਿੱਚ ਮਿਲਾਪ ਦੀ ਵਿਆਕੁਲਤਾ ਰੱਖਣ ਵਾਲਾ ਇਨਸਾਨ ਹੀ ਪਰਮਾਤਮਾ ਦੀ ਮਿਹਰ ਹਾਸਲ ਕਰਦਾ ਹੈ। ਇਸੇ ਤਰ੍ਹਾਂ ਮਨੁੱਖੀ ਜੀਵ ਨੂੰ ਸੁਚੱਜੀ ਇਸਤਰੀ ਦੇ ਗੁਣਾਂ ਦੀ ਪਾਲਨਾ ਰਾਹੀਂ ਉਸ ਪਰਮ ਸੱਚ ਨਾਲ ਇਕਮਿਕ ਹੋਣ ਦੀ ਆਸ ਕਰਨੀ ਚਾਹੀਦੀ ਹੈ। ਜਿਵੇਂ ਸੂਰਜ ਵਿੱਚ ਕਿਰਨ ਅਤੇ ਸਮੁੰਦਰ ਵਿੱਚ ਬੂੰਦ ਮਿਲਕੇ ਆਪਾ ਖ਼ਤਮ ਕਰ ਦਿੰਦੀ ਹੈ। ਉਸੇ ਤਰ੍ਹਾਂ ਮਨੁੱਖ ਦੇ ਜੀਵਨ ਦਾ ਪਰਮ ਉਦੇਸ਼ ਹੈ ਕਿ ਉਹ ਪਰਮਾਤਮਾ ਨੂੰ ਆਪਾ ਸਮਰਪਿਤ ਕਰ ਉਸ ਨਾਲ ਅਭੇਦ ਹੋ ਜਾਵੇ ਕਿਉਂਕਿ ਪੇਕੇ ਘਰ ਰੂਪੀ ਦੁਨੀਆ ਵਿੱਚ ਹਮੇਸ਼ਾ ਨਹੀਂ ਰਿਹਾ ਜਾ ਸਕਦਾ,[23] ਇਸ ਲਈ ਮਨੁੱਖੀ ਜੀਵ ਨੂੰ ਸੁਚੱਜੀ ਇਸਤਰੀ ਦੇ ਗੁਣਾਂ ਦੀ ਪਾਲਨਾ ਰਾਹੀਂ ਸੁਹਾਗਣ ਬਣਨ ਦੀ ਕੋਸ਼ਿਸ਼ ਕਰਨ ਦੀ ਤਾਕੀਦ ਕੀਤੀ ਹੈ। "ਗੁਰੂ ਨਾਨਕ ਦੇਵ ਅਨੁਸਾਰ ਵਾਹਿਗੁਰੂ ਦਾ ਅਨੁਭਵ ਅਤੇ ਉਸ ਨਾਲ ਮੇਲ ਨਾਰੀ-ਦੇਹ ਵਾਲੀ ਪ੍ਰੇਮਾਤਮਕ ਅਤਰਿਕਤਾ ਤੋਂ ਬਿਨਾ ਨਹੀਂ ਹੋ ਸਕਦਾ। ਨਾਰੀ-ਜਗਿਆਸੂ ਹੋ ਕੇ ਹੀ ਇਹ ਪਤਾ ਲੱਗਦਾ ਹੈ ਕਿ ਉਸ 'ਪੁਰਖ' (ਪਰਮ-ਬੋਧ) ਨਾਲ ਮੇਲ ਲਈ ਦਵੈਤ/ਪਦਾਰਥ-ਮੋਹ/ਹਉਮੈਂ, ਇਨ੍ਹਾਂ ਸਭ ਨੂੰ ਲੰਘਣਾ ਪੈਂਦਾ ਹੈ। ਸੁਹਾਗਣ ਹੋਣ ਲਈ ਅਤੇ ਪ੍ਰਿਯ ਦੀ ਸੁੰਦਰ 'ਅੰਮ੍ਰਿਤ' ਬੂੰਦ ਪ੍ਰਾਪਤ ਕਰਨ ਲਈ ਨਾਰੀ ਜਗਿਆਸੂ ਨੂੰ ਆਪਣਾ ਮਾਸ, ਪਦਾਰਥ, ਮੋਹ ਅਤੇ ਭਰਮ ਸਭ ਤੋੜਨੇ ਪੈਂਦੇ ਹਨ। ਜਦੋਂ ਜਗਿਆਸੂ ਨੂੰ ਆਪਣਾ ਮਾਸ, ਪਦਾਰਥ ਮੋਹ ਅਤੇ ਭਰਮ ਸਭ ਤੋੜਨੇ ਪੈਂਦੇ ਹਨ। ਜਦੋਂ ਜਗਿਆਸੂ ਨੂੰ ਮੇਲ, ਅੰਮ੍ਰਿਤ ਦਾ ਤੁਹਫਾ ਮਿਲ ਜਾਂਦਾ ਹੈ ਉਦੋਂ ਹੀ ਉਹ ਸੁਹਾਗਣ ਬਣਦਾ ਹੈ। ਇਹੀ ਦੈਵੀ ਅਨੰਦ ਸਮਝਣਾ ਚਾਹੀਦਾ ਹੈ। ਨਾਰੀ ਸਰੂਪ ਵਿਚ ਆਤਮ ਸਭ ਦਮਨਕਾਰੀ ਏਜੰਸੀਆਂ ਦੇ ਪ੍ਰਭਾਵਾਂ ਤੋਂ ਮੁਕਤ ਹੋ ਕੇ ਇਸ ਅਨੰਦ ਵਿਚ ਪ੍ਰਵੇਸ਼ ਕਰਦਾ ਹੈ।"[24]

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੀਵ ਇਸਤਰੀ ਦੀ ਗੱਲ ਕਰਦੇ ਹੋਏ ਉਸ ਨੂੰ ਸੁਚੱਜੀ ਇਸਤਰੀ ਬਣਨ ਲਈ ਕਿਹਾ ਅਤੇ ਫਿਰ ਉਸਦੇ ਇਸ ਮੁਕਾਮ ਨੂੰ ਪ੍ਰਾਪਤ ਕਰ ਲੈਣ

---

[23] ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥ ਉਹੀ, ਪੰਨਾ 23.

[24] ਦੀਪਇੰਦਰਜੀਤ ਕੌਰ ਰੰਧਾਵਾ, *ਜੂਲੀਆ ਕ੍ਰਿਸਤੇਵਾ: ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ*, ਪੰਜਾਬੀ ਅਕਾਦਮੀ, ਦਿੱਲੀ, 2009, ਪੰਨੇ 83-84.

’ਤੇ ਇੱਕ ਸੁਹਾਗਣ ਹੋਣ ਦੀ ਸੰਗਿਆ ਦਿੱਤੀ ਹੈ। ਪੂਰਨ ਸਿੰਘ ਕਹਿੰਦੇ ਹਨ ਕਿ, “ਸਾਰਾ ਗੁਰੂ ਗ੍ਰੰਥ ਸਾਹਿਬ ਇਕ ਵਿਆਹੀ ਇਸਤਰੀ ਦੀ ਜਾਂ ਉਸ ਪਰਮ ਸੁੰਦਰ ਦੇ ਪਿਆਰ ਵਿੱਚ ਵਿਆਕੁਲ ਮੁਟਿਆਰ ਦੀ ਅਵਾਜ਼ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਸਦਾਚਾਰਕ ਉੱਚਤਾ ਅਸੀਮ ਹੈ, ਉਸ ਦੀ ਸੁੰਦਰਤਾ ਵੀ ਸਿਖਰ ਤੇ ਹੈ। ਮਰਦ ਅਤੇ ਇਸਤਰੀ ਦੋਵੇਂ ਉਸ ਦੀ ਅਵਾਜ਼ ਵਿੱਚ ਇਕ ਜਾਨ ਹੋਏ ਹੋਏ ਹਨ। ਉਹ ਮਹਾਨ ਹਕੀਕਤ ਅਤੇ ਜੀਵਨ ਮੁਕਤ ਹੈ। ਜੀਵਨ ਮੁਕਤ ਰੂਹਾਂ ਵਿਚਾਲੇ ਹੀ ਤਾਂ ਇਕ ਦੂਜੇ ਦੀ ਅਧੀਨਤਾ ਪੂਰੀ ਤਰ੍ਹਾਂ ਖਤਮ ਹੋ ਜਾਂਦੀ ਹੈ ਅਤੇ ਝਗੜੇ ਮੁੱਕ ਜਾਂਦੇ ਹਨ।”[25] ਇਸ ਅਵਸਥਾ ਵਿੱਚ ਮਰਦ ਇਸਤਰੀ ਦੋਵਾਂ ਦਾ ਕੋਈ ਲਿੰਗਕ ਭੇਦ ਨਜ਼ਰ ਨਹੀਂ ਆਉਂਦਾ। ਇੱਥੇ ਇਸਤਰੀ ਦਾ ਪਰਮ ਸੱਚ ਅਤੇ ਆਜ਼ਾਦ ਆਤਮਾ ਬਣਨ ਦਾ ਨਿਰਾਲਾ ਹੀ ਰੂਪ ਪ੍ਰਾਪਤ ਹੁੰਦਾ ਹੈ। ਸਾਰੀ ਮਨੁੱਖਤਾ ਪਰਮਾਤਮਾ ਦੀ ਤਾਂਘ ਵਿੱਚ ਹੈ, ਉਸੇ ਲਈ ਆਪਾ ਵਾਰਦੀ ਹੈ:

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥[26]

ਬਾਣੀਕਾਰਾਂ ਨੇ ਖ਼ੁਦ ਨੂੰ ਵੀ ਇਸਤਰੀ ਰੂਪ ਵਿੱਚ ਪੇਸ਼ ਕਰਕੇ ਆਪਣੇ ਮਨੋਵੇਗਾਂ, ਮਨੋਭਾਵਾਂ ਅਤੇ ਜੀਵਨ ਦੇ ਸਮੁੱਚਤਵ ਦਾ ਅਨੁਭਵ ਕਰਵਾਇਆ ਹੈ। ਬਾਣੀਕਾਰਾਂ ਨੇ ਇਸਤਰੀ ਨਾਲ ਕੋਈ ਮੁਕਾਬਲਾ ਨਹੀਂ ਕੀਤਾ ਸਗੋਂ ਖ਼ੁਦ ਨੂੰ ਉਸਦੇ ਗੁਣਾਂ ਅਤੇ ਭਾਵਨਾਵਾਂ ਵਿੱਚ ਸਮਾਇਆ ਹੈ। ਮਰਦ ਇਸਤਰੀ ਦਾ ਦਵੈਤ ਭਾਵ ਸਾਰੀ ਮਨੁੱਖਤਾ ਨੂੰ ਖੰਡਿਤ ਕਰਦਾ ਹੈ। ਮਰਦ ਇਸਤਰੀ ਦਾ ਸੰਜੋਗੀ ਰੂਪ ਮਨੁੱਖੀ ਜੀਵਨ ਦੇ ਅਸਲੀ ਮੰਤਵ ਨੂੰ ਵੀ ਸਾਂਝਾ ਕਰਦਾ ਹੈ।[27] ਗੁਰੂ ਸਾਹਿਬਾਨ ਨੇ ਇਸਤਰੀ ਦੇ ਅਧਿਆਤਮਿਕ ਪੱਖ ਨੂੰ ਨਿਰਮਲ, ਉਸ ਦੀਆਂ ਭਾਵਨਾਵਾਂ ਨੂੰ ਸ਼ਕਤੀਸ਼ਾਲੀ, ਉਸਦੀ ਦੇਹ ਨੂੰ ਪ੍ਰਤੱਖ ਤੌਰ ’ਤੇ ਸਤਿਕਾਰਿਤ ਅਤੇ ਉਸ ਦੇ ਨਕਸ਼ੇ ਕਦਮਾਂ ’ਤੇ ਚੱਲਣ ਵਾਲੇ ਨੂੰ ਆਦਰਸ਼ ਦੱਸਿਆ ਹੈ, ਇਹਨਾਂ ਸਾਰੀਆਂ ਉਦਾਹਰਨਾਂ ਕਾਰਨ ਲੋਕਾਂ ਦੇ ਦਿਮਾਗ਼ ਵਿੱਚੋਂ ਇੱਕ ਅਬਲਾ ਇਸਤਰੀ ਦਾ ਅਕਸ ਬਦਲਕੇ ਇੱਕ ਸ਼ਕਤੀਸ਼ਾਲੀ ਇਸਤਰੀ ਦੇ ਰੂਪ ਵਿੱਚ ਤਬਦੀਲ ਹੋਇਆ।[28]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਅਜਿਹੇ ਵਿਚਾਰਾਂ ਨਾਲ ਇਹ ਵਿਚਾਰ ਜ਼ਿਹਨ ਵਿੱਚ ਵੀ ਨਹੀਂ ਆ ਸਕਦਾ ਕਿ ਇਸਤਰੀ ਮੁਕਤੀ ਪ੍ਰਾਪਤ ਨਹੀਂ ਕਰ ਸਕਦੀ ਜਾਂ ਉਹ ਕਿਸੇ ਪੱਖੋਂ ਹੀਣ ਹੈ। ਇਸਤਰੀ ਰੂਪ

---

25 ਪੂਰਨ ਸਿੰਘ, ਪ੍ਰੋ., *ਜਿਨ ਕੇ ਚੋਲੇ ਰੱਤੜੇ*, ਕਰਮ ਸਿੰਘ ਕਪੂਰ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 31.

26 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 53.

27 “Male authors and poets in the Guru Granth do not confront the female, but seek to merge themselves with feminine feelings and thoughts. The male-female duality which violates the wholeness of human nature and deprives each person of the other half is overcome, establishing, in turn, the significance of being human. Men and women are united and share their human Angst and human hope.”
Raj Pruthi & Bela Rani Sharma, *Sikhism and Women*, Anmol Publications Pvt Ltd, New Delhi, 1995, p.134.

28 “She is spiritually refined. Her emotions are strong. Her body is regarded positively. She is the model to be emulated. The lingering effect of such passage produces an emotional strength that helps to confront sexiest attitudes and practices.”
Nikky Guninder kaur Singh, *Sikhism : An Introduction*, I.B. Tauris & Co Ltd, London, 2011, p. 110.

ਵਿੱਚ ਜਾਂ ਇਸਤਰੀ ਦੇ ਗੁਣਾਂ ਰਾਹੀਂ ਮਨੁੱਖ ਮੁਕਤੀ ਦਾ ਧਾਰਨੀ ਹੋ ਸਕਦਾ ਹੈ। ਇਸੇ ਕਰਕੇ ਮਰਦ ਨੂੰ ਤਾਂ ਪਹਿਲਾਂ ਇਸਤਰੀ ਦੇ ਗੁਣਾਂ ਨੂੰ ਧਾਰਨ ਕਰਨਾ ਪਵੇਗਾ ਫਿਰ ਮੁਕਤੀ ਦੇ ਰਾਹ ਦੇ ਪਾਂਧੀ ਬਣ ਸਕਦੇ ਹਨ ਪਰ ਇਸਤਰੀ ਰੂਪ ਦੀ ਵਿਸ਼ੇਸ਼ ਗੱਲ ਇਹ ਹੈ ਕਿ ਉਹ ਪਹਿਲਾਂ ਹੀ ਸਦਗੁਣਾਂ ਦੀ ਮੂਰਤ ਹੈ ਜੋ ਗੁਰਮੁਖ ਬਣਨ ਲਈ ਸਹਾਈ ਹੁੰਦੇ ਹਨ। ਨਿੱਕੀ ਗੁਨਿੰਦਰ ਕੌਰ ਸਿੰਘ ਅਨੁਸਾਰ, ਸੁਹਾਗਣ ਦੇ ਪ੍ਰਤੀਕ ਨੇ ਇਸਤਰੀ ਨੂੰ ਮਾਣ, ਗੌਰਵ ਅਤੇ ਪਵਿੱਤਰਤਾ ਦੀ ਦਾਤ ਬਖ਼ਸ਼ੀ ਹੈ ਅਤੇ ਇਸਤਰੀ ਦੇ ਅੰਦਰ ਵਿਦਮਾਨ ਸ਼ਕਤੀ ਦੀ ਅਮੀਰੀ ਵੱਲ ਇਸ਼ਾਰਾ ਕੀਤਾ ਹੈ। ਇਸਤਰੀ ਨੂੰ ਮੁਕਤੀ ਦੇ ਰਾਹ ਵਿੱਚ ਅੜਚਣ ਜਾਂ ਵਿਘਨ ਮੰਨਣ ਦੀ ਬਜਾਇ, ਇਸਤਰੀ ਨੂੰ ਰੱਬੀ ਰਾਹ ਖੋਲਣ ਲਈ ਮਿਸਾਲ ਮੰਨਿਆ ਹੈ।[29] ਇਸੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਪੂਰਨ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਫ਼ਿਰਕਿਆਂ ਦੇ ਪਾਂਧੀ ਮੂਰਖ ਹਨ ਜਿਹੜੇ ਇਸਤਰੀ ਨੂੰ ਅਧਿਆਤਮਿਕ ਵਿਕਾਸ ਵਿੱਚ ਰੁਕਾਵਟ ਮੰਨਦੇ ਹਨ। ਸਗੋਂ ਇਸਤਰੀ ਤਾਂ ਅਧਿਆਤਮਿਕ ਮਨੋਬਿਰਤੀ ਲਈ ਬਹੁਤ ਮਹਾਨ ਅਤੇ ਸੱਚੀ ਸਹਾਇਕ ਹੈ।[30] ਸ਼ੇਰ ਸਿੰਘ ਅਨੁਸਾਰ, "ਗੁਰੂ ਸਾਹਿਬ ਆਤਮਿਕ ਮੰਡਲ ਵਿੱਚ ਮਰਦ ਤੇ ਇਸਤਰੀ ਵਿੱਚ ਕੋਈ ਭੇਦ ਨਹੀਂ ਮੰਨਦੇ। ਮੁਕਤੀ ਲਈ ਇੱਕ-ਸੁਰਤਾ, ਇੱਕ-ਚਿਤੀ ਅਵਸਥਾ ਤੇ ਇੱਕ-ਰਸ ਹਾਲਤ ਜ਼ਰੂਰੀ ਹੈ। ਉਹ ਭਾਵੇਂ ਮਰਦ ਪ੍ਰਾਪਤ ਕਰ ਲਵੇ ਜਾਂ ਇਸਤਰੀ।"[31] ਇਸਤਰੀ ਤਾਂ ਤਨੋ ਮਨੋਂ ਇਸ ਰੂਹਾਨੀ ਖ਼ੂਬਸੂਰਤੀ ਦਾ ਕੁੱਜਾ ਹੈ, ਜਿਸ ਦੇ ਗੁਣਾਂ ਦੀ ਪਾਲਨਾ ਸਦਕਾ ਇਨਸਾਨ ਸੱਚ ਦੇ ਰਾਹੇ ਚੱਲਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਤਰ੍ਹਾਂ ਇਸਤਰੀ ਨੂੰ ਪਰਮਾਰਥ ਦੀ ਬਾਧਕ ਮੰਨੀ ਜਾਣ ਵਾਲੀ ਅਪਮਾਨਜਨਕ ਸੋਚ ਨੂੰ ਵੀ ਠੋਕਰ ਵੱਜੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਨੂੰ ਕੇਵਲ ਮਾਣ ਹੀ ਨਹੀਂ ਬਖ਼ਸ਼ਿਆ ਗਿਆ ਸਗੋਂ ਉਸਨੂੰ ਅਧਿਆਤਮਿਕ ਪੱਖ ਤੋਂ ਸਾਰਿਆਂ ਲਈ ਪੱਥ-ਪ੍ਰਦਰਸ਼ਕ ਵੀ ਮੰਨਿਆ ਹੈ। ਇੱਥੋਂ ਤੱਕ ਕਿ ਇਹ ਵੀ ਦਰਜ ਹੈ ਕਿ ਮਨੁੱਖ ਨੇ ਜੇਕਰ ਪਰਮ ਸੱਚ ਨਾਲ ਅਭੇਦ ਹੋਣਾ ਹੈ ਤਾਂ ਉਸ ਸੁਹਾਗਣ ਕੋਲੋਂ ਪੁੱਛੇ ਜਿਸਨੇ ਆਪਣੇ ਸੁਚੱਜੇ ਗੁਣਾਂ ਸਦਕਾ ਪਤੀ ਰੂਪੀ ਪਰਮਾਤਮਾ ਨੂੰ ਪਾ ਲਿਆ ਹੈ।[32] ਇਸਤਰੀ (ਇਨਸਾਨ) ਦੂਜਿਆਂ ਲਈ

---

[29] "The bride symbolizes the sacredness and honour bestowed upon a woman and indicates the multivalency and richness of her power. No negative association belittle her. Instead of being a hindrance, she is the paradigmatic figure who opens the way towards the Divine."
Nikky Guninder Kaur Singh, 'Bridal Symbol in Sikh Literature', *The Journal of Religious Studies,* Punjabi University, Patiala, Vol.18, Spring-Autumn 1990, p. 11.

[30] "Stupid, indeed, are those sects who wish to get rid of woman as an obstacle to spiritual progress. Woman is the greatest and truest aid to maintenance of the true spiritual attitude."
Puran Singh, *The Spirit Born People,* Punjabi University, Patiala, 1976, p. 34.

[31] ਸ਼ੇਰ ਸਿੰਘ, *ਗੁਰਮਤਿ ਦਰਸ਼ਨ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010, ਪੰਨਾ 339.

[32] ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 41;
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਂਣੀ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥ ਉਹੀ, ਪੰਨਾ 17;
ਹਉ ਜਾਇ ਪੂਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ॥ ਉਹੀ, ਪੰਨਾ 561;
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥ ਉਹੀ, ਪੰਨਾ 722.

ਮਾਰਗ ਪ੍ਰਦਰਸ਼ਕ ਵੀ ਬਣਦੀ ਹੈ। ਮਨੁੱਖ ਨੂੰ ਆਤਮਿਕ ਉਚਾਈ ਅਤੇ ਪਰਮਪਦ ਪਾਉਣ ਲਈ ਇਸਤਰੀ ਤੋਂ ਅਗਵਾਈ ਲੈਕੇ ਉਚੇਚੇ ਗੁਣਾਂ ਦੀ ਪਾਲਨਾ ਕਰਨੀ ਪਵੇਗੀ। ਇਸ ਤਰ੍ਹਾਂ ਸਾਧਕ ਇਸਤਰੀ ਸਮੁੱਚੇ ਬ੍ਰਹਿਮੰਡ ਅਤੇ ਮਨੁੱਖਤਾ ਲਈ ਇੱਕ ਸ਼ਕਤੀ ਰੂਪ ਬਣੀ, ਜੋ ਇਕੱਲੀ ਹੀ ਪਰਮਾਤਮਾ ਦੇ ਮਿਲਾਪ ਵਿੱਚ ਸਹਾਇਤਾ ਕਰ ਸਕਦੀ ਸੀ।[33] ਇਸ ਪ੍ਰਤੀਕ ਰਾਹੀਂ ਸਮਾਜ ਵਿੱਚ ਤੁੱਛ ਸਮਝੀ ਜਾਣ ਵਾਲੀ ਇਸਤਰੀ ਦਾ ਨਵਾਂ ਰੂਪ ਉੱਭਰਿਆ। ਉਹ ਮਰਦਾਂ ਵਾਂਗ ਗਿਆਨਵਾਨ ਹੀ ਨਹੀਂ ਹੈ ਬਲਕਿ ਉਹਨਾਂ ਲਈ ਮਾਰਗ ਪ੍ਰਦਰਸ਼ਕ ਵੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਸੁਹਾਗਣ, ਸੁਚੱਜੀ ਪ੍ਰਤੀਕਾਂ ਦੇ ਨਾਲ-ਨਾਲ ਮਨਮੁਖ ਲਈ ਦੁਹਾਗਣ, ਕੁਚੱਜੀ ਆਦਿ ਪ੍ਰਤੀਕ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਤੋਂ ਵਿੱਛੜੇ ਮਨੁੱਖ ਨੂੰ 'ਦੁਹਾਗਣ' ਕਹਿ ਕੇ ਦੁਰਕਾਰਿਆ ਹੈ। ਦੁਹਾਗਣ ਜੋ ਆਪਣੇ ਕੁਕਰਮਾਂ ਕਾਰਨ ਪਿਰ ਦੇ ਵਿਛੋੜੇ ਵਿੱਚ ਹੀ ਦੁੱਖ ਕੱਟਦੀ ਰਹਿੰਦੀ ਹੈ। ਉਹ ਇੱਕ ਦੀ ਥਾਂ ਬਹੁਤਿਆਂ ਨੂੰ ਚਾਹੁਣ ਵਾਲੀ ਹੋਣ ਕਾਰਨ ਹਮੇਸ਼ਾ ਭਟਕਣਾ ਵਿੱਚ ਹੀ ਰਹਿੰਦੀ ਹੈ। ਦੁਹਾਗਣ ਮੋਹ ਮਾਇਆ ਦੇ ਪ੍ਰਭਾਵ ਅਧੀਨ ਆਪਣੇ ਕੰਤ ਨੂੰ ਸਮਰਪਿਤ ਨਹੀਂ ਹੁੰਦੀ ਸਗੋਂ ਦੁਨੀਆ ਦੇ ਹੋਰ ਰੰਗਾਂ ਵਿੱਚ ਮਸਤ ਰਹਿੰਦੀ ਹੈ। ਇਸੇ ਉਲਝਣਾਂ ਵਿੱਚ ਹੀ ਉਸਦਾ ਜੀਵਨ ਬਤੀਤ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਅਜਿਹੇ ਮਨੁੱਖ ਨੂੰ 'ਕੁਚੱਜੀ' ਪ੍ਰਤੀਕ ਰਾਹੀਂ ਬਿਆਨ ਕਰਦੇ ਹਨ। ਕੁਚੱਜੀ ਜੋ ਔਗੁਣਾਂ ਦੇ ਘੇਰੇ ਵਿੱਚ ਰਮੀ ਹੋਈ ਆਪਣੀ ਮੂਲ ਜੜ੍ਹ ਨੂੰ ਭੁਲੱਕੇ ਕੁਰਾਹੇ ਪਈ ਰਹਿੰਦੀ ਹੈ। 'ਕੁੱਲਖਣੀ' ਜੋ ਸੋਹਣੇ ਵਸਤਰ ਪਹਿਨਦੀ ਸ਼ਿੰਗਾਰ ਕਰਦੀ ਹੈ, ਪਰ ਅਸਲ ਸ਼ਿੰਗਾਰ ਤੋਂ ਵਿਸਰੀ ਰਹਿੰਦੀ ਹੈ। ਗੁਰੂ ਅਰਜਨ ਸਾਹਿਬ ਨੇ ਸੱਚ ਤੋਂ ਵਿਸਰੇ ਇਨਸਾਨ ਨੂੰ 'ਅਉਗਣਵੰਤੀ' ਪ੍ਰਤੀਕ ਰਾਹੀਂ ਬਿਆਨਿਆ ਹੈ। ਮਨਮੁਖ ਜੋ ਮਨ ਦੀਆਂ ਰਮਜ਼ਾਂ ਪਿੱਛੇ ਲੱਗਿਆ ਅਸਲ ਤੋਂ ਦੂਰ ਹੋ ਬੈਠਦਾ ਹੈ ਅਤੇ ਹਮੇਸ਼ਾ ਹਉਮੈਂ, ਕ੍ਰੋਧ, ਮੋਹ, ਮਾਇਆ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ। ਮਨਮੁਖ ਪਰਮਾਤਮਾ ਨੂੰ ਸਮਰਪਿਤ ਹੋਣ ਦੀ ਬਜਾਇ ਉਸਦੀ ਰਚਾਈ ਖੇਡ ਵਿੱਚ ਹੀ ਖ਼ੁਸ਼ ਹੋਇਆ ਰਹਿੰਦਾ ਹੈ। ਸਮਾਂ ਗੁਜ਼ਰਨ 'ਤੇ ਸੋਚਦਾ ਹੈ ਕਿ ਉਸ ਨੇ ਤਾਂ ਅਨਮੋਲ ਜੀਵਨ ਬੇਅਰਥ ਹੀ ਗਵਾ ਲਿਆ। ਦੁਹਾਗਣ (ਮਨਮੁਖ) ਤੋਂ ਸੁਹਾਗਣ (ਗੁਰਮੁਖ) ਹੋਣ ਲਈ ਪਰਮਾਤਮਾ ਦੀ ਮਿਹਰ ਜ਼ਰੂਰੀ ਹੈ ਜੋ ਇਨਸਾਨ ਦੇ ਸੁਚੱਜੇ ਹੋਣ 'ਤੇ ਹੀ ਹਾਸਲ ਹੋ ਸਕਦੀ ਹੈ:

ਮਨਮੁਖਿ ਝੂਠੋ ਝੂਠੁ ਕਮਾਵੈ। ਖਸਮੈ ਕਾ ਮਹਲੁ ਕਦੇ ਨ ਪਾਵੈ॥ ...
ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰ॥[34]
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ॥

---

33 "The seeker-woman becomes a binding force of the entire universe and humankind, who alone can help in establishing communion with the Beloved Sacred."
Deepinder Jeet Kaur Randhawa, 'Sri Guru Granth Sahib and the Gender Discourse', *In Guru Granth Sahib Among the Scriptures of the World*, Darshan Singh (ed.), Punjabi University Patiala, 2004, p. 145.

34 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 363.

ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥[35]

ਸਿੱਖ ਧਰਮ ਵਿੱਚ ਇਸਤਰੀ ਦੇ ਗੁਣਾਂ ਅਤੇ ਔਗੁਣਾਂ ਰਾਹੀਂ ਜਿੱਥੇ ਇਨਸਾਨ ਨੂੰ ਚੰਗੀ ਸੇਧ ਦਿੱਤੀ ਗਈ ਹੈ ਉੱਥੇ ਨਾਲ ਹੀ ਨਿਵੇਕਲੀ ਗੱਲ ਇਹ ਹੈ ਕਿ ਅਧਿਆਤਮਿਕ ਵਿਗਾਸ ਨੂੰ ਬਿਆਨ ਕਰਨ ਲਈ ਇਸਤਰੀ ਦੇ ਮਨੋਭਾਵਾਂ ਨੂੰ ਪ੍ਰਤੀਕ ਵਜੋਂ ਲਿਆ ਗਿਆ ਹੈ। ਇਸਤਰੀ ਦੇ ਪਿਆਰ, ਸਮਰਪਣ, ਵਿਆਕੁਲਤਾ, ਤੜਪ ਅਤੇ ਮਿਲਾਪ ਦੇ ਅਨੰਦ ਦਾ ਦਿਲ ਖਿਚਵਾਂ ਵਰਣਨ ਕੀਤਾ ਗਿਆ ਹੈ। ਇਸਤਰੀ ਪ੍ਰਤੀਕ ਵਿੱਚ ਵਰਣਿਤ ਮਨੁੱਖ ਹੈ, ਜੋ ਆਪਣੀ ਭਰੀ ਜਵਾਨੀ ਵਿੱਚ ਆਪਣੇ ਪਿਆਰੇ ਕੰਤ ਦੇ ਮੇਲ ਨੂੰ ਲੋਚਦਾ ਹੈ। ਗੁਰੂ ਸਾਹਿਬਾਨ ਨੇ ਪਰਮਾਤਮਾ ਨੂੰ ਪਤੀ, ਕੰਤ, ਨਾਹੁ, ਸਾਜਨ ਆਦਿ ਦੇ ਰੂਪ ਵਿੱਚ ਚਿਤਰਿਆ ਹੈ, ਪਰਮਾਤਮਾ ਨਾਲ ਭਾਵਕ ਤੇ ਜਜ਼ਬਾਤੀ ਸਾਂਝ ਦੇ ਲਈ ਸੰਜੋਗ ਤੇ ਵਿਜੋਗ ਦੇ ਹਾਲਾਤ ਨੂੰ ਸੁਹਾਗਣ ਤੇ ਦੁਹਾਗਣ ਦੇ ਸੰਕਲਪ ਰਾਹੀਂ ਚਿਤਰਿਆ ਹੈ। ਇਹਨਾਂ ਰੂਪਾਂ ਰਾਹੀਂ ਪਿਆਰ ਦੀ ਜਜ਼ਬਾਤੀ ਉਪਾਸਨਾ ਅਤੇ ਸ਼ਰਧਾ ਨੂੰ ਪੇਸ਼ ਕੀਤਾ ਗਿਆ ਹੈ। ਗੁਰੂ ਸਾਹਿਬਾਨ ਨੇ ਮਨੁੱਖੀ ਹਿਰਦੇ ਦੀਆਂ ਭਾਵਨਾਵਾਂ ਨੂੰ ਇਸਤਰੀ ਦੇ ਕੋਮਲ ਮਨੋਭਾਵਾਂ ਰਾਹੀਂ ਬੜੇ ਸੁਹਜਮਈ ਢੰਗ ਨਾਲ ਤਰਜਮਾਨੀ ਕੀਤੀ ਹੈ। ਗੁਰਭਗਤ ਸਿੰਘ ਅਨੁਸਾਰ, "ਗੁਰੂ ਸਾਹਿਬਾਨ ਜਿਵੇਂ ਕਿ "ਬਾਰਹ ਮਾਹਾ" ਤੋਂ ਵੀ ਪ੍ਰਗਟ ਹੋਵੇਗਾ। ਮਹਲਾ ਨੂੰ ਕੇਵਲ "ਪ੍ਰਕ੍ਰਿਤੀ" ਦੇ ਤੌਰ ਤੇ ਸਮਝਣ ਤੋਂ ਅੱਗੇ ਉਸ ਦੇ ਪ੍ਰੇਮ ਭਾਵ ਤੱਕ ਪਹੁੰਚਦੇ ਹਨ। ਪ੍ਰੇਮ ਭਾਵ ਕੇਵਲ ਉਤੇਜਨਾ ਨਹੀਂ ਇਸ ਵਿੱਚ ਚੋਣ ਅਤੇ ਚੇਤਨਤਾ/ ਗਿਆਨ ਵੀ ਸ਼ਾਮਿਲ ਹੁੰਦੇ ਹਨ। ਗੁਰਬਾਣੀ ਵਿੱਚ ਜਿਸ ਸਹਿਜ ਜੀਵਨ ਨੂੰ ਆਦਰਸ਼ ਬਣਾਇਆ ਗਿਆ ਹੈ, ਉਸ ਵਿੱਚ ਭਾਵ ਅਤੇ ਗਿਆਨ ਦੋਵੇਂ ਸ਼ਾਮਿਲ ਹਨ। ਮਹਲਾ ਦਾ ਪ੍ਰੇਮ ਭਾਵ, ਸਹਿਜੀ ਹੈ ਅਤੇ ਇਹੀ ਅੰਤਿਮ ਹੈ ਜਿਸ ਨਾਲ ਵਾਹਿਗੁਰੂ ਅਤੇ ਕਾਇਨਾਤ ਦਾ ਭੇਦ ਪਾਇਆ ਜਾ ਸਕਦਾ ਹੈ। ਇਹ ਮਹਲਾ ਪ੍ਰੇਮ ਭਾਵ ਹੀ ਉੱਚੇ ਤੋਂ ਉੱਚਾ ਪਰਮਾਣਿਕ, ਸਹਿਜ ਅਨੁਭਵ ਹੈ। ਇਹੀ ਗਿਆਨ ਹੈ ਜੋ ਅੱਖਰੀ ਜਾਂ ਵਿਰਕੱਤ ਦਾਰਸ਼ਨਿਕ ਗਿਆਨ ਨਾਲੋਂ ਵਡੇਰਾ ਅਤੇ ਭਰਪੂਰ ਹੈ।"[36]

ਇਸ ਤਰ੍ਹਾਂ ਇਸਤਰੀ ਦੀਆਂ ਭਾਵਨਾਵਾਂ, ਗੁਣਾਂ, ਉਸਦੇ ਸਮਰਪਣ, ਤੜਪ, ਅਨੰਦ ਨੂੰ ਮਹੱਤਤਾ ਦਿੰਦੇ ਹੋਏ ਪਤੀ ਪਤਨੀ ਦੇ ਰਿਸ਼ਤੇ ਰਾਹੀਂ ਅਧਿਆਤਮਿਕ ਰਹੱਸ ਨੂੰ ਬਿਆਨ ਕਰਨਾ ਇਸਤਰੀ ਦੀ ਸ਼ਖਸੀਅਤ ਵਿੱਚ ਬਹੁਤ ਵੱਡਾ ਬਦਲਾਅ ਲਿਆਉਣ ਦਾ ਕਦਮ ਸੀ। ਇਸ ਅਧਿਆਤਮਿਕ ਰਹੱਸ ਤੋਂ ਜਾਣੂ ਹੋਣ 'ਤੇ ਮਰਦ ਇਸਤਰੀ ਦਾ ਕੋਈ ਭੇਦ ਨਹੀਂ ਰਹਿ ਜਾਂਦਾ। ਇੱਥੇ ਇਹ ਦੋਵੇਂ ਇੱਕੋ ਹੀ ਸੱਚ ਦੇ ਮੇਲ ਵਿੱਚ ਪ੍ਰਕਾਸ਼ਮਈ ਹੁੰਦੇ ਹਨ। ਮਰਦ ਇਸਤਰੀ ਵਿੱਚ ਮੰਨੀ ਜਾਂਦੀ ਦਵੈਤ ਭਾਵਨਾ ਦਾ ਕੋਈ ਅੰਸ਼ ਨਹੀਂ ਰਹਿ ਜਾਂਦਾ।

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥

---

35 ਉਹੀ, ਪੰਨਾ 303.

36 ਗੁਰਭਗਤ ਸਿੰਘ, *ਵਿਸਮਾਦੀ ਪੂੰਜੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010, ਪੰਨਾ 84.

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥[37]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਪ੍ਰਤੀ ਪ੍ਰਚਲਿਤ ਵਿਚਾਰਾਂ ਨੂੰ ਇੱਕ ਨਵੀਂ ਦਿਸ਼ਾ ਦੇ ਕੇ ਸਾਰੇ ਜੀਵਾਂ ਨੂੰ ਇਸਤਰੀ ਰੂਪ ਵਿੱਚ ਪ੍ਰਵਾਨ ਕਰਦੇ ਹਨ। ਇਹ ਬਾਣੀਕਾਰਾਂ ਦੀ ਨਿਵੇਕਲੀ ਵਿਚਾਰਧਾਰਾ ਰਹੀ ਹੈ ਅਤੇ ਅਧਿਆਤਮਿਕ ਪਹੁੰਚ ਵੱਲ ਉਠਾਇਆ ਇਹ ਕਦਮ ਇਸਤਰੀ ਜਾਤੀ ਲਈ ਨਵੀਂ ਉਡਾਨ ਸਥਾਪਿਤ ਹੋਇਆ ਹੈ।

**ਸਮਾਜਿਕ ਸੰਦਰਭ ਵਿੱਚ ਇਸਤਰੀ**:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਅਧਿਆਤਮਿਕ ਇਕਸੁਰਤਾ ਆਪਣੀ ਚਰਮ ਸੀਮਾ ਨੂੰ ਪ੍ਰਾਪਤ ਹੈ ਉੱਥੇ ਹੀ ਇਸ ਵਿੱਚੋਂ ਸਮਾਜਿਕ ਜ਼ਿੰਦਗੀ ਲਈ ਸੇਧ ਵੀ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਾਵੇਂ ਮੁੱਖ ਤੌਰ 'ਤੇ ਅਧਿਆਤਮਿਕ ਪੱਖ ਨੂੰ ਆਧਾਰ ਬਣਾਉਣ ਦੀ ਗੱਲ ਕੀਤੀ ਗਈ ਹੈ ਪਰ ਅਧਿਆਤਮਿਕ ਮਾਰਗ ਲਈ ਵਾਸਤਵਿਕ ਜੀਵਨ ਵਿੱਚੋਂ ਲਏ ਗਏ ਪ੍ਰਤੀਕਾਂ ਨਾਲ ਸਮਾਜਿਕ ਜੀਵਨ ਦਾ ਆਦਰਸ਼ਮਈ ਪੱਖ ਆਪ-ਮੁਹਾਰੇ ਸਾਹਮਣੇ ਆ ਜਾਂਦਾ ਹੈ। ਇਸ ਵਿੱਚ ਅੰਤਰਮੁਖੀ ਸੁਹਜ ਨੂੰ ਬਾਹਰਮੁਖੀ ਅਮਲ ਨਾਲ ਇਕਸੁਰ ਕਰਨ ਦੀ ਗੱਲ ਕੀਤੀ ਗਈ ਹੈ। ਇਸ ਪਵਿੱਤਰ ਬਾਣੀ ਦਾ ਮੁੱਖ ਉਦੇਸ਼ ਭਾਵੇਂ ਰੂਹਾਨੀ ਉੱਨਤੀ ਹੈ ਪਰ ਨਾਲ ਹੀ ਸਮਾਜਿਕ ਜੀਵਨ ਲਈ ਸੇਧ ਵੀ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਸਾਹਿਬ ਨੇ ਅਜਿਹਾ ਸਮਾਜ ਸਿਰਜਣਾ ਚਾਹਿਆ, ਜਿਸ ਵਿੱਚ ਸਾਰੀ ਮਨੁੱਖਤਾ ਭਾਈਚਾਰੇ, ਭਰਾਤਰੀ ਭਾਵ ਦੇ ਗੁਣਾਂ ਨਾਲ ਰਚੀ ਹੋਈ, ਜਾਤ, ਨਸਲ, ਲਿੰਗ, ਰੰਗ ਦੇ ਭੇਦ ਤੋਂ ਪਰ੍ਹੇ ਹੋਵੇ। ਇਸ ਨਵੀਂ ਭੇਦਭਾਵ ਰਹਿਤ ਸਿਰਜਨਾ ਵਿੱਚ ਇਸਤਰੀ ਵੀ ਮਰਦ ਦੇ ਬਰਾਬਰ ਦੀ ਹਿੱਸੇਦਾਰ ਮੰਨੀ ਜਾਵੇ।[38] ਇਸ ਲਈ ਗੁਰੂ ਸਾਹਿਬ ਨੇ ਸਾਰੇ ਅਡੰਬਰਾਂ, ਸੰਨਿਆਸ ਜਾਂ ਮੁਕਤੀ ਦੇ ਨਾਮ 'ਤੇ ਇਸਤਰੀ ਨਾਲ ਕੀਤੇ ਜਾਂਦੇ ਵਿਤਕਰੇ ਆਦਿ ਨੂੰ ਮੁੱਖ ਵਿਸ਼ਾ ਬਣਾਇਆ।

ਉਸ ਸਮੇਂ ਦੇ ਵਿਧਾਨ ਅਨੁਸਾਰ ਮੁਕਤੀ ਦਾ ਭਾਵ ਇਸਤਰੀ ਨੂੰ ਤਿਆਗ ਕੇ ਸੰਨਿਆਸੀ ਹੋਣ ਤੋਂ ਲਿਆ ਜਾਂਦਾ ਸੀ। ਗੁਰੂ ਸਾਹਿਬਾਨ ਅਨੁਸਾਰ ਦਿਖਾਵੇ ਦੇ ਸੰਨਿਆਸ ਕਾਰਨ ਅਸਲੀ ਸੰਨਿਆਸੀ ਨਹੀਂ ਬਣਿਆ ਜਾ ਸਕਦਾ, ਅਸਲ ਸੰਨਿਆਸੀ ਤਾਂ ਉਹ ਹੈ ਜੋ ਸਮਾਜ, ਪਰਿਵਾਰ ਵਿੱਚ ਰਹਿੰਦਾ ਹੋਇਆ ਆਪਣੇ ਮਨ, ਇੰਦਰੀਆਂ ਨੂੰ ਵਸ ਵਿੱਚ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸੰਨਿਆਸ ਦਾ ਝੂਠਾ ਰੂਪ ਧਾਰਨ ਕਰ ਹੱਥ ਵਿੱਚ ਕਮੰਡਲ ਫੜਕੇ ਅਤੇ ਮਨ ਵਿੱਚ ਤ੍ਰਿਸ਼ਨਾ, ਇੱਛਾ ਹੋਣ 'ਤੇ ਸੱਚ ਨਾਲ ਅਭੇਦ ਨਹੀਂ

---

37 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 879.

38 "Guru Nanak aspired to create a new brotherhood where there were to be no distinctions of caste, color, creed or gender; where women were equal partners and participants with men in the creation of a new era, a new social order, that was to be free from all kinds of discriminations."
Prabhjot Kaur, *Women Liberation: Through the Prism of Sikh Faith,* GS Distribution, Ludhiana, 2012, p.42.

ਹੋਇਆ ਜਾ ਸਕਦਾ।[39] ਝੂਠੇ ਵਹਿਮਾਂ ਭਰਮਾਂ, ਬਾਹਰਲੇ ਦਿਖਾਵੇ ਦਾ ਸੱਚੀ ਰੂਹਾਨੀਅਤ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਦਿਖਾਵਾ ਮਾਤਰ ਸਰੀਰਕ ਸ਼ੁੱਧੀ ਨਾਲੋਂ ਮਾਨਸਿਕ ਸ਼ੁੱਧੀ ਉੱਪਰ ਜ਼ੋਰ ਦੇਣ ਦੀ ਜ਼ਿਆਦਾ ਜ਼ਰੂਰਤ ਦੱਸੀ ਹੈ। ਗੁਰੂ ਸਾਹਿਬਾਨ ਨੇ ਧਰਮ (ਸੰਨਿਆਸ) ਦੇ ਸਾਰੇ ਫ਼ਰਜ਼ਾਂ ਨੂੰ ਗ੍ਰਹਿਸਤ ਵਿੱਚ ਰਹਿਕੇ ਪੂਰਨ ਕਰਨ ਦੀ ਗੱਲ ਕੀਤੀ। ਇਸਤਰੀ-ਪੁੱਤਰ ਪ੍ਰਤੀ ਸਾਰੇ ਫ਼ਰਜ਼ਾਂ ਨੂੰ ਨਿਭਾਉਂਦਿਆਂ ਹੀ ਧਰਮੀ ਹੋਣ ਨੂੰ ਕਿਹਾ ਹੈ।[40] ਗੁਰੂ ਸਾਹਿਬ ਨੇ ਇਸਤਰੀ ਨੂੰ ਮਾੜਾ ਕਹਿ ਕੇ ਤਿਆਗਣ ਵਾਲੀ ਸੋਚ ਨੂੰ ਨਕਾਰਿਆ ਅਤੇ ਮਰਦ ਇਸਤਰੀ ਨੂੰ ਬਰਾਬਰ ਮੰਨਦਿਆਂ ਸਮਾਜ ਨੂੰ ਵਿਲੱਖਣ ਮਾਰਗ ਸੁਝਾਇਆ। ਗੁਰੂ ਸਾਹਿਬ ਨੇ ਇਸਤਰੀ ਨੂੰ ਜੀਵਨ ਦੀ ਰੁਕਾਵਟ ਮੰਨਣ ਦੀ ਬਜਾਇ ਇੱਕ ਸਹਾਇਕ ਦੇ ਰੂਪ ਵਿੱਚ ਦੇਖਿਆ। "ਗੁਰਮਤ ਅਨੁਸਾਰ ਇਸਤਰੀ ਧਰਮ ਤੋਂ ਡੇਗਦੀ ਨਹੀਂ, ਸਗੋਂ ਮਰਦ ਲਈ ਧਰਮ ਵਿੱਚ ਪੱਕਾ ਰਹਿਣ ਲਈ ਇਸਤਰੀ ਜ਼ਰੂਰੀ ਹੈ। ਇਸਤਰੀ ਤੋਂ ਬਿਨਾਂ ਮਰਦ ਆਪਣੀ ਕਾਮ ਵਾਸ਼ਨਾ ਨੂੰ ਕਾਬੂ ਨਹੀਂ ਰੱਖ ਸਕਦਾ ਅਤੇ ਆਪਣੀ ਬਿਰਤੀ ਨੂੰ ਇਕਾਗਰ ਨਹੀਂ ਕਰ ਸਕਦਾ।"[41] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਧਰੇ ਵੀ ਮਰਦ ਇਸਤਰੀ ਦੇ ਪੱਖ ਤੋਂ ਕੋਈ ਭੇਦ ਨਜ਼ਰ ਨਹੀਂ ਆਉਂਦਾ।

"ਗੁਰੂ ਨਾਨਕ ਜੀ ਨੇ ਜਿਸ ਸਮਾਜਿਕ ਪਰਿਪ੍ਰੇਖ ਨੂੰ ਅਪਣਾਇਆ, ਉਹ ਪੁਰਾਤਨ ਅਤੇ ਨਵਲਤਾ ਦਾ ਸੰਗਮ ਸੀ। ਪੁਰਾਨੀਆਂ ਸਮਾਜਕ ਕੀਮਤਾਂ ਨੂੰ ਸਵੀਕਾਰ ਕੀਤਾ ਗਿਆ, ਉਨ੍ਹਾਂ 'ਚ ਆ ਜਾਣ ਵਾਲੀਆਂ ਬੁਰਾਈਆਂ ਦਾ ਸੰਸ਼ੋਧਨ ਹੋਇਆ ਅਤੇ ਨਵੇਂ ਯੁਗ ਦੇ ਮੁਤਾਬਕ ਨਵੀਨ ਭਾਵਾਂ ਨਾਲ ਉਨ੍ਹਾਂ ਨੂੰ ਸਜਾਂਦੇ ਹੋਏ ਉਨ੍ਹਾਂ ਨੂੰ ਸਮਾਜ ਵਿੱਚ ਆਦਰ ਦਿੱਤਾ ਗਿਆ। ਸਮਾਜ ਵਿਚ ਨਾਰੀ ਦਾ ਮੁੱਲ ਅੰਕਨ ਫਿਰ ਤੋਂ ਹੋਇਆ, ਵਧਦੀਆਂ ਹੋਈਆ ਕੁਰੀਤੀਆਂ ਦਾ ਸਬਲ ਵਿਰੋਧ ਕੀਤਾ ਗਿਆ ਅਤੇ ਸਮਾਜਿਕ ਨੀਤੀ-ਅਨੀਤੀ ਦਾ ਸਪਸ਼ਟੀਕਰਨ ਕਰਦੇ ਹੋਏ ਨਵੇਂ ਸਮਾਜਕ ਵਿਧਾਨ ਦੀ ਨੀਂਹ ਰੱਖੀ ਗਈ।"[42] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੇ ਸਮਾਜ ਵਿੱਚ ਪ੍ਰਾਪਤ ਹਰ ਰੂਪ ਨੂੰ ਵਿਸ਼ਾ ਬਣਾਇਆ ਗਿਆ ਹੈ। ਉਸਦੀ ਮਹੱਤਤਾ ਤੇ ਮਹਾਨਤਾ ਨੂੰ ਉਜਾਗਰ ਕਰਦਿਆਂ ਸਮਾਜਿਕ ਅਤੇ ਅਧਿਆਤਮਿਕ ਪੱਖਾਂ ਨਾਲ ਰੂ-ਬਰੂ ਵੀ ਕਰਵਾਇਆ ਹੈ। ਸਮਾਜ ਵਿੱਚ ਇਸਤਰੀ ਪ੍ਰਤੀ ਰੱਖੇ ਜਾਂਦੇ ਵਿਚਾਰਾਂ ਨੂੰ ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਪ੍ਰਸਤੁਤ ਕਰਕੇ

---

39 ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1013.

40 ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆਂ ਖਾਵੰਦਿਆ ਵਿਚੇ ਹੋਵੈ ਮੁਕਤਿ॥ ਉਹੀ, ਪੰਨਾ 522.;
ਸਚਿ ਸਿਮਰਿਐ ਹੋਵੈ ਪਰਗਾਸੁ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ॥
ਸਤਿਗੁਰ ਕੀ ਐਸੀ ਵਡਿਆਈ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ ਉਹੀ, ਪੰਨਾ 661.

41 ਪ੍ਰੀਤਮ ਸਿੰਘ, *ਸਿੱਖ ਵਿਚਾਰਧਾਰਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ 167.

42 ਮਨਮੋਹਨ ਸਹਿਗਲ, 'ਗੁਰੂ ਨਾਨਕ ਦੇਵ ਜੀ ਦੀ ਸਮਾਜਿਕ ਦ੍ਰਿਸ਼ਟੀ', *ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1971, ਪੰਨਾ 93.

ਇੱਕ ਆਦਰਸ਼ ਸਮਾਜ ਦੀ ਨੀਂਹ ਬੰਨੀ। ਇਸਤਰੀ ਦੀ ਸਮਾਜ ਵਿਚਲੀ ਸਥਿਤੀ ਤੋਂ ਸਮਾਜਿਕ ਵਿਕਾਸ ਜਾਂ ਲੋਕਾਂ ਦੀ ਮਾਨਸਿਕਤਾ ਦਾ ਅੰਦਾਜ਼ਾ ਹੋ ਜਾਂਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਬੀਮਾਰ ਮਾਨਸਿਕਤਾ ਨੂੰ ਝੰਜੋੜਦਿਆਂ ਇਸਤਰੀ ਦੀ ਸਥਿਤੀ ਪ੍ਰਤੀ ਚੇਤੰਨ ਹੋਣ ਦੀ ਲੋੜ ਮਹਿਸੂਸ ਕਰਵਾਈ।

ਕਿਸੇ ਵੀ ਸਮੇਂ ਦੇ ਸਭਿਆਚਾਰ ਅਤੇ ਸਮਾਜ ਵਿੱਚ ਇਸਤਰੀ ਦੀ ਗੱਲ ਕਰੀਏ ਤਾਂ ਉਸ ਦੇ ਹਰ ਰੂਪ (ਲੜਕੀ, ਪਤਨੀ, ਮਾਂ) ਨੂੰ ਵਿਚਾਰਨ ਦੀ ਲੋੜ ਮਹਿਸੂਸ ਹੁੰਦੀ ਹੈ। ਗੁਰੂ ਕਾਲ ਵਿੱਚ ਇਸਤਰੀ ਦੀ ਸਮਾਜਿਕ ਸਥਿਤੀ ਬਹੁਤੀ ਵਧੀਆ ਨਹੀਂ ਸੀ। ਉਸ ਦਾ ਹੋਣਾ ਉਸੇ ਲਈ ਮੁਸੀਬਤ ਬਣਿਆ ਹੋਇਆ ਸੀ। ਉਸਨੂੰ ਨਾ ਘਰ ਵਿੱਚ ਅਤੇ ਨਾ ਹੀ ਬਾਹਰ ਕੋਈ ਮਾਣ ਪ੍ਰਾਪਤ ਸੀ। ਇੱਥੋਂ ਤੱਕ ਕਿ ਉਸ ਦਾ ਜਨਮ ਲੈਣਾ ਵੀ ਸੁਭਾਗਾ ਨਹੀਂ ਮੰਨਿਆ ਜਾਂਦਾ ਸੀ। ਉਸਦੇ ਜਨਮ ਨਾਲ ਹੀ ਉਸ ਦੀਆਂ ਮੁਸ਼ਕਿਲਾਂ ਸ਼ੁਰੂ ਹੋ ਜਾਂਦੀਆਂ ਸਨ। ਇਸ ਸਮੇਂ ਦੇ ਹਾਲਾਤ ਬਹੁਤੇ ਚੰਗੇਰੇ ਨਾ ਹੋਣ ਕਾਰਨ ਲੜਕੀ ਦਾ ਜਨਮ ਨਿਮਾਣੀ ਘੜੀ ਦਾ ਸੰਕੇਤ ਮੰਨਿਆ ਜਾਂਦਾ ਸੀ। "ਕਿਸੇ ਔਰਤ ਵੱਲੋਂ ਲਗਾਤਾਰ ਕੁੜੀਆਂ ਦਾ ਪੈਦਾ ਹੋਈ ਜਾਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ, ਤੇ ਨਾ ਹੀ ਐਸੀ ਔਰਤ ਨੂੰ ਸਮਾਜ ਵਿੱਚ ਕੋਈ ਯੋਗ ਸਥਾਨ ਪ੍ਰਾਪਤ ਸੀ। ਐਸੀ ਔਰਤ ਨੂੰ ਸੌਹਰੇ ਪਰਿਵਾਰ ਅਤੇ ਆਮ ਸਮਾਜ ਵੱਲੋਂ ਬਹੁਤ ਕੁੱਝ ਮੰਦਾ ਸੁਣਨਾ ਪੈਂਦਾ ਸੀ। ਪੁੱਤਰ ਪੈਦਾ ਨਾ ਕਰ ਸਕਣ ਵਾਲੀ ਅਤੇ ਬਾਂਝ ਔਰਤ ਨੂੰ ਸਮਾਜ ਵਿੱਚ ਕੋਈ ਆਦਰ ਨਹੀਂ ਸੀ ਮਿਲਦਾ।"[43] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਪ੍ਰਤੀ ਅਜਿਹੀ ਸੋਚ ਨੂੰ ਨਕਾਰਿਆ ਗਿਆ ਹੈ। ਹਰ ਇਨਸਾਨ ਵਿੱਚ ਪਰਮਾਤਮਾ ਦੇ ਅੰਸ਼ ਦਾ ਵਸੇਬਾ ਹੋਣ ਕਾਰਨ ਕਿਸੇ ਨਾਲ ਵੀ ਉੱਚੇ ਨੀਵੇਂ ਦਾ ਵਖਰੇਵਾਂ ਕਰਨ ਨੂੰ ਨਕਾਰਿਆ ਗਿਆ ਹੈ।

ਸਮਾਜ ਵਿੱਚ ਫੈਲੇ ਕਰਮਕਾਂਡਾਂ, ਵਹਿਮਾਂ ਭਰਮਾਂ ਅਤੇ ਹੁੰਦੇ ਹਮਲਿਆਂ ਨੇ ਲੜਕੀ ਦੇ ਜਨਮ ਨੂੰ ਅਭਾਗਾ ਬਣਾ ਦਿੱਤਾ ਸੀ। ਦੂਜੇ ਪਾਸੇ ਉਹਨਾਂ ਦੀ ਇਹ ਸੋਚ ਸੀ ਕਿ ਪੁੱਤਰ ਦੁਆਰਾ ਕੀਤੇ ਮ੍ਰਿਤ ਸੰਸਕਾਰ ਦੀ ਬਦੌਲਤ ਹੀ ਸਵਰਗ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਜਿਸਨੇ ਲੜਕੀ ਨਾਲ ਵਿਤਕਰੇ ਨੂੰ ਹੋਰ ਵੀ ਵਧਾ ਦਿੱਤਾ ਸੀ ਪਰ ਸਿੱਖ ਧਰਮ ਵਿੱਚ ਕਿਸੇ ਵੀ ਪੱਖ ਤੋਂ ਲੜਕੀ ਨੂੰ ਅਭਾਗਾ ਨਹੀਂ ਮੰਨਿਆ ਗਿਆ ਅਤੇ ਨਾ ਹੀ ਕਿਸੇ ਵੀ ਸੰਸਕਾਰ (ਮ੍ਰਿਤ ਸੰਸਕਾਰ) ਦੀ ਪੂਰਨਤਾ ਲਈ ਲੜਕੇ ਦਾ ਹੋਣਾ ਜ਼ਰੂਰੀ ਸਮਝਿਆ।[44] ਸਮਾਜ ਵਿੱਚ ਪ੍ਰਚਲਿਤ ਅਜਿਹੀ ਧਾਰਨਾ ਕਾਰਨ ਲੜਕੀਆਂ ਨੂੰ ਮਾਰਨ ਦਾ ਵਿਧਾਨ ਪ੍ਰਚਲਿਤ ਸੀ। ਗੁਰੂ ਅਮਰਦਾਸ ਸਾਹਿਬ ਨੇ ਸਿੱਧੇ ਤੌਰ 'ਤੇ ਹੀ ਸਮਾਜ ਵਿੱਚ ਹੋ ਰਹੀਆਂ ਅਣਹੋਈਆਂ ਉੱਪਰ ਦੁੱਖ ਪ੍ਰਗਟਾਇਆ

---

43 ਹਰਬੰਸ ਸਿੰਘ ਚਾਵਲਾ, *ਗੁਰੂ ਗ੍ਰੰਥ ਬਾਣੀ ਵਿੱਚ ਸਮਕਾਲੀ ਸਮਾਜਿਕ ਚਿੱਤਰ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990, ਪੰਨਾ 237.

44 "In accordance with the Sikh philosophy, the female child is not discriminated and a son is not necessary for any ceremony, including the death ceremony."
Bhoopinder Kaur, 'Status of Woman and the Sikh Religion', *The Sikh Review*, Kolkata, Vol. 53, May 2005, p. 45.

ਹੈ। 'ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥'[45] ਬ੍ਰਾਹਮਣ ਦੀ ਹੱਤਿਆ ਵਾਂਗ ਲੜਕੀ ਨੂੰ ਮਾਰਨਾ ਬਹੁਤ ਬੁਰਾ ਤੇ ਬੱਜਰ ਪਾਪ ਸਮਝਿਆ। ਇੱਥੇ ਬ੍ਰਾਹਮਣ ਨਾਲ ਤੁਲਨਾ ਇਸ ਕਰਕੇ ਹੈ ਕਿਉਂਕਿ ਉਸ ਸਮੇਂ ਵਿੱਚ ਬ੍ਰਾਹਮਣ ਨੂੰ ਬਹੁਤ ਉੱਚਾ ਦਰਜਾ ਪ੍ਰਾਪਤ ਸੀ। ਇੱਥੋਂ ਤੱਕ ਕਿ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਲੜਕੀ ਦੇ ਜਨਮ ਦੀ ਇੱਛਾ ਰੱਖਦੇ ਹੋਏ ਕਹਿੰਦੇ ਹਨ ਕਿ:

'ਸੀਲ ਖਾਨ ਕੰਨਯਾ ਇਕ ਹੋਵੈ॥ ਪੁਤ੍ਰੀ ਬਿਨ ਜਗ ਗ੍ਰਿਹਸਤ ਵਿਗੋਵੈ॥'[46]

ਕੰਨਿਆ ਇਸਤਰੀ ਦਾ ਸਭ ਤੋਂ ਪਹਿਲਾ ਰੂਪ ਹੈ। ਜਦੋਂ ਇਸਤਰੀ ਕੰਨਿਆ ਰੂਪ ਵਿੱਚ ਆਪਣੇ ਮਾਤਾ-ਪਿਤਾ ਨਾਲ ਘਰ ਵਿੱਚ ਰਹਿੰਦੀ ਹੈ। ਉਸ ਦੇ ਜਨਮ ਤੋਂ ਲੈਕੇ ਜਵਾਨ ਹੋਣ ਤੱਕ ਦੇ ਰੂਪ ਨੂੰ ਕੰਨਿਆ ਦੀ ਸੰਗਿਆ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲੜਕੀ ਵੀ ਲੜਕਿਆਂ ਵਾਂਗ ਮਾਤਾ-ਪਿਤਾ ਦੀ ਲਾਡਲੀ ਦੱਸੀ ਹੈ। ਲੜਕੀ ਦਾ ਬਚਪਨ ਖੇਡਣ ਅਤੇ ਰੁਮਕਣ ਦਾ ਸਮਾਂ ਹੁੰਦਾ ਹੈ। ਜੋ ਪੇਕੇ ਘਰ ਸੋਹਣੀ ਤੇ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰਦੀ ਜਵਾਨ ਹੁੰਦੀ ਹੈ। "ਸਿੱਖ ਸਮਾਜ ਵਿੱਚ ਲੜਕੀ ਅਤੇ ਲੜਕੇ ਵਿੱਚ ਭੇਦ ਰੱਖ ਕੇ ਵਿਵਹਾਰ ਕਰਨਾ ਸਿਧਾਂਤਕ ਗੁਨਾਹ ਹੈ।"[47]

ਕੰਨਿਆ ਰੂਪ ਵਿੱਚ ਜਦੋਂ ਇੱਕ ਲੜਕੀ ਨੇ ਗਿਆਨ ਦੀ ਪ੍ਰਾਪਤੀ ਕਰਨੀ ਹੁੰਦੀ ਤਾਂ ਉਸ ਨੂੰ ਕੰਨਿਆ ਹੋਣ ਕਾਰਨ ਇਸ ਤੋਂ ਵੰਚਿਤ ਕੀਤਾ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਤ ਅਨੁਸਾਰ ਕੋਈ ਵੀ ਇਨਸਾਨ ਛੋਟਾ ਨਹੀਂ ਸਭ ਗਿਆਨ ਦੇ ਅਧਿਕਾਰੀ ਹਨ। ਪਰਮ ਸੱਚ ਨਾਲ ਲਿਵ ਜੋੜਨ ਵਾਲਾ ਇਨਸਾਨ ਆਪਣੇ ਅੰਦਰ ਵਿਦਮਾਨ ਪਰਮਾਤਮਾ ਦੇ ਅੰਸ਼ ਨੂੰ ਪਛਾਣ ਲੈਂਦਾ ਹੈ। ਉਸ ਦੇ ਅੰਦਰ ਆਪਣੇ ਪਰਾਏ, ਵੱਡੇ ਛੋਟੇ, ਉੱਚੇ ਨੀਵੇਂ ਸਭ ਦੇ ਭੇਦ ਖ਼ਤਮ ਹੋ ਜਾਂਦੇ ਹਨ ਅਤੇ ਉਸ ਨੂੰ ਸਾਰੇ ਪਸਾਰੇ ਵਿੱਚ ਉਸੇ ਦਾ ਹੀ ਰੂਪ ਨਜ਼ਰ ਆਉਂਦਾ ਹੈ। ਉਹ ਸਭ ਤੋਂ ਵੱਡਾ ਗਿਆਨੀ ਹੈ। 'ਞੰਞੈ ਞਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ॥'[48] ਇਸ ਗਿਆਨ ਪ੍ਰਾਪਤੀ ਲਈ ਕਿਸੇ ਝੂਠੇ ਕਰਮ ਕਾਂਡਾਂ ਦੀ ਲੋੜ ਨਹੀਂ, ਸਿਰਫ਼ ਸੱਚੇ ਮਨ, ਸੱਚੀ ਸ਼ਰਧਾ, ਨੇਕ ਅਮਲਾਂ ਰਾਹੀਂ ਵਿਦਵਾਨ ਬਣਿਆ ਜਾ ਸਕਦਾ। ਜਿਸ ਲਈ ਇਸਤਰੀ ਨਾਲ ਕੋਈ ਭੇਦਭਾਵ ਨਹੀਂ ਕੀਤਾ ਜਾ ਸਕਦਾ। ਇਸਤਰੀਆਂ ਵੀ ਗਿਆਨ ਪ੍ਰਾਪਤੀ ਦਾ ਹੱਕ ਰੱਖਦੀਆਂ ਹਨ। ਸਿੱਖ ਧਰਮ ਅੰਦਰ ਤਾਂ ਇਹ ਸਰਵ ਪ੍ਰਵਾਨ ਹੈ ਜਿਸ ਦੀ ਉਦਾਹਰਨ ਗਿਆਨਵਾਨ ਇਸਤਰੀਆਂ ਜਿਵੇਂ ਮਰਾਰੀ, ਸਚਨ ਸਚ ਅਤੇ ਰੂਪ ਕੌਰ ਦਾ ਨਾਂ ਮਿਸਾਲ ਵਜੋਂ ਲਿਆ ਜਾ ਸਕਦਾ ਹੈ।

---

45 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1413.

46 ਭਗਤ ਸਿੰਘ, *ਗੁਰ ਬਿਲਾਸ ਪਾਤਸ਼ਾਹੀ-੬*, ਗੁਰਮੁਖ ਸਿੰਘ (ਸੰਪਾ.) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 347.

47 ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ*, ਪੰਨਾ 152.

48 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 432.

ਲੜਕੀ ਦੇ ਜੀਵਨ ਦਾ ਅਗਲਾ ਕਦਮ ਵਿਆਹ ਹੈ। ਉਸ ਸਮੇਂ ਵਿੱਚ ਚੱਲਦੀ ਲੁੱਟ-ਖਸੁੱਟ ਤੋਂ ਡਰਦੇ ਮਾਪੇ ਲੜਕੀਆਂ ਦੇ ਵਿਆਹ ਜਲਦ ਕਰ ਦਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਤਾ-ਪਿਤਾ ਕੋਲ ਰਹਿੰਦੀ ਬੱਚੀ ਲਈ ਬੇਟੜੀ ਅਤੇ ਬਾਲੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।[49] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਣਿਤ ਮਾਪਿਆਂ ਘਰ ਲੜਕੀ ਦੀ ਖ਼ੁਸ਼ਹਾਲ ਅਤੇ ਪਿਆਰੀ ਜ਼ਿੰਦਗੀ ਦੇ ਨਾਲ-ਨਾਲ ਇਹ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਕਵਾਰੀ ਲੜਕੀ ਲਈ ਬਾਲੜੀ ਅਤੇ ਜਵਾਨ ਵਿਆਹ ਯੋਗ ਲੜਕੀ ਲਈ ਸੁਚੱਜੀ ਹੋਣਾ ਮੰਨਿਆ ਜਾਂਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗ੍ਰਹਿਸਤ ਜੀਵਨ ਨੂੰ ਸਰਵੋਤਮ ਮੰਨਿਆ ਗਿਆ ਹੈ। ਇਸ ਗ੍ਰਹਿਸਤ ਦਾ ਆਧਾਰ ਪਤੀ-ਪਤਨੀ ਦਾ ਰਿਸ਼ਤਾ ਜਾਂ ਵਿਆਹ ਹੈ। ਸਿੱਖ ਧਰਮ ਦਾ ਮੁੱਖ ਉਦੇਸ਼ ਸੰਸਾਰਿਕ ਕਰਮ ਕਰਦਿਆਂ ਪਰਮ-ਸੱਚ ਨਾਲ ਜੁੜਨਾ ਹੈ। ਵਿਆਹ ਸਿੱਖ ਧਰਮ ਅਨੁਸਾਰ ਇੱਕ ਪਵਿੱਤਰ ਰਿਸ਼ਤਾ ਹੈ। ਜਿਸ ਵਿੱਚ ਪਤੀ-ਪਤਨੀ ਆਪਣੇ ਰਿਸ਼ਤੇ ਨੂੰ ਵਫ਼ਾਦਾਰੀ ਨਾਲ ਨਿਭਾਉਂਦੇ ਹੋਏ ਨਾਮ ਸਿਮਰਦੇ ਸਦਾਚਾਰੀ ਅਤੇ ਸੰਜਮੀ ਜੀਵਨ ਜਿਉਂਦੇ ਹਨ। ਇਸੇ ਕਰਕੇ ਪਰਿਵਾਰਿਕ ਰਿਸ਼ਤੇ ਦੇ ਸਿਹਤਮੰਦ ਹੋਣ ਕਾਰਨ ਹੀ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕਦੀ ਹੈ।

ਸਿੱਖ ਧਰਮ ਵਿੱਚ ਵਿਆਹ ਸੰਸਕਾਰ ਜੀਵਨ ਦੇ ਆਦਰਸ਼ ਰੂਪ ਨੂੰ ਬਿਆਨਦਾ ਹੈ। ਵਿਆਹ ਗੁਰੂ ਰਾਮਦਾਸ ਸਾਹਿਬ ਦੁਆਰਾ ਰਚਿਤ ਬਾਣੀ ਰਾਹੀਂ ਸੰਪੰਨ ਕੀਤਾ ਜਾਂਦਾ ਹੈ। ਇਹ ਬਾਣੀ ਚਾਰ ਲਾਵਾਂ ਨਾਲ ਯੁਕਤ ਹੈ। ਇਹਨਾਂ ਲਾਵਾਂ ਵਿੱਚ ਗੁਰੂ ਰਾਮਦਾਸ ਸਾਹਿਬ ਨੇ ਆਤਮਾ-ਪਰਮਾਤਮਾ ਦਾ ਬਹੁਤ ਸੋਹਣਾ ਸੰਜੋਗ ਉਲੀਕਿਆ ਹੈ। ਵਿਸ਼ਿਸ਼ਟ ਗੱਲ ਇਹ ਹੈ ਕਿ ਇਸ ਰੂਹਾਨੀ ਜਾਂ ਅਧਿਆਤਮਿਕ ਸੰਜੋਗ ਦੀ ਤੁਲਨਾ ਪਤੀ-ਪਤਨੀ ਦੇ ਰਿਸ਼ਤੇ ਨਾਲ ਕੀਤੀ ਗਈ ਹੈ। "ਆਮ ਪੜ੍ਹਨ ਵਾਲੇ ਨੂੰ ਕਈ ਵੇਰ ਇਹ ਸ਼ੰਕਾ ਪੈਦਾ ਹੋ ਜਾਂਦਾ ਹੈ ਕਿ ਇਹਨਾਂ ਸ਼ਬਦਾਂ ਵਿਚ ਕੇਵਲ ਪ੍ਰਮਾਰਥ ਹੈ, ਬਿਵਹਾਰ ਨਹੀਂ, ਪਰ ਇਹ ਦੋਨੋਂ ਪਾਸੇ ਢੁੱਕਦੇ ਹਨ। ਕਈ ਸ਼ਬਦਾਂ ਦੀ ਰਚਨਾ ਦੱਸ ਰਹੀ ਹੈ ਕਿ ਇਹ ਖਾਸ ਕਰ ਕੇ ਆਨੰਦ ਸੰਸਕਾਰ ਵਾਸਤੇ ਰਚੇ ਗਏ ਹਨ। 'ਲਾਵਾਂ' ਅਤੇ 'ਅਨੰਦ ਸਾਹਿਬ' ਖਾਸ ਸਮਿਆਂ ਲਈ ਰਚੇ ਗਏ ਹਨ।"[50] ਜਿਹਨਾਂ ਤੋਂ ਪਤੀ-ਪਤਨੀ ਦੇ ਇਸ ਸੰਸਾਰਿਕ ਜੀਵਨ ਦਾ ਆਧਾਰ ਬਝਦਾ ਹੈ। ਉਹਨਾਂ ਦਾ ਰਿਸ਼ਤਾ ਡਰ ਵੈਰਾਗ ਤੋਂ ਅਨੰਦ ਅਤੇ ਖੇੜੇ ਵਿੱਚ ਤਬਦੀਲ ਹੋ ਜਾਂਦਾ ਹੈ। ਜਿਸ ਵਿੱਚ ਸੰਤੋਖ, ਪਿਆਰ ਅਤੇ ਮਿਠਾਸ ਭਰ ਜਾਂਦੇ ਹਨ। "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਤ ਅਨੁਸਾਰ ਪਹਿਲੀ ਲਾਂਵ(ਪਰਕਰਮਾ) ਵਿਆਹ ਦੇ ਕਾਰਜ ਦਾ ਆਰੰਭ ਅਤੇ ਪ੍ਰਵਿਰਤੀਮਈ, ਕਰਮਸ਼ੀਲ ਜੀਵਨ ਦਾ ਪ੍ਰਤੀਕ ਹੈ, ਦੂਜੀ ਲਾਂਵ ਵਰ ਤੇ ਵਹੁਟੀ ਦੇ ਮਿਲਾਪ ਅਤੇ ਆਪਸ ਵਿਚਲੀਆਂ

---

49 ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ॥ ਉਹੀ, ਪੰਨਾ 935.

50 ਪ੍ਰੀਤਮ ਸਿੰਘ, *ਸਿੱਖ ਵਿਚਾਰਧਾਰਾ*, ਪੰਨਾ 173.

ਪਵਿੱਤਰ ਭਾਵਨਾਵਾਂ ਦਾ ਪ੍ਰਤੀਕ ਹੈ, ਤੀਜੀ ਲਾਂਵ ਕੰਵਾਰੇ ਅਤੇ ਕੰਵਾਰੀ ਦੇ ਮਾਨਸਕ ਵੈਰਾਗ ਦੇ ਅੰਤ ਅਤੇ ਆਪਸ ਵਿਚਲੀਆਂ ਰੁਚੀਆਂ ਅਤੇ ਪਿਆਰ ਦੇ ਬੰਧਨ ਦਾ ਪ੍ਰਤੀਕ ਹੈ ਅਤੇ ਚੌਥੀ ਲਾਂਵ ਸਹਿਜ ਭਾਵ ਨਾਲ ਗ੍ਰਹਿਸਥ ਆਸ਼ਰਮ ਦੇ ਕਰਤੱਵਾਂ ਅਤੇ ਜ਼ਿੰਮੇਵਾਰੀਆਂ ਦਾ ਪ੍ਰਤੀਕ ਹੈ।"[51] ਸਿੱਖ ਧਰਮ ਵਿੱਚ ਵਿਆਹ ਅਨੰਦ ਦਾ ਸਮਾਂ ਹੈ, ਜੋ ਪਤੀ-ਪਤਨੀ ਦੇ ਰਿਸ਼ਤੇ ਦੀ ਬੁਨਿਆਦ ਹੈ। ਪਤੀ ਪਤਨੀ ਲਾਵਾਂ ਵਿੱਚੋਂ ਅਗਵਾਈ ਲੈਂਦੇ ਹੋਏ ਗ੍ਰਹਿਸਤ ਜੀਵਨ ਨਿਭਾਉਂਦੇ ਹੋਏ ਪਰਿਵਾਰਿਕ, ਸਮਾਜਿਕ, ਅਧਿਆਤਮਿਕ ਹਰ ਫ਼ਰਜ਼ ਪੂਰੇ ਕਰਨ ਦਾ ਸੰਕਲਪ ਦ੍ਰਿੜ ਕਰ ਲੈਂਦੇ ਹਨ।

ਇਸ ਸੰਸਕਾਰ ਨਾਲ ਵਿਆਹ ਨਾਲ ਜੁੜੇ ਫ਼ਜ਼ੂਲ ਦੇ ਰਿਵਾਜ਼ਾਂ ਨੂੰ ਵੀ ਠੱਲ੍ਹ ਪਈ। ਕੰਨਿਆ ਦਾਨ ਅਨੰਦ ਦੀ ਰਸਮ ਵਿੱਚ ਤਬਦੀਲ ਹੋਇਆ। ਲੜਕੀ ਨੂੰ ਵਿਆਹ ਸਮੇਂ ਮਾਤਾ-ਪਿਤਾ ਅਤੇ ਪੇਕੇ ਰਿਸ਼ਤੇਦਾਰਾਂ ਵੱਲੋਂ ਤੋਹਫ਼ੇ ਦਿੱਤੇ ਜਾਂਦੇ ਸਨ ਜੋ ਬਾਅਦ ਵਿੱਚ ਦਾਜ ਦੇ ਰੂਪ ਵਿੱਚ ਤਬਦੀਲ ਹੋ ਗਿਆ ਅਤੇ ਇਹਨਾਂ ਤੋਹਫ਼ਿਆਂ ਨੇ ਮਾਤਾ-ਪਿਤਾ ਦੀ ਚਿੰਤਾ ਦਾ ਰੂਪ ਧਾਰ ਲਿਆ ਸੀ। ਵਿਆਹ ਸਮੇਂ ਲੜਕੀ ਨੂੰ ਵੱਧ ਤੋਂ ਵੱਧ ਧਨ ਦੇਣਾ ਇੱਕ ਰਵਾਇਤ ਬਣ ਗਈ। ਜਿਸ ਤੋਂ ਦੁੱਖੀ ਮਾਤਾ-ਪਿਤਾ ਲੜਕੀ ਦੇ ਜਨਮ ਤੋਂ ਹੀ ਖ਼ੌਫ਼ ਖਾਂਦੇ ਸਨ। ਕਿਤੇ ਨਾ ਕਿਤੇ ਇਹ ਰਵਾਇਤ ਵੀ ਜੰਮਦੀ ਬੱਚੀ ਦੇ ਕਤਲ ਦਾ ਇੱਕ ਕਾਰਨ ਬਣੀ ਹੋਵੇਗੀ। ਲੜਕੇ ਵਾਲਿਆਂ ਦੇ ਨਾਲ-ਨਾਲ ਪੰਡਿਤਾਂ ਨੇ ਵੀ ਵਿਆਹ ਸਮੇਂ ਧਨ ਬਟੋਰਨ ਦੇ ਕਈ ਅਡੰਬਰ ਰਚਾਏ ਹੋਏ ਸਨ। ਗੁਰੂ ਸਾਹਿਬਾਨ ਨੇ ਇਸ ਸਮੇਂ ਦੇ ਹਾਲਾਤ ਦੇਖਦੇ ਹੋਏ ਮਨੁੱਖ ਨੂੰ ਸਭ ਅਡੰਬਰਾਂ ਵਿੱਚੋਂ ਨਿਕਲ ਕੇ ਜ਼ਿੰਦਗੀ ਦੇ ਅਸਲੀ ਮੰਤਵ ਵੱਲ ਸੁਚੇਤ ਕਰਦਿਆਂ ਕਿਹਾ ਕਿ ਇਹ ਸਭ ਕੁੱਝ ਨਾਸ਼ਵਾਨ ਹੈ, ਸਭ ਖ਼ਤਮ ਹੋ ਜਾਣਾ ਹੈ ਧਨ, ਪੈਸਾ ਕੁੱਝ ਵੀ ਇਨਸਾਨ ਦੇ ਨਾਲ ਨਹੀਂ ਜਾਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਸ ਲੋਭ ਵਿੱਚ ਪਿਆ ਇਨਸਾਨ ਸੱਚੇ ਰਾਹ ਤੋਂ ਭਟਕ ਜਾਂਦਾ ਹੈ:

> ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥[52]
>
> ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥[53]
>
> ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥[54]

ਲੋਭੀ ਇਨਸਾਨ ਕਦੇ ਵੀ ਮਨ ਨੂੰ ਸੰਤੁਸ਼ਟ ਨਹੀਂ ਕਰ ਸਕਦਾ, ਉਹ ਹਮੇਸ਼ਾ ਧਨ ਦੀ ਭੁੱਖ ਪੂਰਨ ਹਿਤ ਕੰਮ ਕਰਦਾ ਹੈ ਚਾਹੇ ਉਸਦਾ ਤਰੀਕਾ ਸਹੀ ਹੋਵੇ ਜਾ ਗ਼ਲਤ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਇਨਸਾਨ ਉੱਪਰ ਇਤਬਾਰ ਕਰਨ ਦੀ ਵੀ ਮਨਾਹੀ ਕੀਤੀ ਹੈ, ਜੋ ਲਾਲਚ ਵਿੱਚ ਆਪਣੀ ਸੁੱਧ ਬੁੱਧ ਖੋ ਬੈਠਦਾ ਹੈ। ਗੁਰੂ

---

[51] ਮਨਮੋਹਨ ਸਹਿਗਲ, *ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ,* ਭਾਸ਼ਾ ਵਿਭਾਗ, ਪੰਜਾਬ, 1987, ਪੰਨਾ 605.

[52] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 50.

[53] ਉਹੀ, ਪੰਨਾ 411.

[54] ਉਹੀ, ਪੰਨਾ 1417.

ਸਾਹਿਬਾਨ ਨੇ ਇਨਸਾਨ ਨੂੰ ਲੋਭ ਮੁਕਤ ਹੋਣ ਕਈ ਕਿਹਾ। ਇਸ ਸੰਸਾਰ ਵਿੱਚ ਰਹਿੰਦੇ ਹੋਏ ਨਿਰਲੇਪ ਰਹਿਣ ਦੀ ਤਾਕੀਦ ਕੀਤੀ ਹੈ। ਉਹ ਮਨਮੁਖ ਹੈ ਜੋ ਮਾਇਆ ਦੇ ਲੋਭ ਵਿੱਚ ਜਕੜਿਆ ਹੋਇਆ ਪਰਾਏ ਧਨ 'ਤੇ ਨਜ਼ਰ ਰੱਖਦਾ ਹੈ। ਪਰਾਇਆ ਧਨ ਇਨਸਾਨ ਦੇ ਸੁੱਖਾਂ ਦਾ ਨਹੀਂ ਸਗੋਂ ਦੁੱਖਾਂ ਦਾ ਰੂਪ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਾਈ ਮਾਇਆ ਮੈਲ ਬਰਾਬਰ ਹੈ ਜੋ ਇਨਸਾਨ ਲਈ ਪਰਮ ਸੱਚ ਦੇ ਮਿਲਾਪ ਵਿੱਚ ਅੜਚਣ ਬਣਦੀ ਹੈ।

ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥[55]

ਪਰ ਧਨ ਪਰ ਨਾਰੀ ਰੁਤ ਨਿੰਦਾ ਬਿਖੁ ਖਾਈ ਦੁਖੁ ਪਾਇਆ॥[56]

ਗੁਰੂ ਸਾਹਿਬਾਨ ਨੇ ਹੱਥੀ ਕਿਰਤ ਕਰਕੇ ਕੀਤੀ ਕਮਾਈ ਨੂੰ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੈ। ਇਸ ਦਾ ਭਾਵ ਹੈ ਕਿ ਹਰ ਇਨਸਾਨ ਖ਼ੁਦ ਕੰਮ ਕਰੇ ਇਹ ਨਹੀਂ ਕਿ ਦੂਸਰੇ ਦੀ ਕਿਰਤ ਕਮਾਈ ਨਾਲ ਆਰਾਮ ਦੀ ਸੋਚ ਵਿੱਚ ਵਿਹਲਾ ਬੈਠਾ ਰਹੇ ਕਿਉਂਕਿ ਮਿਹਨਤ ਨਾ ਕਰ ਕੇ ਦੂਜਿਆਂ ਤੇ ਬੋਝ ਬਣਨਾ ਸਿੱਖ ਧਰਮ ਅਨੁਸਾਰ ਅਨੈਤਿਕਤਾ ਹੈ। ਆਦਰਸ਼ ਮਨੁੱਖ (ਗੁਰਮੁਖ) ਨੂੰ ਹਰ ਤਰ੍ਹਾਂ ਦੀ ਬੁਰਿਆਈ ਤੋਂ ਦੂਰ ਰਹਿਣ ਅਤੇ ਆਪਣੇ ਮਨ ਨੂੰ ਵਸ ਵਿੱਚ ਕਰਨ ਨੂੰ ਕਿਹਾ ਹੈ। ਇਸ ਤਰ੍ਹਾਂ ਸੱਚੀ ਜ਼ਿੰਦਗੀ ਜੀਣ ਵਾਲਾ ਇਨਸਾਨ ਖ਼ੁਦ ਹੀ ਸਾਰੇ ਲੋਭ, ਮੋਹ ਤੋਂ ਦੂਰ ਹੋ ਜਾਂਦਾ ਹੈ। ਉਹ ਹੀ ਇਨਸਾਨ ਸੁਖਾਲਾ ਜੀਵਨ ਬਤੀਤ ਕਰ ਸਕਦਾ ਹੈ ਜੋ ਧਨ (ਮੋਹ, ਮਾਇਆ) ਨੂੰ ਮਹੱਤਤਾ ਦੇਣ ਦੀ ਬਜਾਇ ਜ਼ਿੰਦਗੀ ਦੇ ਅਸਲ ਮੰਤਵ ਵੱਲ ਤੁਰਦਾ ਹੈ ਅਤੇ ਹਮੇਸ਼ਾ ਹਰ ਇਨਸਾਨ ਨੂੰ ਪਰਮਾਤਮਾ ਦਾ ਅੰਸ਼ ਸਮਝਦਿਆਂ ਉਹਨਾਂ ਦਾ ਭਲਾ ਸੋਚਦਾ ਹੈ। ਗੁਰੂ ਰਾਮਦਾਸ ਸਾਹਿਬ ਅਨੁਸਾਰ ਅਸਲੀ ਦਾਜ ਪਦਾਰਥਵਾਦੀ ਜਾਂ ਧਨ ਨਹੀਂ ਅਸਲੀ ਦਾਜ ਤਾਂ ਗੁਣਾਂ ਦੀ ਪਟਾਰੀ ਹੈ, ਜੋ ਇਨਸਾਨ ਨੂੰ ਆਦਰਸ਼ ਬਣਾਉਣ ਵਿੱਚ ਸਹਾਈ ਹੁੰਦੇ ਹਨ। ਪਦਾਰਥਵਾਦੀ ਦਾਜ ਜਾਂ ਪੈਸਾ ਕੁੱਝ ਦਿਨਾਂ ਦਾ ਸੁੱਖ ਹੈ, ਜਿਸਨੇ ਇੱਕ ਦਿਨ ਖ਼ਤਮ ਹੋਣਾ ਹੁੰਦਾ ਹੈ। ਦੂਜੇ ਪਾਸੇ ਗੁਣਵਾਨ ਇਸਤਰੀ ਜੋ ਪਤਨੀ ਅਤੇ ਨੂੰਹ ਦੇ ਰੂਪ ਵਿੱਚ ਸਹੁਰੇ ਘਰ ਆਉਂਦੀ ਹੈ, ਆਪਣੇ ਸਦਗੁਣਾਂ ਸਦਕਾ ਘਰ ਵਿੱਚ ਖ਼ੁਸ਼ੀਆਂ ਦਾ ਮਾਹੌਲ ਲਿਆਉਂਦੀ ਹੈ। ਉਹ ਹੀਰੇ-ਜਵਾਹਰਾਤ ਤੋਂ ਵੀ ਵਡਮੁੱਲਾ ਦਾਜ ਹੈ:

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥...

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥

---

55 ਉਹੀ, ਪੰਨਾ 379.

56 ਉਹੀ, ਪੰਨਾ 1255.

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥[57]

ਸਭ ਤੋਂ ਵੱਡੀ ਗੱਲ ਇਹ ਹੈ ਕਿ ਸਿੱਖ ਧਰਮ ਵਿੱਚ ਵਿਆਹ ਦੇ ਰਿਸ਼ਤੇ ਨੂੰ ਬਹੁਤ ਮਹਾਨਤਾ ਹਾਸਲ ਹੈ, ਵਿਆਹ ਅਧਿਆਤਮਿਕ ਰਹੱਸ ਨੂੰ ਸਮਝਣ ਲਈ ਬੁਨਿਆਦੀ ਰੋਲ ਅਦਾ ਕਰਦਾ ਹੈ। ਵਿਆਹ ਅਨੰਦ, ਖੇੜੇ, ਚਾਉ ਦਾ ਸਮਾਂ ਹੈ ਤਾਂ ਉਸ ਵਿੱਚ ਲੋਭ, ਮੋਹ ਦਾ ਤਾਂ ਨਾਮ ਨਿਸ਼ਾਨ ਨਹੀਂ ਹੋਣਾ ਚਾਹੀਦਾ। ਇਹ ਤਾਂ ਪਿਆਰ ਅਤੇ ਵਿਸ਼ਵਾਸ ਦਾ ਰਿਸ਼ਤਾ ਹੈ, ਜੋ ਸਮਾਜਿਕ ਤੰਦਰੁਸਤੀ ਦੀ ਬੁਨਿਆਦ ਹੈ। "ਵਿਆਹੁਤਾ ਜੀਵਨ ਸੰਬੰਧੀ ਅਗਵਾਈ ਤਾਂ ਕੁੜਮਾਈ ਵਾਲੇ ਸ਼ਬਦਾਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। 'ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥' ਸੁਖੀ ਪਰਿਵਾਰਕ ਜੀਵਨ ਲਈ ਰਿਸ਼ਤੇ ਕਿਵੇਂ ਤਹਿ ਕੀਤੇ ਜਾਣ, ਇਸ ਬਾਰੇ ਦੱਸਿਆ ਹੈ ਕਿ ਕੁੜਮ ਜਦੋਂ ਕੁੜਮਾਈ ਦੇ ਮੰਤਵ ਨਾਲ ਇਕੱਠੇ ਹੋਣ ਤਾਂ ਭਾਵਨਾ, ਲਾਲਚ, ਵਡੱਪਣ ਜਾਂ ਹਉਮੈਂ ਦੀ ਨਾ ਹੋਵੇ, ਸਗੋਂ ਸਤ, ਸੰਤੋਖ ਅਤੇ ਭਾਉ (ਪ੍ਰੇਮ) ਦੀ ਭਾਵਨਾ ਹੀ ਪ੍ਰਧਾਨ ਹੋਵੇ। ਲਾਲਚ ਅਤੇ ਹੋਰ ਪਸ਼ੂ-ਬਿਰਤੀਆਂ(Animal Instincts) ਦੀ ਰੇਤਲੀ ਧਰਤੀ ਵਿੱਚ ਰੱਖੀ ਨੀਂਹ ਤੇ ਆਧਾਰਿਤ ਰਿਸ਼ਤਿਆਂ ਵਿੱਚ ਕਦੀ ਸਥਿਰਤਾ ਨਹੀਂ ਆ ਸਕਦੀ। ਇਸੇ ਲਈ ਕੁੜਮਾਂ ਲਈ ਅਗਵਾਈ ਹੈ ਕਿ ਸਚ ਸੰਤੋਖ ਤੇ ਪ੍ਰੇਮ 'ਤੇ ਆਧਾਰਿਤ ਰਿਸ਼ਤੇ ਹੀ ਕਾਇਮ ਹੋਣ। ਇਸ ਦੇ ਉਲਟ ਕੂੜ ਲਾਲਚ ਅਤੇ ਕ੍ਰੋਧ ਦੀ ਭਾਵਨਾ ਰਿਸ਼ਤਿਆਂ ਵਿੱਚ ਕੁੜੱਤਣ ਹੀ ਲਿਆਉਂਦੀ ਹੈ, ਸਥਿਰਤਾ ਨਹੀਂ।"[58]

ਪਤੀ ਪਤਨੀ ਦੇ ਮੇਲ ਦੀ ਰਸਮ ਵਿੱਚ ਦੋ ਆਤਮਾਵਾਂ ਦਾ ਮੇਲ ਹੈ, ਜੋ ਅਨੰਦ ਖੇੜਾ ਪ੍ਰਦਾਨ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਿਸ਼ਤੇ ਨੂੰ ਪੂਰੀ ਸਮਝ ਨਾਲ ਨਿਭਾਉਣ ਦੀ ਤਾਕੀਦ ਕੀਤੀ ਹੈ। ਗੁਰੂ ਅਮਰਦਾਸ ਸਾਹਿਬ ਅਨੁਸਾਰ ਪਤੀ-ਪਤਨੀ ਉਹ ਨਹੀਂ ਜੋ ਇੱਕ ਛੱਤ ਹੇਠ ਰਹਿੰਦੇ ਹੋਣ। ਅਸਲ ਦੰਪਤੀ ਉਹ ਹਨ ਜਿਹਨਾਂ ਦੇ ਸਰੀਰ ਵੱਖਰੇ ਪਰ ਰੂਹਾਂ ਇੱਕ ਹੋਣ। ਭਾਵ ਸਰੀਰਕ ਰੂਪ ਵਿੱਚ ਮਿਲ ਬੈਠਣਾ ਇਹ ਰਿਸ਼ਤਾ ਨਹੀਂ, ਇੱਕ ਦੂਜੇ ਦੀ ਰੂਹ ਨੂੰ ਜਾਣਨਾ ਹੈ:

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥[59]

ਜੇਕਰ ਪਤੀ-ਪਤਨੀ ਦੇ ਰਿਸ਼ਤੇ ਵਿੱਚ ਨਿੱਜਵਾਦੀ ਹੋਂਦ ਪ੍ਰਗਟਾਉਣ ਦੀ ਥਾਂ ਪਰਸਪਰ ਹੋਂਦ ਪ੍ਰਗਟਾਉਣ ਵਾਲੀ ਸੋਚ ਕਾਇਮ ਹੋਵੇ ਤਾਂ ਦੋਵਾਂ ਵਿੱਚ ਉੱਚੇ ਨੀਵੇਂ ਦਾ ਵਿਚਾਰ ਨਹੀਂ ਆ ਸਕਦਾ ਹੈ। ਮਨ ਦੇ ਸਾਰੇ ਭੇਦਾਂ ਨੂੰ ਖ਼ਤਮ ਕਰਕੇ ਹੀ ਦੋ ਸਰੀਰ ਇੱਕ ਰੂਹ ਬਣਿਆ ਜਾ ਸਕਦਾ ਹੈ। ਸਿੱਖ ਧਰਮ ਵਿੱਚ

---

[57] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 78.

[58] ਪ੍ਰਭਜੋਤ ਕੌਰ, *ਬਤੀਹ ਸੁਲਖਣੀ*, ਸੁਕ੍ਰਿਤ ਟਰੱਸਟ, ਲੁਧਿਆਣਾ, 2009, ਪੰਨੇ 93-94.

[59] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 788.

ਪਤੀ-ਪਤਨੀ ਦੀਆਂ ਅਸਮਾਨਤਾਵਾਂ ਨੂੰ ਦੂਰ ਕਰ ਬਰਾਬਰਤਾ ਨੂੰ ਜੀਵਨ ਦਾ ਆਧਾਰ ਦੱਸਿਆ ਹੈ। ਦੋਵਾਂ ਨੂੰ ਇੱਕ ਦੂਜੇ ਪ੍ਰਤੀ ਸਮਰਪਿਤ ਹੋਣ ਲਈ ਹਮੇਸ਼ਾ ਤਤਪਰ ਰਹਿਣ ਨੂੰ ਕਿਹਾ ਹੈ। ਹਰ ਇਨਸਾਨ ਦਾ ਵਿਆਹ ਘਰ ਵਸੇਬੇ ਅਤੇ ਖ਼ੁਸ਼ੀਆਂ ਲਈ ਸੰਪੰਨ ਕੀਤਾ ਜਾਂਦਾ ਹੈ ਪਰ ਇਸ ਵਿਆਹ ਦੀ ਸੰਪੂਰਨਤਾ ਤਦ ਹੀ ਹੋਵੇਗੀ ਜੇਕਰ ਦੋਵੇਂ ਇੱਕ ਦੂਸਰੇ ਵਿੱਚ ਪਰਮਾਤਮਾ ਦੀ ਹੋਂਦ ਸਵੀਕਾਰਨਗੇ ਅਤੇ ਇੱਕ ਦੂਸਰੇ ਨੂੰ ਇੱਜ਼ਤ ਮਾਣ ਦੇਣਗੇ।[60] ਪਤੀ-ਪਤਨੀ ਵਿੱਚ ਔਗੁਣਾਂ ਦੀ ਭਾਲ ਕਰਨਾ ਅਗਿਆਨਤਾ ਦਾ ਸਬੂਤ ਹੈ।

ਵਿਆਹਿਕ ਜੀਵਨ ਦਾ ਸਭ ਤੋਂ ਅਹਿਮ ਪੱਖ ਘਰ ਵਿੱਚ ਸੁਚੱਜੀ ਇਸਤਰੀ ਦੇ ਵਾਸੇ ਨਾਲ ਸੰਬੰਧਿਤ ਹੈ। ਰੋਜ਼ਾਨਾ ਜ਼ਿੰਦਗੀ ਅਤੇ ਸਮਾਜਿਕ ਜੀਵਨ ਵਿੱਚ ਵੀ ਇਹਨਾਂ ਸਦਗੁਣਾਂ ਦੀ ਬਹੁਤ ਹੀ ਅਹਿਮੀਅਤ ਹੈ। ਕਿਉਂਕਿ ਇਸ ਰਾਹੀਂ ਹੀ ਅਧਿਆਤਮਿਕਤਾ ਦੀ ਪੌੜੀ ਚੜ੍ਹਿਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਸਾਹਿਬ ਨੇ ਸਿੱਖ ਧਰਮ ਦੀ ਆਦਰਸ਼ ਜਾਂ ਚੱਜ ਆਚਾਰ ਨਾਲ ਸੰਵਰੀ ਇਸਤਰੀ ਨੂੰ ਬੱਤੀ ਗੁਣਾਂ ਨਾਲ ਸੰਪੂਰਨ ਸੁਸ਼ੋਭਿਤ ਕਿਹਾ ਸੀ। ਪਿਆਰਾ ਸਿੰਘ ਪਦਮ ਅਨੁਸਾਰ, "ਵਿਦਵਾਨਾਂ ਸ੍ਰੇਸ਼ਟ ਇਸਤ੍ਰੀ ਦੇ ਬੱਤੀ ਸ਼ੁੱਭ ਲੱਛਣ ਇਹ ਮੰਨੇ ਹਨ:-ਸੁੰਦਰਤਾ, ਸਵੱਛਤਾ, ਲੱਜਾ, ਚਤੁਰਾਈ, ਵਿੱਦਿਆ, ਪਤੀ ਭਗਤੀ, ਸੇਵਾ, ਦਯਾ, ਸਤਯ, ਪ੍ਰਿਯਬਾਣੀ, ਪ੍ਰਸੰਨਤਾ, ਨਿਮ੍ਰਤਾ, ਨਿਸ਼ਕਪਟਤਾ, ਏਕਤਾ, ਧੀਰਜ, ਧਰਮਨਿਸ਼ਠਤਾ, ਸੰਯਮ, ਉਦਾਰਤਾ, ਗੰਭੀਰਤਾ, ਉੱਦਮ, ਸੂਰਬੀਰਤਾ, ਰਾਗ, ਕਾਵਯ, ਨ੍ਰਿਤ, ਚਿਤ੍ਰ, ਔਸ਼ਧੀ, ਰਸੋਈ, ਸਿਉਣਾ ਪ੍ਰੋਣਾ, ਘਰ ਦੀਆਂ ਵਸਤਾਂ ਦਾ ਯਥਾਯੋਗ ਸ਼ਿੰਗਾਰਨਾ, ਬਜ਼ੁਰਗਾਂ ਦਾ ਮਾਣ ਆਦਰ, ਘਰ ਆਏ ਪ੍ਰਾਹੁਣਿਆਂ ਦਾ ਸਨਮਾਨ, ਸੰਤਾਨ ਪਾਲਨ।"[61]

ਸਿੱਖ ਧਰਮ ਵਿੱਚ ਹਰ ਇਸਤਰੀ (ਮਨੁੱਖ) ਤੋਂ ਇਹਨਾਂ ਗੁਣਾਂ ਦੇ ਧਾਰਨੀ ਹੋਣ ਦੀ ਉਮੀਦ ਕੀਤੀ ਜਾਂਦੀ ਹੈ ਕਿਉਂਕਿ ਪਤੀ-ਪਤਨੀ ਦਾ ਮੰਤਵ ਗ੍ਰਹਿਸਤ ਧਰਮ ਨਿਭਾਉਂਦੇ ਹੋਏ ਉਸ ਪਰਮ-ਸੱਚ ਨਾਲ ਇਕਮਿਕ ਹੋਣਾ ਹੈ। ਜੋ ਇਸਤਰੀ (ਪਤਨੀ) ਚੰਗੇ ਗੁਣਾਂ ਦੀ ਧਾਰਨੀ ਹੋ ਕੇ ਪਤੀ ਨੂੰ ਸਮਰਪਿਤ ਹੁੰਦੀ ਹੈ ਅਤੇ ਗ੍ਰਹਿਸਤ ਨੂੰ ਸੁਖੀ, ਖ਼ੁਸ਼ਹਾਲ ਬਣਾਉਂਦੀ ਹੈ, ਉਸ ਨੂੰ ਸੁਚੱਜੀ ਸੁਹਾਗਣ, ਗੁਣਵੰਤੀ, ਸੀਲਵੰਤੀ, ਕੁਲਵੰਤੀ ਕਹਿ ਸਲਾਹਿਆ ਗਿਆ ਹੈ। ਅਜਿਹੀ ਇਸਤਰੀ ਦੁੱਖਾਂ ਦੀ ਭਰਮਾਰ ਤੋਂ ਬਚੀ ਰਹਿੰਦੀ ਹੈ।[62] ਪਤਨੀ ਘਰ ਅਤੇ ਪਰਿਵਾਰ ਦਾ ਧੁਰਾ ਹੈ। ਪਤਨੀ ਚੰਗੇ ਗੁਣਾਂ ਨੂੰ ਅਪਣਾ ਕੇ ਹੀ ਗੁਣਵੰਤੀ, ਸੋਭਾਵੰਤੀ,

---

[60] "Good men and women have to contract two marriages in the world for the perfection of their lives. One is the physical marriage, which they celebrate with their own human comrades to build a happy and creative home. Abaut this marriage is successful only when they see One God in themselves and their partners and show due reverence to him."
Harnam Das, 'Guru Nanak- Unique Liberator of Womankind', *The Sikh Review*, Vol. 18, 1970, p. 99.

[61] ਪਿਆਰਾ ਸਿੰਘ ਪਦਮ, *ਗੁਰੂ ਗ੍ਰੰਥ ਸੰਕੇਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 217.

[62] ਸੀਲ ਸੰਜਮਿ ਪ੍ਰਿਅ ਆਗਿਆ ਮਾਨੈ॥
ਤਿਸੁ ਨਾਰੀ ਕਉ ਦੁਖੁ ਨ ਜਮਾਨੈ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 185.

ਸੁਚੱਜੀ ਬਣਨ ਦੇ ਕਾਬਿਲ ਹੁੰਦੀ ਹੈ। ਇਸ ਰਿਸ਼ਤੇ ਵਿੱਚ ਪਤੀ ਨੂੰ ਲੁਭਾਉਣ ਲਈ ਬਨਾਵਟੀ ਸ਼ਿੰਗਾਰ ਦੀ ਲੋੜ ਨਹੀਂ ਸਗੋਂ ਚੰਗੇ ਗੁਣਾਂ ਨਾਲ ਸਜਣ ਸੰਵਰਨ ਦੀ ਜ਼ਰੂਰਤ ਹੈ। ਅਸਲ ਪਤਨੀ ਹੀ ਉਹ ਹੈ ਜੋ ਚੰਗੇ ਸੁਭਾਅ ਸਦਕਾ ਆਪਣੇ ਪਤੀ ਦਾ ਪਿਆਰ ਹਾਸਲ ਕਰ ਲੈਂਦੀ ਹੈ। ਅਸਲ ਸੁਹਾਗਣ ਉਹ ਹੈ ਜੋ ਆਪਣੇ ਪਤੀ ਨੂੰ ਸਮਰਪਿਤ ਹੁੰਦੀ ਹੋਈ ਨਿਮਰਤਾ, ਮਿੱਠੇ ਬੋਲਾਂ ਰਾਹੀਂ ਨਿਹਾਲ ਕਰਦੀ ਹੈ ਅਤੇ ਹਮੇਸ਼ਾ ਉਸ ਪ੍ਰਤੀ ਸੱਚੀ ਭਾਵਨਾ ਰੱਖਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਘਰ ਨੂੰ ਭਾਗਾਂ ਵਾਲਾ ਕਿਹਾ ਹੈ ਜਿਸ ਘਰ ਵਿੱਚ ਸੁਚੱਜੀ ਇਸਤਰੀ ਦਾ ਵਾਸਾ ਹੁੰਦਾ ਹੈ।[63] ਸਿਆਣੀ ਅਤੇ ਚੰਗੇ ਸੁਭਾਅ ਦੀ ਇਸਤਰੀ ਦਾ ਘਰ ਵਿੱਚ ਵਾਸਾ ਸਭ ਤੋਂ ਵੱਡਾ ਸੁੱਖ ਪ੍ਰਤੀਤ ਹੁੰਦਾ ਹੈ। ਇਸ ਚੱਜ-ਆਚਾਰ ਵਾਲੀ ਇਸਤਰੀ ਦੀ ਦਿੱਤੀ ਮੱਤ ਨੂੰ ਵੱਡੇ ਛੋਟੇ ਸਭ ਮੰਨਣ ਲਈ ਤਿਆਰ ਹੁੰਦੇ ਹਨ। ਇਸ ਸਾਰੇ ਤੋਂ ਇਲਾਵਾ ਉਸਦੇ ਲਈ ਮਿੱਠ-ਬੋਲੜੀ, ਸੁੰਦਰ, ਤਿੱਖੇ ਨੈਣ-ਨਕਸ਼, ਸੁਘੜ, ਸ਼ੀਲਵੰਤੀ, ਆਗਿਆਕਾਰੀ, ਉੱਚੇ ਆਚਰਨ ਵਾਲੀ, ਵਫ਼ਾਦਾਰ, ਸਬਰ-ਸੰਤੋਖ ਅਤੇ ਸੰਜਮ ਵਾਲੀ, ਹਉਮੈ ਰਹਿਤ, ਭਾਣਾ ਮੰਨਣ ਵਾਲੀ ਤੇ ਘਰੇਲੂ ਕੰਮਾਂ ਵਿੱਚ ਨਿਪੁੰਨ, ਪਤੀ ਨੂੰ ਸਭ ਕੁੱਝ ਮੰਨਦੀ ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੀ ਹੋਣਾ ਜ਼ਰੂਰੀ ਹੈ। ਇਸਤਰੀ ਆਪਣੇ ਗੁਣਾਂ ਸਦਕਾ ਘਰ, ਪਰਿਵਾਰ, ਸਮਾਜ ਹਰ ਥਾਂ ਨੂੰ ਖੁਸ਼ਹਾਲ ਕਰ ਸਕਦੀ ਹੈ ਤਾਂ ਉਸਦਾ ਖ਼ੁਦ ਦਾ ਅੰਦਰੂਨੀ ਮਨ ਕਿੰਨਾ ਖੁਸ਼ਹਾਲ ਹੋਵੇਗਾ, ਉਸ ਵਿੱਚ ਕਿੰਨਾ ਚਾਨਣ ਹੋਵੇਗਾ, ਕਿੰਨੀ ਖ਼ੂਬਸੂਰਤੀ ਹੋਵੇਗੀ, ਜੋ ਦੂਜਿਆਂ ਨੂੰ ਰੁਸ਼ਨਾਉਣ ਵਿੱਚ ਮਾਹਿਰ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਧਿਆਤਮਿਕ ਸੰਦਰਭ ਵਿੱਚ ਲਿਆ ਪਤੀ-ਪਤਨੀ ਦਾ ਰਿਸ਼ਤਾ ਆਮ ਨਹੀਂ ਬਲਕਿ ਇਹ ਸਰੀਰਕ ਪਿਆਰ ਤੋਂ ਕਿਤੇ ਅਗਾਂਹ ਦੀ ਗੱਲ ਕਰਦੇ ਹਨ। ਉਹ ਰਿਸ਼ਤਾ ਜਿਸ ਵਿੱਚ ਕਾਮਵਾਸ਼ਨਾ ਦੀ ਖਿੱਚ ਹੀ ਨਹੀਂ ਸਗੋਂ ਤਿਆਗ ਭਾਵਨਾ, ਸੱਚਾ ਸਮਰਪਣ, ਅਥਾਹ ਪ੍ਰੇਮ ਵੀ ਸ਼ਾਮਿਲ ਹੈ। ਇਹ ਅਜਿਹਾ ਪਿਆਰ ਹੈ ਜੋ ਰੂਹਾਨੀ ਹੋ ਨਿਬੜਦਾ ਹੈ। ਪੂਰਨ ਸਿੰਘ ਅਨੁਸਾਰ, "ਇਹ ਰਿਸ਼ਤਾ ਜਾਂ ਸਬੰਧ ਬਾਹਰੀ ਚਮਕ-ਦਮਕ ਤੇ ਵਿਖਾਵੇ ਵਾਲਾ ਨਹੀਂ ਹੁੰਦਾ, ਨਾ ਹੀ ਇਹ ਕਿਸੇ ਅਖੌਤੀ ਕਲਾ-ਕ੍ਰਿਤ ਸਮਾਨ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਸਗੋਂ ਇਹ ਤਾਂ ਸਾਗਰ ਜਿਨਾ ਅਸਗਾਹ ਅਤੇ ਧਰਤੀ ਤੇ ਅਕਾਸ਼ ਸਮਾਨ ਸਦੀਵੀ ਹੁੰਦਾ ਹੈ।"[64] ਵਾਸਤਵ ਵਿੱਚ ਗ੍ਰਹਿਸਤ ਜੀਵਨ ਵਿੱਚ ਪਤੀ-ਪਤਨੀ ਦਾ ਮੇਲ ਇੱਕ ਸਾਧਕ ਮਾਤਰ ਜਿਸ ਰਾਹੀਂ ਉਸ ਪਰਮ-ਸੱਚ ਨਾਲ ਇੱਕ-ਸੁਰ ਹੋਣਾ ਹੈ। ਪਤੀ ਪਤਨੀ ਦੇ ਮੇਲ ਦੀ ਤੁਲਨਾ ਪਰਮਾਤਮਾ ਅਤੇ ਜੀਵਆਤਮਾ ਦੇ ਮੇਲ ਨਾਲ ਕੀਤੀ, ਜਿਸ ਸਦਕਾ ਇਸਤਰੀ ਪ੍ਰਤੀ ਰਵੱਈਏ ਨੂੰ ਨਵਾਂ ਰੂਪ

---

63 ਨਿਜ ਭਗਤੀ ਸੀਲਵੰਤੀ ਨਾਰਿ॥
ਰੂਪਿ ਅਨੂਪ ਪੂਰੀ ਆਚਾਰਿ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥ ਉਹੀ, ਪੰਨਾ 370.

64 ਪੂਰਨ ਸਿੰਘ, ਪ੍ਰੋ., *ਸਿਖੀ ਦੀ ਆਤਮਾ*, ਭਾਗ ਤੀਜਾ, ਕਿਰਪਾਲ ਸਿੰਘ ਕਸੇਲ (ਅਨੁ.), ਪੰਨਾ 148.

ਮਿਲਿਆ।[65] ਫੌਜਾ ਸਿੰਘ ਵੀ ਇਸੇ ਵਿਚਾਰ ਦੀ ਪ੍ਰੌੜ੍ਹਤਾ ਕਰਦੇ ਹੋਏ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਦੁਆਰਾ ਪਤਨੀ ਦੇ ਪਤੀ ਪ੍ਰਤੀ ਪਿਆਰ ਨੂੰ ਆਦਰਸ਼ ਰੂਪ ਦੇ ਕੇ ਇੱਕ ਸਾਧਕ ਅਤੇ ਪਰਮਾਤਮਾ ਦੇ ਪਿਆਰ ਨਾਲ ਤੁਲਨਾ ਕਰਨੀ ਬਹੁਤ ਵੱਡਾ ਕਦਮ ਸੀ, ਜਿਸ ਨਾਲ ਇਸਤਰੀ ਪ੍ਰਤੀ ਰੱਖੇ ਜਾਣ ਵਾਲੇ ਬੁਰੇ ਵਿਚਾਰਾਂ ਦੀ ਕੰਧ ਟੁੱਟੀ।[66]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਨੂੰ ਇਹਨਾਂ ਸਾਰੇ ਗੁਣਾਂ ਤੋਂ ਇਲਾਵਾ ਪਤੀ ਦੇ ਪਿਆਰ ਪ੍ਰਤੀ ਵਫ਼ਾਦਾਰੀ ਕਰਨ ਦੀ ਹਦਾਇਤ ਦਿੱਤੀ ਹੈ। ਪਤੀ ਤੋਂ ਬੇਮੁਖ ਹੋਈ ਵਿਭਚਾਰਨ ਇਸਤਰੀ ਨਿਸ਼ਚੇ ਹੀ ਦੁੱਖਾਂ ਦੀ ਭਾਗੀ ਬਣਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਭਚਾਰਨ ਇਸਤਰੀ ਨੂੰ ਕੁਚੱਜੀ, ਦੁਹਾਗਣ, ਕੁਲੱਖਣੀ, ਕੁਨਾਰ, ਛੁੱਟੜ ਕਹਿ ਕੇ ਨਿੰਦਿਆ ਗਿਆ ਹੈ। ਜਿੱਥੇ ਪਤਨੀ ਨੂੰ ਪਤੀ ਪ੍ਰਤੀ ਪੂਰਨ ਰੂਪ ਵਿੱਚ ਸਮਰਪਿਤ ਹੋਣ ਦੀ ਤਾਕੀਦ ਕੀਤੀ ਹੈ ਉੱਥੇ ਹੀ ਪਤੀ ਨੂੰ ਵੀ ਪਤਨੀ ਲਈ ਵਫ਼ਾਦਾਰੀ ਕਰਨ ਦੀ ਸਿੱਖਿਆ ਦਿੱਤੀ ਹੈ। ਆਮ ਤੌਰ ’ਤੇ ਇਸਤਰੀ ਦੇ ਗੁਣਵਾਨ ਹੋਣ ਦਾ ਸਵਾਲ ਤਾਂ ਹਮੇਸ਼ਾ ਮੁੱਖ ਰਿਹਾ ਪਰ ਪਤੀ ਲਈ ਅਜਿਹੇ ਕੋਈ ਸਵਾਲ ਨਹੀਂ ਉਠਾਏ ਗਏ ਸਨ। ਇੱਥੇ ਦੋਵਾਂ ਨੂੰ ਹੀ ਦਾਇਰੇ ਵਿੱਚ ਰਹਿ ਕੇ ਨੈਤਿਕਤਾ ਦੀ ਪਾਲਨਾ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਉਹਨਾਂ ਨੂੰ ਸਾਰੀਆਂ ਕੁਰਹਿਤਾਂ ਤੋਂ ਰਹਿਤ ਹੋ ਕੇ ਸੰਜਮ ਵਿੱਚ ਰਹਿਣ ਉੱਪਰ ਜ਼ੋਰ ਦਿੱਤਾ ਹੈ। ਜਿਸ ਨਾਲ ਪਤੀ-ਪਤਨੀ ਦੋਵੇਂ ‘ਏਕ ਜੋਤਿ ਦੁਇ ਮੂਰਤੀ’ ਦੀ ਪਹਿਲੀ ਸ਼ਰਤ ਨੂੰ ਨਿਭਾਉਂਦੇ ਹਨ। ਇਸ ਨਾਲ ਉਹਨਾਂ ਦੇ ਰਿਸ਼ਤੇ ਵਿੱਚ ਪਿਆਰ, ਹਮਦਰਦੀ, ਨਿਮਰਤਾ ਜਿਹਾ ਰੂਪ ਨਿੱਖੜ ਕੇ ਆਉਂਦਾ ਹੈ। ਇਹ ਗੁਣ ਹਰ ਰਿਸ਼ਤੇ ਨੂੰ ਅਮੀਰੀ ਬਖ਼ਸ਼ਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਸ ਮਰਦ ਨੂੰ ਅੰਨ੍ਹਾ ਕਹਿ ਦੁਰਕਾਰਿਆ ਹੈ ਜੋ ਆਪਣੀ ਪਤਨੀ ਨੂੰ ਵਿਸਾਰ ਕੇ ਪਰਾਈ ਇਸਤਰੀ ਵੱਲ ਮੰਦੀ ਭਾਵਨਾ ਰੱਖਦਾ ਹੈ।[67] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਰ-ਬਾਰ ਮਰਦ ਨੂੰ ਪਰਾਈ ਇਸਤਰੀ ਵੱਲ ਦੇਖਣ ਤੋਂ ਮਨਾਹੀ ਕੀਤੀ ਗਈ ਹੈ। ਇਸ ਫੁਲਵਾੜੀ ਰੂਪੀ ਸੰਸਾਰ ਵਿੱਚ ਸੰਜਮ ਨਾਲ ਰਹਿੰਦੇ ਹੋਇਆ ਪਰਾਏ ਮਰਦ ਜਾਂ ਇਸਤਰੀ ਵੱਲ ਮੰਦੀ ਨਜ਼ਰ ਨਾ ਪਾਉਣ ਵਾਲੇ ਹੀ ਸੱਚੇ ਦੰਪਤੀ ਬਣ ਸਕਦੇ ਹਨ।

ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ॥

---

65 “Thus by making use of the metaphor of husband-wife relationship, to define the mystic experience of union with lord, the Sikh Gurus have added a spiritual dimension to the personality of woman.”
Shashi Bala, ‘Women and Worship-The Sikh Perspective’, *The Sikh Review*, Vol.51, 2003, p. 34.

66 “..idealized the love of a wife for her husband and held it up as an example for a devotee of God. By doing so, the Gurus have greatly exalted the status of women.”
Fauja Singh, ‘Guru Nanak and Social Problem’, *Perspectives on Guru Nanak*, Harbans Singh (ed.), Punjabi University Patiala, 1975, p. 148.

67 ਘਰ ਕੀ ਨਾਰਿ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥...
ਪਾਪੀ ਕਾ ਘਰੁ ਅਗਨੇ ਮਾਹਿ॥
ਜਲਤ ਰਹੈ ਮਿਟਵੈ ਕਬ ਨਾਹਿ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1164-1165.

ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ॥[68]

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥[69]

ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ॥[70]

ਇੱਕ ਦੂਜੇ ਨਾਲ ਬੇਵਫ਼ਾਈ ਕਰ ਆਪਣਾ ਸਤ ਭੰਗ ਕਰਨ ਵਾਲਿਆਂ ਲਈ ਕਿਧਰੇ ਵੀ ਸੁੱਖ ਨਹੀਂ। ਇਸ ਮਾੜੇ ਵਰਤਾਰੇ ਨਾਲ ਇਨਸਾਨ ਆਪਣੀ ਜ਼ਿੰਦਗੀ ਵਿੱਚ ਅਜਿਹਾ ਜ਼ਹਿਰ ਘੋਲ ਬੈਠਦਾ ਹੈ ਜੋ ਕਦੇ ਵੀ ਉਸਨੂੰ ਪਵਿੱਤਰ ਜਾਂ ਸਾਫ਼-ਸੁਥਰਾ ਨਹੀਂ ਹੋਣ ਦਿੰਦਾ। ਪਰਮਾਤਮਾ ਦੀ ਬਖ਼ਸ਼ੀ ਅਮੋਲਕ ਦਾਤ (ਮਨੁੱਖਾ ਜੀਵਨ) ਨੂੰ ਵਿਭਚਾਰ ਜਿਹੇ ਔਗੁਣਾਂ ਵਿੱਚ ਪਾਉਣ ਦੀ ਥਾਂ ਮਰਦ ਇਸਤਰੀ ਦੋਵਾਂ ਨੂੰ ਜਤ ਸਤ ਵਿੱਚ ਸੀਲ ਸੰਜਮ ਰੱਖਦਿਆਂ ਚੰਗੇਰਾ ਜੀਵਨ ਜੀਊਂਣ ਦੀ ਤਾਕੀਦ ਕੀਤੀ ਹੈ। ਜਿਸ ਦੇਹ ਵਿੱਚ ਪ੍ਰਭੂ ਦੇ ਅੰਮ੍ਰਿਤ ਨਾਮ ਦਾ ਵਾਸ ਹੈ, ਉਸ ਦੇਹ ਨੂੰ ਵਿਭਚਾਰ ਦੀ ਵਸਤ ਬਣਾਉਣਾ ਗੁਰੂ ਹੁਕਮਾਂ ਦੀ ਅਵੱਗਿਆ ਹੈ।

ਭਾਈ ਵੀਰ ਸਿੰਘ ਲਿਖਦੇ ਹਨ ਕਿ, "ਮਾਨੁਖਾਂ ਨੇ ਇਸਤ੍ਰੀਆਂ ਲਈ ਪਤੀ ਬ੍ਰਤ ਧਰਮ ਬਾਰੇ ਬਹੁਤ ਕੁਛ ਲਿਖਿਆ ਹੈ ਪਰੰਤੂ ਗੁਰੂ ਸਾਹਿਬ ਨੇ ਮਾਨੁਖਾਂ ਬਾਰੇ ਭੀ ਇਸਤ੍ਰੀ ਬ੍ਰਤ ਬਾਰੇ ਭੀ ਦਸਿਆ ਹੈ, ਜਿਹਾ ਕਿ 'ਪਰ ਵੇਲ ਨ ਜੋਹਹਿ ਕੰਤ ਤੂੰ' ਅਰਥਾਤ ਪਤੀ ਦਾ ਦਰਜਾ ਤਾਹੀਂ ਪਤੀ ਹੋਣ ਦਾ ਹੈ, ਜੇ ਉਹ ਪਰਾਈ ਇਸਤ੍ਰੀ ਵਲ ਮੰਦੀ ਨਿਗਾਹ ਭਰਕੇ ਨਹੀਂ ਦੇਖਦਾ, 'ਪਰ ਤ੍ਰਿਅ ਰੂਪ ਨ ਪੇਖੈ ਨੇਤ੍ਰ' ਪਰ-ਇਸਤ੍ਰੀ ਗਾਮੀ ਪੁਰਸ਼ ਪਤੀ ਬ੍ਰਤ ਇਸਤ੍ਰੀ ਦਾ ਪਤੀ ਹੋਣ ਦਾ ਦਰਜਾ ਜਾਂ ਮਾਣ ਨਹੀਂ ਰਖਦਾ। ਇਸੇ ਤਰਾਂ ਇਸਤ੍ਰੀ ਧਰਮ ਪਤਨੀ ਹੋਣ ਦਾ ਦਰਜਾ ਜਾਂ ਸੁਹਾਗਣ ਹੋਣ ਦਾ ਮਾਣ ਨਹੀਂ ਕਰ ਸਕਦੀ, ਜੇ ਉਹ ਪਰ ਪੁਰਖ ਵਲ ਮੰਦੀ ਨਿਗਾਹ ਨਾਲ ਤਕਦੀ ਹੈ। ਸਿਖ ਧਰਮ ਵਿਚ ਪਤੀ ਬ੍ਰਤ ਧਰਮ ਤੇ ਇਸਤ੍ਰੀ ਬ੍ਰਤ ਧਰਮ ਨੂੰ ਹਮੇਸ਼ਾਂ ਕਾਇਮ ਰਖਣ ਲਈ ਪਰ ਇਸਤ੍ਰੀ ਗਾਮੀ ਤੇ ਪਰ ਪੁਰਸ਼ ਗਾਮੀ ਨੂੰ ਬੱਜਰ ਕੁਰਹਿਤੀਆਂ (ਧਰਮੋ ਪਤਤ) ਠਹਿਰਾਇਆ ਹੈ।"[71] ਗੁਰੂ ਸਾਹਿਬਾਨ ਨੇ ਇੱਕ ਵਿਆਹ ਨੂੰ ਤਵੱਜੋ ਦਿੰਦੇ ਹੋਏ ਪਤੀ-ਪਤਨੀ ਦੇ ਰਿਸ਼ਤੇ ਨੂੰ ਪੂਰੀ ਸ਼ਿੱਦਤ ਨਾਲ ਨਿਭਾਉਣ ਲਈ ਕਿਹਾ ਹੈ। ਗੁਰੂ ਸਾਹਿਬਾਨ ਨੇ ਅਸਲ ਸੰਨਿਆਸੀ ਉਸਨੂੰ ਕਿਹਾ ਹੈ ਜੋ ਇੱਕ ਪਤਨੀ ਨਾਲ ਵਿਆਹ ਕਰਵਾਉਂਦਾ ਅਤੇ ਸੰਜਮ ਵਿੱਚ ਰਹਿਕੇ ਜੀਵਨ ਗੁਜ਼ਾਰਦਾ ਹੈ।[72]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਨੂੰ ਸਿਰਫ਼ ਪਤਨੀ ਰੂਪ ਵਿੱਚ ਹੀ ਨਹੀਂ ਸਗੋਂ ਜਨਨੀ ਦੇ ਰੂਪ ਵਿੱਚ ਵੀ ਬਹੁਤ ਮਹੱਤਤਾ ਦਿੱਤੀ ਗਈ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਇਸਤਰੀ ਨੂੰ ਹੀ ਪਰਮਾਤਮਾ ਨੇ ਸਿਰਜਣ ਦੇ ਗੁਣ ਨਾਲ ਨਿਵਾਜਿਆ ਹੈ। ਹਰ ਇਨਸਾਨ ਇਸ ਦੁਰਲੱਭ ਮਨੁੱਖੀ ਦੇਹ ਦੀ

---

[68] ਉਹੀ, ਪੰਨਾ 1095.

[69] ਉਹੀ, ਪੰਨਾ 1255.

[70] ਉਹੀ, ਪੰਨਾ 379.

[71] ਵੀਰ ਸਿੰਘ, ਭਾਈ, *ਗੁਰਸਿਖੀ ਮਾਰਗ ਅਰਥਾਤ ਗੁਰਮਤ ਜੀਵਨ,* ਸ੍ਰੀ ਮਾਨ ਗਯਾਨੀ ਲਾਲ ਸਿੰਘ, ਪਟਿਆਲਾ, 1946, ਪੰਨੇ 323-324.

[72] "The Guru redefined celibacy in the frame work of chastity. He said that he is celibate, who is married to one wife only."
Diwan Singh, *The Highway of Sikhism*, Peoples Publishing House, Chandigarh, 1995, p. 120.

ਪ੍ਰਾਪਤੀ ਪਰਮਾਤਮਾ ਦੇ ਹੁਕਮ ਅਨੁਸਾਰ ਇਸਤਰੀ ਦੇ ਰਾਹੀਂ ਪ੍ਰਾਪਤ ਕਰਦਾ ਹੈ। "ਕੋਈ ਸਮਾਂ ਸੀ ਕਿ ਪੁਰਾਣੇ ਸ਼ਾਸਤ੍ਰਕਾਰ ਸ੍ਰਿਸ਼ਟੀ ਦੀ ਸਾਜਣਹਾਰ ਨੂੰ ਮਾਇਆ ਦਸਦੇ ਹਨ। ਸ਼ਾਇਦ ਇਹ ਸੰਕੇਤ ਇਸਤਰੀ ਵਲ ਹੀ ਹੁੰਦਾ ਹੋਵੇ ਕਿਉਂਕਿ ਇਹੋ ਹੈ ਜੋ ਸਭ ਦੀ ਸਿਰਜਣਹਾਰ, ਪਾਲਣਹਾਰ, ਸੰਭਾਲਣਹਾਰ ਤੇ ਸੰਵਾਰਣਹਾਰ ਆਦਿ ਤੋਂ ਹੀ ਰਹੀ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਪਰਮੇਸ਼ਰ ਆਪ ਦੁਨੀਆ ਸਾਜ ਕੇ ਤੇ ਸਾਰੀ ਜ਼ਿੰਮੇਵਾਰੀ ਇਸ ਨੂੰ ਸੌਂਪਕੇ ਆਪ ਕਿਧਰੇ ਅਲੋਪ ਹੋ ਗਿਆ।"[73] ਇਹ ਪਰਮਾਤਮਾ ਦੁਆਰਾ ਇਸਤਰੀਆਂ ਨੂੰ ਦਿੱਤੀ ਅਜਿਹੀ ਨਿਆਮਤ ਹੈ ਜਿਸ ਦਾ ਕੋਈ ਦੂਜਾ ਬਦਲ ਨਹੀਂ। ਹਰ ਮਨੁੱਖ ਇਸਤਰੀ ਦੇ ਗਰਭ ਰਾਹੀਂ ਹੀ ਜਨਮ ਧਾਰ ਸਕਦਾ ਹੈ। "ਨਾਰੀ ਦੀ ਸਿਰਜਣ ਸਮਰੱਥਾ ਇਕ ਸਿਰਜਣਾਤਮਕ ਵਿਸ਼ੇਸ਼ਤਾ ਹੈ। ਇਸ ਪ੍ਰਕਿਰਿਆ ਵਿਚ ਪਈ ਨਾਰੀ ਦੇਹ ਖੁਸ਼ੀ/ਦੁੱਖ ਜੀਵਨ/ਮੌਤ ਦੀ ਫਲੈਸ਼ ਅੰਤਰ ਸਪੇਸਤਾ ਵਿਚ ਆਪਣੇ ਸਰੀਰਕ ਵਿਧਾਨ ਨੂੰ ਟੱਪ ਜਾਂਦੀ ਹੈ।"[74] ਗੁਰੂ ਸਾਹਿਬਾਨ ਨੇ ਇਸਤਰੀ ਨੂੰ ਲਿੰਗਕ ਸਾਧਨ ਦੀ ਬਜਾਇ ਮਨੁੱਖਤਾ ਦੀ ਜਨਮਦਾਤੀ ਦੇ ਰੂਪ ਵਿੱਚ ਦੇਖਿਆ। ਪਰਮਾਤਮਾ ਦੀ ਇਸ ਅਨੌਖੀ ਦੇਣ ਸਦਕਾ ਮਾਂ ਨੂੰ ਪਰਮਾਤਮਾ ਦਾ ਦੂਜਾ ਰੂਪ ਕਿਹਾ ਗਿਆ ਹੈ।

ਮਨੁੱਖਾਂ ਦੁਆਰਾ ਸਿਰਜੇ ਸਮਾਜ ਵਰਗ ਵੰਡ ਵਿੱਚ ਹੀ ਵੰਡੇ ਪਏ ਹਨ। ਉਚ-ਨੀਚ ਨੂੰ ਸਮਾਜਿਕ ਢਾਂਚੇ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਰਿਹਾ ਹੈ। ਸਮਾਜਿਕ ਵਰਗ ਦੇ ਇਸ ਵਰਤਾਰੇ ਨੇ ਇਸਤਰੀ ਦੇ ਮਹੱਤਵਪੂਰਨ ਗੁਣ ਨੂੰ ਨਜ਼ਰ ਅੰਦਾਜ਼ ਕਰ ਕੇ ਉਸ ਨੂੰ ਭੰਡਿ ਦਾ ਦਰਜਾ ਦਿੱਤਾ। ਇਸੇ ਕਰਕੇ ਹੀ ਇਸਤਰੀ ਨੂੰ ਹਮੇਸ਼ਾ ਤੋਂ ਹੀ ਨੀਵਾਂ ਦਰਜਾ ਦਿੱਤਾ ਗਿਆ ਹੈ। ਮਹਿੰਦਰ ਕੌਰ ਗਿਲ ਅਨੁਸਾਰ, "ਗੁਰੂ ਨਾਨਕ ਦੇਵ ਜੀ ਦੇ ਤਤਕਾਲੀ ਧਰਮੋ ਸਮਾਜ ਵਿੱਚ ਨਾਰੀ ਨੂੰ ਭੰਡਿ ਆਖਿਆ ਜਾਂਦਾ ਸੀ। ਭੰਡਿ ਅਪ੍ਰਭੰਸ਼ ਦਾ ਸ਼ਬਦ ਹੈ ਜਿਸ ਦਾ ਭਾਵ ਹੈ ਭਿਟੀ ਹੋਈ।"[75] ਇਸੇ ਤਰ੍ਹਾਂ ਰਤਨ ਸਿੰਘ ਜੱਗੀ ਦਾ ਕਹਿਣਾ ਹੈ ਕਿ "ਗੁਰੂ ਨਾਨਕ ਦੇਵ ਜੀ ਨੇ ਨਾਰੀ ਲਈ ਭੰਡਿ ਸ਼ਬਦ ਦੀ ਵਰਤੋਂ ਕੀਤੀ ਹੈ। ਭੰਡ ਸ਼ਬਦ ਦੀ ਵਿਉਪੱਤੀ ਸੰਸਕ੍ਰਿਤ ਦੀ ਭੰਡ ਧਾਤੂ ਤੋਂ ਸਿੱਧ ਹੁੰਦੀ ਹੈ ਜਿਸ ਦਾ ਅਰਥ ਝਿੜਕਣਾ, ਡਾਟਨਾ; ਮਖ਼ੌਲ ਕਰਨਾ। ਚਿਰਾਂ ਤੋਂ ਮਰਦ ਸਮਾਜ ਦੁਆਰਾ ਡਾਂਟੀ-ਡਪਟੀ, ਝਿੜਕੀ ਜਾਂਦੀ ਜਾਂ ਉਸ ਦੁਆਰਾ ਉਪਹਾਸ ਦਾ ਪਾਤਰ ਬਣਾਈ ਜਾਣ ਵਾਲੀ ਜਾਂ ਸਦਾ ਭੰਡੀ ਜਾਣ ਵਾਲੀ ਨਾਰੀ ਨੂੰ ਭੰਡਿ ਸ਼ਬਦ ਰਾਹੀਂ ਹੀ ਸੰਬੋਧਿਤ ਕੀਤਾ ਜਾਣ ਲੱਗਿਆ।"[76] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੰਡਿ ਕਹੀ ਜਾਣ ਵਾਲੀ ਇਸਤਰੀ ਨੂੰ ਮਹਾਨ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਸਾਹਿਬ ਦੇ ਵਿਚਾਰ

---

[73] ਪਿਆਰਾ ਸਿੰਘ ਪਦਮ, *ਗੁਰੂ ਘਰ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997, ਪੰਨਾ 300.

[74] ਬੇਅੰਤ ਕੌਰ, 'ਸ੍ਰੀ ਗੁਰੂ ਗ੍ਰੰਥ ਸਾਹਿਬ: ਨਾਰੀਮੁਖਤਾ ਬਿਰਤਾਂਤ', *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਭਿਆਚਾਰਕ ਸਰੋਕਾਰ*, ਰਵੇਲ ਸਿੰਘ (ਸੰਪਾ.), ਪੰਜਾਬੀ ਅਕਾਦਮੀ, ਦਿੱਲੀ, 2010, ਪੰਨਾ 54.

[75] ਮਹਿੰਦਰ ਕੌਰ ਗਿਲ (ਸੰਪਾ.), *ਗੁਰਬਾਣੀ ਸਮੀਖਿਆ*, ਪੰਜਾਬੀ ਅਕਾਦਮੀ, ਦਿੱਲੀ 1999, ਪੰਨਾ 42.

[76] ਰਤਨ ਸਿੰਘ ਜੱਗੀ, *ਆਸਾ ਦੀ ਵਾਰ: ਵਿਸ਼ਲੇਸ਼ਣ ਅਤੇ ਵਿਆਖਿਆ*, ਗੁਰਮਤ ਪ੍ਰਕਾਸ਼ਨ, ਪਟਿਆਲਾ, 2014, ਪੰਨਾ 37.

ਅਨੁਸਾਰ ਭੰਡਿ ਨਾਲ ਹੀ ਇਨਸਾਨ ਸਾਰੇ ਰਿਸ਼ਤੇ/ਸੰਬੰਧ ਜੋੜਦਾ ਹੈ, ਤਾਂ ਉਸ ਦੀ ਨਿੰਦਿਆ ਕਿਵੇਂ ਸ਼ੋਭਾ ਦਿੰਦੀ ਹੈ। ਉਸ ਇਸਤਰੀ ਨੂੰ ਬੁਰਾ ਕਿਵੇਂ ਕਿਹਾ ਜਾ ਸਕਦਾ ਹੈ, ਜਿਸ ਦੇ ਗਰਭ ਵਿੱਚ ਪਹਿਲਾ ਵਾਸਾ ਕਰਨ ਉਪਰੰਤ ਹੀ ਇਨਸਾਨ ਇਸ ਧਰਤੀ 'ਤੇ ਆਉਂਦਾ ਹੈ। ਗ੍ਰਹਿਸਤ ਦੀ ਬੁਨਿਆਦ ਵੀ ਇਸਤਰੀ ਹੀ ਹੈ, ਜਿਸ ਨਾਲ ਇਨਸਾਨ ਵਿਆਹ ਕਰਵਾਉਂਦਾ ਹੈ, ਘਰ ਵਸਾਉਂਦਾ ਹੈ। ਇੱਕ ਪਤਨੀ ਦੇ ਚਲੇ ਜਾਣ 'ਤੇ ਦੂਸਰੀ ਦੀ ਕਾਹਲ ਕਰਦਾ ਹੈ। ਮਾਂ ਤੋਂ ਜਨਮ ਲੈਕੇ ਹੀ ਇਨਸਾਨ ਮਹਾਨ ਮਨੁੱਖ, ਰਾਜੇ-ਮਹਾਰਾਜੇ ਬਣੇ ਹਨ। ਜੇਕਰ ਇਸਤਰੀ ਦੀ ਕੁੱਖ ਮਹਾਨ ਇਨਸਾਨਾਂ ਨੂੰ ਜਨਮ ਦੇ ਸਕਦੀ ਹੈ ਤਾਂ ਉਹ ਖ਼ੁਦ ਮਹਾਨ ਕਿਵੇਂ ਨਹੀਂ ਹੋ ਸਕਦੀ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥[77]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਂ ਦੇ ਉਪਕਾਰਾਂ ਦੀ ਤੁਲਨਾ ਉਸ ਪਰਮ ਸੱਚ ਦੀਆਂ ਬਖ਼ਸ਼ਿਸ਼ਾਂ ਨਾਲ ਕੀਤੀ ਗਈ ਹੈ। ਜਿਵੇਂ ਪਰਮਾਤਮਾ ਆਪਣੀ ਸਿਰਜਣਾ ਦਾ ਪਾਲਣਹਾਰ ਤੇ ਰਖਵਾਲਾ ਹੈ ਉਸੇ ਤਰ੍ਹਾਂ ਮਾਂ ਆਪਣੇ ਬੱਚੇ ਨੂੰ ਜਨਮ ਦੇਕੇ ਉਸ ਦੀ ਪਾਲਨਾ ਅਤੇ ਰਾਖੀ ਕਰਦੀ ਹੈ।[78] ਕਿਸੇ ਇਨਸਾਨ ਦੇ ਮਹਾਨ ਹੋਣ ਪਿੱਛੇ ਮਾਂ ਦੀ ਸਿੱਖਿਆ ਨੂੰ ਸਲਾਹਿਆ ਗਿਆ ਹੈ। ਉਸ ਮਾਂ ਦੀ ਮਹਾਨਤਾ ਪ੍ਰਵਾਨ ਕੀਤੀ ਹੈ ਜਿਸਨੇ ਮਹਾਨ ਇਨਸਾਨਾਂ ਨੂੰ ਜਨਮ ਦਿੱਤਾ। ਗੁਰਬਾਣੀ ਵਿੱਚ ਮਹਾਨ ਇਨਸਾਨ ਦੀ ਜਨਨੀ ਨੂੰ ਧੰਨ ਕਹਿ ਸਲਾਹਿਆ ਹੈ।

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥[79]

---

77 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.

78 ਅਪੁਨੇ ਜੀਅ ਜੰਤ ਪ੍ਰਤਿਪਾਰੇ॥
ਜਿਉ ਬਾਰਿਕ ਮਾਤਾ ਸੰਮਾਰੇ॥ ਉਹੀ, ਪੰਨਾ 105.

79 ਉਹੀ, ਪੰਨਾ 32.

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥[80]

ਮਾਂ ਬੱਚੇ ਦੀ ਪਹਿਲੀ ਸਿੱਖਿਅਕ ਹੈ। ਜਿਵੇਂ ਮਿੱਟੀ ਘੁਮਿਆਰ ਦੇ ਨਿਪੁੰਨ ਹੱਥਾਂ ਵਿੱਚ ਜਾ ਕੇ ਸੁੰਦਰ ਵਸਤੂ ਜਾਂ ਬਰਤਨ ਦਾ ਰੂਪ ਧਾਰਦੀ ਹੈ ਉਵੇਂ ਹੀ ਮਾਂ ਆਪਣੇ ਪਿਆਰ ਅਤੇ ਸੰਭਾਲ ਨਾਲ ਵਿਅਕਤਿਤਵ ਦੀ ਘਾੜਤ ਘੜਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਤਾ-ਪਿਤਾ ਦੋਵਾਂ ਨੂੰ ਬਰਾਬਰ ਮੰਨਦਿਆ ਗੁਰੂ ਨਾਲ ਤੋਲਿਆ ਹੈ।[81]

ਸਿੱਖ ਧਰਮ ਵਿੱਚ ਇਸਤਰੀ ਨੂੰ ਜਿੱਥੇ ਸਮਾਜ ਦਾ ਆਧਾਰ ਮੰਨਿਆ ਗਿਆ ਹੈ ਉੱਥੇ ਹੀ ਉਸ ਨੂੰ ਸਿਰਜਣ, ਪਾਲਣ-ਪੋਸ਼ਣ ਜਿਹੇ ਗੁਣਾਂ ਨਾਲ ਵੀ ਸਲਾਹਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਪੱਖਾਂ ਨੂੰ ਵੀ ਵਿਚਾਰ ਅਧੀਨ ਲਿਆਂਦਾ ਗਿਆ ਜਿਸ ਰਾਹੀਂ ਇਸਤਰੀ ਨੂੰ ਦੂਸ਼ਿਤ ਮੰਨਿਆ ਗਿਆ ਹੈ। ਉਸ ਸਮੇਂ ਵਿੱਚ ਬ੍ਰਾਹਮਣਾਂ ਦੇ ਘੇਰੇ ਵਿੱਚ ਫਸੀ ਇਸਤਰੀ ਨੂੰ ਕਈ ਕਾਰਨਾਂ ਕਰਕੇ ਦੂਸ਼ਿਤ ਕਿਹਾ ਜਾਂਦਾ ਸੀ। ਇਸ ਕਰਕੇ ਇਸਤਰੀ ਨੂੰ ਪੂਰਨ ਤੌਰ ’ਤੇ ਧਾਰਮਿਕ ਕਾਰਜਾਂ ਤੋਂ ਵੰਚਿਤ ਕੀਤਾ ਹੋਇਆ ਸੀ। ਮਰਦ ਪ੍ਰਧਾਨ ਸੋਚ ਨੇ ਇਸਤਰੀ ਦੇ ਗੁਣਾਂ ਨੂੰ ਔਗੁਣਾਂ ਵਿੱਚ ਤਬਦੀਲ ਕਰ ਕੇ ਉਸ ਲਈ ਇਸਤਰੀ ਹੋਣਾ ਹੀ ਸ਼ਰਮਨਾਕ ਬਣਾਇਆ ਹੋਇਆ ਸੀ। ਅਜਿਹੇ ਕਈ ਕਾਰਨ ਸੂਤਕ, ਮਾਹਵਾਰੀ, ਸਤੀ ਪ੍ਰਥਾ ਅਤੇ ਪਰਦਾ ਪ੍ਰਥਾ ਆਦਿ ਸਨ ਜਿਹਨਾਂ ਨੇ ਇਸਤਰੀ ਦੀ ਹੋਂਦ ਤੇ ਸਵਾਲ ਖੜੇ ਕਰ ਰੱਖੇ ਸਨ।

**ਸੂਤਕ**: “ਸੂਤਕ ਤੋਂ ਭਾਵ ਉਹ ਭਿੱਟ ਸੀ, ਜੋ ਬੱਚੇ ਦੇ ਜਨਮ ਉਪ੍ਰੰਤ ਸਾਰੇ ਪ੍ਰਵਾਰ ਨੂੰ ਅਪਵਿੱਤਰ ਕਰ ਦੇਂਦੀ ਸੀ। ਜਿਸ ਕਮਰੇ ਵਿੱਚ ਬੱਚੇ ਦਾ ਜਨਮ ਹੁੰਦਾ, ਉਸ ਕਮਰੇ ਦੀ ਹਰ ਵਸਤੂ ਅਪਵਿੱਤਰ ਸਮਝੀ ਜਾਂਦੀ।”[82] ਬੱਚੇ ਦੇ ਪੈਦਾ ਹੋਣ ਕਾਰਨ ਉਸ ਘਰ ਤੋਂ ਬ੍ਰਾਹਮਣ ਵੀ ਕਈ ਦਿਨਾਂ ਤੱਕ ਪ੍ਰਸ਼ਾਦ ਨਾ ਲੈਂਦੇ ਕਿਉਂਕਿ ਇਹ ਵਿਸ਼ਵਾਸ ਸੀ ਕਿ ਘਰ ਅਪਵਿੱਤਰ ਹੈ। ਇਸ ਸਮੇਂ ਬ੍ਰਾਹਮਣ ਇਸਤਰੀ ਦਾ ਸੂਤਕ ਦਾ ਸਮਾਂ 11 ਦਿਨਾਂ ਦਾ ਖੱਤਰੀ ਇਸਤਰੀ ਲਈ 13 ਦਿਨਾਂ ਦਾ, ਵੈਸ਼ ਜਾਤ ਨਾਲ ਸੰਬੰਧਿਤ ਇਸਤਰੀ ਲਈ 17 ਦਿਨਾਂ ਦਾ, ਸ਼ੂਦਰ ਇਸਤਰੀ ਲਈ 30 ਦਿਨਾਂ ਦਾ ਸਮਾਂ ਮੰਨਿਆ ਜਾਂਦਾ ਸੀ।[83] ਘਰ ਨੂੰ ਸਾਫ਼-ਸੁਥਰਾ ਕਰ ਕੇ ਬ੍ਰਾਹਮਣਾਂ ਨੂੰ ਭੋਜਨ ਛਕਾਉਣ ਜਾਂ ਘਰ ਵਿੱਚ ਹਵਨ ਅਤੇ ਮੰਤਰਾਂ ਦਾ ਗਾਇਣ ਕਰਵਾਕੇ ਪਵਿੱਤਰ ਕਰਨ ਦਾ ਵਿਧਾਨ ਪ੍ਰਚਲਿਤ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਜੇਕਰ ਜਨਮ ਹੋਣ ’ਤੇ ਇਸਤਰੀ ਨੂੰ ਦੂਸ਼ਿਤ ਗਿਣਦੇ ਹੋ ਤਾਂ ਹਰ ਜਗ੍ਹਾ ਦੂਸ਼ਿਤ ਹੈ ਕਿਉਂਕਿ ਹਰ ਸਮੇਂ ਹਰ ਥਾਂ ’ਤੇ ਜਨਮ ਮਰਨ ਦਾ ਸਿਲਸਿਲਾ ਚੱਲਦਾ

---

80 ਉਹੀ, ਪੰਨਾ 310.

81 ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ ਉਹੀ, ਪੰਨਾ 250.

82 ਸੋਹਿੰਦਰ ਸਿੰਘ ਵਣਜਾਰਾ ਬੇਦੀ, ‘ਲੋਕ ਪ੍ਰਚਲਤ ਧਰਮ-ਵਿਧੀਆਂ ਤੇ ਨਾਨਕ ਬਾਣੀ’, *ਗੁਰਬਾਣੀ ਵਿਚਾਰਧਾਰਾਈ ਪਰਿਪੇਖ*, ਬਲਦੇਵ ਸਿੰਘ ਬੱਧਨ (ਸੰਪਾ.), ਲੋਕਗੀਤ ਪ੍ਰਕਾਸ਼ਨ, ਸਰਹੰਦ, 1989, ਪੰਨਾ 180.

83 ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 223.

ਰਹਿੰਦਾ ਹੈ। ਨਿੱਕੇ ਨਿੱਕੇ ਕੀੜੇ ਮਕੌੜੇ ਹਰ ਥਾਂ ਜੰਮਦੇ ਮਰਦੇ ਹਨ ਤਾਂ ਸਾਰਾ ਸੰਸਾਰ ਦੂਸ਼ਿਤ ਹੋਇਆ। ਸੂਤਕ ਹਰ ਥਾਂ ਸਮੁੰਦਰਾਂ ਨਦੀਆਂ, ਖੂਹਾਂ, ਮਿੱਟੀ ਸਭ ਵਿੱਚ ਹੈ। ਖਾਣੇ, ਪਾਣੀ ਸਭ ਵਿੱਚ ਨਿੱਕੇ-ਨਿੱਕੇ ਜੀਵ ਜੰਤੂ ਹਨ, ਜੋ ਹਰ ਪਲ ਜੰਮਦੇ ਹਨ। ਇਹਨਾਂ ਵਿਚਾਰਾਂ ਅਨੁਸਾਰ ਤਾਂ ਹਰ ਥਾਂ ਅਤੇ ਹਰ ਚੀਜ਼ ਹੀ ਸੂਤਕ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥......
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥[84]
ਜਲਿ ਹੈ ਸੂਤਕੁ ਥਲਿ ਹੈ ਸੂਤਕੁ ਸੂਤਕੁ ਓਪਤਿ ਹੋਈ॥
ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ॥......
ਕਹੁ ਰੇ ਪੰਡੀਆ ਕਉਨ ਪਵੀਤਾ॥
ਐਸਾ ਗਿਆਨੁ ਜਪਹੁ ਮੇਰੇ ਮੀਤਾ॥ [85]

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਸਲੀ ਸੂਤਕ ਮਨ ਦੇ ਵਿਕਾਰ ਹਨ: ਝੂਠ ਬੋਲਣਾ, ਪਰਾਈ ਇਸਤਰੀ ਨੂੰ ਬੁਰੀ ਨਜ਼ਰ ਨਾਲ ਦੇਖਣਾ, ਪਰਾਈ ਨਿੰਦਿਆ ਕਰਨਾ ਸੂਤਕ ਹੈ। ਅਸਲ ਸੂਤਕ ਮਨ ਅੰਦਰਲੀ ਅਪਵਿੱਤਰਤਾ ਹੈ। ਸਰੀਰਕ ਪਵਿੱਤਰਤਾ ਮਹੱਤਵਹੀਣ ਹੈ ਜੇਕਰ ਮਨ ਵਿਕਾਰਾਂ ਨਾਲ ਭਰਿਆ ਹੋਵੇ। ਸੂਤਕ ਦੇ ਭਾਗੀਦਾਰ ਕੇਵਲ ਇਸਤਰੀਆਂ ਹੀ ਨਹੀਂ ਸਗੋਂ ਮਰਦ ਵੀ ਹਨ, ਜਿਹੜੇ ਝੂਠ, ਲੋਭ, ਮੋਹ ਅਤੇ ਅਹੰਕਾਰ ਜਿਹੇ ਮਾੜੇ ਵਿਕਾਰਾਂ ਵਿੱਚ ਗ੍ਰਸਤ ਹਨ। ਇਹ ਵੀ ਕਹਿ ਸਕਦੇ ਹਾਂ ਦੂਸ਼ਿਤ ਹੋਣਾ ਕੇਵਲ ਇਸਤਰੀ ਹਿੱਸੇ ਨਹੀਂ ਸਗੋਂ ਹਰ ਉਸ ਇਨਸਾਨ ਦੇ ਹਿੱਸੇ ਹੈ ਜੋ ਆਪਣੇ ਅੰਦਰ ਵਿਕਾਰਾਂ ਨੂੰ ਪਾਲਦਾ ਹੈ। ਇਹਨਾਂ ਵਿਕਾਰਾਂ ਜਾਂ ਸੂਤਕ ਨੂੰ ਗਿਆਨ ਨਾਲ ਹੀ ਧੋਇਆ ਜਾ ਸਕਦਾ ਹੈ।

**ਮਾਹਵਾਰੀ:** ਮਾਹਵਾਰੀ ਦਾ ਸਮਾਂ ਵੀ ਬੱਚੇ ਦੇ ਜਨਮ ਦੇ ਸਮੇਂ ਵਾਂਗ ਇਸਤਰੀ ਲਈ ਦੂਸ਼ਿਤ ਸਮਾਂ ਗਿਣਿਆ ਜਾਂਦਾ ਸੀ। ਮਾਹਵਾਰੀ ਸਮੇਂ ਇਸਤਰੀ ਨੂੰ ਜੂਠੀ ਜਾਂ ਅਪਵਿੱਤਰ ਸਮਝ ਰਸੋਈ ਦੇ ਨੇੜੇ ਜਾਣ ਦੀ ਆਗਿਆ ਨਹੀਂ ਸੀ। ਇਹ ਮਹਾਂ ਗੁਣ ਜੋ ਇਸਤਰੀ ਹਿੱਸੇ ਸੀ, ਇਸੇ ਨੂੰ ਇਸਤਰੀ ਦੀ ਕਮਜ਼ੋਰੀ ਮੰਨਿਆ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਸੱਚ ਨੂੰ ਦਰਸਾਇਆ ਗਿਆ ਹੈ ਕਿ ਪਿਤਾ ਦੇ ਵੀਰਜ ਅਤੇ ਮਾਂ ਦੇ ਖੂਨ ਦੇ ਸਹਿਯੋਗ ਨਾਲ ਹੀ ਮਨੁੱਖ ਪੈਦਾ ਹੁੰਦਾ ਹੈ।[86] ਇਸਤਰੀ ਦਾ ਖ਼ੂਨ ਉਸਦੀ ਕਮਜ਼ੋਰੀ ਦੀ

---

84 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 472.

85 ਉਹੀ, ਪੰਨਾ 331.

86 ਮਾ ਕੀ ਰਕਤੁ ਪਿਤਾ ਬਿਦੁ ਧਾਰਾ॥
ਮੂਰਤਿ ਸੂਰਤਿ ਕਰਿ ਆਪਾਰਾ॥ ਉਹੀ, ਪੰਨਾ 1022.

ਨਿਸ਼ਾਨੀ ਨਹੀਂ ਹੋ ਸਕਦਾ ਕਿਉਂਕਿ ਖ਼ੂਨ ਨਵੀਂ ਜ਼ਿੰਦਗੀ ਦਿੰਦਾ ਹੈ। ਜਿਸ ਖ਼ੂਨ ਰਾਹੀਂ ਇਸਤਰੀ ਨਵਾਂ ਰੂਪ ਸਿਰਜਦੀ ਹੈ, ਉਹ ਕਿਵੇਂ ਇਸਤਰੀ ਨੂੰ ਦੂਸ਼ਿਤ ਕਰ ਸਕਦਾ ਹੈ। ਸਰੀਰ ਦੀ ਸਫ਼ਾਈ ਇਨਸਾਨ ਨੂੰ ਪਵਿੱਤਰ ਨਹੀਂ ਬਣਾਉਂਦੀ, ਪਵਿੱਤਰ ਬਣਨ ਲਈ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਵਸਾਉਣਾ ਅਤੇ ਮਨ ਵਿੱਚੋਂ ਮਾੜੇ ਵਿਕਾਰਾਂ ਦਾ ਨਿਕਾਸ ਜ਼ਰੂਰੀ ਹੈ:

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ [87]
ਤਨ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥ [88]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਸਾਰੀਆਂ ਗੱਲਾਂ ਨੂੰ ਨਕਾਰਿਆ ਗਿਆ ਹੈ ਜਿਹੜੀਆਂ ਇਸਤਰੀ ਦੇਹ ਨੂੰ ਉਸਦੇ ਗੁਣਾਂ ਦੀ ਥਾਂ ਔਗੁਣਾਂ ਦੀ ਖ਼ਾਨ ਦੱਸਦੀਆਂ ਹਨ।

**ਸਤੀ ਪ੍ਰਥਾ:** ਉਸ ਸਮੇਂ ਵਿੱਚ ਪ੍ਰਚਲਿਤ ਧਾਰਨਾ ਅਨੁਸਾਰ ਪਤੀ ਦੀ ਮੌਤ ਹੋ ਜਾਣ 'ਤੇ ਪਤਨੀ ਜਿਉਂਦੇ ਜੀ ਪਤੀ ਦੀ ਚਿਤਾ ਵਿੱਚ ਸੜਕੇ ਮਰਦੀ ਸੀ, ਚਾਹੇ ਉਸਦੀ ਇੱਛਾ ਹੋਵੇ ਜਾਂ ਨਾ ਹੋਵੇ। ਮਰਦ ਲਈ ਅਜਿਹੀ ਕੋਈ ਰਸਮ ਨਹੀਂ ਸੀ, ਜ਼ਿਆਦਾਤਰ ਮਰਦ ਪਤਨੀ ਦੀ ਮੌਤ ਹੋਣ ਉਪਰੰਤ ਦੂਸਰਾ ਵਿਆਹ ਕਰਵਾ ਲੈਂਦੇ ਸਨ। ਪਰ ਇਸਤਰੀ ਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ ਸੀ। ਇਸ ਕਰਕੇ ਪਤੀ ਬਿਨਾਂ ਇਸਤਰੀ ਦੀ ਕੋਈ ਹੋਂਦ ਕਿਆਸੀ ਨਹੀਂ ਜਾਂਦੀ ਸੀ। ਇਸ ਭੈੜੀ ਰਸਮ ਨੇ ਨਾ ਸਿਰਫ਼ ਇਸਤਰੀ ਦੀ ਅਹਿਮੀਅਤ ਨੂੰ ਹੀ ਘਟਾਇਆ ਬਲਕਿ ਮਰਦ-ਬਿਹੂਣੀ ਇਸਤਰੀ ਦੀ ਹੋਂਦ ਨੂੰ ਵੀ ਬੇਲੋੜੀ ਕਰਾਰ ਕਰ ਦਿੱਤਾ ਸੀ। ਬ੍ਰਾਹਮਣ ਵਿਧਵਾ ਨੂੰ ਇਸ ਕਰੜੀ ਅਜਮਾਇਸ਼ ਤੋਂ ਆਜ਼ਾਦੀ ਸੀ।[89] ਸਮਾਜਿਕ ਵਰਗ ਵੰਡ ਨੇ ਇਸਤਰੀਆਂ ਪ੍ਰਤੀ ਰਵੱਈਆ ਵੀ ਵੰਡਿਆ ਹੋਇਆ ਸੀ। ਗੁਰੂ ਅਮਰਦਾਸ ਸਾਹਿਬ ਨੇ ਇਸ ਫੈਲੇ ਪਾਖੰਡ ਨੂੰ ਗ਼ੈਰ ਕੁਦਰਤੀ ਦੱਸਦਿਆਂ ਇਸਦੇ ਅਸਲ ਭਾਵ ਤੋਂ ਜਾਣੂ ਕਰਵਾਇਆ। ਉਹਨਾਂ ਅਨੁਸਾਰ ਅਸਲ ਸਤੀ ਉਹ ਨਹੀਂ ਜੋ ਪਤੀ ਦੀ ਚਿਤਾ ਵਿੱਚ ਸੜਦੀ ਹੈ, ਅਸਲ ਸਤੀ ਤਾਂ ਉਹ ਹੈ ਜੋ ਪਤੀ ਤੋਂ ਵਿੱਛੜ ਕੇ ਵੀ ਉਸ ਦੀ ਯਾਦ ਵਿੱਚ ਸਮਾਂ ਗੁਜ਼ਾਰਦੀ ਹੋਈ ਹਮੇਸ਼ਾ ਉਸਨੂੰ ਹੀ ਸਮਰਪਿਤ ਰਹਿੰਦੀ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥

---

87 ਉਹੀ, ਪੰਨਾ 472.

88 ਉਹੀ, ਪੰਨਾ 19.

89 "Therfore according to the laws of a great Brahman of ancient times the widow had to burn herself alive at the death of her husband. Manu very tactfully kept the Brahman widows out of the ordeal."
Diwan Singh, *The Highway of Sikhism*, Peoples Publishing House, Chandigarh, 1995, p. 118.

ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥....

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥[90]

ਜਲੈ ਨ ਪਾਈਐ ਰਾਮ ਸਨੇਹੀ॥

ਕਿਰਤਿ ਸੰਜੋਗਿ ਸਤੀ ਉਠਿ ਹੋਈ॥...

ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ॥

ਧੰਨੁ ਸਤੀ ਦਰਗਹ ਪਰਵਾਨਿਆ॥[91]

ਪਤੀ ਦੀ ਚਿਤਾ ਵਿੱਚ ਸੜ ਜਾਣ ਨਾਲ ਉਸਦੀ ਨੇੜਤਾ ਹਾਸਲ ਨਹੀਂ ਹੁੰਦੀ, ਸਗੋਂ ਇਹ ਤਾਂ ਮਨ ਦਾ ਹੱਠ ਪ੍ਰਤੀਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਸੀਲ, ਸੰਜਮੀ ਅਤੇ ਸੰਤੋਖੀ ਹੋ ਕੇ ਪਤੀਵਰਤਾ ਇਸਤਰੀ ਹੋਣਾ ਹੀ ਸਤੀ ਹੋਣਾ ਹੈ।

**ਪਰਦਾ ਪ੍ਰਥਾ:** ਪਰਦੇ ਤੋਂ ਭਾਵ ਇਸਤਰੀ ਆਪਣੇ ਆਪ ਨੂੰ ਢੱਕ ਕੇ ਰੱਖੇ ਤਾਂਕਿ ਮਰਦ ਅਤੇ ਇਸਤਰੀ ਵਿੱਚ ਦੂਰੀ ਰਹਿ ਸਕੇ। ਭਾਈ ਕਾਨ੍ਹ ਸਿੰਘ ਨਾਭਾ ਪਰਦੇ ਬਾਰੇ ਕਹਿੰਦੇ ਹਨ ਕਿ "ਇਸਤ੍ਰੀਆਂ ਨੂੰ ਦੂਸਰਿਆਂ ਦੀ ਦ੍ਰਿਸ਼੍ਰਿ ਤੋਂ ਬਚਾਉਣ ਲਈ ਵਸਤ੍ਰ ਮਕਾਨ ਆਦਿ ਦੀ ਓਟ।"[92] ਉਸ ਸਮੇਂ ਦੇ ਸਮਾਜਿਕ ਅਤੇ ਰਾਜਨੀਤਿਕ ਹਾਲਾਤ ਅਜਿਹੇ ਸਨ ਕਿ ਇਸਤਰੀਆਂ ਨੂੰ ਸੁਰੱਖਿਆ ਹੇਠ ਰੱਖਿਆ ਜਾਂਦਾ ਸੀ ਮਾੜੀਆਂ ਬਿਰਤੀਆਂ ਤੋਂ ਬਚਣ ਲਈ ਪਰਦੇ ਦਾ ਨਿਯਮ ਪ੍ਰਚਲਿਤ ਹੋਇਆ ਅਤੇ ਸਮੇਂ ਦੇ ਨਾਲ-ਨਾਲ ਇਹ ਪਿਰਤ ਬਣ ਕੇ ਰਹਿ ਗਈ ਸੀ। ਮਰਦ ਪ੍ਰਧਾਨ ਸਮਾਜ ਵਿੱਚ ਇਸਤਰੀਆਂ ਨੂੰ ਅਜਿਹੇ ਰਿਵਾਜਾਂ ਵਿੱਚ ਸਮੇਟ ਦਿੱਤਾ ਜਾਂਦਾ ਹੈ। ਉਹਨਾਂ ਦੀ ਇੱਛਾ ਦੇ ਵਿਰੁੱਧ ਉਸਨੂੰ ਕੱਜਣ ਵਾਲਾ ਇਹ ਅਜਿਹਾ ਰਿਵਾਜ ਸੀ ਜਿਸ ਨਾਲ ਉਸ ਦੀਆਂ ਉਮੰਗਾਂ ਵੀ ਢੱਕ ਕੇ ਰਹਿ ਜਾਂਦੀਆਂ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸ ਸਾਰੇ ਕੂੜ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਸਗੋਂ ਇਸਤਰੀ ਨੂੰ ਹਰ ਥਾਂ 'ਤੇ ਬਰਾਬਰਤਾ ਪ੍ਰਦਾਨ ਕੀਤੀ ਗਈ ਹੈ। ਗੁਰੂ ਅਮਰਦਾਸ ਸਾਹਿਬ ਨੇ ਸੰਗਤ ਵਿੱਚ ਘੁੰਡ ਕੱਢ ਕੇ ਆਈ ਹਰੀਪੁਰ ਦੀ ਮਹਾਰਾਣੀ ਨੂੰ ਦੇਖਕੇ ਘੁੰਡ ਦਾ ਤਿਆਗ ਕਰਨ ਦਾ ਉਪਦੇਸ਼ ਦਿੱਤਾ ਸੀ।[93] ਹਰ ਇਨਸਾਨ ਨੂੰ ਆਪਣਾ ਤਨ ਸੰਵਾਰਨ ਦੇ ਨਾਲ ਆਪਣੇ ਮਨ ਨੂੰ ਸੰਵਾਰਨ ਦੀ ਸੀਖ ਦਿੱਤੀ। ਪਰਾਈ ਵਸਤੂ

---

[90] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 787.

[91] ਉਹੀ, ਪੰਨਾ 185.

[92] ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 746.

[93] "Guru Amardass was also against the custom of purdah, as may be seen from his exhortation to the Rani of Haripur who had come to the sangat (religious assembly) with a veil on."
Teja Singh, *Essays in Sikhism*, Sikh University Press, Lahore, 1994, p.67.

ਵੱਲ ਤੱਕਣ ਦੀ ਮਨਾਹੀ ਦੇ ਨਾਲ ਪਰਾਈ ਇਸਤਰੀ ਵੱਲ ਦੇਖਣਾ ਵੀ ਬਹੁਤ ਵੱਡਾ ਗੁਨਾਹ ਦੱਸਿਆ। ਗੁਰੂ ਸਾਹਿਬਾਨ ਨੇ ਇਸਤਰੀ ਦਾ ਪਰਦੇ ਅੰਦਰ ਛੁਪਣਾ ਜਾਇਜ਼ ਨਹੀਂ ਸਮਝਿਆ ਇਸ ਲਈ ਉਹਨਾਂ ਨੇ ਮਰਦ ਇਸਤਰੀ ਦੋਵਾਂ ਨੂੰ ਸੰਜਮ ਵਿੱਚ ਜੀਵਨ ਗੁਜ਼ਾਰਦੇ ਹੋਏ ਇੱਕ ਦੂਸਰੇ ਲਈ ਵਫ਼ਾਦਾਰ ਰਹਿਣ ਨੂੰ ਕਿਹਾ ਹੈ। ਉਸ ਵਿਖਾਵੇ ਦੇ ਘੁੰਡ ਦਾ ਕੀ ਫ਼ਾਇਦਾ ਜੇਕਰ ਮਨ ਵਿਕਾਰਾਂ ਨਾਲ ਭਰਿਆ ਹੋਵੇ। ਅਸਲ ਪਰਦਾ ਤਾਂ ਝੂਠ, ਫ਼ਰੇਬਾਂ ਤੋਂ ਕਰਨਾ ਹੈ ਜਿਸ ਨਾਲ ਸਚਿਆਰ ਨੂੰ ਜੀਵਨ ਵਿੱਚ ਮਰਦ ਇਸਤਰੀ ਦੋਵਾਂ ਲਈ ਧਾਰਨ ਕਰਨਾ ਜ਼ਰੂਰੀ ਹੈ:

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥
ਅੰਤ ਕੀ ਬਾਰ ਲਹੈਗੀ ਨ ਆਢੈ॥...
ਕਰਤ ਕਬੀਰ ਬਹੂ ਤਬ ਜੀਤੈ॥
ਹਰਿ ਗੁਨ ਗਾਵਤ ਜਨਮੁ ਬਿਤੀਤੈ॥[94]

**ਵਰਤ:** ਇਸ ਸਮੇਂ ਵਿੱਚ ਇਸਤਰੀਆਂ ਵੱਲੋਂ ਪਤੀ ਅਤੇ ਪੁੱਤਰ (ਮਰਦਾਂ) ਦੇ ਸੁੱਖ ਜਾਂ ਲੰਬੀ ਉਮਰ ਲਈ ਵਰਤ ਰੱਖੇ ਜਾਂਦੇ ਸਨ। ਗੁਰੂ ਸਾਹਿਬਾਨ ਨੇ ਕਰਮਕਾਂਡੀ ਵਰਤ ਵਿਧਾਨ ਨੂੰ ਪ੍ਰਵਾਨ ਨਹੀਂ ਕੀਤਾ। ਉਹਨਾਂ ਅਨੁਸਾਰ ਅਸਲ ਵਰਤ ਸੰਜਮ ਵਿੱਚ ਰਹਿ ਕੇ ਨਾਮ ਸਿਮਰਨ ਦੇ ਰਹੱਸ ਨੂੰ ਸਮਝਣਾ ਹੈ। ਬੁਰਾਈਆਂ ਦਾ ਤਿਆਗ ਅਤੇ ਸਦਗੁਣਾਂ ਨੂੰ ਅਪਨਾਉਣਾ ਹੀ ਵਰਤ ਹੈ। ਭਗਤ ਕਬੀਰ ਨੇ ਵਰਤ ਰੱਖਣ ਦੇ ਅਡੰਬਰਾਂ ਵਿੱਚ ਪਏ ਲੋਕਾਂ ਨੂੰ ਕੁਚੱਜੀ ਇਸਤਰੀ ਕਹਿ ਦੁਰਕਾਰਿਆ ਹੈ।[95] ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਭੁੱਖ ਦਾ ਅਧਿਆਤਮਿਕ ਵਿਕਾਸ ਨਾਲ ਕੋਈ ਮੇਲ ਨਹੀਂ ਹੈ। ਇਸ ਨਾਲ ਸਰੀਰ ਨੂੰ ਕਸ਼ਟ ਦੇਣ ਤੋਂ ਇਲਾਵਾ ਕੁੱਝ ਵੀ ਹਾਸਲ ਨਹੀਂ ਕੀਤਾ ਜਾ ਸਕਦਾ।

**ਵਿਧਵਾ ਵਿਆਹ:** ਇਸ ਸਮੇਂ ਵਿੱਚ ਇਸਤਰੀ ਪੂਰਨ ਤੌਰ ’ਤੇ ਪਤੀ ਉੱਪਰ ਨਿਰਭਰ ਹੁੰਦੀ ਸੀ। ਪਤੀ ਦੀ ਮੌਤ ਪਿੱਛੋਂ ਉਸ ਲਈ ਦੋ ਹੀ ਰਸਤੇ ਬੱਚਦੇ ਸਨ: ਇੱਕ ਪਤੀ ਦੀ ਚਿਤਾ ਨਾਲ ਹੀ ਸਤੀ ਹੋ ਜਾਵੇ ਅਤੇ ਦੂਸਰਾ ਆਪਣੀਆਂ ਸੰਪੂਰਨ ਲੋੜਾਂ ਨੂੰ ਮਾਰ ਕੇ ਲਾਸ਼ ਬਣ ਕੇ ਜੀਵਨ ਦੇ ਬਾਕੀ ਦਿਨ ਪੂਰੇ ਕਰ ਲਵੇ। ਇਸ ਸਮੇਂ ਵਿੱਚ ਵਿਧਵਾ ਲਈ ਨਿਯੋਗ ਪ੍ਰਥਾ ਅਪਰਾਧ ਗਿਣੀ ਜਾਂਦੀ ਸੀ। “ਸਮਾਜ ਵੱਲੋਂ ਹੁੰਦੇ ਘਟੀਆ ਵਤੀਰੇ ਅਤੇ ਪਤੀ ਦੀ ਮੌਤ ਕਰਕੇ ਉਪਜੀ ਆਰਥਿਕ ਮਜ਼ਬੂਰੀ ਕਰਕੇ ਬਹੁਤ ਸਾਰੀਆਂ ਔਰਤਾਂ ਆਪਣਾ ਸਰੀਰ ਵੇਚਣ ਲਈ ਤਿਆਰ ਹੋ ਜਾਂਦੀਆਂ ਸਨ।”[96] ਉਹਨਾਂ ਕੋਲ ਰੋਜ਼ੀ ਕਮਾਉਣ ਦਾ ਸਾਧਨ ਨਾ

---

[94] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 484.

[95] ਛੋਡਹਿ ਅੰਨੁ ਕਰਹਿ ਪਾਖੰਡ॥
ਨਾ ਸੋਹਾਗਨਿ ਨਾ ਓਹਿ ਰੰਡ॥ ਉਹੀ, ਪੰਨਾ 873.

[96] ਹਰਬੰਸ ਸਿੰਘ ਚਾਵਲਾ, *ਗੁਰੂ ਗ੍ਰੰਥ ਬਾਣੀ ਵਿੱਚ ਸਮਕਾਲੀ ਸਮਾਜਿਕ ਚਿੱਤਰ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990, ਪੰਨਾ 247.

ਹੋਣ ਕਰਕੇ ਆਪਣੀਆਂ ਲੋੜਾਂ ਨੂੰ ਪੂਰਨ ਕਰਨ ਹਿਤ ਕੁਰਾਹੇ ਪੈਣ ਦੀ ਸੰਭਾਵਨਾ ਕਾਰਨ ਸਿੱਖ ਧਰਮ ਵਿੱਚ ਪੁਨਰ ਵਿਆਹ ਦਾ ਉਪਦੇਸ਼ ਦਿੱਤਾ ਗਿਆ। ਤਾਂਕਿ ਕੋਈ ਵੀ ਮਜ਼ਬੂਰੀ ਉਸ ਨੂੰ ਕੁਰਾਹੇ ਨਾ ਪਾ ਸਕੇ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਿੱਖ ਧਰਮ ਵਿੱਚ ਪੁਨਰਵਿਵਾਹ ਦੀ ਪੂਰੀ ਆਗਯਾ ਹੈ।"[97] ਵਿਧਵਾ ਵਿਆਹ ਦੀ ਆਗਿਆ ਨਾਲ ਇਸਤਰੀ ਦੀ ਮਾੜੀ ਹਾਲਤ ਵਿੱਚ ਸੁਧਾਰ ਹੋਇਆ ਅਤੇ ਨਾਲ ਹੀ ਇਹ ਆਗਿਆ ਸਤੀ ਪ੍ਰਥਾ ਨੂੰ ਖ਼ਤਮ ਕਰਨ ਵਿੱਚ ਵੀ ਸਹਾਇਕ ਸਾਬਤ ਹੋਈ।

**ਵੇਸਵਾ:** ਉਸ ਸਮੇਂ ਵਿੱਚ ਲੋਕਾਂ ਦੇ ਜੀਵਨ ਵਿੱਚ ਸਦਾਚਾਰਕ ਤੌਰ ਤੇ ਬੇਹੱਦ ਗਿਰਾਵਟ ਆ ਚੁੱਕੀ ਸੀ। ਇਸਤਰੀ ਨੂੰ ਮਰਦਾਂ ਨੇ ਆਪਣੇ ਹੇਠ ਦਬਾ ਕੇ ਰੱਖਣ ਦੇ ਵਰਤਾਰੇ ਵਿੱਚ ਉਸ ਦੀ ਨਿਮਰਤਾ, ਪਿਆਰ, ਸੰਜਮ ਸਾਰੇ ਗੁਣਾਂ ਦਾ ਨਜਾਇਜ਼ ਫ਼ਾਇਦਾ ਚੁੱਕਿਆ। ਇਸਤਰੀ ਇਸ ਲਈ ਕਸੂਰਵਾਰ ਸੀ ਕਿ ਉਸਨੇ ਇਸ ਸਾਰੇ ਵਰਤਾਰੇ ਨੂੰ ਚੁੱਪਚਾਪ ਸਹਿਣ ਕੀਤਾ ਅਤੇ ਮਰਦ ਦੀ ਇੱਛਾ ਮੁਤਾਬਿਕ ਢਲਦੀ ਰਹੀ। ਮਰਦਾਂ ਦੀ ਜ਼ਰੂਰਤ ਮੁਤਾਬਿਕ ਹੀ ਇਸਤਰੀ ਵੇਸਵਾਪੁਣੇ ਦੇ ਰਾਹੇ ਤੁਰੀ ਜਾਪਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਵੇਸਵਾ ਉਹ ਹੈ "ਜੋ ਅਨੇਕ ਵੇਸਾਂ ਨਾਲ ਸਰੀਰ ਨੂੰ ਸ਼ਿੰਗਾਰਦੀ ਹੈ।"[98] ਅਜਿਹੀ ਇਸਤਰੀ ਜਿਹੜੀ ਆਪਣਾ ਸਰੀਰ ਮਰਦਾਂ ਹਵਾਲੇ ਕਰਦੀ ਅਤੇ ਉਹਨਾਂ ਦੀ ਕਾਮਵਾਸ਼ਨਾ ਨੂੰ ਮਿਟਾ ਕੇ ਆਪਣੀ ਰੋਜ਼ੀ ਕਮਾਉਂਦੀ ਹੈ, ਉਹ ਵੇਸਵਾ ਦੇ ਨਾਮ ਨਾਲ ਜਾਣੀ ਜਾਂਦੀ ਹੈ। ਇੱਥੇ ਮਰਦ ਦੀ ਸੌੜੀ ਸੋਚ ਅਤੇ ਜ਼ਰੂਰਤ ਨੂੰ ਨਜ਼ਰਅੰਦਾਜ਼ ਕਰਦੇ ਹੋਏ ਸਿਰਫ਼ ਇਸਤਰੀ ਨੂੰ ਹੀ ਵੇਸਵਾ ਦਾ ਨਾਮ ਦੇ ਦਿੱਤਾ ਗਿਆ। "ਪੁਰਸ਼ ਪਰਧਾਨ ਸਮਾਜ ਵਿਚ ਇਸਤ੍ਰੀ ਨੂੰ ਮਨੁੱਖ ਦੀ ਕਦੀ-ਨਾ-ਤ੍ਰਿਪਤ ਹੋਣ ਵਾਲੀ ਲਿੰਗ ਭੁੱਖ ਦਾ ਸਦੀਵੀ ਉਪਕਰਨ (ਸਾਧਨ) ਬਣਾਈ ਰੱਖਣ ਲਈ ਉਸ ਨੂੰ ਵੇਸਵਾ ਬਣਨ ਤੇ ਮਜ਼ਬੂਰ ਕੀਤਾ ਜਾਂਦਾ ਹੈ ਤੇ ਫਿਰ ਉਸ ਨੂੰ ਅਥਾਹ ਤ੍ਰਿਸਕਾਰ ਤੇ ਨਫ਼ਰਤ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਸੰਸਾਰ ਦਾ ਇਤਿਹਾਸ ਇਸ ਘਣਾਉਣੀ ਸਚਾਈ ਦਾ ਇਕ ਮੂੰਹੋਂ-ਬੋਲਦਾ ਗਵਾਹ ਹੈ।"[99] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੇਸਵਾ ਸ਼ਬਦ ਦੀ ਵਰਤੋਂ ਕੇਵਲ ਇਸਤਰੀ ਲਈ ਨਹੀਂ ਸਗੋਂ ਮਰਦਾਂ ਲਈ ਵੀ ਕੀਤੀ ਗਈ ਹੈ। ਗੁਰਬਾਣੀ ਅਨੁਸਾਰ ਜੋ ਇਨਸਾਨ ਆਪਣੇ ਆਦਰਸ਼ਾਂ ਤੋਂ ਗਿਰੇ ਹੋਏ ਹਨ ਉਹ ਵੇਸਵਾ ਦੇ ਤੁਲ ਹਨ:

ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹ ਪਾਪਿਸਟ ਹਤਿਆਰੀ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥[100]

---

97 ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 776.

98 ਉਹੀ, ਪੰਨਾ 1107.

99 ਦੀਵਾਨ ਸਿੰਘ, *ਸਿੱਖ ਧਰਮ ਬਾਰੇ*, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, 1988, ਪੰਨਾ 66.

100 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 651.

ਆਮਤੌਰ 'ਤੇ ਇਸਤਰੀ ਨੂੰ ਮਰਦ ਦੇ ਕਾਮੁਕ ਹੋਣ ਲਈ ਜ਼ੁੰਮੇਵਾਰ ਮੰਨਿਆ ਜਾਂਦਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਰ ਇਨਸਾਨ ਬੁਰਿਆਈ ਦੇ ਰਾਹ 'ਤੇ ਚੱਲਣ ਲਈ ਖ਼ੁਦ ਜ਼ੁੰਮੇਵਾਰ ਹੈ। ਜੋ ਇਨਸਾਨ ਸੰਜਮੀ ਜੀਵਨ ਵਿੱਚ ਨਹੀਂ ਰਹਿੰਦਾ ਉਹ ਖ਼ੁਦ ਨੂੰ ਝੂਠੇ ਉਲਝੇਵਿਆਂ ਵਿੱਚ ਫਸਾ ਲੈਂਦਾ ਹੈ ਅਤੇ ਅਸਲ ਸੱਚ ਤੋਂ ਕੋਹਾਂ ਦੂਰ ਹੋ ਬੈਠਦਾ ਹੈ। ਕਾਮਵਾਸ਼ਨਾ ਵਿੱਚ ਰੁੱਝੇ ਮਨੁੱਖ ਨੂੰ ਚਾਹੇ ਜਿੰਨੀ ਮਰਜ਼ੀ ਐਸ਼ ਆਰਾਮ ਮਿਲ ਜਾਏ ਪਰ ਉਸ ਦੀ ਮਾੜੀ ਬਿਰਤੀ ਉਸ ਨੂੰ ਪਰਾਈ ਇਸਤਰੀ ਵੱਲ ਜ਼ਰੂਰ ਧੱਕਦੀ ਹੈ ਕਿਉਂਕਿ ਕਾਮਵਾਸ਼ਨਾ ਵਿੱਚ ਰੁੱਝਿਆ ਮਰਦ ਲੱਖਾਂ ਇਸਤਰੀਆਂ ਭੋਗ ਕੇ ਵੀ ਸੁੱਖ ਜਾਂ ਖ਼ੁਸ਼ੀ ਦੀ ਪ੍ਰਾਪਤੀ ਨਹੀਂ ਕਰ ਸਕਦਾ। "ਜਿਹੜੇ ਲੋਕ ਸਾਰੀ ਉਮਰ ਸੁੰਦਰ ਇਸਤਰੀਆਂ ਦੇ ਕਾਮਨਾ ਜਾਲ ਵਿਚ ਗ੍ਰਸਤ ਰਹਿੰਦੇ ਹਨ ਅਤੇ ਕਾਮ, ਕ੍ਰੋਧ, ਲੋਭ ਦੀਆਂ ਨੀਵੀਆਂ ਵਾਸ਼ਨਾਵਾਂ ਵਿਚ ਫਸੇ ਰਹਿੰਦੇ ਹਨ, ਉਹ ਅੰਦਰੋਂ ਖਾਧੇ ਤੇ ਭ੍ਰਸ਼ਟ ਆਚਰਣ ਵਾਲੇ ਵਿਅਕਤੀ ਠੀਕ ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਅਗਿਆਨ ਦੇ ਹਨੇਰੇ ਸਾਗਰ ਨੂੰ ਪਾਰ ਕਰਨ ਦਾ ਦਾਅਵਾ ਕਿਵੇਂ ਕਰ ਸਕਦੇ ਹਨ?"[101] ਅਜਿਹੇ ਬੁਰੇ ਆਚਰਨ ਦਾ ਧਾਰਨੀ ਵਿਭਚਾਰੀ ਮਨੁੱਖ ਬੁੱਧੀ, ਸੰਜਮ ਅਤੇ ਪਰਮ-ਸੱਚ ਦੀ ਬਖ਼ਸ਼ਿਸ਼ ਤੋਂ ਵਿਹੂਣਾ ਰਹਿ ਜਾਂਦਾ ਹੈ:

ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥[102]
ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥
ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥[103]
ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ॥[104]
ਪਰ ਘਰਿ ਚੀਤੁ ਮਨਮੁਖਿ ਡੋਲਾਇ। ਗਲਿ ਜੇਵਰੀ ਧੰਧੈ ਲਪਟਾਇ॥[105]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਰਾਹੇ ਪਏ ਮਰਦ ਇਸਤਰੀ ਦੋਵਾਂ ਨੂੰ ਹੀ ਬੇਦੀਨ ਅਤੇ ਝੂਠੇ ਕਹਿ ਕੇ ਨਿੰਦਿਆ ਹੈ। ਇਹ ਕਹਿ ਸਕਦੇ ਹਾਂ ਕਿ ਮਰਦ ਦੀ ਕਾਮੁਕ ਭਾਵਨਾ ਵਿੱਚ ਇਸਤਰੀ ਸਿਰ ਸਾਰਾ ਦੋਸ਼ ਮੜ੍ਹਨਾ ਗ਼ਲਤ ਹੈ ਕਿਉਂਕਿ ਉਹ ਮਰਦ ਖ਼ੁਦ ਇਸ ਰਾਹੇ ਚੱਲੇ ਹਨ ਜੋ ਮਨ ਦੀ ਮੰਨਦੇ ਹੋਏ ਆਪਣੇ ਅੰਦਰ ਵਿਦਮਾਨ ਸੱਚ ਦੀ ਜੋਤ ਨੂੰ ਭੁੱਲ ਜਾਂਦੇ ਹਨ। ਆਪਣੇ ਘਰ ਹਾਜ਼ਰ ਪਤਨੀ ਤੋਂ ਮੁੱਖ ਮੋੜਕੇ ਹੋਰਾਂ ਦੀਆਂ ਧੀਆਂ ਭੈਣਾਂ ਉੱਪਰ ਮਾੜੀ ਬਿਰਤੀ ਪਾਉਂਦੇ ਹਨ। ਮਰਦ ਦੀ ਕਾਮੁਕ ਭਾਵਨਾ ਹੀ ਉਸਨੂੰ ਇਹਨਾਂ ਕਾਰਜਾਂ ਦਾ ਭਾਗੀਦਾਰ ਬਣਾਉਂਦੀ ਹੈ।

"ਅਧਿਆਤਮਿਕ ਉਦਾਸੀਆਂ ਵੇਲੇ ਕਾਮ-ਬਣਾਂ ਨਾਲ ਵੱਸ ਵਿਚ ਕਰਨ ਵਾਲੀਆਂ ਕਾਮਿਨੀਆਂ ਨੂੰ ਵੀ ਗੁਰੂ ਨਾਨਕ ਦੇਵ ਨੇ ਪੁੱਤਰੀਆਂ ਅਤੇ ਰਾਜਕੁਮਾਰੀਆਂ ਕਹਿ ਕੇ ਸੰਬੋਧਿਤ ਕੀਤਾ ਹੈ। ਰਾਜਾ ਸ਼ਿਵਨਾਭ

---

[101] ਪੂਰਨ ਸਿੰਘ, ਪ੍ਰੋ., ਸਿਖੀ ਦੀ ਆਤਮਾ, ਭਾਗ ਤੀਜਾ, ਕਿਰਪਾਲ ਸਿੰਘ ਕਸੇਲ (ਅਨੁ.), ਪੰਨਾ 71.
[102] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 672.
[103] ਉਹੀ, ਪੰਨਾ 26.
[104] ਉਹੀ, ਪੰਨਾ 427.
[105] ਉਹੀ, ਪੰਨਾ 226.

ਦੁਆਰਾ ਭੇਜੀਆਂ ਗਈਆਂ ਕਾਮਿਨੀਆਂ ਨੂੰ ਕਾਮ ਦਾ ਨਿਵਾਰਣ ਕਰਕੇ ਹਰਿ-ਭਗਤੀ ਵਿੱਚ ਲੀਨ ਹੋਣ ਦਾ ਉਪਦੇਸ਼ ਦਿੱਤਾ ਹੈ- ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ॥(1187)"[106] ਇਸੇ ਤਰ੍ਹਾਂ ਦੇਵਦਾਸੀਆਂ ਦੇ ਨਾਮ 'ਤੇ ਬਹੁਤ ਬੁਰਾ ਰਿਵਾਜ ਪ੍ਰਚਲਿਤ ਸੀ। ਜਿਸ ਅਨੁਸਾਰ ਲੜਕੀਆਂ ਨੂੰ ਮੰਦਿਰਾਂ ਵਿੱਚ ਦਾਨ ਵਜੋਂ ਦੇ ਦਿੱਤਾ ਜਾਂਦਾ ਸੀ। ਜਿੱਥੇ ਉਹ ਮੂਰਤੀਆਂ ਅੱਗੇ ਨਾਚ ਕਰਦੀਆਂ ਪਵਿੱਤਰਤਾ ਦਾ ਪਰਛਾਵਾਂ ਪ੍ਰਤੀਤ ਹੁੰਦੀਆਂ ਸਨ ਪਰ ਉਹਨਾਂ ਦਾ ਅਸਲ ਜੀਵਨ ਦੁਰਗਤੀ ਵਾਲਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਰ ਉਸ ਰਸਮ-ਰਿਵਾਜ ਨੂੰ ਨਕਾਰਿਆ ਗਿਆ ਹੈ ਜੋ ਮਨੁੱਖ ਦੀ ਅਧੋਗਤੀ ਦਾ ਕਾਰਨ ਬਣਦਾ ਹੈ। ਸੰਸਾਰਕ ਪੱਧਰ ਦੀਆਂ ਇਹ ਰਸਮਾਂ ਅਧਿਆਤਮਿਕ ਵਿਕਾਸ ਲਈ ਸਹਾਈ ਨਹੀਂ ਬਣ ਸਕਦੀਆਂ ਜਿੰਨੀ ਦੇਰ ਮਨ ਨੂੰ ਨਿਰਮਲ ਨਾ ਕੀਤਾ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਦੀ ਵੀ ਨਿੰਦਿਆ ਕਰਨ ਦੀ ਮਨਾਹੀ ਕੀਤੀ ਗਈ ਹੈ। ਸਾਰੀ ਮਨੁੱਖਤਾ ਪਰਮ-ਸੱਚ ਦਾ ਜੁਦਾ ਹੋਇਆ ਅੰਗ ਹੈ। ਹਰ ਇਨਸਾਨ ਦੇ ਜੀਵਨ ਦਾ ਅਸਲ ਮੰਤਵ ਪਰਮ-ਸੱਚ ਨਾਲ ਮੁੜ ਜੁੜਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੇ ਸੰਦਰਭ ਵਿੱਚ ਵਰਤੇ ਗਏ ਪ੍ਰਤੀਕਾਂ ਨੇ ਸਮਾਜ ਵਿੱਚ ਇਸਤਰੀ ਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਅ ਲਿਆਂਦਾ। ਦੀਪਇੰਦਰਜੀਤ ਰੰਧਾਵਾ ਅਨੁਸਾਰ ਇਸਤਰੀ ਦੇ ਇਸ ਪ੍ਰਤੀਕ ਦੀ ਬਦੌਲਤ ਹੀ ਇਸਤਰੀ ਮਰਦਪੁਣੇ ਦੇ ਲਿੰਗ ਕੇਂਦਰ ਪੱਖ ਵਿੱਚੋਂ ਬਾਹਰ ਨਿਕਲੀ। ਇਸਤਰੀ ਸੰਬੰਧੀ ਪ੍ਰਚਲਿਤ ਸੂਤਕ, ਅਪਵਿੱਤਰ, ਵਸਤੂ ਜਿਹੇ ਵਿਚਾਰਾਂ ਵਿੱਚ ਵੀ ਕਮੀ ਆਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਨਮ-ਮਰਨ ਨੂੰ ਅਕਾਲ ਪੁਰਖ ਦਾ ਹੁਕਮ ਦੱਸਿਆ, ਜਿਸ ਨਾਲ ਉਸ ਸਮੇਂ ਪ੍ਰਚਲਿਤ ਲਿੰਗ ਪੱਖੀ ਵਿਚਾਰਾਂ ਦਾ ਖ਼ਾਤਮਾ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਇਸਤਰੀ ਪ੍ਰਤੀ ਮਾੜੀ ਸੋਚ ਦੀ ਆਲੋਚਨਾ ਹੀ ਨਹੀਂ ਕੀਤੀ ਸਗੋਂ ਇਸਤਰੀ ਨੂੰ ਜੀਵ ਇਸਤਰੀ ਰੂਪ ਵਿੱਚ ਕੁਲ ਮਨੁੱਖਤਾ ਲਈ ਆਦਰਸ਼ ਰੂਪ ਦੱਸਿਆ।[107] ਗੁਰੂ ਸਾਹਿਬਾਨ ਦੁਆਰਾ ਇਸਤਰੀ ਨਾਲ ਹੋ ਰਹੇ ਵਿਤਕਰੇ ਨੂੰ ਖ਼ਤਮ ਕਰਦਿਆਂ ਉਸਨੂੰ ਹਰ ਪੱਖ ਤੋਂ ਮਰਦਾਂ ਦੀ ਸਹਿਯੋਗੀ ਦੱਸਿਆ ਹੈ। ਸਿੱਖ ਇਤਿਹਾਸ ਅਜਿਹੀਆਂ ਇਸਤਰੀਆਂ ਦੀ ਮਹਾਨਤਾ ਦੇ ਗੁਣ ਗਾਉਂਦਾ ਹੈ।

---

106 ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 184.

107 "The Granth thus creates a radical sign of a seeker woman who is analogical to multiplicity and cosmic energies. In this sign nature, body Sangat/ sacred/ libidinal cosmic energies are fully integrated. The sign hits out at the feudal and phallocentric valorization of the male. It elevates woman from being a sutak/abject/impure to creativity and multiplicity. The Granth annuals the dichotomy of pure/impure, body/mind, and says that birth and deat are the Will of Akal Purakh, thus erasing the phallocentric meaning of the then current idioms and rituals. The Granth not only criticizes such paradigms as had marginalized women but it also creates a role model for humankind in the sign of seeker-woman."
Deepinder Jeet Kaur Randhawa, 'Sri Guru Granth Sahib and the Gender Discourse', *In Guru Granth Sahib Among the Scriptures of the World*, Darshan Singh (ed.), Punjabi University Patiala, 2004, pp. 144-145.

ਸਿਧਾਂਤ ਵੀ ਉਹ ਹੀ ਸਲਾਹੁਣਯੋਗ ਹੁੰਦੇ ਹਨ ਜੋ ਵਿਹਾਰਕ ਪੱਖ ਤੋਂ ਬਦਲਾਅ ਲਿਆਉਣ ਦੇ ਸਮਰੱਥ ਸਿੱਧ ਹੁੰਦੇ ਹਨ। ਸਿੱਖ ਧਰਮ ਵਿੱਚ ਸਿਧਾਂਤਕ ਪੱਖੋਂ ਹੀ ਨਹੀਂ ਬਲਕਿ ਵਿਹਾਰਕ ਪੱਖ ਤੋਂ ਵੀ ਬਰਾਬਰਤਾ ਦੀਆਂ ਉਦਾਹਰਨਾਂ ਪ੍ਰਾਪਤ ਹੋ ਜਾਂਦੀਆਂ ਹਨ। ਗੁਰੂ ਸਾਹਿਬਾਨ ਨੇ ਜੋ ਇਸਤਰੀ ਦੀ ਮਹਾਨਤਾ ਨੂੰ ਬਾਣੀ ਵਿੱਚ ਉਚਾਰਿਆ, ਉਸ ਨੂੰ ਅਮਲੀ ਜੀਵਨ ਵਿੱਚ ਪੇਸ਼ ਵੀ ਕੀਤਾ ਹੈ। ਸਿੱਖ ਧਰਮ ਦੀਆਂ ਮੂਲ ਸੰਸਥਾਵਾਂ ਸੰਗਤ ਅਤੇ ਪੰਗਤ ਵਿੱਚ ਇਸਤਰੀਆਂ ਨੂੰ ਮਰਦਾਂ ਵਾਂਗ ਵਿਚਰਣ ਦਾ ਹੱਕ ਦਿੱਤਾ। ਇਸਤਰੀ ਸਿੱਖ ਸੰਗਤ ਦਾ ਓਨਾ ਹੀ ਜ਼ਰੂਰੀ ਭਾਗ ਹੈ ਜਿੰਨਾ ਕਿ ਮਰਦ। ਦੂਜੇ ਪਾਸੇ ਲੰਗਰ ਪ੍ਰਬੰਧ ਦੀ ਅਹਿਮ ਜ਼ੁੰਮੇਵਾਰੀ ਮਾਤਾ ਖੀਵੀ ਨੂੰ ਗੁਰੂ ਅਮਰਦਾਸ ਸਾਹਿਬ ਨੇ ਸੌਂਪੀ ਸੀ। ਮਾਤਾ ਖੀਵੀ ਨੇ ਵੀ ਲੰਗਰ ਪ੍ਰਬੰਧ ਦੀ ਜ਼ੁੰਮੇਵਾਰੀ ਨੂੰ ਸ਼ਰਧਾ ਨਾਲ ਨਿਭਾਇਆ ਸੀ। ਗੁਰੂ ਸਾਹਿਬ ਨੇ ਕੇਵਲ ਲੰਗਰ ਪ੍ਰਬੰਧ ਹੀ ਨਹੀਂ ਬਲਕਿ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੀ ਇਸਤਰੀਆਂ ਨੂੰ ਜ਼ੁੰਮੇਵਾਰੀ ਸੋਂਪੀ ਸੀ। "ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੇਵਾ ਦੋ ਬੀਬੀਆਂ ਸਚਨ ਸਚ ਤੇ ਮਥੋ ਮੁਰਾਰੀ ਨੂੰ ਦਿੱਤੀ ਸੀ।"[108] ਗੁਰੂ ਅਮਰਦਾਸ ਜੀ ਨੇ ਮੱਥੋ ਅਤੇ ਮੁਰਾਰੀ ਦੋਵਾਂ ਪਤੀ ਪਤਨੀ ਨੂੰ ਸਿੱਖਿਆ ਦੇਣ ਉਪਰੰਤ ਪ੍ਰਚਾਰਕ ਥਾਪਿਆ ਸੀ।[109] ਇੱਕ ਪਾਸੇ ਇਸਤਰੀਆਂ ਗ੍ਰਹਿਸਤ ਨਾਲ ਜੁੜੀਆਂ ਹੋਈਆਂ ਸਨ ਅਤੇ ਦੂਜੇ ਪਾਸੇ ਗੁਰੂ ਘਰ ਦੀਆਂ ਜ਼ੁੰਮੇਵਾਰੀਆਂ ਵੀ ਬੜੀ ਸ਼ਰਧਾ ਅਤੇ ਪਿਆਰ ਨਾਲ ਨਿਭਾਅ ਰਹੀਆਂ ਸਨ। ਵੱਡੀ ਗੱਲ ਇਹ ਰਹੀ ਕਿ ਇਹਨਾਂ ਵਿੱਚ ਕਿਤੇ ਟਕਰਾਅ ਪੈਦਾ ਨਹੀਂ ਹੋਇਆ ਬਲਕਿ ਇਸ ਨਾਲ ਉਹਨਾਂ ਦੇ ਅੰਦਰ ਆਤਮ ਵਿਸ਼ਵਾਸ ਅਤੇ ਸਹਿਜ ਸਥਾਪਨ ਹੋਇਆ। ਇਸੇ ਪਰੰਪਰਾ ਨੂੰ ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਦੇਵ ਸਾਹਿਬ ਨੇ ਅੱਗੇ ਵਧਾਇਆ। ਗੁਰੂ ਹਰਿਗੋਬਿੰਦ ਸਾਹਿਬ ਨੇ ਇਸਤਰੀ ਨੂੰ 'ਇਮਾਨ' ਕਹਿ ਕੇ ਸਤਿਕਾਰਿਆ ਹੈ। ਦੀਵਾਨ ਸਿੰਘ ਅਨੁਸਾਰ, "ਇਸਤ੍ਰੀ ਈਮਾਨ ਹੈ। ਇਸ ਤੋਂ ਚੰਗੀ ਇਸਤ੍ਰੀ ਦੀ ਪਰਿਭਾਸ਼ਾ ਸੰਭਵ ਨਹੀਂ। ਇਸਤ੍ਰੀ ਮਨੁੱਖੀ ਆਚਰਨ ਦੀ ਰਖਿਅਕ ਅਤੇ ਪਹਿਰੇਦਾਰ ਹੈ। ਇਸਤ੍ਰੀ ਤੋਂ ਬਿਨਾਂ ਕੋਈ ਮਨੁੱਖ ਉੱਚੀ ਪ੍ਰੇਰਨਾ ਅਤੇ ਉੱਤਮ ਪਦਵੀ ਦਾ ਮਾਲਕ ਨਹੀਂ ਹੋ ਸਕਦਾ, ਭਾਵੇਂ ਇਸਤ੍ਰੀ ਦਾ ਰੂਪ ਮਾਤਾ ਦਾ ਹੈ, ਭੈਣ ਦਾ ਹੈ, ਲੜਕੀ ਦਾ ਹੈ ਜਾਂ ਪਤਨੀ ਦਾ ਹੈ। ਜਿਸ ਮਨੁੱਖ ਨੇ ਇਸਤਰੀ ਦਾ ਸਤਿਕਾਰ ਕਰਨਾ ਨਹੀਂ ਸਿਖਿਆ।"[110]

---

108 ਮਹਿੰਦਰ ਕੌਰ ਗਿਲ, *ਤੂੰ ਸਤਵੰਤੀ ਤੂੰ ਪਰਧਾਨਿ (ਸਿੱਖ ਸਮਾਜ ਦਾ ਨਾਰੀ ਮੰਡਲ)*, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2009, ਪੰਨਾ ix.

109 "ਮਥੋ ਮੁਰਾਰੀ ਅਬਿ ਤੁਮ ਜਾਵਹੁ। ਸੱਤਯਨਾਮ ਉਪਦੇਸ਼ ਦ੍ਰਿੜਾਵਹੁ।... ਤੁਝਿ ਸੋਂ ਮਿਲੈ ਸੁ ਭਵਜਲ ਤਰੈ। ਤੌ ਕਹਿਬੋ ਇਸਤੇ ਕਯਾ ਪਰੈ।"
ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਐਡੀਸ਼ਨ, 2011, ਰਾਸਿ 1, ਅੰਸੂ 60, ਅੰਕ 72-74.

110 ਦੀਵਾਨ ਸਿੰਘ, *ਸਿੱਖ ਧਰਮ ਬਾਰੇ,* ਪੰਨਾ 67.

ਗੁਰੂ ਤੇਗ ਬਹਾਦਰ ਸਾਹਿਬ ਨੇ ਇਸਤਰੀਆਂ ਨੂੰ 'ਮਾਈਆਂ ਰਬ ਰਜਾਈਆਂ' ਦੇ ਸਨਮਾਨ ਨਾਲ ਨਵਾਜਿਆ ਸੀ। "ਜਦੋਂ ਸੱਚੇ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਅੰਮ੍ਰਿਤਸਰ ਆਏ, ਪੁਜਾਰੀਆਂ ਨੇ ਮਾਲਕ ਲਈ ਦਰ ਭੀੜ ਲਏ। ਉਸ ਨੇ ਇੱਟਾਂ, ਚੂਨੇ ਦੇ ਹਰਿਮੰਦਰ ਵੱਲੋਂ ਆਪਣੀ ਪਿੱਠ ਮੋੜ ਲਈ ਤੇ ਅਸਲੀ ਹਰਿਮੰਦਰ ਨੂੰ ਪਵਿੱਤਰ ਦਰਸ਼ਨਾਂ ਦੇ ਰੂਪ ਵਿਚ ਆਪਣੇ ਦਿਲ ਵਿਚ ਵਸਾ ਟੁਰ ਪਿਆ। ਹਰਿਮੰਦਰ ਅੰਮ੍ਰਿਤਸਰ ਤੋਂ ਸਦਾ ਲਈ ਜਾ ਰਿਹਾ ਸੀ ਪਰ ਅੰਮ੍ਰਿਤਸਰ ਦੀਆਂ ਸਿੱਖ ਮਾਈਆਂ ਨੇ ਇਸ ਖਤਰੇ ਨੂੰ ਭਾਂਪ ਲਿਆ। ਉਹ ਸੁਤੰਤਰ ਹੋਈਆਂ ਰੂਹਾਂ ਦੋ ਜਹਾਨ ਵਾਲੀ ਦੇ ਪਿਛੇ ਗਈਆਂ ਅਤੇ ਰਬੀ ਸਿਫਤ-ਸਾਲਾਹ ਨਾਲ ਉਨ੍ਹਾਂ ਨੂੰ ਰੀਝਾ ਲਿਆ। ਉਸ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਅੰਮ੍ਰਿਤਸਰ ਨੂੰ ਨਿਵਾਜਿਆ। ਇਸ ਤਰ੍ਹਾਂ ਸੁਤੰਤਰ ਹੋਈਆਂ ਸਿੱਖ ਇਸਤਰੀਆਂ ਨੇ ਸਾਡੀ ਇਸ ਨਿਮਾਣੀ ਧਰਤ ਲਈ ਹਰਿਮੰਦਰ ਸਾਹਿਬ ਨੂੰ ਕਾਇਮ ਰਖਵਾਇਆ।"[111]

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਖਾਲਸੇ ਦੀ ਸਥਾਪਨਾ ਵੇਲੇ ਇਸਤਰੀ ਨੂੰ ਸਹਿਯੋਗੀ ਬਣਾਇਆ ਸੀ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਸਿੰਘ ਸਜਾਉਣ ਲਈ ਖੰਡੇ ਦਾ ਪਾਹੁਲ ਤਿਆਰ ਕੀਤਾ ਜਿਸ ਵਿੱਚ ਉਸ ਸਮੇਂ ਇੱਕ ਇਸਤਰੀ ਨੇ ਪਤਾਸੇ ਪਾਏ ਸਨ। ਕੁੱਝ ਇਤਿਹਾਸਕਾਰਾਂ ਅਨੁਸਾਰ ਇਹ ਇਸਤਰੀ ਮਾਤਾ ਸਾਹਿਬ ਕੌਰ ਸੀ ਅਤੇ ਕੁੱਝ ਮਾਤਾ ਜੀਤੋ ਹਿੱਸੇ ਇਸ ਮਹਾਨ ਕਾਰਜ ਨੂੰ ਆਇਆ ਮੰਨਦੇ ਹਨ। ਇੱਕ ਇਸਤਰੀ ਦੁਆਰਾ ਅੰਮ੍ਰਿਤ ਬਾਟੇ ਰਾਹੀਂ ਧੀਰਜ, ਨਿਮਰਤਾ, ਸਹਿਣਸ਼ੀਲਤਾ ਅਤੇ ਸੰਜਮ ਵਰਗੇ ਗੁਣਾਂ ਨੂੰ ਸਿੱਖਾਂ ਵਿੱਚ ਸੰਚਾਰਿਤ ਕੀਤਾ ਗਿਆ ਸੀ। ਇਸ ਵਡਮੁੱਲੀ ਦਾਤ ਸਦਕਾ ਇਸਤਰੀ ਨੂੰ ਖਾਲਸੇ ਦੇ ਰੂਹਾਨੀ ਸਫ਼ਰ ਦਾ ਸਾਥੀ ਹੋਣ ਦਾ ਮਾਣ ਹਾਸਲ ਹੋਇਆ। ਗੁਰੂ ਸਾਹਿਬ ਨੇ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਣ ਦੇ ਹੱਕ ਪ੍ਰਦਾਨ ਕੀਤੇ। ਜਿੱਥੇ ਮਰਦਾਂ ਨੂੰ ਆਪਣੇ ਨਾਂ ਨਾਲ 'ਸਿੰਘ' ਸ਼ਬਦ ਦੀ ਵਰਤੋਂ ਕਰਨ ਲਈ ਕਿਹਾ ਉੱਥੇ ਇਸਤਰੀਆਂ ਨੂੰ 'ਕੌਰ'(ਜੋ ਪੰਜਾਬੀ ਦੇ ਸ਼ਬਦ ਕੰਵਰ ਦਾ ਰੂਪ ਹੈ) ਦੇ ਮਾਣ ਨਾਲ ਨਿਵਾਜਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਕੌਰ ਤੋਂ ਭਾਵ "ਉਸ ਸਿੰਘਣੀ ਦੀ ਉਪਾਧਿ ਜਿਸ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ, ਜੈਸੇ ਪੁਰਖ ਦੇ ਨਾਉਂ ਨਾਲ ਸ਼ਬਦ ਜੋੜਿਆ ਜਾਂਦਾ ਹੈ ਤੈਸੇ ਸਿੰਘਣੀ ਦੇ ਨਾਉਂ ਨਾਲ ਕੌਰ ਸ਼ਬਦ ਲਾਈਦਾ ਹੈ। ਅਸਲ ਵਿਚ ਇਹ ਸ਼ਬਦ ਕੁੰਵਰਿ (ਕੌਰਿ) ਹੈ।"[112]

ਇਸਤਰੀ ਨੂੰ ਅਜਿਹੀ ਸੋਚ ਅਤੇ ਅਜਿਹਾ ਮਾਹੌਲ ਮਿਲਿਆ ਹੋਇਆ ਸੀ ਕਿ ਉਹ ਹਰ ਪੱਖ ਤੋਂ ਮਰਦਾਂ ਦੇ ਬਰਾਬਰ ਮੰਨੀਆ ਜਾਣ ਲੱਗੀਆਂ। ਇਸੇ ਕਰਕੇ ਸਿੱਖ ਧਰਮ ਦੇ ਇਤਿਹਾਸ ਵਿੱਚ ਬਹੁਤ ਸਾਰੀਆਂ ਸਿੱਖ ਇਸਤਰੀਆਂ ਦਾ ਵਰਣਨ ਮਿਲਦਾ ਹੈ ਜਿਹਨਾਂ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ

---

111 ਪੂਰਨ ਸਿੰਘ, ਪ੍ਰੋ., *ਜਿਨ ਕੇ ਚੋਲੇ ਰੱਤੜੇ,* ਕਰਮ ਸਿੰਘ ਕਪੂਰ (ਅਨੁ.), ਪੰਨਾ 1.

112 ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ .

ਪਾਇਆ। ਸਿੱਖ ਧਰਮ ਦੀ ਸਭ ਤੋਂ ਪਹਿਲੀ ਪੈਰੋਕਾਰ ਹੋਣ ਦਾ ਮਾਣ ਵੀ ਇੱਕ ਇਸਤਰੀ ***ਬੀਬੀ ਨਾਨਕੀ*** ਨੂੰ ਪ੍ਰਾਪਤ ਹੈ। ਸਭ ਤੋਂ ਵੱਡੀ ਗੱਲ, ਜਦੋਂ ਗੁਰੂ ਸਾਹਿਬ ਵੇਈ ਨਦੀ ਵਿੱਚ ਅਲੋਪ ਰਹੇ ਤਾਂ ਲੋਕਾਂ ਨੇ ਗੁਰੂ ਸਾਹਿਬ ਦਾ ਸ਼ੋਕ ਮਨਾਉਣਾ ਸ਼ੁਰੂ ਦਿੱਤਾ ਸੀ ਪਰ ਬੀਬੀ ਨਾਨਕੀ ਆਪਣੇ ਵਿਸ਼ਵਾਸ ਤੇ ਅਡੋਲ ਸਨ।[113] ਇਹ ਇੱਕ ਇਸਤਰੀ ਦੀ ਮਹਾਨ ਸੋਚ ਅਤੇ ਉਸਦੀ ਬੁੱਧੀਮਤਾ ਦੀ ਬਹੁਤ ਵੱਡੀ ਉਦਾਹਰਨ ਹੈ। ਸਿੱਖ ਧਰਮ ਵਿੱਚ ਪਰਮਾਤਮਾ ਦੇ ਜਸ ਗਾਇਨ ਜਾਂ ਕੀਰਤਨ ਨੂੰ ਮੁੱਖ ਮੰਨਿਆ ਜਾਂਦਾ ਹੈ। ਜਿਸ ਦੇ ਪ੍ਰਫੁਲਿਤ ਹੋਣ ਦਾ ਮਾਣ ਵੀ ਬੀਬੀ ਨਾਨਕੀ ਹਿੱਸੇ ਹੈ। ਇੱਥੋਂ ਤੱਕ ਕਿ ਬੀਬੀ ਨਾਨਕੀ ਸਾਰੀ ਉਮਰ ਗੁਰੂ ਸਾਹਿਬ ਅਤੇ ਉਹਨਾਂ ਦੇ ਪਰਿਵਾਰ ਦੀ ਦੇਖ-ਰੇਖ ਵਿੱਚ ਮਸਤ ਰਹੇ ਸਨ।

ਮਾਤਾ ਸੁਲੱਖਣੀ ਹੀ ਸਨ, ਜਿਹਨਾਂ ਦੇ ਸੰਜੋਗ ਨਾਲ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੇ ਗ੍ਰਹਿਸਤ ਮਾਰਗ ਦੀ ਨੀਂਹ ਰੱਖੀ ਸੀ। ਇਹ ਜੱਗ ਜਾਹਿਰ ਹੈ ਕਿ ਘਰ ਦੇ ਮਾਹੌਲ ਨੂੰ ਸੁਖਾਵਾਂ ਰੱਖਣ (ਬਣਾਉਣ) ਵਿੱਚ ਇਸਤਰੀ ਦਾ ਪ੍ਰਮੁੱਖ ਸਥਾਨ ਹੁੰਦਾ ਹੈ। ਘਰ ਦੇ ਸੁਖਾਵੇਂ ਮਾਹੌਲ ਕਾਰਨ ਹੀ ਮਨ ਸ਼ਾਂਤ ਰਹਿ ਸਕਦਾ ਹੈ। ਜਿਸ ਕਾਰਨ ਸਿੱਖ ਧਰਮ ਦੇ ਪ੍ਰਚਾਰ ਲਈ ਗੁਰੂ ਸਾਹਿਬ ਦਾ ਰਾਹ ਸੁਖਾਲਾ ਰਿਹਾ। ਮਾਤਾ ਸੁਲੱਖਣੀ ਦਾ ਗੁਰੂ ਨਾਨਕ ਸਾਹਿਬ ਦੇ ਕਾਰਜਾਂ ਵਿੱਚ ਬਹੁਤ ਸਹਿਯੋਗ ਸੀ।

**ਮਾਤਾ ਖੀਵੀ** ਗੁਰੂ ਅੰਗਦ ਸਾਹਿਬ ਦੇ ਮਹਿਲ ਹਨ। ਗੁਰੂ ਅੰਗਦ ਸਾਹਿਬ ਨੇ ਮਾਤਾ ਖੀਵੀ ਨੂੰ ਲੰਗਰ ਦੀ ਜ਼ੁੰਮੇਵਾਰੀ ਸੋਂਪੀ।[114] ਜਿਸਨੂੰ ਮਾਤਾ ਖੀਵੀ ਨੇ ਬੜੀ ਮਿਹਨਤ ਸਦਕਾ ਨਿਭਾਇਆ। ਇਹਨਾਂ ਦੀ ਸੇਵਾ, ਗੁਰੂ ਘਰ ਲਈ ਪਿਆਰ, ਸੇਵਾ, ਸਮਰਪਣ, ਵਫ਼ਾਦਾਰੀ ਅਤੇ ਸਾਰੀ ਸੰਗਤ ਨਾਲ ਅਟੁੱਟ ਪਿਆਰ[115] ਇਸਤਰੀਆਂ ਲਈ ਇੱਕ ਮਿਸਾਲ ਬਣਿਆ। ਮਾਤਾ ਖੀਵੀ ਦੇ ਇਸ ਕਾਰਜ ਕਾਰਨ ਉਹ ਆਤਮਨਿਰਭਰ ਅਤੇ ਆਜ਼ਾਦ ਇਸਤਰੀ ਵਜੋਂ ਪ੍ਰਸਿੱਧ ਹਨ। ਉਸ ਸਮੇਂ ਵਿੱਚ ਮਾਤਾ ਖੀਵੀ ਪਹਿਲੀ ਇਸਤਰੀ ਸੀ ਜਿਸਨੇ ਸਾਵਰਜਨਿਕ ਪਦ ਨੂੰ ਸੰਭਾਲਿਆ ਜਾਂ ਚਲਾਇਆ। ਮਾਤਾ ਖੀਵੀ ਬਹੁਤ ਹੀ ਸੁਭਾਗੀ ਇਸਤਰੀ ਹੈ, ਜਿਸ ਦੀ ਉਸਤਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਪ੍ਰਾਪਤ ਹੈ:

---

113 "ਇਕ ਨਾਨਕੀ ਤੈ ਬਿਨਾ ਔਰੈ ਲੋਕ ਸੋਕ ਮਨਾਇ ਹੈ। ਪੁਨ ਦਿਵਸ ਤੀਸਰ ਕਬਰ ਥਲ ਮੈਂ ਪਿਖੇ ਬੈਠੇ ਜਾਇ ਹੈ।"
ਗਯਾਨ ਸਿੰਘ, ਭਾਈ, *ਸ੍ਰੀ ਗੁਰੂ ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 36.

114 "ਸਾਹਿਬਾਂ ਨੇ ਬੰਦ ਨੈਣ ਖੋਹਲੇ ਤੇ ਖੀਵੀ ਵਲ ਤੱਕ ਕੇ ਬੋਲੈ: ਜਦੋਂ ਮੇਰੇ ਦਾਤਾ ਨੇ ਮੈਨੂੰ ਸ਼ਬਦ ਦਾਨ ਕਰਨ ਦਾ ਕੜਛਾ ਬਖਸ਼ਿਆ, ਤਦੋਂ ਤੇਰੇ ਹਿੱਸੇ ਅੰਨ ਦੇਗ ਦਾ ਕੜਛਾ ਆਇਆ ਸੀ, ਵਰਤਾ। ਰਮਜ਼ਾ ਸਮਝਣ ਵਾਲੀ ਵਿਰਾਈ ਲੰਗਰ ਵੱਲ ਉੱਠ ਗਈ ਤੇ ਕਿ ਵਡੀ ਕੜਛੀ ਲਿਆ ਕੇ ਸਾਹਿਬ ਦੇ ਅੱਗੇ ਧਰ ਦਿੱਤੀ-ਪਾਤਸ਼ਾਹ! ਮੇਰੇ ਗੁਰੂ ਨਾਨਕ ਰਾਜ ਦੇ ਰਾਜ ਧਨੀ! ਗੁਰ ਨਾਨਕ ਨੇ ਸ਼ਬਦ ਦਾਨ ਦਾ ਕੜਛਾ ਆਪ ਆਪਣੇ ਹੱਥੀਂ ਰਜਜ਼ਾ ਵਿਚ ਰਾਜ਼ੀ ਮੇਰੀ ਭਰਜਾਈ ਨੂੰ ਦਾ ਕਰੋ… "
ਵੀਰ ਸਿੰਘ, ਭਾਈ, *ਸ੍ਰੀ ਅਸ਼ਟ ਗੁਰ ਚਮਤਕਾਰ*, ਭਾਗ 1-2, ਸਾਹਿਤ ਸਦਨ, ਦਿੱਲੀ, 13 ਵੀਂ ਵਾਰ, 2012, ਪੰਨਾ 20.

115 "ਮਾਤਾ ਜੀ ਨੇ ਪ੍ਰਬੰਧ ਬਹੁਤ ਚੰਗਾ ਕਰ ਰਖਿਆ ਸੀ। ਸਭ ਨਾਲ ਮਾਵਾਂ ਵਾਲਾ ਸਲੂਕ ਕਰਦੇ ਸਨ। ਇਸ ਕਰਕੇ ਬਲਵੰਡ ਨੇ ਉਹਨਾਂ ਨੂੰ ਬਹੁਤ ਸੰਘਣੇ ਪਤ੍ਰਾਂ ਵਾਲੀ ਛਾਉਂ ਲਿਖਿਆ ਹੈ। ਛਾਂ ਦੀ ਸਦਰਸ਼ਤਾ ਸੱਕੀ ਮਾਂ ਨਾਲ ਦਿੱਤੀ ਜਾਇਆ ਕਰਦੀ ਹੈ। ਯਥਾ-ਆਪਣੀਆਂ ਮਾਵਾਂ ਤੇ ਠੰਢੀਆਂ ਛਾਵਾਂ। ਇਹੋ ਕਨਾਯਾ ਲੇਖਕ ਦਾ ਹੈ ਕਿ ਨੇਕ ਵਯਕਤੀ ਵਾਲੇ ਸ੍ਰੀ ਖੀਵੀ ਜੀ ਸਿਖਾਂ ਨਾਲ ਸੱਕੀਆਂ ਮਾਵਾਂ ਵਾਂਗ ਪਯਾਰ ਕਰਦੇ ਸਨ। ਲੰਗਰ ਵਿਚ ਘਿਉ ਵਾਲੀ ਖੀਰ ਤਯਾਰ ਕਰਕੇ ਵੰਡਿਆ ਕਰਦੇ ਸਨ।"
ਉਹੀ, ਪੰਨਾ 74.

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥

ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥[116]

**ਬੀਬੀ ਅਮਰੋ** ਗੁਰੂ ਅੰਗਦ ਦੇਵ ਸਾਹਿਬ ਦੀ ਸਪੁੱਤਰੀ, ਬਹੁਤ ਹੀ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਜੋ ਹਮੇਸ਼ਾ ਸਿਮਰਨ ਨਾਲ ਜੁੜੀ ਰਹਿੰਦੀ ਸੀ।[117] ਬੀਬੀ ਅਮਰੋ ਦੀ ਇਸੇ ਧਾਰਮਿਕ ਭਾਵਨਾ ਅਤੇ ਗੁਰੂ ਦੀ ਸਿਫਤ ਨੇ ਗੁਰੂ ਅਮਰਦਾਸ ਸਾਹਿਬ ਦੇ ਅੰਦਰ ਗੁਰੂ ਅੰਗਦ ਦੇਵ ਸਾਹਿਬ ਨੂੰ ਮਿਲਣ ਦੀ ਇੱਛਾ ਜਗਾਈ। ਇਹ ਮਹਾਨ ਕਾਰਜ ਬੀਬੀ ਅਮਰੋ ਨੂੰ ਇੱਕ ਸੱਚੀ ਅਤੇ ਮਹਾਨ ਪ੍ਰਚਾਰਕ ਹੋਣ ਦਾ ਮਾਣ ਬਖ਼ਸ਼ਦਾ ਹੈ। ਬੇਸ਼ਕ ਵਿਧੀਵਤ ਤਰੀਕੇ ਨਾਲ ਬੀਬੀ ਅਮਰੋ ਨੂੰ ਪ੍ਰਚਾਰਕ ਨਹੀਂ ਥਾਪਿਆ ਗਿਆ ਸੀ ਪਰੰਤੂ ਕਿਤੇ ਨਾ ਕਿਤੇ ਗੁਰੂ ਅਮਰਦਾਸ ਸਾਹਿਬ ਵੱਲੋਂ ਇਸਤਰੀਆਂ ਨੂੰ ਪ੍ਰਚਾਰਕ ਥਾਪਣ ਪਿੱਛੇ ਇਤਿਹਾਸ ਬੀਬੀ ਅਮਰੋ ਦੀ ਭਗਤੀ ਭਾਵਨਾ ਦਾ ਅਸਰ ਜ਼ਰੂਰ ਕਬੂਲਦਾ ਹੈ।

**ਮਾਤਾ ਮਨਸਾ** ਗੁਰੂ ਅਮਰਦਾਸ ਸਾਹਿਬ ਦੀ ਸੁਪਤਨੀ ਸਨ। ਮਾਤਾ ਮਨਸਾ ਨੇ ਪਰਿਵਾਰਿਕ ਜ਼ੁੰਮੇਵਾਰੀਆਂ ਦੇ ਨਾਲ-ਨਾਲ ਧਾਰਮਿਕ ਅਤੇ ਸਮਾਜਿਕ ਵਿਕਾਸ ਕਾਰਜਾਂ ਵਿੱਚ ਵੀ ਯੋਗਦਾਨ ਪਾਇਆ ਸੀ। ਮਾਤਾ ਖੀਵੀ ਪਿੱਛੋਂ ਗੁਰੂ ਘਰ ਵਿੱਚ ਲੰਗਰ ਦੀ ਜ਼ੁੰਮੇਵਾਰੀ ਮਾਤਾ ਮਨਸਾ ਨੇ ਸੰਭਾਲੀ। ਧਰਮ ਪ੍ਰਚਾਰ ਦੇ ਨਾਲ-ਨਾਲ ਮਾਤਾ ਮਨਸਾ ਨੇ ਸਮਾਜਿਕ ਕੁਰੀਤੀਆਂ ਬਾਰੇ ਵੀ ਗੁਰੂ ਸਾਹਿਬ ਨੂੰ ਜਾਗਰੂਕ ਕਰਵਾਇਆ ਤਾਂਕਿ ਇਸਤਰੀ ਸਤੀ ਅਤੇ ਪਰਦੇ ਜਿਹੀਆਂ ਪ੍ਰਚਲਿਤ ਪ੍ਰਥਾਵਾਂ ਤੋਂ ਆਜ਼ਾਦ ਹੋ ਸਕੇ। "ਮਾਤਾ ਮਨਸਾ ਦੇਵੀ ਸਿੱਖ ਭਗਤੀ ਲਹਿਰ ਦੀ ਅਜਿਹੀ ਪਹਿਲੀ ਇਸਤਰੀ ਹੈ ਜਿਸ ਦੇ ਮਨ ਵਿੱਚ ਇਸਤਰੀ ਸੁਧਾਰ ਦੀ ਭਾਵਨਾ ਪੈਦਾ ਹੋਈ ਅਤੇ ਆਪਣੇ ਪਤੀ ਗੁਰੂ ਅਮਰਦਾਸ ਜੀ ਦੁਆਰਾ ਇਸ ਦਿਸ਼ਾ ਵੱਲ ਅਨੇਕ ਅਹਿਮ ਸਥਾਪਨਾਵਾਂ ਕਰਵਾਈਆਂ।"[118]

**ਬੀਬੀ ਭਾਨੀ** ਗੁਰੂ ਅਮਰਦਾਸ ਸਾਹਿਬ ਅਤੇ ਮਾਤਾ ਮਨਸਾ ਦੀ ਸਪੁੱਤਰੀ ਅਤੇ ਗੁਰੂ ਰਾਮ ਦਾਸ ਸਾਹਿਬ ਦੀ ਸੁਪਤਨੀ ਹਨ। ਬੀਬੀ ਭਾਨੀ ਨੂੰ ਸਿੱਖ ਇਤਿਹਾਸ ਵਿੱਚ ਮਹਾਨ ਸੇਵਕ ਵਜੋਂ ਸੁਪ੍ਰਸਿੱਧੀ ਹਾਸਲ

---

116 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.

117 "ਮਹਿਮਾ ਲਖੀ ਨ ਕਿਨਹੁ ਤਿਹ ਨਿਤਪ੍ਰਤਿ ਇਮ ਠਾਨੈ। ਗ੍ਰਹਿ ਧੰਧਾ ਸਭਿ ਦਿਨ ਕਰਹਿ ਤਿਨ ਆਇਸੁ ਮਾਨੈ। ਜਾਗਹਿ ਪਾਛਲ ਰਾਤ ਕੌ ਕਰਿ ਸੌਚ ਸ਼ਨਾਨਾ। ਸ਼੍ਰੀ ਨਾਨਕ ਬਾਣੀ ਪਠਹਿ ਕਰਿ ਪ੍ਰੇਮ ਮਹਾਨਾ।"
ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 1, ਅੰਸੂ 15, ਅੰਕ 3.

118 ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼*, ਭਾਗ ਦੂਜਾ, ਪੰਨਾ 1393.

ਹੋਈ ਹੈ। ਉਹ ਬਹੁਤ ਹੀ ਸੁਸ਼ੀਲ, ਠਰ੍ਹੰਮੇ ਅਤੇ ਡੂੰਘੀ ਸੋਚ ਦੀ ਮਾਲਕਿਨ ਸੀ। ਬੀਬੀ ਭਾਨੀ ਨੇ ਆਪਣੇ ਪਿਤਾ ਜੀ ਦੀ ਸੇਵਾ ਪੁੱਤਰੀ ਵਜੋਂ ਨਹੀਂ ਸਗੋਂ ਇੱਕ ਭਗਤ ਦੇ ਰੂਪ ਵਿੱਚ ਕੀਤੀ ਸੀ। ਉਹ ਕਦੇ ਵੀ ਪਰਿਵਾਰਿਕ ਜ਼ੁੰਮੇਵਾਰੀਆਂ ਕਾਰਨ ਗੁਰੂ ਘਰ ਪ੍ਰਤੀ ਸ਼ਰਧਾ ਨਹੀਂ ਭੁੱਲੇ। ਸਿੱਖ ਇਤਿਹਾਸ ਵਿੱਚ ਬੀਬੀ ਭਾਨੀ ਦੀ ਲੰਗਰ ਸੇਵਾ ਵੀ ਬਹੁਤ ਸਲਾਹੁਣਯੋਗ ਹੈ। ਲੰਗਰ ਪ੍ਰਤੀ ਇੰਨੀ ਸ਼ਰਧਾ ਸੀ ਕਿ ਉਹਨਾਂ ਨੇ ਕਿਸੇ ਵੱਲੋਂ ਦਿੱਤੇ ਗਏ ਕੱਪੜੇ ਅਤੇ ਗਹਿਣਿਆਂ ਨੂੰ ਲੰਗਰ ਦੀ ਰਾਸ਼ੀ ਲਈ ਵਰਤਣ ਦੀ ਅਪੀਲ ਕੀਤੀ ਤਾਂਕਿ ਹਰ ਇਨਸਾਨ ਦੀ ਜ਼ਰੂਰਤ ਪੂਰੀ ਹੋ ਸਕੇ।[119]

ਗੁਰੂ ਅਮਰਦਾਸ ਸਾਹਿਬ ਨੇ ਬੀਬੀ ਭਾਨੀ (ਪੁੱਤਰੀ) ਦੀ ਸੇਵਾ ਤੋਂ ਖ਼ੁਸ਼ ਹੋਕੇ ਹੀ ਗੁਰਿਆਈ ਘਰ ਵਿੱਚ ਰਹਿਣ ਦਾ ਆਸ਼ੀਰਵਾਦ ਦਿੱਤਾ ਸੀ।[120] ਬੀਬੀ ਭਾਨੀ ਦਾ ਸਿੱਖ ਧਰਮ ਵਿੱਚ ਵਡਮੁੱਲਾ ਯੋਗਦਾਨ ਰਿਹਾ ਹੈ। ਬੀਬੀ ਭਾਨੀ ਸੱਚਾਈ, ਸਹਿਨਸ਼ੀਲਤਾ, ਕਰਤੱਵੀ, ਨਿਮਰਤਾ ਅਤੇ ਸੇਵਾ ਦੀ ਮੂਰਤ ਸੀ।[121]

**ਮਾਤਾ ਗੰਗਾ** ਗੁਰੂ ਅਰਜਨ ਦੇਵ ਸਾਹਿਬ ਦੇ ਮਹਿਲ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਮਾਤਾ ਹਨ। ਮਾਤਾ ਗੰਗਾ ਨੇ ਗੁਰੂ ਸਾਹਿਬ ਦੇ ਨਾਲ ਸਿੱਖ ਧਰਮ ਨੂੰ ਵਧਦੇ ਫੁਲਦੇ ਦੇਖਿਆ ਅਤੇ ਉਹ ਗੁਰੂ ਘਰ ਦੇ ਹਰ ਕਾਰਜ ਵਿੱਚ ਸਹਿਯੋਗੀ ਵੀ ਬਣੇ ਸਨ। ਇੱਥੋਂ ਤੱਕ ਕਿ ਗੁਰੂ ਸਾਹਿਬ ਦੀ ਸ਼ਹੀਦੀ ਹੋਣ ’ਤੇ ਹੌਸਲਾ ਰੱਖਿਆ। ਮਾਤਾ ਗੰਗਾ ਗੁਰੂ ਸਾਹਿਬ ਤੋਂ ਬਾਅਦ 22 ਸਾਲਾਂ ਤੱਕ ਜੀਵਤ ਰਹੇ। ਕੁੱਝ ਸਮੇਂ ਵਿੱਚ ਹੀ ਮਾਤਾ ਗੰਗਾ ਨੇ ਗੁਰੂ ਘਰ ਪ੍ਰਤੀ ਆਪਣੀਆਂ ਜ਼ੁੰਮੇਵਾਰੀਆਂ ਨੂੰ ਸਮਝਦਿਆਂ ਖ਼ੁਦ ਨੂੰ ਬੁਲੰਦ ਕੀਤਾ।[122] ਗੁਰੂ ਘਰ ਦੇ ਸਾਰੇ ਕਾਰਜਾਂ ਦੀ ਜ਼ੁੰਮੇਵਾਰੀ ਸੰਭਾਲੀ।

ਰਾਜਾ ਜਹਾਂਗੀਰ ਨੇ ਗੁਰੂ ਸਾਹਿਬ ਦੀ ਸ਼ਹੀਦੀ ਪਿੱਛੋਂ ਆਪਣੀ ਗ਼ਲਤੀ ਨੂੰ ਸਵੀਕਾਰਦੇ ਹੋਏ ਮਾਤਾ ਗੰਗਾ ਤੋਂ ਮੁਆਫ਼ੀ ਮੰਗੀ ਅਤੇ ਅਕਾਲ ਤਖਤ ਦੇ ਨਿਰਮਾਣ ਕਾਰਜ ਲਈ ਰਾਜਸੀ ਖਜਾਨੇ ਵਿੱਚੋਂ ਮਦਦ ਦੀ

---

119 " She used to dress in simple suit of coarse cloth (Khaddar), as a poor girl, seeing which some of the Sikh were displeasd. One day one of them offered her jewels and silk dress to wear, and asked her to clothe herself as became her dignity. In reply to this she chanted a hymn of Nanak- 'All this is illusion, and she requested the Sikh to put all the preffered money into the sacred Temple of Bread for the service of the people.'"
Puran Singh, *The Book of the Ten Masters*, Punjabi University, Patiala, 1981, p. 43.

120 "ਤੀਨੋਂ ਕਾਲ ਬਿਖੈ ਤੁਝ ਜੈਸੀ। ਹੁਈ ਨ ਹੈ ਹੋਵਹਿਗੀ ਐਸੀ। ਪਿਤਾ ਗੁਰੂ ਜਗ ਗੁਰ ਹੁਇ ਕੰਤ। ਪੁੱਤ੍ਰ ਗੁਰੂ ਹੁਇ ਪੌਤ੍ਰ ਮਹੰਤ।"
ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 1, ਅੰਸੂ 65, ਅੰਕ 43.

121 "ਛੋਟੀ ਸੁਤਾ ਸੇਵ ਨਿਤਿ ਕਰੈ। ਲਖਹਿ ਪ੍ਰਭੂ ਇਮਿ ਭਾਉ ਸੁ ਧਰੈ। ਪਿਤ ਕਰਿ ਨਹਿ ਜਾਨਹਿ ਬਹੁ ਸਯਾਨੀ। ਭਾਉ ਭਗਤਿ ਕੋ ਤਨ ਜਨੁ ਭਾਨੀ।"
ਉਹੀ, ਰਾਸਿ 1, ਅੰਸੂ 64, ਅੰਕ 2-3.

122 "ਨਹਿਂ ਅਪਰਨਿ ਸਮ ਮੋਕਹੁ ਚਹੀਯਹਿ। ਰੋਦਨਿ ਸ਼ੋਕ ਮੋਹ ਤੇ ਪੱਯਹਿ। ਮੈਂ ਜਗ ਗੁਰ ਘਰਨੀ ਅਕਲੇਸ਼। ਜਿਨ ਤੇ ਲੇਂ ਉਪਦੇਸ਼ ਅਸ਼ੇਸ਼।"
ਉਹੀ, ਰਾਸਿ 4, ਅੰਸੂ 40, ਅੰਕ 45.

ਭੇਂਟ ਸਵੀਕਾਰਨ ਲਈ ਕਿਹਾ।[123] ਮਾਤਾ ਗੰਗਾ ਨੇ ਇਸ ਭੇਂਟ ਨੂੰ ਅਸਵੀਕਾਰਦੇ ਹੋਏ ਸੰਗਤ ਨੂੰ ਹੀ ਇਸ ਕਾਰਜ ਲਈ ਸੰਤੋਸ਼ਜਨਕ ਮੰਨਿਆ। ਇਹ ਕਦਮ ਮਾਤਾ ਗੰਗਾ ਦੇ ਸਵੈਮਾਣ ਅਤੇ ਨਿਡਰਤਾ ਦੀ ਨਿਸ਼ਾਨੀ ਹੈ।

**ਮਾਤਾ ਨਾਨਕੀ** ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ, ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਮਾਤਾ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਾਦੀ ਹੋਣ ਦਾ ਸੁਭਾਗ ਮਿਲਿਆ। ਮਾਤਾ ਨਾਨਕੀ ਬਹੁਤ ਹੀ ਸਬਰ, ਸੰਤੋਖ ਅਤੇ ਹੌਸਲੇ ਵਾਲੇ ਸਨ।[124] ਗੁਰੂ ਤੇਗ ਬਹਾਦਰ ਛੱਬੀ ਵਰ੍ਹੇ ਭੋਰੇ ਵਿੱਚ ਰਹੇ ਤਾਂ ਮਾਤਾ ਨਾਨਕੀ ਬੜੇ ਹੀ ਸਿਦਕ ਨਾਲ ਸੇਵਾ ਵਿੱਚ ਮਘਨ ਰਹੇ। ਮਾਤਾ ਨਾਨਕੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸੁਣਕੇ ਘਬਰਾਏ ਨਹੀਂ ਸਗੋਂ ਖੁਦ ਹੌਸਲੇ ਨਾਲ ਉਹਨਾਂ ਦੇ ਅੰਤਿਮ ਸੰਸਕਾਰ ਦੇ ਪ੍ਰਬੰਧ ਕਰਵਾਏ ਸਨ ਅਤੇ ਇਸ ਤੋਂ ਬਾਅਦ ਆਪਣੇ ਪੋਤੇ ਗੋਬਿੰਦ ਨੂੰ ਗੁਰੂ ਥਾਪਿਆ ਸੀ।[125]

**ਮਾਤਾ ਗੁਜਰੀ** ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਮਹਿਲ, ਜੋ ਬਹੁਤ ਹੀ ਨੇਕ ਦਿਲ, ਸੁਸ਼ੀਲ ਅਤੇ ਹੌਸਲੇ ਵਾਲੀ ਇਸਤਰੀ ਸੀ। ਇਹਨਾਂ ਨੇ ਘਰ ਦੀਆਂ ਜ਼ੁੰਮੇਵਾਰੀਆਂ ਦੇ ਨਾਲ ਹੀ ਸਤਿਕਾਰ ਸਹਿਤ ਤਿਆਗੀ ਪਤੀ ਦੀਆਂ ਜ਼ਰੂਰਤਾਂ ਵੱਲ ਵੀ ਪੂਰਾ ਧਿਆਨ ਦਿੱਤਾ। ਸਭ ਤੋਂ ਨਿਵੇਕਲੀ ਗੱਲ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੂੰ ਸੁਣਕੇ ਮਾਤਾ ਗੁਜਰੀ ਰੋਏ ਨਹੀਂ ਸਗੋਂ ਇਸ ਭਾਣੇ ਨੂੰ ਸਿਰ ਮੱਥੇ ਪ੍ਰਵਾਨ ਕਰਦੇ ਹੋਇਆ ਕਿਹਾ ਕਿ 'ਤੁਹਾਡੀ ਨਿਭ ਆਈ। ਇਹ ਹੀ ਬਖ਼ਸ਼ਸ਼ ਕਰਨੀ ਕਿ ਮੇਰੀ ਵੀ ਨਿਭ ਜਾਏ।'[126] ਮਾਤਾ ਗੁਜਰੀ ਵੀ ਗੁਰੂ ਤੇਗ ਬਹਾਦਰ ਸਾਹਿਬ ਵਾਂਗ ਖ਼ੁਦ ਨੂੰ ਮਨੁੱਖਤਾ ਲਈ ਵਾਰ ਦੇਣ ਦੀ ਇੱਛਾ ਰੱਖਦੇ ਸਨ।

---

[123] "Jehangir offered to get Akal Takhat constructed out of funds from the royal treasury, but she declined his offer of contribution , saying that only sangat was empowered to contribute for the cause. "
Prabhjot kaur, *Women Liberation: Through the Prism of Sikh Faith*, p. 119.

[124] "ਸ਼੍ਰੀ ਗੁਰੁ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਯਾਤਾ। ਪਤਿਬਰਤਾ ਧਰਮਾਤਮ ਰੂਪਾ। ਰੁਚਿਰ ਸੁਸ਼ੀਲਾ ਗੁਣਨਿ ਅਨੂਪਾ। ਮਧੁਰ ਭਾਸ਼ਣੀ ਦੀਰਘ ਦਰਸਾ। ਸਤਿਗੁਰੁ ਧਯਾਨ ਪਰਾਇਣ ਹਰਸਾ। ਪ੍ਰਿਯ ਪੁੱਤ੍ਰਾ ਮਨ ਮ੍ਰਿਦੁਲ ਕੁਲੀਨਾ। ਸਦਾ ਕ੍ਰਿਪਾਲੂ ਪਰਮ ਅਦੀਨਾ।"
ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 11, ਅੰਸੂ 6, ਅੰਕ 2-3.

[125] "She herself oversaw the cremation arrangements when, as per the prevalent customs, the women, being considered weak, were not allowed even to join the funeral procession . After the cremation, She herself performed the coronation ceremony of her grandson and installed him the Guru. "
Prabhjot kaur, *Women Liberation: Through the Prism of Sikh Faith*, p.120.

[126] ਸਿਮਰਨ ਕੌਰ, *ਪ੍ਰਸਿੱਧ ਸਿੱਖ ਬੀਬੀਆਂ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991, ਪੰਨਾ 137.

ਗੁਰੂ ਤੇਗ ਬਹਾਦਰ ਸਾਹਿਬ ਪਿੱਛੋਂ ਮਾਤਾ ਗੁਜਰੀ ਨੇ ਪ੍ਰਸ਼ਾਸ਼ਨ ਨੂੰ ਸੰਭਾਲਿਆ ਅਤੇ ਹੁਕਮਨਾਮਿਆਂ[127] ਰਾਹੀਂ ਸਾਰੀ ਸਿੱਖ ਸੰਗਤ ਨੂੰ ਇਕਮੁੱਠ ਕੀਤਾ। ਮਾਤਾ ਗੁਜਰੀ ਅੰਤ ਤੱਕ ਸਾਹਿਬਜ਼ਾਦਿਆਂ ਨੂੰ ਵੀ ਧਰਮ ਖਾਤਰ ਕੁਰਬਾਨ ਹੋਣ ਲਈ ਸਿੱਖਿਆ ਦਿੰਦੇ ਰਹੇ ਅਤੇ ਬਾਅਦ ਵਿੱਚ ਮਾਤਾ ਗੁਜਰੀ ਖ਼ੁਦ ਵੀ ਧਰਮ ਲਈ ਸ਼ਹੀਦ ਹੋਏ ਸਨ। ਮਾਤਾ ਗੁਜਰੀ ਦੀ ਮਹਾਨਤਾ ਅਤੇ ਸਿੱਖ ਧਰਮ ਲਈ ਯੋਗਦਾਨ ਬਹੁਤ ਵਡਮੁੱਲਾ ਹੈ।

**ਮਾਤਾ ਸੁੰਦਰੀ** ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਹਿਲ, ਜੋ ਸਿੱਖ ਧਰਮ ਦੇ ਵਿਕਾਸ ਵਿੱਚ ਬਹੁਤ ਵੱਡੇ ਸਹਿਯੋਗੀ ਸਿੱਧ ਹੋਏ ਅਤੇ ਇਸਤਰੀਆਂ ਲਈ ਇੱਕ ਮਿਸਾਲ ਵੀ ਬਣੇ। ਗੁਰੂ ਸਾਹਿਬ ਅਤੇ ਮਾਤਾ ਸੁੰਦਰੀ ਦੇ ਪ੍ਰਲੋਕ ਗਮਨ ਵਿੱਚ ਲਗਭਗ ਚਾਲੀ ਸਾਲਾਂ ਦਾ ਫ਼ਰਕ ਹੈ। ਉਹਨਾਂ ਨੇ ਗੁਰੂ ਸਾਹਿਬ ਦੇ ਜਾਣ ਮਗਰੋਂ ਹਰ ਕੰਮ ਨੂੰ ਖ਼ੁਦ ਸੰਭਾਲਿਆ ਅਤੇ ਸਿੱਖਾਂ ਦੀ ਰਾਹਨੁਮਾਈ ਕੀਤੀ। ਮਾਤਾ ਸੁੰਦਰੀ ਦੁਆਰਾ ਸਿੱਖ ਸੰਗਤ ਨੂੰ ਹੁਕਮਨਾਮੇ ਭੇਜਣਾ ਜੋ ਮੁੱਖ ਤੌਰ ’ਤੇ ਗੁਰੂ ਘਰ ਦੀ ਮਰਿਯਾਦਾ ਨੂੰ ਬਰਕਰਾਰ ਰੱਖਣ ਦੇ ਸੰਦੇਸ਼ ਸਨ। ਇਸੇ ਤਰ੍ਹਾਂ ਮਾਤਾ ਸੁੰਦਰੀ ਨੇ ਤੱਤ ਖਾਲਸਾ ਅਤੇ ਬੰਦਈ ਖਾਲਸਾ ਦੇ ਆਪਸੀ ਝੱਗੜੇ ਨੂੰ ਸੁਲਝਾਉਣ ਦਾ ਮਹਾਨ ਕਾਰਜ ਕੀਤਾ ਸੀ। ਉਹਨਾਂ ਦੁਆਰਾ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਟਕਸਾਲ ਖੁਲਵਾਉਣਾ, ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਥਾਪਣਾ, ਪਾਲਿਤ ਪੁੱਤਰ ਅਜੀਤ ਸਿੰਘ ਨੂੰ ਸਿੱਖੀ ਤੋਂ ਮੁੱਖ ਮੋੜਨ ਕਾਰਨ ਸਜਾ ਦੇਣਾ ਆਦਿ ਕਾਰਜ ਮੁੱਖ ਰਹੇ ਸਨ।

ਮਾਤਾ ਸੁੰਦਰੀ ਬਹੁਤ ਹੀ ਸੂਝ-ਬੂਝ, ਦਲੇਰ, ਧੀਰਜ ਜਿਹੇ ਗੁਣਾਂ ਵਾਲੀ ਇਸਤਰੀ ਜੋ ਦੁੱਖਾਂ ਦੀ ਪਰਵਾਹ ਕੀਤੇ ਬਿਨਾਂ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਤਤਪਰ ਰਹੀ। ਗੁਰੂ ਸਾਹਿਬਾਨ ਦੇ ਸਮੇਂ ਅਜਿਹਾ ਮਾਹੌਲ ਬਣਿਆ ਕਿ ਇਸਤਰੀਆਂ ਖ਼ੁਦ ਅਗਾਂਹ ਆਈਆਂ ਅਤੇ ਸਮਾਜ ਦੇ ਮੁਹਾਂਦਰੇ ਨੂੰ ਬਦਲਣ ਲਈ ਯਤਨਸ਼ੀਲ ਹੋਈਆਂ।

**ਮਾਤਾ ਸਾਹਿਬ ਕੌਰ** ਦਸਵੇਂ ਗੁਰੂ ਸਾਹਿਬ ਦੇ ਮਹਿਲ ਜੋ ਸਾਰੀ ਉਮਰ ਕਵਾਰੇ ਮਹਿਲ ਹੀ ਰਹੇ। ਇਹਨਾਂ ਦੇ ਸੰਜਮੀ, ਨਿਮਰ, ਕੋਮਲ, ਸਬਰ ਸੰਤੋਖੀ ਸੁਭਾਅ ਅਤੇ ਸੇਵਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਸਾਹਿਬ ਨੇ ਮਾਤਾ ਸਾਹਿਬ ਨੂੰ ਪੂਰੇ ਖਾਲਸੇ ਦੀ ਮਾਤਾ ਦਾ ਮਾਣ ਬਖ਼ਸ਼ਿਆ। ਗੁਰੂ ਸਾਹਿਬ ਪਿੱਛੋਂ ਮਾਤਾ ਸਾਹਿਬ ਨੇ ਹੌਸਲੇ ਨਾਲ ਗੁਰੂ ਘਰ ਦੇ ਕਾਰਜਾਂ ਨੂੰ ਸੁਪਰਦ ਕੀਤਾ। ਸਾਰੀ ਸਿੱਖ ਸੰਗਤ ਨੂੰ ਨਿਯੰਤਰਨ ਵਿੱਚ ਰੱਖ ਸਹੀ ਸੇਧ ਦਿੱਤੀ। ਮਾਤਾ ਸਾਹਿਬ ਵੱਲੋਂ ਭੇਜੇ ਗਏ ਸਾਰੇ ਹੁਕਮਨਾਮੇ ਗੁਰੂ ਘਰ ਦੀ ਸੇਵਾ ਲਈ ਹੀ ਪ੍ਰੇਰਦੇ ਸਨ।

---

[127] “ਨਾਇਕ ਹਰਿਦਾਸ ਸਰਬਤਿ ਸੰਗਤਿ ਗੁਰੂ ਤੁਸਾਡੀ ਰਖੈ ਗਾ। ਮੇਵੜੇ ਭੇਜੇ ਹਨਿ ਕਾਰ ਭੇਟ ਸੁਖ ਮੰਨਤਿ ਬੋਲਿਆ ਚਲਿਆ ਸਭਨਾ ਜੀਆ ਕਾ ਦੇਣਾ ਸ੍ਰੀ ਗੁਰੂ ਜੀ ਸਰਬ ਤਿ ਸੰਗਤਿ ਕੇ ਮਨੋਰਥ ਪੂਰੇ ਕਰੇਗਾ।”
ਗੰਡਾ ਸਿੰਘ (ਸੰਪਾ), *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 123;
“ਸਰਕਾਰ ਦੀ ਖਚਰ ਜਾਣੀ ਪਾਵੈ ਨਾਹੀ ਮੁਜਰਾ ਹੋਗੁ।”
ਉਹੀ, ਪੰਨਾ 121.

**ਮਾਤਾ ਸਭਰਾਈ** ਸਿੱਖ ਇਤਿਹਾਸ ਵਿੱਚ ਸਤਭਰਾਈ ਅਤੇ ਭਿਰਾਈ ਨਾਮ ਨਾਲ ਵੀ ਜਾਣੀ ਗਈ ਹੈ। ਮਾਤਾ ਸਭਰਾਈ ਨੂੰ ਗੁਰੂ ਅੰਗਦ ਸਾਹਿਬ ਦੇ ਦਰਸ਼ਨਾਂ ਅਤੇ ਸੇਵਾ ਦਾ ਮੌਕਾ ਹਾਸਲ ਹੋਇਆ ਸੀ। ਮਾਤਾ ਸਭਰਾਈ ਨੇ ਗੁਰੂ ਅੰਗਦ ਸਾਹਿਬ ਦੀ ਬਹੁਤ ਸ਼ਰਧਾ ਨਾਲ ਸੇਵਾ ਕੀਤੀ। ਇਹ ਧਿਆਨ ਰੱਖਦੀ ਕਿ ਉਹਨਾਂ ਦੀ ਸੁੰਨ ਸਮਾਧੀ ਵਿੱਚ ਵੀ ਕੋਈ ਵਿਘਨ ਨਾ ਪਵੇ। ਮਾਤਾ ਸਭਰਾਈ ਕਦੇ ਵੀ ਗੁਰੂ ਸਾਹਿਬ ਦੇ ਹੁਕਮ ਦੀ ਉਲੰਘਨਾ ਨਾ ਕਰਦੀ।[128] ਮਾਤਾ ਸਭਰਾਈ ਦੁਆਰਾ ਉਹ ਮਾਹੌਲ ਸਿਰਜਿਆ ਗਿਆ ਜਿਸ ਦੀ ਗੁਰੂ ਅੰਗਦ ਸਾਹਿਬ ਨੂੰ ਜ਼ਰੂਰਤ ਸੀ।

'ਸ਼੍ਰੀ ਗੁਰ ਅੰਗਦ ਬੀਚ ਖਡੂਰ ਕੇ ਆਇ ਪ੍ਰਵੇਸ਼ ਭਏ ਨਿਜ ਥਾਈ॥
ਮੌਨ ਧਰੇ ਨਹਿਂ ਕੌਨ ਮਿਲੇ ਬਿਚ ਭੌਨ ਬਰੇ, ਪਿਖ ਮਾਈ ਭਿਰਾਈ॥'[129]

**ਬੀਬੀ ਰੂਪ ਕੌਰ** ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੀ ਸਪੁੱਤਰੀ, ਜੋ ਸਿੱਖ ਇਤਿਹਾਸ ਵਿੱਚ ਪਹਿਲੀ ਲੇਖਿਕਾ ਅਤੇ ਸੰਪਾਦਿਕਾ ਵਜੋਂ ਜਾਣੀ ਜਾਂਦੀ ਹੈ। ਬੀਬੀ ਰੂਪ ਕੌਰ ਨੂੰ ਲੰਬਾ ਸਮਾਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹਿਣ ਦਾ ਸਬੱਬ ਮਿਲਿਆ। ਬੀਬੀ ਰੂਪ ਕੌਰ ਨੇ ਉਹਨਾਂ ਸਾਖੀਆਂ ਨੂੰ ਲਿਖਤ ਰੂਪ ਦਿੱਤਾ, ਜੋ ਸੱਤਵੇਂ ਗੁਰੂ ਸਾਹਿਬ ਨੇ ਉਹਨਾਂ ਤੋਂ ਲਿਖਵਾਈਆਂ ਸਨ। ਇਹ ਪੋਥੀ 'ਬੀਬੀ ਰੂਪ ਕੌਰ ਦੀਆਂ ਸਾਖੀਆਂ' ਵਜੋਂ ਪ੍ਰਸਿੱਧ ਹੋਈ ਹੈ।

**ਮਾਈ ਭਾਗੋ** ਸੱਚ, ਸਿਦਕ, ਹੌਸਲੇ ਦੀ ਮੂਰਤ ਸੀ। ਜਿਸ ਨੇ ਸਿੱਖ ਇਤਿਹਾਸ ਵਿੱਚ (ਇਸਤਰੀ) ਵੀਰਤਾ ਦੀ ਮਿਸਾਲ ਕਾਇਮ ਕੀਤੀ ਹੈ। ਇਹ ਉਹ ਮਹਾਨ ਇਸਤਰੀ ਹੈ ਜਿਸ ਨੇ ਨਾ ਕੇਵਲ ਬੇਮੁਖ ਹੋਏ ਸਿੰਘਾਂ ਨੂੰ ਮਤ ਬਖਸ਼ੀ ਸਗੋਂ ਖ਼ੁਦ ਇਹਨਾਂ ਸਿੰਘਾਂ ਨਾਲ ਜੰਗ ਦੇ ਮੈਦਾਨ ਵਿੱਚ ਤਲਵਾਰ ਵਾਹੀ। ਮੁਕਤਸਰ ਦੀ ਜੰਗ ਤੋਂ ਬਾਅਦ ਮਾਈ ਭਾਗੋ ਔਕੜਾਂ ਦਾ ਸਾਹਮਣਾ ਕਰਦੇ ਹੋਏ ਸਿੰਘਾਂ ਵਾਂਗ ਹਮੇਸ਼ਾ ਗੁਰੂ ਸਾਹਿਬ ਨਾਲ ਰਹੀ। ਇੱਥੋਂ ਤੱਕ ਕਿ ਨੰਦੇੜ ਵਿਖੇ ਗੁਰੂ ਸਾਹਿਬ ਦੇ ਅਖੀਰਲੇ ਸਾਹ ਤੱਕ ਮਾਈ ਭਾਗੋ ਉਹਨਾਂ ਨਾਲ ਰਹੀ ਸੀ। ਜਦੋਂ ਉਹ ਜੰਗ ਦੇ ਮੈਦਾਨ ਵਿੱਚ ਨਿਤਰਦੀ ਤੇ ਦੁਸ਼ਮਨ ਵੀ ਉਸ ਦੀ ਵੀਰਤਾ ਤੋਂ ਹੈਰਾਨ ਹੁੰਦੇ ਸਨ। ਮਾਈ ਭਾਗੋ ਦੇ ਇਸ ਹੌਸਲੇ ਨੂੰ ਵੇਖਦਿਆਂ ਬਹੁਤ ਇਸਤਰੀਆਂ ਨੇ ਉਸਦੇ ਨਕਸ਼ੇ ਕਦਮਾਂ ਨੂੰ ਆਪਣਾ ਜੀਵਨ ਮੰਤਵ ਮੰਨਿਆ ਸੀ। ਮਾਈ ਭਾਗੋ ਇੱਕ ਇਸਤਰੀ ਹੋ ਕੇ ਨੇਤਰਤਵ ਅਤੇ ਰਾਹਨੁਮਾਈ ਵਿੱਚ ਮਰਦਾਂ ਤੋਂ ਕਿਤੇ ਅਗਾਂਹ ਸੀ। ਮਾਈ ਭਾਗੋ ਦੀ ਬਹਾਦਰੀ ਬਾਰੇ ਭਾਈ ਸਾਹਿਬ ਭਾਈ ਵੀਰ ਸਿੰਘ ਲਿੱਖਦੇ ਹਨ ਕਿ "ਸੋ ਜੇ ਖਾਲਸਾ ਹੈ, ਜਿਸ ਸੀਸ ਦੇਣਾ ਹੈ ਲੀਕ ਟੱਪ ਆਵੇ। ਚਾਰ ਸਿੰਘ ਹੋਰ ਲੀਕ ਟੱਪੇ ਤੇ ਖੜੇ ਹੋਕੇ ਲਲਕਾਰੇ

---

[128] "ਸ਼੍ਰੀ ਗੁਰ ਕੋ ਰੁਖ਼ ਜਾਨਿ ਤਬੈ, ਦਰ ਕੋ ਚੀਨਿ ਕੀਨੋ ਹੈ ਬੰਦ ਭਿਰਾਈ। ਫੇਰ ਕਰਯੋ ਇਕ ਸਾਰ ਭਲੇ, ਬਹੁ ਪੰਕ ਲਗਾਇ ਕੈ ਕੀਨ ਲਿਪਾਈ।"
ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 1, ਅੰਸੂ 9, ਅੰਕ 10.

[129] ਉਹੀ, ਰਾਸਿ 1, ਅੰਸੂ 9, ਅੰਕ 5.

'ਅੱਜ ਸੀਸ ਦੇਣਾ ਹੈ ਸੀਸ' ਫੇਰ ਇਕ ਮਾਈ ਸਾਂਗ ਹੱਥ ਵਿਚ ਸੂਤੀ ਸੁਹਣੀ, ਭਰਵੀਂ ਤੇ ਸ਼ੇਰ ਨੁਹਾਰ ਵਾਲੀ ਲੀਕ ਟਪਕੇ ਬੋਲੀ: 'ਤ੍ਰੀਮਤ ਬੀ ਖਾਲਸਾ ਜੇ ਵੀਰੋ! ਥੇ ਅੱਜ ਲੜੇਗੀ ਸਨਮੁਖ, ਹਾਂ, ਹੁਕਮ ਦੇ ਮਗਰ ਸੀਸ ਪਰ ਖੇਲੇਗੀ। ਭੈਣ ਲੜੇਗੀ, ਵਧੇਗੀ, ਮਰੇਗੀ, ਵੀਰ ਘਰਾਂ ਨੂੰ ਜਾਣਗੇ।'"[130] ਮਾਈ ਭਾਗੋ ਸਿੱਖ ਧਰਮ ਦੀ ਅਜਿਹੀ ਮਹਾਨ ਸਖਸ਼ੀਅਤ ਹੈ, ਜੋ ਇਸਤਰੀਆਂ ਲਈ ਹਮੇਸ਼ਾ ਪ੍ਰੇਰਨਾ ਦਾ ਸ੍ਰੋਤ ਹੈ ਅਤੇ ਸਾਰੇ ਗੁਰਸਿੱਖਾਂ ਨੂੰ ਆਪਣੇ ਆਦਰਸ਼ਾਂ ਉੱਪਰ ਕਾਇਮ ਰਹਿਣ ਦੀ ਮਿਸਾਲ ਹੈ।

**ਬੀਬੀ ਦੀਪ ਕੌਰ** ਨੇ ਕਰਾਤਰਪੁਰ ਨੇੜੇ ਦਿਆਲਪੁਰ ਵਿਖੇ ਸ਼ਾਮੂ ਸ਼ਾਹ (ਮਾਤਾ ਗੁਜਰੀ ਦੇ ਭਰਾ) ਦੇ ਘਰ ਜਨਮ ਲਿਆ ਸੀ। ਜਿਸ ਦਾ ਨਾਮ ਸਿੱਖ ਇਤਿਹਾਸ ਵਿੱਚ ਬਹਾਦਰ ਇਸਤਰੀਆਂ ਵਿੱਚ ਲਿਆ ਜਾਂਦਾ ਹੈ। ਇੱਕ ਵਾਰ ਬੀਬੀ ਦੀਪ ਕੌਰ ਨੂੰ ਚਾਰ ਤੁਰਕਾਂ ਨੇ ਮਾੜੀ ਬਿਰਤੀ ਨਾਲ ਘੇਰ ਲਿਆ। ਦੀਪ ਕੌਰ ਨੇ ਨਿਰਭੈ ਹੋ ਕੇ ਤਲਵਾਰ ਵਾਹੀ ਅਤੇ ਆਪਣੀ ਆਬਰੂ ਬਚਾਉਣ ਵਿੱਚ ਸਫ਼ਲ ਹੋਈ। ਇਸ ਸਾਰੇ ਵਿਰਤਾਂਤ ਬਾਰੇ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸ ਕੀਤੀ ਕਿ ਬੀਬੀ ਦੀਪ ਕੌਰ ਤੁਰਕਾਂ ਦੁਆਰਾ ਛੂਹਣ ਨਾਲ ਭਿੱਟੀ ਗਈ ਹੈ। ਜਿਸ ਬਾਰੇ ਗੁਰੂ ਸਾਹਿਬ ਨੇ ਹੱਸਕੇ ਕਿਹਾ ਕਿ "ਇਸ ਨੇ ਤਾਂ ਆਪਣੇ ਧਰਮ ਅਤੇ ਆਪਣੀ ਜਾਨ ਦੀ ਰਖਯਾ ਕੀਤੀ ਹੈ। ਬੀਬੀ ਸੂਰਬੀਰ ਸਿੰਘਣੀ ਪੰਥ ਦੀ ਪੁਤ੍ਰੀ ਹੈ। ਇਹ ਨਹੀਂ ਭਿੱਟੀ, ਅਛੂਤ ਜਾਤੀਆਂ ਇਸ ਦੇ ਚਰਨਾਂ ਨੂੰ ਛੂਹਕੇ ਪਾਵਨ ਹੋਣਗੀਆਂ। ਇਸਦਾ ਨਾਮ ਬੀਰਾਂ ਦੀ ਸ਼ਰੇਣੀ ਵਿਚ ਰਹੇਗਾ ਤੇ ਪਵਿਤ੍ਰ ਪਾਵਨ ਸਦਾਏਗੀ।"[131] ਗੁਰੂ ਸਾਹਿਬ ਦੀ ਇਸੇ ਪ੍ਰਸੰਸਾ ਨੇ ਬੀਬੀ ਦੀਪ ਕੌਰ ਦੇ ਜੀਵਨ ਦੀ ਨੁਹਾਰ ਹੀ ਬਦਲ ਦਿੱਤੀ। ਬੀਬੀ ਦੀਪ ਕੌਰ ਦਾ ਹੌਸਲਾ ਹੋਰ ਵੀ ਬੁਲੰਦ ਹੋਇਆ ਸੀ। ਬੀਬੀ ਦੀਪ ਕੌਰ ਦਾ ਵੱਡਾ ਕਦਮ ਇਸਤਰੀਆਂ ਨੂੰ ਮਰਦਾਂ ਵਾਂਗ ਹਥਿਆਰਬੰਦ ਅਤੇ ਜਥੇਬੰਦ ਕਰਨ ਦਾ ਸੀ ਤਾਂਕਿ ਇਸਤਰੀਆਂ ਔਖੇ ਸਮੇਂ ਹੌਸਲੇ ਨਾਲ ਸਵੈ ਰੱਖਿਆ ਕਰ ਸਕਣ। "ਇਸ ਲਈ ਬੀਬੀ ਦੀਪ ਕੌਰ ਨੇ ਸਿੱਖ ਨੌਜਵਾਨ ਇਸਤਰੀਆਂ ਨੂੰ ਗਤਕਾ ਸਿਖਾਉਣ ਦੀ ਤਜਵੀਜ਼ ਰੱਖੀ ਤੇ ਇਸ ਤਰ੍ਹਾਂ ਪਹਿਲੀ ਵਾਰ ਕਰਤਾਰਪੁਰ ਵਿਚ ਹੀ ਸਿੱਖ ਬੀਬੀਆਂ ਦੀ ਗਤਕਾ-ਪਾਰਟੀ ਤਿਆਰ ਕਰਨ ਦਾ ਕੰਮ ਸ਼ੁਰੂ ਹੋ ਗਿਆ।"[132] ਬੀਬੀ ਦੀਪ ਕੌਰ ਦੇ ਇਹ ਕਾਰਜ ਇਸਤਰੀ ਆਜ਼ਾਦੀ ਲਈ ਇੱਕ ਕ੍ਰਾਂਤੀਕਾਰੀ ਕਦਮ ਬਣੇ।

ਗੁਰੂ ਸਾਹਿਬਾਨ ਨੇ ਇਸਤਰੀ ਨੂੰ ਸਿਧਾਂਤਕ ਪੱਖ ਤੋਂ ਅਧਿਆਤਮਿਕ ਮਹਾਨਤਾ ਦਾ ਜਾਮਾ ਪਵਾਇਆ ਅਤੇ ਵਿਹਾਰਕ ਪੱਖੋਂ ਵੀ ਗੌਰਵਮਈ ਰੁਤਬਾ ਦਿੱਤਾ। ਮਾਤਾ ਖੀਵੀ ਦਾ ਲੰਗਰ ਪ੍ਰਬੰਧ, ਬੀਬੀ ਭਾਨੀ ਦੀ ਨਿਸ਼ਕਾਮ ਸੇਵਾ, ਮਾਤਾ ਗੁਜਰੀ ਦੀ ਕੁਰਬਾਨੀ, ਮਾਤਾ ਸੁੰਦਰੀ ਦੀ ਖਾਲਸਾ ਪੰਥ ਦੀ ਰਹਿਨੁਮਾਈ, ਮਾਤਾ ਸਾਹਿਬ ਕੌਰ ਦਾ ਖਾਲਸੇ ਦੀ ਮਾਂ ਹੋਣ ਦਾ ਮਾਣ, ਬੀਬੀ ਰੂਪ ਕੌਰ ਦਾ ਪਹਿਲੀ ਲੇਖਿਕਾ ਬਣਨਾ, ਮਾਈ

---

[130] ਵੀਰ ਸਿੰਘ, ਭਾਈ, *ਸ੍ਰੀ ਕਲਗੀਧਰ ਚਮਤਕਾਰ*, ਉਤਰਾਰਧ, ਸਾਹਿਤ ਸਦਨ, ਨਵੀਂ ਦਿੱਲੀ, 28 ਵੀਂ ਵਾਰ, 2011, ਪੰਨੇ 203-204.

[131] ਵੀਰ ਸਿੰਘ, ਭਾਈ, *ਸ੍ਰੀ ਕਲਗੀਧਰ ਚਮਤਕਾਰ*, ਪੁਰਬਾਰਧ, ਸਾਹਿਤ ਸਦਨ, ਨਵੀਂ ਦਿੱਲੀ, 28 ਵੀਂ ਵਾਰ, 2011, ਪੰਨਾ 280.

[132] ਮਹਿੰਦਰ ਕੌਰ ਗਿਲ, *ਤੂੰ ਸਤਵੰਤੀ ਤੂੰ ਪਰਧਾਨਿ (ਸਿੱਖ ਸਮਾਜ ਦਾ ਨਾਰੀ ਮੰਡਲ)*, ਪੰਨਾ 375.

ਭਾਗੋ ਦੀ ਬਹਾਦਰੀ, ਬੀਬੀ ਦੀਪ ਕੌਰ ਦਾ ਇਸਤਰੀਆਂ ਲਈ ਜਥੇਬੰਦੀ ਤਿਆਰ ਕਰਨਾ ਆਦਿ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਗੁਰੂ ਸਾਹਿਬਾਨ ਨੇ ਇਸਤਰੀਆਂ ਨੂੰ ਹਰ ਪੱਖ ਤੋਂ ਬਰਾਬਰ ਸਮਝਿਆ। ਇਹ ਇਸਤਰੀਆਂ ਉਚੇਰੀਆਂ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਤੇ ਚੱਲਦਿਆਂ ਸਿੱਖ ਧਰਮ ਦੀ ਬੁਨਿਆਦੀ ਤਾਕਤ ਬਣੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਇਸਤਰੀ ਜੀਵਨ ਦੇ ਹਰ ਪੱਖ ਨੂੰ ਛੋਹਿਆ ਹੈ। ਜਿਸ ਨਾਲ ਇਸਤਰੀ ਲਈ ਇੱਕ ਨਵੇਂ ਅਤੇ ਆਜ਼ਾਦ ਯੁੱਗ ਦਾ ਮੁਢ ਬੱਝਦਾ ਹੈ। ਸਿੱਖ ਧਰਮ ਗ੍ਰੰਥ ਜਿਥੇ ਅਧਿਆਤਮਿਕ ਰਹਿਨੁਮਾਈ ਕਰਦੇ ਹਨ ਉੱਥੇ ਸਮਾਜਿਕ ਪੱਧਰ ਦੀਆਂ ਮੁਸ਼ਕਿਲਾਂ ਤੋਂ ਵੀ ਰਾਹ ਸੁਝਾਉਂਦੇ ਹਨ। ਜੀਵਨ ਦਾ ਅਸਲ ਮਨੋਰਥ ਮੁਕਤ ਹੋਣਾ ਹੈ ਅਤੇ ਇਹ ਮੁਕਤੀ ਇਸਤਰੀ ਗੁਣਾਂ ਰਾਹੀਂ ਹੀ ਹਾਸਲ ਹੋ ਸਕਦੀ ਹੈ। ਸਿੱਖ ਧਰਮ ਸ੍ਰੋਤ ਮਨੁੱਖੀ ਜੀਵਨ ਨੂੰ ਆਪਣੇ ਆਦਰਸ਼ ਵੱਲ ਜੁੜਨ ਲਈ ਪ੍ਰੇਰਿਤ ਕਰਦਾ ਹੈ। ਜਿਸ ਦਾ ਵਰਣਨ ਬਾਰ-ਬਾਰ ਆਇਆ ਹੈ। ਮਨੁੱਖੀ ਸਮਾਨਤਾ ਦੀ ਗੱਲ ਕਰਦਿਆਂ ਇਸਤਰੀ ਰੂਪ ਵਿੱਚ ਬਾਣੀ ਰਚ ਕੇ ਪ੍ਰਚਲਿਤ ਰਵਾਇਤਾਂ ਨੂੰ ਬੁਰੀ ਤਰ੍ਹਾਂ ਝੰਜੋੜਿਆਂ ਜਿਸ ਨਾਲ ਇਸਤਰੀ ਦੀ ਹੋਂਦ ਨੂੰ ਮਹਾਨਤਾ ਹਾਸਲ ਹੋਈ। ਗੁਰੂ ਸਾਹਿਬਾਨ ਦੀ ਉਸਾਰੂ ਸੋਚ ਨੇ ਇਸਤਰੀਆਂ ਦੀ ਦਸ਼ਾ ਦੇ ਇਤਿਹਾਸ ਵਿੱਚ ਉਸਾਰੂ ਪਰਿਵਰਤਨ ਲਿਆਂਦਾ ਜਿਸ ਨੂੰ ਆਧੁਨਿਕ ਸਮਿਆਂ ਵਿੱਚ ਸਮਝਣਾ ਅਤੇ ਵਿਚਾਰਨਾ ਅਤਿ ਜ਼ਰੂਰੀ ਹੋ ਗਿਆ ਅਤੇ ਅਗਲੀਆਂ ਪੀੜ੍ਹੀਆਂ ਤੱਕ ਲੈ ਜਾਣ ਲਈ ਦਿਸ਼ਾ ਨਿਰਦੇਸ਼ ਕੀਤੀ ਜਾ ਸਕੇ।

# ਅਧਿਆਇ-4
# ਆਧੁਨਿਕ ਪਰਿਪੇਖ ਵਿੱਚ ਇਕ ਤੁਲਨਾਤਮਕ ਅਧਿਐਨ

**ਆਧੁਨਿਕਤਾ:**

ਮਨੁੱਖੀ ਜੀਵਨ ਵਿੱਚ ਪਦਾਰਥਕ ਅਤੇ ਬੌਧਿਕ ਪਰਿਵਰਤਨ ਨੇ ਨਵੀਆਂ ਸੋਚਾਂ/ਧਾਰਨਾਵਾਂ ਅਤੇ ਨਵੇਂ ਸਿਧਾਂਤਾਂ ਨੂੰ ਪੈਦਾ ਕੀਤਾ। ਅਜਿਹੇ ਨਵੀਨਤਾ ਦੇ ਸਮੇਂ ਨੂੰ ਆਧੁਨਿਕਤਾ ਦਾ ਨਾਮ ਦਿੱਤਾ ਗਿਆ। ਹਰ ਯੁੱਗ ਦੀ ਵਿਚਾਰਧਾਰਾ ਅਤੇ ਬੌਧਿਕ ਲਹਿਰ ਦੇ ਸਿਧਾਂਤ ਵੱਖੋ-ਵੱਖ ਹੁੰਦੇ ਹਨ। ਇਹਨਾਂ ਸਿਧਾਂਤਾਂ ਦੀ ਜੜ੍ਹ ਤਾਂ ਇੱਕੋ ਹੀ ਹੁੰਦੀ ਹੈ ਪਰ ਰੂਪ ਬਦਲਵਾਂ ਹੁੰਦਾ ਹੈ। ਆਧੁਨਿਕਤਾ ਪਰੰਪਰਿਕ ਕਦਰਾਂ ਕੀਮਤਾਂ ਦੇ ਵਿਰੋਧ ਜਾਂ ਧਰਮ ਅਤੇ ਪਰੰਪਰਿਕ ਧਾਰਨਾਵਾਂ ਦੀ ਥਾਂ ਵਿਗਿਆਨ, ਤਰਕ, ਮਸ਼ੀਨ ਵਜੋਂ ਸਾਹਮਣੇ ਆਉਂਦੀ ਹੈ। "ਆਧੁਨਿਕਤਾ ਉਹ ਅਨੁਭਵ ਜਾਂ ਸੰਸਥਕ ਪੱਧਰ ਤੇ ਹੋ ਰਿਹਾ ਅਭਿਆਸ ਸੀ ਜਿਸ ਦੀਆਂ ਦੋ ਵੱਡੀਆਂ ਵਿਸ਼ੇਸ਼ਤਾਵਾਂ, ਮਸ਼ੀਨ ਅਤੇ ਤਰਕ ਨਾਲ ਜੀਵਨ ਨੂੰ ਸੰਗਠਿਤ ਕਰਨਾ ਅਤੇ ਵਿਸ਼ੇਸ਼ੀਕਰਣ ਨਾਲ ਮੁਕਤ ਕਰਨ ਵਾਲੀਆਂ ਵਿਸ਼ਵਾਰਥੀ ਸੰਸਥਾਵਾਂ ਉਸਾਰਨਾ ਸੀ।"[1] ਇਸੇ ਸੋਚ ਜਾਂ ਅਨੁਭਵ ਅਨੁਸਾਰੀ ਦਰਸ਼ਨ/ਚਿੰਤਨ ਨੂੰ ਆਧੁਨਿਕਵਾਦ ਵਜੋਂ ਜਾਣਿਆ ਜਾਂਦਾ ਹੈ। "ਆਧੁਨਿਕਵਾਦ ਅਤੇ ਆਧੁਨਿਕਤਾ ਦਾ ਦਰਸ਼ਨ ਸ੍ਰੋਤ ਗਿਆਨਕਰਣ ਚਿੰਤਨ ਹੀ ਹੈ। ਆਧੁਨਿਕਵਾਦ ਦਾ ਵਿਵੇਕ ਰਾਹੀਂ ਸਾਰੀ ਮਨੁੱਖਤਾ ਨੂੰ ਮੁਕਤ ਕਰਨ ਦਾ ਲਖਸ਼, ਪਰਕਿਰਤੀ ਉੱਤੇ ਨਿਰੰਤਰ ਵਿਗਿਆਨਿਕ ਉੱਨਤੀ ਰਾਹੀਂ ਅਧਿਕਾਰ ਪ੍ਰਾਪਤ ਕਰਨ ਦੀ ਪ੍ਰਬਲ ਇੱਛਾ, ਇੱਕ ਰੇਖਕੀ ਪ੍ਰਕਾਰ ਦੇ ਮੰਤਵਬੱਧ ਵਿਕਾਸ ਵਿੱਚ ਵਿਸ਼ਵਾਸ, ਗਿਆਨਕਰਣ ਚਿੰਤਨ ਦੀ ਦੇਣ ਹਨ। ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਨੂੰ ਤਾਰਕਿਕ ਰੂਪ ਦੇਣਾ, ਜੋ ਅਭਿਆਸ ਵਿੱਚ ਸਮੇਂ ਦੇ ਪ੍ਰਬੱਲ ਪੂੰਜੀਵਾਦ ਦੀਆਂ ਕੀਮਤਾਂ ਨੂੰ ਅੱਗੇ ਲੈ ਜਾਣ ਜਾਂ ਸਮਾਜਵਾਦ ਦੇ ਇੱਕ-ਮੁਖੀ ਲਖਸ਼ਾਂ ਦਾ ਅਨੁਕਰਣ ਬਣ ਕੇ ਰਹਿ ਗਿਆ, ਆਧੁਨਿਕਵਾਦ ਦਾ ਇੱਕ ਵਿਸ਼ੇਸ਼ ਜਤਨ ਰਿਹਾ ਹੈ ਜਿਸ ਨਾਲ ਇੱਕ ਵਿਹਾਰਵਾਦ (ਸੈਕੂਲਰਜ਼ਮ) ਵੀ ਵਿਕਸਿਤ ਹੋਇਆ ਜਿਸ ਨੇ ਧਰਮ, ਮਿੱਥ ਆਦਿ ਦਾ ਵਿਨਾਸ਼ ਕੀਤਾ। ਇੱਕ ਅਜਿਹੇ ਆਤਮ(ਸਬਜੈਕਟ) ਦਾ ਸਿਰਜਣ ਕੀਤਾ ਜੋ ਸੰਗਠਿਤ, ਇੱਕਾਰਥੀ ਅਤੇ ਇਤਿਹਾਸਵਾਦੀ ਸੀ।"[2] ਇਸ ਵਿਚਾਰ ਦਾ ਮਨੋਰਥ ਨਵੀਨ ਤਰੀਕੇ ਨਾਲ ਮੁਕਤੀ ਜਾਂ ਮੁਕਤੀ ਮਾਰਗ ਦੱਸਕੇ ਲੋਕਾਈ ਦੇ ਭਲੇ ਦੀ ਗੱਲ ਕਰਨਾ ਹੈ।

---

[1] ਗੁਰਭਗਤ ਸਿੰਘ, *ਉਤਰਆਧੁਨਿਕਵਾਦ*, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2000, ਪੰਨਾ 10.

[2] *ਉਹੀ,* ਪੰਨਾ 2.

**ਨਾਰੀਵਾਦ:**

ਨਾਰੀਵਾਦ ਜਾਂ ਨਾਰੀਵਾਦੀ ਚਿੰਤਨ ਆਧੁਨਿਕਤਾ ਦੀ ਹੀ ਉਪਜ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਨਾਰੀਵਾਦ ਨੂੰ ਆਧੁਨਿਕਤਾ ਦੀ ਧੀ ਵੀ ਪੁਕਾਰਿਆ ਜਾਂਦਾ ਹੈ। ਆਧੁਨਿਕਤਾ ਦੇ ਪ੍ਰਭਾਵ ਅਧੀਨ ਪੈਦਾ ਹੋਈ ਨਵੀਂ ਸੋਚ ਜਾਂ ਨਵੇਂ ਦੌਰ ਵਿੱਚ ਇਸਤਰੀਆਂ ਵੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਈਆਂ। ਉਹਨਾਂ ਵਿੱਚ ਵੀ ਸਵੈ ਸਥਿਤੀ ਨੂੰ ਲੈਕੇ ਇੱਕ ਨਵੀਂ ਚੇਤਨਾ ਉੱਭਰ ਕੇ ਆਈ। ਉਹਨਾਂ ਨੂੰ ਆਪਣੀ ਵੇਦਨਾ ਪ੍ਰਗਟਾਉਣ ਦੇ ਮੌਕੇ ਵੀ ਪ੍ਰਾਪਤ ਹੋਏ। ਇਸਤਰੀ ਵੀ ਬੰਦ ਕਮਰਿਆਂ ਦੇ ਹਨੇਰੇ ਤੋਂ ਬਾਹਰ ਆ ਕੇ ਰੁਸ਼ਨਾਉਣਾ ਲੋਚਦੀ ਸੀ। ਇਸੇ ਆਧੁਨਿਕ ਸੋਚ ਨੇ ਨਾਰੀਵਾਦ ਰੂਪੀ ਫ਼ਸਲ ਲਈ ਬੀਜ ਦਾ ਕੰਮ ਕੀਤਾ। 'ਨਾਰੀਵਾਦ' ਸ਼ਬਦ ਦੀ ਉਪਜ ਤੋਂ ਪਹਿਲਾ ਹੀ ਇਸਦਾ ਆਧਾਰ ਬਣ ਚੁੱਕਿਆ ਸੀ। ਇਸ ਲਈ ਉਸ ਸਮੇਂ ਵਿੱਚ 'ਔਰਤਾਂ ਦੇ ਹੱਕ', 'ਔਰਤਾਂ ਦੀ ਆਜ਼ਾਦੀ', 'ਔਰਤਾਂ ਦੀ ਲਹਿਰ' ਜਿਹੇ ਸ਼ਬਦ ਪ੍ਰਚਲਿਤ ਸਨ। ਇਹਨਾਂ ਲਹਿਰਾਂ ਦਾ ਮੁੱਖ ਮਕਸਦ ਇਸਤਰੀ ਦੀ ਹੋਂਦ ਨੂੰ ਬਰਕਰਾਰ ਰੱਖਣਾ ਅਤੇ ਇਸਤਰੀ ਦੇ ਮਰਦਾਂ ਬਰਾਬਰ ਹੱਕਾਂ ਦੀ ਮੰਗ ਕਰਨਾ ਸੀ ਕਿਉਂਕਿ ਇਸਤਰੀ ਨੂੰ ਹਮੇਸ਼ਾ ਹੀ ਨੀਵੇਂ ਪੱਧਰ ਅਤੇ ਲੋੜ ਪੂਰਤੀ ਦਾ ਸਾਧਨ ਹੀ ਸਮਝਿਆ ਗਿਆ ਸੀ। ਇਸਤਰੀ ਨੂੰ ਮਰਦ ਨਾਲ ਸੰਬੰਧਿਤ ਰਿਸ਼ਤਿਆਂ ਤੋਂ ਬਿਨਾਂ ਉਸਦੇ ਵਿਅਕਤੀਗਤ ਸਵੈ ਨੂੰ ਸਵੀਕ੍ਰਿਤੀ ਹਾਸਲ ਨਹੀਂ ਹੋ ਸਕੀ। ਇਸਤਰੀ ਹਮੇਸ਼ਾ ਹੀ ਮਰਦ ਵੱਲੋਂ ਵਖਰਿਆਈ ਅਤੇ ਦਬਾਈ ਜਾਂਦੀ ਰਹੀ ਹੈ। ਜੋਨ ਸਟੂਅਰਟ ਮਿਲ ਅਨੁਸਾਰ ਦੁਨੀਆ ਵਿੱਚ ਮਰਦਾਂ ਦੀ ਗ਼ੁਲਾਮੀ ਸਮੇਂ ਦੇ ਬਦਲਾਅ ਨਾਲ ਖ਼ਤਮ ਹੋ ਗਈ ਪਰ ਇਸਤਰੀਆਂ ਦੀ ਗ਼ੁਲਾਮੀ ਹੌਲੀ ਹੌਲੀ ਇੱਕ ਨਰਮ ਤਰੀਕੇ ਦੀ ਨਿਰਭਰਤਾ ਵਿੱਚ ਤਬਦੀਲ ਹੋ ਗਈ। ਨਿਰਭਰਤਾ ਜਿਸ ਰੂਪ ਵਿੱਚ ਇਹ ਅੱਜ ਹੈ, ਕੋਈ ਮੂਲ ਸੰਸਥਾ ਨਹੀਂ, ਜਿਸ ਦੀ ਸ਼ੁਰੂਆਤ ਨਿਆਂ ਅਤੇ ਸਮਾਜਿਕ ਲੋੜ ਮੁਤਾਬਿਕ ਹੋਈ ਹੋਵੇ। ਇਹ ਸਿਰਫ਼ ਉਸੇ ਪੁਰਾਣੀ ਗ਼ੁਲਾਮੀ ਦਾ ਬੱਚਿਆ ਹੋਇਆ ਇੱਕ ਰੂਪ ਹੈ।[3] ਇਸਤਰੀ ਨਾਲ ਹਮੇਸ਼ਾ ਹੀ ਭੇਦਭਾਵ ਵਾਲਾ ਵਰਤਾਰਾ ਹੁੰਦਾ ਰਿਹਾ ਹੈ। ਘਰ ਵਿੱਚ ਵਸਤੂ ਬਰਾਬਰ ਰੱਖੀ ਜਾਣ ਵਾਲੀ ਇਸਤਰੀ ਨਾਗਰਿਕਤਾ ਦੇ ਹੱਕ ਤੋਂ ਵੀ ਵਾਂਝੀ ਸੀ। ਅਜਿਹੇ ਵਖਰੇਵੇਂ ਹੀ ਨਾਰੀਵਾਦੀ ਸੋਚ ਦਾ ਮੁਢ ਬੱਝਦੇ ਹਨ।

'ਨਾਰੀਵਾਦ' ਅੰਗਰੇਜ਼ੀ ਦੇ ਸ਼ਬਦ '*Feminism*' ਦਾ ਸਮਾਨਾਰਥੀ ਹੈ। ਜਿਸ ਦਾ ਭਾਵ ਇਸਤਰੀ ਤੋਂ ਹੈ, ਅਸਲ ਭਾਵ ਇਸਤਰੀ ਦੇ ਗੁਣਾਂ ਤੋਂ ਹੈ। ਆਮ ਸ਼ਬਦਾਂ ਵਿੱਚ, 'ਨਾਰੀਵਾਦ' ਸਮਾਜ ਵਿੱਚ ਮਰਦ ਇਸਤਰੀ ਦੀ ਬਰਾਬਰਤਾ ਦੀ ਗੱਲ ਕਰਦਾ ਹੈ। ਇਹ ਉਹ ਅੰਦੋਲਨ ਜਾਂ ਸਿਧਾਂਤ ਹੈ ਜੋ ਇਸਤਰੀਆਂ ਦੇ

---

[3] jwn átuAt~ iml, *áZI AOr prwDInqw pRk÷iq, Si#q AOr Buimkw sy juVy pRSn*, Xugw<k Dir (Anu.), svw<d pRkwSn, myrT, 2002, pNnw 16.

ਹੱਕ ਅਤੇ ਰਾਏ ਨੂੰ ਸਮਰਥਨ ਦਿੰਦਾ ਹੈ। ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ ਨਾਰੀਵਾਦ ਦਾ ਉਦੇਸ਼ ਇਸਤਰੀਆਂ ਨੂੰ ਬਰਾਬਰ ਦੇ ਹੱਕ ਪ੍ਰਦਾਨ ਕਰਨਾ ਤੇ ਮਰਦ ਦੇ ਬਰਾਬਰ ਦਾ ਸਥਾਨ ਦੇਣਾ ਅਤੇ ਉਸਨੂੰ ਆਪਣੀ ਜੀਵਨ ਯਾਤਰਾ ਤੇ ਜੀਵਨ ਸਾਥੀ ਚੁਣਨ ਦੀ ਆਜ਼ਾਦੀ ਪ੍ਰਦਾਨ ਕਰਨਾ ਹੈ।[4] ਵੈਬਸਟਰ ਇਨਸਾਈਕਲੋਪੀਡੀਆ ਅਨੁਸਾਰ ਨਾਰੀਵਾਦ ਇਸਤਰੀਆਂ ਨਾਲ ਸੰਬੰਧਿਤ ਵਾਦ ਹੈ, ਜੋ ਇਸਤਰੀ ਦੇ ਮਰਦਾਂ ਬਰਾਬਰ ਸਮਾਜਿਕ, ਰਾਜਨੀਤਿਕ ਅਧਿਕਾਰਾਂ ਲਈ ਸਮਰਥਨ ਕਰਦਾ ਹੈ। ਕਈ ਵਾਰ ਇਸਤਰੀਆਂ ਦੇ ਅਧਿਕਾਰਾਂ ਦੀ ਪ੍ਰਾਪਤੀ ਹਿਤ ਇਹ ਅੰਦੋਲਨ ਦਾ ਰੂਪ ਵੀ ਧਾਰਨ ਕਰ ਲੈਂਦਾ ਹੈ।[5]

ਇਹਨਾਂ ਪਰਿਭਾਸ਼ਾਵਾਂ ਅਨੁਸਾਰ ਨਾਰੀਵਾਦ ਇਸਤਰੀ ਦੇ ਅਧਿਕਾਰਾਂ ਲਈ ਉੱਠਿਆ ਇੱਕ ਸੰਘਰਸ਼ ਹੈ ਜੋ ਉਹਨਾਂ ਸਾਰੇ ਸਮਾਜਿਕ ਸੰਗਠਨਾਂ ਅਤੇ ਵਿਚਾਰਾਂ ਦੇ ਖ਼ਿਲਾਫ਼ ਹੈ ਜੋ ਸਦੀਆਂ ਤੋਂ ਇਸਤਰੀ ਨੂੰ ਬੇਬਸ ਅਤੇ ਕਮਜ਼ੋਰ ਬਣਾਉਂਦੇ ਹਨ। ਨਾਰੀਵਾਦ ਇੱਕ ਸੰਕਲਪ ਦੀ ਥਾਂ 'ਤੇ ਬਹੁ-ਪਰਤੀ ਵਿਚਾਰਾਂ ਦਾ ਸਮੂਹ ਹੈ। ਨਾਰੀਵਾਦ ਪ੍ਰਤੀ ਵੱਖੋ-ਵੱਖਰੀਆਂ ਧਾਰਨਾਵਾਂ ਨਜ਼ਰ ਆਉਂਦੀਆਂ ਹਨ ਜੋ ਬਹੁ-ਭਾਂਤੀ ਹੀ ਨਹੀਂ ਸਗੋਂ ਕਈ ਵਾਰ ਤਾਂ ਇੱਕ ਦੂਜੇ ਦਾ ਵਿਰੋਧ ਕਰਦੀਆਂ ਵੀ ਪ੍ਰਤੀਤ ਹੁੰਦੀਆਂ ਹਨ। ਇਉਂ ਇਸ ਨੂੰ ਪਰਿਭਾਸ਼ਿਤ ਕਰਨਾ ਮੁਸ਼ਕਿਲ ਹੈ ਕਿ ਨਾਰੀਵਾਦ ਅਸਲ ਵਿੱਚ ਹੈ ਕੀ।[6]

**ਸਰੂਪ:**

'ਨਾਰੀਵਾਦ' ਇਸਤਰੀ ਨੂੰ ਉਸਦੀ ਸਵੈ ਹੋਂਦ ਨੂੰ ਜਾਣਨ ਦੀ ਕੋਸ਼ਿਸ਼ ਕਰਵਾਉਂਦਾ ਹੈ। ਜਿਸ ਦਾ ਆਧਾਰ *ਗਿਆਨਕਰਨ* [7] ਲਹਿਰ ਬਣੀ। ਇਸ ਲਹਿਰ ਨੂੰ ਈਮੈਨਯੁਲ ਕਾਂਟ(Immanual Kant) ਨੇ ਸਮੁੱਚੀ ਦੁਨੀਆ ਅੱਗੇ ਪੇਸ਼ ਕੀਤਾ। ਗਿਆਨਕਰਨ ਦੀ ਲਹਿਰ ਨਾਲ ਉਪਜੇ ਮਨੁੱਖੀ ਸੁਤੰਤਰਤਾ ਦੇ ਵਿਚਾਰ ਨੇ ਨਾਰੀਵਾਦੀ ਚਿੰਤਕਾਂ ਦੀ ਸੋਚ ਨੂੰ ਨਵੀਂ ਅੰਤਰਦ੍ਰਿਸ਼ਟੀ ਪ੍ਰਦਾਨ ਕੀਤੀ। ਇਸਤਰੀ ਸੁਤੰਤਰਤਾ ਲਈ ਉਦੇ ਹੋਇਆ ਨਾਰੀਵਾਦੀ ਚਿੰਤਨ, ਇੱਕ ਆਲੋਚਨਾਤਮਕ ਗਿਆਨ ਮੀਮਾਂਸਾ ਹੈ। ਇਸ ਨੇ ਮਨੁੱਖੀ ਅਸਤਿਤਵ

---

4 "Women's liberation movement, also called feminist movement, social movement that seeks equal rights for women, giving them equal status with men and freedom to decide their own carrers and life partners."
*The New Encyclopedia Britannica*, Encyclopaedia Britannica, London, Vol.12, 1974, 15th ed., p. 735.

5 "The doctrine which declares the equality of the sexes and advocates equal social, political, and economic rights for woman."
*The New International Webster's Comprehensive Dictionary of the English Language-Encyclopedic Edition*, 2013, p. 465.

6 "..this is not one unitary cocept, but instead a diverse and multifaceted grouping of ideas, and indeed actions. And although many attempts have been made to answer the question'What is Feminism?."
Jane Freedman, *Concepts in the Social Sciences: Feminism*, Viva Books Private Limited, New Delhi, 2002, p. 1.

7 ਗਿਆਨਕਰਨ ਤੋਂ ਭਾਵ ਆਪਣੇ ਤੋਂ ਉੱਪਰ ਉੱਠ ਬਿਨਾਂ ਕਿਸੇ ਦੀ ਮਦਦ ਦੇ ਕੁੱਝ ਸਮਝ ਸਕਣਾ।

ਅਤੇ ਸਮਾਜਿਕ, ਰਾਜਨੀਤਿਕ ਵਿਚਾਰਧਾਰਾਵਾਂ ਨੂੰ ਸਮਝਣ ਦੇ ਨਾਲ-ਨਾਲ ਇਸਤਰੀ ਨਾਲ ਸਮਾਜ, ਘਰ ਵਿੱਚ ਹੁੰਦੇ ਸ਼ੋਸ਼ਣ ਅਤੇ ਹੋਰ ਵਿਤਕਰਿਆਂ ਤੋਂ ਜਾਗਰੂਕ ਕਰਵਾ ਕੇ ਉਸਦੇ ਅਸਲ ਹੱਕਾਂ ਦੀ ਪਛਾਣ ਕਰਵਾਉਣ ਦਾ ਯਤਨ ਕੀਤਾ ਹੈ।

ਨਾਰੀਵਾਦ ਅਜਿਹੇ ਵਿਚਾਰਾਂ ਦੀ ਪੋਟਲੀ ਹੈ, ਜਿਸਦੇ ਖੁੱਲਣ ਤੇ ਇਸਤਰੀ ਸਵੈ ਨੂੰ ਲੱਭਣ ਲਈ ਚਿੰਤਤ ਹੋਈ। ਨਾਰੀਵਾਦ ਅੰਦੋਲਨ ਨੇ ਇਸਤਰੀ ਨੂੰ ਉਸਦੀ ਅਸਲ ਪਹਿਚਾਣ ਦਿਵਾਉਣ ਦਾ ਜ਼ਿੰਮਾ ਚੁੱਕਿਆ। ਇਸਤਰੀ ਲਈ ਮਰਦਾਂ ਦੇ ਬਰਾਬਰ ਆਪਣੀਆਂ ਸਮਰੱਥਾਵਾਂ ਦੇ ਵਿਕਾਸ ਲਈ ਆਜ਼ਾਦੀ ਦੀ ਗੱਲ ਕੀਤੀ ਤਾਂਕਿ ਉਹਨਾਂ ਦਾ ਜੀਵਨ ਗ਼ੁਲਾਮੀ ਤੋਂ ਸਵੈਨਿਰਭਰਤਾ ਵੱਲ ਵਧੇ। ਇਸ ਲਈ ਨਾਰੀਵਾਦ ਇਸਤਰੀ ਨੂੰ ਘਰ ਦੇ ਅੰਦਰ ਅਤੇ ਬਾਹਰ ਆਉਂਦੀਆਂ ਸਮੱਸਿਆਵਾਂ ਜੋ ਉਸਨੂੰ ਅਧੀਨਤਾ ਲਈ ਮਜ਼ਬੂਰ ਕਰਦੀਆਂ ਹਨ, ਦਾ ਵਿਰੋਧ ਕਰਨ ਲਈ ਪ੍ਰੇਰਦਾ ਹੈ। ਨਾਰੀਵਾਦੀ ਸਮਰਥਕਾਂ ਨੇ ਇਸਤਰੀ ਨਾਲ ਘਰ ਵਿੱਚ ਹੁੰਦੇ ਵਿਵਹਾਰ ਵਿੱਚ ਬਦਲਾਅ ਦੀ ਮੰਗ ਕੀਤੀ। ਇਸਤਰੀ ਦੇ ਆਰਥਿਕ ਪੱਖੋਂ ਆਜ਼ਾਦ ਹੋਣਾ ਵੀ ਜ਼ਰੂਰੀ ਸਮਝਿਆ। ਕਿਉਂਕਿ ਮਰਦਾਂ ਉੱਪਰ ਆਰਥਿਕ ਨਿਰਭਰਤਾ ਹੀ ਇਸਤਰੀ ਨੂੰ ਗ਼ੁਲਾਮ ਬਣਾਉਂਦੀ ਹੈ। ਨਾਰੀਵਾਦ ਨੇ ਇਸਤਰੀ ਲਈ ਰਾਜਨੀਤਿਕ, ਆਰਥਿਕ, ਸਮਾਜਿਕ ਬਰਾਬਰਤਾ ਅਤੇ ਉਸ ਲਈ ਨਾਗਰਿਕਤਾ ਤੇ ਸੰਪਤੀ ਜਿਹੇ ਅਧਿਕਾਰਾਂ ਦੀ ਹੱਕਦਾਰ ਹੋਣ ਦੇ ਸਵਾਲਾਂ ਨੂੰ ਚੁੱਕਿਆ।

**ਇਤਿਹਾਸਿਕ ਪੜਾਅ:** ਨਾਰੀਵਾਦੀ ਲਹਿਰ ਨੇ ਇਤਿਹਾਸਕ ਪੱਖ ਤੋਂ ਤਿੰਨ ਪੜਾਅ ਪਾਰ ਕੀਤੇ ਹਨ। ਪਹਿਲੇ ਪੜਾਅ ਵਿੱਚ ਇਸਤਰੀਆਂ ਨੇ ਖ਼ੁਦ ਨੂੰ ਜਥੇਬੰਦ ਕਰਕੇ ਮਰਦਾਂ ਦੁਆਰਾ ਕੀਤੀ ਜਾਂਦੀ ਹਿੰਸਾ ਦੇ ਵਿਰੁੱਧ ਆਵਾਜ਼ ਉਠਾਈ। ਦੂਜੇ ਪੜਾਅ ਵਿੱਚ ਇਸਤਰੀਆਂ ਨੇ ਬਰਾਬਰਤਾ ਦੀ ਮੰਗ ਕੀਤੀ ਅਤੇ ਤੀਸਰੇ ਪੜਾਅ ਵਿੱਚ ਇਸਤਰੀਆਂ ਨੇ ਉਹਨਾਂ ਸਮਾਜਿਕ ਪ੍ਰਤੀਮਾਨਾ ਨੂੰ ਬਦਲਣ ਦਾ ਯਤਨ ਕੀਤਾ, ਜਿਹਨਾਂ ਸਦਕਾ ਇਸਤਰੀਆਂ ਨੂੰ ਹਾਸ਼ੀਏ ਤੇ ਰੱਖਿਆ ਜਾਂਦਾ ਸੀ। ਇਸ ਲਹਿਰ ਦੀ ਨਿਵੇਕਲੀ ਗੱਲ ਇਹ ਹੈ ਕਿ ਇਹ ਸਾਰੇ ਪੜਾਅ ਇੱਕ ਦੂਜੇ ਤੋਂ ਵੱਖਰੇ ਨਹੀਂ ਸਗੋਂ ਇੱਕ ਦੂਜੇ ਵਿੱਚ ਰਲਗੱਡ ਹਨ। ਨਾਰੀਵਾਦੀ ਖੇਤਰ ਦੇ ਇਹ ਪੜਾਅ ਲਹਿਰਾਂ ਵਜੋਂ ਜਾਣੇ ਗਏ।

**ਪਹਿਲੀ ਲਹਿਰ (The First Wave)**: ਨਾਰੀਵਾਦ ਦੀ ਪਹਿਲੀ ਲਹਿਰ ਦਾ ਸਮਾਂ 19ਵੀਂ ਸਦੀ ਤੋਂ ਲੈਕੇ 20ਵੀਂ ਸਦੀ ਦੇ ਅੱਧ ਤੱਕ ਮੰਨਿਆ ਜਾਂਦਾ ਹੈ। ਨਾਰੀਵਾਦ ਲਹਿਰ ਦੀ ਪਹਿਲੀ ਮੰਗ ਮਰਦ ਅਤੇ ਇਸਤਰੀ ਦੋਵਾਂ ਲਈ ਨਾਗਰਿਕਤਾ ਅਤੇ ਘਰ ਪਰਿਵਾਰ ਵਿੱਚ ਕਾਨੂੰਨਨ ਬਰਾਬਰਤਾ ਲਈ ਸੀ। ਇਹ ਮੰਗ ਫਰਾਂਸ ਦੀ ਕ੍ਰਾਂਤੀ ਦੇ ਮੁੱਖ ਸੰਕਲਪ ਹਰ ਇਨਸਾਨ ਦੀ ਆਜ਼ਾਦੀ ਅਤੇ ਬਰਾਬਰਤਾ ਵਿੱਚੋਂ ਪੈਦਾ ਹੋਈ। ਇਸੇ ਤਰ੍ਹਾਂ ਹੀ ਅਮਰੀਕਾ ਵਿੱਚ ਉਪਜੇ ਆਜ਼ਾਦੀ ਵਿਚਾਰਾਂ ਨਾਲ ਇਸਤਰੀ ਦੇ ਨਾਗਰਿਕ ਹੱਕ ਪ੍ਰਾਪਤ ਕਰਨ ਦੀ

ਆਵਾਜ਼ ਵੀ ਉੱਠੀ। ਇਸ ਲਹਿਰ ਦੇ ਅਖੀਰ ਤੱਕ ਇਸਤਰੀ ਨੂੰ ਕਾਨੂੰਨੀ ਤੌਰ ’ਤੇ ਅਧਿਕਾਰਾਂ ਦੀ ਹੱਕਦਾਰ ਮੰਨਿਆ ਜਾਣ ਲੱਗਿਆ।

**ਦੂਜੀ ਲਹਿਰ (The Second Wave)**: ਇਹ ਵਿਚਾਰਧਾਰਾ 1960-1980 ਦੇ ਸਮੇਂ ਦੌਰਾਨ ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਆਰਥਿਕ ਪੱਖਾਂ ਦੇ ਨਾਲ-ਨਾਲ ਵਿੱਦਿਅਕ ਵਿਤਕਰਿਆਂ ਦੇ ਵਿਰੋਧ ਵਿੱਚ ਪੈਦਾ ਹੋਈ। ਇਸ ਸਮੇਂ ਵਿੱਚ ਚੱਲੀ ਨਾਰੀਵਾਦੀ ਲਹਿਰ ਇਸਤਰੀ ਨੂੰ ਕਾਨੂੰਨੀ ਹੱਕਾਂ ਤੋਂ ਵੰਚਿਤ ਕਰਨ ਦੇ ਵਿਰੋਧ ਦੇ ਨਾਲ-ਨਾਲ ਪਰਿਵਾਰ, ਲਿੰਗਵਾਦ (sexuality) ਅਤੇ ਕੰਮ ਪੱਖੀ ਵਿਤਕਰਿਆਂ ਦੇ ਵਿਰੋਧ ਵਿੱਚ ਵੀ ਸੀ।[8] ਇਸਤਰੀ ਨੂੰ ਸੁਰੱਖਿਅਤ ਰੱਖਣ ਲਈ ਹਰ ਆਜ਼ਾਦੀ ਤੋਂ ਵੰਚਿਤ ਕਰਨ ਅਤੇ ਵਿੱਦਿਅਕ ਅਦਾਰੇ ਵਿੱਚ ਇਸਤਰੀ ਦੇ ਮਾਨਸਿਕ ਤਣਾਅ ਜਿਹੇ ਮਨਘੜਤ ਵਿਚਾਰਾਂ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ। ਇਸ ਲਹਿਰ ਦਾ ਵੱਡਾ ਅਸਰ ਮੱਧਵਰਗੀ ਇਸਤਰੀਆਂ ਦੇ ਜੀਵਨ ਉੱਪਰ ਪਿਆ। ਜਿਸ ਨਾਲ ਉਹ ਖ਼ੁਦ ਲਈ ਜਾਗਰੂਕ ਹੋਈਆਂ। ਇਸ ਜਾਗਰੂਕਤਾ ਪਿੱਛੇ ਵੱਡਾ ਕਾਰਨ ਦੂਜਾ ਵਿਸ਼ਵ ਯੁੱਧ ਮੰਨਿਆ ਜਾਂਦਾ ਹੈ ਕਿਉਂਕਿ ਮਰਦਾਂ ਦੇ ਇਸ ਯੁੱਧ ਵਿੱਚ ਮਸਰੂਫ਼ ਹੋਣ ਕਾਰਨ ਘਰ, ਪਰਿਵਾਰ ਅਤੇ ਸਮਾਜ ਇਸਤਰੀਆਂ ਦੇ ਨਿਯੰਤਰਨ ਅਧੀਨ ਆ ਗਿਆ ਸੀ। ਇਸ ਯੁੱਧ ਦੀ ਸਮਾਪਤੀ ਉਪਰੰਤ ਮਰਦਾਂ ਦੁਆਰਾ ਮੁੜ ਤੋਂ ਸੰਭਾਲੀਆਂ ਆਪਣੀਆਂ ਜ਼ੁੰਮੇਵਾਰੀਆਂ ਕਾਰਨ ਇਸਤਰੀਆਂ ਨੂੰ ਉਹਨਾਂ ਦੀ ਪੁਰਾਣੀ ਜ਼ਿੰਦਗੀ ਵੱਲ ਧਕੇਲ ਦਿੱਤਾ ਗਿਆ ਸੀ। ਇਸ ਵਿਸ਼ਵ ਯੁੱਧ ਦੇ ਸਮੇਂ ਦੌਰਾਨ ਉਹ ਆਪਣੀ ਕਾਬਲੀਅਤ ਤੋਂ ਜਾਣੂ ਹੋ ਚੁੱਕੀਆਂ ਸਨ ਜਿਸ ਸਦਕਾ ਉਹਨਾਂ ਨੇ ਆਪਣੀ ਬਰਾਬਰਤਾ ਦੀ ਮੰਗ ’ਤੇ ਹੋਰ ਜ਼ੋਰ ਫੜਿਆ।

ਨਾਰੀਵਾਦੀ ਚਿੰਤਕਾਂ ਨੇ ਇਸ ਸਮੇਂ ਦੌਰਾਨ ਮਰਦ ਅਤੇ ਇਸਤਰੀ ਦੇ ਸਰੀਰਕ ਅਤੇ ਮਨ ਦੇ ਸਮਝੇ ਜਾਂਦੇ ਵਖਰੇਵੇਂ ਉੱਪਰ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਇਸਤਰੀ ਦੇਹ, ਪ੍ਰਜਨਣ ਸ਼ਕਤੀ ਅਤੇ ਬੱਚਿਆਂ ਦੀ ਪਰਵਰਿਸ਼ ਦੀ ਮਹਾਨਤਾ ਨੂੰ ਸਾਹਮਣੇ ਲਿਆਉਣ ਦੇ ਨਾਲ-ਨਾਲ ਅਸ਼ਲੀਲ ਸਾਹਿਤ, ਲਿੰਗੀ ਸੰਬੰਧਾਂ, ਵੇਸਵਾ ਜਿਹੇ ਮਸਲਿਆਂ ਨੂੰ ਵੀ ਵਿਚਾਰਿਆ।

**ਤੀਸਰੀ ਲਹਿਰ (Third Wave)**: ਇਸ ਲਹਿਰ ਤੱਕ ਪਹੁੰਚਦੇ ਨਾਰੀਵਾਦ ਨੂੰ ਉੱਤਰ ਨਾਰੀਵਾਦ (Post Feminism) ਦੇ ਨਾਮ ਨਾਲ ਜਾਣਿਆ ਜਾਣ ਲੱਗਿਆ। ਤੀਸਰੀ ਲਹਿਰ ਦਾ ਮੁੱਖ ਜ਼ੋਰ ਇਸਤਰੀ ਨੂੰ ਪਰਿਭਾਸ਼ਿਤ ਕਰਨ ਵਿੱਚ ਬਦਲਾਅ ਲਿਆਉਣਾ ਸੀ। ਇਹ ਲਹਿਰ ਉੱਤਰ ਸਰੰਚਨਾਵਾਦੀ ਵਿਚਾਰਧਾਰਾ ਜੈਂਡਰ ਅਤੇ ਸੈਕਸ ਉੱਪਰ ਆਧਾਰਿਤ ਹੈ। ਸੈਕਸ ਤੋਂ ਭਾਵ ਮਰਦ ਇਸਤਰੀ ਦਾ ਸਰੀਰਕ ਵਖਰੇਵਾਂ ਹੈ, ਜੋ ਕੁਦਰਤ ਦੀ ਦੇਣ ਹੈ। ਜੈਂਡਰ ਅਨੁਸਾਰੀ ਵਖਰੇਵਾਂ ਸਮਾਜ, ਰਾਜਨੀਤੀ ਅਤੇ ਸਭਿਆਚਾਰ ਦੀ ਦੇਣ ਹੈ। ਇਸ ਲਹਿਰ ਵਿੱਚ ਲਿੰਗ ਦੇ ਆਧਾਰ ’ਤੇ ਹੁੰਦੀਆਂ ਵਧੀਕੀਆਂ ਅਤੇ ਅੱਤਿਆਚਾਰਾਂ ਨੂੰ

---

8 “Second Wave Feminism refers to the resurgence of feminist activity in the late 1960s and 1970s, when protest again centred around women’s inequality, although this time not only in terms of women’s lack of equal political rights but in the areas of family, sexuality and work.”
Jane Freedman, *Concepts in the Social Sciences: Feminism*, p. 4.

ਵਿਚਾਰਿਆ ਗਿਆ। ਇਸਤਰੀ ਦੇ ਗਰਭ ਧਾਰਨ ਅਤੇ ਗਰਭਪਾਤ ਦੀ ਅਧਿਕਾਰੀ ਹੋਣ ਦੀ ਮੰਗ ਵੀ ਕੀਤੀ ਗਈ।

**ਪੱਛਮੀ ਨਾਰੀਵਾਦੀ ਚਿੰਤਕਾਂ ਦਾ ਸੰਘਰਸ਼/ਅੰਦੋਲਨ:**

ਨਾਰੀਵਾਦ ਭੂਗੋਲਿਕ ਪੱਧਰ ਅਤੇ ਇਤਿਹਾਸਿਕ ਪੱਖੋਂ ਬਹੁ-ਪਸਾਰੀ ਅਤੇ ਬਹੁ-ਦਿਸ਼ਾਵੀ ਹੈ, ਇਸੇ ਕਾਰਨ ਨਾਰੀਵਾਦ ਨੂੰ ਸਮੁੱਚਤਾ ਵਿੱਚ ਸਮਝਣ ਦੀ ਜ਼ਰੂਰਤ ਹੈ। ਪੱਛਮੀ ਨਾਰੀਵਾਦ ਮਰਦ ਇਸਤਰੀ ਦੀ ਬਰਾਬਰਤਾ ਦੀ ਮੰਗ ਵਿੱਚੋਂ ਪੈਦਾ ਹੋਇਆ। ਇਹ ਮੰਗ ਸਭ ਤੋਂ ਪਹਿਲਾਂ ਗਿਆਨਕਰਣ ਦੇ ਕਾਲ ਵਿੱਚ ਸਾਹਮਣੇ ਆਈ। ਇਸ ਸਮੇਂ ਦੀ ਦਾਰਸ਼ਨਿਕ ਵਿਚਾਰਧਾਰਾ ਨੇ ਇਸਤਰੀਆਂ ਉੱਪਰ ਬਹੁਤ ਡੂੰਘਾ ਅਸਰ ਪਾਇਆ। 1770 ਈ. ਵਿੱਚ ਬੈਰਨ.ਡੀ.ਹੋਲਬਚ(Baran D. Hal Bach) ਅਤੇ ਕਨਡੋਰਕਟ (Condorect) ਦੋ ਫਰਾਂਸੀਸੀ ਵਿਦਵਾਨਾਂ ਨੇ ਇਸਤਰੀ ਲਈ ਸੁਤੰਤਰਤਾ ਅਤੇ ਵਿੱਦਿਆ ਦੀ ਮੰਗ ਕੀਤੀ। 1791 ਵਿੱਚ ਮੇਰੀ ਉਲੰਪੀ ਦ ਗੋਜੇ (Morie Olympe D.Gouges) ਨੇ 'Declaration of Right of Women' ਨਾਅਰੇ ਰਾਹੀਂ ਇਸਤਰੀਆਂ ਦੀ ਆਜ਼ਾਦੀ ਦਾ ਵਿਚਾਰ ਪੇਸ਼ ਕੀਤਾ। ਮੇਰੀ ਉਲੰਪੀ ਦ ਗੋਜੇ ਦਾ ਪ੍ਰਸਿੱਧ ਕਥਨ ਹੈ ਕਿ ਜੇ ਇਸਤਰੀਆਂ ਨੂੰ ਫਾਂਸੀ ਦੀ ਸਜਾ ਦਾ ਬਰਾਬਰ ਅਧਿਕਾਰ ਹੈ ਤਾਂ ਉਸ ਲਈ ਲੋਕ ਰੱਖਿਅਕ ਜਾਂ ਲੋਕ ਆਗੂ ਪਦ ਉੱਪਰ ਚੜਨ ਦਾ ਅਧਿਕਾਰ ਵੀ ਬਰਾਬਰ ਚਾਹੀਦਾ ਹੈ।[9] ਜਾਂ ਆਂਤੁਆਂ ਕੋਨਦੋਸਰੇ(1793-1794) ਨੇ ਇਸਤਰੀਆਂ ਲਈ ਕਾਨੂੰਨਨ ਬਰਾਬਰਤਾ ਅਤੇ ਸਿੱਖਿਆਂ ਨੂੰ ਇੱਕ ਜ਼ਰੀਆ ਸਮਝਿਆ। ਅਮਰੀਕਾ ਦੀ ਕ੍ਰਾਂਤੀ (1776-1783) ਸਮੇਂ ਮਰਸੀ ਵਾਰੇਨ ਅਤੇ ਏਬਿਗੋਲ ਏਡਮਸ ਦੀ ਸਰਪ੍ਰਸਤੀ ਹੇਠ ਪਹਿਲੀ ਵਾਰ ਇਸਤਰੀਆਂ ਲਈ ਵੋਟ ਅਤੇ ਸੰਪਤੀ ਅਧਿਕਾਰ ਦੀ ਮੰਗ ਕੀਤੀ ਗਈ। ਇਸ ਮੰਗ ਨੂੰ ਸੰਵਿਧਾਨ ਵਿੱਚ ਸ਼ਾਮਿਲ ਕਰਨ ਲਈ ਜਾਰਜ ਵਸ਼ਿੰਗਟਨ ਅਤੇ ਟਾਮਸ ਜੈਫਰਸਨ ਉੱਪਰ ਜ਼ੋਰ ਵੀ ਪਾਇਆ ਗਿਆ ਪਰ ਇਸ ਲਈ ਕੋਈ ਖ਼ਾਸ ਸਫ਼ਲਤਾ ਹਾਸਲ ਨਹੀਂ ਹੋਈ।

ਪੱਛਮੀ ਚਿੰਤਕਾਂ ਨੇ 'ਨਾਰੀਵਾਦ' ਰਾਹੀਂ ਇਸਤਰੀਆਂ ਨੂੰ ਬਰਾਬਰ ਦਾ ਦਰਜਾ ਦੇਣ ਅਤੇ ਸਮਾਜਿਕ ਸੋਚ ਨੂੰ ਬਦਲਣ ਦੇ ਵਿਸ਼ੇਸ਼ ਯਤਨ ਕੀਤੇ। ਪੱਛਮ ਦੇ ਇਤਿਹਾਸ ਵਿੱਚ ਨਾਰੀਵਾਦ ਦੇ ਅਗਾਜ਼ ਦੀ ਠੀਕ ਤਰ੍ਹਾਂ ਨਾਲ ਸ਼ੁਰੂਆਤ ਮੇਰੀ ਵਾਲਸਟਨ ਕਰਾਫਟ (Mary Wollstonecraft) ਦੇ 1792 ਵਿੱਚ ਹੋਏ ਕੰਮ 'A Vindication of the Rights of Women' ਨਾਲ ਮੰਨੀ ਜਾਂਦੀ ਹੈ।[10] ਮੇਰੀ ਵਾਲਸਟੇਨ

9 "Her famous statement that 'Woman has the right to mount to the scaffold; she ought equally to have the right to mount to the tribune' was taken up as a rallying call for feminists after de Gouges herself had been guillotined. "
Jane Freedman, *Concepts in the Social Sciences: Feminism*, p. 31.

10 "All histories of feminism properly begin with the appearance of Mary Wollstonecraft's A vindication of the rights of women in 1972."
William L.O'Neill, *The Woman Movement: Feminism in the United State and England,* George Allen and Unwin ltd., London, 1969, p. 15.

ਕਰਾਫਟ  ਦਾ ਸੰਘਰਸ਼ ਕੇਵਲ ਇਸਤਰੀ ਹੱਕਾਂ ਲਈ ਹੀ ਨਹੀਂ, ਸਗੋਂ ਸਮੁੱਚੇ ਮਨੁੱਖੀ ਜੀਵਨ ਨੂੰ ਆਦਰਸ਼ਕ ਬਣਾਉਣ ਲਈ ਸੀ। ਇਹ ਮਹਾਨ ਇਸਤਰੀ 'ਕਲਮ ਦੇ ਸਿਪਾਹੀ' ਦੇ ਰੂਪ ਵਿੱਚ ਹੱਕਾਂ ਲਈ ਸੰਘਰਸ਼ ਕਰਦੀ ਰਹੀ। ਮੌਜੂਦਾ ਸਮੇਂ ਵਿੱਚ ਇਸਨੂੰ ਯੂਰੋਪੀਅਨ ਅਤੇ ਅਮਰੀਕੀ ਇਸਤਰੀ ਅੰਦੋਲਨਾਂ ਦੀ ਜਨਨੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਹਾਲਾਂਕਿ ਉਸ ਸਮੇਂ ਉਸਨੂੰ ਬਹੁਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਇਸਨੇ ਆਪਣੀ ਲਿਖਤ ਰਾਹੀਂ ਇਸਤਰੀ ਸਿੱਖਿਆ, ਉੱਚਿਤ ਸੇਵਾਵਾਂ, ਪਤੀ-ਪਤਨੀ ਦੇ ਰਿਸ਼ਤੇ ਵਿੱਚ ਬਰਾਬਰਤਾ ਆਦਿ ਨੁਕਤਿਆਂ ਨੂੰ ਸਾਹਮਣੇ ਲਿਆਂਦਾ। ਉਸ ਅਨੁਸਾਰ ਇਸਤਰੀ ਨੂੰ ਜਨਮ ਤੋਂ ਹੀ ਅਜਿਹੀ ਸੋਚ ਵਿੱਚ ਤਿਆਰ ਕੀਤਾ ਜਾਂਦਾ ਹੈ ਕਿ ਉਸਦਾ ਦਿਮਾਗ਼ ਉਸਦੀ ਸੁੰਦਰਤਾ ਨੂੰ ਸੰਭਾਲਣ ਤੱਕ ਹੀ ਰਹੇ। ਉਹ ਇਸਤਰੀਆਂ ਦੀ ਦੁਰਦਸ਼ਾ ਦਾ ਮੁੱਖ ਕਾਰਨ ਸਿੱਖਿਆ ਨੂੰ ਮੰਨਦੀ ਹੈ। ਇਸ ਤਰ੍ਹਾਂ ਦੇ ਅਨੇਕਾਂ ਹੋਰ ਕਾਰਨ ਵੀ ਹਨ ਜੋ ਇਸਤਰੀ ਨੂੰ ਕਮਜੋਰ ਅਤੇ ਤਰਸਯੋਗ ਬਣਾ ਦਿੰਦੇ ਹਨ। ਇਸਤਰੀਆਂ ਦਾ ਆਚਰਣ ਅਤੇ ਵਿਵਹਾਰ ਹੀ ਉਹਨਾਂ ਦੀ ਮਾਨਸਿਕ ਸਥਿਤੀ ਨੂੰ ਸਪਸ਼ਟ ਕਰ ਦਿੰਦਾ ਹੈ ਕਿਉਂਕਿ ਉਹਨਾਂ ਦੀ ਹਾਲਤ ਉਹਨਾਂ ਪੁਸ਼ਪਾਂ ਵਾਂਗ ਹੈ ਜਿਹਨਾਂ ਨੂੰ ਉਪਜਾਊ ਮਿੱਟੀ ਵਿੱਚ ਲਗਾਇਆ ਜਾਂਦਾ ਹੈ। ਉਹਨਾਂ ਨੂੰ ਸੁੰਦਰਤਾ ਦੇ ਪੱਖੋ ਮਹਾਨ ਵੀ ਮੰਨਿਆ ਜਾਂਦਾ ਹੈ ਪਰ ਉਹ ਪੂਰਨ ਹੋਣ ਤੋਂ ਪਹਿਲਾ ਹੀ ਮੁਰਝਾ ਜਾਂਦੇ ਹਨ।[11] ਮੇਰੀ ਵਾਲਸਟਨ ਕਰਾਫਟ ਅਨੁਸਾਰ ਇਸਤਰੀ ਨਾਲ ਵਿਆਹ ਦੇ ਨਾਮ 'ਤੇ ਹਮੇਸ਼ਾ ਧੱਕਾ ਹੀ ਹੁੰਦਾ ਹੈ ਅਤੇ ਉਹ ਮਰਦ ਦੀ ਸਿਰਫ਼ ਸੰਤੁਸ਼ਟੀ ਦਾ ਸਾਧਨ ਬਣਦੀ ਹੈ। ਇਸੇ ਕਰਕੇ ਮੇਰੀ ਵਾਲਸਟਨ ਕਰਾਫਟ ਵਿਆਹ ਨੂੰ ਕਾਨੂੰਨੀ ਵੇਸਯਾਵ੍ਰਤੀ ਦੱਸਦੀ ਹੈ।[12]

ਇਸਤਰੀ ਨੂੰ ਘਰੇਲੂ ਕੰਮਾਂ ਤੱਕ ਸੀਮਤ ਰੱਖਣਾ ਅਤੇ ਕੋਈ ਵੀ ਅਧਿਕਾਰ ਨਾ ਦੇਣਾ, ਉਸ ਤੋਂ ਚੰਗੇ ਗੁਣਾਂ ਦੀ ਧਾਰਨੀ ਹੋਣ ਦੀ ਮੰਗ ਕਰਨਾ ਅਤੇ ਮਰਦਾਂ ਦੁਆਰਾ ਉਸ ਨੂੰ ਨਿੱਜੀ ਜਾਇਦਾਦ ਸਮਝਣਾ ਆਦਿ ਸਮਾਜ ਵਿੱਚ ਪ੍ਰਚਲਿਤ ਵਿਧਾਨ ਸੀ। ਮੇਰੀ ਵਾਲਸਟਨ ਕਰਾਫਟ ਦਾ ਕਹਿਣਾ ਹੈ ਕਿ ਉਨਾਂ ਸਮਾਂ ਇਸਤਰੀ ਤੋਂ ਸਦਗੁਣਾਂ ਦੀ ਮੰਗ ਕਰਨੀ ਵਿਅਰਥ ਹੈ ਜਿੰਨਾ ਸਮਾਂ ਉਸ ਨੂੰ ਮਰਦਾਂ ਦੀ ਗ਼ੁਲਾਮੀ ਤੋਂ ਆਜ਼ਾਦੀ ਨਹੀਂ ਮਿਲ ਜਾਂਦੀ।[13] ਇਸ ਅਵਸਥਾ ਤੋਂ ਬਚਾਉਣ ਲਈ ਇਸਤਰੀ ਨੂੰ ਵਿੱਦਿਆ ਰਾਹੀਂ ਉਸ ਦੀ ਹੋਂਦ ਬਾਰੇ ਜਾਗਰੂਕ ਕੀਤਾ ਜਾ ਸਕਦਾ ਹੈ।

ਅਜਿਹੇ ਸਵਾਲਾਂ ਦੇ ਚੱਲਦੇ 1848-1849 ਦੇ ਸਮੇਂ ਦੌਰਾਨ ਪੈਰਿਸ ਦੇ ਮਜ਼ਦੂਰ ਵਿਦ੍ਰੋਹ ਸਦਕਾ ਇਸਤਰੀ ਦੀ ਆਜ਼ਾਦੀ ਅਤੇ ਉਸਦੇ ਅਧਿਕਾਰਾਂ ਦੇ ਲਈ ਸੰਘਰਸ਼ ਨਵੇਂ ਤਰੀਕੇ ਨਾਲ ਸ਼ੁਰੂ ਹੋਇਆ। ਫਰਾਂਸ ਵਿੱਚ ਇਸਤਰੀ ਮਨੁੱਖੀ ਮਜ਼ਦੂਰਾਂ ਦੀ ਆਜ਼ਾਦੀ ਦਾ ਸੰਘਰਸ਼ ਵੀ ਨਵੇਂ ਤਰੀਕੇ ਨਾਲ ਸਾਹਮਣੇ ਆਇਆ।

---

11 myrI voØstnkRwÏt, *áZI AiDkwro< kw AOicËX-swDn*, mInw@I (Anu.), rwjkml pRkwSn, ne~ idØlI, 2009, pNnw 27.

12 *vhI*, pNnw 20.

13 *vhI*, pNnw 196.

ਇਸ ਦੇ ਨਤੀਜੇ ਵਜੋਂ ਇਸਤਰੀਆਂ ਨੇ ਰਾਜਨੀਤਿਕ ਸਮਾਨਤਾ ਹਾਸਲ ਕੀਤੀ। ਯੂਰਪ ਅਤੇ ਅਮਰੀਕਾ ਵਿੱਚ ਵੀ ਇਸਤਰੀਆਂ ਨੂੰ ਅਧਿਕਾਰ ਦਿਵਾਉਣ ਲਈ ਗਰੁੱਪ ਬਣਦੇ ਰਹੇ। ਇਸੇ ਤਰ੍ਹਾਂ ਜਰਮਨੀ ਦੀ ਜਨਰਲ ਵਿਮੈਨਸ ਯੂਨੀਅਨ (1865) ਨੇ ਇਸਤਰੀ ਸਿੱਖਿਆ ਅਤੇ ਇਸਤਰੀ ਕੰਮ ਦੀ ਪਾਬੰਦੀ ਦੇ ਸਵਾਲਾਂ ਨੂੰ ਚੁੱਕਿਆ। ਸਮੇਂ ਸਮੇਂ 'ਤੇ ਇਸ ਤਰੀਕੇ ਨਾਲ ਇਸਤਰੀ ਨੂੰ ਅਧਿਕਾਰ ਦਿਵਾਉਣ ਲਈ ਕਈ ਸੰਗਠਨ/ ਲਹਿਰਾਂ ਉੱਠੀਆਂ।

**ਜੋਨ ਸਟੂਅਰਟ ਮਿਲ,** ਪੱਛਮ ਵਿੱਚ ਇੱਕ ਮਰਦ ਨਾਰੀਵਾਦੀ ਚਿੰਤਕ ਸੀ ਜਿਸਨੇ ਇਸਤਰੀ ਦੇ ਹੱਕਾਂ ਦੀ ਗੱਲ ਕੀਤੀ। 1867 ਈ. ਵਿੱਚ ਉਸਨੇ ਪੀ.ਏ.ਟੇਲਰ, ਐਮਿਲੀ ਡੇਵੀਜ਼ ਆਦਿ ਦੇ ਸਹਿਯੋਗ ਨਾਲ ਪਹਿਲੀ ਇਸਤਰੀ ਮਤ-ਅਧਿਕਾਰ ਸੋਸਾਇਟੀ ਦੀ ਸਥਾਪਨਾ ਕੀਤੀ। ਜਿਸਨੇ ਬਾਅਦ ਵਿੱਚ ਬਹੁਤ ਵੱਡੀ ਲਹਿਰ ਦਾ ਰੂਪ ਧਾਰਨ ਕਰ ਲਿਆ ਸੀ। ਜੋਨ ਸਟੂਅਰਟ ਮਿਲ ਨੇ ਆਪਣੀ ਲਿਖਤ 'The Subjection of Women' 1869' ਰਾਹੀਂ ਇਸਤਰੀ ਦਾ ਘਰ ਅਤੇ ਬਾਹਰ ਹੁੰਦੇ ਸੋਸ਼ਣ ਦਾ ਵਿਰੋਧ ਕੀਤਾ। ਇਸੇ ਕਰਕੇ ਇਸ ਲਿਖਤ ਨੂੰ 'ਇਸਤਰੀਆਂ ਦੀ ਬਾਈਬਲ' ਦਾ ਖ਼ਿਤਾਬ ਹਾਸਲ ਹੋਇਆ। ਜੋਨ ਸਟੂਅਰਟ ਮਿਲ ਇਸਤਰੀ ਦੀ ਮਰਦ ਉੱਪਰ ਨਿਰਭਰਤਾ ਨੂੰ ਪ੍ਰਾਚੀਨ ਗ਼ੁਲਾਮੀ ਦਾ ਬਦਲਿਆ ਰੂਪ ਹੀ ਦੱਸਦਾ ਹੈ। ਇਸਤਰੀ ਸਰੀਰਕ ਪੱਧਰ ਤੋਂ ਲੈ ਕੇ ਮਾਨਸਿਕ ਪੱਧਰ ਤੱਕ ਦੀ ਗ਼ੁਲਾਮੀ ਦਾ ਸੰਤਾਪ ਹੰਢਾਉਂਦੀ ਹੈ। ਜੋਨ ਸਟੂਅਰਟ ਨੇ ਇਸਤਰੀਆਂ ਨੂੰ ਉਸਦੇ ਕਾਰਜਾਂ ਵਿੱਚ ਇੱਛਾ ਵਿਅਕਤ ਕਰਨ ਦੀ ਆਜ਼ਾਦੀ ਦੀ ਮੰਗ ਕੀਤੀ। ਇਸਤਰੀ ਦੀ ਆਜ਼ਾਦੀ ਲਈ ਉਸਦਾ ਆਰਥਿਕ ਪੱਖੋਂ ਆਜ਼ਾਦ ਹੋਣਾ ਜ਼ਰੂਰੀ ਹੈ। ਇਸਤਰੀਆਂ ਨੂੰ ਆਜ਼ਾਦੀ ਉਦੋਂ ਹੀ ਮਿਲ ਸਕਦੀ ਹੈ ਜਦੋਂ ਮਰਦ ਇਸਤਰੀ ਦੀ ਕਾਬਲੀਅਤ ਤੋਂ ਜਾਣੂ ਹੋਣਗੇ। ਜੋਨ ਸਟੂਅਰਟ ਮਿਲ ਅਨੁਸਾਰ ਪਤੀ-ਪਤਨੀ ਨੂੰ ਕਾਨੂੰਨ ਦੀ ਨਜ਼ਰ ਵਿੱਚ ਇੱਕ ਕਿਹਾ ਜਾਂਦਾ ਹੈ, ਇਸ ਆਸ ਨਾਲ ਕਿ ਜੋ ਪਤਨੀ ਦਾ ਹੈ ਉਹ ਪਤੀ ਦਾ ਹੈ। ਪਰ ਪਤੀ ਦੇ ਹਿੱਸੇ ਉੱਪਰ ਪਤਨੀ ਦਾ ਹੱਕ ਨਹੀਂ ਮੰਨਿਆ ਜਾਂਦਾ।[14] ਉਸ ਅਨੁਸਾਰ ਜੇਕਰ ਮਰਦ ਅਤੇ ਇਸਤਰੀ ਦੋਵੇਂ ਕਾਨੂੰਨ ਸਮਾਨਤਾ ਹਾਸਲ ਕਰਦੇ ਹਨ ਤਾਂ ਉਹਨਾਂ ਦਾ ਜੀਵਨ ਚੰਗੇਰਾ ਅਤੇ ਸੁਖਦ ਹੋ ਸਕਦਾ ਹੈ।

ਇਸ ਪੁਸਤਕ ਵਿੱਚ ਜੋਨ ਸਟੂਅਰਟ ਮਿਲ ਨੇ ਵਿਆਹ ਨੂੰ ਗ਼ੁਲਾਮੀ ਦਾ ਰੂਪ ਹੀ ਸਵੀਕਾਰਿਆ ਹੈ। ਇਸਤਰੀ ਤੋਂ ਬਿਨਾਂ ਕਾਨੂੰਨ ਰੂਪ ਵਿੱਚ ਕੋਈ ਵੀ ਦਾਸ ਨਹੀਂ। ਉਹ ਇਸਤਰੀ ਦੀ ਗ਼ੁਲਾਮੀ ਲਈ ਵਿਆਹ ਦੇ ਨਾਲ-ਨਾਲ ਕਾਨੂੰਨ, ਮਾਲਕੀ, ਪਰੰਪਰਾ ਨੂੰ ਵੀ ਜ਼ੁੰਮੇਵਾਰ ਦੱਸਦਾ ਹੈ। ਜੋਨ ਸਟੂਅਰਟ ਮਿਲ ਦਾ ਕਹਿਣਾ ਹੈ ਕਿ ਇਨਸਾਨਾਂ ਲਈ ਸਭ ਤੋਂ ਵੱਧ ਮਹੱਤਵਪੂਰਨ ਚੀਜ਼ ਆਪਣੇ ਮਨਪਸੰਦ ਕੰਮ ਨੂੰ ਕਰਨ ਦਾ ਅਨੰਦ

---

[14] jwn átuAt~ iml, *iáZXo< kI prwDInqw*, pRgiq s#synw(Anu.), rwjkml pRkwSn, 2013, pNnw 63.

ਹੈ।[15] ਆਮ ਤੌਰ ’ਤੇ ਇਸਤਰੀਆਂ ਨੂੰ ਉਹਨਾਂ ਦੀ ਇੱਛਾ ਦੇ ਖ਼ਿਲਾਫ਼ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸਤਰੀਆਂ ਨੂੰ ਅਜਿਹੀ ਆਜ਼ਾਦੀ ਦੀ ਜ਼ਰੂਰਤ ਹੈ ਕਿ ਉਹ ਆਪਣੀਆਂ ਮਨ ਦੀਆਂ ਇੱਛਾਵਾਂ ਨੂੰ ਸਮਝ ਸਕਣ।

ਇਹਨਾਂ ਵਿਚਾਰਾਂ ਦੇ ਚੱਲਦਿਆਂ ਇਸਤਰੀ ਦੇ ਵੋਟ ਅਧਿਕਾਰ ਲਈ ਕਈ ਹੋਰ ਸੰਗਠਨ ਬਣੇ। ਅਮਰੀਕਾ ਵਿੱਚ 1861 ਤੋਂ 1865 ਵਿੱਚ ਹੋਏ ਗ੍ਰਹਿ ਯੁੱਧ ਤੋਂ ਬਾਅਦ ਇਸਤਰੀ ਦੇ ਵੋਟ ਅਧਿਕਾਰ ਲਈ 1869 ਵਿੱਚ ਦੋ ਗਰੁੱਪ ਬਣੇ। 1882 ਵਿੱਚ ਫਰਾਂਸੀਸੀ ਇਸਤਰੀ ਅਧਿਕਾਰ ਲੀਗ ਦੀ ਸਥਾਪਨਾ ਹੋਈ ਅਤੇ ਇਸੇ ਸਾਲ ਵਿੱਚ ਹੀ ਪਹਿਲੀ ਇੰਟਰਨੈਸ਼ਨਲ ਵੋਮੈਨ ਆਰਗੇਨਾਈਜੇਸ਼ਨ ਦੀ ਹੋਂਦ ਨਾਲ ਨਾਰੀਵਾਦੀ ਲਹਿਰ ਵਿੱਚ ਉਛਾਲ ਆਇਆ। ਇਸੇ ਕਰਕੇ ਹੀ 1890 ਵਿੱਚ ਇਸਤਰੀ ਦੇ ਵੋਟ ਅਧਿਕਾਰਾਂ ਲਈ ਰਾਸ਼ਟਰੀ ਮਹਾਸੰਘ ਹੋਂਦ ਵਿੱਚ ਆਇਆ। 1917 ਵਿੱਚ ਰੂਸੀ ਕ੍ਰਾਂਤੀ ਨਾਲ ਦੁਨੀਆ ਭਰ ਵਿੱਚ ਨਵੀਂ ਚੇਤਨਾ ਆਈ। ਇਸ ਦੇ ਸਿੱਟੇ ਵਜੋਂ ਹੀ ਇਸਤਰੀ ਨਾਲ ਹੁੰਦੇ ਜਬਰ ਜਿਨਾਹਾਂ ਵਿਰੁੱਧ ਹੋਰ ਆਵਾਜ਼ ਬੁਲੰਦ ਹੋਈ।

**ਫਰੈਡਰਿਕ ਏਂਗਲਜ਼** ਨੇ ਆਪਣੀ ਪੁਸਤਕ 1884 ‘Origin of Family, Private Property and State’ ਰਾਹੀਂ ਪਰਿਵਾਰ ਵਿੱਚ ਇਸਤਰੀ ਦੇ ਸ਼ੋਸ਼ਣ ਦੇ ਬੁਨਿਆਦੀ ਕਾਰਨ ਪਿਤਰਸੱਤਾ ਅਤੇ ਪੂੰਜੀਵਾਦ ਨੂੰ ਦੱਸਿਆ ਹੈ। ਇਹ ਵਿਚਾਰਧਾਰਾ ਹੀ ਬਾਅਦ ਵਿੱਚ ਸਮਾਜਵਾਦੀ ਸੋਚ ਦੀ ਜੜ੍ਹ ਸਾਬਤ ਹੋਈ। ਇਸਤਰੀ ਦੇ ਸ਼ੋਸ਼ਣ ਦੀ ਸ਼ੁਰੂਆਤ ਉਸ ਸਮੇਂ ਹੋਈ ਜਦੋਂ ਵਿਅਕਤੀਗਤ ਸੰਪਤੀ ਦਾ ਦੌਰ ਆਇਆ। ਏਂਗਲਜ਼ ਇਸਤਰੀ ਦੀ ਆਜ਼ਾਦੀ ਦੀ ਨੀਂਹ ਆਰਥਿਕ ਬਰਾਬਰਤਾ ਨੂੰ ਮੰਨਦਾ ਹੈ।

**ਵਰਜੀਨੀਆ ਵੂਲਫ਼ (Virginia Woolf)** ‘A Room of One’s own’(1929), ਲਿਖਤ ਰਾਹੀਂ ਮਰਦ ਪ੍ਰਧਾਨ ਸੋਚ ਨੂੰ ਵੰਗਾਰਦੀ ਹੈ। ਇਸਤਰੀ ਨੂੰ ਆਪਣੀ ਹੋਂਦ ਕਾਇਮ ਕਰਨ ਲਈ ਮਰਦ ਪ੍ਰਧਾਨ ਸਮਾਜ ਦੇ ਆਦੇਸ਼ਾਂ ਦੀ ਉਲੰਘਣਾ ਕਰਨੀ ਪਵੇਗੀ। ਇਸਤਰੀ ਨੂੰ ਉਸਦੇ ਭਰਾਵਾਂ ਵਾਂਗ ਆਜ਼ਾਦੀ ਦੀ ਲੋੜ ਹੈ। ਘੱਟ ਤੋਂ ਘੱਟ ਇਸਤਰੀ ਨੂੰ ਅਜਿਹੇ ਘਰ ਦੀ ਜ਼ਰੂਰਤ ਹੈ ਜਿਸ ਦੀ ਚਾਬੀ ਉਸਦੇ ਹੱਥ ਵਿੱਚ ਹੋਵੇ ਅਤੇ ਉਸਨੂੰ ਘਰ ਵਿੱਚ ਪੂਰਨ ਆਜ਼ਾਦੀ ਹੋਵੇ। ਜੇਕਰ ਇਸਤਰੀ ਕੋਲ ਆਪਣਾ ਇੱਕ ਕਮਰਾ ਅਤੇ ਕੁੱਝ ਸਮਾਂ ਹੋਵੇ ਤਾਂ ਉਹ ਆਪਣੇ ਮਨ ਦੀ ਗੱਲ ਸਮਝ ਸਕੇਗੀ ਅਤੇ ਇੱਕ ਬਿਹਤਰ ਕਿਤਾਬ ਲਿਖ ਸਕਦੀ ਹੈ।[16]

**ਸੀਮੋਨ ਦ ਬੂਵਆਰ** ਦੇ ਨਾਲ ਹੀ ਆਧੁਨਿਕ ਨਾਰੀਵਾਦ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਸੀਮੋਨ ਦ ਬੂਵਆਰ ਦੀ ਪੁਸਤਕ ‘The Second Sex’ 1949 ਈ. ਵਿੱਚ ਫਰੈਂਚ ਭਾਸ਼ਾ ਵਿੱਚ

---

15 vhI, pNnw 130.

16 vjI~inXw vuØP, *Apnw Ek kmrw*, mojyj mwekyl (Anu.), vwxI pRkwSn, nXI idØlI, 2011, pNny 133-134.

ਪ੍ਰਕਾਸ਼ਿਤ ਹੋਈ ਅਤੇ 1952 ਈ. ਵਿੱਚ ਅੰਗਰੇਜ਼ੀ ਅਨੁਵਾਦ ਸਾਹਮਣੇ ਆਇਆ। ਸੀਮੋਨ ਦੁ ਬੂਵਆਰ ਨੇ ਪਹਿਲੀ ਵਾਰ ਇਸਤਰੀ ਨੂੰ ਸਭਿਆਚਾਰਕ ਪੱਖੋਂ ਜੁੜੀ ਦ੍ਰਿਸ਼ਟੀ ਤੋਂ ਸਮਝਣ ਦਾ ਯਤਨ ਕੀਤਾ ਹੈ। ਉਹਨਾਂ ਨੇ ਇਸ ਪੁਸਤਕ ਵਿੱਚ ਵੱਖਰੇ ਵੱਖਰੇ ਸਮਿਆਂ ਵਿੱਚ ਇਸਤਰੀ ਦੀਆਂ ਪਰਿਸਥੀਤਿਆਂ ਨੂੰ ਉਲੀਕਿਣ ਦੇ ਨਾਲ-ਨਾਲ ਉਸਦੇ ਮੁਕਤ ਹੋਣ ਦੇ ਰਾਹ ਨੂੰ ਵੀ ਬਿਆਨ ਕੀਤਾ ਹੈ। "ਬੂਵਆਰ ਨੇ ਕੇਵਲ ਲਿਖਤਾਂ ਵਿੱਚ ਹੀ ਨਹੀਂ ਬਲਕਿ ਖੁਦ ਨਾਰੀਵਾਦੀ ਲਹਿਰਾਂ ਵਿੱਚ ਕੰਮ ਕਰਕੇ ਨਾਰੀਵਾਦੀ ਹੋਣ ਦਾ ਸਬੂਤ ਦਿੱਤਾ ਜਿਵੇਂ ਕਿ ਭਰੂਣ ਹੱਤਿਆ ਦਾ ਵਿਰੋਧ ਕਰਨਾ ਤੇ ਇੱਕ ਮਸ਼ਹੂਰ ਰਸਾਲੇ 'Question Feminists' ਦੀ ਡਾਇਰੈਕਟਰ ਬਣਨਾ ਆਦਿ। 1947 ਵਿਚ ਉਸਨੇ ਔਰਤਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਬਣੀ ਲੀਗ ਦੀ ਵੀ ਪ੍ਰਧਾਨਗੀ ਕੀਤੀ। ਬੂਵਆਰ ਨੇ ਫਰਾਂਸ ਦੀ ਇਕ ਹੋਰ ਨਾਰੀਵਾਦੀ ਲਹਿਰ ਜੋ ਮਨੋਵਿਗਿਆਨ ਨਾਲ ਜੁੜੀ ਸੀ ਦਾ ਵੀ ਵਿਰੋਧ ਕੀਤਾ ਅਤੇ ਆਪਣੀ ਵੋਟ ਰੈਡੀਕਲ ਪਦਾਰਥਵਾਦੀ ਨਾਰੀਵਾਦੀ ਲਹਿਰ ਦੇ ਹੱਕ ਵਿੱਚ ਦਿੱਤੀ ਜੋ ਕਰੀਸਟੀਨ ਡੈਲਫੀ(Christine Delphy) ਅਤੇ ਮੌਨੀਕ ਵੀਟੀ (Mornique Wittig) ਨਾਲ ਜੁੜੀ ਸੀ ਜੋ ਕਿ ਦੋਵੇਂ 1968 ਤੋਂ ਬਾਅਦ ਦੇ ਫਰਾਂਸੀਸੀ ਨਾਰੀਵਾਦ ਨਾਲ ਸੰਬੰਧਿਤ ਨਾਂ ਹਨ। ਅੱਠਵੇਂ ਦਹਾਕੇ ਵਿਚ ਬੂਵਆਰ ਔਰਤਾਂ ਦੇ ਹੱਕ ਵਿੱਚ ਸੜਕ ਤੇ ਵੀ ਉੱਤਰ ਆਈ ਸੀ।"[17]

ਬੂਵਆਰ ਨੇ ਆਪਣੀ ਲਿਖਤ ਵਿੱਚ ਇਹ ਵੀ ਦੱਸਿਆ ਹੈ ਕਿ ਹੋਂਦ ਤੋਂ ਪਹਿਲਾਂ ਕੋਈ ਮਰਦ ਇਸਤਰੀ ਨਹੀਂ ਹੁੰਦਾ। ਜਨਮ ਉਪਰੰਤ ਹੀ ਇਨਸਾਨ ਆਪਣੀ ਹੋਂਦ ਨੂੰ ਜੈਂਡਰ ਰਾਹੀਂ ਬਿਆਨ ਕਰਨਾ ਸ਼ੁਰੂ ਕਰਦਾ ਹੈ। ਉਸ ਅਨੁਸਾਰ ਕੋਈ ਜੰਮਦੀ ਹੀ ਇਸਤਰੀ ਨਹੀਂ ਹੁੰਦੀ ਪਰੰਤੂ ਬਣ ਜਾਂਦੀ ਹੈ। ਸਗੋਂ ਸਭਿਅਤਾ ਨੇ ਮਰਦ ਅਤੇ ਹੀਜੜੇ ਵਿਚਕਾਰ ਦੀ ਉਪਜ ਨੂੰ ਇਸਤਰੀ ਰੂਪ ਵਿੱਚ ਵਿਕਸਿਤ ਕੀਤਾ ਹੈ।[18] ਬੂਵਆਰ ਦੀ ਸਾਰੀ ਵਿਚਾਰਧਾਰਾ ਇਸੇ ਸੋਚ ਦੇ ਦੁਆਲੇ ਘੁੰਮਦੀ ਹੈ ਕਿ ਇਸਤਰੀ ਨੂੰ ਇਸਤਰੀ ਬਣਾਉਣ ਵਿੱਚ ਮਰਦ ਪ੍ਰਧਾਨਤਾ ਦਾ ਹੀ ਮੁੱਖ ਰੋਲ ਹੈ। ਇੱਥੋਂ ਤੱਕ ਕਿ ਮਰਦ ਤਾਂ ਇਸਤਰੀ ਨੂੰ ਕਾਮੁਕ ਵਸਤੂ ਤੱਕ ਘੋਸ਼ਿਤ ਕਰਦੇ ਹਨ। ਮਰਦ ਇਸਤਰੀ ਵਿੱਚ ਸਰੀਰਕ ਵਖਰੇਵਾਂ ਸੱਚ ਹੈ ਪਰ ਸਰੀਰਕ ਭਿੰਨਤਾ ਇੱਕ ਦੇ ਉੱਚੇ ਹੋਣ ਜਾਂ ਦੂਸਰੇ ਦੇ ਨੀਵੇਂ ਹੋਣ ਦੀ ਸਥਾਪਨਾ ਨਹੀਂ ਕਰਦੀ।

ਫਰਾਇਡ ਨੇ ਭਾਵੇਂ ਇਸਤਰੀ ਸੰਦਰਭ ਵਿੱਚ ਵਿਚਾਰ ਕਰਨ ਲਈ ਜ਼ਿਆਦਾ ਰੁਚੀ ਨਹੀਂ ਦਿਖਾਈ ਪਰ ਫਿਰ ਵੀ ਉਸਦੇ ਵਿਚਾਰਾਂ ਵਿੱਚੋਂ ਇਸਤਰੀ ਵਿਚਾਰਧਾਰਾ ਦੀ ਝਲਕ ਪੈਂਦੀ ਹੈ। ਫਰਾਇਡ ਲਿਬਿਡੋ

---

17 ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, *ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ*, ਲੋਕਗੀਤ ਪ੍ਰਕਾਸ਼ਨ, ਚੰਡੀਗੜ, 2011, ਪੰਨੇ 62-63.

18 "One is not born, but rather becomes, woman. No biological, psychic, or economic destiny defines the figure that the human female takes on in society, it is civilization as a whole that elaborates this intermediary product between the male and the eunch that is called feminine."
Simone de Beauvoir, *The Second Sex,* Constance Borde & Sheila Malovany-Chevallier(trs.), Vintage Books, New York, 2011, p. 283.

(libido) ਜਾਂ ਕਾਮ ਸ਼ਕਤੀ ਦਾ ਸਾਰ ਰੂਪ ਮਰਦ ਨੂੰ ਮੰਨਦਾ ਹੈ। ਇਸ ਦੇ ਮੁਕਾਬਲੇ ਇਸਤਰੀ ਨੂੰ ਇੱਕ ਅਪੰਗ ਆਦਮੀ ਭਾਵਨਾ ਯੁਕਤ ਦੱਸਿਆ ਹੈ। ਇਹ ਅਪੰਗਤਾ ਮਰਦ ਲਿੰਗ ਦੀ ਕਮੀ ਸਦਕਾ ਮੰਨੀ ਜਾਂਦੀ ਹੈ। ਇਹਨਾਂ ਵਿਚਾਰਾਂ ਦੇ ਵਿਰੋਧ ਵਿੱਚ ਬੂਵਆਰ ਦਾ ਕਹਿਣਾ ਹੈ ਕਿ ਅਜਿਹੀ ਜੈਂਡਰ ਭਾਵਨਾ ਜਾਂ ਲੜਕੇ ਦੁਆਰਾ ਖ਼ੁਦ ਨੂੰ ਵੀਰਤਾ ਅਤੇ ਸ੍ਰੇਸ਼ਠਤਾ ਵਿੱਚ ਦੇਖਣਾ, ਲਿੰਗ ਦੇ ਆਧਾਰ 'ਤੇ ਹਉਮੈਂ ਕਰਨਾ, ਇਸ ਸਭ ਤੋਂ ਉਹ ਜਨਮ ਸਮੇਂ ਜਾਣੂ ਨਹੀਂ ਹੁੰਦਾ ਸਗੋਂ ਆਲ਼ੇ ਦੁਆਲੇ ਜਾਂ ਚੁਗਿਰਦੇ ਵਿੱਚੋਂ ਅਜਿਹੀ ਭਾਵਨਾ ਉਸਦੇ ਦਿਮਾਗ਼/ ਜ਼ਹਿਨ ਵਿੱਚ ਭਰੀ ਜਾਂਦੀ ਹੈ।[19] ਬੂਵਆਰ ਲੜਕੀ ਦੀ ਮਰਦ ਲਿੰਗ ਪ੍ਰਤੀ ਈਰਖਾ ਨੂੰ ਵੀ ਮੰਨਦੀ ਹੈ, ਪਰ ਇਹ ਸਭ ਇਸ ਕਰਕੇ ਕਿ ਲੜਕੇ ਨੂੰ ਹਮੇਸ਼ਾ ਲੜਕੀਆਂ ਨਾਲੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਲੜਕੀ ਇਸ ਮਹੱਤਤਾ ਦਾ ਕਾਰਨ ਮਰਦ ਲਿੰਗ ਨੂੰ ਮੰਨ ਬੈਠਦੀ ਹੈ। ਉਸ ਲਈ ਸਫਲਤਾ ਦਾ ਪ੍ਰਤੀਕ ਮਰਦਾਵੀਂ ਲਿੰਗ ਰਹਿ ਜਾਂਦਾ ਹੈ। ਇਹ ਪ੍ਰਵਿਰਤੀ ਇੰਨੀ ਜ਼ਿਆਦਾ ਪ੍ਰਚਲਿਤ ਹੈ ਕਿ ਬੱਚਾ ਜਨਮ ਉਪਰੰਤ ਹੀ ਆਪਣੀ ਵੱਖਰੀ ਹੋਂਦ ਨੂੰ ਮਹਿਸੂਸ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਇਸਤਰੀ ਦੀ ਸਰੀਰਕ ਬਣਤਰ ਕਾਰਨ ਹੀ ਉਸਦੀ ਸੰਪੂਰਨ ਸ਼ਕਤੀ ਨੂੰ ਸੀਮਾਬੱਧ ਕਰਕੇ ਮਰਦਾਂ ਦੀ ਗ਼ੁਲਾਮ ਬਣਾ ਦਿੱਤਾ ਗਿਆ ਹੈ। ਬੂਵਆਰ ਅਨੁਸਾਰ ਸਰੀਰ ਇਸਤਰੀ ਨੂੰ ਪਰਿਭਾਸ਼ਿਤ ਕਰਨ ਲਈ ਕਾਫ਼ੀ ਨਹੀਂ ਹੈ।[20] ਸੈਕਸੂਅਲ ਪੱਖ ਤੋਂ ਇਸਤਰੀ ਦੇ ਆਤਮ ਬੋਧ ਨੂੰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ।

ਬੂਵਆਰ ਦੀ ਇਸੇ ਵਿਚਾਰਧਾਰਾ ਤੋਂ ਜੈਂਡਰ ਸ਼ਬਦ ਦਾ ਪ੍ਰਚਲਣ ਮਸ਼ਹੂਰ ਹੋਇਆ ਅਤੇ ਜੈਂਡਰ ਨਾਰੀਵਾਦੀ ਸਰੂਪ ਦਾ ਮੁਢਲਾ ਅੰਗ ਬਣਿਆ। ਨਾਰੀਵਾਦੀ ਅੰਦੋਲਨ ਵਿੱਚ ਜੈਂਡਰ ਸਿਧਾਂਤ ਦੇ ਆਉਣ ਨਾਲ ਬਹੁਤ ਵੱਡਾ ਮੋੜ ਆਇਆ। ਜਿਸ ਰਾਹੀਂ ਇਹ ਧਾਰਨਾ ਬਣੀ ਕਿ ਮਰਦ ਇਸਤਰੀ ਵਿੱਚ ਵਖਰੇਵਾਂ ਸਰੀਰਕ ਨਹੀਂ ਹੈ। ਬੇਸ਼ੱਕ ਦੋਵਾਂ ਦੇ ਸਰੀਰ ਵੱਖੋ-ਵੱਖ ਹਨ ਪਰੰਤੂ ਇਹ ਵਿਭਿੰਨਤਾ ਅਸਮਾਨਤਾ ਦਾ ਆਧਾਰ ਨਹੀਂ ਹੈ ਕਿਉਂਕਿ ਬਰਾਬਰਤਾ ਦਾ ਭਾਵ ਸਮਰੂਪਤਾ ਤੋਂ ਨਹੀਂ ਲਿਆ ਜਾ ਸਕਦਾ।[21]

---

[19] "The child is persuaded that more is demanded of boys because of their superiority; the pride of his virility is breathed into him in order to encourage him in this difficult path; this abstract notion takes on a concrete form for him: it is embodied in the penis; he does not experience pride spontaneously in his little indolent sex organ; but he feels it through the attitude of those around him. "
Ibid., p. 286.

[20] " .. her body is not enough to define her; it has a lived reality only as taken on by consciousness through actions and within a society; biology alone cannot provide an answer to the question that concern us; why is woman the other? "
Ibid*,* p. 48.

[21] "The gender perspective is a major step and turning point in the development of the feminist movement. It helped to establish that the ground of inequality between man and woman is not biological difference. But diversity is not the ground of inequality because equality does not mean uniformity."
Vijayanti Arun Belsore, 'The Doctrine of Purusartha: A Gender Perspective', *Feminism in Search of an Identity: The Indian Context*, Meena Kelka and Deepti Ganganane (eds.), Rawat Publications, New Delhi, 2003, p. 165.

**ਬੇਟੀ ਫਰੀਡਨ (Betty Friedan)**: ਉਹ ਨਾਰੀਵਾਦੀ ਚਿੰਤਕ ਹੈ, ਜਿਸਨੇ ਇਸਤਰੀਆਂ ਨੂੰ ਆਪਣੀਆਂ ਮੰਗਾਂ ਪੇਸ਼ ਕਰਨ ਲਈ ਇੱਕ ਪਲੇਟਫਾਰਮ ਦਿੱਤਾ। ਅਮਰੀਕਾ ਵਿੱਚ 1966 ਵਿੱਚ 'National Organisation of Women' ਦੀ ਨੀਂਹ ਰੱਖੀ ਅਤੇ ਪਹਿਲੀ ਇਸਤਰੀ ਪ੍ਰਧਾਨ ਵੀ ਬਣੀ। ਇਹ ਆਰਗੇਨਾਈਜੇਸ਼ਨ 'NOW' ਵਜੋਂ ਪ੍ਰਸਿੱਧ ਹੋਈ।

ਬੇਟੀ ਫਰੀਡਨ ਦੀ ਸਭ ਤੋਂ ਵੱਡੀ ਪ੍ਰਾਪਤੀ ਉਹਨਾਂ ਦੀ ਲਿਖਤ 'The Feminine Mystique', 1963 ਵਿੱਚ ਪ੍ਰਕਾਸ਼ਿਤ ਹੋਈ। ਜਿਸ ਰਾਹੀਂ ਇਸਤਰੀ ਦੇ ਜੀਵਨ ਨੂੰ ਘਰ ਸੰਭਾਲਣ ਅਤੇ ਬੱਚੇ ਪੈਦਾ ਕਰਨ ਦੀ ਗ਼ੁਲਾਮੀ ਤੱਕ ਸਮਝਣ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਫਰੀਡਨ ਦਾ ਕਹਿਣਾ ਹੈ ਕਿ ਮਰਦ ਪ੍ਰਧਾਨਤਾ ਨੇ ਇਸਤਰੀ ਦੇ ਜੀਵਨ ਨੂੰ ਅਰਥਹੀਣ ਬਣਾਇਆ ਹੋਇਆ ਹੈ। "ਪੁਰਖਵਾਦ ਉਸਨੂੰ ਦੱਸਦਾ ਹੈ ਕਿ ਔਰਤ ਦਾ ਸਭ ਤੋਂ ਵੱਡਾ ਕਾਰਜ ਆਪਣੇ ਨਾਰੀਤਵ ਨੂੰ ਪਰੀਪੂਰਣ ਕਰਨਾ ਹੈ। ਉਸ ਅਨੁਸਾਰ ਨਾਰੀਤਵ ਰਹੱਸਮਈ ਹੈ। ਉਹ ਜੀਵਨ ਬਖਸ਼ਣ ਵਾਲੀ ਔਰਤ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਹੈ। ਫਰੀਡਨ ਇਸ ਸੰਕਲਪ ਨੂੰ ਠੁਕਰਾਉਂਦੀ ਹੈ। ਉਹ ਕਹਿੰਦੀ ਹੈ ਕਿ ਇਹ ਸਭ ਸਰੀਰਵਾਦੀ ਹੈ ਫਰਾਇਡ ਵੀ ਇਸੇ ਧਾਰਨਾ ਦਾ ਗੁਲਾਮ ਰਿਹਾ ਹੈ। ਬੂਵਆਰ ਵਾਂਗ ਉਹ ਫਰਾਇਡ ਦੀ ਆਲੋਚਨਾ ਕਰਦੇ ਹੋਏ ਦੱਸਦੀ ਹੈ ਕਿ ਉਸਦੀ ਸਰੀਰਕ ਤੇ ਮਨੋਵਿਗਿਆਨਿਕ ਵਿਆਖਿਆ ਵੀ ਪੁਰਖਵਾਦ ਹੇਠ ਹੋਈ ਹੈ।"[22] ਬੇਟੀ ਫਰੀਡਨ ਨੇ ਇਸਤਰੀਆਂ ਦੀ ਸਥਿਤੀ ਨੂੰ ਸਮਝਦੇ ਹੋਏ ਕਿਹਾ ਕਿ ਜਿਵੇਂ ਜਿਵੇਂ ਮਰਦਾਂ ਦੀ ਪ੍ਰਧਾਨਤਾ ਵਿੱਚ ਵਾਧਾ ਆਉਂਦਾ ਗਿਆ ਓਵੇਂ ਹੀ ਇਸਤਰੀ ਨੂੰ ਭੋਲੀ (Baby Woman) ਪਿਆਰੀ ਬੱਚੀ ਦਾ ਰੂਪ ਦਿੱਤਾ ਜਾਣ ਲੱਗਿਆ, ਜਿਸ ਨੂੰ ਹਮੇਸ਼ਾ ਹੀ ਸੁਰੱਖਿਆ ਵਿੱਚ ਰੱਖਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ।

ਬੇਟੀ ਫਰੀਡਨ ਅਨੁਸਾਰ ਇਸਤਰੀਆਂ ਲਈ ਇਸਤਰੀਤਵ ਪਰਿਪੂਰਨ ਕਰਨਾ ਮੁੱਖ ਮੰਨਿਆ ਜਾਂਦਾ ਹੈ। ਫਰੀਡਨ ਅਨੁਸਾਰ ਪੱਛਮੀ ਸੰਸਕ੍ਰਿਤੀ ਦੁਆਰਾ ਇਸਤਰੀਤਵ ਦੇ ਮੁੱਲ ਨੂੰ ਨੀਵਾਂ ਨਿਰਧਾਰਿਤ ਕਰਨਾ ਬਹੁਤ ਵੱਡੀ ਭੁੱਲ ਹੈ। ਫਰੀਡਨ ਅਨੁਸਾਰ ਇਸਤਰੀਤਵ ਬਹੁਤ ਰਹੱਸਵਾਦੀ, ਅਨੁਭਵੀ/ ਅੰਤਰ ਦ੍ਰਿਸ਼ਟੀਗਤ ਅਤੇ ਜ਼ਿੰਦਗੀ ਦੀ ਸਿਰਜਣਾ, ਉਤਪਤੀ ਦੇ ਬਹੁਤ ਨੇੜਲਾ ਅਹਿਸਾਸ ਹੈ ਜਿਸਨੂੰ ਇਨਸਾਨਾਂ ਦੀ ਵਿਗਿਆਨਕ ਸੋਚ ਵੀ ਸਮਝਣ ਤੋਂ ਅਸਮਰਥ ਹੈ। ਇਸਤਰੀਤਵ ਨੂੰ ਨੀਵਾਂ ਸਮਝਣ ਦੇ ਵਹਿਮ ਦੀਆਂ ਜੜ੍ਹਾਂ ਪਹਿਲੀ ਚੱਲੀ ਆ ਰਹੀ ਸੋਚ ਵਿੱਚ ਹਨ ਜਿਸ ਵਿੱਚ ਇਸਤਰੀ ਹਮੇਸ਼ਾ ਮਰਦ ਦੀ ਤਰ੍ਹਾਂ ਬਣਨਾ ਚਾਹੁੰਦੀ ਬਜਾਇ ਕਿ ਆਪਣੇ ਅਸਲ ਸੁਭਾਅ ਨੂੰ ਪ੍ਰਵਾਨ ਕਰਨ ਦੇ, ਜੋ ਕਿ ਇਸਤਰੀਤਵ ਦੀ ਸੰਪੂਰਨਤਾ ਮਰਦ ਦੀ ਕਾਮ ਤ੍ਰਿਪਤੀ ਅਤੇ ਬੱਚੇ ਦੇ ਪਾਲਨ ਪੋਸ਼ਣ ਵਿੱਚ ਹੀ ਸਮਝਦੀ ਹੈ। ਬੇਟੀ ਫਰੀਡਨ ਮਾਤਰਤਵ ਨੂੰ ਦੁੱਖ ਅਤੇ

---

[22] ਪਰਮਜੀਤ ਕੌਰ ਅਤੇ ਹੋਰ, *ਬੂਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ*, ਪੰਨਾ 38.

ਸੰਤਾਪ ਦੀ ਹੀ ਸੰਗਿਆ ਦਿੰਦੀ ਹੈ। "ਇਸ ਪੁਸਤਕ ਦਾ ਮੁੱਖ ਪਰਿਭਾਸ਼ਿਕ ਸ਼ਬਦ ਫੈਮਿਨਿਨ ਮਿਸਟੀਕ ਉਸ ਬਿੰਬ ਦਾ ਵਿਸਥਾਰ ਦਿੰਦਾ ਹੈ ਜਿਸ ਵਿੱਚ ਪਿਤਰਕ ਪ੍ਰਬੰਧ ਜਾਂ ਪਿਤਰਕੀ ਨੇ ਨਾਰੀ ਨੂੰ ਜਿਉਣ ਲਈ ਉਤਸ਼ਾਹਿਤ ਕੀਤਾ ਹੈ। ਇਸ ਬਿੰਬ ਵਿੱਚ ਦਿੱਤੇ ਮੁੱਲ-ਜਗਤ ਅਨੁਸਾਰ ਨਾਰੀ ਲਈ ਸਭ ਤੋਂ ਵੱਡਾ ਮੁੱਲ ਅਤੇ ਵਚਨਬੱਧਤਾ ਆਪਣੀ ਨਾਰਿਤਾ (ਫੈਮੀਨਿਨਿਟੀ) ਨੂੰ ਪਰਿਪੂਰਣ ਕਰਨਾ ਹੈ।"[23]

ਇਸ ਪੁਸਤਕ ਵਿੱਚ ਇਸਤਰੀ ਦੇ ਉਸ ਦੁੱਖ ਸੰਤਾਪ ਨੂੰ ਬਿਆਨ ਕੀਤਾ ਗਿਆ ਹੈ ਜਿਸਨੂੰ ਆਮ ਤੌਰ 'ਤੇ ਕੋਈ ਨਾਮ ਨਹੀਂ ਦਿੱਤਾ ਜਾ ਸਕਦਾ। ਇਸਤਰੀਆਂ ਘਰ ਪਰਿਵਾਰ ਦੀ ਖ਼ੁਸ਼ੀ ਲਈ ਦਿਲਾਂ ਵਿੱਚ ਸਾਰੇ ਅਰਮਾਨ ਦਬਾਅ ਲੈਂਦੀਆਂ ਹਨ। ਬੁੱਧੀਮਾਨ ਹੋਣ ਦੇ ਬਾਵਜੂਦ ਵੀ ਉਹਨਾਂ ਨੂੰ ਨਿਰਣੈ ਲੈਣ ਦਾ ਕੋਈ ਅਧਿਕਾਰ ਨਹੀਂ ਹੁੰਦਾ। 1982 ਵਿੱਚ 'The Second Stage' ਪੁਸਤਕ ਰਾਹੀਂ ਬੇਟੀ ਫਰੀਡਨ ਨੇ ਆਧੁਨਿਕ ਨਾਰੀਵਾਦ ਦਾ ਜ਼ਿਕਰ ਕੀਤਾ ਹੈ। ਇਸ ਵਿੱਚ ਬੇਟੀ ਫਰੀਡਨ ਨੇ ਖ਼ੁਦ ਨਾਰੀਵਾਦੀ ਵਿਚਾਰਧਾਰਾ ਦੀਆਂ ਕਮੀਆਂ ਨੂੰ ਪ੍ਰਵਾਨ ਕੀਤਾ ਹੈ। ਉਹ ਖ਼ੁਦ ਇਸਤਰੀ ਆਜ਼ਾਦੀ ਦੇ ਹੋਰ ਰਸਤੇ ਦੀ ਮੰਗ ਕਰਨ ਲੱਗੀ ਕਿਉਂਕਿ ਇਹ ਰਸਤਾ ਮਰਦ ਇਸਤਰੀ ਦੇ ਆਪਸੀ ਵਖਰੇਵਿਆਂ ਨੂੰ ਹੀ ਪ੍ਰਫੁਲਿਤ ਕਰ ਰਿਹਾ ਸੀ। ਫਰੀਡਨ ਇਹਨਾਂ 20 ਸਾਲਾਂ ਦੇ ਸੰਘਰਸ਼ ਦੇ ਬਾਵਜੂਦ ਵੀ ਨਾਰੀਵਾਦ ਪ੍ਰਤੀ ਸਪਸ਼ਟ ਨਹੀਂ ਹੋ ਸਕੀ।

**ਕੇਟ ਮਿਲੇਟ** ਨੇ 1969 ਈ. ਵਿੱਚ ਆਪਣੀ ਲਿਖਤ 'Sexual Politics' ਰਾਹੀਂ ਇਸਤਰੀ ਨੂੰ ਤਰਕਸ਼ੀਲ ਦ੍ਰਿਸ਼ਟੀ ਪ੍ਰਦਾਨ ਕੀਤੀ। ਉਹ ਇਸ ਲਿਖਤ ਵਿੱਚ ਜੈਂਡਰ/ਲਿੰਗਕ ਰਾਜਨੀਤੀ ਦੇ ਮਸਲੇ ਨੂੰ ਉਭਾਰਦੀ ਹੋਈ ਕਹਿੰਦੀ ਹੈ ਕਿ ਇਹ ਅਸਲ ਵਿੱਚ ਅਧੀਨਤਾ ਅਤੇ ਪ੍ਰਭੁਤਾਵਾਦੀ ਦਾ ਸੰਬੰਧ ਹੈ। ਸਭਿਆਚਾਰਕ ਧਾਰਨਾਵਾਂ ਹੀ ਇਸਤਰੀ ਨੂੰ ਆਪਣੇ ਅਨੁਕੂਲ ਢਾਂਚਿਆਂ ਵਿੱਚ ਢਾਲਦੀਆਂ ਹਨ। ਜਿਸ ਕਰਕੇ ਵਿਚਾਰਧਾਰਾ, ਸਾਹਿਤ, ਭਾਸ਼ਾ ਸਭ ਕੁੱਝ ਲਿੰਗਕ ਰਾਜਨੀਤੀ ਤੋਂ ਪ੍ਰਭਾਵਿਤ ਹੁੰਦੇ ਹਨ ਕਿਉਂਕਿ ਸਮਾਜ ਅੰਦਰ ਪਿਤਰਸਤੀ ਰੂਪ ਵਿੱਚ ਮਰਦਾਵੀਂ ਸ਼ਕਤੀ ਦਾ ਹੀ ਵਿਸਥਾਰ/ ਬੋਲਬਾਲਾ ਹੋਇਆ ਹੁੰਦਾ ਹੈ। ਕੋਈ ਵੀ ਲਿਖਤ ਇਸ ਤੋਂ ਆਜ਼ਾਦ ਨਹੀਂ ਹੈ। ਇਸਤਰੀ ਆਜ਼ਾਦੀ ਲਈ ਸਭ ਤੋਂ ਪਹਿਲਾਂ ਲਿਖਤ ਨੂੰ ਗ਼ੁਲਾਮੀ ਤੋਂ ਆਜ਼ਾਦ ਹੋਣ ਦੀ ਲੋੜ ਹੈ। ਇਸ ਸਮੇਂ ਫਰਾਇਡ ਦੇ ਸਿਧਾਂਤਾਂ ਦਾ ਬੋਲਬਾਲਾ ਹੋਣ ਕਾਰਨ ਕੇਟ ਮਿਲੇਟ ਦੇ ਵਿਚਾਰਾਂ ਵਿੱਚ ਵੀ ਬੂਵਆਰ ਵਾਂਗ ਫਰਾਇਡ ਦੇ ਮਰਦ ਲਿੰਗ ਪ੍ਰਧਾਨਤਾ (Penis Envy) ਦਾ ਵਿਦਰੋਹ ਨਜ਼ਰ ਆਉਂਦਾ ਹੈ।

**ਸ਼ੁਲਮਿੱਥ ਫਾਈਰਸਟੋਨ** ਨੇ 1970 ਈ ਵਿੱਚ 'The Dialectic of Sex' ਪੁਸਤਕ ਰਾਹੀਂ ਲਿੰਗਕ ਭੇਦਭਾਵ ਨੂੰ ਦ੍ਰਿੜ ਕੀਤਾ ਹੈ। ਫਾਈਰਸਟੋਨ ਦੇ ਕਥਨ ਅਨੁਸਾਰ ਪ੍ਰਜਣਨ ਸ਼ਕਤੀ ਲਿੰਗਕ ਭੇਦ ਦੀ

---

23 ਗੁਰਭਗਤ ਸਿੰਘ, *ਕਾਵਿ-ਸ਼ਾਸਤਰ, ਦੇਹ ਅਤੇ ਕ੍ਰਾਂਤੀ*, ਵਿਚਾਰ ਪ੍ਰਕਾਸ਼ਨ, ਸੰਗਰੂਰ, 1995, ਪੰਨਾ 101.

ਪਹਿਲੀ ਵੰਡ ਪੈਦਾ ਕਰਦੀ ਹੈ। ਇਸ ਨਾਲ ਹੀ ਦੂਜੇ ਪੱਧਰ ਦੇ ਸਾਰੇ ਵਖਰੇਵੇਂ ਆਰਥਿਕ ਅਤੇ ਸਭਿਆਚਾਰਕ ਪੈਦਾ ਹੁੰਦੇ ਹਨ। ਸੰਯੁਕਤ ਰਾਸ਼ਟਰ ਨੇ ਨਾਰੀਵਾਦ ਕਾਰਨ 1975 ਦੇ ਸਾਲ ਨੂੰ ਇਸਤਰੀ ਸਾਲ (Women's year) ਅਤੇ 1976-1985ਈ. ਤੱਕ ਦੇ ਸਾਲਾਂ ਨੂੰ ਇਸਤਰੀਆਂ ਦਾ ਦਹਾਕਾ (decade for women) ਵਜੋਂ ਐਲਾਨ ਕੀਤਾ ਹੈ।

ਇਸਤਰੀ ਸੰਬੰਧੀ ਵਿਚਾਰ ਹਮੇਸ਼ਾ ਹੀ ਬਦਲਵੇਂ ਰੂਪਾਂ ਵਿੱਚ ਉਜਾਗਰ ਹੁੰਦੇ ਆਏ ਹਨ । ਇਸੇ ਲੜੀ ਵਿੱਚ ਵਰਜੀਨੀਆ ਵੂਲਫ਼ ਨੇ 'A Room of One's Own' ਲਿਖਤ ਰਾਹੀਂ ਮਰਦ ਪ੍ਰਧਾਨਤਾ ਨੂੰ ਚੁਣੌਤੀ ਦਿੱਤੀ ਹੈ। ਇੱਥੋਂ ਤੱਕ ਕਿ ਇਸਤਰੀ ਆਪਣੇ ਵਿਚਾਰਾਂ ਨੂੰ ਲਿਖਤ ਰਾਹੀਂ ਪੇਸ਼ ਕਰਨ ਦੀ ਹੱਕਦਾਰ ਨਹੀਂ ਸੀ। ਜੋ ਵੀ ਲਿਖਤਾਂ ਸਨ, ਉਹਨਾਂ ਉੱਪਰ ਵੀ ਮਰਦ ਪ੍ਰਧਾਨਤਾ ਦਾ ਅਸਰ ਨਜ਼ਰ ਆਉਂਦਾ ਹੈ। ਵਰਜੀਨੀਆ ਵੂਲਫ਼ ਦਾ ਕਹਿਣਾ ਹੈ ਕਿ ਇਸਤਰੀਆਂ ਨੂੰ ਹਮੇਸ਼ਾ ਮਰਦਾਂ ਦੀ ਭਾਸ਼ਾ ਵਰਤਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸੀਮੋਨ ਦ ਬੂਵਆਰ ਅਤੇ ਬੇਟੀ ਫਰੀਡਨ ਦੀਆਂ ਕੁੱਝ ਧਾਰਨਾਵਾਂ ਵੀ ਇਸਤਰੀ ਲਿਖਤ ਲਈ ਨੀਂਹ ਦਾ ਕੰਮ ਕਰਦੀਆਂ ਹਨ। ਕੇਟ ਮਿਲੇਟ ਵੀ ਉਹਨਾਂ ਵਿਧੀਆਂ ਨੂੰ ਵਿਚਾਰਦੀ ਹੈ ਜਿਹਨਾਂ ਰਾਹੀਂ ਸਾਹਿਤ ਵਿੱਚ ਇਸਤਰੀ ਨੂੰ ਗ਼ੁਲਾਮੀ ਅਤੇ ਮਰਦ ਦੀ ਸਰਦਾਰੀ ਹੇਠ ਸਥਾਪਿਤ ਕੀਤਾ ਗਿਆ ਹੈ।

ਇਸ ਸਮੇਂ ਇਹ ਵਿਚਾਰਧਾਰਾ ਚਰਚਾ ਵਿੱਚ ਆਈ ਹੈ ਕਿ ਕੋਈ ਅਜਿਹੀ ਭਾਸ਼ਾ ਹੈ, ਜਿਸ ਨੂੰ ਮਰਦ ਪ੍ਰਧਾਨਤਾ ਤੋਂ ਆਜ਼ਾਦ ਇਸਤਰੀ ਭਾਸ਼ਾ ਦਾ ਨਾਮ ਦਿੱਤਾ ਜਾ ਸਕੇ ਕਿਉਂਕਿ ਆਜ਼ਾਦ ਭਾਸ਼ਾ ਹੀ ਸੋਹਣੀ ਲਿਖਤ ਦਾ ਰੂਪ ਲੈ ਸਕਦੀ ਹੈ। ਇਸਤਰੀਆਂ ਦੀ ਲਿਖਤ ਪਿਤਰਸਤਾ ਦੇ ਪਰਛਾਵੇਂ ਵਿੱਚ ਨਹੀਂ ਸਗੋਂ ਇੱਕ ਆਜ਼ਾਦ ਲਿਖਤ ਦੇ ਤੌਰ 'ਤੇ ਸਾਹਮਣੇ ਆਉਣੀ ਚਾਹੀਦੀ ਹੈ। ਇਹ ਵਿਚਾਰਧਾਰਾ ਉੱਤਰ ਆਧੁਨਿਕਵਾਦ ਵਿੱਚ ਜ਼ਿਆਦਾ ਪ੍ਰਫੁਲਿਤ ਹੋਈ ਹੈ।

ਉੱਤਰ ਆਧੁਨਿਕਵਾਦ ਦੇ ਮਹਾਨ ਨਾਰੀਵਾਦੀ ਚਿੰਤਕ ਲੂਈਸ ਇਰੀਗੈਰੇ, ਹੈਲੇਨ ਸਿੱਖੂ, ਜੂਲੀਆ ਕ੍ਰਿਸਤੇਵਾ ਨੇ ਨਾਰੀਵਾਦ ਜਾਂ ਇਸਤਰੀ ਵਿਚਾਰਧਾਰਾ ਨੂੰ ਦਰਸ਼ਨ, ਭਾਸ਼ਾ ਵਿਗਿਆਨ ਅਤੇ ਹੋਰ ਨਵੇਂ ਮਨੋ ਸਮਾਜਕ ਅਧਿਐਨ ਨਾਲ ਜੋੜ ਕੇ ਚਿੰਤਨ ਦਾ ਵਿਸ਼ਾ ਬਣਾਇਆ ਹੈ। ਇਹਨਾਂ ਚਿੰਤਕਾਂ ਨੇ ਇਸਤਰੀ ਦੇਹ ਬਾਰੇ ਨਵੇਂ ਵਿਚਾਰਾਂ ਦੀ ਉਸਾਰੀ ਕੀਤੀ ਹੈ। ਇਹਨਾਂ ਨੇ ਜਿੱਥੇ ਮਰਦ ਦੇਹ ਦੀ ਸੀਮਾ ਦੱਸੀ ਹੈ ਉੱਥੇ ਹੀ ਇਸਤਰੀ ਦੇਹ ਦੀ ਮਹਾਨਤਾ ਅਤੇ ਉਸਦੀ ਵਿਸ਼ਾਲਤਾ ਨੂੰ ਦੱਸਕੇ ਨਾਰੀਵਾਦ ਚਿੰਤਨ ਵਿੱਚ ਨਵਾਂ ਪੱਖ ਉਭਾਰਿਆ ਹੈ। ਇਹ ਨਾਰੀਵਾਦੀ ਚਿੰਤਕ ਇੱਕ ਪਾਸੇ ਮਰਦ ਪ੍ਰਧਾਨ ਸੋਚ ਦਾ ਵਿਰੋਧ ਕਰਦੇ ਹਨ ਅਤੇ ਨਾਲ ਹੀ ਇਸਤਰੀ ਦੀ ਆਜ਼ਾਦੀ ਲਈ ਸਭਿਅਤਾ ਅਤੇ ਲੋਕਾਂ ਦੀ ਮਾਨਸਿਕ ਸੋਚ ਵਿੱਚ ਵੀ ਬਦਲ ਲਿਆਉਣ ਦੀ ਇੱਛਾ ਰੱਖਦੇ ਹਨ। ਇਸ ਸਮੇਂ ਦੇ ਮਹਾਨ ਚਿੰਤਕ ਯੱਕ ਲਾਕਾਂ ਦੇ ਵਿਚਾਰਾਂ ਵਿੱਚ ਫਰਾਇਡ ਦੇ ਵਿਚਾਰਾਂ ਦਾ

ਨਵਾਂ ਰੂਪ ਝਲਕਦਾ ਹੈ। ਨਾਰੀਵਾਦੀ ਚਿੰਤਕਾਂ ਨੇ ਫਰਾਇਡ ਜਿਹੀ ਸੋਚ ਦੇ ਆਗੂ ਲਾਕਾਂ ਦੇ ਉਹਨਾਂ ਵਿਚਾਰਾਂ ਦਾ ਵਿਰੋਧ ਕੀਤਾ, ਜੋ ਇਸਤਰੀ ਦੀ ਹੋਂਦ ਲਈ ਖ਼ਤਰਾ ਸਨ। ਲਾਕਾਂ ਦੇ ਇਹ ਵਿਚਾਰ ਇਸਤਰੀ ਦੇਹ ਨੂੰ ਨ-ਅਨਾਤਮ ਜਾਂ ਆਬਜੈਕਟ ਤੱਕ ਸੀਮਤ ਕਰਦੇ ਸੀ। ਦੈਰੀਦਾ ਦੇ ਵਿਸਰੰਚਨਾਵਾਦ ਅਤੇ ਲਾਕਾਂ ਦੇ ਮਨੋਵਿਸ਼ਲੇਸ਼ਨ ਦੇ ਆਧਾਰ 'ਤੇ ਨਾਰੀਵਾਦੀ ਚਿੰਤਕਾਂ ਨੇ ਇਹ ਵਿਚਾਰ ਸਾਹਮਣੇ ਲਿਆਂਦਾ ਕਿ ਭਾਸ਼ਾ ਵੀ ਇਸਤਰੀ ਸ਼ੋਸ਼ਣ ਲਈ ਇੱਕ ਹਥਿਆਰ ਦਾ ਕੰਮ ਕਰ ਸਕਦੀ ਹੈ।

**ਜੂਲੀਆ ਕ੍ਰਿਸਤੇਵਾ(Julia Kristeva):** ਫਰਾਂਸੀਸੀ ਨਾਰੀਵਾਦੀ ਚਿੰਤਕ ਜੂਲੀਆ ਕ੍ਰਿਸਤੇਵਾ, ਇਸਤਰੀ ਦੇਹ ਪ੍ਰਤੀ ਹਾਸ਼ੀਏ ਰੂਪੀ ਸੋਚ ਨੂੰ ਮਿਟਾ ਕੇ ਨਵੇਂ ਸਿਰਿਓਂ ਇਸਤਰੀ ਦੇਹ ਨੂੰ ਪਰਿਭਾਸ਼ਿਤ ਕਰਦੀ ਹੈ। ਜੂਲੀਆ ਕ੍ਰਿਸਤੇਵਾ ਇਸਤਰੀ ਦੇਹ ਹਿਤ ਰੱਖੀ ਜਾਂਦੀ ਉਸ ਸੋਚ ਨੂੰ ਵੰਗਾਰਦੀ ਹੈ ਜਿਸ ਰਾਹੀਂ ਇਸਤਰੀ ਨੂੰ ਕੁੱਝ ਨੁਕਤਿਆਂ ਦੇ ਖੇਤਰ ਤੱਕ ਹੀ ਸੀਮਾਬੱਧ/ਰੇਖਾਬੱਧ ਕੀਤਾ ਹੋਇਆ ਸੀ ਕਿਉਂਕਿ ਇਸਤਰੀ ਦੇਹ ਬਹੁਪੱਖੀ ਅਤੇ ਬਹੁਪਾਸਾਰੀ ਹੈ। ਇਸ ਨੂੰ ਰੇਖਾ ਬੱਧ ਜਾਂ ਸੀਮਾ ਬੱਧ ਕਰ ਹਾਸ਼ੀਏ 'ਤੇ ਰੱਖਣਾ ਗ਼ਲਤ ਹੈ। "ਕ੍ਰਿਸਤੇਵਾ ਦਾ ਨਾਰੀ ਦੇਹ ਬਾਰੇ ਵਿਚਾਰ ਕਿ ਇਹ ਪ੍ਰੇਮਾਤਮਕ ਅਤਰਿਕਤਾ (libidinal excess)ਹੈ-ਪੱਛਮ ਦੇ ਵਿਵੇਕਸ਼ੀਲ ਪੁਰਸ਼ ਲਿੰਗ ਕੇਂਦਰਿਤ ਪਰਵਚਨ ਵਿਚ ਚਿੰਨ੍ਹਸਿਰਜਕ ਦਖ਼ਲ ਹੈ। ਇਸ ਨਾਲ ਕ੍ਰਿਸਤੇਵਾ ਨੇ ਨਾਰੀ ਦੇਹ ਬਾਰੇ ਕਾਫ਼ੀ ਸਥਾਪਿਤ ਵਿਚਾਰ ਉਲਟਾ ਦਿੱਤੇ ਹਨ। ਨਾਰੀ ਦੇਹ ਦੀ ਦੋ-ਧ੍ਰੁਵਤਾ/ਭਿੰਨਜਾਤਿਤਾ ਨੂੰ ਕ੍ਰਿਸਤੇਵਾ ਨੇ ਬੜੀ ਸ਼ਕਤੀ ਨਾਲ ਪ੍ਰਗਟਾਇਆ ਹੈ। ਕ੍ਰਿਸਤੇਵਾ ਨੇ ਆਪਣੀ ਰਚਨਾ ਵਿਚ ਔਰਤ ਨੂੰ ਹਾਸ਼ੀਅਤ ਕਰਨ ਵਾਲੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਚੌਖਟਿਆਂ ਨੂੰ ਹਿੰਸਾਤਮਕ ਢੰਗ ਨਾਲ ਵਿਸਥਾਪਿਤ ਕੀਤਾ ਹੈ। ਕ੍ਰਿਸਤੇਵਾ ਦਾ ਨਾਰੀ ਦੇਹ ਬਾਰੇ ਪ੍ਰੇਮਾਤਮਕ ਸ਼ਕਤੀਆਂ ਨਾਲ ਭਰਪੂਰ ਉਸਾਰਿਆ ਚਿੰਨ੍ਹ ਸ਼ਾਸਤਰ, ਰੇਖਾਤਮਕ ਅਤੇ ਖੇਤਰਬੱਧ ਕਰਨ ਵਾਲੀ ਇਡੀਪਲ ਪਹੁੰਚ ਨੂੰ ਤੋੜਦਾ ਹੈ ਅਤੇ ਮੁਕਤੀ ਪ੍ਰਦਾਨਕ ਹੈ। ਇਹ ਨਾਰੀ ਦੇਹ ਨੂੰ ਗੀਤ, ਸੰਗੀਤ ਅਤੇ ਉਨਮਾਦ ਵੱਲ ਲੈ ਜਾਂਦਾ ਹੈ।"[24] ਕ੍ਰਿਸਤੇਵਾ ਇਸਤਰੀ ਦੀ ਮਨੋਬਲਤਾ ਨੂੰ ਵਿਚਾਰਨ ਦੇ ਨਾਲ-ਨਾਲ ਇਸਤਰੀ ਦੀ ਸਿਰਜਣ ਸਮਰੱਥਾ ਨੂੰ ਬਹੁਤ ਵੱਡਾ ਅਨੁਭਵ ਦੱਸਦੀ ਹੈ। "ਇੱਕ ਬਹੁਤ ਵੱਡੀ ਚੇਤਨਤਾ ਉੱਭਰਦੀ ਹੈ। ਇਸ ਖਿਣ ਵਿਚ ਨਾਰੀ-ਦੇਹ ਕੇਵਲ ਸਰੀਰਕ ਸਪੇਸ ਤੋਂ ਪਾਰ ਲੰਘ ਜਾਂਦੀ ਹੈ ਅਤੇ ਬ੍ਰਹਿਮੰਡੀ ਸ਼ਕਤੀਆਂ ਦਾ ਉਤਸਵੀ ਅਨੰਦ ਲੈਂਦੀ ਹੈ।"[25] ਇਸਤਰੀ ਦੀ ਸਿਰਜਣ ਸਮਰੱਥਾ ਬ੍ਰਹਿਮੰਡੀ ਸਿਰਜਨਾਤਮਕ ਸ਼ਕਤੀਆਂ ਦਾ ਮਿਲਦਾ ਜੁਲਦਾ ਰੂਪ ਹੈ। ਉਸਦੀ ਜਣਨ ਵਿਸ਼ੇਸ਼ਤਾ ਉਸਨੂੰ ਬਹੁਪੱਖੀ ਸਮਰੱਥਾ ਬਖ਼ਸ਼ਦੀ ਹੈ ਪਰ ਮਰਦਾਵੀਂ ਸੋਚ ਜਾਂ ਮਰਦ ਪ੍ਰਧਾਨ ਸੋਚ ਨੇ ਇਸਤਰੀ ਦੇਹ ਨੂੰ ਕੇਵਲ ਇੱਕ ਵਸਤੂ ਸਮਝਿਆ ਸੀ ਜਿਸ ਵਿੱਚ ਆਤਮਾ ਦਾ ਹੋਣਾ ਵੀ ਪ੍ਰਵਾਨ

---

[24] ਦੀਪਿੰਦਰਜੀਤ ਕੌਰ ਰੰਧਾਵਾ, *ਜੂਲੀਆ ਕ੍ਰਿਸਤੇਵਾ: ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ*, ਪੰਜਾਬੀ ਅਕਾਦਮੀ, ਦਿੱਲੀ, 2009, ਪੰਨੇ 40-41.

[25] *ਉਹੀ,* ਪੰਨਾ 34.

ਨਹੀਂ ਕੀਤਾ ਜਾਂਦਾ ਸੀ। ਪਰ ਕ੍ਰਿਸਤੇਵਾ ਨੇ ਨ-ਅਨਾਤਮ ਇਸਤਰੀ ਦੇਹ ਨੂੰ ਵੱਖਰੇ ਹੀ ਪੱਖ ਤੋਂ ਰਿਦਮ, ਸੰਗੀਤ ਅਤੇ ਭਾਸ਼ਾ ਨਾਲ ਜੋੜ ਕੇ ਪ੍ਰਸਤੁਤ ਕੀਤਾ ਹੈ।

**ਲੂਈਸ ਇਰੀਗੈਰੇ (Luce Irrigary):** ਇਹ ਫਰਾਂਸੀਸੀ ਨਾਰੀਵਾਦੀ ਚਿੰਤਕ ਵਜੋਂ ਮਸ਼ਹੂਰ ਹੈ। ਜਿਸਨੇ ਇਸਤਰੀ ਦੇਹ ਦੀ ਮਹਾਨਤਾ ਅਤੇ ਵਿਸ਼ਾਲਤਾ ਨੂੰ ਸਮਝਦਿਆਂ ਫਰਾਇਡ, ਲਾਕਾਂ ਅਤੇ ਲੈਵਿਨਾਸ ਦੀ ਮਰਦ ਪ੍ਰਧਾਨ ਜਾਂ ਮਰਦਾਵੀਂ ਸੋਚ ਨੂੰ ਨਕਾਰਿਆ ਹੈ। ਇਹ ਵੀ ਸਮਕਾਲੀ ਨਾਰੀਵਾਦੀ ਚਿੰਤਕਾਂ ਸਿੱਖੂ ਅਤੇ ਕ੍ਰਿਸਤੇਵਾ ਵਾਂਗ ਇਸਤਰੀ ਨਾਲ ਹੁੰਦੇ ਭੇਦ ਨੂੰ ਖ਼ਤਮ ਕਰਨ ’ਤੇ ਜ਼ੋਰ ਦਿੰਦੀ ਹੈ। ਇਸਤਰੀ ਜੀਵਨ ਦਾ ਪਰਮ ਲਕਸ਼ ਇਸਤਰੀਤਵ ਦੀ ਪੂਰਨਤਾ ਨੂੰ ਮੰਨਿਆ ਜਾਂਦਾ ਹੈ ਪਰ ਪਿਤਰਸਤੀ ਸੋਚ ਨੇ ਇਸਤਰੀਤਵ ਨੂੰ ਅਸਲ ਅਰਥਾਂ ਤੋਂ ਕੋਹਾਂ ਦੂਰ ਕੀਤਾ ਹੋਇਆ ਹੈ। ਉਸ ਦਾ ਇਸਤਰੀਤਵ ਸਾਊ ਇਸਤਰੀ ਬਣਕੇ ਮਰਦ ਪ੍ਰਧਾਨਤਾ ਨੂੰ ਹੀ ਸਹਿਣਾ ਮੰਨਿਆ ਜਾਂਦਾ ਸੀ। ਜਿਸ ਵਿੱਚ ਉਸਨੂੰ ਕਿੱਤੇ, ਕਾਨੂੰਨ, ਜਾਇਦਾਦ ਆਦਿ ਵਿੱਚ ਕੋਈ ਸੁਤੰਤਰ ਪਛਾਣ ਦਾ ਅਧਿਕਾਰ ਨਹੀਂ ਸੀ। ਇੱਥੋਂ ਤੱਕ ਕਿ ਇਸਤਰੀ ਦੇਹ ਨਾਲ ਸੰਬੰਧਿਤ ਫ਼ੈਸਲੇ ਗਰਭ ਧਾਰਨ ਅਤੇ ਗਰਭਪਾਤ ਤੱਕ ਦਾ ਅਧਿਕਾਰ ਵੀ ਹਾਸਲ ਨਹੀਂ ਸੀ। ਸਭਿਆਚਾਰ ਅਤੇ ਸਮਾਜਿਕ ਪ੍ਰਬੰਧ ਦੀ ਬੁਨਿਆਦ ਵੀ ਮਰਦ ਪ੍ਰਧਾਨਤਾ ਉੱਪਰ ਟਿਕੀ ਹੋਈ ਸੀ। ਇਸਤਰੀ ਰਿਵਾਇਤੀ ਤੌਰ ਤੇ ਮਰਦ ਦੇ ਵਰਤਣ ਦੀ ਸ਼ੈ ਹੀ ਮੰਨੀ ਜਾਂਦੀ ਰਹੀ ਹੈ, ਜਿਸ ਦਾ ਮੁੱਲ ਨਿਸ਼ਚਿਤ ਹੋਣਾ ਹੁੰਦਾ ਹੈ, ਉਹਨਾਂ ਦੇ ਕਾਰਜ ਦੇ ਮਾਪਦੰਡ ਅਨੁਸਾਰ ਅਤੇ ਉਹਨਾਂ ਦੀ ਇੱਛਾ ਅਨੁਸਾਰ, ਵਿਸ਼ੇ ਅਨੁਸਾਰ, ਉਪਭੋਕਤਾਵਾਂ ਦੁਆਰਾ। ਇਸਤਰੀਆਂ ਦੀ ਨਿਸ਼ਾਨਦੇਹੀ ਉਹਨਾਂ ਦੇ ਪਤੀਆਂ, ਪਿਤਾਵਾਂ ਜਾਂ ਉਹਨਾਂ ਨੂੰ ਪੇਸ਼ ਕਰਨ ਵਾਲਿਆਂ ਵੱਲੋਂ ਕੀਤੀ ਜਾਂਦੀ ਰਹੀ ਹੈ।[26] ਇਸ ਸਾਰੇ ਨੂੰ ਦੇਖਦਿਆਂ ਇਰੀਗੈਰੇ ਨੇ ਲਿੰਗ ਭੇਦ ਵਿਚਾਰਾਂ ਨੂੰ ਖੰਡਿਤ ਕਰਨ ਲਈ ਇਸਤਰੀ ਦੀ ਵਿਲੱਖਣਤਾ ਨੂੰ ਪੇਸ਼ ਕੀਤਾ। ਇਰੀਗੈਰੇ ਦਾ ਸੋਚਣਾ ਸੀ ਕਿ ਇਸਤਰੀ ਦੀ ਆਜ਼ਾਦੀ ਦੇ ਵਿਚਾਰਾਂ ਨੂੰ ਮਰਦਾਵੀਂ ਪ੍ਰਧਾਨਤਾ ਦੀ ਆਲੋਚਨਾ ਅਤੇ ਬਰਾਬਰਤਾ ਦੀ ਮੰਗ ਤੋਂ ਥੋੜ੍ਹਾ ਅਗਾਂਹ ਲੈਕੇ ਜਾਣ ਦੀ ਲੋੜ ਹੈ।

ਗੁਰਭਗਤ ਸਿੰਘ ਅਨੁਸਾਰ ਇਰੀਗੈਰੇ ਦੀ ਇਹ ਧਾਰਨਾ ਹੈ ਕਿ “ਨਾਰੀ ਇੱਕ ਵਿਲੱਖਣ ਸੱਚ ਹੈ। ਇਸ ਦੀ ਨਵਾਂ ਰੂਪ ਸਿਰਜਣ ਦੀ ਸਮਰੱਥਾ ਅਤੇ ਸਮੁੱਚਾ ਦੇਹ ਵਿਧਾਨ ਇਸ ਨੂੰ ਵੱਖਰਾ ਆਤਮ ਦਿੰਦੇ ਹਨ ਜਿਸ ਦੀ ਪਛਾਣ ਹੋਣੀ ਜ਼ਰੂਰੀ ਹੈ। ਇਸ ਨਾਲ ਇਸ ਨੂੰ ਵੱਖਰਾ ਪਰਿਪੇਖ, ਵੱਖਰਾ ਦ੍ਰਿਸ਼ਟੀਕੋਣ ਅਤੇ

---

26 “For woman is traditionally a use value for man, an exchange value among men; in other words, a commodity. As such, she remains the guardian of material substance, whose price will be established, in terms of the standard of their work and of their need/desire by subjects :Workers, merchants, consumers. Women are marked phallicly by their fathers, husbands, procurers. And this branding determines their value in sexual commerce.”
Luce Irigaray, ‘This Sex Which is not One’, *Feminisms: An Anthology of literary Theory and Criticism*, Robyn R. Warchal & Diane Price Herndl (eds.), Rutgers University Press, America, 1993, p. 355.

ਜੀਵਨ ਸ਼ਕਤੀਆਂ ਨੂੰ ਅਨੁਭਵ ਕਰਨ ਦੀ ਵੱਖਰੀ ਵਿਸ਼ੇਸ਼ਤਾ ਮਿਲੀ ਹੈ ਜਿਸ ਨੂੰ ਪੁਰਖ ਪ੍ਰਧਾਨ ਸੋਚ ਵਿੱਚ ਅਣਗੌਲਿਆ ਕਰ ਦਿੱਤਾ ਗਿਆ ਹੈ। ਨਾਰੀ ਇੱਕ ਖਪਤ ਕਰਨ ਵਾਲੀ ਵਸਤ ਨਹੀਂ, ਸਗੋਂ ਆਸ਼ਚਰਯ ਹੈ, ਵਿਸਮਾਦ ਹੈ। ਇਸ ਨਾਲ ਮੇਲ ਇਸ ਵਿਸਮਾਦ ਦੀ ਅਨੁਭੂਤੀ ਹੋਣੀ ਚਾਹੀਦੀ ਹੈ। ਨਾਰੀ ਦੇ ਬੁੱਲ੍ਹ ਵੀ ਤਿੱਬਤੀ ਮੰਡਲਾਂ ਵਾਂਗ ਨਵੇਂ ਰਹੱਸਾਂ ਨੂੰ ਜੀ ਆਇਆਂ ਕਹਿਣ ਅਤੇ ਸਾਂਭਣ ਦੀ ਸਮਰੱਥਾ ਰੱਖਦੇ ਹਨ, ਨਵੇਂ ਰਿਸ਼ਤੇ ਸਥਾਪਿਤ ਕਰਨ ਦੀ ਸ਼ਕਤੀ ਨਾਲ ਭਰਪੂਰ ਹਨ।"[27] ਉਸ ਨੇ ਇਸਤਰੀ ਦੀ ਅੰਦਰੂਨੀ ਖ਼ੂਬਸੂਰਤੀ ਨੂੰ ਬਿਆਨ ਕਰ ਕੇ ਇਸਤਰੀ ਦੀ ਵਿਸਮਾਦਕ ਹੋਂਦ ਨੂੰ ਪ੍ਰਵਾਨ ਕਰਵਾਉਣ ਦਾ ਯਤਨ ਕੀਤਾ।

ਇਸ ਦੇ ਨਾਲ ਹੀ ਇਰੀਗੈਰੇ ਨੇ ਇਸਤਰੀ ਦੀ ਭਾਸ਼ਾ ਵਿਚਲੀ ਵਿਲੱਖਣਤਾ ਦੱਸੀ ਹੈ। ਇਸਤਰੀ ਦੁਆਰਾ ਵਰਤੀ ਗਈ ਭਾਸ਼ਾ ਹਉਮੈਂ ਤੋਂ ਪਰ੍ਹੇ ਆਤਮਿਕ ਅਹਿਸਾਸ ਨਾਲ ਵਧੇਰੇ ਜੁੜੀ ਹੋਵੇਗੀ। ਇਰੀਗੈਰੇ ਮੰਨਦੀ ਹੈ ਕਿ ਇਸਤਰੀਆਂ ਨੂੰ ਸਵੈ ਬਿਆਨ ਕਰਨ ਲਈ ਖ਼ੁਦ ਕਾਬਿਲ ਹੋਣ ਦੀ ਜ਼ਰੂਰਤ ਹੈ (ਪਰੰਤੂ ਮਰਦਾਂ ਤੋਂ ਕੁੱਝ ਵੱਖਰੇ ਤਰੀਕੇ ਨਾਲ)।[28] ਇਰੀਗੈਰੇ ਇਸਤਰੀ ਕਾਮੁਕਤਾ (ਲਿਬਿਡੋ) ਦਾ ਇਸਤਰੀ ਦੀ ਭਾਸ਼ਾ ਉੱਪਰ ਪੂਰਨ ਅਸਰ ਕਬੂਲਦੀ ਹੈ। ਉਸ ਅਨੁਸਾਰ ਮਰਦ ਇਸਤਰੀ ਦੋਵਾਂ ਦੀ ਭਾਸ਼ਾ ਵਿੱਚ ਵਖਰੇਵਾਂ ਜ਼ਰੂਰ ਹੁੰਦਾ ਹੈ। ਜਿਵੇਂ ਇਸਤਰੀ ਦੀ ਕਾਮੁਕਤਾ ਇੱਕ ਜਗਾਂ ਤੇ ਕੇਂਦਰਿਤ ਹੋਣ ਦੀ ਬਜਾਇ ਬਹੁਥਾਂਈ ਪਸਰੀ ਹੁੰਦੀ ਹੈ ਅਤੇ ਮਰਦ ਦੀ ਕਾਮੁਕਤਾ ਉਸਦੇ ਲਿੰਗ (Penis) ਉੱਪਰ ਹੀ ਕੇਂਦਰਿਤ ਹੁੰਦੀ ਹੈ। ਉਸੇ ਤਰ੍ਹਾਂ ਮਰਦ ਦੀ ਭਾਸ਼ਾ ਤਾਰਕਿਕ, ਸੀਮਾਬੱਧ ਹੁੰਦੀ ਹੈ ਇਸਤਰੀ ਦੀ ਭਾਸ਼ਾ ਇਸ ਦੇ ਵਿਪਰੀਤ ਹੁੰਦੀ ਹੈ।[29] ਇਰੀਗੈਰੇ ਦਾ ਮੁੱਖ ਜ਼ੋਰ ਇਸਤਰੀ ਦੇਹ ਦੀ ਸੰਵੇਦਨਾ ਅਤੇ ਉਸਦੇ ਅਹਿਸਾਸ (ਜੋ ਬੱਚੇ ਨੂੰ ਪੈਦਾ ਕਰਨ ਅਤੇ ਦੁੱਧ ਪਿਲਾਉਣ ਨਾਲ ਜੁੜੇ ਹਨ) ਨੂੰ ਭਾਸ਼ਾ ਰਾਹੀਂ ਬਿਆਨ ਕਰਨ ਤੇ ਹੈ ਕਿਉਂਕਿ ਇਰੀਗੈਰੇ ਦਾ ਮੁੱਖ ਮੰਤਵ ਇਸਤਰੀ ਦੀ ਅਸਲ ਪਛਾਣ ਨੂੰ ਸਥਾਪਿਤ ਕਰਨਾ ਸੀ।

**ਹੈਲੇਨ ਸਿੱਖੂ (Helene Cixous):** ਹੈਲੇਨ ਸਿੱਖੂ ਨੇ ਹੋਰ ਉੱਤਰ ਸਰੰਚਨਾਵਾਦੀ/ ਫਰਾਂਸੀਸੀ ਨਾਰੀਵਾਦੀ ਚਿੰਤਕਾਂ ਵਾਂਗ ਇਸਤਰੀ ਵਿਤਕਰੇ ਦੀ ਸੋਚ ਨੂੰ ਸਮਾਜਿਕ ਪੱਖ ਤੋਂ ਅਗਾਂਹ ਸਮਝਣ ਦਾ ਯਤਨ

---

27 ਗੁਰਭਗਤ ਸਿੰਘ, *ਉਤਰਆਧੁਨਿਕਤਾ*, ਪੰਨੇ 91-92.

28 "Women need to be able to represent themselves to themselves (but in way quite different from men) in order to constitute themselves as truly social beings who can from positive relationships with each other."
John Lechte, *Fifty Great Contemporary Thinkers: From Structuralism to Postmodernity*, Routledge, New York, 2003, p. 163.

29 "Womanspeak is produced from woman's libido. This is fundamentallydifferent from men's and so too, therefore, is there language. Where female sexuality is unfixed and decentred, since woman has sex organs just about everywhere, male sexuality is fixed and centred on the penis. His language is rational, linear, comprehensible; hers is rational, non-linear and incomprehensible-to men. Unlike womanspeak, however, ecriture feminine is a feminine discourse, not a female language, and can therefore be written by both men and women."
Catherine Belsey & Jane Moore, 'Introduction: The story so far', The Feminist Reader, Catherine Belsey & Jane Moore (eds.), Mcmillian, London, pp.13-14.

ਕੀਤਾ। ਸਿੱਖੂ ਇਸਤਰੀ ਕਾਮੁਕਤਾ ਨੂੰ ਛੋਟੇਪਣ ਦੀ ਥਾਂ ਬਹੁ-ਅਰਥਕ ਭਾਵਨਾ ਅਤੇ ਅਮੀਰੀ ਬਖ਼ਸ਼ਦੀ ਹੈ। "ਨਾਰੀ ਇੱਕ ਜਿਉਂਦਾ ਜਾਗਦਾ, ਨਿਰੰਤਰ ਕ੍ਰਿਆਸ਼ੀਲ ਰਹੱਸ ਹੈ, ਸਦੀਵ ਸ਼ਾਇਰੀ ਹੈ ਜਿਸ ਦਾ ਸੰਬੰਧ ਉਸ ਦੀ ਭਰਪੂਰ ਦੇਹ ਨਾਲ ਵੀ ਹੈ।"[30] ਸਿੱਖੂ ਇਸਤਰੀ ਦੇ ਪ੍ਰੇਮ ਅਤੇ ਸਿਰਜਣ ਦੇ ਗੁਣਾਂ ਨੂੰ ਬਹੁਤ ਗੌਰਵ ਭਰਪੂਰ ਮੰਨਦੀ ਹੈ। "ਸਿੱਖੂ ਆਪਣੇ ਇੱਕ ਨਿਬੰਧ 'ਸੌਰਟੀਜ਼' ਵਿੱਚ ਇਹ ਕਹਿੰਦੀ ਹੈ ਕਿ ਔਰਤ ਦੀ ਲਿੰਗ-ਸ਼ਕਤੀ ਬ੍ਰਹਿਮੰਡੀ ਹੈ ਅਤੇ ਉਸ ਦਾ ਅਵਚੇਤਨ ਕੁੱਲ ਸ੍ਰਿਸ਼ਟੀ ਤੱਕ ਫੈਲਿਆ ਹੋਇਆ ਹੈ।"[31]

ਇਸਤਰੀ ਦੇ ਮੁਕਾਬਲੇ ਮਰਦ ਦੀ ਸੋਚ ਇੱਕ-ਲਿੰਗੀ ਅਧਾਰਿਤ ਹੋਣ ਕਾਰਨ ਸਿਮਟੀ ਹੋਈ ਹੈ ਪਰ ਇਸਤਰੀ ਲਿੰਗਕ ਉਤੇਜਨਾ ਫੈਲਾਅ ਵਿੱਚ ਹੈ। ਇਸਤਰੀ ਦਾ ਪਿਆਰ ਵਹਾਅ ਵਿੱਚ ਹੁੰਦਾ ਹੈ ਪਰ ਮਰਦ ਦੀ ਸੋਚ ਲਿੰਗ ਕੇਂਦਰਿਤ ਹੁੰਦੀ ਹੈ। ਸਿੱਖੂ ਇਸਤਰੀ ਲਿਖਤ ਦੀ ਵਿਸ਼ੇਸ਼ਤਾ ਨੂੰ ਵੀ ਇਸਤਰੀ ਦੇਹ ਵਾਂਗ ਦੇਖਦੀ ਹੈ। ਜਿਵੇਂ ਇਸਤਰੀ ਦੇਹ ਮਹਾਨ ਹੈ ਉਸੇ ਤਰ੍ਹਾਂ ਉਸਦੀ ਲਿਖਤ। "ਸਿੱਖੂ ਇਹ ਧਾਰਨਾ ਦਿੰਦੀ ਹੈ ਕਿ ਨਾਰੀ ਵਿੱਚ ਆਪਣੀ ਸ਼ਕਤੀ ਨੂੰ ਬਿਨਾ ਤੰਗ ਹਿਤ ਪਾਲਨ ਦੇ, ਨਿਰਮੰਤਵੀ ਹੋ ਕੇ ਪਰ ਨਾਲ ਮਿਲਣ ਦੀ ਵਿਸ਼ੇਸ਼ਤਾ ਹੈ। ਇਸ ਲਈ ਅੱਜ, ਬਹੁ-ਪਾਸਾਰੀ ਮੌਲਿਕਤਾ ਨਾਲ ਭਰਪੂਰ ਲੇਖਨ, ਨਾਰੀ ਹੀ ਕਰਨ ਦੇ ਸਮਰੱਥ ਹੈ।"[32] ਅਜਿਹੀ ਇਸਤਰੀ ਲਿਖਤ, ਮਰਦ ਪ੍ਰਧਾਨਤਾ ਲਈ ਵੰਗਾਰ ਸਿੱਧ ਹੋ ਸਕਦੀ ਹੈ। ਇਸਤਰੀ ਦੀਆਂ ਭਾਵਨਾਵਾਂ ਉਸਦੇ ਅਹਿਸਾਸ ਸਭ ਮਰਦਾਂ ਦੇ ਅਧੀਨ ਭਾਸ਼ਾ ਵਿੱਚ ਹੀ ਰੁਲੇ ਹੋਏ ਹਨ। ਉਹਨਾਂ ਦੀ ਲਿਖਤ ਉੱਪਰ ਹਮੇਸ਼ਾ ਮਰਦਾਵੀਂ ਭਾਸ਼ਾ ਹੀ ਹਾਵੀ ਹੁੰਦੀ ਹੈ ਕਿਉਂਕਿ ਉਸਨੂੰ ਆਜ਼ਾਦ ਭਾਸ਼ਾ ਵਰਤਣ ਦੀ ਆਗਿਆ ਨਹੀਂ ਮਿਲੀ। ਜੋ ਕੁੱਝ ਵੀ ਲਿਖਿਆ ਜਾਂਦਾ ਉਹ ਮਰਦਾਂ ਦੇ ਹੱਕ ਵਿੱਚ ਹੁੰਦਾ ਹੈ। ਜਿਸ ਤੋਂ ਆਜ਼ਾਦੀ ਲਈ ਸਿੱਖੂ ਵੀ ਇਰੀਗੈਰੇ ਵਾਂਗ ਭਾਸ਼ਾ ਦੀ ਦੁਨੀਆ ਵਿੱਚ ਨਵੀਨਤਾ ਦੀ ਗੱਲ ਕਰਦੀ ਹੈ। ਇਸਤਰੀ ਨੂੰ ਲਿਖਤ ਦੀ ਦੁਨੀਆ ਅਤੇ ਇਤਿਹਾਸ ਵਿੱਚ ਆਪਣੇ ਆਪ ਨੂੰ ਸੰਘਰਸ਼ ਰਾਹੀਂ ਖੜਾ ਕਰਨਾ ਚਾਹੀਦਾ ਹੈ। ਇਸਤਰੀ ਨੂੰ ਖ਼ੁਦ ਲਿਖਣਾ ਚਾਹੀਦਾ ਹੈ। ਇਸਤਰੀਆਂ ਨੂੰ ਅਤੇ ਇਸਤਰੀਆਂ ਬਾਰੇ ਲਿਖਣ ਦੀ ਲੋੜ ਜਾਪਦੀ ਹੈ। ਇਸਤਰੀਆਂ ਨੂੰ ਲਿਖਤ ਵਿੱਚ ਆਪਣੀ ਹੋਂਦ ਬਣਾਉਣੀ ਪਵੇਗੀ ਕਿਉਂਕਿ ਇਸ ਵਿੱਚ ਵੀ ਸਰੀਰਕ ਪੱਖ ਦੇ ਵਿਤਕਰਿਆਂ ਵਾਂਗ ਉਸ ਨਾਲ ਵਿਤਕਰਾ ਕੀਤਾ ਗਿਆ ਹੈ।[33]

---

30 ਗੁਰਭਗਤ ਸਿੰਘ, *ਉਤਰਆਧੁਨਿਕਤਾ*, ਪੰਨਾ 95.

31 ਦੀਪਿੰਦਰਜੀਤ ਕੌਰ ਰੰਧਾਵਾ, *ਜੂਲੀਆ ਕ੍ਰਿਸਤੇਵਾ: ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ*, ਪੰਨਾ 35.

32 ਗੁਰਭਗਤ ਸਿੰਘ, *ਉਤਰਆਧੁਨਿਕਤਾ*, ਪੰਨਾ 97.

33 "I shall speak about women's writing: about what it will do. Woman must write herself: must write about women and bring women nto writing from which they have been driven away as violently as from their bodies-for the same reasons, by the same law, with the same fatal goal. Woman must put herself into the text-as into the world and into history-by her own movement." Helene Cixous, 'The Laugh of Medusa', *Feminisms: An Anthology of literary Theory and Criticism*, Robyn R. Warchal & Diane Price Herndl (eds.), p. 334

ਸਿੱਖੂ ਆਪਣੀਆਂ ਲਿਖਤਾਂ ਵਿੱਚ (Ecriture Feminine) ਇਸਤਰੀ ਲਿਖਤ ਦੀ ਹਰ ਥਾਂ ਵਕਾਲਤ ਕਰਦੀ ਹੈ।[34] ਉਸ ਅਨੁਸਾਰ ਇਸਤਰੀ ਭਾਸ਼ਾ ਉਮੰਗ, ਚੇਤਨਾ, ਆਤਮਵਿਸ਼ਵਾਸ ਦਾ ਰੂਪ ਹੈ। ਜਿਸ ਦੀ ਵਰਤੋਂ ਇਸਤਰੀ ਸਵੈ ਨੂੰ ਬਿਆਨ ਕਰਨ ਲਈ ਕਰਦੀ ਹੈ

**ਐਲੇਨ ਸ਼ੋਵਾਲਟਰ** (Elaine Showalter) ਵੀ ਦੂਜੇ ਨਾਰੀਵਾਦੀ ਚਿੰਤਕਾਂ ਵਾਂਗ ਵਿਲੱਖਣ ਸੋਚ ਦੀ ਧਾਰਨੀ ਹੈ। ਐਲੇਨ ਸ਼ੋਵਾਲਟਰ ਆਪਣੇ ਕਾਰਜ 'Literature of their own'(1981) ਰਾਹੀਂ ਇੱਕ ਨਾਰੀਵਾਦੀ ਚਿੰਤਕ ਜਾਣੀ ਗਈ। ਉਸਨੇ ਇਸਤਰੀ ਲਿਖਤ ਦੇ ਅਧਿਐਨ ਲਈ ਆਪਣੇ ਇੱਕ ਲੇਖ 'Towards A Feminist Poetics' ਰਾਹੀਂ ਵੱਖਰੀ ਹੀ ਸੋਚ ਪੇਸ਼ ਕੀਤੀ। ਇਸ ਲੇਖ ਵਿੱਚ ਗਾਇਨੋਕਰੀਟੀਸਿਜਮ (Gynocriticism) ਦਾ ਸਿਧਾਂਤ ਦਿੱਤਾ ਗਿਆ ਹੈ। ਇਸ ਰਾਹੀਂ ਇਹ ਸਾਹਮਣੇ ਆਇਆ ਕਿ ਇਸਤਰੀ ਲੇਖਕ ਰੂਪ ਵਿੱਚ ਮਰਦ ਤੋਂ ਵੱਖਰੀ ਹੁੰਦੀ ਹੈ। ਇਸ ਵਖਰੇਵੇਂ ਨੂੰ ਸਰੀਰਕ, ਭਾਸ਼ਾਈ, ਮਨ ਦੀ ਸਥਿਤੀ ਅਤੇ ਸਭਿਆਚਾਰਕ ਪੱਖਾਂ ਤੋਂ ਵਿਚਾਰਿਆ ਗਿਆ ਹੈ। ਇਸਤਰੀ ਦਾ ਇਹ ਵਖਰੇਵਾਂ ਉਸ ਨੂੰ ਕਮਜ਼ੋਰੀ ਨਹੀਂ ਸਗੋਂ ਸ਼ਕਤੀ ਪ੍ਰਦਾਨ ਕਰਦਾ ਹੈ।

ਸਮੇਂ ਦੇ ਬਦਲਾਅ ਨਾਲ ਨਾਰੀਵਾਦੀ ਚਿੰਤਨ ਵਿੱਚ ਜੈਂਡਰ ਚਿੰਤਨ ਨੇ ਵਧੇਰੇ ਪ੍ਰਤੱਖ ਰੂਪ ਹਾਸਲ ਕੀਤਾ। ਇਸ ਖੇਤਰ ਵਿੱਚ **ਜੂਡਿਥ ਬਟਲਰ** (Judith Butler) ਅਜਿਹਾ ਅੰਤਰਾਸ਼ਟਰੀ ਨਾਰੀਵਾਦੀ ਚਿੰਤਕ ਹੈ, ਜਿਸ ਨੇ ਸੈਕਸ ਅਤੇ ਜੈਂਡਰ ਉੱਪਰ ਵਿਚਾਰ ਪ੍ਰਗਟ ਕੀਤੇ। ਇਹਨਾਂ ਵਿਚਾਰਾਂ ਤੋਂ ਨਾਰੀਵਾਦੀ ਸਿਧਾਂਤ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਏ।[35] ਇਹਨਾਂ ਵਿਚਾਰਾਂ ਨੂੰ 1990 ਵਿੱਚ 'Gender Trouble: Feminism and the Subversion of Identity' ਰਾਹੀਂ ਲਿਖਤ ਰੂਪ ਦਿੱਤਾ। ਇਸ ਪੁਸਤਕ ਦੀ

---

"She must write herself, because this is the invention of a new insurgent writing which, when the moment of her liberation has come, will allow her to carry out the indispensable ruptures and transformations in her history, first at two levels that cannot be separated."
Ibid, p 337.

34 "In women's speech, as in their writing, that element which never stops resonating which, once we've been permeated by it,…… She writes in white ink."
Ibid, p. 339.
"Flying is woman's gesture- flying in language and making it fly. …. We've lived in flight, stealing away."
Ibid, p. 343.
"A feminine text cannot fail to be more than subversive. …. If she is he she's in order to smash everthing , to shatter the framework of institution, to blow up the law, to break up the truth and laughter."
Ibid, p. 344.

35 "And anyway, she asks, why would feminists wish to continue working with the same epistemological and ontological premises that have so successfully established the subordination of women?"
Judith Butler, 'Contingent Foundations Feminism and the Question of Postmodernism', *The Feminist History Reader*, Sue Morgan (ed.), Routledge, New York, 2006, p. 197.

ਮਹੱਤਤਾ ਇਹ ਹੈ ਕਿ ਇਸ ਰਾਹੀਂ ਜੁਡਿਥ ਬਟਲਰ ਮਨੋਵਿਗਿਆਨਕ ਪੱਖੀ ਅਧਿਐਨ ਦੇ ਨਾਲ-ਨਾਲ ਨਾਰੀਵਾਦੀ ਚਿੰਤਕਾਂ ਲਈ ਸਵਾਲ ਵੀ ਖੜੇ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਸਿਗਮੰਡ ਫਰਾਇਡ, ਯੱਕ ਲਾਕਾਂ ਦੀਆਂ ਧਾਰਨਾਵਾਂ ਵਾਂਗ ਕਿਤੇ ਨਾ ਕਿਤੇ ਨਾਰੀਵਾਦੀ ਚਿੰਤਕ ਵੀ ਮਰਦ-ਇਸਤਰੀ ਦੇ ਦੋ ਵੱਖਰੇ ਰੂਪਾਂ ਦੀ ਵਰਤੋਂ ਕਰਦੇ ਹਨ। ਨਾਰੀਵਾਦ ਇਸਤਰੀ ਦੇ ਹੱਕ ਦੀ ਗੱਲ ਕਰਦੇ ਕਰਦੇ ਅਜਿਹੇ ਵਿਚਾਰ ਦਾ ਆਗੂ ਬਣ ਗਿਆ ਜਿਸ ਰਾਹੀਂ ਮਰਦ ਇਸਤਰੀ ਦੋ ਵੱਖ ਵੱਖ ਭਾਗਾਂ ਵਿੱਚ ਵੰਡੇ ਜਾਪਦੇ ਹਨ। ਪਰੰਤੂ ਨਾਰੀਵਾਦ ਦਾ ਅਸਲ ਮੰਤਵ ਤਾਂ ਮਰਦ ਇਸਤਰੀ ਨੂੰ ਬਿਨਾਂ ਕਿਸੇ ਭੇਦਭਾਵ ਦੇ ਇੱਕ ਰੂਪ ਵਿੱਚ ਦੇਖਣਾ ਹੈ। "ਜੈਂਡਰ ਤੁਹਾਡਾ ਅਭਿਨੈ ਹੈ ਕਿ ਤੁਸੀਂ ਕਿਸੇ ਖ਼ਾਸ ਸਮੇਂ, ਖ਼ਾਸ ਪ੍ਰਸਥਿਤਿਆਂ ਵਿਚ ਕਿਵੇਂ ਵਿਚਰਦੇ ਹੋ, ਨਾ ਕਿ ਦੁਨਿਆਵੀ ਮੰਨੀਆਂ ਹੋਈਆਂ ਮਰਦ ਅਤੇ ਔਰਤ ਦੀਆਂ ਸ਼੍ਰੇਣੀਆਂ।"[36] ਬਟਲਰ ਬੂਵਆਰ ਵਾਂਗ ਇਹ ਵਿਚਾਰ ਰੱਖਦਾ ਹੈ ਕਿ ਜੈਂਡਰ ਕੁਦਰਤੀ ਨਹੀਂ ਹੈ ਬਲਕਿ ਇਸ ਦਾ ਨਿਰਮਾਣ ਕੀਤਾ ਜਾਂਦਾ ਹੈ।

ਜੈਂਡਰ ਦੇ ਆਧਾਰ 'ਤੇ ਹੋਰ ਵੀ ਵੱਖੋ-ਵੱਖ ਧਾਰਨਾਵਾਂ ਸ਼ੁਰੂ ਹੋਈਆਂ ਜਿਹਨਾਂ ਵਿੱਚੋਂ ਮਰਦ ਸਮਲਿੰਗਤਾ (Gayism) ਅਤੇ ਇਸਤਰੀ ਸਮਲਿੰਗਤਾ (lesbianism) ਵੀ ਸਨ। ਸਮਲਿੰਗੀ ਸਿਧਾਂਤ ਨੂੰ ਕਈ ਚਿੰਤਕਾਂ ਨੇ ਤੀਸਰੇ ਜੈਂਡਰ ਵਜੋਂ ਪਰਿਭਾਸ਼ਿਤ ਕੀਤਾ ਅਤੇ ਕਈ ਇਸਨੂੰ ਮਾਨਸਿਕ ਬਿਮਾਰੀ ਮੰਨਦੇ ਹਨ। ਕਈ ਚਿੰਤਕ ਸਮਲਿੰਗਤਾ ਨੂੰ ਨਾ ਬਿਮਾਰੀ ਅਤੇ ਨਾ ਜੈਂਡਰ ਸਗੋਂ ਇਸ ਨੂੰ ਨਿਰੋਲ ਮਨੁੱਖੀ ਸੋਚ ਦੀ ਉਪਜ ਮੰਨਦੇ ਹਨ। ਇਹ ਸਿਰਫ਼ ਲਿੰਗ, ਜੈਂਡਰ ਅਤੇ ਕਾਮਨਾ ਸਭ ਦੇ ਕੇਂਦਰੀ ਬੇਜੋੜ ਸੰਬੰਧ ਹਨ, ਜੋ ਕੁਦਰਤ ਕਿਰਿਆ ਦੇ ਉਲਟ ਹਨ। ਇਸ ਤਰ੍ਹਾਂ ਕਈ ਚਿੰਤਕਾਂ ਨੇ ਆਪਣੀਆਂ ਲਿਖਤਾਂ ਰਾਹੀਂ ਅਤੇ ਹੋਰ ਸਹਿਯੋਗਾਂ ਰਾਹੀਂ ਇਸਤਰੀ ਆਜ਼ਾਦੀ ਲਈ ਕਦਮ ਚੁੱਕੇ।

**ਨਾਰੀਵਾਦੀ ਸਿਧਾਂਤ (Feminist Theory):**

ਪੱਛਮ ਦੇ ਇਹਨਾਂ ਚਿੰਤਕਾਂ ਦੇ ਨਾਰੀਵਾਦੀ ਅੰਦੋਲਨ ਨਾਲ 'ਨਾਰੀਵਾਦ' ਸਿਧਾਂਤ ਵਿਸ਼ਵ-ਵਿਆਪੀ ਪੱਧਰ ਤੇ ਸਾਹਮਣੇ ਆਏ। ਜਿਹਨਾਂ ਰਾਹੀਂ ਨਾਰੀਵਾਦੀ ਮਸਲਿਆਂ ਦਾ ਹਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹਨਾਂ ਸਮਾਜਿਕ ਸਿਧਾਂਤਾਂ ਵਿੱਚ ਇਸਤਰੀ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਹੱਕਾਂ ਦਾ ਸੰਘਰਸ਼ ਵੱਡੇ ਪੱਧਰ ਤੇ ਸੀ। ਜੋ ਮੁੱਖ ਤੌਰ 'ਤੇ ਇਸਤਰੀ ਜੀਵਨ ਦੀਆਂ ਪਦਾਰਥਵਾਦੀ ਲੋੜਾਂ ਨਾਲ ਸੰਬੰਧਿਤ ਸਨ।[37]

---

[36] ਪਰਮਜੀਤ ਕੌਰ ਅਤੇ ਹੋਰ, *ਬੂਵਆਰ ਦਾ ਨਾਰੀਵਾਦ: ਮਸਲੇ ਅਤੇ ਮੁਲਾਂਕਣ*, ਪੰਨਾ 45.

[37] "Feminist social theory has been concerned with understanding fundamental inequalities between women and men and with analyses of male power over women. Its basic premise is that male dominance derives from the social, economic and political arrangements specific to particular societies. This mode of theorizing derives its concepts and methods from the social sciences and focuses on the material conditions of women's lives and the ideological processes which legitimate and help to perpetuate women's subordination."
Stevi Jackson, 'Feminist Social Theory', *Contemporary Feminist Theories*, Stevi Jackson & Jackie Jones (eds.), Edinburgh University Press, Edinburgh, 1998, p. 12.

ਨਾਰੀਵਾਦੀ ਚਿੰਤਕਾਂ ਨੇ ਸਮਾਜਿਕ, ਆਰਥਿਕ, ਸਭਿਆਚਾਰ ਦੇ ਸੰਦਰਭ ਤੋਂ ਇਸਤਰੀ ਨੂੰ ਬਰਾਬਰ ਦੇ ਹੱਕ ਦੇਣ ਦੀ ਮੰਗ ਦੇ ਨਾਲ-ਨਾਲ ਇਸਤਰੀ ਦੇਹ ਦੀ ਮਹਾਨਤਾ ਨੂੰ ਵੀ ਮੁੱਖ ਰੱਖਿਆ। ਇਹਨਾਂ ਨਾਰੀਵਾਦੀ ਚਿੰਤਕਾਂ ਦਾ ਮੰਤਵ ਇਸਤਰੀ ਲਈ ਕੋਈ ਵੱਖਰਾ ਸੰਸਾਰ ਵਸਾਉਣਾ ਨਹੀਂ ਸੀ ਸਗੋਂ ਬਰਾਬਰਤਾ ਕਾਇਮ ਕਰਕੇ ਜੀਵਨ ਸੁਖਾਲਾ ਬਣਾਉਣਾ ਸੀ। ਇਹਨਾਂ ਸਾਰੀਆਂ ਵਿਚਾਰਧਾਰਾਵਾਂ ਵਿੱਚ ਇਸਤਰੀ ਸਵਾਲਾਂ ਦੇ ਜਵਾਬ ਪੱਖਪਾਤੀ ਅਤੇ ਵਕਤੀ ਸਨ। ਇਹ ਵਿਚਾਰਧਾਰਾਵਾਂ ਹਰ ਬਾਰ ਵੱਖਰੇ ਹੀ ਪੱਖੋਂ ਨਿਵੇਕਲੀ ਕਾਰਜ ਵਿਧੀ ਦੀਆਂ ਤਾਕਤਾਂ ਅਤੇ ਕਮੀਆਂ ਨਾਲ ਸਾਹਮਣੇ ਆਈਆਂ।[38]

**ਉਦਾਰਵਾਦੀ ਨਾਰੀਵਾਦ (Liberal Feminism)**: ਸਮਾਜਿਕ ਭਿੰਨਤਾਵਾਂ ਦੇ ਖ਼ਾਤਮੇ ਲਈ ਦੁਨੀਆ ਵਿੱਚ ਵੱਖ ਵੱਖ ਰੂਪਾਂ ਵਿੱਚ ਮਾਨਵਤਾਵਾਦੀ ਦ੍ਰਿਸ਼ਟੀ ਤੋਂ ਵਿਚਾਰਧਾਰਾਵਾਂ ਸ਼ੁਰੂ ਹੋਈਆਂ ਸਨ। ਇਹਨਾਂ ਸਮਿਆਂ ਵਿੱਚ ਹੀ ਫਰਾਂਸ ਦੀ ਕ੍ਰਾਂਤੀ (1789) ਨੇ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਤਿੰਨ ਨਾਅਰਿਆਂ ਨਾਲ ਪੂਰੇ ਸੰਸਾਰ ਵਿੱਚ ਮਾਨਵਤਾਵਾਦੀ ਚੇਤਨਾ ਵਿੱਚ ਜੋਸ਼ ਭਰਿਆ। ਜਿਸ ਸਦਕਾ ਮਨੁੱਖਤਾਵਾਦੀ ਵਿਚਾਰਾਂ ਨੂੰ ਇੱਕ ਢਾਂਚਾ ਹਾਸਲ ਹੋਇਆ। ਜਿਸ ਦੇ ਫਲਸਰੂਪ ਸਮਾਜ ਦੀਆਂ ਵੱਖੋ-ਵੱਖਰੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੇ ਯਤਨ ਸ਼ੁਰੂ ਹੋਏ। ਅਜਿਹੇ ਵਿਚਾਰਾਂ ਨਾਲ ਸਮਾਜ ਵਿੱਚ ਇਸਤਰੀ ਨੂੰ ਬਰਾਬਰ ਹੱਕ ਦੇਣ ਦੇ ਸਵਾਲ ਚੁੱਕੇ ਜਾਣ ਲੱਗੇ। ਇਸਤਰੀ ਨਾਲ ਲਿੰਗ ਦੇ ਆਧਾਰ 'ਤੇ ਹੁੰਦੇ ਵਿਤਕਰੇ, ਪਰਿਵਾਰ ਅਤੇ ਸਮਾਜ ਵਿੱਚ ਹੁੰਦੇ ਬੁਰੇ ਵਿਵਹਾਰ ਉੱਪਰ ਵੀ ਵਿਚਾਰ ਸ਼ੁਰੂ ਹੋਏ। ਇਸਤਰੀ ਉੱਪਰ ਹੁੰਦੇ ਅੱਤਿਆਚਾਰਾਂ ਅਤੇ ਸ਼ੋਸ਼ਣ ਜਿਹੇ ਮਹੱਤਵਪੂਰਨ ਵਿਸ਼ਿਆਂ ਨੇ ਉਦਾਰਵਾਦੀ ਨਾਰੀਵਾਦ ਦਾ ਮੁਢ ਬੱਝਿਆ। ਇਸਤਰੀਆਂ ਦੇ ਪੂਰਨ ਨਾਗਰਿਕ ਹੋਣ ਦੇ ਹੱਕ ਲਈ ਵੀ ਸਵਾਲ ਉੱਠੇ ਕਿਉਂਕਿ ਇਸਤਰੀ ਨੂੰ ਬੁੱਧੀ ਪੱਖੋਂ ਹੀਣ ਸਮਝ ਕੇ ਵੋਟ ਦੇ ਅਧਿਕਾਰ ਤੋਂ ਵਾਂਝਾ ਰੱਖਿਆ ਜਾਂਦਾ ਸੀ। ਇਸ ਲਈ ਬੈਂਥਮ ਅਤੇ ਜੋਨ ਸਟੂਅਰਟ ਮਿਲ ਜਿਹੇ ਵਿਦਵਾਨਾਂ ਨੇ ਇਸਤਰੀ ਲਈ ਵੋਟ ਦੇ ਅਧਿਕਾਰ ਦਾ ਪੂਰਾ ਸਮਰਥਨ ਕੀਤਾ।

ਉਦਾਰਵਾਦੀ ਸਿਧਾਂਤ ਸਪਸ਼ਟ ਤੌਰ 'ਤੇ ਨਾਰੀਵਾਦੀ ਚਿੰਤਨ ਦਾ ਮੁਢਲਾ ਰੂਪ ਹੈ।[39] ਇਸ ਨਾਰੀਵਾਦ ਸਿਧਾਂਤ ਵਿੱਚ ਇਸਤਰੀ ਆਜ਼ਾਦੀ ਦੀ ਗੱਲ ਤਾਂ ਹੋਈ ਹੈ ਪਰ ਮਰਦ ਪ੍ਰਧਾਨਤਾ ਨੂੰ ਵੀ ਬੁਰਾ ਨਹੀਂ ਸਮਝਿਆ ਗਿਆ। ਇਹਨਾਂ ਅਨੁਸਾਰ ਮਰਦ ਪ੍ਰਧਾਨਤਾ ਦੇ ਖ਼ਾਤਮੇ ਦੀ ਨਹੀਂ ਸਿਰਫ਼ ਕੁੱਝ ਸੁਧਾਰਾਂ ਦੀ ਲੋੜ ਹੈ। ਮਰਦ ਪ੍ਰਧਾਨਤਾ ਖ਼ਤਮ ਕਰ ਕੇ ਪੂਰੇ ਸਮਾਜ ਦੇ ਮੁਹਾਂਦਰੇ ਨੂੰ ਬਦਲਣ ਦਾ ਕੋਈ ਲਾਭ ਨਹੀਂ। ਇਸੇ

---

38 "Each of these is a partial and provisional answer for the woman question, providing the unique perspectives with its own methodological strengths and weaknesses. What continues to fascinate, is the way in which these partial and provisional, answers intersect."
Jyothy Jampala, *Feminism:A Philosphical Study*, Serials Publications, New Delhi, 2014, p. 9.

39 "Liberalism is the obvious place to begin and survey of feminist though."
Ibid, p. 10.

ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹੋਏ Deborah L.Madsen ਦਾ ਕਹਿਣਾ ਹੈ ਕਿ ਉਦਾਰਵਾਦੀ ਨਾਰੀਵਾਦ ਦਾ ਮੁੱਖ ਸੰਕਲਪ ਮਰਦ ਪ੍ਰਧਾਨ ਸਮਾਜ ਦੇ ਰੂਪ ਨੂੰ ਬਦਲਣਾ ਨਹੀਂ ਸੀ ਸਗੋਂ ਪਿੱਤਰੀ ਵਿਵਸਥਾ ਵਿੱਚ ਸੁਧਾਰ ਲਿਆਉਣਾ ਸੀ। ਇਹ ਵਿਚਾਰਧਾਰਾ ਲਿੰਗ ਦੇ ਨਾਮ 'ਤੇ ਹੁੰਦੇ ਵਿਤਕਰੇ ਨੂੰ ਖ਼ਤਮ ਕਰ ਕੇ ਬਰਾਬਰ ਹੱਕਾਂ ਦੀ ਗੱਲ ਕਰਦੀ ਹੈ।[40] ਉਦਾਰਵਾਦੀ ਨਾਰੀਵਾਦੀ ਚਿੰਤਕ Charlottle Perkins Gilman ਨੇ 'Women and Economics' ਲਿਖਤ ਰਾਹੀਂ 1898 ਈ. ਵਿੱਚ ਇਸਤਰੀ ਨਾਲ ਹੁੰਦੇ ਵਿਤਕਰੇ ਦੇ ਮੁੱਖ ਕਾਰਨ ਪੂੰਜੀਵਾਦ ਅਤੇ ਮਰਦ ਪ੍ਰਧਾਨਤਾ ਨੂੰ ਦੱਸਿਆ। ਇਸਤਰੀ ਦੀ ਆਰਥਿਕ ਨਿਰਭਰਤਾ ਹੀ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਹੈ। ਜਦੋਂ ਇਸਤਰੀ ਪੂੰਜੀਵਾਦ ਦੇ ਘੇਰੇ ਵਿੱਚ ਕਦਮ ਰੱਖੇਗੀ ਤਦ ਹੀ ਲਿੰਗ ਦੇ ਨਾਮ ਤੇ ਕੀਤੀ ਮਜ਼ਦੂਰ ਵਰਗ ਦੇ ਵਿਤਕਰੇ ਦੀ ਕੰਧ ਟੁੱਟੇਗੀ। ਆਖ ਸਕਦੇ ਹਾਂ ਕਿ ਇਸ ਵਿਚਾਰਧਾਰਾ ਦਾ ਮੁੱਖ ਜ਼ੋਰ ਵਿਅਕਤੀਗਤ ਮਹੱਤਤਾ ਉੱਪਰ ਸੀ। ਜਿਸ ਦੀ ਆਬਰੂ ਨੂੰ ਸੁਰੱਖਿਅਤ ਰੱਖਣ ਲਈ ਹੱਕ, ਨਿਆਂ, ਹਰ ਥਾਂ ਬਰਾਬਰਤਾ ਜਿਹੇ ਸੰਕਲਪਾਂ ਨੂੰ ਮੁੱਖ ਸਮਝਿਆ ਗਿਆ।[41]

**ਮਾਰਕਸਵਾਦੀ ਨਾਰੀਵਾਦ (Marxist Feminism):** ਮਾਰਕਸਵਾਦ ਕਾਰਲ ਮਾਰਕਸ ਦੀਆਂ ਲਿਖਤਾਂ ਦੇ ਅਧਿਐਨ ਨਾਲ ਸ਼ੁਰੂ ਹੋਇਆ ਚਿੰਤਨ ਹੈ। ਕਾਰਲ ਮਾਰਕਸ ਪਹਿਲਾ ਮਹਾਨ ਚਿੰਤਕ ਹੈ, ਜਿਸਨੇ ਸਮਾਜਿਕ ਪੱਖ ਦਾ ਅਧਿਐਨ ਵਿਗਿਆਨਿਕ ਦ੍ਰਿਸ਼ਟੀ ਰਾਹੀਂ ਕੀਤਾ। ਮਾਰਕਸਵਾਦ ਅਨੁਸਾਰ ਬੁਨਿਆਦੀ ਜ਼ਰੂਰਤਾਂ ਦੀ ਪੂਰਨਤਾ ਸਮੇਂ ਜਿਹੜੀਆਂ ਪਰਿਸਥਿਤਿਆਂ ਸਿਰਜੀਆਂ ਜਾਂਦੀਆਂ ਹਨ, ਉਹ ਹੀ ਇਨਸਾਨ ਦੇ ਜੀਵਨ ਨੂੰ ਰੂਪ ਪ੍ਰਦਾਨ ਕਰਦੀਆਂ ਹਨ। ਮਾਰਕਸ ਨੇ ਭਾਵੇਂ ਸਪਸ਼ਟ ਰੂਪ ਵਿੱਚ ਇਸਤਰੀ ਬਾਰੇ ਕੋਈ ਵਿਚਾਰ ਪੇਸ਼ ਨਹੀਂ ਕੀਤੇ ਪਰ ਉਸ ਦੇ ਚਿੰਤਨ ਦਾ ਕੇਂਦਰ ਸਮਾਜ ਨੂੰ ਸ਼ੋਸ਼ਣ ਮੁਕਤ ਕਰਵਾਉਣਾ ਸੀ। ਪੂੰਜੀਵਾਦ ਸਮਾਜ ਵਿੱਚ ਆਰਥਿਕ ਪ੍ਰਬੰਧ ਮਰਦਾਂ ਦੇ ਹੱਥਾਂ ਵਿੱਚ ਹੋਣ ਕਾਰਨ ਇਸਤਰੀ ਵੀ ਮਰਦਾਂ ਦੀ ਸੰਪਤੀ ਦਾ ਹਿੱਸਾ ਬਣ ਗਈ ਸੀ। ਇਸ ਵਿਚਾਰਧਾਰਾ ਨੇ ਇਸਤਰੀ ਦੀ ਸਮਾਜਿਕ ਆਰਥਿਕ ਸਥਿਤੀ ਅਤੇ ਪੂੰਜੀਵਾਦ ਜੀਵਨ ਦੇ ਪ੍ਰਭਾਵ ਹੇਠ ਹੁੰਦੇ ਸ਼ੋਸ਼ਣ ਨੂੰ ਸਮਝਣ ਦਾ ਯਤਨ ਕੀਤਾ ਹੈ। ਇਸਤਰੀ ਦੀ ਗ਼ੁਲਾਮੀ ਦੀ ਮੂਲ ਜੜ੍ਹ ਮਰਦ ਪ੍ਰਧਾਨ ਸਮਾਜ ਨੂੰ ਦੱਸਿਆ ਹੈ। ਮਾਰਕਸਵਾਦੀ ਸਿਧਾਂਤ ਅਨੁਸਾਰ "ਉਸਦੀ ਦਾਸਤਾ ਦਾ ਪਹਿਲਾ ਰੂਪ ਇਹ

---

40 "The efforts of liberal feminisms are directed towards the reform of patriarchy rather than the structural change of a male-dominated society. Liberal feminists support the Equal Rights Amendment and other legislative acts to abolish sexual discrimination and to erode oppressive gender roles."
Deborah L.Madsen, *Feminist Theory and Literary Practice*, Pluto Press, London, 2000, p. 36.

41 "The liberal emphasis on the individual(in contrast with movements such as Marxist feminism that emphasise collectivity) stresses the importance of the individual and individual autonomy which are protected by guaranteed rights, economic justice and equality of opportunity."
Ibid, p. 35.

ਹੈ ਕਿ ਉਹ ਮਿਹਨਤਕਸ਼ ਪੁਰਸ਼ਾਂ ਵਾਂਗ ਸ਼੍ਰੇਣੀ-ਸਮਾਜ ਦੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ।.. ਅਤੇ ਨਾਰੀ ਦੀ ਦਾਸਤਾ ਦਾ ਦੂਸਰਾ ਰੂਪ ਉਸਦੇ ਜਿਨਸੀ ਸ਼ੋਸ਼ਣ ਦਾ ਹੈ।"[42]

ਮਾਰਕਸਵਾਦੀ ਪੂੰਜੀਵਾਦ ਸਮਾਜ ਵਿੱਚ ਆਰਥਿਕ ਪ੍ਰਬੰਧ ਇਸਤਰੀ ਦੀ ਥਾਂ ਮਰਦ ਦੇ ਹੱਥ ਵਿੱਚ ਦੇਖਦਾ ਹੈ। ਇਸੇ ਤਰ੍ਹਾਂ ਮਰਦ ਪ੍ਰਧਾਨ ਸਮਾਜ ਵਿੱਚ ਸਾਰੀ ਸ਼ਕਤੀ ਮਰਦਾਂ ਦੇ ਹੱਥ ਹੈ ਅਤੇ ਇਸਤਰੀ ਦੂਜੈਲੇ ਸਥਾਨ ਦੀ ਹੱਕਦਾਰ ਗਿਣੀ ਜਾਂਦੀ ਹੈ। ਮਾਰਕਸਵਾਦੀ ਵਿਚਾਰਧਾਰਾ ਇਕੱਲੀ ਵਿਅਕਤੀਗਤ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ ਕਰਦੀ ਸਗੋਂ ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਆਰਥਿਕ ਹਰ ਪੱਖ ਦੇ ਅਵਚੇਤਨ ਅਤੇ ਮਰਦ ਪ੍ਰਧਾਨ ਪ੍ਰਭੂਤਾ ਜਾਂ ਸ਼ੋਸ਼ਣ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਮਾਰਕਸਵਾਦੀ ਨਾਰੀਵਾਦੀ ਚਿੰਤਕਾਂ ਦਾ ਮੁੱਖ ਮੰਤਵ ਇਹ ਸੀ ਕਿ ਸਮਾਜ ਵਿੱਚ ਕੋਈ ਵੀ ਆਰਥਿਕ ਪੱਖੋਂ ਦੂਜੇ ਉੱਪਰ ਨਿਰਭਰ ਨਾ ਹੋਵੇ, ਮਰਦ ਇਸਤਰੀਆਂ ਵੀ ਆਰਥਿਕ ਪੱਖੋਂ ਮਰਦਾਂ ਤੋਂ ਆਜ਼ਾਦ ਹੋਣ ਅਤੇ ਸਭ ਨੂੰ ਬਰਾਬਰਤਾ ਹਾਸਲ ਹੋਵੇ।[43] ਮਾਰਕਸ ਦਾ ਕਹਿਣਾ ਹੈ ਕਿ ਜਦੋਂ ਸ਼੍ਰੇਣੀ ਜਾਂ ਜਮਾਤੀ ਜ਼ੁਲਮ ਖ਼ਤਮ ਹੋ ਜਾਵੇਗਾ ਤਾਂ ਲਿੰਗ ਦੇ ਆਧਾਰ ’ਤੇ ਹੁੰਦੇ ਜ਼ੁਲਮਾਂ ਵਿੱਚ ਵੀ ਠੱਲ੍ਹ ਪੈ ਜਾਵੇਗੀ।

**ਉਗਰ ਨਾਰੀਵਾਦ (Radical Feminism)**: ਉਗਰ ਨਾਰੀਵਾਦ ਨੂੰ ਅਮਰੀਕੀ ਨਾਰੀਵਾਦੀ ਮਾਡਲ ਨਾਂ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ। ਇਹ ਵਿਚਾਰਧਾਰਾ ਕਿਸੇ ਠੋਸ ਸਿਧਾਂਤ ਨੂੰ ਨਾਲ ਲੈ ਕੇ ਸ਼ੁਰੂ ਨਹੀਂ ਹੋਈ ਸੀ ਸਗੋਂ ਨਾਰੀਵਾਦੀ ਅੰਦੋਲਨ ਨਾਲ ਜੁੜੇ ਵਿਚਾਰਾਂ ਨੂੰ ਹੀ ਅਗਾਂਹ ਵਧਾਉਣ ਦਾ ਉਪਰਾਲਾ ਕੀਤਾ ਗਿਆ ਸੀ। ਉਗਰ (ਰੈਡੀਕਲ) ਨਾਰੀਵਾਦੀ ਚਿੰਤਕਾਂ ਦਾ ਕਹਿਣਾ ਹੈ ਕਿ ਮਰਦ ਸ਼ਕਤੀ ਹੀ ਲਿੰਗ ਦੇ ਭੇਦ ਨੂੰ ਸਮਾਜ ਵਿੱਚ ਪੈਦਾ ਕਰਨ ਦੀ ਮੂਲ ਜੜ੍ਹ ਹੈ ਪਰ ਦੂਜੇ ਪਾਸੇ ਉਦਾਰਵਾਦੀ ਨਾਰੀਵਾਦੀ ਚਿੰਤਕ ਇਸਤਰੀਆਂ ਉੱਪਰ ਮਰਦਾਂ ਦੀ ਹਕੂਮਤ ਨੂੰ ਸਮਝਣ ਦਾ ਯਤਨ ਕਰਦੇ ਹਨ। ਇਹਨਾਂ ਅਨੁਸਾਰ ਮਰਦ ਲਿੰਗ ਦੇ ਪੱਖ ਤੋਂ ਸਿਰਫ਼ ਈਰਖਾ ਦੇ ਸ਼ਿਕਾਰ ਹਨ।[44] ਉਗਰ ਨਾਰੀਵਾਦੀ ਦਾ ਮੁੱਖ ਮੰਤਵ ਮਰਦਾਂ ਦੀ ਪ੍ਰਭੂਤਾ ਨੂੰ ਖ਼ਤਮ ਕਰਨਾ ਨਹੀਂ ਸੀ ਸਗੋਂ ਲਿੰਗ ਆਧਾਰਤ ਵਖਰੇਵੇਂ ਅਤੇ ਸੰਸਕ੍ਰਿਤਿਕ ਪੱਖ ਤੋਂ ਕੀਤੇ ਜਾਂਦੇ ਲਿੰਗ ਭੇਦਭਾਵ ਵੱਲ ਵੀ ਨਜ਼ਰ ਮਾਰਨਾ ਸੀ।[45] ਉਗਰ ਨਾਰੀਵਾਦ ਨੇ ਮੁੱਖ ਤੌਰ ’ਤੇ ਸਮਾਜ ਵਿੱਚ ਹੁੰਦੇ ਭੇਦਭਾਵ, ਲਿੰਗੀ ਵਿਤਕਰਿਆਂ

---

42 ਹਰਪ੍ਰੀਤ ਕੌਰ, *ਨਾਰੀਵਾਦ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨੇ 14-15.

43 "Under socialism no one would be economically dependent on any one else; women would be economically freed from men and therefore equal to them."
Jyothy Jampala, *Feminism: A Philosphical Study*, p. 10.

44 "Liberal Feminists, find to deemphasize men's power over women and who quite often suggest that men are simply fellow victims of sex role conditioning. Radical feminists insist that male power is at the root of the social construction of gender."
Ibid, p. 11.

45 "The aim of the radical feminist movement, therefore, is not simply the end of male privilege; it is the destruction of the sex class, of the cultural distinction between the sexes, that radical feminism seeks."

ਨੂੰ ਸਮਝਣ ਦਾ ਯਤਨ ਕੀਤਾ ਹੈ। ਮਰਦਾਂ ਦੁਆਰਾ ਇਸਤਰੀ ਨੂੰ ਦਬਾਅ ਕੇ ਰੱਖਣ ਅਤੇ ਵਿਤਕਰੇ ਭਰੀ ਸੋਚ ਕਾਰਨ ਇਸਤਰੀ ਨੂੰ ਸਮਾਜਿਕ, ਆਰਥਿਕ, ਸਭਿਆਚਾਰਕ ਹਰ ਪੱਖ ਤੋਂ ਨੀਵਾਂ ਦੇਖੇ ਜਾਣ ਦੇ ਵਿਚਾਰਾਂ ਬਾਰੇ ਪਰਖ ਕੀਤੀ।[46] ਉਹਨਾਂ ਦਾ ਇਹ ਵੀ ਮੰਨਣਾ ਹੈ ਕਿ ਇਸਤਰੀਆਂ ਦੀ ਅਧੀਨਤਾ ਪੂੰਜੀਵਾਦ ਦਾ ਹੀ ਸਿੱਟਾ ਹੈ।

ਇਹ ਵਿਚਾਰਧਾਰਾ ਇਸਤਰੀ ਦੇਹ ਨਾਲ ਹੁੰਦੇ ਸ਼ੋਸ਼ਣ ਅਤੇ ਇਸਤਰੀ ਦੇਹ ਨੂੰ ਕਮਜ਼ੋਰੀ ਦਾ ਨਾਮ ਦੇ ਕੇ ਬਲਾਤਕਾਰ, ਵੇਸਵਾ ਜਿਹੇ ਜ਼ੁਲਮਾਂ ਦਾ ਸ਼ਿਕਾਰ ਬਣਾਉਣ ਵਾਲੀ ਸੋਚ ਦੇ ਖ਼ਿਲਾਫ਼ ਸੀ। ਉਗਰ ਨਾਰੀਵਾਦ ਦਾ ਮੁੱਖ ਮੰਤਵ ਇਸਤਰੀ ਨੂੰ ਸੈਕਸ ਅਤੇ ਜ਼ਬਰਦਸਤੀ ਜਿਹੀ ਗ਼ੁਲਾਮੀ ਤੋਂ ਆਜ਼ਾਦ ਕਰਨ ਦਾ ਪ੍ਰਸਤਾਵ ਸੀ। ਇਸ ਵਿਚਾਰਧਾਰਾ ਅਨੁਸਾਰ ਇਸਤਰੀਆਂ ਨੂੰ ਮਰਦਾਂ ਵਾਂਗ ਆਪਣੇ ਸਰੀਰਾਂ ਉੱਪਰ ਪੂਰਾ ਹੱਕ ਹੋਣਾ ਚਾਹੀਦਾ ਹੈ। ਇਹ ਵਿਚਾਰਧਾਰਾ ਘਰ, ਪਰਿਵਾਰ, ਵਿਆਹ ਆਦਿ ਦੇ ਬੰਧਨ ਤੋਂ ਆਜ਼ਾਦੀ ਦੀ ਗੱਲ ਕਰਦੀ ਹੋਈ ਸਮਲਿੰਗੀ ਕਾਮੁਕਤਾ (Homosexuality), ਵਿਆਹ ਤੋਂ ਪਹਿਲਾਂ ਅਤੇ ਬਾਅਦ ਬਾਹਰ ਲਿੰਗੀ ਸੰਬੰਧਾਂ ਦੀ ਪ੍ਰੋੜ੍ਹਤਾ ਕਰਦੀ ਹੈ।

ਇਹ ਨਾਰੀਵਾਦੀ ਵਿਚਾਰਧਾਰਾ ਮਰਦ ਪ੍ਰਧਾਨਤਾ ਦੇ ਸਮਾਜਿਕ ਢਾਂਚੇ ਨੂੰ ਵੰਗਾਰਦੀ ਹੈ। ਇਸ ਅਨੁਸਾਰ ਹਰ ਖੇਤਰ ਵਿੱਚ ਇਸਤਰੀ ਦੀ ਪ੍ਰਤੀਨਿਧਤਾ ਜ਼ਰੂਰੀ ਹੈ। ਇਸੇ ਵਿਚਾਰਧਾਰਾ ਦੇ ਅੰਤਰਗਤ Lesbian ਨਾਰੀਵਾਦੀ ਸੋਚ ਜਿਸਨੂੰ The New York Redicalesbians ਗਰੁੱਪ ਨੇ The Woman Identified Woman ਆਰਟੀਕਲ ਦੇ ਨਾਂ ਹੇਠ 1970 ਈ. ਵਿੱਚ ਨਵੇਂ ਸਿਧਾਂਤ ਵਜੋਂ ਪੇਸ਼ ਕੀਤਾ ਗਿਆ ਸੀ। ਜਿਸ ਸਦਕਾ Lesbianism ਲਿੰਗ ਪ੍ਰਮੁੱਖਤਾ ਦੀ ਕੈਦ ਤੋਂ ਆਜ਼ਾਦ ਹੋਇਆ। ਇਹ ਵਿਚਾਰਧਾਰਾ ਰਾਜਨੀਤਿਕ ਸਮਰੱਥਾ ਦੇ ਰੂਪ ਵਿੱਚ ਮਰਦ ਪ੍ਰਧਾਨਤਾ ਦੇ ਵਿਰੋਧ ਵਿੱਚ ਖੜੀ ਹੋਈ।[47] ਇਸ ਵਿਚਾਰਧਾਰਾ ਰਾਹੀਂ ਨਾਰੀਵਾਦੀ ਚਿੰਤਕਾਂ ਨੇ ਕਾਮਗ੍ਰਸਤ ਮਰਦਾਂ ਦੇ ਵਿਚਾਰਾਂ ਨੂੰ ਇਸਤਰੀ ਦੀ ਗ਼ੁਲਾਮੀ ਦਾ ਕਾਰਨ ਦੱਸਿਆ। ਮਰਦ ਹਮੇਸ਼ਾ ਆਪਣੀ ਕਾਮ ਪੂਰਤੀ ਜਾਂ ਸਵੈ-ਅਨੰਦ ਲਈ ਇਸਤਰੀਆਂ ਨੂੰ ਦਬਾ ਕੇ ਰੱਖਣ ਦੀ

---

Deborah L.Madsen*, Feminist Theory and literary Practice,* p. 157.

46 "Radical feminism analyses the relationship between social inequality and sexual difference; the domination of women by men is seen to provide the foundation of social inequality, and the sexual oppression of women is seen to underlie the economic, cultural and social subordination of women."

Ibid., pp. 152-153.

47 "The early lesbian feminist group the New York Radicalesbians, published in 1970 the ground – breaking essay'The Woman Identified Woman', the title of which provided a concept that freed lesbianism from the constraints of sexual preference and a set of sexual practices and instead described lesbianism as a set of ideological and political preferences opposed to male supremacy."

Ibid, p. 155.

ਕੋਸ਼ਿਸ਼ ਕਰਦੇ ਹਨ। ਉਗਰ ਨਾਰੀਵਾਦ ਅਨੁਸਾਰ ਇਸਤਰੀ ਆਰਥਿਕ ਅਤੇ ਸਮਾਜਿਕ ਪੱਖਾਂ ਨਾਲ ਘੱਟ ਗ਼ੁਲਾਮ ਹੋਈ ਸਗੋਂ ਦੇਹ ਕਾਰਨ ਵੱਧ ਹੋਈ ਪ੍ਰਤੀਤ ਹੁੰਦੀ ਹੈ।

**ਅਸਤਿਤਵਵਾਦੀ ਨਾਰੀਵਾਦ (Existentialism Feminism):** ਅਸਤਿਤਵਵਾਦੀ ਨਾਰੀਵਾਦ ਦੇ ਮੋਢੀ ਮਹਾਨ ਫਰਾਂਸੀਸੀ ਫ਼ਿਲਾਸਫ਼ਰ ਸਾਰਤਰ (Jean Paul Sartre) ਅਨੁਸਾਰ ਅਸਤਿਤਵ ਖ਼ੁਦ ਨੂੰ ਪਰਿਭਾਸ਼ਿਤ ਕਰਨ ਦਾ ਫ਼ਲਸਫ਼ਾ ਹੈ। ਉਸ ਅਨੁਸਾਰ ਇਨਸਾਨ ਦੀ ਪਹਿਚਾਣ ਉਸ ਦੇ ਕੰਮ ਤੋਂ ਕਰਨਾ ਗ਼ਲਤ ਹੈ ਕਿਉਂਕਿ ਸਭ ਤੋਂ ਪਹਿਲਾਂ ਉਹ ਮਨੁੱਖ ਹੈ। ਇਸੇ ਤਰ੍ਹਾਂ ਮਰਦ ਇਸਤਰੀ ਦੇ ਸਰੀਰਕ ਵਖਰੇਵੇਂ ਦੇ ਆਧਾਰ 'ਤੇ ਉਸ ਨੂੰ ਉੱਚਾ ਜਾਂ ਨੀਵਾਂ ਕਹਿਣਾ ਠੀਕ ਨਹੀਂ ਹੈ। ਅਸਤਿਤਵਵਾਦੀ ਨਾਰੀਵਾਦ ਅਨੁਸਾਰ ਮਨੁੱਖਤਾ ਸਰੀਰ ਤੋਂ ਕਿਤੇ ਉਚੇਰੀ ਹੈ। ਸੀਮੋਨ ਦੂ ਬੂਵਆਰ ਉੱਪਰ ਸਾਰਤਰ ਦਾ ਬਹੁਤ ਡੂੰਘਾ ਅਸਰ ਸੀ। ਬੂਵਆਰ ਨੇ ਆਪਣੀ ਪੁਸਤਕ 'The Second Sex' ਵਿੱਚ ਇਸਤਰੀ ਦੇ ਸਮਾਜਿਕ, ਇਤਿਹਾਸਿਕ, ਸਭਿਆਚਾਰਕ ਪੱਖਾਂ ਤੋਂ ਚਿੰਤਨ ਦੇ ਇਲਾਵਾ ਅਸਤਿਤਵਵਾਦੀ ਅੰਸ਼ ਨੂੰ ਵੀ ਪ੍ਰਸਤੁਤ ਕੀਤਾ ਹੈ। ਬੂਵਆਰ ਦੇ ਕਾਰਜ ਦਾ ਅਸਲ ਮੰਤਵ ਇਸਤਰੀ ਦੀ ਹੋਂਦ ਨੂੰ ਸਮਝਣ ਦਾ ਯਤਨ ਹੈ।

**ਸਮਾਜਵਾਦੀ ਨਾਰੀਵਾਦ (Socialist Feminism):** ਸਮਾਜਵਾਦੀ ਨਾਰੀਵਾਦ ਅਨੁਸਾਰ ਇਸਤਰੀ ਸ਼ੋਸ਼ਣ ਦਾ ਮੂਲ ਕਾਰਨ ਪੂੰਜੀਵਾਦ ਅਤੇ ਇਸਤਰੀ ਪ੍ਰਤੀ ਨਿੱਜੀ ਜਾਇਦਾਦ ਦੀ ਸੋਚ ਸੀ। ਇਹ ਸਿਧਾਂਤ ਮਾਰਕਸਵਾਦੀ (ਪੂੰਜੀਵਾਦ ਦੇ ਖ਼ਿਲਾਫ਼) ਅਤੇ ਉਗਰ (ਪਿਤਰੀ ਸਮਾਜ ਦੇ ਖ਼ਿਲਾਫ਼) ਨਾਰੀਵਾਦੀ ਵਿਚਾਰਧਾਰਾਵਾਂ ਦਾ ਸੁਮੇਲ ਹੈ। ਇਸ ਨਾਰੀਵਾਦੀ ਵਿਚਾਰਧਾਰਾ ਅਨੁਸਾਰ ਹਰ ਲਿਖਤ ਵਿੱਚੋਂ ਮਰਦ ਪ੍ਰਧਾਨਤਾ ਅਤੇ ਮਰਦਾਵੀਂ ਵਿਚਾਰਧਾਰਾ ਦੀ ਹੀ ਪੇਸ਼ਕਾਰੀ ਹੁੰਦੀ ਹੈ। ਇਸ ਅਨੁਸਾਰ ਜੋ ਸਾਹਮਣੇ ਹੈ ਉਹ ਅਸਲ ਨਹੀਂ ਸਗੋਂ ਜੋ ਨਜ਼ਰ ਨਹੀਂ ਆ ਰਿਹਾ ਉਸਨੂੰ ਸਮਝਣ ਦੀ ਲੋੜ ਹੈ। ਸਮਾਜਵਾਦੀ ਨਾਰੀਵਾਦੀ ਚਿੰਤਨ ਅੰਦਰ ਇਸਤਰੀ ਉੱਪਰ ਘਰੇਲੂ ਕਾਰਜਾਂ ਅਤੇ ਪ੍ਰਜਣਨ ਪ੍ਰਕਿਰਿਆ ਤੋਂ ਲੈ ਕੇ ਬੱਚੇ ਦੇ ਪਾਲਨ ਪੋਸ਼ਣ ਤੱਕ ਦਾ ਜ਼ਿੰਮਾ, ਮਰਦਾਂ ਉੱਪਰ ਆਰਥਿਕ ਨਿਰਭਰਤਾ, ਲਿੰਗ ਦੇ ਆਧਾਰ 'ਤੇ ਕਿਰਤ ਦੀ ਵੰਡ ਸਭ ਉਸਦੀ ਗ਼ੁਲਾਮੀ ਦੇ ਮੂਲ ਕਾਰਨ ਮੰਨੇ ਗਏ ਹਨ। ਇਸ ਵਿਚਾਰਧਾਰਾ ਅਨੁਸਾਰ ਜਦੋਂ ਤੱਕ ਇਸਤਰੀ ਖ਼ੁਦ ਆਪਣੀ ਪਛਾਣ ਜਾਂ ਸਵੈ ਲਈ ਸੰਘਰਸ਼ ਨਹੀਂ ਕਰੇਗੀ ਉਦੋਂ ਤੱਕ ਉਸਦੀ ਅਸਲ ਮੂਰਤ ਸਾਹਮਣੇ ਨਹੀਂ ਆ ਸਕਦੀ।

**ਉੱਤਰ ਸਰੰਚਨਾਵਾਦੀ ਨਾਰੀਵਾਦ (Poststructuralist Feminism)**: ਉੱਤਰ ਸਰੰਚਨਾਵਾਦ ਸੱਠਵਿਆਂ ਦੇ ਅਖੀਰਲੇ ਸਾਲਾਂ ਵਿੱਚ ਫਰਾਂਸ ਵਿੱਚ ਪੈਦਾ ਹੋਇਆ। ਇਹ ਸਿਧਾਂਤ ਚਿੰਤਕ ਰੋਲਾਂ ਬਾਰਤ ਅਤੇ ਯੱਕ ਦੈਰਿਦਾ ਦੇ ਵਿਚਾਰਾਂ ਰਾਹੀਂ ਹੋਂਦ ਵਿੱਚ ਆਇਆ ਪਰ ਉੱਤਰ ਸਰੰਚਨਾਵਾਦੀ ਨਾਰੀਵਾਦ ਦੀਆਂ ਜਨਮਦਾਤੀਆਂ ਲੂਈਸ ਇਰੀਗੈਰੇ, ਜੂਲੀਆ ਕ੍ਰਿਸਤੇਵਾ ਅਤੇ ਹੈਲੇਨ ਸਿਖੂ ਮੰਨੀਆਂ ਜਾਂਦੀਆਂ ਹਨ। ਇਹ ਸਿਧਾਂਤ ਪੂੰਜੀਵਾਦ ਅਤੇ ਮਰਦ ਪ੍ਰਧਾਨਤਾ ਦੇ ਚਿੰਤਨ ਨਾਲੋਂ ਇਸਤਰੀ ਨੂੰ ਉਸ ਦੀਆਂ ਅੰਦਰੂਨੀ ਖ਼ੂਬੀਆਂ ਨੂੰ ਸਕਾਰਾਤਮਕ ਤਰੀਕੇ ਨਾਲ ਪੇਸ਼ ਕਰਨ ਲਈ ਪ੍ਰੇਰਣਾ ਦਿੰਦਾ ਹੈ। ਇਹਨਾਂ ਨੇ ਇਸਤਰੀ ਦੇਹ ਨੂੰ ਕਮਜ਼ੋਰੀ

ਨਹੀਂ ਸਗੋਂ ਇੱਕ ਰੂਹਾਨੀ ਸ਼ਕਤੀ ਦੱਸਿਆ ਅਤੇ ਨਾਲ ਹੀ ਇਸਤਰੀ ਨਾਲ ਹੁੰਦੇ ਭਾਸ਼ਾ ਦੇ ਵਿਤਕਰੇ ਨੂੰ ਵੀ ਸਮਝਣ ਦਾ ਯਤਨ ਕੀਤਾ।

**ਬਲੈਕ ਨਾਰੀਵਾਦ (Black Feminism)**: ਬਲੈਕ ਨਾਰੀਵਾਦ ਬਲੈਕ ਇਸਤਰੀਆਂ ਦੇ ਹਿਤ ਵਿੱਚ ਖੜਾ ਹੋਇਆ ਵਿਚਾਰ ਸੀ ਕਿਉਂਕਿ ਹਮੇਸ਼ਾ ਹੀ ਰੰਗ ਨਸਲ ਦੇ ਭੇਦਭਾਵ ਨੇ ਮਨੁੱਖਤਾ ਨੂੰ ਖੋਖਲਾ ਕੀਤਾ ਹੈ। ਬਹੁਤ ਲੋਕ ਅਜਿਹੇ ਸਨ ਜਿਹੜੇ ਹੁਣ ਤੱਕ ਦਾਸਾਂ ਵਾਲਾ ਜੀਵਨ ਜੀ ਰਹੇ ਸਨ। ਬਲੈਕ ਇਸਤਰੀਆਂ ਨੂੰ ਅਜੇ ਤੱਕ ਅਸੱਭਯ ਹੀ ਸਮਝਿਆ ਜਾਂਦਾ ਸੀ। ਦਾਸ ਸਮਝੀਆਂ ਜਾਣ ਵਾਲੀਆਂ ਇਸਤਰੀਆਂ ਦੇ ਹੱਕ ਵਿੱਚ ਉੱਠੇ ਮਾਨਵ ਅਧਿਕਾਰ ਸਿਧਾਂਤਾਂ ਨੇ ਬਾਅਦ ਵਿੱਚ ਬਲੈਕ ਨਾਰੀਵਾਦ ਦਾ ਰੂਪ ਲਿਆ। ਬਲੈਕ ਇਸਤਰੀਆਂ ਵੱਲੋਂ ਖੜੇ ਕੀਤੇ ਗਏ ਸਵਾਲ ਨਾਰੀਵਾਦੀ ਚਿੰਤਕਾਂ ਲਈ ਹੀ ਸਨ ਕਿਉਂਕਿ ਨਾਰੀਵਾਦੀ ਚਿੰਤਕਾਂ ਵੱਲੋਂ ਵੀ ਹਮੇਸ਼ਾ ਇਹਨਾਂ ਨਾਲ ਧੱਕਾ ਕੀਤਾ ਜਾਂਦਾ ਰਿਹਾ ਸੀ। ਇਹਨਾਂ ਦੇ ਹੱਕਾਂ ਲਈ ਜਾਗਰੂਕ ਕਰਨਾ ਤਾਂ ਵੱਖਰੀ ਗੱਲ ਇਹਨਾਂ ਨੂੰ ਨਾਰੀਵਾਦੀ ਆਰਗੇਨਾਈਜ਼ੇਸ਼ਨ ਦਾ ਹਿੱਸਾ ਵੀ ਨਹੀਂ ਬਣਾਇਆ ਗਿਆ ਸੀ ਅਤੇ ਨਾ ਹੀ ਇਹਨਾਂ ਦੇ ਜੀਵਨ ਨੂੰ ਸਮਝਣ ਲਈ ਕੋਈ ਵਿਸ਼ੇਸ਼ ਰੁਚੀ ਦਿਖਾਈ ਗਈ ਸੀ। ਨਾਰੀਵਾਦੀ ਚਿੰਤਕਾਂ ਵੱਲੋਂ ਇਹ ਮੁਹਿੰਮ ਮੁੱਖ ਸੀ ਕਿ ਇਸਤਰੀ ਦਾ ਘਰ ਤੋਂ ਬਾਹਰ ਕੰਮ ਕਰਨਾ ਹੀ ਆਜ਼ਾਦੀ ਹੈ।। ਇਸ ਬਾਰੇ Bell Hook ਨੇ ਆਪਣੀ ਲਿਖਤ 'Ain't I A Woman: Black Women and Feminism' 1981 ਵਿੱਚ ਬਲੈਕ ਇਸਤਰੀ ਨਾਲ ਹੁੰਦੇ ਭੇਦਭਾਵ ਨੂੰ ਪੇਸ਼ ਕੀਤਾ ਸੀ। Bell hook ਨਾਰੀਵਾਦ ਨੂੰ ਲਿੰਗ ਭੇਦ, ਲਿੰਗ ਸ਼ੋਸ਼ਣ ਦੇ ਖ਼ਾਤਮੇ ਦੀ ਲਹਿਰ ਮੰਨਦੀ ਹੈ।[48] Bell Hook ਨੇ ਬੇਟੀ ਫਰੀਡਨ ਦੇ ਵਿਚਾਰਾਂ ਵਿੱਚ ਕਮੀ ਮਹਿਸੂਸ ਕਰਦਿਆਂ ਕਿਹਾ ਹੈ ਕਿ ਇਹ ਸੱਚ ਹੈ ਫਰੀਡਨ ਨੇ ਇਸਤਰੀ ਦੀਆਂ ਉਹਨਾਂ ਮੁਸ਼ਕਲਾਂ ਦੀ ਵੀ ਗੱਲ ਕੀਤੀ ਜਿਹਨਾਂ ਨੂੰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ ਪਰ ਇਸਤਰੀ ਨੂੰ ਬੱਚੇ, ਪਤੀ ਅਤੇ ਘਰ ਤੋਂ ਬਾਹਰ ਨਹੀਂ ਸਮਝਿਆ ਗਿਆ। ਉਸਨੇ ਗ਼ਰੀਬ ਗੋਰੀਆਂ ਇਸਤਰੀਆਂ ਅਤੇ ਕਾਲੀਆਂ ਇਸਤਰੀਆਂ ਦੇ ਹਾਲਾਤ ਅਣਗੌਲਿਆ ਕਰ ਦਿੱਤੇ। ਪਰਿਵਾਰ ਵਿੱਚ ਆਰਾਮਦਾਇਕ ਜ਼ਿੰਦਗੀ ਵਾਲੀ ਇਸਤਰੀ ਦੀ ਥਾਂ ਘਰਾਂ ਵਿੱਚ ਕੰਮ ਕਰਨ ਵਾਲੀ, ਫ਼ੈਕਟਰੀ ਵਿੱਚ ਕੰਮ ਕਰਨ ਵਾਲੀ, ਕਲਰਕ ਜਾਂ ਵੇਸਵਾ ਵਰਗੀਆਂ ਇਸਤਰੀਆਂ ਲਈ ਗੱਲ ਕਰਨੀ ਜ਼ਿਆਦਾ ਸਹੀ ਹੋਵੇਗੀ।[49]

---

48 "Feminism is a movement to end sexism, sexiest exploitation and oppression."
Bell Hooks, *Feminism is for: Everybody Passionate Politics*, South End Press, Cambridge, 2000, p. viii.

49 "Friedan's famous phrase, the problem that has no name, often quoted to describe the condition of women in this society, actually referred to the plight of a select group of college-educated, middle and upper class, married white women-housewives bored with leisure, with the home, with children, with buying products, who wanted more out of life..that more she defined as careers. She did not discuss who would be called in to take care of the children and maintain the home if more women like herself were freed from their house labor and given equal access with white men to the professions. She did not speak of the needs of women without men, without

Alice Walker, The Color Purple 1983[50] Alice Walker ਬਲੈਕ ਨਾਰੀਵਾਦੀ ਚਿੰਤਕ ਵਜੋਂ ਪ੍ਰਸਿੱਧ ਹੋਏ। ਉਸ ਦਾ ਮੁੱਖ ਕੰਮ ਮਨੁੱਖੀ ਅਧਿਕਾਰਾਂ ਨਾਲ ਜੁੜੇ ਸਿਧਾਂਤਾਂ ਨਾਲ ਸੰਬੰਧਿਤ ਸੀ ਪਰ ਉਸ ਨੇ ਇਸਤਰੀ ਹੱਕਾਂ ਲਈ ਵੀ ਗੱਲ ਕੀਤੀ। ਉਹਨਾਂ ਨੇ ਆਪਣੀ 'The Color Purple' ਲਿਖਤ ਰਾਹੀਂ ਉਹਨਾਂ ਇਸਤਰੀਆਂ ਦੀ ਗੱਲ ਕੀਤੀ ਜੋ ਗੋਰੇ ਮਰਦ ਅਤੇ ਇਸਤਰੀਆਂ ਦੀ ਗ਼ੁਲਾਮੀ ਦੇ ਨਾਲ-ਨਾਲ ਬਲੈਕ ਮਰਦਾਂ ਦੀਆਂ ਵੀ ਗ਼ੁਲਾਮ ਸਨ। ਉਹਨਾਂ ਨੂੰ ਰੰਗ ਨਸਲ ਦੇ ਭੇਦ ਕਾਰਨ ਦਾਸ ਵਜੋਂ ਆਪਣੇ ਮਾਲਕ ਲਈ ਬੱਚੇ ਪੈਦਾ ਕਰਨਾ, ਬਿਨਾਂ ਇੱਛਾ ਤੋਂ ਸਰੀਰ ਸੌਂਪਣਾ ਆਦਿ ਤਰ੍ਹਾਂ ਦੀ ਜ਼ਿੰਦਗੀ ਬਿਤਾ ਰਹੀਆਂ ਇਸਤਰੀਆਂ ਦੀ ਗੱਲ ਨਾਰੀਵਾਦੀ ਚਿੰਤਕਾਂ ਵੱਲੋਂ ਕੁੱਝ ਦੂਰ ਰਹਿ ਗਈ ਸੀ।

ਬਲੈਕ ਨਾਰੀਵਾਦੀ ਚਿੰਤਕ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਜਾਤ, ਨਸਲ, ਰੰਗ ਅਤੇ ਲਿੰਗਕ ਸੰਬੰਧਾਂ ਬਾਰੇ ਅਧਿਐਨ ਕੀਤੇ ਬਿਨਾਂ ਇਸਤਰੀ ਸ਼ੋਸ਼ਣ ਬਾਰੇ ਪੂਰਨ ਗੱਲ ਨਹੀਂ ਕੀਤੀ ਜਾ ਸਕਦੀ। ਇਹਨਾਂ ਨਾਰੀਵਾਦੀ ਚਿੰਤਕਾਂ ਨੇ ਪਰਿਵਾਰਿਕ ਸੰਸਥਾ ਨੂੰ ਇਸਤਰੀ ਦੀ ਗ਼ੁਲਾਮੀ ਨਹੀਂ ਮੰਨਿਆ। ਬਲਕਿ ਇਹ ਤਾਂ ਉਸ ਸਮਾਜਿਕ ਰੂਪ ਦੇ ਖ਼ਿਲਾਫ਼ ਹਨ ਜਿਸ ਵਿੱਚ ਰੰਗ ਦੇ ਭੇਦ ਕਾਰਨ ਸਾਰੀ ਉਮਰ ਇਸਤਰੀ ਗ਼ੁਲਾਮੀ ਦੀ ਪੀੜ ਸਹਿਣ ਕਰਦੀ ਰਹੀ।

ਉਪਰੋਕਤ ਅਧਿਐਨ ਅਨੁਸਾਰ ਨਾਰੀਵਾਦੀ ਅੰਦੋਲਨ ਅਤੇ ਇਸ ਦੇ ਅੰਤਰਗਤ ਉੱਠਦੇ ਵੱਖੋ-ਵੱਖ ਯਤਨਾਂ ਨੇ ਇਸਤਰੀਆਂ ਦੇ ਜੀਵਨ ਵਿੱਚ ਬਹੁਤ ਵੱਡਾ ਬਦਲਾਅ ਲਿਆਂਦਾ। ਇਸ ਬਦਲਾਅ ਦਾ ਮਰਦਾਂਵੀ ਜ਼ਿੰਦਗੀ ਉੱਪਰ ਵੀ ਕਾਫ਼ੀ ਅਸਰ ਪਿਆ। ਇਸਤਰੀ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਹਰ ਪੱਖ ਤੋਂ ਸਵੈਨਿਰਭਰ ਹੋਈ। ਨਾਰੀਵਾਦ ਅਜਿਹਾ ਅੰਦੋਲਨ ਪ੍ਰਤੀਤ ਹੁੰਦਾ ਹੈ ਜਿਸ ਵਿੱਚ ਇਸਤਰੀ ਲਿੰਗ ਵੱਲੋਂ ਮਰਦਾਂ ਦੇ ਖ਼ਿਲਾਫ਼ ਵਿਰੋਧ ਜ਼ਿਆਦਾ ਹੈ। ਨਾਰੀਵਾਦੀ ਚਿੰਤਕਾਂ ਨੇ ਹਰ ਬੇਇਨਸਾਫ਼ੀ ਵਿਰੁੱਧ ਗਰਮਜੋਸ਼ੀ ਅਤੇ ਵੱਡੇ ਗ਼ੁੱਸੇ ਦਾ ਪ੍ਰਤਿਕਰਮ ਦਰਸਾਇਆ। ਨਾਰੀਵਾਦੀ ਅੰਦੋਲਨ ਅਸਲ ਵਿੱਚ ਇੱਕ ਪ੍ਰਤਿਕਰਮੀ ਅਤੇ ਰੋਸ ਲਹਿਰ ਸੀ, ਜਿਸ ਦਾ ਜਨਮ ਗ਼ੁੱਸੇ ਵਿੱਚੋਂ ਹੋਇਆ ਸੀ। ਕੁੱਝ ਸਾਕਾਰਤਮਕ ਸਿੱਟਿਆਂ ਤੋਂ ਇਲਾਵਾ, ਗ਼ੁੱਸਾ, ਨਫ਼ਰਤ ਅਤੇ ਵਿਰੋਧ ਨਾਰੀਵਾਦ ਦੀ ਉਪਜ ਸੀ। ਇਸਤਰੀ ਦੀ ਸਵੈਨਿਰਭਰਤਾ ਲਈ ਪੜ੍ਹਾਈ-ਲਿਖਾਈ, ਘਰੋਂ ਬਾਹਰ ਕੰਮ-ਕਾਜ ਅਜਿਹੇ ਪੱਖਾਂ ਵਿੱਚ ਬਰਾਬਰਤਾ ਦਾ ਸੰਘਰਸ਼ ਵੱਡੇ ਰੂਪ ਵਿੱਚ ਸੀ। ਇਸ ਸਾਰੇ ਵਿੱਚ ਇਸਤਰੀ ਦੀ ਅਸਲ ਖ਼ੁਸ਼ੀ ਨੂੰ ਜਾਣਨ ਦੀ ਕੋਸ਼ਿਸ਼ ਬਹੁਤ ਘੱਟ ਨਜ਼ਰ ਆ ਰਹੀ ਹੈ। ਬੇਟੀ ਫਰੀਡਨ,

children, without homes. She ignored the existence of all non-white women and poor white women. She did not tell readers whether it was more fulfilling to be a maid, a babysitter, a factory worker, a clerk, or a prostitute, than to be a leisure class housewife."
Deborah L.Madsen, *Feminist Theory and literary Practice*, p. 215.

50 Ibid., pp. 221-229.

ਜਿਸਨੂੰ ਅਮਰੀਕੀ ਨਾਰੀਵਾਦ ਦੀ ਮਾਂ ਦਾ ਦਰਜਾ ਪ੍ਰਾਪਤ ਹੈ, ਨੇ ਆਪਣੀ ਪਹਿਲੀ ਲਿਖਤ ਰਾਹੀਂ ਇਸਤਰੀ ਦੀਆਂ ਸਮੱਸਿਆਵਾਂ ਨੂੰ ਬੜੀ ਗਹਿਰਾਈ ਨਾਲ ਸਮਝਿਆ ਕਿ ਉਹਨਾਂ ਨੂੰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ। ਇਸ ਤੋਂ 20 ਸਾਲਾਂ ਬਾਅਦ 'The Second Stage' ਲਿਖਤ ਰਾਹੀਂ ਇਸਤਰੀ ਦੇ ਜੀਵਨ ਨੂੰ ਨਵੇਂ ਸਿਰਿਓਂ ਸਮਝਿਆ। ਇਸ ਪੁਸਤਕ ਦੀ ਭੂਮਿਕਾ ਵਿੱਚ ਬੇਟੀ ਫਰੀਡਨ ਮੰਨਦੀ ਹੈ ਕਿ ਮੈਂ ਇਸਤਰੀਆਂ ਦੀਆਂ ਲੜਾਈਆਂ ਤੋਂ ਤੰਗ ਆ ਚੁੱਕੀ ਹਾਂ, ਖਾਹਮਖਾਹ ਦੇ ਭਾਸ਼ਣਾਂ ਤੋਂ। ਮੈਂ ਆਪਣੀ ਬਾਕੀ ਦੀ ਜ਼ਿੰਦਗੀ ਜੀਉਣਾ ਚਾਹੁੰਦੀ ਹਾਂ।[51] ਇਸ ਸਮੇਂ ਦੇ ਕਰੜੇ ਸੰਘਰਸ਼ ਪਿੱਛੋਂ ਬੇਟੀ ਫਰੀਡਨ ਨੇ ਇਹ ਨਤੀਜਾ ਕੱਢਿਆ ਕਿ ਇਹ ਸੱਮਸਿਆ ਕੁੱਝ ਵੱਖਰੇ ਹੀ ਨਾਮ ਦੀ ਹੈ। ਜਿਸ ਨੂੰ ਜਲਦ ਹੀ ਸਮਝਣ ਦੀ ਜ਼ਰੂਰਤ ਹੈ। ਫਰੀਡਨ ਲੰਬੇ ਸਮੇਂ ਦੇ ਸੰਘਰਸ਼ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਦੀ ਹੈ ਕਿ ਇਸ ਲਹਿਰ ਦਾ ਮੁੱਖ ਮਕਸਦ ਬਰਾਬਰਤਾ ਹੋਣਾ ਚਾਹੀਦਾ ਹੈ ਪਰ ਮਰਦ ਇਸਤਰੀ ਨੂੰ ਦੋ ਵੱਖ-ਵੱਖ ਰੂਪਾਂ ਵਿੱਚ ਦੇਖਕੇ ਦੋਵਾਂ ਦੇ ਵਖਰੇਵੇਂ ਨੂੰ ਭਰਿਆ ਨਹੀਂ ਜਾ ਸਕਦਾ। ਇਸ ਵਖਰੇਵੇਂ ਦੀ ਬਜਾਇ ਸਮਾਜ ਜਾਂ ਸਾਰੀ ਕਾਇਨਾਤ ਦੇ ਰੂਪ ਵਿੱਚ ਦੇਖਣ ਦੀ ਜ਼ਰੂਰਤ ਹੈ, ਜਿੱਥੇ ਦਵੈਤ ਭਾਵਨਾ ਲਈ ਕੋਈ ਥਾਂ ਨਾ ਹੋਵੇ।[52] ਸਿਰਫ਼ ਇਸਤਰੀ ਦੇ ਹੱਕ ਲਈ ਲੜਨਾ ਸਮਾਜ ਵਿੱਚ ਲਿੰਗ ਦੇ ਭੇਦ ਨੂੰ ਹੋਰ ਪ੍ਰਫੁਲਿਤ ਕਰਨਾ ਹੈ। ਇਸੇ ਤਰ੍ਹਾਂ Bell Hooks ਦਾ ਕਹਿਣਾ ਹੈ ਕਿ ਨਾਰੀਵਾਦੀ ਅੰਦੋਲਨ ਸੱਚਮੁਚ ਮਰਦ-ਵਿਰੋਧੀ ਭਾਵਨਾ ਦਾ ਹੀ ਰੂਪ ਬਣ ਚੁੱਕਿਆ ਸੀ। ਜਿਸ ਵਿੱਚ ਇਸਤਰੀਆਂ ਨੇ ਮਰਦਾਵੀਂ ਸੋਚ ਦਾ ਵਿਰੋਧ ਗ਼ੁੱਸੇ ਅਤੇ ਬੇਇਨਸਾਫ਼ੀ ਨਾਲ ਕੀਤਾ।[53] ਅਜਿਹੀ ਸੋਚ ਦੇ ਪ੍ਰਭਾਵ ਹੇਠ ਇਨਸਾਨ ਨੂੰ ਇਨਸਾਨ ਵਜੋਂ ਸਮਝਣ ਦੀ ਸੋਚ ਪੂਰਨ ਤੌਰ 'ਤੇ ਲੁਪਤ ਹੁੰਦੀ ਜਾ ਰਹੀ ਹੈ। ਹਰ ਪਾਸੇ ਲਿੰਗ ਪੱਖੀ ਭੇਦਭਾਵ, ਦੇਹ ਭਿੰਨਤਾ ਦਾ ਵਿਚਾਰ ਭਾਰੂ ਹੈ। ਸੀਮੋਨ ਦਾ ਕਹਿਣਾ ਹੈ ਕਿ ਆਧੁਨਿਕ ਇਸਤਰੀ ਮਰਦ ਦੇ ਮੁਖੌਟੇ ਵਿੱਚ ਸਾਹਮਣੇ ਆ ਰਹੀ ਹੈ, ਖ਼ੁਦ ਇਸਤਰੀ ਵੀ ਇਸ ਭੂਮਿਕਾ ਵਿੱਚ ਅਸਹਿਜ

---

[51] "I am tired of the earthbounds battles of women's movement, tired of rhetoric. I want to live the rest of my life."
Betty Friedan, *The Second Stage*, First Harward University Press, reprinted, 1998, p.3, as quoted by, Prabhjot kaur, *Women Liberation: Through the Prism of Sikh Faith*, GS Distribution, Ludhiana, 2012, p. 262.

[52] "She insists that the sooner the essence of women movement is separated from the rhetoric chaff of women lib, the better it will be for them and for the society. Instead of thinking in terms of men or women, they must start thinking in terms of society as a whole; where there is no duality."
Ibid, 213.

[53] "There was indeed a great deal of anti-male sentiment among early feminist activists who were responding to male domination with anger. It was that anger at injustice that was the impetus for creating a women's liberation movement. Early on most feminist activists (a majority of whom were white) had their consciousness raised about the nature of male domination when they were working in anti-classist and anti-racist settings with men who were telling the world about the importance of freedom while subordinating the women in their ranks."
Bell Hooks, *Feminism for Everybody: Passionate Politics*, South End Press, Cambridge, 2000, p. 2.

ਮਹਿਸੂਸ ਕਰਦੀ ਹੈ। ਇਸਤਰੀ ਨੂੰ ਆਜ਼ਾਦ ਹੋਣ ਲਈ ਆਪਣਾ ਪਹਿਲਾ ਰੂਪ ਤਿਆਗ ਕੇ ਨਵਾਂ ਧਾਰਨ ਕਰਨਾ ਪਵੇਗਾ ਪਰ ਇਸਦਾ ਭਾਵ ਇਹ ਨਹੀਂ ਕਿ ਉਹ ਖ਼ੁਦ ਨੂੰ ਮਰਦਾਂ ਵਾਂਗ ਪੇਸ਼ ਕਰੇ। ਅਜਿਹੀ ਸੋਚ ਨਾਲ ਉਸਦੇ ਮਨ ਵਿੱਚ ਹੀਣਤਾ ਵਧੇਰੇ ਪ੍ਰਫੁਲਿਤ ਹੋਵੇਗੀ। ਕੁੱਝ ਹੱਦ ਤੱਕ ਸੈਕਸ ਵਰਗੀਕਰਨ ਵੀ ਜ਼ਰੂਰੀ ਹੈ ਪਰ ਇਸ ਦੇ ਨਾਲ ਜੇਕਰ ਅਜਿਹੇ ਸਮਾਜ ਦੀ ਕਲਪਨਾ ਕੀਤੀ ਜਾਵੇ ਕਿ ਮਰਦ ਇਸਤਰੀ ਬਰਾਬਰ ਹਨ ਤਾਂ ਇਹ ਸਮਾਨਤਾ ਮਨੁੱਖੀ ਸੋਚ ਵਿੱਚ ਨਵਾਂ ਪ੍ਰਗਟਾਵਾ ਸਿੱਧ ਹੋਵੇਗੀ।[54] ਜੂਡਿਥ ਬਟਲਰ ਵੀ ਉਹਨਾਂ ਨਾਰੀਵਾਦੀ ਚਿੰਤਕਾਂ ਲਈ ਸਵਾਲ ਖੜੇ ਕਰਦੀ ਹੈ ਜਿਹੜੇ ਇਸਤਰੀ ਦੇ ਹੱਕਾਂ ਦੀ ਗੱਲ ਕਰਦੇ ਮਰਦ ਇਸਤਰੀ ਦੇ ਆਪਸੀ ਮੇਲ ਦੀ ਥਾਂ ਵੱਖਰੇਵਿਆਂ ਦੇ ਜ਼ੁੰਮੇਵਾਰ ਬਣੇ ਹਨ। ਇਸਤਰੀ ਦੀ ਸੁਤੰਤਰਤਾ ਲਈ ਇਹਨਾਂ ਸਾਰੇ ਵਿਚਾਰਾਂ ਨੂੰ ਇਕੱਠਿਆਂ ਸਮਝਣ ਦੀ ਲੋੜ ਹੈ।

**ਪੂਰਬ ਵਿੱਚ ਇਸਤਰੀ ਆਜ਼ਾਦੀ ਸੰਘਰਸ਼:**

ਪੱਛਮ ਅਤੇ ਪੂਰਬ ਵਿਚਲੀ ਹਰ ਵਿਚਾਰਧਾਰਾ ਵੱਖੋ-ਵੱਖਰੀਆਂ ਪਰਿਸਥਿਤੀਆਂ ਵਿੱਚ ਪੈਦਾ ਹੋਈ ਹੈ। ਇਸ ਤਰ੍ਹਾਂ ਭਾਰਤ ਵਿੱਚ ਸ਼ੁਰੂ ਹੋਏ ਇਸਤਰੀ ਆਜ਼ਾਦੀ ਦੇ ਸੰਕਲਪ ਅਤੇ ਪੱਛਮ ਦਾ ਨਾਰੀਵਾਦ ਅੰਦੋਲਨ ਕੁੱਝ ਵਿੱਥਾਂ 'ਤੇ ਹੀ ਹਨ। ਜਿਵੇਂ ਪੱਛਮ ਦੇ ਨਾਰੀਵਾਦ ਵਿੱਚ ਇਸਤਰੀ ਖ਼ੁਦ ਜਾਗ੍ਰਿਤ ਹੋਈ ਅਤੇ ਇਸ ਚਿੰਤਨ ਵਿੱਚ ਇਸਤਰੀ ਦੀ ਸ਼ਮੂਲੀਅਤ ਸਿੱਧੇ ਤੌਰ ਤੇ ਹੋਈ ਹੈ। ਪੱਛਮੀ ਇਸਤਰੀਆਂ ਨੇ ਆਪਣੀ ਚੇਤਨਤਾ ਰਾਹੀਂ ਹਰ ਉਸ ਪੱਖ ਨੂੰ ਉਜਾਗਰ ਕੀਤਾ ਜਿਸ ਵਿੱਚ ਹਮੇਸ਼ਾ ਹੀ ਉਸਨੂੰ ਮਰਦਾਂ ਤੋਂ ਪਛਾੜਿਆ ਜਾਂਦਾ ਸੀ। ਦੂਜੇ ਪਾਸੇ ਭਾਰਤ ਵਿੱਚ ਇਸਤਰੀ ਨੇ ਆਪਣੀ ਗ਼ੁਲਾਮੀ ਵਰਗੀ ਨਜਾਇਜ਼ ਸੋਚ ਬਗ਼ਾਵਤ ਦਾ ਕਦਮ ਪੱਛਮ ਤੋਂ ਬਹੁਤ ਪਿੱਛੋਂ ਚੁੱਕਿਆ। ਭਾਰਤ ਵਿੱਚ ਇਹ ਲਹਿਰ ਇਸਤਰੀ ਦੇ ਸਵੈ-ਬਚਾਓ ਦੇ ਸੰਦਰਭ ਵਿੱਚ ਹੈ ਕਿਉਂਕਿ ਭਾਰਤ ਵਿੱਚ ਇਸਤਰੀ ਦਾ ਸ਼ੋਸ਼ਣ ਸਿੱਧੇ ਰੂਪ ਵਿੱਚ ਹੀ ਹੁੰਦਾ ਆਇਆ ਹੈ। ਪੱਛਮ ਵਿੱਚ ਇਸਤਰੀ ਦਾ ਸ਼ੋਸ਼ਣ ਕੁੱਝ ਲੁਕਵੇਂ ਰੂਪ ਵਿੱਚ ਜਟਿਲ ਅਤੇ ਪਚੀਦਾ ਜਿਹਾ ਪ੍ਰਤੀਤ ਹੁੰਦਾ ਹੈ। ਭਾਰਤ ਵਿੱਚ 19 ਵੀਂ ਸਦੀ ਦੀ ਪੁਨਰਜਾਗਰਨ ਲਹਿਰ ਜੀਵਨ ਦੇ ਹਰ ਪੱਖ ਚਾਹੇ ਉਹ ਧਾਰਮਿਕ, ਸਮਾਜਿਕ ਅਤੇ ਪਰਿਵਾਰਿਕ ਜੀਵਨ ਹਰ ਪਾਸਿਉਂ ਸੁਧਾਰਾਂ ਦੀ ਲਹਿਰ ਸਿੱਧ ਹੋਈ। ਇਹਨਾਂ ਹੀ ਸੁਧਾਰਾਂ ਵਿੱਚ ਇਸਤਰੀ ਉੱਪਰ ਵੀ ਚਰਚਾ ਹੋਈ। ਇਹਨਾਂ ਸੁਧਾਰਕਾਂ ਦਾ ਯਤਨ ਸੀ ਕਿ ਉਸ ਸੁਨਹਿਰੇ ਯੁੱਗ ਨੂੰ ਲਿਆਂਦਾ ਜਾਵੇ

---

[54] "..today's woman is torn between the past and present; most often, she appears as a real woman disguised as a man, and she feels as awkward in her woman's body as in her masculine garb. She has to shed her old skin and cut her own clothes. She will only be able to do this if there is a collective change. No one teacher can today shapea female human being that would be an exact homologue to the male human being: if raised like a boy, the young girl feels she is an exception, and that subjects her to a new kind of specification...... But if we suppose, by contrast, a society where sexual equality is concretely realized, this equality would newly assert itself in each individual."
Simone de Beauvoir, *The Second Sex,* p. 761.

ਜਿਸ ਵਿੱਚ ਇਸਤਰੀ ਉੱਚੇ ਸਥਾਨ ਅਤੇ ਆਦਰ-ਮਾਣ ਦੀਆਂ ਹੱਕਦਾਰ ਸਨ। ਸੁਨਹਿਰੀ ਯੁੱਗ ਵਿੱਚ ਇਸਤਰੀਆਂ ਗਿਆਨਵਾਨ ਮੰਨੀਆਂ ਜਾਂਦੀਆਂ ਸਨ ਅਤੇ ਉਹਨਾਂ ਨੂੰ ਸਮਾਜਿਕ ਅਤੇ ਰਾਜਨੀਤਿਕ ਮਾਮਲਿਆਂ ਵਿੱਚ ਸ਼ਿਰਕਤ ਕਰਨ ਦਾ ਵੀ ਅਧਿਕਾਰ ਸੀ।[55] 19 ਵੀਂ ਸਦੀ ਦੇ ਸ਼ੁਰੂਆਤੀ ਸਮੇਂ ਭਾਰਤ ਵਿੱਚ ਇਹ ਲਹਿਰ ਇਸਤਰੀ ਦੇ ਸਵੈ ਬਚਾਉ ਦੇ ਸੰਦਰਭ ਵਿੱਚ ਪੇਸ਼ ਹੋਈ ਕਿਉਂਕਿ ਇਸਤਰੀ ਗ਼ੁਲਾਮੀ ਦੇ ਸੰਤਾਪ ਦੇ ਨਾਲ-ਨਾਲ ਅਨਪੜ੍ਹਤਾ, ਸਤੀ, ਬਾਲ-ਵਿਆਹ, ਵਿਧਵਾ ਜੀਵਨ ਜਿਹੇ ਦੁੱਖਾਂ ਨੂੰ ਆਮ ਤੌਰ 'ਤੇ ਹੰਢਾ ਰਹੀ ਸੀ।

**ਰਾਜਾ ਰਾਮ ਮੋਹਨ ਰਾਏ** (1772-1833): 19ਵੀਂ ਸਦੀ ਦੇ ਚਿੰਤਕਾਂ ਵਿੱਚੋਂ ਰਾਜਾ ਰਾਮ ਮੋਹਨ ਰਾਏ (ਆਧੁਨਿਕਤਾ ਦਾ ਪਿਤਾ) ਦਾ ਨਾਮ ਮੁੱਖ ਤੌਰ 'ਤੇ ਆਉਂਦਾ ਹੈ। ਇਹ ਭਾਰਤ ਵਿੱਚ ਇਸਤਰੀ ਮੁਕਤੀ ਅੰਦੋਲਨ ਨੂੰ ਸ਼ੁਰੂ ਕਰਨ ਵਾਲੇ ਪਹਿਲੇ ਇਨਸਾਨ ਮੰਨੇ ਜਾਂਦੇ ਹਨ। ਰਾਜਾ ਰਾਮ ਮੋਹਨ ਰਾਏ ਅਨੁਸਾਰ ਭਾਰਤੀ ਧਾਰਮਿਕ ਗ੍ਰੰਥਾਂ ਵਿੱਚ ਤਾਂ ਇਸਤਰੀ ਨੂੰ ਮਹਾਨ ਸਮਝਿਆ ਗਿਆ ਪਰ ਭਾਰਤੀ ਸਮਾਜ ਦੇ ਵਿਹਾਰਕ ਰੂਪ ਵਿੱਚ ਇਸਤਰੀ ਦੀ ਦਸ਼ਾ ਬਹੁਤ ਤਰਸਯੋਗ ਹੋ ਚੁੱਕੀ ਸੀ। ਉਹਨਾਂ ਦੇ ਮੁੱਖ ਤੌਰ ਤੇ ਚਾਰ ਮਹੱਤਵਪੂਰਨ ਮੁੱਦੇ ਸਨ: ਸਤੀ ਪ੍ਰਥਾ ਨੂੰ ਖ਼ਤਮ ਕਰਨਾ, ਇਸਤਰੀ ਜਾਇਦਾਦ ਦੇ ਹੱਕ ਦੀ ਗੱਲ, ਬਹੁ-ਵਿਆਹ ਨੂੰ ਰੋਕਣਾ, ਅਸਿੱਧੇ ਰੂਪ ਵਿੱਚ ਇਸਤਰੀ ਵਿੱਦਿਆ ਦੀ ਗੱਲ ਕੀਤੀ।[56] ਉਹਨਾਂ ਦੇ ਮਹਾਨ ਉਦਾਰਵਾਦੀ ਚਿੰਤਨ ਕਾਰਨ ਉਦਾਰਵਾਦੀ ਨਾਰੀਵਾਦ ਦੇ ਇਤਿਹਾਸ ਵਿੱਚ ਵੀ ਨਵੀਨਤਾ ਆਈ।

1822 ਈ ਵਿੱਚ ਇਹਨਾਂ ਦੀ ਲਿਖਤ " Brief Remarks Regarding Modern Enchroachments on the Ancient Right of Females" ਨਾਂ ਹੇਠ ਛਪੀ। ਇਸ ਰਾਹੀਂ ਰਾਏ ਨੇ ਇਸਤਰੀ ਦੇ ਹੱਕਾਂ ਬਾਰੇ ਦੱਸਿਆ। ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਰਾਹੀਂ ਇਸਤਰੀ ਸ਼ੋਸ਼ਣ ਦੇ ਖ਼ਾਤਮੇ ਦੀ ਅਪੀਲ ਸਰਕਾਰ ਕੋਲ ਕੀਤੀ। ਇਸੇ ਸੰਘਰਸ਼ ਲਈ ਰਾਜਾ ਰਾਮ ਮੋਹਨ ਰਾਏ ਨੇ ਇੱਕ ਸਭਾ ਸੰਗਠਿਤ ਕੀਤੀ ਜਿਸ ਦਾ ਨਾਮ ਬ੍ਰਹਮੋ ਸਭਾ ਸੀ ਪਰ ਬਾਅਦ ਵਿੱਚ ਸਭਾ ਬ੍ਰਹਮੋ ਸਮਾਜ (1828) ਵਜੋਂ ਪ੍ਰਸਿੱਧ ਹੋਈ। ਇਸ ਰਾਹੀਂ ਰਾਏ ਨੇ ਧਰਮ ਦੇ ਨਾਮ 'ਤੇ ਹੁੰਦੇ ਅਡੰਬਰਾਂ ਦਾ ਵਿਰੋਧ ਕੀਤਾ। 1829 ਈ. ਵਿੱਚ ਸਤੀ ਪ੍ਰਥਾ ਉੱਪਰ ਰੋਕ ਲਗਵਾਉਣੀ ਬ੍ਰਹਮੋ ਸਮਾਜ ਅਤੇ ਰਾਜਾ ਰਾਮ ਮੋਹਨ ਰਾਏ ਦੀ ਵੱਡੀ ਪ੍ਰਾਪਤੀ ਸੀ। ਰਾਜਾ

---

[55] "There had been a 'golden age', they argued, when women were valued and occupied positions of high status…. During this 'golden age' women were educated, married only after they had reached maturity, moved about freely and participated in the social and political life of the time."
Geraldine Forbs, *The New Cambridge History of India: Women in Modern India,* Cambridge University Press, New Delhi, 1996, pp. 15-16,

[56] "Rammohan Roy was interested in four important issues concerning women: sati, female rights to property, polygamy and indirectly female education."
S.N. Mukherjee, 'Raja Ram Mohan Roy and the Status of Women in Bengal in the Ninteenth Century', *Women in India and Nepal*, Michael Allen & S.N.Mukherjee (eds.), Australian National University, Canberra, 1982, p. 167.

ਰਾਮ ਮੋਹਨ ਰਾਏ ਨੇ ਇਸਤਰੀ ਦੇ ਹਰ ਸੰਤਾਪ ਨੂੰ ਖ਼ਤਮ ਕਰਨ ਦਾ ਮੁੱਖ ਪਹਿਲੂ ਸਿੱਖਿਆ ਨੂੰ ਸਮਝਿਆ ਕਿਉਂਕਿ ਸਿੱਖਿਅਕ ਇਸਤਰੀ ਹੀ ਆਤਮਨਿਰਭਰ ਅਤੇ ਆਦਰਸ਼ ਨਾਗਰਿਕ ਹੋ ਸਕਦੀ ਹੈ।

**ਸਵਾਮੀ ਦਇਆਨੰਦ ਸਰਸਵਤੀ** (1824-1883) ਆਰੀਆ ਸਮਾਜ ਦੇ ਸੰਸਥਾਪਕ ਅਤੇ ਇੱਕ ਮਹਾਨ ਸਮਾਜ ਸੁਧਾਰਕ ਵਜੋਂ ਜਾਣੇ ਗਏ। ਇਹਨਾਂ ਨੇ ਆਰੀਆ ਸਮਾਜ ਦੀ ਸਥਾਪਨਾ 1875 ਵਿੱਚ ਮੁੰਬਈ ਵਿੱਖੇ ਅਤੇ 1877 ਈ. ਵਿੱਚ ਪੰਜਾਬ ਵਿੱਚ ਲਾਹੌਰ ਵਿੱਖੇ ਕੀਤੀ। ਇਸ ਲਹਿਰ ਰਾਹੀਂ ਸਮਾਜ ਵਿੱਚ ਫੈਲੇ ਅੰਧਕਾਰ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ। ਇਹਨਾਂ ਦੀ ਪ੍ਰਸਿੱਧ ਲਿਖਤ 'ਸਤਿਆਰਥ ਪ੍ਰਕਾਸ਼' ਜੋ 1875 ਵਿੱਚ ਪ੍ਰਕਾਸ਼ਿਤ ਹੋਈ, ਰਾਹੀਂ ਸੁਨੇਹਾ ਦਿੱਤਾ ਕਿ ਅਸਲ ਗਿਆਨ ਵੇਦਾਂ ਵਿੱਚ ਹੈ ਉਹਨਾਂ ਨੂੰ ਸਮਝਣ ਦਾ ਯਤਨ ਕਰੋ ਤਾਂਕਿ ਧਰਮ ਦੇ ਨਾਮ 'ਤੇ ਫੈਲੀ ਅਡੰਬਰਤਾ ਨੂੰ ਖ਼ਤਮ ਕੀਤਾ ਜਾ ਸਕੇ। ਅਜਿਹੀ ਸਮਾਜ ਸੁਧਾਰ ਦੀ ਸੋਚ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਤੋਂ ਦਇਆਨੰਦ ਨੇ ਇਸਤਰੀ ਲਹਿਰ ਲਈ ਕੰਮ ਕੀਤਾ। ਸਭ ਤੋਂ ਵੱਡਾ ਕਦਮ ਇਸਤਰੀ ਸਿੱਖਿਆ ਲਈ ਚੁੱਕਿਆ। ਆਰੀਆ ਸਮਾਜ ਦੇ 10 ਮੁੱਖ ਨਿਯਮਾਂ ਵਿੱਚੋਂ ਇੱਕ ਅੱਠਵੇਂ ਨਿਯਮ ਅਨੁਸਾਰ ਅਵਿੱਦਿਆ ਦਾ ਖ਼ਾਤਮਾ ਅਤੇ ਵਿੱਦਿਆ ਦਾ ਫੈਲਾਅ ਕਰਨਾ ਜ਼ਰੂਰੀ ਹੈ। ਸਤਿਆਰਥ ਪ੍ਰਕਾਸ਼ ਵਿੱਚ ਉਹਨਾਂ ਮਾਤਾ ਪਿਤਾ ਨੂੰ ਦੰਡ ਦੇ ਕਾਬਿਲ ਦੱਸਿਆ ਜੋ ਲੜਕੀਆਂ ਨੂੰ ਸਿੱਖਿਆ ਤੋਂ ਵਾਂਝੇ ਰੱਖਦੇ ਹਨ। ਇਸੇ ਲਹਿਰ ਸਦਕਾ ਪੰਜਾਬ ਵਿੱਚ 1890 ਈ. ਵਿੱਚ ਪਹਿਲਾ ਕੰਨਿਆ ਮਹਾਵਿਦਿਆਲਯ ਜਲੰਧਰ ਵਿੱਖੇ ਖੋਲਿਆ ਗਿਆ ਜੋ ਬਾਅਦ ਵਿੱਚ ਕਾਲਜ ਵੀ ਬਣਿਆ। ਇਸ ਲਹਿਰ ਦੇ ਫਲਸਰੂਪ ਇਕੱਲੇ ਪੰਜਾਬ ਵਿੱਚ ਹੀ ਨਹੀਂ ਹੋਰ ਥਾਵਾਂ 'ਤੇ ਵੀ ਇਸਤਰੀ ਸਿੱਖਿਅਕ ਕੇਂਦਰ ਖੁੱਲ੍ਹੇ।[57] ਸਵਾਮੀ ਦਇਆਨੰਦ ਬਾਲ ਵਿਆਹ ਦੇ ਕੱਟੜ ਵਿਰੋਧੀ ਅਤੇ ਪੁਨਰਵਿਆਹ ਦੇ ਹੱਕ ਵਿੱਚ ਸਨ।

**ਸਵਾਮੀ ਵਿਵੇਕਾਨੰਦ** (1836-1886) ਰਾਮਕ੍ਰਿਸ਼ਨ ਪਰਮਹੰਸ ਦੇ ਮੁੱਖ ਚੇਲੇ ਸਨ। ਉਹਨਾਂ ਨੂੰ ਸਮਰਪਿਤ ਭਾਵਨਾ ਨਾਲ 1897 ਈ. ਵਿੱਚ ਰਾਮਕ੍ਰਿਸਨ ਮਿਸ਼ਨ ਦੀ ਸਥਾਪਨਾ ਕੀਤੀ। ਸਵਾਮੀ ਵਿਵੇਕਾਨੰਦ ਸਮਾਜ ਸੁਧਾਰਕ ਦੇ ਨਾਲ-ਨਾਲ ਇੱਕ ਮਹਾਨ ਮਨੁੱਖਤਾਵਾਦੀ ਵੀ ਸਨ। ਉਹ ਜਾਤ-ਪਾਤ ਦੇ ਆਧਾਰ ਤੇ ਹੋਣ ਵਾਲੇ ਵਿਤਕਰਿਆਂ ਦੇ ਖ਼ਿਲਾਫ਼ ਸਨ। ਇਸਤਰੀ ਨਾਲ ਹੁੰਦੇ ਭੇਦਭਾਵ ਨੂੰ ਵੀ ਸਮਾਜ ਦੇ ਕਲਿਆਣ ਵਿੱਚ ਰੁਕਾਵਟ ਸਮਝਦੇ ਸਨ। ਇਹਨਾਂ ਦੀ ਮੁੱਖ ਸੋਚ ਸੀ ਕਿ ਸਿੱਖਿਅਕ ਇਸਤਰੀ ਹੀ ਆਤਮਵਿਸ਼ਵਾਸ ਭਰਪੂਰ ਹੋਕੇ ਆਪਣੇ ਕਰਤੱਵਾਂ ਨੂੰ ਚੰਗੇ ਤਰੀਕੇ ਨਾਲ ਨਿਭਾਉਂਦੀ ਹੋਈ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਦੇ ਸਕਦੀ ਹੈ। ਸਿੱਖਿਅਕ ਇਸਤਰੀ ਦੀ ਸੰਤਾਨ ਹੀ ਦੇਸ਼ ਦਾ ਚੰਗਾ ਭਵਿੱਖ ਹੋਵੇਗਾ। ਇਸਤਰੀ ਅਨਪੜ੍ਹਤਾ ਤੋਂ

---

[57] "This is case study of the Kanya Mahavidyalya, Jalandhar, one of the first girls' schools in the Punjab, which developed into a college and served as a model for women's institutions not only in the Punjab but in many other provinces as well."
Madhu Kishwar, 'Arya Samaj and Women's Education Kanya Mahavindyalaya Jalandhar', *Economic and Political Weekly*, Smeeksha Trust, India, Vol.21, 1986, p. 9.

ਇਲਾਵਾ ਵਿਵੇਕਾਨੰਦ ਬਾਲ ਵਿਆਹ ਦੇ ਵੀ ਖ਼ਿਲਾਫ਼ ਸਨ ਕਿਉਂਕਿ ਬਾਲ ਵਿਆਹ ਕਾਰਨ ਹੀ ਜ਼ਿਆਦਾਤਰ ਇਸਤਰੀਆਂ ਨੂੰ ਵਿਧਵਾ ਦਾ ਸੰਤਾਪ ਝੱਲਣਾ ਪੈਂਦਾ ਹੈ। ਇਹਨਾਂ ਦਾ ਬਾਲ-ਵਿਆਹ ਸੰਬੰਧੀ ਇੱਕ ਵੱਖਰਾ ਹੀ ਦ੍ਰਿਸ਼ਟੀਕੋਣ ਸੀ। ਇੱਕ ਤਾਂ ਬਾਲ ਵਿਆਹਿਕ ਇਸਤਰੀ ਦੀ ਸੰਤਾਨ ਕਮਜ਼ੋਰ ਹੋਵੇਗੀ ਦੂਸਰਾ ਛੋਟੀ ਉਮਰ ਹੋਣ ਕਾਰਨ ਮਾਂ ਦੇ ਰੂਪ ਵਿੱਚ ਇਸਤਰੀ ਆਪਣੇ ਬੱਚੇ ਦੀ ਸਹੀ ਸਿੱਖਿਅਕ ਸਿੱਧ ਨਹੀਂ ਹੋ ਸਕਦੀ। ਰਾਮਕ੍ਰਿਸ਼ਨ ਮਿਸ਼ਨ ਦੇ ਮੁੱਖ ਉਦੇਸ਼ਾਂ ਵਿੱਚੋਂ ਇਸਤਰੀ ਨੂੰ ਸਨਮਾਨ ਅਤੇ ਸਤਿਕਾਰਪੂਰਨ ਸਥਾਨ ਦੇਣ ਦਾ ਪ੍ਰਮੁੱਖ ਸਨ।

**ਕੇਸ਼ਵ ਚੰਦਰ ਸੇਨ** (1838-1884) ਇੱਕ ਮਹਾਨ ਸਮਾਜ ਸੁਧਾਰਕ ਅਤੇ ਚੰਗੇ ਪੱਧਰ ਦੇ ਰਚੈਤਾ ਵੀ ਸਨ। ਇਹ ਕਲਕੱਤੇ ਦੇ ਵਾਸੀ ਸਨ, ਇੱਥੇ ਹੀ ਹਿੰਦੂ ਕਾਲਜ ਵਿੱਚ ਪੜ੍ਹਦਿਆਂ ਇਹਨਾਂ ਦੀ ਮੁਲਾਕਾਤ ਈਸ਼ਵਰ ਚੰਦਰ ਵਿਦਿਆਸਾਗਰ ਨਾਲ ਹੋਈ। ਜਿਹਨਾਂ ਦੇ ਵਿਚਾਰਾਂ ਦੇ ਪ੍ਰਭਾਵ ਹੇਠ ਸਮਾਜ ਸੁਧਾਰਨ ਦਾ ਜ਼ਿੰਮਾ ਚੁੱਕਿਆ। ਇਹ ਜਾਤ ਦੇ ਨਾਮ ਤੇ ਹੁੰਦੇ ਭੇਦਭਾਵ ਨੂੰ ਸਮਾਜ ਲਈ ਭਿਆਨਕ ਖ਼ਤਰਾ ਸਮਝਦੇ ਸਨ। ਸਮਾਜਿਕ ਸੁਧਾਰਾਂ ਦੇ ਨਾਲ-ਨਾਲ ਵਿਧਵਾ ਇਸਤਰੀ ਦੇ ਜੀਵਨ ਵਿੱਚ ਸੁਧਾਰ ਦੇ ਸਵਾਲ ਨੂੰ ਚੁੱਕਿਆ ਜਿਸ ਲਈ ਈਸ਼ਵਰ ਚੰਦਰ ਵਿਦਿਆਸਾਗਰ ਨੇ ਪੂਰਨ ਸਮਰਥਨ ਦਿੱਤਾ। 1863 ਈ ਵਿੱਚ ਇਸਤਰੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਿਮਰਸ਼ ਲਈ ਵਾਮ-ਬੋਧਿਨੀ ਪੱਤ੍ਰਿਕਾ ਸ਼ੁਰੂ ਕੀਤੀ। 1866 ਈ. ਵਿੱਚ ਸਮਾਜ ਦੇ ਬਦਲਾਅ ਲਈ ਭਾਰਤੀ ਬ੍ਰਹਮ ਸਮਾਜ ਸਥਾਪਿਤ ਕੀਤਾ ਅਤੇ 1867 ਈ. ਵਿੱਚ ਬ੍ਰਹਮ ਸਮਾਜ ਦੀ ਤਰ੍ਹਾਂ ਹੀ ਇੱਕ ਹੋਰ ਸੰਸਥਾ ਪ੍ਰਾਰਥਨਾ ਸਮਾਜ ਦੀ ਸਥਾਪਨਾ ਕੀਤੀ। ਇਸੇ ਤਰ੍ਹਾਂ 1870 ਈ. ਵਿੱਚ ਭਾਰਤੀ ਸੁਧਾਰ ਸੰਸਥਾ ਦੀ ਸਥਾਪਨਾ ਕੀਤੀ। ਜਿਸ ਦੇ ਪੰਜ ਨਿਯਮਾਂ ਵਿੱਚੋਂ ਇਸਤਰੀ ਸਿੱਖਿਆ ਵੀ ਇੱਕ ਮਹਾਨ ਉਦੇਸ਼ ਸੀ। ਸੇਨ ਨੇ ਇਸ ਸੰਸਥਾ ਹੇਠ ਨਾਰਮਲ ਸਕੂਲ ਫ਼ਾਰ ਗਰਲਜ਼ ਅਤੇ ਵਿਕਟੋਰੀਆ ਇੰਸਟੀਚਿਊਟ ਫ਼ਾਰ ਵਿਮੈਨ ਖੋਲੇ। ਕੇਸ਼ਵ ਚੰਦਰ ਸੇਨ ਨੇ ਸਿੱਖਿਆ ਦੇ ਰਾਹ ਖੋਲਣ ਦੇ ਨਾਲ ਬਾਲ-ਵਿਆਹ, ਬਹੁ-ਵਿਆਹ ਦਾ ਡਟ ਕੇ ਵਿਰੋਧ ਕੀਤਾ। ਵਿਧਵਾ ਵਿਆਹ ਦੀ ਪ੍ਰਵਾਨਗੀ ਲਈ ਵੀ ਕਦਮ ਚੁੱਕੇ। ਇਹਨਾਂ ਸਾਰੇ ਯਤਨਾਂ ਦੇ ਫਲਸਰੂਪ ਹੀ 1872 ਈ. ਵਿੱਚ ਵਿਆਹ ਦੀ ਉਮਰ ਸੰਬੰਧੀ ਕਾਨੂੰਨ ਨੂੰ ਪਾਸ ਕਰਵਾ ਸਮਾਜ ਵਿੱਚ ਵੱਡਾ ਬਦਲਾਅ ਲਿਆਂਦਾ।[58]

**ਮਹਾਦੇਵ ਗੋਵਿੰਦ ਰਾਨਾਡੇ** (1842-1901) ਅੰਗਰੇਜ਼ੀ ਦੇ ਚੰਗੇ ਵਿਦਵਾਨ ਅਤੇ ਸਮਾਜ ਸੁਧਾਰਕ ਸਨ। ਜਿੱਥੇ ਇਹ ਰਾਜਾ ਰਾਮ ਮੋਹਨ ਰਾਏ ਤੋਂ ਪ੍ਰਭਾਵਿਤ ਸਨ ਉੱਥੇ ਹੀ ਕੇਸ਼ਵ ਚੰਦਰ ਸੇਨ ਦੇ ਹਮ-ਰਾਹੀ

[58] "After receiving the opinion of medical experts, he delivered a lecture on it and pleaded for the acceptance of the age of fourteen as the minimum age of marriage for girls. The new bill with fourteen as the minimum age of marriage for girls was finally passed into law as Act iii of 1872." H.C. Upadhyay, *Status of Women in India*, Vol.1, Anmol Publication, New Delhi, 1991, pp. 45-46.

ਬਣਨ ਤੋਂ ਆਪਣੇ ਕਦਮਾਂ ਨੂੰ ਰੋਕ ਨਹੀਂ ਸਕੇ। ਰਾਨਾਡੇ 1867 ਈ. ਵਿੱਚ ਪ੍ਰਾਰਥਨਾ ਸਮਾਜ ਦੇ ਮੈਂਬਰ ਬਣੇ। ਜਿਸ ਰਾਹੀਂ ਇਸਤਰੀ ਦੇ ਜੀਵਨ ਬਾਲ-ਵਿਆਹ ਉੱਪਰ ਰੋਕ, ਇਸਤਰੀ ਸਿੱਖਿਆ ਵਿੱਚ ਵਾਧਾ, ਵਿਧਵਾ ਪੁਨਰਵਿਆਹ ਦਾ ਸਮਰਥਨ, ਇਸਤਰੀ ਦੇ ਬਣਦੇ ਸਮਾਜਿਕ ਅਧਿਕਾਰਾਂ ਲਈ ਸੰਘਰਸ਼ ਕੀਤਾ।[59] ਇਹਨਾਂ ਵਿਚਾਰਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਰਾਨਾਡੇ 1891 ਈ. ਵਿੱਚ ਵਿਧਵਾ ਪੁਨਰ ਵਿਆਹ ਸਮਿਤੀ ਦੇ ਮੈਂਬਰ ਬਣੇ ਅਤੇ ਇਸੇ ਤਰ੍ਹਾਂ 1875 ਈ. ਵਿੱਚ ਵਿਧਵਾ ਘਰ ਦੀ ਸਥਾਪਨਾ ਕੀਤੀ। ਇਹਨਾਂ ਨੇ ਸਰਕਾਰ ਅੱਗੇ ਕੁੱਝ ਕਾਨੂੰਨ ਬਣਾਉਣ ਦੀ ਸਿਫ਼ਾਰਿਸ਼ ਕੀਤੀ ਕਿ ਵਿਆਹ ਦੀ ਉਮਰ ਨਿਰਧਾਰਿਤ ਕੀਤੀ ਜਾਵੇ ਅਤੇ 45 ਸਾਲ ਤੋਂ ਵੱਧ ਉਮਰ ਦੇ ਮਰਦਾਂ ਦਾ ਲੜਕੀਆਂ ਨਾਲ ਵਿਆਹ ਰੋਕਿਆ ਜਾਵੇ। ਰਾਨਾਡੇ ਨੇ ਇਸਤਰੀ ਜੀਵਨ ਸੁਧਾਰ ਦੀ ਅਸਲੀ ਸ਼ੁਰੂਆਤ ਆਪਣੀ ਪਤਨੀ ਰਾਮਾਬਾਈ ਤੋਂ ਕੀਤੀ। ਰਾਮਾਬਾਈ ਨੇ ਰਾਨਾਡੇ ਦੇ ਸਹਿਯੋਗ ਨਾਲ ਪੜ੍ਹ-ਲਿੱਖ ਕੇ ਸਮਾਜ ਸੁਧਾਰ ਵਿੱਚ ਹਿੱਸਾ ਪਾਇਆ ਅਤੇ ਇਸਤਰੀਆਂ ਲਈ ਇੱਕ ਵੱਡੀ ਮਿਸਾਲ ਕਾਇਮ ਕੀਤੀ।

**ਮਹਾਤਮਾ ਜੋਤਿਬਾ ਫੂਲੇ** (1827-1890): ਜੋਤੀਰਾਉ ਗੋਵਿੰਦਰਾਉ ਫੂਲੇ ਸਮਾਜ ਸੁਧਾਰਕ ਵਜੋਂ ਜੋਤਿਬਾ ਫੂਲੇ ਦੇ ਨਾਂ ਨਾਲ ਪ੍ਰਸਿੱਧ ਹੋਏ। ਇਹਨਾਂ ਦੇ ਉੱਚੇਰੇ ਸਮਾਜ ਸੁਧਾਰਾਂ ਕਾਰਨ ਇਹਨਾਂ ਨੂੰ ਮਹਾਤਮਾ ਦੇ ਖ਼ਿਤਾਬ ਨਾਲ ਨਵਾਜਿਆ ਗਿਆ। ਇਹ ਖ਼ੁਦ ਨੀਵੀਂ ਜਾਤ ਦੇ ਹੋਣ ਕਾਰਨ ਸਾਰੀ ਉਮਰ ਜਾਤ-ਪਾਤ ਦੇ ਵਿਤਕਰੇ ਨੂੰ ਝੱਲਦੇ ਰਹੇ। ਇਸੇ ਵਿਤਕਰੇ ਕਾਰਨ ਇਹਨਾਂ ਨੇ ਜਾਤ-ਪਾਤ ਜਿਹੇ ਬੋਝ ਨੂੰ ਸਮਾਜ ਵਿੱਚੋਂ ਦੂਰ ਕਰਨ ਦਾ ਯਤਨ ਕੀਤਾ। ਜੋਤਿਬਾ ਫੂਲੇ ਨੇ 1855 ਈ. ਵਿੱਚ 'ਤੀਸਰਾ ਰਤਨ' ਨਾਮੀ ਨਾਵਲ ਲਿਖਿਆ ਜਿਸ ਰਾਹੀਂ ਦੁਨੀਆ ਨੂੰ ਸਮਝਾਉਣ ਦਾ ਉਪਰਾਲਾ ਕੀਤਾ ਕਿ ਸਿੱਖਿਆ ਮਨੁੱਖ ਦੀ ਤੀਸਰੀ ਅੱਖ ਹੈ। ਸਿੱਖਿਅਕ ਹੋਣ ਲਈ ਜਾਤ-ਪਾਤ ਦਾ ਭੇਦ ਕਰਨਾ ਵੱਡੀ ਸਮਾਜਿਕ ਬੁਰਿਆਈ ਹੈ। ਮਨੁੱਖ ਨੂੰ ਜਾਤ-ਪਾਤ ਤੋਂ ਛੋਟਾ ਮੰਨਣਾ ਗ਼ਲਤ ਹੈ। ਇਹਨਾਂ ਨੇ ਆਪਣੀ ਪਤਨੀ ਸਾਵਿੱਤਰੀ ਨੂੰ ਸਿੱਖਿਅਕ ਬਣਾਇਆ। ਜਿਸ ਦੇ ਸਹਿਯੋਗ ਨਾਲ ਪੂਨੇ ਵਿਖੇ ਇੱਕ ਸਕੂਲ ਵੀ ਖੋਲਿਆ। ਇਸੇ ਤਰ੍ਹਾਂ ਸ਼ੂਦਰ ਅਤੇ ਅਛੂਤ ਲੜਕੀਆਂ ਲਈ ਇੱਕ ਹੋਰ ਸਕੂਲ ਦੀ ਸਥਾਪਨਾ ਕੀਤੀ। 1873 ਈ. ਵਿੱਚ 'ਸਤਯ ਸ਼ੋਧਕ' ਸਮਾਜ ਦੀ ਸਥਾਪਨਾ ਕੀਤੀ। ਫੂਲੇ ਨੇ ਇਸਤਰੀ ਸਿੱਖਿਆ ਦੇ ਨਾਲ ਇਸਤਰੀ ਸਮਾਨਤਾ ਲਈ ਵੀ ਕਦਮ ਚੁੱਕੇ। ਇਹਨਾਂ ਨੇ ਬਾਲ ਵਿਆਹ ਦਾ ਵਿਰੋਧ ਕੀਤਾ ਅਤੇ ਵਿਧਵਾ ਪੁਨਰਵਿਆਹ ਨੂੰ ਸਮਰਥਨ ਦਿੱਤਾ।

---

[59] "According to Ranade the age of a girl at marriage should be at least 12 years though he suggested 16 years for sexual relationship. He strongly advocated widow remarriage and criticized Manu. He argued that a child widow who does not know even the duties of a wife, can't be a life time worshipper after her husband's death."
H.C. Upadhyay, *Status of Women in India*, p. 44.

**ਈਸ਼ਵਰ ਚੰਦਰ ਵਿਦਿਆਸਾਗਰ** (1820-1891) ਨੇ ਵੀ ਸਮਾਜ ਸੁਧਾਰਕ ਹੋਣ ਵਜੋਂ ਬਾਲ-ਵਿਆਹ ਅਤੇ ਬਹੁ-ਵਿਆਹ ਦਾ ਵਿਰੋਧ ਕੀਤਾ। ਇਹਨਾਂ ਨੇ ਇੱਕ ਲੜਕੀ (ਆਪਣੇ ਦੋਸਤ ਦੀ ਭੈਣ ਜੋ ਛੋਟੀ ਉਮਰ ਵਿੱਚ ਹੀ ਵਿਧਵਾ ਬਣ ਗਈ ਸੀ) ਦੀ ਬੇਰੰਗ ਦੁਨੀਆ ਦੇਖ ਕੇ ਵਿਧਵਾ ਦੇ ਜੀਵਨ ਅਤੇ ਵਿਆਹ ਦੀ ਉਮਰ ਵਿੱਚ ਤਬਦੀਲੀ ਕਰਨ ਲਈ ਸੰਘਰਸ਼ ਕੀਤਾ। ਈਸ਼ਵਰ ਚੰਦਰ ਵਿਦਿਆਸਾਗਰ ਨੇ ਬੰਗਾਲ ਵਿੱਚ ਇਸਤਰੀ ਸਿੱਖਿਆ ਅਤੇ ਕਾਨੂੰਨ ਤੌਰ ਤੇ ਵਿਧਵਾ ਪੁਨਰਵਿਆਹ ਲਈ ਅਭਿਯਾਨ ਲਈ ਨਿਰਦੇਸ਼ਿਤ ਕੀਤਾ।[60] ਵਿਦਿਆਸਾਗਰ ਨੇ ਪੂਰੇ ਜੱਦੋ-ਜਹਿਦ ਤੋਂ ਬਾਅਦ ਜਦੋਂ ਆਪਣੀ ਮੰਗ ਨੂੰ ਪੂਰਾ ਹੁੰਦਿਆਂ ਨਾ ਵੇਖਿਆ ਤਾਂ ਲਗਭਗ 100 ਦਸਤਖ਼ਤਾਂ ਦੇ ਨਾਲ Indian Legislative Council ਨੂੰ ਅਰਜ਼ੀ ਭੇਜੀ। ਇਸੇ ਸੰਘਰਸ਼ ਦੀ ਬਦੌਲਤ ਭਾਰਤ ਵਿੱਚ 1856 ਈ. ਵਿੱਚ The Hindu Widow Remarriage Act ਪਾਸ ਹੋ ਗਿਆ।[61] ਇਸਤਰੀ ਜੀਵਨ ਦੇ ਹੋਰ ਪੱਖਾਂ ਨਾਲ-ਨਾਲ ਇਹਨਾਂ ਨੇ ਲੜਕੀ ਸਿੱਖਿਆ ਵੱਲ ਵੀ ਧਿਆਨ ਦਿੱਤਾ।

**ਮਹਾਰਿਸ਼ੀ ਢੋਂਡੋ ਕੇਸ਼ਵ ਕਾਰਵੇ** (1858-1962): ਢੋਂਡੋ ਕਾਰਵੇ ਆਪਣੇ ਮਹਾਨ ਸਮਾਜ ਸੁਧਾਰਾਂ ਸਦਕਾ ਮਹਾਰਿਸ਼ੀ ਵਜੋਂ ਪ੍ਰਸਿੱਧ ਹੋਏ। ਕਾਰਵੇ ਨੇ ਇਸਤਰੀ ਜੀਵਨ ਨੂੰ ਸਮਝਦੇ ਹੋਏ ਵਿਧਵਾ ਅਤੇ ਸਿੱਖਿਆ ਸੰਬੰਧੀ ਕਾਰਜ ਕੀਤੇ। ਵਿਧਵਾ ਪੁਨਰਵਿਆਹ ਦੇ ਕਾਨੂੰਨ ਪਾਸ ਹੋਣ ਦੇ ਬਾਵਜੂਦ ਵੀ ਸਮਾਜ ਦੀ ਸੋਚ ਉੱਥੇ ਹੀ ਖੜੀ ਸੀ। ਅਜੇ ਵੀ ਸਮਾਜ ਵਿਧਵਾ ਦੇ ਬੇਰੰਗ ਅਤੇ ਉਦਾਸ ਜੀਵਨ ਦੀ ਹੀ ਮੰਗ ਕਰਦਾ ਸੀ। ਸਿੱਖਿਅਕ ਹੋਣ ਦੀ ਆਜ਼ਾਦੀ ਦਾ ਸੰਘਰਸ਼ ਵੀ ਸ਼ੁਰੂਆਤੀ ਦੌਰ ਵਿੱਚ ਸੀ। ਕਾਰਵੇ ਨੇ 1893 ਈ. ਵਿੱਚ ਵਾਰਧਾ ਵਿਖੇ ਵਿਧਵਾ ਪੁਨਰਵਿਆਹ ਸੰਸਥਾ ਦੀ ਸਥਾਪਨਾ ਕੀਤੀ। 1896 ਈ. ਵਿੱਚ ਅਨਾਥ ਆਸ਼ਰਮ ਅਤੇ 1907 ਈ. ਵਿੱਚ ਪੂਨੇ ਵਿਖੇ ਮਹਿਲਾ ਵਿਦਿਆਲਯ ਦੀ ਸਥਾਪਨਾ ਕੀਤੀ। ਕਾਰਵੇ ਨੇ ਵਿਹਾਰਕ ਪੱਖ ਲਈ ਰਾਹ ਸੁਝਾਇਆ ਕਿ ਪੂਨੇ ਦੀ ਸੰਸਥਾ ਵਿੱਚ ਜਵਾਨ ਵਿਧਵਾਵਾਂ ਨੂੰ ਪੜ੍ਹਾਇਆ ਜਾਵੇ ਤਾਂਕਿ ਉਹ ਲੜਕੀਆਂ ਦੇ ਸਕੂਲਾਂ ਵਿੱਚ ਅਧਿਆਪਕ ਬਣ ਸਕਣ।[62] ਜਾਪਾਨ ਵਿੱਚ ਇਸਤਰੀਆਂ ਦੀ

---

60 "In Bengal, Iswar Chandra Vidyasagar championed female education and led the campaign to legalize widow remarriage."
Geraldine Forbs, *The New Cambridge History of India: Women in Modern India*, p. 19.

61 "The pressed on and urged the British to pass legistlation that would enable Hindu widows to remarry. To support his request Iswar Chandra collected almost 1000 signatures and sent this petition to the Indian Legislative Council. The Council received thousands of signatures for and against this measure but the members finally decided to support the 'enlightened minority.' The Hindu Widow Remarriage Act was passed in 1856."
Ibid, pp. 20-21.

62 "Karve offered a practical solution with his institutions in Poona to educate young widows to become teachers in girl's schools."
Ibid*,* p. 20.

ਯੂਨੀਵਰਸਿਟੀ ਤੋਂ ਪ੍ਰਭਾਵਿਤ ਹੋਕੇ ਕਾਰਵੇ ਨੇ ਭਾਰਤ ਵਿੱਚ ਲੜਕੀਆਂ ਲਈ ਯੂਨੀਵਰਸਿਟੀ ਖੋਲਣ ਦਾ ਇਰਾਦਾ ਬਣਾਇਆ। Shrimati Nathibai Damadar Thackersay Women's University ਦਾ ਉਦਘਾਟਨ ਕੀਤਾ ਅਤੇ ਖ਼ੁਦ ਇਸਦੇ ਪ੍ਰਿੰਸੀਪਲ ਵੀ ਨਿਯੁਕਤ ਹੋਏ।

ਇਸੇ ਕੜੀ ਤਹਿਤ 19ਵੀਂ ਸਦੀ ਵਿੱਚ ਪੈਦਾ ਹੋਈਆਂ ਧਾਰਮਿਕ-ਸਮਾਜਿਕ ਲਹਿਰਾਂ ਨਿਰੰਕਾਰੀ, ਕੂਕਾ, ਸਿੰਘ ਸਭਾ ਲਹਿਰਾਂ ਨੇ ਪੰਜਾਬ ਵਿੱਚ ਸਮਾਜ ਸੁਧਾਰਾਂ ਦੇ ਨਾਲ-ਨਾਲ ਇਸਤਰੀ ਨਾਲ ਹੁੰਦੇ ਬਾਲ-ਵਿਆਹ, ਭਰੂਣ ਹੱਤਿਆ, ਦਾਜ ਪ੍ਰਥਾ ਅਤੇ ਸਿੱਖਿਆ ਜਿਹੇ ਵਿਤਕਰਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ। ਭਾਰਤ ਵਿਚਲੀ ਆਜ਼ਾਦੀ ਲਹਿਰ ਮਹਾਤਮਾ ਗਾਂਧੀ ਦੀ ਸਰਪ੍ਰਸਤੀ ਹੇਠ ਪ੍ਰਫੁਲਿਤ ਹੋਈ। ਮਹਾਤਮਾ ਗਾਂਧੀ ਰਾਜਨੀਤਿਕ ਮਸਲਿਆਂ ਦੇ ਨਾਲ-ਨਾਲ ਸਮਾਜਿਕ ਬਦਲਾਅ ਦੇ ਵੱਡੇ ਸਹਿਯੋਗੀ ਸਿੱਧ ਹੋਏ। ਮਹਾਤਮਾ ਗਾਂਧੀ ਦਾ ਵਿਚਾਰ ਸੀ ਕਿ ਇਸਤਰੀਆਂ ਦਾ ਖ਼ੁਦ ਨੂੰ ਹੀਣ ਸਮਝਣਾ ਵੀ ਮਰਦਾਂ ਦੀ ਸੋਚ ਦਾ ਨਤੀਜਾ ਹੈ। ਉਹ ਵਿਆਹ ਅਤੇ ਮਮਤਾ ਨੂੰ ਪ੍ਰਮੁੱਖਤਾ ਦਿੰਦੇ ਸਨ ਪਰ ਉਹ ਇਸਤਰੀ ਨਾਲ ਉਸਦੇ ਵਿਅਕਤੀਗਤ ਰੂਪ, ਉਸਦੇ ਹੱਕਾਂ, ਸਵੈ ਵਿਕਾਸ ਵਜੋਂ ਦੇਖਣ ਦੀ ਗੱਲ ਕਰਦੇ ਹਨ ਨਾ ਕਿ ਲਿੰਗ ਪੱਖੋਂ ਪਰਿਭਾਸ਼ਿਤ ਕੀਤੀ ਗਈ ਇਸਤਰੀ।[63] ਮਹਾਤਮਾ ਗਾਂਧੀ ਨੇ ਬਾਲ ਵਿਆਹ ਰੋਕਣ ਦੇ ਨਾਲ-ਨਾਲ ਇਸਤਰੀ ਸਿੱਖਿਆ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਮਹਾਤਮਾ ਗਾਂਧੀ ਦੇ ਯਤਨਾਂ ਸਦਕਾ ਹੋਰ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਇਸਤਰੀਆਂ ਪਰਦੇ ਅਤੇ ਘਰ ਤੋਂ ਬਾਹਰ ਆਈਆਂ।

ਡਾ. ਭੀਮ ਰਾਓ ਅੰਬੇਦਕਰ (1891-1956) ਵੀ ਭਾਰਤ ਦੇ ਸਮਾਜ ਸੁਧਾਰਕਾਂ ਵਿੱਚੋਂ ਇੱਕ ਪ੍ਰਸਿੱਧ ਨਾਂ ਹੈ। ਭੀਮ ਰਾਓ ਅੰਬੇਦਕਰ ਨੇ ਖ਼ੁਦ ਅਛੂਤ ਜਾਤ ਦੇ ਹੋਣ ਕਾਰਨ ਸਾਰੀ ਉਮਰ ਜਾਤ-ਪਾਤ ਨੂੰ ਖ਼ਤਮ ਕਰਨ ਵਿੱਚ ਗੁਜਾਰੀ। ਅਛੂਤ ਲੋਕਾਂ ਨੂੰ ਚੰਗਾ ਜੀਵਨ ਦੇਣ ਦੀ ਭਾਵਨਾ ਦੇ ਨਾਲ-ਨਾਲ ਇਹਨਾਂ ਨੇ ਅਛੂਤ ਇਸਤਰੀਆਂ ਦੇ ਹੱਕਾਂ ਵਿੱਚ ਵੀ ਗੱਲ ਕੀਤੀ। ਇਹਨਾਂ ਨੇ ਹਰ ਇਨਸਾਨ ਦੀ ਅੰਦਰੂਨੀ ਸ਼ਕਤੀ ਨੂੰ ਜਗਾਉਣ ਦਾ ਯਤਨ ਕੀਤਾ ਤਾਂਕਿ ਉਹ ਆਪਣੀ ਅਥਾਹ ਮਿਹਨਤ ਅਤੇ ਯਤਨਾਂ ਸਦਕਾ ਜੀਵਨ ਵਿੱਚ ਕੁੱਝ ਹਾਸਲ ਕਰ ਸਕਣ। ਅੰਬੇਦਕਰ ਪਿਆਰ, ਬਰਾਬਰਤਾ ਅਤੇ ਭਰਾਤਰੀ ਭਾਵ ਨੂੰ ਤਵੱਜੋਂ ਦਿੰਦੇ ਸਨ। ਭਾਰਤੀ ਸਮਾਜ ਸੁਧਾਰਕਾਂ ਵੱਲੋਂ ਇਸਤਰੀਆਂ ਦੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਂਦਾ ਗਿਆ। ਜਿਸ ਸਦਕਾ ਭਾਰਤ ਵਿੱਚ ਕਈ ਹੋਰ ਸੰਗਠਨ ਵੀ ਹੋਂਦ ਵਿੱਚ ਆਏ। ਇਹਨਾਂ ਸਮਾਜ ਸੁਧਾਰਕਾਂ ਨੇ ਬੇਸ਼ੱਕ ਇਸਤਰੀ ਸੁਤੰਤਰਤਾ ਲਈ ਬਹੁਤ ਵੱਡੇ ਕਦਮ ਪੁੱਟੇ ਹਨ ਪਰੰਤੂ ਇਹਨਾਂ ਸਮਾਜ ਸੁਧਾਰਕਾਂ ਨੂੰ ਨਿਰੋਲ ਨਾਰੀਵਾਦੀ ਚਿੰਤਕ ਨਹੀਂ

[63] "He called upon women to shed their 'inferiority complex'. Which was the result of man's interested teaching. He held forth high ideals of marriage be treated as individuals in their own right with full potentialities for self-development, and not merely as sex symbols."
B.R.Nanda (ed.), *Indian Women: From Purdah to Modernity*, Vikas Publishing House Pvt Ltd, New Delhi, 1976, pp. xi-xii.

ਕਿਹਾ ਜਾ ਸਕਦਾ। ਭਾਰਤ ਵਿੱਚ ਨਾਰੀਵਾਦ ਦੀ ਜੇਕਰ ਗੱਲ ਕਰੀਏ ਤਾਂ ਇਸਦੀ ਸ਼ੁਰੂਆਤ ਧਰਮਾਂ ਦੇ ਸੰਦਰਭ ਵਿੱਚ ਹੋਈ ਪ੍ਰਤੀਤ ਹੁੰਦੀ ਹੈ। ਜਿਹਨਾਂ ਨੇ ਵੱਖੋ-ਵੱਖ ਸਮਿਆਂ ਵਿੱਚ ਇਸਤਰੀ ਦੇ ਇੱਕ ਦੋ ਹੱਕਾਂ ਦੀ ਗੱਲ ਨਹੀਂ ਕੀਤੀ ਸਗੋਂ ਇਸਤਰੀ ਦੀ ਪੂਰਨ ਆਜ਼ਾਦੀ ਦੀ ਗੱਲ ਕੀਤੀ ਹੈ।

ਆਧੁਨਿਕ ਸੋਚ ਜਾਂ ਨਾਰੀਵਾਦ ਸਦਕਾ ਇਸਤਰੀਆਂ ਦੇ ਜੀਵਨ ਵਿੱਚ ਉਸਾਰੂ ਪਰਿਵਰਤਨ ਆਏ। ਇਸਤਰੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਈਆਂ। ਉਹਨਾਂ ਨੂੰ ਰਾਜਨੀਤਿਕ, ਆਰਥਿਕ, ਸਮਾਜਿਕ ਹਰ ਪੱਖ ਤੋਂ ਆਜ਼ਾਦੀ ਵੀ ਹਾਸਲ ਹੋਈ। ਜਿਸ ਸਦਕਾ ਉਹ ਘਰ ਪਰਿਵਾਰ, ਜਾਇਦਾਦ, ਕੰਮਕਾਜ ਸਭ ਥਾਈਂ ਮਰਦਾਂ ਦੇ ਬਰਾਬਰ ਦੀਆਂ ਹੱਕਦਾਰ ਬਣੀਆਂ। ਇਸ ਤੋਂ ਇਲਾਵਾ ਮਰਦ ਪ੍ਰਧਾਨਤਾ ਤੋਂ ਆਜ਼ਾਦ ਹੋਣਾ ਵੀ ਨਾਰੀਵਾਦ ਦਾ ਅਹਿਮ ਹਿੱਸਾ ਸੀ। ਨਾਰੀਵਾਦੀ ਚਿੰਤਨ ਵਿੱਚ ਇਸਤਰੀ ਦੇ ਅਸਲ ਦਰਦ ਦੀ ਪਹਿਚਾਣ ਕਰਨ ਦੀ ਬਜਾਇ ਪਦਾਰਥਵਾਦੀ ਆਜ਼ਾਦੀ ਦਾ ਪੱਖ ਜ਼ਿਆਦਾ ਉੱਭਰਵੇਂ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਜਿਸ ਵਿੱਚ ਇਸਤਰੀ ਨੂੰ ਇਸਤਰੀ ਜਾਂ ਇਨਸਾਨ ਵਜੋਂ ਮਾਨਤਾ ਨਹੀਂ ਸੀ ਸਗੋਂ ਉਸਨੂੰ ਸਿਰਫ਼ ਮਰਦ ਮਾਪਾਂ ਤੇ ਪਰਖਿਆ ਜਾਂਦਾ ਸੀ। "ਪੱਛਮੀ ਪ੍ਰਸੰਗ ਵਿੱਚ ਸਭ ਤੋਂ ਵੱਧ ਮਹੱਤਤਾ ਔਰਤਾਂ ਨੂੰ ਮਿਲੀ ਭਾਵੇਂ ਆਧੁਨਿਕਵਾਦ ਨੇ ਔਰਤ ਨੂੰ ਮੱਧਕਾਲੀ ਜਕੜਬੰਦਾਂ ਤੋਂ ਆਜ਼ਾਦ ਕੀਤਾ ਸੀ। ਪਰ ਉਸ ਨੇ ਉਸਨੂੰ ਪੂਰਾ ਮਨੁੱਖ(ਮਾਨੁਸ਼ੀ) ਸਮਝਣ ਦੀ ਥਾਂ ਕਾਮ-ਵਸਤੂ ਵਿਚ ਬਦਲ ਦਿੱਤਾ। ਔਰਤ ਨੂੰ ਬਾਹਰੀ ਰੂਪ ਵਿਚ ਆਜ਼ਾਦ ਕਰ ਦਿੱਤਾ ਪਰ ਉਸ ਦੀ ਦੇਹੀ ਉੱਪਰ ਪੂੰਜੀਵਾਦ ਨੇ ਅੰਤਰ-ਲੇਖਣ ਸ਼ੁਰੂ ਕਰ ਦਿੱਤਾ।"[64] ਧਰਮ ਵਿਚਲੀ ਆਜ਼ਾਦੀ ਦੀ ਗੱਲ ਕਰੀਏ ਤਾਂ ਇਹ ਕੋਈ ਬਾਹਰੀ ਨਹੀਂ ਬਲਕਿ ਅੰਦਰੂਨੀ ਹੁੰਦੀ ਹੈ। ਇਹ ਆਜ਼ਾਦੀ ਕਿਸੇ ਜੈਂਡਰ ਅਧਾਰਿਤ ਹੋਂਦ ਨੂੰ ਪੇਸ਼ ਨਹੀਂ ਕਰਦੀ ਸਗੋਂ ਇਹ ਮਰਦ ਇਸਤਰੀ ਦੇ ਵਖਰੇਵੇਂ(ਜੈਂਡਰ) ਤੋਂ ਕਿਤੇ ਅਗਾਂਹ ਦੀ ਗੱਲ ਕਰਦੀ ਹੈ।[65] ਅਜਿਹੀ ਆਜ਼ਾਦੀ ਬੁੱਧ ਅਤੇ ਸਿੱਖ ਧਰਮ ਵਿੱਚ ਪਰਮ ਮਨੋਰਥ ਦੀ ਪ੍ਰਾਪਤੀ ਹੈ।

ਬੁੱਧ ਅਤੇ ਸਿੱਖ ਧਰਮ ਵਿੱਚ ਇਸਤਰੀ ਸੰਬੰਧੀ ਪ੍ਰਾਪਤ ਵਿਚਾਰਾਂ ਨੂੰ ਨਾਰੀਵਾਦੀ ਪਰਿਪੇਖ ਤੋਂ ਵਾਚਣ ਦੀ ਕੋਸ਼ਿਸ਼ ਕੀਤੀ ਗਈ। ਇੱਕ ਪਾਸੇ ਧਾਰਮਿਕ ਤੌਰ ਤੇ ਇਸਤਰੀ ਦੀ ਆਜ਼ਾਦੀ ਨੂੰ ਰੱਖਿਆ ਗਿਆ ਅਤੇ ਦੂਜੇ ਪਾਸੇ ਨਾਰੀਵਾਦੀ ਚਿੰਤਨ / ਲਹਿਰ ਰਾਹੀਂ ਪ੍ਰਾਪਤ ਆਜ਼ਾਦੀ ਦੀ ਗੱਲ ਕੀਤੀ ਗਈ ਹੈ। ਦੋਵਾਂ ਨੂੰ ਇੱਕ ਦੂਜੇ ਦੇ ਆਹਮੋ-ਸਾਹਮਣੇ ਰੱਖ ਕੇ ਨਾਰੀਵਾਦ ਦੇ ਅਸਲ ਮੰਤਵ ਤੋਂ ਸਮਝਣ ਦਾ ਉਪਰਾਲਾ ਕੀਤਾ ਗਿਆ।

---

64 ਰਾਜਿੰਦਰ ਪਾਲ ਸਿੰਘ, *ਉਤਰ ਆਧੁਨਿਕਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 36.

65 "Freedom in this sense, is not freedom from external things but freedom from our own internal prejudices that have created a bondage for us. It is freedom to dismantle even our thought structures. At this level it is not the realization of one's gendered identity but going beyond one's gendered identity as a male or female that becomes important."
Meena Kelkar & Deepti Gangavane, 'Identity, Freedom and Empowerment: Some Theoretical Reflections', *Feminism in Search of Identity: The Indian Context*, Meena Kelkar & Deepti Gangavane (eds.), Rawat Publications, New Delhi, 2003, pp. 25-26.

**ਬੁੱਧ ਧਰਮ:**

ਗੁਰਭਗਤ ਸਿੰਘ ਦਾ ਕਹਿਣਾ ਹੈ ਕਿ ਨਾਰੀਵਾਦ 'ਨਿਰੋਲ ਪੱਛਮੀ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖ ਲਹਿਰ ਵਿੱਚ ਇਸ ਬਾਰੇ ਬੜੀ ਵੱਡੀ ਚੇਤਨਤਾ ਹੈ। ਦੂਜਾ ਇਹ ਹੈ ਕਿ ਇਸ ਤੋਂ ਪਹਿਲਾਂ ਮਹਾਤਮਾ ਬੁੱਧ ਨੇ ਵੀ ਇਹ ਕਹਿ ਦਿੱਤਾ ਸੀ ਕਿ ਬਈ ਔਰਤ ਵੀ ਇਸ ਸੰਘ ਵਿਚ ਸ਼ਾਮਿਲ ਹੋਵੇ, ਇਸ ਮੁਕਤੀ ਲਹਿਰ ਵਿਚ ਸ਼ਾਮਲ ਹੋਵੇ।'[66] ਹਰ ਧਰਮ ਸਿਰਫ਼ ਇਸਤਰੀ ਪੱਖੀ ਵਿਚਾਰਾਂ ਨੂੰ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਨੂੰ ਇੱਕ ਬਰਾਬਰ ਸਮਝਦਿਆਂ ਜੀਵਨ ਦੇ ਅਸਲ ਮਕਸਦ/ਮਨੋਰਥ ਦਾ ਜ਼ਿਕਰ ਕਰਦਾ ਹੈ। ਨਾਰੀਵਾਦ ਮੁੱਖ ਤੌਰ 'ਤੇ ਪਿਤਰਸਤੀ ਸੋਚ ਦੇ ਵਿਦਰੋਹ ਵਿੱਚ ਪੈਦਾ ਹੋਇਆ ਸਿਧਾਂਤ ਹੈ। ਨਾਰੀਵਾਦੀ ਚਿੰਤਕਾਂ ਨੇ ਕਦੇ ਵੀ ਪਿਤਰਸਤਾ ਅਤੇ ਲਿੰਗਕ ਭੇਦਭਾਵ ਜਿਹੇ ਦੁੱਖਾਂ ਤੋਂ ਬਿਨਾਂ ਮਨੁੱਖ ਦੇ ਅਸਲ ਦੁੱਖਾਂ ਨੂੰ ਜਾਣਨ ਦਾ ਯਤਨ ਨਹੀਂ ਕੀਤਾ।[67] ਬੁੱਧ ਧਰਮ ਨਾਰੀਵਾਦ ਦੀਆਂ ਪਰਤਾਂ ਤੋਂ ਕਿਤੇ ਡੂੰਘੇਰੀ ਸੋਚ ਨੂੰ ਪੇਸ਼ ਕਰਦਾ ਹੈ। ਬੁੱਧ ਧਰਮ ਨੇ ਨਾਰੀਵਾਦੀ ਵਿਚਾਰਾਂ ਨੂੰ ਨਿਵੇਕਲੇ ਸਿਧਾਂਤ ਬਖ਼ਸ਼ੇ ਹਨ।

ਮਹਾਤਮਾ ਬੁੱਧ ਨੇ ਸਭ ਤੋਂ ਪਹਿਲਾਂ ਮਨੁੱਖੀ ਮਾਨਸਿਕਤਾ ਵਿੱਚ ਬਦਲਾਅ ਲਿਆਉਣ ਦਾ ਯਤਨ ਕੀਤਾ ਸੀ। ਇਸਤਰੀ ਦੀ ਆਜ਼ਾਦੀ ਲਈ ਦਿਮਾਗ਼ੀ ਸੋਚ ਵਿੱਚ ਬਰਾਬਰਤਾ ਜਿਹੇ ਵਿਚਾਰਾਂ ਦਾ ਪੈਦਾ ਹੋਣਾ ਜ਼ਰੂਰੀ ਸੀ। ਮਹਾਤਮਾ ਬੁੱਧ ਲਈ ਕੋਈ ਜਾਤ, ਰੰਗ, ਨਸਲ ਪੱਖੋਂ ਉੱਚਾ ਨੀਵਾਂ ਨਹੀਂ ਸੀ। ਇੱਥੋਂ ਤੱਕ ਕਿ ਸੰਘ ਦੇ ਮੈਂਬਰ ਬਣਨ ਸਮੇਂ ਵੀ ਕਿਸੇ ਜਾਤ-ਪਾਤ ਦੇ ਨਾਮ 'ਤੇ ਕੋਈ ਵਿਤਕਰਾ ਨਹੀਂ ਰੱਖਿਆ ਸੀ। ਧੱਮਪਦ ਅਨੁਸਾਰ, "ਜਿਸਨੇ ਕਾਮ, ਕ੍ਰੋਧ, ਲੋਭ, ਆਦਿਕ ਦੋਸ਼ਾਂ ਨੂੰ ਖ਼ਤਮ ਕਰ ਦਿੱਤਾ ਹੈ ਤੇ ਜੋ ਚੰਗੇ ਆਚਰਣ ਵਾਲਾ ਤੇ ਇਕਾਗਰ ਮਨ ਵਾਲਾ, ਸੰਜਮੀ ਤੇ ਸਚਿਆਰ ਹੈ, ਉਹੋ ਹੀ ਗੇਰੂਏ ਬਸਤਰਾਂ ਦਾ ਹੱਕਦਾਰ ਹੈ।"[68] ਬੁੱਧ ਸਾਹਿਤ ਅਨੁਸਾਰ ਉਹ ਇਨਸਾਨ ਉੱਚਾ ਹੈ ਜੋ ਤਨ ਮਨ ਤੋਂ ਸੱਚਾ ਹੈ।

ਨਾਰੀਵਾਦ ਦਵੈਤ ਭਾਵਨਾ ਉੱਪਰ ਅਧਾਰਿਤ ਸਿਧਾਂਤ ਹੈ। ਦਵੈਤ ਭਾਵਨਾ ਵਿੱਚ ਮਰਦ ਇਸਤਰੀ ਦੋਵਾਂ ਨੂੰ ਲਿੰਗ ਆਧਾਰ 'ਤੇ ਵੱਖਰੇ ਮੰਨਿਆ ਜਾਂਦਾ ਹੈ। ਇਹ ਲਿੰਗਕ ਭੇਦਭਾਵ ਸਭਿਆਚਾਰ ਦੀ ਹੀ ਦੇਣ

---

[66] ਗੁਰਭਗਤ ਸਿੰਘ, 'ਔਰਤ ਦੇਹ ਸੀਮਾ ਨਹੀਂ, ਸਮਰਥਾ ਹੈ', *ਨਾਰੀ ਦ੍ਰਿਸ਼ਟੀ*, ਚਰਨਜੀਤ ਕੌਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਮਿਤੀ ਰਹਿਤ, ਪੰਨਾ 21.

[67] "Feminist theology has never distinguished between avoidable pain caused by patriarchal, sexiest values and institutions and the basic pain of being human, nor has it really ever considered the inevitability of suffering, no matter how perfect social arrangements might be. In short feminism seems to attribute pain to imperfect social arrangements and to imply that when more equitable social arrangements are achieved, pain will disappear. While eradicating patriarchy and the suffering it causes remains an important priority, applicable especially for a Buddhist society, it is now clear to me that such an agenda is naïve if it is one's total method for understanding and dealing with suffering."
Rita M.Gross, 'Buddhism and Feminism: Towards their Mutual Transformation', *Eastern Buddhist*, The Eastern Buddhist Society, Otani University, Kyato, Vol. 19, 1986, p. 52.

[68] *ਧੱਮਪਦ*, ਪੰਨਾ 63.

ਹੈ। ਨਾਰੀਵਾਦੀ ਸਿਧਾਂਤ ਮਰਦ ਇਸਤਰੀ ਦੇ ਵੱਖੋ-ਵੱਖ ਜੀਵਨ ਅਤੇ ਜ਼ਰੂਰਤਾਂ ਲਈ ਸੰਘਰਸ਼ ਦੀ ਗੱਲ ਕਰਦਾ ਹੈ ਪਰ ਅਜਿਹਾ ਵਿਚਾਰ ਬੁੱਧ ਧਰਮ ਦੇ ਅਸਲ ਸੁਭਾਅ ਵਿੱਚ ਕਿਧਰੇ ਵੀ ਨਜ਼ਰੀ ਨਹੀਂ ਆਉਂਦਾ। ਬੁੱਧ ਧਰਮ ਅਨੁਸਾਰ ਜੋ ਅਸਲ ਹੈ ਉਹ ਬਨਾਵਟ ਜਾਂ ਬਦਲਾਅ ਤੋਂ ਰਹਿਤ ਹੈ।[69] ਮਹਾਤਮਾ ਬੁੱਧ ਸਭ ਵਿੱਚ ਬਰਾਬਰਤਾ ਅਤੇ ਇਕਰੂਪਤਾ ਵੇਖਦੇ ਹਨ। ਬੁੱਧ ਦਰਸ਼ਨ ਅਨੁਸਾਰ ਜੀਵਨ ਦੀ ਹੋਂਦ ਪੰਜ ਸਕੰਧਾਂ ਨਾਲ ਹੈ। ਇਹ ਪੰਜ ਸਕੰਧ ਨਾਮ-ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ ਹਨ।[70] ਜਿਸ ਵਿੱਚ ਮਰਦ ਇਸਤਰੀ ਦਾ ਕੋਈ ਵਖਰੇਵਾਂ ਨਹੀਂ ਸਗੋਂ ਦੋਵੇਂ ਹੀ ਪੰਜ ਉਪਾਦਾਨ ਸਕੰਧਾਂ ਦੇ ਰੂਪ ਨਾਲ ਯੁਕਤ ਹਨ। ਇਨਸਾਨ ਦੇ ਜਨਮ ਅਤੇ ਉਸ ਦੇ ਦੁੱਖਾਂ ਦਾ ਅਸਲ ਕਾਰਨ ਤ੍ਰਿਸ਼ਣਾ ਅਤੇ ਅਗਿਆਨਤਾ ਨੂੰ ਦੱਸਿਆ ਹੈ। ਇਸ ਅਗਿਆਨਤਾ ਤੋਂ ਛੁਟਕਾਰੇ ਲਈ ਵੀ ਕਿਤੇ ਕੋਈ ਭੇਦ ਨਹੀਂ ਰੱਖਿਆ। ਹਰ ਇਨਸਾਨ ਪਰਮ ਪਦ ਦੀ ਪ੍ਰਾਪਤੀ ਦੇ ਕਾਬਿਲ ਮੰਨਿਆ। ਮਹਾਤਮਾ ਬੁੱਧ ਇਨਸਾਨਾਂ ਵਿੱਚ ਇੱਕ ਹੀ ਵਖਰੇਵਾਂ ਦੇਖਦੇ ਹਨ ਚੰਗੇ ਅਤੇ ਮਾੜੇ ਇਨਸਾਨ ਦਾ। ਬਾਕੀ ਸਭ ਦੁਨਿਆਵੀ ਵਖਰੇਵੇਂ ਸਮਾਜਿਕ ਉਪਜ ਹਨ। ਨਾਰੀਵਾਦੀ ਚਿੰਤਕ ਜੁਡਿਥ ਬਟਲਰ(Judith Butler) ਆਪਣੀ ਲਿਖਤ 'Gender Trouble' ਵਿੱਚ ਮਰਦ ਇਸਤਰੀ ਨੂੰ ਵੱਖ ਵੱਖ ਸਮਝ ਕੇ ਲਿੰਗ ਭੇਦ ਦੇ ਵਿਚਾਰਾਂ ਦਾ ਵਿਰੋਧ ਕਰਦੀ ਹੈ। ਜੈਂਡਰ ਦਾ ਭੇਦਭਾਵ ਹੁੰਦਾ ਨਹੀਂ ਸਗੋਂ ਇਸ ਦਾ ਨਿਰਮਾਣ ਕੀਤਾ ਜਾਂਦਾ ਹੈ। "..ਦੇਹ ਇੱਕ ਸਿਗਨੀਫਾਇਰ ਹੈ ਜਿਸ ਦਾ ਸਿਗਨੀਫਾਈਡ, ਬਟਲਰ ਦੀ ਵਿਆਖਿਆ ਅਨੁਸਾਰ, ਇੱਕ ਸਭਿਆਚਾਰ ਨਿਸ਼ਚਿਤ ਕਰਦਾ ਹੈ।"[71] ਜੁਡਿਥ ਬਟਲਰ ਵੀ ਉਸ ਨਾਰੀਵਾਦ ਜਾਂ ਇਸਤਰੀ ਆਜ਼ਾਦੀ ਦੀ ਗੱਲ ਕਰਦੀ ਹੈ ਜਿਸ ਵਿੱਚ ਮਰਦ ਇਸਤਰੀ ਦੋਵਾਂ ਨੂੰ ਇੱਕ ਮੰਨਦੇ ਹੋਏ ਹੱਕਾਂ ਦੀ ਗੱਲ ਕੀਤੀ ਜਾਵੇ।

ਆਧੁਨਿਕ ਸਮੇਂ ਵਿੱਚ ਨਾਰੀਵਾਦ ਦਾ ਮੁੱਖ ਮਕਸਦ ਮਰਦ ਇਸਤਰੀ ਦੀ ਬਰਾਬਰਤਾ ਹੈ ਪਰ ਮਹਾਤਮਾ ਬੁੱਧ ਨੇ ਛੇਵੀਂ ਸਦੀ ਈਸਵੀ ਪੂਰਵ ਵਿੱਚ ਇਸੇ ਵਿਚਾਰ ਨੂੰ ਪੇਸ਼ ਕੀਤਾ ਸੀ। ਇਸਤਰੀ ਸਵੈਨਿਰਭਰਤਾ ਨਾਰੀਵਾਦ ਦਾ ਮੁੱਖ ਮਸਲਾ ਹੈ। ਬੁੱਧ ਧਰਮ ਅਜਿਹਾ ਪਹਿਲਾ ਧਰਮ ਹੈ ਜਿਸ ਵਿੱਚ ਇਸਤਰੀਆਂ ਨੂੰ ਅੰਦਰੂਨੀ ਸਮਝ ਦਾ ਹੱਕ ਕੇਵਲ ਸਿਧਾਂਤਕ ਹੀ ਨਹੀਂ ਸਗੋਂ ਵਿਹਾਰਕ ਪੱਖੋਂ ਵੀ ਪ੍ਰਵਾਨ

---

69 "Tha dualistic model accepts that there is a gender difference between man and woman, which is imposed by male-dominating culture. It means gender difference is a cultural construction and whatever is constructed or imposed is not accepted as the real nature of the object in Buddhism. Buddhists accept that whatever is real is free from any sort of constructions."
Lata Chhatre, 'Empowerment of women: The Buddhist Perspective', *Feminism in Search of Identity:The Indian Context,* Meena Kelkar and Deepti Gangavane (eds.), Rawat Publications, New Delhi, 2003, pp. 137-138.

70 *dIG inkwX*, rwhul swN™ËXwXn Ev< jgdIS kwÜXp (Anu.),gOqm buk syNtr, idØlI, 2010, pNnw 194.

71 ਗੁਰਭਗਤ ਸਿੰਘ, *ਕਾਵਿ-ਸ਼ਾਸਤਰ, ਦੇਹ ਅਤੇ ਕ੍ਰਾਂਤੀ*, ਵਿਚਾਰ ਪ੍ਰਕਾਸ਼ਨ, ਸੰਗਰੂਰ, 1995, ਪੰਨਾ 101.

ਕੀਤਾ ਗਿਆ।[72] ਮਹਾਤਮਾ ਬੁੱਧ ਨੇ ਜੀਵਨ ਦੇ ਅਸਲ ਮਨੋਰਥ(ਨਿਰਵਾਣ) ਦੀ ਪ੍ਰਾਪਤੀ ਲਈ ਇਸਤਰੀ ਦੀ ਕਾਬਲੀਅਤ ਨੂੰ ਪ੍ਰਵਾਨ ਕੀਤਾ। ਬੁੱਧ ਧਰਮ ਅਨੁਸਾਰ ਨਿਰਵਾਣ ਅੰਦਰੂਨੀ ਵਿਕਾਸ ਹੈ। ਇਹ ਇੱਕ ਚੇਤਨਾ ਅਤੇ ਗਿਆਨ ਹੈ ਜੋ ਸਾਰੇ ਭੇਦਭਾਵਾਂ ਤੋਂ ਮੁਕਤ ਹੈ। ਇਸ ਵਿੱਚ ਜੈਂਡਰ ਅਧਾਰਿਤ ਭੇਦਭਾਵ ਨਹੀਂ ਕੀਤਾ ਜਾ ਸਕਦਾ। ਇਸਤਰੀਆਂ ਨੇ ਵੀ ਇਸ ਸੋਚ ਨੂੰ ਵਿਹਾਰਕ ਰੂਪ ਦਿੱਤਾ ਇੱਥੋਂ ਤੱਕ ਕਿ ਇਸਤਰੀਆਂ ਨੇ ਆਪਣੇ ਅਧਿਆਤਮਿਕ ਅਨੁਭਵ ਨੂੰ ਲਿਖਤ ਰੂਪ ਵਿੱਚ ਵੀ ਲਿਆਂਦਾ। ਨਾਰੀਵਾਦੀ ਮਹਾਨ ਚਿੰਤਕਾਂ ਲੂਈਸ ਇਰੀਗੇਰੈ ਅਤੇ ਹੈਲੇਨ ਸਿੱਖੂ ਨੇ ਇਸਤਰੀ ਦੇਹ ਦੇ ਨਾਲ-ਨਾਲ ਇਸਤਰੀ ਲਿਖਤ ਦੀ ਮਹਾਨਤਾ ਉੱਪਰ ਵਿਚਾਰ ਪ੍ਰਗਟਾਏ ਹਨ। ਇਰੀਗੈਰੇ ਇਸਤਰੀ ਦੀ ਭਾਸ਼ਾ ਦੀ ਵਰਤੋਂ ਵਿੱਚਲੀ ਵਿਲੱਖਣਤਾ ਨੂੰ ਪ੍ਰਗਟਾਉਂਦੀ ਹੈ। ਇਸਤਰੀ ਦੁਆਰਾ ਵਰਤੀ ਗਈ ਭਾਸ਼ਾ ਹਉਮੈਂ ਤੋਂ ਪਰ੍ਹੇ ਆਤਮਿਕ ਅਹਿਸਾਸਾਂ ਨਾਲ ਵਧੇਰੇ ਜੁੜੀ ਹੋਵੇਗੀ। ਅਜਿਹੀ ਲਿਖਤ ਮਰਦ ਪ੍ਰਧਾਨਤਾ ਲਈ ਵੰਗਾਰ ਦਾ ਰੂਪ ਧਾਰਨ ਕਰੇਗੀ। ਸਿੱਖੂ ਦੀ ਪਹਿਲੀ ਕੋਸ਼ਿਸ਼ ਹੀ ਇਹ ਸੀ ਕਿ ਇਸਤਰੀ ਦੇ ਅਨੁਭਵ ਨੂੰ ਭਾਸ਼ਾ ਰਾਹੀਂ ਪੇਸ਼ ਕੀਤਾ ਜਾ ਸਕੇ। ਇਸਤਰੀ ਦੇ ਇਸ ਖ਼ੂਬਸੂਰਤ ਅਨੁਭਵ ਨੂੰ ਮਰਦਾਵੀਂ ਸੋਚ ਨੇ ਦਬਾਇਆ ਹੋਇਆ ਹੈ। ਜਿਸ ਤੋਂ ਆਜ਼ਾਦੀ ਲਈ ਸਿੱਖੂ ਵੀ ਇਰੀਗੈਰੇ ਵਾਂਗ ਭਾਸ਼ਾ ਦੀ ਦੁਨੀਆ ਵਿੱਚ ਨਵੀਨਤਾ ਦੀ ਗੱਲ ਕਰਦੀ ਹੈ। ਸਿੱਖੂ ਦਾ ਕਹਿਣਾ ਹੈ ਕਿ ਇਸਤਰੀਆਂ ਨੂੰ ਖ਼ੁਦ ਲਿਖਣਾ ਚਾਹੀਦਾ ਹੈ। ਇਸਤਰੀਆਂ ਨੂੰ ਆਪਣੇ ਬਾਰੇ ਲਿਖਣ ਦੀ ਲੋੜ ਜਾਪਦੀ ਹੈ। ਇਸਤਰੀਆਂ ਨੂੰ ਲਿਖਤ ਵਿੱਚ ਆਪਣੀ ਹੋਂਦ ਬਣਾਉਣੀ ਪਵੇਗੀ ਕਿਉਂਕਿ ਸਰੀਰਕ ਪੱਖ ਦੇ ਨਾਲ-ਨਾਲ ਇਸ ਪੱਖ ਤੋਂ ਵੀ ਉਹਨਾਂ ਨਾਲ ਵਿਤਕਰਾ ਕੀਤਾ ਗਿਆ ਹੈ। ਇਸਤਰੀਆਂ ਨੂੰ ਲਿਖਤ ਦੀ ਦੁਨੀਆ ਅਤੇ ਇਤਿਹਾਸ ਵਿੱਚ ਆਪਣੇ ਆਪ ਨੂੰ ਸੰਘਰਸ਼ ਰਾਹੀਂ ਖੜਾ ਕਰਨਾ ਚਾਹੀਦਾ ਹੈ।[73] ਇਸਤਰੀ ਦੇਹ ਦੀ ਮਹਾਨਤਾ ਵਾਂਗ ਇਸਤਰੀ ਦੇ ਹੱਥ ਵਿੱਚ ਅਜੀਬ ਕਿਸਮ ਦਾ ਬਲ ਹੈ, ਜੋ ਆਪਣੇ ਆਪ ਵਿੱਚ ਵਿਲੱਖਣਤਾ ਹੈ। ਥੇਰੀਗਾਥਾ ਗ੍ਰੰਥ ਦੀ ਤੁਲਨਾ ਵਿੱਚ ਥੇਰਗਾਥਾ ਗ੍ਰੰਥ ਕੁੱਝ ਖੁਸ਼ਕ ਵਿਚਾਰਾਂ ਅਤੇ ਨਿਰਜੀਵ/ ਨਿਰਜਿੰਦ

72 "Buddhism seems to be the first Religion where woman's right for self-realization has not only been accepted in principle but has also been actualized in practice."
Lata Chhatre, 'Empowerment of women: The Buddhist Perspective', *Feminism in Search of Identity: The Indian Context*, Meena Kelkar and Deepti Gangavane (eds.), p. 137.

73 "I shall speak about women's writing: about what it will do. Woman must write herself: must write about women and bring women nto writing from which they have been driven away as violently as from their bodies-for the same reasons, by the same law, with the same fatal goal. Woman must put herself into the text-as into the world and into history-by her own movement."
Helene Cixous, 'The Laugh of Medusa', *Feminism: An Anthology of Literary Theory and Criticism,* Robyn R. WarChal & Diane Price Herndl (eds.), p.334;
"She must write herself, because this is the invention of a new insurgent writing which, when the moment of her liberation has come, will allow her to carry out the indispensable ruptures and transformations in her history, first at two levels that cannot be separated."
Ibid, p. 337.

ਪ੍ਰਤੀਤ ਹੁੰਦਾ ਹੈ।[74] ਥੇਰੀਗਾਥਾ ਗ੍ਰੰਥ ਵਧੇਰੇ ਸੱਚਾਈ ਅਤੇ ਭਾਵਨਾਵਾਂ ਨਾਲ ਯੁਕਤ ਹੈ ਕਿਉਂਕਿ ਇਹ ਇਸਤਰੀਆਂ ਦੀ ਲਿਖਤ ਹੈ। ਜਿਸ ਆਜ਼ਾਦੀ ਲਈ 20ਵੀਂ ਸਦੀ ਵਿੱਚ ਸੰਘਰਸ਼ ਚੱਲ ਰਿਹਾ ਹੈ ਉਹ ਆਜ਼ਾਦੀ ਮਹਾਤਮਾ ਬੁੱਧ ਦੇ ਸਮੇਂ ਇਸਤਰੀਆਂ ਨੂੰ ਪ੍ਰਾਪਤ ਸੀ। ਇਸਤਰੀਆਂ ਨੇ ਖ਼ੁਦ ਸਾਧਨਾ ਰਾਹੀਂ ਜੀਵਨ ਦੇ ਅਸਲ ਰਹੱਸ ਨੂੰ ਜਾਣਿਆ ਅਤੇ ਉਸਨੂੰ ਲਿਖਤ ਰੂਪ ਵੀ ਮਿਲਿਆ।

ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਇਸ ਹੱਕਦਾਰ ਵੀ ਸਮਝਿਆ ਕਿ ਉਹ ਖ਼ੁਦ ਸੱਚ ਦੇ ਰਾਹ ਚੱਲਣ ਦੇ ਨਾਲ-ਨਾਲ ਦੂਜਿਆਂ ਨੂੰ ਵੀ ਪ੍ਰਚਾਰ ਰਾਹੀਂ ਇਸ ਰਾਹੇ ਤੋਰ ਸਕਦੀਆਂ ਹਨ। ਮਹਾਤਮਾ ਬੁੱਧ ਨੇ ਖ਼ੁਦ ਧੱਮਦਿੱਨਾ ਨੂੰ ਮਹਾਨ ਉਪਦੇਸ਼ਿਕਾ ਜਾਂ ਪ੍ਰਚਾਰਕ ਹੋਣ ਦਾ ਮਾਣ ਬਖ਼ਸ਼ਿਆ ਹੈ।[75] ਇਸੇ ਤਰ੍ਹਾਂ ਸੁੱਕਾ ਜਿਸਦੇ ਉਪਦੇਸ਼ਾਂ ਦੇ ਰਸ ਦੀ ਪ੍ਰਸੰਸਾਂ ਦੂਰ-ਦੂਰ ਤੱਕ ਫੈਲੀ ਹੋਈ ਸੀ। ਕੁੰਡਲਕੇਸ ਨੇ ਅੰਗ, ਮਗਧ, ਵਜੀ, ਕਾਸੀ ਅਤੇ ਕੋਸ਼ਲ ਆਦਿ ਥਾਵਾਂ 'ਤੇ ਘੁੰਮ ਘੁੰਮ ਕੇ ਪ੍ਰਚਾਰ ਕੀਤਾ। ਪਰ ਆਧੁਨਿਕ ਸਮਿਆਂ ਵਿੱਚ ਇਸਤਰੀਆਂ ਘਰਾਂ ਤੋਂ ਬਾਹਰ ਨਿਕਲਣ ਦੀ ਸੁਤੰਤਰਤਾ ਹਾਸਲ ਕਰਨਾ ਲੋਚਦੀਆਂ ਹਨ। ਭਿੱਖਣੀਆਂ ਵਿੱਚੋਂ ਕੁੱਝ ਯੋਗ ਇਸਤਰੀਆਂ ਭਿੱਖਣੀਆਂ ਦੀਆਂ ਮੁਖੀ ਵੀ ਨਿਯੁਕਤ ਕੀਤੀਆਂ ਗਈਆ ਸਨ। ਜਿਵੇਂ ਸੁੱਕਾ, ਪਟਾਚਾਰਾ ਜੋ 500-500 ਭਿੱਖਣੀਆਂ ਦੀਆਂ ਮੁਖੀ ਨਿਰਧਾਰਿਤ ਹੋਈਆਂ ਸਨ। ਬੁੱਧ ਧਰਮ ਦੀ ਬਦੌਲਤ ਇਸਤਰੀ ਸਿੱਖਿਆ ਦੀ ਅਧਿਕਾਰੀ ਵੀ ਬਣੀ। ਇਸਤਰੀ ਸਿੱਖਿਆ ਵਿੱਚ ਭਿੱਖਣੀਆਂ ਦਾ ਸਭ ਤੋਂ ਅਹਿਮ ਰੋਲ ਹੈ। ਉਹ ਖ਼ੁਦ ਇਸ ਰਾਹੇ ਚੱਲੀਆਂ ਅਤੇ ਦੂਸਰਿਆਂ ਲਈ ਵੀ ਆਦਰਸ਼ ਇਸਤਰੀਆਂ ਬਣੀਆਂ।[76] ਖੇਮਾ, ਜਿਸਦੀ ਬੁੱਧੀਮਤਾ ਨੂੰ ਮਹਾਤਮਾ ਬੁੱਧ ਨੇ ਵੀ ਸਲਾਹਿਆ ਹੈ। ਇੱਥੋਂ ਤੱਕ ਕਿ ਮਹਾਤਮਾ ਬੁੱਧ ਇਸਤਰੀ ਨੂੰ ਇੰਨੀ ਸੂਝਮਤਾ ਵਾਲੀ ਮੰਨਦੇ ਹੋਏ ਉਹਨਾਂ ਨਾਲ ਕਈ ਮਾਮਲਿਆਂ ਵਿੱਚ ਸਲਾਹ ਮਸ਼ਵਰੇ ਵੀ ਕਰਦੇ ਸਨ। ਮਹਾਤਮਾ ਬੁੱਧ ਇਸਤਰੀਆਂ ਵਿੱਚ ਹਰ ਉਹ ਕਾਬਲੀਅਤ ਮੰਨਦੇ ਸਨ ਆਮਤੌਰ 'ਤੇ ਜਿਹਨਾਂ ਦੇ ਹੱਕਦਾਰ ਮਰਦਾਂ ਨੂੰ ਸਮਝਿਆ ਜਾਂਦਾ ਸੀ।

---

74 "In contrast with the bustling vitality presented in the Therigatha and the Theragatha's descriptions are dry and lifeless."
Kathryn R. Blackstone, *Women in the Footsteps of the Buddha: Struggle for Liberation in the Therigatha*, Motilal Banarsidass, Publishers, Delhi, 2000, p. 42.

75 *ANguqr inkwX,* phlw Bwg, BdNq AwnNd kOsØXwXn (Anu.), mhwboiD sBw, klkÁw, 1957, pNnw 25.

76 ".. the bhikkunis had a vital role to play in educating women and were in a very real sense important role models."
Theodora Foster Caroll, *Women Religion and Development in the Third World*, Praeger Special Studies, New York, 1983, p. 106.

ਸੀਮੋਨ ਦੁ ਬੁਵਆਰ ਨੇ ਆਪਣੀ ਪੁਸਤਕ ਦੇ ਅਖੀਰ ਵਿੱਚ ਇਹ ਇੱਛਾ ਲਿੱਖਦੀ ਹੈ ਕਿ ਅਜਿਹੇ ਮਾਹੌਲ ਦੀ ਜ਼ਰੂਰਤ ਹੈ ਜਿਸ ਵਿੱਚ ਲੜਕੇ ਲੜਕੀ ਦਾ ਪਾਲਨ ਪੋਸ਼ਣ ਇੱਕ ਬਰਾਬਰ ਹੋਵੇ ਅਤੇ ਦੋਵਾਂ ਨੂੰ ਇੱਕੋ ਜਿਹਾ ਸਮਝਿਆ ਜਾਵੇ। ਮਹਾਤਮਾ ਬੁੱਧ ਨੇ ਲੜਕੀ ਨੂੰ ਵੀ ਬੁੱਧੀਮਾਨ, ਗੁਣੀ ਅਤੇ ਚੰਗੀ ਸੰਤਾਨ ਕਿਹਾ। ਉਹਨਾਂ ਕਿਹਾ ਕਈ ਇਸਤਰੀਆਂ ਤਾਂ ਮਰਦਾਂ ਤੋਂ ਵੀ ਵੱਧ ਚੜ੍ਹ ਕੇ ਹੁੰਦੀਆਂ ਹਨ।[77]

ਨਾਰੀਵਾਦ ਸੋਚ ਸਦਕਾ ਪੈਦਾ ਹੋਏ ਮਰਦ ਇਸਤਰੀ ਦੇ ਆਪਸੀ ਵਿਰੋਧ ਨੇ ਪਤੀ ਪਤਨੀ ਦੇ ਰਿਸ਼ਤੇ ਉੱਪਰ ਬਹੁਤ ਬੁਰਾ ਅਸਰ ਪਾਇਆ ਹੈ। ਪਤੀ-ਪਤਨੀ ਆਪਸ ਵਿੱਚ ਪਿਆਰ ਨਾਲ ਰਹਿਣ ਦੀ ਬਜਾਇ ਇੱਕ ਦੂਜੇ ਨੂੰ ਆਪਣੀ ਜ਼ਿੰਦਗੀ ਵਿੱਚ ਰੁਕਾਵਟ ਸਮਝਦੇ ਹਨ। ਮਹਾਤਮਾ ਬੁੱਧ ਨੇ ਗ੍ਰਹਿਸਤ ਵਿੱਚ ਰਹਿਣ ਵਾਲਿਆਂ ਲਈ ਵੱਖਰੇ ਨਿਯਮ ਨਿਰਧਾਰਿਤ ਕੀਤੇ ਹੋਏ ਹਨ। ਪੰਜਸ਼ੀਲ ਨਿਯਮਾਂ ਤੋਂ ਇਲਾਵਾ ਪਤੀ-ਪਤਨੀ ਦੇ ਆਪਸੀ ਰਿਸ਼ਤੇ ਵਿੱਚ ਪਿਆਰ ਅਤੇ ਵਫਾਦਾਰੀ ਕਾਇਮ ਰਹਿਣ ਲਈ ਮਹਾਤਮਾ ਬੁੱਧ ਨੇ ਸਮੇਂ-ਸਮੇਂ ’ਤੇ ਕਈ ਸਿੱਖਿਆਵਾਂ ਦਿੱਤੀਆਂ ਹਨ। ਦੋਵਾਂ ਨੂੰ ਇੱਕ ਦੂਸਰੇ ਪ੍ਰਤੀ ਸਮਰਪਿਤ ਹੁੰਦੇ ਹੋਏ ਜੀਵਨ ਗੁਜਾਰਨ ਦੀ ਸੀਖ ਦਿੱਤੀ। ਮਹਾਤਮਾ ਬੁੱਧ ਨੇ ਪਤਨੀ ਦਾ ਸਨਮਾਨ ਕਰਨ, ਉਸ ਦਾ ਅਪਮਾਨ ਨਾ ਕਰਨ ਅਤੇ ਸਭ ਤੋਂ ਵੱਡੀ ਗੱਲ ਆਪਣੀ ਪਤਨੀ ਤੋਂ ਇਲਾਵਾ ਪਰਾਈ ਇਸਤਰੀ ਬਾਰੇ ਸੋਚਣ ਤੋਂ ਵੀ ਮਨ੍ਹਾਂ ਕੀਤਾ। ਮਹਾਤਮਾ ਬੁੱਧ ਨੇ ਪਤੀ-ਪਤਨੀ ਦੋਵਾਂ ਨੂੰ ਇੱਕ ਦੂਜੇ ਨਾਲ ਸਬਰ ਸੰਤੋਖੀ ਜੀਵਨ ਜਿਉਣ ਦੀ ਤਾਕੀਦ ਕੀਤੀ। ਮਹਾਤਮਾ ਬੁੱਧ ਨੇ ਇਸਤਰੀ ਦੀ ਸਿਰਜਣ ਸਮਰੱਥਾ ਦੀ ਮਹਾਨਤਾ ਤੋਂ ਰੂਬਰੂ ਕਰਵਾਉਂਦੇ ਹੋਏ ਮਾਂ ਨੂੰ ਗੁਰੂ ਬਰਾਬਰ ਪੂਜਣ ਯੋਗ ਮੰਨਿਆ। ਮਹਾਹੰਸ ਜਾਤਕ ਅਨੁਸਾਰ ਇਸਤਰੀ ਗੁਣਾਂ ਦੀ ਖਾਨ ਹੈ, ਉਸਨੂੰ ਨਿੰਦਣਾ ਨਹੀਂ ਚਾਹੀਦਾ। ਸੰਸਾਰ ਵਿੱਚ ਇਸਤਰੀ ਦੀ ਪਹਿਲਾਂ ਉਤਪਤੀ ਹੋਈ ਹੈ। ਇਸਤਰੀ ਵਿੱਚ ਹੀ ਬੀਜ ਪੁੰਗਰਦਾ ਹੈ ਅਤੇ ਉਸ ਤੋਂ ਹੀ ਪ੍ਰਾਣੀ ਪੈਦਾ ਹੁੰਦੇ ਹਨ।[78] ਇਹ ਵਿਚਾਰ ਬੁੱਧ ਧਰਮ ਵਿੱਚਲੀ ਇਸਤਰੀ ਦੇਹ ਦੀ ਮਹਾਨਤਾ ਨੂੰ ਬਿਆਨ ਕਰਦਾ ਹੈ।

ਨਾਰੀਵਾਦੀ ਚਿੰਤਕਾਂ ਦੀਆਂ ਮੰਗਾਂ ਮੁੱਖ ਰੂਪ ਵਿੱਚ ਇਸਤਰੀ ਨਾਲ ਹੁੰਦੀ ਜ਼ਬਰਦਸਤੀ ਦੇ ਖ਼ਿਲਾਫ਼ ਹਨ। ਜਿਵੇਂ ਜੋਨ ਸਟੂਅਰਟ ਮਿਲ ਇਸਤਰੀ ਦੀ ਸਵੈ ਇੱਛਾ ਅਨੁਸਾਰ ਕੰਮ ਕਰਨ ਦੀ ਆਜ਼ਾਦੀ ਦੀ ਮੰਗ ਕਰਦੇ ਹਨ। ਮਹਾਤਮਾ ਬੁੱਧ ਨੇ ਖ਼ੁਦ ਇਸਤਰੀ ਜਜ਼ਬਾਤਾਂ ਦੀ ਕਦਰ ਕੀਤੀ। ਮਹਾਤਮਾ ਬੁੱਧ ਦਾ ਕਹਿਣਾ ਹੈ ਕਿ ਲੜਕੀਆਂ ਦੀ ਇੱਛਾ ਦੇ ਖ਼ਿਲਾਫ਼ ਘਰ ਨਹੀਂ ਵਸਾਇਆ ਜਾ ਸਕਦਾ, ਅਜਿਹਾ ਕਰਨ ਵਾਲੇ ਪਰਿਵਾਰ

77 *sNXuÁ inkwX,* phlw Bwg, iBKu jgdIS kwÜXp Ev< iBKu Dm~ri@q (Anu.), mhwboiD sBw, bnwrs, 1954, pNnw 78.

78 *jwqk*, pWcvw Bwg, BdNq AwnNd kOsØXwXn (Anu.), ihNdI swihËX sMmyln, pRXwg, 1951, pNny 450-451.

ਤਰੱਕੀ ਹਾਸਲ ਨਹੀਂ ਕਰ ਸਕਦੇ।[79] ਨਾਰੀਵਾਦ ਦੇ ਸਿਧਾਂਤਾਂ ਅਨੁਸਾਰ ਇਸਤਰੀ ਦਾ ਸਵੈਨਿਰਭਰ ਹੋਣਾ ਹੀ ਉਸਦੀ ਆਜ਼ਾਦੀ ਹੈ। ਮਹਾਤਮਾ ਬੁੱਧ ਨੇ ਦੂਸਰੇ ਉੱਪਰ ਨਿਰਭਰਤਾ ਨੂੰ ਸਭ ਤੋਂ ਵੱਡਾ ਦੁੱਖ ਦੱਸਿਆ ਹੈ।

ਨਾਰੀਵਾਦੀ ਚਿੰਤਕ ਮਰਦਾਂ ਦੇ ਮਹਾਨ ਕਾਰਜਾਂ ਪਿੱਛੇ ਇਸਤਰੀ ਦੀ ਸੋਚ ਨੂੰ ਹਾਜ਼ਰ ਮੰਨਦੇ ਹਨ। ਜੋਨ ਸਟੂਅਰਟ ਮਿਲ ਆਪਣੀ ਮਹਾਨ ਲਿਖਤ ਦੇ ਪਿੱਛੇ ਵੀ ਇਸਤਰੀ ਦੀ ਸੋਚ ਬਾਰੇ ਦੱਸਦੇ ਹਨ। ਬੇਸ਼ੱਕ ਇਸਤਰੀ ਨੂੰ ਸਿੱਧੇ ਲਿਖਤ ਪਿਛੇ ਪ੍ਰਵਾਨ ਨਹੀਂ ਕੀਤਾ ਜਾਂਦਾ ਪਰ ਕਿਤੇ ਨਾ ਕਿਤੇ ਉਸਦੇ ਵਿਚਾਰਾਂ ਦਾ ਅਸਰ ਜ਼ਰੂਰ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਮਹਾਤਮਾ ਬੁੱਧ ਦੇ ਜੀਵਨ ਦੇ ਵੱਡੇ ਬਦਲਾਅ ਪਿੱਛੇ ਇਸਤਰੀ ਦੀ ਸੋਚ ਨਜ਼ਰ ਆਉਂਦੀ ਹੈ। ਘਰ ਤਿਆਗਣ ਵੇਲੇ ਦੇ ਦ੍ਰਿਸ਼ਾਂ ਵਿੱਚ ਕਿੱਸਾ ਗੌਤਮੀ ਦੇ ਬੋਲਾਂ, ਗਿਆਨ ਪ੍ਰਾਪਤੀ ਦੇ ਸਮੇਂ ਨੱਚਣ ਵਾਲੀ ਦੇ ਬੋਲਾਂ ਅਤੇ ਹਿੰਮਤ ਦੇਣ ਲਈ ਸੁਜਾਤਾ ਦੀ ਖੀਰ ਦਾ ਬਹੁਤ ਵੱਡਾ ਰੋਲ ਹੈ। ਮਹਾਤਮਾ ਬੁੱਧ ਦੀ ਨਜ਼ਰ ਵਿੱਚ ਭੇਦਭਾਵ ਚੰਗੇ ਅਤੇ ਮਾੜੇ ਇਨਸਾਨ ਦਾ ਸੀ, ਮਰਦ ਇਸਤਰੀ ਦਾ ਨਹੀਂ। ਜੇਕਰ ਇਸਤਰੀ ਨੂੰ ਨੀਵਾਂ ਸਮਝਣ ਦੀ ਸੋਚ ਹੁੰਦੀ ਤਾਂ ਕਦੇ ਵੀ ਇਸਤਰੀ ਦੇ ਬੋਲ ਉਹਨਾਂ ਉੱਪਰ ਇੰਨਾਂ ਵੱਡਾ ਅਸਰ ਨਾ ਪਾਉਂਦੇ।

ਸੀਮੋਨ ਇੱਕ ਉਦਾਹਰਣ ਰਾਹੀਂ ਮਰਦਾਂ ਦੀ ਮਾਨਸਿਕਤਾ ਨੂੰ ਬਿਆਨ ਕਰਦੀ ਹੈ, ਦੋ ਲੜਕੀਆਂ ਛੋਟੀ ਉਮਰ ਦੀਆਂ, ਜਿਹਨਾਂ ਨੂੰ ਸਰੀਰਕ ਧੰਦੇ ਦੇ ਦੋਸ਼ ਵਿੱਚ ਜੱਜ ਅੱਗੇ ਪੇਸ਼ ਕੀਤਾ ਗਿਆ। ਇਹਨਾਂ ਵਿੱਚੋਂ ਇੱਕ ਲੜਕੀ ਜਦੋਂ ਆਪਣੇ ਗ੍ਰਾਹਕ ਦਾ ਨਾਮ ਲੈਣ ਲੱਗੀ ਤਾਂ ਜੱਜ ਨੇ ਉਸਨੂੰ ਝਿੜਕਿਆਂ ਕਿ ਕਿਸੇ ਇੱਜ਼ਤਦਾਰ ਆਦਮੀ ਉੱਪਰ ਦੋਸ਼ ਲਗਾਉਣਾ ਗ਼ਲਤ ਹੈ। ਸੀਮੋਨ ਚਿੰਤਾ ਜਤਾਉਂਦੀ ਹੈ ਕਿ ਕਿਸੇ ਬੱਚੀ ਦਾ ਕੁਵਾਰਾਪਣ ਭੰਗ ਕਰਕੇ ਕੋਈ ਇਨਸਾਨ ਇੱਜ਼ਤਦਾਰ ਕਿਵੇਂ ਰਹਿ ਸਕਦਾ ਹੈ। ਬੱਚੀ ਜੋ ਅਜੇ ਜਵਾਨ ਵੀ ਨਹੀਂ ਹੋਈ ਸੀ ਉਹ ਵਿਭਚਾਰੀ ਕਹੀ ਗਈ। ਇੱਥੇ ਮਰਦ ਖ਼ੁਦ ਆਦਰਸ਼ਮਈ ਬਣ ਕੇ ਬੈਠਾ ਪਰ ਇਸਤਰੀ ਨੂੰ ਆਪਣੇ ਹੀ ਲਾਭ ਲਈ ਬੁਰਿਆਈ ਦੇ ਰਾਹੇ ਤੋਰਦਾ ਹੈ।[80] ਅਮਰਪਾਲੀ ਦੇ ਵੇਸਵਾ ਬਣਨ ਪਿੱਛੇ ਵੀ ਕੋਈ ਨਿਜੀ ਮਕਸਦ ਨਹੀਂ ਸੀ, ਸਗੋਂ ਇਸਦੀ ਸੁੰਦਰਤਾ ਕਾਰਨ ਸਾਰੇ ਅਮੀਰ ਲੋਕਾਂ ਨੇ ਅਮਰਪਾਲੀ ਨੂੰ ਸਰਬਸਾਂਝੀ ਰੱਖਣ ਦਾ ਫੈਸਲਾ ਲਿਆ। ਬਾਅਦ ਵਿੱਚ ਇਹਨਾਂ ਮਰਦਾਂ ਵੱਲੋਂ ਹੀ ਅਮਰਪਾਲੀ ਨੂੰ ਨੀਵਾਂ ਸਮਝਿਆ ਜਾਣ ਲੱਗਿਆ। ਸ਼ਾਇਦ ਮਹਾਤਮਾ ਬੁੱਧ ਇਸਤਰੀ ਦੇ ਇਸ ਦੁੱਖ ਤੋਂ ਜਾਣੂ ਸਨ, ਉਹਨਾਂ ਨੇ ਅਮਰਪਾਲੀ ਨੂੰ ਦੋਸ਼ੀ ਵਜੋਂ ਨਹੀਂ ਦੇਖਿਆ। ਅਮਰਪਾਲੀ (ਨਰਤਕੀ/ਵੇਸ਼ਵਾ) ਦੁਆਰਾ ਘਰ ਨਿਉਤਾ ਦੇਣ 'ਤੇ

---

79 *dIG inkwX*, pNnw 119.

80 "..the police discovered two little girls of twelve or thirteen in a bordello; a trial was held where they testified; they spoke of their clients, who were important gentlemen; one of them opened her mouth to give a name. The judge abruptly stopped her: Do not sully the name of an honest man! ….. gambels her moral value in the contingent region of sexuality: she is perverted, corrupted, deparved and good only for the reformatory. "
Simone De Beauvoir, *The Second Sex*, pp. 652-653.

ਮਹਾਤਮਾ ਬੁੱਧ ਨੇ ਬਿਨਾਂ ਹਿਚਕਿਚਾਹਟ ਤੋਂ ਸਵੀਕਾਰ ਕੀਤਾ। ਅਜਿਹਾ ਕਰਕੇ ਮਹਾਤਮਾ ਬੁੱਧ ਨੇ ਇਹ ਮਿਸਾਲ ਕਾਇਮ ਕੀਤੀ ਕਿ ਉਹ ਇਸਤਰੀ ਦੋਸ਼ੀ ਨਹੀਂ ਹੈ ਜਿਸਨੂੰ ਮਰਦਾਂ ਦੀ ਮਾੜੀ ਬਿਰਤੀ ਨੇ ਗਲਤ ਰਾਹੇ ਤੋਰਿਆ ਹੋਵੇ। ਮਹਾਤਮਾ ਬੁੱਧ ਘਰਾਂ ਵਿੱਚ ਕੰਮ ਕਰਨ ਵਾਲੇ ਦਾਸਾਂ ਲਈ ਵੀ ਨਿਯਮ ਨਿਰਧਾਰਿਤ ਕਰਦੇ ਹਨ ਤਾਂਕਿ ਉਹਨਾਂ ਦਾ ਜੀਵਨ ਵੀ ਸੁਖਾਲਾ ਹੋ ਸਕੇ। ਇਸ ਤੋਂ ਇਲਾਵਾ ਮਹਾਤਮਾ ਬੁੱਧ ਨੇ ਸੰਘ ਵਿੱਚ ਸ਼ਾਮਿਲ ਹੋਣ ਸਮੇਂ ਕਿਸੇ ਰੰਗ, ਨਸਲ, ਜਾਤ ਦਾ ਭੇਦ ਨਹੀਂ ਕੀਤਾ ਸੀ। ਜਿਵੇਂ ਖਜੁੱਤਰਾ ਦਾਸੀ ਦਾ ਨਾਮ ਮਹਾਨ ਉਪਾਸਿਕਾਵਾਂ ਵਜੋਂ ਲਿਆ ਜਾਂਦਾ ਹੈ। ਬੁੱਧ ਧਰਮ ਵਿੱਚਲੇ ਸਿਧਾਂਤ ਸਮਾਨਤਾ ਨੂੰ ਕੇਂਦਰਿਤ ਮੰਨ ਕੇ ਦਿੱਤੇ ਗਏ ਹਨ। ਪਰ ਨਾਰੀਵਾਦ ਦੇ ਮੁੱਖ ਤੌਰ ’ਤੇ ਅਮੀਰ ਅਤੇ ਗੌਰੀਆਂ ਇਸਤਰੀਆਂ ਦੇ ਹੱਕਾਂ ਵਿੱਚ ਖੜਾ ਹੋਣ ਕਾਰਨ ਬਲੈਕ ਨਾਰੀਵਾਦ ਹੋਂਦ ਵਿੱਚ ਆਇਆ। ਬਲੈਕ ਨਾਰੀਵਾਦ ਰੰਗ ਦੇ ਭੇਦਭਾਵ ਵਿੱਚੋਂ ਉਪਜਿਆ ਇੱਕ ਸਿਧਾਂਤ ਹੈ, ਜੋ ਬਿਨਾਂ ਭੇਦਭਾਵ ਦੇ ਮਨੁੱਖਤਾ ਦੀ ਗੱਲ ਕਰਦਾ ਹੈ।

**ਸਿੱਖ ਧਰਮ:** ਨਾਰੀਵਾਦੀ ਸੋਚ ਅਨੁਸਾਰ ਇਸਤਰੀ ਦੀਆਂ ਭਾਵਨਾਵਾਂ ਨੂੰ ਇੱਕ ਇਸਤਰੀ ਹੀ ਸਮਝ ਸਕਦੀ ਹੈ। ਇਸ ਸੋਚ ਦੀ ਪ੍ਰੋੜ੍ਹਤਾ ਟੋਰਿਲ ਮੋਇ ਕਰਦੀ ਹੋਈ ਕਹਿੰਦੀ ਹੈ ਕਿ ਮਰਦਾਂ ਲਈ ਇਸਤਰੀ ਦੇ ਮਾਮਲੇ ਨੂੰ ਸਮਝਣਾ ਮੁਸ਼ਕਿਲ ਹੈ। ਮਰਦ ਨਾਰੀਵਾਦੀ ਤਾਂ ਬਣ ਸਕਦੇ ਹਨ ਪਰ ਉਹਨਾਂ ਲਈ ਇਸਤਰੀ ਬਣਨਾ ਮੁਮਕਿਨ ਨਹੀਂ।[81] ਪਰ ਇਹਨਾਂ ਵਿਚਾਰਾਂ ਨੂੰ ਬਹੁਤ ਸਮਾਂ ਪਹਿਲਾਂ ਹੀ ਬੁੱਧ ਅਤੇ ਸਿੱਖ ਧਰਮ ਦੇ ਸੰਸਥਾਪਕਾਂ ਨੇ ਨਕਾਰ ਦਿੱਤਾ ਸੀ।

ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਨੇ ਸਮਾਜਿਕ ਹਾਲਤਾਂ ਵਿੱਚ ਸੁਧਾਰ ਕਰਨ ਲਈ ਪਹਿਲਾ ਕਦਮ ਲੋਕਾਂ ਦੀ ਮਾਨਸਿਕ ਸੋਚ ਵਿੱਚ ਬਦਲਾਅ ਲਿਆਉਣ ਦਾ ਚੁੱਕਿਆ ਸੀ। ਗੁਰੂ ਸਾਹਿਬ ਨੇ ਸਾਰਿਆਂ ਨੂੰ ਉੱਚੇ-ਨੀਵੇਂ ਜਿਹੇ ਵਿਚਾਰਾਂ ਨੂੰ ਤਿਆਗ ਕੇ ਆਪਸ ਵਿੱਚ ਪਿਆਰ ਅਤੇ ਭਰਾਤਰੀ ਭਾਵ ਨਾਲ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬਾਨ ਲਈ ਸਾਰੀ ਲੋਕਾਈ ਇੱਕ ਬਰਾਬਰ ਸੀ, ਕੋਈ ਮਜ਼ਹਬ, ਰੰਗ, ਨਸਲ ਦਾ ਭੇਦਭਾਵ ਨਹੀਂ ਸੀ, ਅਜਿਹੀ ਸੋਚ ਰਾਹੀਂ ਹੀ ਅੱਜ ਦੇ ਵਿਸ਼ਵੀਕਰਨ(Globalization) ਦੇ ਸੰਦਰਭ ਵਿੱਚ, ਭਾਈਚਾਰਕ ਭਾਵਨਾ ਕਾਇਮ ਕੀਤੀ ਜਾ ਸਕਦੀ ਹੈ। ਨਾਰੀਵਾਦੀ ਸੋਚ ਦਾ ਮੁਢ ਇਨਸਾਨ ਨੂੰ ਦੋ ਰੂਪਾਂ ਵਿੱਚ ਸਮਝਣ ਨਾਲ ਸ਼ੁਰੂ ਹੁੰਦਾ ਹੈ: ਇੱਕ ਮਰਦ ਅਤੇ ਦੂਜਾ ਇਸਤਰੀ। ਨਾਰੀਵਾਦ ਦੀ ਜੜ੍ਹ ਹੀ ਵਖਰੇਵੇਂ ਨੂੰ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਇਨਸਾਨਾਂ ਨੂੰ ਇੱਕ ਜਿਹੇ ਪੰਜ ਤੱਤਾਂ (ਪ੍ਰਿਥਵੀ, ਜਲ, ਅਗਨੀ, ਵਾਯੂ, ਆਕਾਸ਼) ਨਾਲ ਬਣੇ ਹੋਏ ਮੰਨਿਆ ਹੈ। ਇਹਨਾਂ ਪੰਜ ਤੱਤਾਂ ਦੇ

---

[81] “Assuming that men’s brains are not structurally incapable of grasping these issues, such an analysis is clearly available to men as well as women. Men can therefore be feminist. But – and this is crucial- they can not be women.”
Toril Moi, ‘Men Against Patriarchy’, *Gender and Theory: Dialogues on Feminist Criticism,* Linda Kauffman (ed.), Basil Blackwell, Oxford, 1990, p. 183.

ਸੁਮੇਲ ਤੋਂ ਬਣੇ ਇਸ ਮਿੱਟੀ ਦੇ ਪੁਤਲੇ ਵਿੱਚ ਬੁੱਧੀ ਚੇਤਨਾ ਦਾ ਪ੍ਰਕਾਸ਼ ਇੱਕੋ ਪਰਮ ਸੱਚ ਦੀ ਬਖ਼ਸ਼ਿਸ਼ ਨਾਲ ਹੀ ਹੁੰਦਾ ਹੈ। ਜਿਸ ਦੇ ਪ੍ਰਕਾਸ਼ ਵਿੱਚ ਮਨੁੱਖਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਗਿਆ ਕਿ ਇਹ ਮਰਦ ਹੈ ਜਾਂ ਇਸਤਰੀ। ਸਭ ਦੇ ਅੰਦਰ ਪਰਮਾਤਮਾ ਨੇ ਇੱਕ ਜੋਤਿ ਰੱਖੀ ਹੈ, ਜਿਸ ਦੇ ਹੱਕਦਾਰ ਸਾਰਿਆਂ ਨੂੰ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਰਦ ਇਸਤਰੀ, ਚੰਗੇ ਮਾੜੇ ਦਾ ਕੋਈ ਭੇਦ ਨਹੀਂ ਸਾਰੀ ਉਸ ਪਰਮ ਸੱਚ ਦੀ ਰਚਨਾ ਹੀ ਹੈ। 'ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ॥'[82] 'ਕਉਨ ਕੋ ਪੁਰਖੁ ਕਉਨ ਕੀ ਨਾਰੀ॥ ਇਆ ਤੱਤ ਲੇਹੁ ਸਰੀਰ ਬਿਚਾਰੀ॥'[83] ਮਰਦ ਇਸਤਰੀ ਵਿੱਚ ਤਾਂ ਕੋਈ ਵਖਰੇਵਾਂ ਨਹੀਂ ਸਗੋਂ ਇਹ ਸਾਰੇ ਵਖਰੇਵੇਂ ਮਨੁੱਖ ਦੀ ਹਉਮੈਂ ਭਰੀ ਸੋਚ ਦੀ ਉਪਜ ਹੀ ਹਨ। ਅਜਿਹੀ ਸੋਚ ਨੂੰ ਸੀਮੋਨ ਦ ਬੂਵਆਰ ਨੇ ਵੀ ਪੇਸ਼ ਕੀਤਾ ਹੈ, ਕੋਈ ਜੰਮਦੀ ਹੀ ਇਸਤਰੀ ਨਹੀਂ ਹੁੰਦੀ ਸਗੋਂ ਸਮਾਜ ਦੀ ਸੋਚ ਹੀ ਉਸਨੂੰ ਇਸਤਰੀ ਬਣਨ 'ਤੇ ਮਜ਼ਬੂਰ ਕਰਦੀ ਹੈ।

ਸਿੱਖ ਧਰਮ ਵਿੱਚ ਮਰਦ ਇਸਤਰੀ ਦੇ ਵਖਰੇਵੇਂ ਨੂੰ ਨਕਾਰਦਿਆਂ ਦੋਵਾਂ ਨੂੰ ਜੀਵਨ ਦੇ ਪਰਮ ਮਨੋਰਥ ਪ੍ਰਾਪਤੀ ਲਈ ਬਰਾਬਰ ਹੱਕਦਾਰ ਵੀ ਮੰਨਿਆ ਹੈ। ਇਸਤਰੀ ਨੂੰ ਅਧਿਆਤਮਿਕ ਰਾਹ ਦੀ ਰੁਕਾਵਟ ਮੰਨਣ ਦੀ ਬਜਾਇ ਸਾਥਣ ਦੱਸਿਆ ਹੈ। ਇੱਥੋਂ ਤੱਕ ਕਿ ਭਾਈ ਗੁਰਦਾਸ ਤਾਂ ਇਸਤਰੀ ਨੂੰ ਮੁਕਤੀ ਦਾ ਦਰਵਾਜ਼ਾ ਕਹਿ ਵਡਿਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਸਤਰੀ ਦੇਹ ਕੋਈ ਸਰਾਪ ਨਹੀਂ ਸਗੋਂ ਮਰਦ ਵੀ ਇਸਤਰੀ ਗੁਣਾਂ ਸਦਕਾ ਹੀ ਪਰਮ ਮਨੋਰਥ ਦੀ ਪ੍ਰਾਪਤੀ ਕਰ ਸਕਦੇ ਹਨ। "..ਜੇ ਤੁਸੀਂ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਨਾਰੀ ਰੂਪ ਵਿੱਚ ਹੀ ਮਿਲ ਸਕਦੇ ਹੋ। ਨਾਰੀ ਦੀ ਜਿਹੜੀ ਸਿਰਜਣਾਤਮਿਕ ਸ਼ਕਤੀ ਨੇ ਉਨ੍ਹਾਂ ਨੂੰ ਪਛਾਣਿਆ, ਉਸ ਦਾ ਪ੍ਰੇਮ ਉਸ ਦੀ ਰਚਨਾਤਮਿਕ ਸ਼ਕਤੀ, ਉਸ ਦਾ ਸਿਰਜਣਾਤਮਿਕ ਸ਼ਕਤੀਆਂ ਨਾਲ ਜੁੜੇ ਹੋਣਾ। ਮੇਲ ਲਈ ਉਹਦਾ ਹੀ ਰੂਪ ਬੰਦੇ ਨੂੰ ਧਾਰਨਾ ਪਵੇਗਾ। ਇਸੇ ਕਾਰਨ ਉਨ੍ਹਾਂ ਨੇ ਆਪਣੇ ਆਪ ਨੂੰ ਮਹਲਾ ਆਖਿਆ। ਇਸ ਨੂੰ ਮਹੱਲਾ ਦੇ ਤੌਰ ਤੇ ਜਿਵੇਂ ਇਸ ਦੀ ਵਿਆਖਿਆ ਜਾਂ ਉਚਾਰਨ ਕੀਤਾ ਜਾਂਦਾ ਹੈ, ਮੈਂ ਸਮਝਦਾਂ ਉਹ ਠੀਕ ਨਹੀਂ ਹੈ। ਇਹ ਅਸਲ ਵਿਚ ਮਹਿਲਾ ਹੀ ਹੈ ਤੇ ਇਹ ਸਥਾਪਤ ਕਰਨਾ ਕਿ ਜੇ ਵਾਹਿਗੁਰੂ ਨੂੰ ਮਿਲਣਾ ਹੈ ਤਾਂ ਮਹਿਲਾ ਰੂਪ ਵਿਚ ਹੀ ਮਿਲਿਆ ਜਾ ਸਕਦੈ ਉਹਦੀਆਂ ਸਿਰਜਣਾਤਮਿਕ ਸ਼ਕਤੀਆਂ ਜੇ ਤੁਹਾਡੇ ਅੰਦਰ ਕਾਇਮ ਹੋਣਗੀਆਂ ਤਾਂ ਤੁਸੀਂ ਉਸ ਨੂੰ ਮਿਲੋਗੇ ਤੇ ਉਸ ਮੇਲ ਚੋਂ ਜੋ ਉਤਸ਼ਾਹ, ਜੋ ਸ਼ਕਤੀ ਮਿਲਦੀ ਹੈ ਉਹ ਤੁਹਾਨੂੰ ਮਿਲੇਗੀ ਨਹੀਂ ਤਾਂ ਨਹੀਂ ਮਿਲੇਗੀ। ਇਹ ਬਹੁਤ ਵੱਡੀ ਗੱਲ ਸੀ। ਇਹ ਤਾਂ ਇਕ ਰੈਵੋਲਿਊਸ਼ਨ ਤੋਂ ਵੀ ਅੱਗੇ ਜਾਣ ਵਾਲੀ ਗੱਲ ਹੈ ਕਿਉਂਕਿ ਪੱਛਮੀ ਨਾਰੀਵਾਦੀ ਲਹਿਰ ਹਾਲੇ ਇਥੇ ਤਕ ਨਹੀਂ ਪਹੁੰਚੀ। ਉਹ ਅਜੇ ਉਸ ਤਣਾਉ ਵਿਚ ਹੀ ਹੈ ਕਿ ਪੁਰਖ ਨੇ ਕਿਵੇਂ ਆਪਣੀ ਹੈਜਮਨੀ, ਆਪਣੀ ਪ੍ਰਭੁਤਾ ਸਥਾਪਤ ਕਰਕੇ ਔਰਤ ਨੂੰ ਨਿਮਨ ਕੀਤਾ ਹੈ। ਲੇਕਿਨ ਇਸ ਤੋਂ ਅੱਗੇ ਉਹ

---

[82] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1349.

[83] ਉਹੀ, ਪੰਨਾ 331.

ਲਹਿਰ ਨਹੀਂ ਗਈ, ਉਸ ਦੀ ਮੁਕਤੀ ਦਾ ਸੰਕਲਪ ਸੀਮਤ ਹੈ।"[84] ਇਸਤਰੀ ਪਰਮ ਮਨੋਰਥ ਦੀ ਪ੍ਰਾਪਤੀ ਲਈ ਕਾਬਿਲ ਹੀ ਨਹੀਂ ਸਗੋਂ ਉਸਦੇ ਗੁਣਾਂ ਨੂੰ ਸਾਰੀ ਮਨੁੱਖਤਾ ਨੂੰ ਅਪਨਾਉਣ ਦੀ ਜ਼ਰੂਰਤ ਦੱਸੀ ਹੈ। ਇਸਤਰੀ ਨੂੰ ਹਾਸ਼ੀਏ ਵੱਲ ਧੱਕਣ ਦੀ ਰਵਾਇਤ ਨੂੰ ਇਸੇ ਸੋਚ ਰਾਹੀਂ ਦੂਰ ਕੀਤਾ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਸਾਰੀਆਂ ਪਿਤਰਕੀ ਧਾਰਨਾਵਾਂ ਦੀ ਆਲੋਚਨਾ ਕੀਤੀ ਗਈ ਹੈ ਜੋ ਇਸਤਰੀ ਦੇਹ ਨੂੰ ਸੂਤਕ ਜਾਂ ਅਪਵਿੱਤਰ ਦਾ ਦਰਜਾ ਦਿੰਦੀਆਂ ਹਨ। ਗੁਰਬਾਣੀ ਅਨੁਸਾਰ ਜਨਮ ਪਰਮ ਸੱਚ ਦੇ ਹੁਕਮ ਵਿੱਚ ਹੈ। ਜਿਸ ਨਾਲ ਇਸਤਰੀ ਨੂੰ ਭ੍ਰਿਸ਼ਟ ਕਹਿਣ ਦੀ ਰਵਾਇਤ ਟੁੱਟੀ। ਇੱਥੋਂ ਤੱਕ ਕਿ ਗੁਰੂ ਸਾਹਿਬਾਨ ਨੇ ਸੂਤਕ ਮੰਨੀ ਜਾਣ ਵਾਲੀ ਇਸਤਰੀ ਨੂੰ ਸੁਹਾਗਣ ਦਾ ਮਾਣ ਬਖ਼ਸ਼ਿਆ। ਵਿਸ਼ਿਸ਼ਟ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਾਰੀ ਲੋਕਾਈ ਨੂੰ ਪਰਮ ਮਨੋਰਥ ਦੀ ਪ੍ਰਾਪਤੀ ਲਈ ਇਸਤਰੀ ਦੇਹ ਵਾਲੀ ਪ੍ਰੇਮਾਤਮਕ ਅਤਰਿਕਤਾ ਨੂੰ ਅਪਨਾਉਣ ਦੀ ਤਾਕੀਦ ਕੀਤੀ ਹੈ। ਇਸਤਰੀਤਵ ਦੀ ਇਸੇ ਪ੍ਰਸੰਸਾ ਨੇ ਇਸਤਰੀ ਨੂੰ ਬਹੁਤ ਗੌਰਵਸ਼ੀਲ ਸਥਾਨ ਦਿੱਤਾ। ਬੇਟੀ ਫਰੀਡਨ ਨਾਰੀਵਾਦੀ ਚਿੰਤਕ ਅਨੁਸਾਰ ਇਸਤਰੀਤਵ ਰਹੱਸ ਭਰਪੂਰ ਹੈ, ਜਿਸਨੂੰ ਵਿਗਿਆਨਕ ਸੋਚ ਵੀ ਸਮਝਣ ਤੋਂ ਅਸਮਰਥ ਹੈ। "ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਜਗਿਆਸੂ ਨਾਰੀ ਦਾ ਵਿਸ਼ੇਸ਼ ਚਿੰਨ੍ਹ ਸਿਰਜਦਾ ਹੈ। ਇਹ ਨਾਰੀ ਬਹੁ-ਪੱਖਿਤਾ ਅਤੇ ਬ੍ਰਹਿਮੰਡੀ ਸ਼ਕਤੀਆਂ ਦਾ ਹੀ ਦੂਜਾ ਰੂਪ ਹੈ। ਗ੍ਰੰਥ ਸ਼ੁੱਧ/ਅਸ਼ੁੱਧ, ਦੇਹ/ਮਨ ਦੀ ਵੰਡ ਖਤਮ ਕਰਦਾ ਹੈ ਅਤੇ ਉਸ ਸਮੇਂ ਵਿਚ ਪ੍ਰਚਲਿਤ ਮੁਹਾਵਰੇ ਅਤੇ ਰੀਤੀਆਂ ਦੇ ਲਿੰਗ-ਕੇਂਦਰਿਤ ਅਰਥਾਂ ਨੂੰ ਮਿਟਾਉਂਦਾ ਹੈ। ਇਹ ਪਰਿਪੇਖ ਇੱਕ ਅਜਿਹਾ ਚਿੰਨ੍ਹ ਰਚਦਾ ਹੈ ਜੋ ਨਾਰੀ ਦੇ ਸਰੀਰ ਤੋਂ ਹੀ ਅੱਗੇ ਨਹੀਂ ਲੰਘਦਾ ਸਗੋਂ ਸਾਡੇ ਸਮਕਾਲੀ ਨਾਰੀਵਾਦ ਦੇ ਸਰੋਕਾਰਾਂ ਤੋਂ ਵੀ ਅੱਗੇ ਲੰਘ ਜਾਂਦਾ ਹੈ।"[85] ਅਜਿਹੀ ਸੋਚ ਦੀ ਧਾਰਨੀ ਜੂਲੀਆ ਕ੍ਰਿਸਤੇਵਾ ਨੇ ਇਸਤਰੀ ਦੀ ਸਿਰਜਨਾਤਮਕ ਸ਼ਕਤੀ ਨੂੰ ਬਹੁਪਸਾਰੀ ਦੱਸਿਆ ਹੈ। ਨਾਰੀਵਾਦੀ ਚਿੰਤਕ ਇਰੀਗੈਰੇ ਵੀ ਇਸੇ ਵਿਚਾਰ ਦੀ ਹਾਮੀ ਭਰਦੀ ਹੈ। "ਸਿੱਖੂ ਆਪਣੇ ਇੱਕ ਨਿਬੰਧ ਸੌਰਟੀਜ਼ ਵਿੱਚ ਇਹ ਕਹਿੰਦੀ ਹੈ ਕਿ ਔਰਤ ਲਿੰਗ-ਸ਼ਕਤੀ ਬ੍ਰਹਿਮੰਡੀ ਹੈ ਅਤੇ ਉਸ ਦਾ ਅਵਚੇਤਨ ਕੁੱਲ ਸ੍ਰਿਸ਼ਟੀ ਤੱਕ ਫੈਲਿਆ ਹੋਇਆ ਹੈ।"[86] ਇਹਨਾਂ ਚਿੰਤਕਾਂ ਨੇ ਇਸਤਰੀ ਦੇ ਕੁਦਰਤੀ ਰੂਪ ਨੂੰ ਸਮਝਿਆ ਹੈ। "ਜਿੰਨੀ ਵਚਿਤਰਤਾ, ਜਿੰਨੀ ਬਹੁਪਸਾਰਤਾ ਨਾਰੀ ਦੀ ਦੇਹ ਦੀ, ਨਾਰੀ ਦੀ ਸ਼ਕਤੀ ਦੀ ਬਾਰਾਂਮਾਂਹ ਵਿਚ ਗੁਰੂ ਸਾਹਿਬ ਨੇ, ਗੁਰੂ ਨਾਨਕ ਨੇ ਰੀਲਾਇਜ਼ ਕੀਤੀ ਹੈ ਉਹ ਕਿਸੇ ਹੋਰ ਨੇ ਨਹੀਂ ਕੀਤੀ। ਸੋ ਇਸ ਕਾਰਨ ਸਾਡੀਆਂ ਜਿਹੜੀਆਂ ਨਾਰੀ ਚਿੰਤਕਾਂ

---

[84] ਗੁਰਭਗਤ ਸਿੰਘ, 'ਔਰਤ ਦੇਹ ਸੀਮਾ ਨਹੀਂ, ਸਮਰਥਾ ਹੈ', *ਨਾਰੀ ਦ੍ਰਿਸ਼ਟੀ*, ਚਰਨਜੀਤ ਕੌਰ (ਸੰਪਾ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਮਿਤੀ ਰਹਿਤ, ਪੰਨੇ 22-23.

[85] ਦੀਪਿੰਦਰਜੀਤ ਕੌਰ ਰੰਧਾਵਾ, *ਜੂਲੀਆ ਕ੍ਰਿਸਤੇਵਾ: ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ*, ਪੰਜਾਬੀ ਅਕਾਦਮੀ, ਦਿੱਲੀ, 2009, ਪੰਨਾ 85.

[86] ਉਹੀ, ਪੰਨਾ 35.

ਹਨ, ਉਹ ਨਾਰੀ ਬਾਰੇ ਚਿੰਤਤ ਜ਼ਰੂਰ ਹਨ ਲੇਕਿਨ ਉਹ ਗੁਰੂ ਨਾਨਕ ਦੇਵ ਵਾਲੀ ਉਚਾਈ ਤਕ ਨਹੀਂ ਪਹੁੰਚੀਆਂ।"[87]

ਜੇਕਰ ਇਸਤਰੀਆਂ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਵਿੱਚ ਮਰਦਾਂ ਤੋਂ ਪਿੱਛੇ ਨਹੀਂ ਹਨ ਤਾਂ ਉਹ ਹੋਰ ਪੱਖਾਂ ਵਿੱਚ ਵੀ ਮਰਦਾਂ ਦੇ ਬਰਾਬਰ ਹੀ ਹਨ। ਆਧੁਨਿਕਤਾ/ਨਾਰੀਵਾਦ ਦੇ ਪ੍ਰਭਾਵ ਹੇਠ ਮਾਪਿਆਂ ਵੱਲੋਂ ਲੜਕੀਆਂ ਨੂੰ ਲੜਕਿਆਂ ਵਾਂਗ ਬਣਨ ਲਈ ਉਕਸਾਇਆ ਜਾਂਦਾ ਹੈ। ਲੜਕੀਆਂ ਵੀ ਅਜਿਹੀ ਸੋਚ ਵੱਲ ਆਕਰਸ਼ਿਤ ਹੁੰਦੀਆਂ ਹਨ। ਸੋਚਣ ਯੋਗ ਗੱਲ ਹੈ ਕਿ ਇਸਤਰੀ ਖ਼ੁਦ ਬਹੁਤ ਮਹਾਨ ਹੈ ਉਸ ਨੂੰ ਆਪਣੀ ਮਹਾਨਤਾ ਦੇ ਰੂਬਰੂ ਹੋਣ ਦੀ ਜ਼ਰੂਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੀ ਮਨੁੱਖਤਾ ਨੂੰ ਇਸਤਰੀ ਦੇ ਚੰਗੇ ਗੁਣਾਂ ਨੂੰ ਅਪਣਾਉਣ ਲਈ ਕਿਹਾ ਹੈ ਪਰ ਇਸਤਰੀ ਆਪਣੇ ਸਦਗੁਣਾਂ ਤੋਂ ਦੂਰ ਹੋ ਕੇ ਖ਼ੁਦ ਨੂੰ ਹੋਰ ਹੀ ਢਾਂਚੇ ਵਿੱਚ ਢਾਲ ਰਹੀ ਹੈ। ਉਸ ਨੂੰ ਜ਼ਰੂਰਤ ਹੈ ਉਹਨਾਂ ਸਦਗੁਣਾਂ ਵਿੱਚ ਜਿਊਂਣ ਦੀ ਜਿਹਨਾਂ ਦੀ ਸ਼ਲਾਘਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਕੀਤੀ ਗਈ ਹੈ। ਪ੍ਰਭਜੋਤ ਕੌਰ ਇਸੇ ਵਿਚਾਰ ਨੂੰ ਪੇਸ਼ ਕਰਦੀ ਹੋਈ ਕਹਿੰਦੀ ਹੈ ਕਿ, "ਇਹ ਕੀ ਅਚਰਜ ਹੈ ਕਿ ਅੱਜ ਦੀ ਇਸਤਰੀ ਮਰਦ ਨੂੰ ਆਪਣੇ ਆਪ ਤੋਂ ਉੱਤਮ ਮੰਨ ਕੇ ਉਸ ਦੇ ਬਰਾਬਰ ਬਣਨਾ ਲੋਚ ਰਹੀ ਹੈ, ਪਰ ਬਾਣੀ ਦੇ ਰਚਨਹਾਰੇ ਅੱਜ ਤੋਂ ਪੰਜ ਸਾਲ ਪਹਿਲੋਂ ਵੀ ਇਸਤਰੀ ਦੇ ਗੁਣਾਂ ਨੂੰ ਸ੍ਰੇਸ਼ਟ ਮਨ ਆਪਣੇ ਆਪ ਨੂੰ ਇਸਤਰੀ ਰੂਪ ਵਿੱਚ ਚਿਤਵ ਰਹੇ ਹਨ? ਇਸਤਰੀ ਸਰੀਰ ਨੂੰ ਵੀ ਕਿਤੇ ਗੁਰੂ ਸਾਹਿਬ ਨੇ ਨੀਵਾਂ ਨਹੀਂ ਦਿਖਾਇਆ ਸਗੋਂ ਇਸਤਰੀ ਦੀ ਹੀ ਹਰ ਸਰੀਰਕ ਕਿਰਿਆ ਨੂੰ ਅਧਿਆਤਮਕ ਰੰਗਤ ਦੇ ਕੇ ਨਾ ਕੇਵਲ ਪ੍ਰਵਾਨ ਕੀਤਾ ਹੈ ਸਗੋਂ ਉਚਿਆਇਆ ਵੀ ਹੈ। ਅੱਜ ਇਸਤਰੀ ਦੀ ਅਜ਼ਾਦੀ ਦੀ ਲਹਿਰ ਨਾਲ ਜੁੜੀਆਂ ਇਸਤਰੀਆਂ ਇਸ ਗੱਲ ਦਾ ਸ਼ਿਕਵਾ ਕਰਦੀਆਂ ਹਨ ਕਿ ਧਰਮ ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਦੇ ਕਾਬਿਲ ਨਹੀਂ ਮੰਨਦਾ। ਅੱਜ ਲੋੜ ਹੈ, ਇਹਨਾਂ ਇਸਤਰੀਆਂ ਤੱਕ ਸਿੱਖ ਫਿਲਾਸਫੀ ਦਾ ਸੁਨੇਹਾ ਪਹੁੰਚਾਉਣ ਦੀ, ਜਿਸ ਅਨੁਸਾਰ ਪ੍ਰਭੂ ਪ੍ਰਾਪਤੀ ਕੇਵਲ ਇਸਤਰੀ (ਜੀਵ ਇਸਤਰੀ) ਬਣ ਕੇ ਹੀ, ਭਾਵ ਇਸਤਰੀਆਂ ਵਾਲੇ ਗੁਣਾਂ ਦੇ ਧਾਰਨੀ ਹੋ ਕੇ ਹੀ ਕੀਤੀ ਜਾ ਸਕਦੀ ਹੈ।"[88] ਸੀਮੋਨ ਅਨੁਸਾਰ ਜੇਕਰ ਲੜਕੇ ਲੜਕੀਆਂ ਨੂੰ ਬਰਾਬਰ ਹੱਕ ਮਿਲਣ ਅਤੇ ਇੱਕੋ ਜਿਹੇ ਮਾਹੌਲ ਵਿੱਚ ਉਹ ਵੱਡੇ ਹੋਣ। ਇੱਕ ਜਿਹੇ ਭਵਿੱਖ ਦੀ ਆਸ ਕੀਤੀ ਜਾਵੇ ਤਾਂ ਕੈਸਟ੍ਰੇਸ਼ਨ ਕੰਪਲੈਕਸ ਤੇ ਓਡੀਪਸ ਕੰਪਲੈਕਸ ਦੇ ਅਰਥ ਹੀ ਵੱਖਰੇ ਹੋਣਗੇ।[89]

---

87 ਗੁਰਭਗਤ ਸਿੰਘ, 'ਔਰਤ ਦੇਹ ਸੀਮਾ ਨਹੀਂ, ਸਮਰਥਾ ਹੈ', ਨਾਰੀ ਦ੍ਰਿਸ਼ਟੀ, ਚਰਨਜੀਤ ਕੌਰ (ਸੰਪਾ.), ਪੰਨਾ 28.

88 ਪ੍ਰਭਜੋਤ ਕੌਰ, *ਬਤੀਹ ਸੁਲੱਖਣੀ*, ਪੰਨਾ 72.

89 "If from the earliest age, the little girl were raised with the same demands and honors, the same severity and freedom, as her brothers, taking part in the same studies and games, promised the same future, surrounded by women and men who are unambiguously equal to her the meanings of the castration complex and the Oedipus complex would be profoundly modified."
Simone De Beauvoir, *The Second Sex*, p. 761.

ਗੁਰੂ ਸਾਹਿਬਾਨ ਨੇ ਇਸਤਰੀ ਦੇਹ ਦੀ ਮਹਾਨਤਾ ਦੇ ਨਾਲ-ਨਾਲ ਪਤਨੀ, ਮਾਂ ਜਿਹੇ ਅਕਸ ਦੀ ਮਹਾਨਤਾ ਤੋਂ ਵੀ ਰੂ-ਬਰੂ ਕਰਵਾਇਆ ਹੈ। ਇਸਤਰੀ ਦੀ ਨਿੱਘਰ ਹਾਲਤ ਉੱਪਰ ਚਿੰਤਾ ਵੀ ਪ੍ਰਗਟਾਈ ਹੈ, ਪਰ ਉਹਨਾਂ ਨੇ ਇਸਤਰੀ ਨੂੰ ਮਰਦ ਦੇ ਖ਼ਿਲਾਫ਼ ਖੜੇ ਹੋ ਆਪਣੇ ਬਣਦੇ ਦਰਜੇ ਦੀ ਪ੍ਰਾਪਤੀ ਲਈ ਨਹੀਂ ਉਕਸਾਇਆ ਸਗੋਂ ਦੋਵਾਂ ਨੂੰ ਇੱਕ ਦੂਜੇ ਦੇ ਸਾਥ ਵਿੱਚ ਪਿਆਰ ਭਾਵ ਨਾਲ ਜੀਵਨ ਜਿਉਂਣ ਦੀ ਜੁਗਤ ਦੱਸੀ। ਗੁਰੂ ਸਾਹਿਬਾਨ ਨੇ ਸਭ ਤੋਂ ਵੱਡੀ ਦੇਣ ਮਰਦ ਇਸਤਰੀ ਦੇ ਰਿਸ਼ਤੇ ਨੂੰ ਅਧਿਆਤਮਿਕਤਾ ਬਖ਼ਸ਼ ਕੇ ਦਿੱਤੀ ਤਾਂਕਿ ਦੋਵੇਂ ਇਸ ਰਿਸ਼ਤੇ ਦੀ ਅਸਲੀਅਤ ਨੂੰ ਪਹਿਚਾਨਣ। ਗੁਰੂ ਸਾਹਿਬ ਨੇ ਪਤੀ-ਪਤਨੀ ਦੇ ਰਿਸ਼ਤੇ ਵਿੱਚ ਇੰਨੀ ਕੁ ਜ਼ਿਆਦਾ ਮਿਠਾਸ ਭਰੀ ਕਿ ਦੋਵੇਂ ਆਪਸੀ ਮੇਲ, ਪਿਆਰ ਨਾਲ ਹੀ ਪਰਮ ਸੱਚ ਦੀ ਬਖ਼ਸ਼ਿਸ਼ ਹਾਸਲ ਕਰ ਸਕਦੇ ਹਨ।

ਕਈ ਪੱਛਮੀ ਨਾਰੀਵਾਦੀ ਚਿੰਤਕ ਪਤੀ-ਪਤਨੀ ਦੇ ਰਿਸ਼ਤੇ ਨੂੰ ਬੋਝ ਸਵੀਕਾਰਦੇ ਹਨ। ਮੇਰੀ ਵਾਲਸਟਨਕਰਾਫਟ ਨੇ ਸਭ ਤੋਂ ਪਹਿਲਾਂ ਵਿਆਹ ਨੂੰ ਵੇਸਯਾਵ੍ਰਿਤੀ ਦਾ ਨਾਮ ਦਿੱਤਾ। ਇਸੇ ਤਰ੍ਹਾਂ ਜੋਨ ਸਟੂਅਰਟ ਮਿਲ ਨੇ ਵਿਆਹ ਨੂੰ ਗ਼ੁਲਾਮੀ ਦਾ ਅਸਲ ਕਾਰਨ ਦੱਸਿਆ ਹੈ। ਸੀਮੋਨ ਵੀ ਪਤਨੀ ਦੀ ਜ਼ਿੰਦਗੀ ਨੂੰ ਵੇਸਵਾ ਨਾਲ ਤੋਲਦੀ ਹੈ। ਇਹਨਾਂ ਅਨੁਸਾਰ ਵੀ ਇਸਤਰੀ ਲਈ ਸਭ ਤੋਂ ਵੱਡਾ ਬੋਝ ਵਿਆਹ ਹੈ। ਬੇਸ਼ੱਕ ਗਰਭ ਨਿਰੋਧ ਜਿਹੀ ਸੁਵਿਧਾ ਨੇ ਮਾਂ ਬਣਨ ਦਾ ਬੋਝ ਕੁੱਝ ਘੱਟ ਕੀਤਾ ਹੈ ਪਰ ਘਰ-ਗ੍ਰਹਿਸਤੀ ਅਤੇ ਬੱਚਿਆਂ ਦੀ ਪੂਰਨ ਸੰਭਾਲ ਇਸਤਰੀ ਹਿੱਸੇ ਹੀ ਹੈ।[90] ਸਿੱਖ ਧਰਮ ਵਿੱਚ ਇਸ ਰਿਸ਼ਤੇ ਦੇ ਮੂਲ ਵਿਆਹ ਨੂੰ ਅਨੰਦ ਕਾਰਜ ਦਾ ਨਾਮ ਦਿੱਤਾ ਗਿਆ ਹੈ ਜੋ ਪਿਆਰ, ਵਿਸ਼ਵਾਸ, ਤਿਆਗ ਜਿਹੇ ਗੁਣਾਂ ਉੱਪਰ ਟਿਕਦਾ ਹੈ। ਇੱਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਤੀ-ਪਤਨੀ ਦੇ ਪਿਆਰ ਨੂੰ ਜੀਵ ਇਸਤਰੀ ਦੇ ਪਰਮਾਤਮਾ ਪ੍ਰਤੀ ਪਿਆਰ ਅਤੇ ਸਮਰਪਣ ਨਾਲ ਤੋਲਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਸਲ ਮਨੋਰਥ ਦੁਨੀਆ ਦੇ ਸਾਰੇ ਉਲਝੇਵਿਆਂ ਤੋਂ ਛੁਟਕਾਰਾ ਹਾਸਲ ਕਰ ਸਹਿਜ ਅਵਸਥਾ ਤੱਕ ਪਹੁੰਚਣਾ ਹੈ। ਇਸ ਦੀ ਪ੍ਰਾਪਤੀ ਵੀ ਦੰਪਤੀ ਜੀਵਨ ਰਾਹੀਂ ਕਰਨ ਨੂੰ ਤਵੱਜੋਂ ਦਿੱਤੀ ਹੈ। ਪਤੀ-ਪਤਨੀ ਦੀਆਂ ਅਸਮਾਨਤਾਵਾਂ ਨੂੰ ਦੂਰ ਕਰ ਬਰਾਬਰਤਾ ਨੂੰ ਜੀਵਨ ਦਾ ਆਧਾਰ ਦੱਸਿਆ ਹੈ। ਇਸ ਰਿਸ਼ਤੇ ਵਿੱਚ ਦੋਵੇਂ ਆਪਣੇ ਵਿਅਕਤੀਤਵ ਨੂੰ ਇੱਕ ਦੂਜੇ ਵਿੱਚ ਸਮਾਉਂਦੇ ਹਨ, ਦੋਵੇਂ ਇੱਕ ਏਕੀਕਿਰਤ ਹੋਂਦ ਬਣਦੇ ਹਨ। ਸਿੱਖ ਧਰਮ ਵਿੱਚ ਸਿਰਫ਼ ਪਤਨੀ ਉੱਪਰ ਹੀ ਸਾਰੇ ਨਿਯਮ ਲਾਗੂ ਨਹੀਂ ਹੁੰਦੇ ਸਗੋਂ ਪਤੀ ਨੂੰ ਵੀ ਪਤਨੀ ਪ੍ਰਤੀ ਵਫ਼ਾਦਾਰ ਰਹਿਣ ਦੀ

---

[90] "First the burdens of marriage are still much heavier for woman than for man. We have seen that the constraints of pregnancy have been limited by the overt or clandestine use of birth control, but the practice is neither universally disseminated nor rigorously applied; as abortion is officially forbidden, many women either jeopardize their health by resorting to unregulated abortion methods or are overwhelmed by the number of their pregnancies. Child care, like housekeeping, is still almost exclusively the woman's burden."
Ibid, pp. 152-153.

ਤਾਕੀਦ ਕੀਤੀ ਹੈ। ਉਸ ਨੂੰ ਪਰਾਈ ਇਸਤਰੀ ਬਾਰੇ ਸੋਚਣ ਦੀ ਵੀ ਮਨਾਹੀ ਕੀਤੀ ਹੈ। ਪੂਰਨ ਸਿੰਘ ਪਿਆਰ ਦੀ ਵਡਿਆਈ ਕਰਦੇ ਕਹਿੰਦੇ ਹਨ ਕਿ, "ਜਿਥੇ ਪਿਆਰ ਹੈ ਉਥੇ ਅਜੀਬ ਤਰ੍ਹਾਂ ਦੀ ਇਕਾਗਰਤਾ ਹੁੰਦੀ ਹੈ, ਗੋਂਦ ਨਹੀਂ ਹੁੰਦੀ। ਦਿਲ ਦੀ ਖਿੱਚ ਇਕਤਰਫ਼ੀ ਹੋਇਆ ਕਰਦੀ ਹੈ। ਰੋਸ਼ਨੀ ਦੀਆਂ ਰਸ਼ਮੀਆਂ ਵਾਂਗ ਦਿਲ ਦੀਆਂ ਕਿਰਨਾਂ ਭੀ ਸਿੱਧੀ ਸੇਧ ਵਿਚ ਚਾਲੂ ਕਿਰਨਾਂ ਹਨ, ਤਿੱਖੀਆਂ ਹਨ, ਫੈਲਾਉ ਵਾਲੀਆਂ ਨਹੀਂ, ਪਿਆਰ ਇਕਾਗਰ ਕਰਦਾ ਹੈ, ਪਿਆਰ ਖਲੇਰਦਾ ਨਹੀਂ।"[91] ਨਾਰੀਵਾਦ ਸਭ ਤੋਂ ਪਹਿਲਾਂ ਇਸਤਰੀਆਂ ਨੂੰ ਹਉਮੈਂ, ਗ਼ੁੱਸੇ ਵਿੱਚ ਲਿਆਉਣ ਦਾ ਯਤਨ ਕਰਦਾ ਹੈ ਤਾਂਕਿ ਇਸਤਰੀ ਖ਼ੁਦ ਨੂੰ ਮਰਦਾਂ ਉੱਪਰ ਹਾਵੀ ਕਰ ਸਕੇ। ਇਸਤਰੀ ਹਉਮੈਂ, ਗ਼ੁੱਸੇ ਵਿੱਚ ਆਕੇ ਹੀ ਆਪਣੇ ਆਪ ਨੂੰ ਮਰਦ ਤੋਂ ਉੱਪਰ ਸਾਬਤ ਕਰਨ ਵਿੱਚ ਜੁਟੇਗੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਰਦਾਂ ਨੂੰ ਵੀ ਇਸਤਰੀ ਦੇ ਚੰਗੇ ਸੁਭਾਅ ਹਲੀਮੀ, ਸਬਰ ਸੰਤੋਖ ਨੂੰ ਧਾਰਨ ਕਰਨ ਲਈ ਕਿਹਾ ਹੈ। ਮਨੁੱਖਾ ਜਨਮ ਪਿਆਰ ਲਈ ਹੈ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਜਿਹੀਆਂ ਭੱਠੀਆਂ ਵਿੱਚ ਸਾੜਨ ਲਈ ਨਹੀਂ। ਮਨੁੱਖਾ ਜੀਵਨ ਪਿਆਰ ਦੀ ਨਿਰੋਲਤਾ, ਠੰਡਕ, ਸਹਿਜਤਾ ਅਤੇ ਸੁੱਖ ਲਈ ਹੈ। ਇਹਨਾਂ ਵਿਚਾਰਾਂ ਵਿੱਚ ਨਾਰੀਵਾਦ ਦੇ ਹਉਮੈਂ ਭਰੇ ਵਿਚਾਰਾਂ ਲਈ ਕੋਈ ਥਾਂ ਨਹੀਂ ਹੈ।

ਇਨਸਾਨ ਆਪਣੀ ਹਉਮੈਂ ਕਾਰਨ ਪਰਮਾਤਮਾ ਦੀ ਸਾਜੀ ਖ਼ੂਬਸੂਰਤੀ ਨੂੰ ਮਿਆਰੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ ਇਹੀ ਮਨਮਰਜ਼ੀ ਉਸ ਦੇ ਜੀਵਨ ਦੇ ਕੁਦਰਤੀ ਰੂਪ ਨੂੰ ਫੋਕਾ ਬਣਾ ਦਿੰਦੀ ਹੈ। ਸਮਲਿੰਗੀ ਰਿਸ਼ਤਿਆਂ ਨੇ ਮਰਦ ਇਸਤਰੀ ਦੇ ਆਪਸੀ ਸੰਬੰਧਾਂ ਉੱਪਰ ਬਹੁਤ ਬੁਰਾ ਅਸਰ ਪਾਇਆ ਹੈ। ਅਜਿਹੀ ਸੋਚ ਸਦਕਾ ਹੀ ਮਰਦ ਇਸਤਰੀ ਇੱਕ ਦੂਸਰੇ ਦੀ ਜ਼ਰੂਰਤ ਤੋਂ ਮੁਨਕਰ ਹੋ ਰਹੇ ਹਨ। ਸੋਚਣ ਯੋਗ ਗੱਲ ਹੈ ਕਿ ਗੁਰੂ ਨਾਨਕ ਦੇਵ ਸਾਹਿਬ ਨੇ ਮਰਦ ਇਸਤਰੀ ਦੇ ਆਪਸੀ ਰਿਸ਼ਤੇ ਵਿੱਚ ਆਏ ਮਤਲਬ ਜਿਹੇ ਵਿਚਾਰ ਉੱਪਰ ਵੀ ਚਿੰਤਾ ਪ੍ਰਗਟਾਈ ਸੀ। ਅਜਿਹੀ (ਸਮਲਿੰਗੀ) ਸੋਚ ਤਾਂ ਸਿੱਖ ਧਰਮ ਵਿੱਚ ਕਿਧਰੇ ਵੀ ਪ੍ਰਵਾਨ ਨਹੀਂ ਕੀਤੀ ਗਈ। ਗੁਰੂ ਸਾਹਿਬਾਨ ਨੇ ਤਾਂ ਦੋਵਾਂ ਨੂੰ ਇੱਕ ਦੂਜੇ ਦੇ ਹਮਸਫ਼ਰ ਦੱਸਿਆ ਹੈ, ਇੱਕ ਦੂਜੇ ਬਿਨਾਂ ਦੋਵੇਂ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਵੀ ਨਹੀਂ ਕਰ ਸਕਦੇ। ਗੁਰੂ ਸਾਹਿਬਾਨ ਨੇ ਇਸ ਕੋਮਲ ਅਤੇ ਸੰਵੇਦਨਸ਼ੀਲ ਮੁੱਦੇ ਨੂੰ ਬੜੇ ਹੀ ਸਿਹਤਮੰਦ ਢੰਗ ਨਾਲ ਛੋਹਿਆ ਹੈ ਗੁਰੂ ਸਾਹਿਬਾਨ ਨੇ ਹਰ ਆਜ਼ਾਦੀ ਦੇ ਨਾਲ-ਨਾਲ ਨਿਯਮਾਂ/ ਨੈਤਿਕਤਾ ਦੀ ਪਾਲਨਾ ਨੂੰ ਮੁੱਖ ਮੰਨਿਆ ਹੈ। ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਸੇਧ ਦਿੱਤੀ ਹੈ ਕਿ ਇੱਕ ਪਤਨੀ ਵਾਲੇ ਪਰਿਵਾਰ ਬਣਾਏ ਜਾਣ ਜਿਸ ਵਿੱਚ ਆਪਸੀ ਪ੍ਰੇਮ ਅਤੇ ਵਫ਼ਾਦਾਰੀ ਹੋਵੇ

[91] ਪੂਰਨ ਸਿੰਘ, 'ਹੰਸ ਚੋਗ ਉਤੇ ਰੀਵਿਊ', *ਪ੍ਰੋ.ਪੂਰਨ ਸਿੰਘ ਰਤਨਾਵਲੀ,* ਜਸਵਿੰਦਰ ਸਿੰਘ (ਸੰਪਾ.), ਜਿਲਦ ਦੂਜੀ, ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ, 2013, ਪੰਨਾ 42.

ਤਾਂ ਜੋ ਇਨਸਾਨੀ ਕਾਮੁਕਤਾ ਦੀ ਸ਼ਕਤੀ ਅਧਿਆਤਮਿਕ ਵਿਕਾਸ ਦੇ ਕੰਮ ਆ ਸਕੇ, ਜਿਸ ਨੂੰ ਸਿੱਖ ਧਰਮ ਵਿੱਚ ਵਿਸ਼ੇਸ਼ ਕਰਕੇ ਨਾਮ-ਯੋਗ ਕਿਹਾ ਜਾਂਦਾ ਹੈ।[92]

ਨਾਰੀਵਾਦੀ ਚਿੰਤਕਾਂ ਦਾ ਸੰਘਰਸ਼ ਸੀ ਕਿ ਇਸਤਰੀ ਨੂੰ ਮਾਂ ਰੂਪ ਵਿੱਚ ਹੀ ਨਹੀਂ ਸਗੋਂ ਇਨਸਾਨ ਜਾਂ ਵਿਅਕਤੀਗਤ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਵੇ, ਕਿਉਂਕਿ ਮਾਂ ਬਣਨਾ ਤਾਂ ਇੱਕ ਸਰੀਰਕ ਪ੍ਰਕਿਰਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਸਤਰੀ ਦੇ ਸੰਸਾਰਿਕ ਰਿਸ਼ਤਿਆਂ (ਮਾਂ, ਪਤਨੀ, ਭੈਣ, ਪੁੱਤਰੀ) ਦੇ ਨਾਲ-ਨਾਲ ਉਸ ਦੀ ਸਵੈ ਪਹਿਚਾਨ ਨੂੰ ਵੀ ਮਾਨਤਾ ਦਿੱਤੀ ਗਈ ਹੈ।

ਨਾਰੀਵਾਦ ਸਿਧਾਂਤਾਂ ਦਾ ਮੁੱਖ ਮੰਤਵ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਸਾਰਵਜਨਿਕ, ਰਾਜਨੀਤਿਕ ਹੱਕਾਂ ਦੀ ਹੱਕਦਾਰ ਬਣਾਉਣਾ ਹੈ। ਸੀਮੋਨ ਦ ਬੂਵਆਰ ਨੇ ਆਪਣੀ ਕਿਤਾਬ ਛਪਣ ਤੋਂ ਕੁੱਝ ਸਮੇਂ ਪਿੱਛੋਂ ਇਹ ਮਹਿਸੂਸ ਕੀਤਾ ਕਿ ਕੇਵਲ ਸਿਧਾਂਤ ਕੁੱਝ ਨਹੀਂ ਹੁੰਦਾ ਵਿਵਹਾਰ ਵੀ ਅਤਿ ਮਹੱਤਵਪੂਰਨ ਹੈ।[93] ਜੇਕਰ ਸਿੱਖ ਧਰਮ ਦੇ ਵਿਹਾਰਕ ਪੱਖ ਵੱਲ ਨਜ਼ਰ ਮਾਰੀਏ ਤਾਂ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਇਸਤਰੀ ਦੀ ਮਹਾਨਤਾ ਅਤੇ ਸ੍ਰੇਸ਼ਠਤਾ ਦਾ ਵੱਖਰਾ ਹੀ ਦ੍ਰਿਸ਼ਟੀਕੋਣ ਪ੍ਰਾਪਤ ਹੁੰਦਾ ਹੈ। ਧਰਮ ਦੇ ਨਾਂ ਤੋਂ ਇਸਤਰੀ ਨੂੰ ਦੂਰ ਰੱਖੇ ਜਾਣ ਵਾਲੀ ਪੁਰਾਣੀ ਰੀਤ ਨੂੰ ਤੋੜਦਿਆਂ ਗੁਰੂ ਅਮਰਦਾਸ ਜੀ ਨੇ ਇਸਤਰੀਆਂ ਨੂੰ ਧਰਮ ਪ੍ਰਚਾਰਕ ਥਾਪ ਕੇ ਨਿਰੋਏ ਸਮਾਜ ਦੀ ਸਿਰਜਣਾ ਕੀਤੀ। ਇਸਤਰੀਆਂ ਹਰ ਪ੍ਰਕਾਰ ਦੇ ਪ੍ਰਸ਼ਾਸਨਿਕ ਅਤੇ ਸਿੱਖਿਆ ਸੰਬੰਧੀ ਕਾਰਜ ਕਰਦੀਆਂ ਸਨ। ਇਸਤਰੀਆਂ ਨੇ ਗ੍ਰਹਿਸਤਮਈ ਜੀਵਨ ਦੇ ਨਾਲ-ਨਾਲ ਧਰਮ ਪ੍ਰਚਾਰਕ ਦੀ ਜ਼ੁੰਮੇਵਾਰੀ ਨੂੰ ਨੇਪਰੇ ਚਾੜ੍ਹਿਆ ਜੋ ਇਸਤਰੀ ਜੀਵਨ ਲਈ ਬਹੁਤ ਵੱਡੀ ਸੇਧ ਹੈ। ਇਸਤਰੀ ਦੇ ਜਾਇਦਾਦ ਹੱਕ ਦੀ ਗੱਲ ਕਰੀਏ ਤਾਂ ਗੁਰੂ ਤੇਗ ਬਹਾਦੁਰ ਸਾਹਿਬ ਨੇ ਆਪਣੀ ਮਾਤਾ ਨਾਨਕੀ ਦੇ ਨਾਮ ਜ਼ਮੀਨ ਦਰਜ਼ ਕਰਵਾਈ। ਇਹ ਜਗ੍ਹਾ ਚੱਕ ਨਾਨਕੀ ਵਜੋਂ ਜਾਣੀ ਗਈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਇਸਤਰੀਆਂ ਨੂੰ ਰਾਜ ਪ੍ਰਸ਼ਾਸਨ ਦੇ ਕਾਰਜਾਂ ਦੀਆਂ ਹੱਕਦਾਰ ਵੀ ਸਮਝਿਆ। ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਦੁਆਰਾ ਜ਼ਰੂਰਤ ਪੈਣ 'ਤੇ ਰਾਜ ਪ੍ਰਸ਼ਾਸਨ ਦੀ ਅਗਵਾਈ ਵੀ ਕੀਤੀ ਗਈ। ਇਸ ਦੀ ਸਪਸ਼ਟਤਾ ਇਹਨਾਂ ਦੁਆਰਾ ਭੇਜੇ ਗਏ ਹੁਕਮਨਾਮਿਆਂ ਤੋਂ ਹੁੰਦੀ ਹੈ। ਇਹ ਹੁਕਮਨਾਮੇ ਸਿੱਧ ਕਰਦੇ ਹਨ ਕਿ ਇਸਤਰੀਆਂ ਨੂੰ ਪ੍ਰਸ਼ਾਸ਼ਨ ਦੇ ਮਾਮਲਿਆਂ ਵਿੱਚ ਭੂਮਿਕਾ ਅਦਾ ਕਰਨ ਦਾ ਪੂਰਾ ਅਧਿਕਾਰ ਸੀ। ਇਸਤਰੀ ਦਾ ਸਿੱਖਿਅਕ ਹੋਣਾ ਨਾਰੀਵਾਦ ਦਾ ਮੂਲ ਸਿਧਾਂਤ ਹੈ ਕਿਉਂਕਿ ਪੜ੍ਹੀ-ਲਿਖੀ

[92] "To endeavour to employ this monogamous family, based on mutual love and purity of marital faithfulness for transformation of the excessive surplus of human libidinous reservoir for his highest spiritual evolution, through the specific Sikh discipline of Namayoga."
Sirdar Kapur Singh, 'Sex and Sikhism', *Some Insights into Sikhism,* Madanjit Kaur & Piar Singh (eds.), Guru Nanak Dev University, Amritsar, 1995, p. 76.

[93] ਪਰਮਜੀਤ ਕੌਰ ਅਤੇ ਹੋਰ, ਬੂਵਆਰ ਦਾ ਨਾਰੀਵਾਦ: ਮਸਲੇ ਅਤੇ ਮੁਲਾਂਕਣ, ਪੰਨਾ 78.

ਇਸਤਰੀ ਹੀ ਸਵੈਨਿਰਭਰ ਹੋਕੇ ਮਰਦਾਂ ਦੀ ਬਰਾਬਰਤਾ ਕਰ ਸਕਦੀ ਹੈ। ਉਸ ਸਮੇਂ ਵਿੱਚ ਧਾਰਮਿਕ ਵਿਦਿਆ ਦਾ ਰਿਵਾਜ ਸੀ, ਜਿਸ ਲਈ ਗੁਰੂ ਸਾਹਿਬਾਨ ਨੇ ਕੋਈ ਭੇਦਭਾਵ ਨਹੀਂ ਕੀਤਾ। ਜਿਸ ਦੀ ਸਭ ਤੋਂ ਵੱਡੀ ਮਿਸਾਲ ਬੀਬੀ ਰੂਪ ਕੌਰ ਹੈ ਜੋ ਸਿੱਖ ਧਰਮ ਵਿੱਚ ਪਹਿਲੀ ਲੇਖਿਕਾ, ਇਤਿਹਾਸਕਾਰ ਅਤੇ ਸੰਪਾਦਿਕਾ ਬਣੀ।

ਗੁਰੂ ਸਾਹਿਬਾਨ ਨੇ ਇਸਤਰੀਆਂ ਨੂੰ ਹਰ ਪੱਖ ਤੋਂ ਮਰਦਾਂ ਬਰਾਬਰ ਰੱਖਣ ਦੇ ਨਾਲ-ਨਾਲ ਉਹਨਾਂ ਦੇ ਮਨੋਬਲ ਨੂੰ ਵੀ ਉਤਾਂਹ ਚੁੱਕਿਆ। ਇਸਤਰੀ ਨੂੰ ਹੌਸਲੇ ਵਾਲੀ ਅਤੇ ਬਹਾਦਰ ਬਣਾਇਆ ਤਾਂ ਕਿ ਉਹ ਖੁਦ ਮੁਸੀਬਤ ਦਾ ਸਾਹਮਣਾ ਕਰ ਸਕੇ। ਮਾਈ ਭਾਗੋ ਨੇ ਸਿੱਖ ਇਤਿਹਾਸ ਵਿੱਚ ਬੀਰਤਾ ਦੀ ਮਿਸਾਲ ਕਾਇਮ ਕੀਤੀ ਹੈ। ਮਾਈ ਭਾਗੋ ਉਹ ਮਹਾਨ ਇਸਤਰੀ ਹੈ ਜਿਸ ਨੇ ਨਾ ਕੇਵਲ ਮੂੰਹ ਮੋੜ ਕੇ ਗਏ ਸਿੰਘਾਂ ਨੂੰ ਮੱਤ ਬਖ਼ਸ਼ੀ ਸਗੋਂ ਇਹਨਾਂ ਸਿੰਘਾਂ ਨਾਲ ਮੋਢੇ ਨਾਲ ਮੋਢਾ ਮਿਲਾਕੇ ਜੰਗ ਦੇ ਮੈਦਾਨ ਵਿੱਚ ਤਲਵਾਰ ਚਲਾਈ। ਇਸਤਰੀਆਂ ਅਜਿਹੀ ਰੂਹ ਵਾਲੀਆਂ ਬਣ ਚੁੱਕੀਆਂ ਸਨ, ਕਿ ਉਹ ਆਪਣੇ ਪਤੀਆਂ ਨੂੰ ਵੀ ਜੰਗ ਵਿੱਚੋਂ ਬੁਜ਼ਦਿਲਾਂ ਵਾਂਗ ਭੱਜਣ ਨੂੰ ਤਰਜ਼ੀਹ ਨਹੀਂ ਦਿੰਦੀਆਂ ਸਨ। ਬੀਬੀ ਦੀਪ ਕੌਰ ਜਿਸਨੇ ਆਪਣੀ ਆਬਰੂ ਬਚਾਉਣ ਲਈ ਚਾਰ ਮਨਮੁਖਾਂ ਉੱਪਰ ਤਲਵਾਰ ਵਾਹੀ। ਇਸ ਬਹਾਦਰੀ ਨੂੰ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਬੀਬੀ ਦੀਪ ਕੌਰ ਨੂੰ ਸੂਰਬੀਰ ਸਿੰਘਣੀ ਪੰਥ ਦੀ ਪੁੱਤਰੀ ਦੇ ਮਾਣ ਨਾਲ ਨਵਾਜਿਆ। ਇਸਤਰੀਆਂ ਨੂੰ ਖ਼ੁਦ ਇੰਨੇ ਬਹਾਦਰ ਹੋਣ ਦੀ ਜ਼ਰੂਰਤ ਹੈ ਤਾਂਕਿ ਉਹ ਆਪਣੀ ਆਬਰੂ ਦੀ ਰੱਖਵਾਲੀ ਖ਼ੁਦ ਕਰ ਸਕੇ। "ਖਾਲਸਾ ਸਿਰਜਣਾ ਦੇ ਕਾਰਜ ਵਿਚ ਨਾਰੀ ਦੀ ਸੁਰਤ ਅਤੇ ਬੰਦਗੀ ਦੀ ਮਿਠਾਸ ਨੂੰ ਸ਼ਾਮਲ ਕਰ ਕੇ ਦਸਮੇਸ਼ ਪਿਤਾ ਨੇ ਸਦੀਆਂ ਤੋਂ ਨਰ ਦੇ ਮਨਾਂ ਵਿਚ ਨਾਰੀ ਵਿਰੁੱਧ ਭਰੀ ਹੋਈ ਕੁੜੱਤਣ ਨੂੰ ਬੇਅਸਰ ਕਰ ਕੇ ਖਾਲਸੇ ਵਿਚ ਨਵਾਂ ਰਸਾਇਣ(ਅੰਮ੍ਰਿਤ) ਭਰਿਆ, ਜਿਸ ਨੇ ਮਨੁੱਖੀ ਜੀਵਨ ਵਿਚ ਪੈਦਾ ਕੀਤੀਆਂ ਹਰ ਕਿਸਮ ਦੀਆਂ ਵੰਡਾਂ ਵਿਤਕਰਿਆਂ ਅਤੇ ਵਿਰੋਧਾਂ ਨੂੰ ਇਕ ਝਟਕੇ ਨਾਲ ਬਦਲ ਕੇ ਨਵੇਂ ਮਨੁੱਖ ਦੀ ਸਿਰਜਣਾ ਦੇ ਅਮਲ ਨੂੰ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ।"[94]

ਅਜੋਕੇ ਸਮੇਂ ਵਿੱਚ ਜਿਹੜੇ ਹੱਕਾਂ ਲਈ ਇਸਤਰੀਆਂ ਵੱਲੋਂ ਕਦਮ ਚੁੱਕੇ ਜਾ ਰਹੇ ਹਨ ਉਹ ਬੁੱਧ ਅਤੇ ਸਿੱਖ ਧਰਮ ਵੱਲੋਂ ਬਹੁਤ ਪਹਿਲਾਂ ਹੀ ਚੁੱਕੇ ਗਏ ਸਨ। ਇਹ ਕਦਮ ਮਰਦ ਇਸਤਰੀ ਦੇ ਵਖਰੇਵੇਂ ਦੀ ਬਜਾਇ ਉਹਨਾਂ ਦੇ ਸੰਜੋਗ ਦਾ ਕਾਰਨ ਸਿੱਧ ਹੋਏ ਸਨ।

ਅੱਜ ਦੇ ਸਮੇਂ ਵਿੱਚ ਇਸਤਰੀਆਂ ਦੀ ਸਥਿਤੀ ਵੱਲ ਨਜ਼ਰ ਮਾਰੀਏ ਤਾਂ ਇਸਤਰੀ ਹਰ ਪੱਖੋਂ ਆਜ਼ਾਦ ਨਜ਼ਰ ਆਉਂਦੀ ਹੈ। ਨਾਰੀਵਾਦੀ ਅੰਦੋਲਨ ਦੇ ਪ੍ਰਭਾਵ ਹੇਠ ਉਸਨੂੰ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਹਰ ਅਧਿਕਾਰ ਪ੍ਰਾਪਤ ਹੋਇਆ ਹੈ। ਇਸਤਰੀਆਂ ਨੂੰ ਪਿਤਾ ਅਤੇ ਪਤੀ ਦੀ ਜਾਇਦਾਦ ਦਾ

[94] ਗੁਰਮੀਤ ਸਿੰਘ ਸਿੱਧੂ, *ਸਿੱਖੀ ਅਤੇ ਸਿੱਖਾਂ ਦਾ ਭਵਿੱਖ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015, ਪੰਨਾ 187.

ਅਧਿਕਾਰ ਵੀ ਹਾਸਲ ਹੋਇਆ। ਇਸ ਤੋਂ ਇਲਾਵਾ ਇਸਤਰੀ ਨਾਲ ਹੁੰਦੀਆਂ ਵਧੀਕੀਆਂ ਨੂੰ ਖ਼ਤਮ ਕਰਨ ਲਈ ਅਨੈਤਿਕ ਵਪਾਰ ਐਕਟ 1956, ਦਾਜ Prohibition ਐਕਟ 1961, The Maternity benefit act 1961, ਸਤੀ ਨਿਵਾਰਣ ਐਕਟ 1987, ਘਰੇਲੂ ਹਿੰਸਾ ਤੋਂ ਇਸਤਰੀ ਸੁਰੱਖਿਆ ਐਕਟ 2005 ਆਦਿ ਪਾਸ ਕੀਤੇ ਗਏ ਹਨ। ਇਸਤਰੀ ਨੂੰ ਗਰਭ ਧਾਰਨ, ਗਰਭਪਾਤ, ਬੱਚੇ ਦੇ ਸਾਰੇ ਹੱਕ ਅਤੇ ਤਲਾਕ ਤੱਕ ਦਾ ਹੱਕ ਪ੍ਰਾਪਤ ਹੋਇਆ ਹੈ। ਇੱਥੋਂ ਤੱਕ ਕਿ ਭਾਰਤੀ ਪੈਨਲ ਕੋਡ ਵਿੱਚ ਇਸਤਰੀਆਂ ਨਾਲ ਹੁੰਦੇ ਦੁਰਵਿਵਹਾਰਾਂ ਬਾਲ ਵਿਆਹ, ਭਰੂਣ ਹੱਤਿਆ, ਛੇੜ-ਛਾੜ(Eve-Teasing), ਤੇਜ਼ਾਬ ਸੁੱਟਣਾ, ਵੇਸਯਾ ਧੰਧੇ ਵਿੱਚ ਫਸਾਉਣਾ, ਵਿਆਹ ਦੇ ਨਾਮ 'ਤੇ ਧੌਖਾ, ਘਰੇਲੂ ਹਿੰਸਾ, ਕੰਮ ਕਾਜ ਤੇ ਸਰੀਰਕ ਹਿੰਸਾ, ਬਲਾਤਕਾਰ ਆਦਿ ਨੂੰ ਜ਼ੁਰਮ ਕਰਾਰ ਕਰ ਦਿੱਤਾ ਗਿਆ ਹੈ।

ਇਹ ਸਾਰੇ ਕਾਨੂੰਨ ਅਤੇ ਅਧਿਕਾਰ ਇਸਤਰੀ ਦੀ ਦਸ਼ਾ ਸੁਧਾਰਨ ਲਈ ਬਣੇ ਹਨ ਪਰ ਇਹਨਾਂ ਦੇ ਬਾਵਜੂਦ ਵੀ ਇਸਤਰੀ ਦੀ ਹਾਲਤ ਤਸੱਲੀਬਖਸ਼ ਨਹੀਂ ਹੈ। ਸਮਾਜ ਵਿੱਚੋਂ ਇਹਨਾਂ ਦੀਆਂ ਉਦਾਹਰਨਾਂ ਰੋਜ਼ਾਨਾ ਜੀਵਨ ਵਿੱਚੋਂ ਆਮ ਮਿਲ ਜਾਂਦੀਆਂ ਹਨ। ਆਧੁਨਿਕ ਸਮਿਆਂ ਵਿੱਚ ਇਸਤਰੀ ਆਜ਼ਾਦੀ ਦੇ ਨਾਲ ਉਸ ਦੀਆਂ ਸਮੱਸਿਆਵਾਂ ਕਿਤੇ ਵੱਧ ਗਈਆਂ ਹਨ। ਉਹਨਾਂ ਦਾ ਘਰਾਂ ਤੋਂ ਬਾਹਰ ਇਕੱਲੇ ਜਾਣਾ ਸੁਰੱਖਿਅਤ ਨਹੀਂ ਰਿਹਾ ਹੈ। ਉਹਨਾਂ ਨਾਲ ਹੁੰਦੀਆਂ ਦਰਦਨਾਕ ਘਟਨਾ ਇਨਸਾਨੀਅਤ ਦੀ ਬੇਕਦਰੀ ਦੀ ਮੂੰਹ ਬੋਲਦੀ ਤਸਵੀਰ ਹਨ। ਤੇਜ਼ਾਬੀ ਹਮਲਾ, ਬਲਾਤਕਾਰ, ਛੇੜ-ਛਾੜ ਆਦਿ ਅਜਿਹੀਆਂ ਘਟਨਾਵਾਂ ਨੇ ਆਧੁਨਿਕਤਾ ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਹੋਇਆ ਹੈ। ਇੱਥੋਂ ਤੱਕ ਕਿ ਘਰਾਂ ਵਿੱਚ ਵੀ ਇਸਤਰੀਆਂ ਨਾਲ ਦੂਜੇ ਪੱਧਰ ਦਾ ਸਲੂਕ ਹੋ ਰਿਹਾ ਹੈ।

ਸਮਾਜ ਅਤੇ ਘਰਾਂ ਵਿੱਚ ਹੁੰਦੇ ਦੁਰਵਿਵਹਾਰ ਕਾਰਨ ਲੜਕੀਆਂ ਦਾ ਜਨਮ ਮਾਤਾ-ਪਿਤਾ ਲਈ ਚਿੰਤਾ ਦਾ ਕਾਰਨ ਬਣ ਜਾਂਦਾ ਹੈ। ਇਸਤਰੀ ਦੀ ਆਜ਼ਾਦੀ ਉਸੇ ਦੀ ਤ੍ਰਾਸਦੀ ਦਾ ਕਾਰਨ ਬਣ ਗਈ। ਉਸ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਲਈ ਆਧੁਨਿਕਤਾ ਦੀ ਇੱਕ ਪਾਸੜ ਸੋਚ ਜ਼ੁੰਮੇਵਾਰ ਹੈ। ਪਦਾਰਥਵਾਦੀ ਯੁੱਗ ਵਿੱਚ ਹਰ ਰਿਸ਼ਤੇ ਨੂੰ ਦਫਨਾ ਕੇ ਅਤੇ ਨੈਤਿਕਤਾ ਦਾ ਘਾਣ ਕਰਕੇ ਇੱਕ ਵੱਡਾ ਮਹਲ ਉਸਾਰਿਆ ਗਿਆ ਹੈ। ਜਿਸ ਅੰਦਰ ਇਸਤਰੀਆਂ ਦੀ ਆਜ਼ਾਦੀ ਦਾ ਜਸ਼ਨ ਅਤੇ ਦੂਜੇ ਪਾਸੇ ਉਸ ਉੱਪਰ ਹੁੰਦੇ ਜ਼ੁਰਮ ਦੀ ਦਾਸਤਾਂ ਨੂੰ ਬਿਆਨਿਆ ਜਾ ਰਿਹਾ ਹੈ।

ਅਜਿਹੇ ਵਿਚਾਰਾਂ ਸਦਕਾ ਇਸਤਰੀਆਂ ਇਹ ਸੋਚਣ 'ਤੇ ਮਜ਼ਬੂਰ ਹਨ ਕਿ ਉਹਨਾਂ ਦੀ ਆਜ਼ਾਦੀ ਦੇ ਅਸਲ ਦੁਸ਼ਮਣ ਪਰਿਵਾਰ, ਪਿਤਾ, ਪਤੀ ਅਤੇ ਬੱਚੇ ਹਨ। ਇਸਤਰੀਆਂ ਇਹ ਕਲਪਨਾ ਕਰਨ ਲੱਗ ਗਈਆਂ ਹਨ ਕਿ ਵਿਆਹ ਬੰਧਨ ਉਹਨਾਂ ਦਾ ਦਮਨ ਕਰੇਗਾ ਅਤੇ ਇਸ ਵਿਸ਼ਵਾਸ ਨਾਲ ਉਹ ਵਿਆਹ ਬੰਧਨ ਤੋਂ ਪਰੇ ਰਹਿਣ ਦਾ ਐਲਾਨ ਕਰਨ ਲੱਗੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਵਿਆਹ ਸੰਸਥਾ

ਮਰਦ ਪ੍ਰਧਾਨਤਾ ਨੂੰ ਹੀ ਮਜ਼ਬੂਤ ਕਰਦੀ ਹੈ। ਇੱਥੋਂ ਤੱਕ ਕਿ ਨਾਰੀਵਾਦੀ ਸੋਚ ਵਾਲੀਆਂ ਇਸਤਰੀਆਂ ਨੇ ਵਿਆਹ ਦੇ ਨਾਲ-ਨਾਲ ਬੱਚਿਆਂ ਨੂੰ ਇਸਤਰੀ ਦੀ ਅਸਲ ਗ਼ੁਲਾਮੀ ਕਿਹਾ ਹੈ। ਇਹਨਾਂ ਸਮਾਜਿਕ ਉਲਝਣਾਂ ਵਿੱਚੋਂ ਬਾਹਰ ਨਿਕਲ ਕੇ ਆਜ਼ਾਦ ਜ਼ਿੰਦਗੀ ਜਿਉਣਾ ਲੋਚਦੀਆਂ ਹਨ। ਇਸਤਰੀਆਂ ਵੱਲੋਂ ਮਰਦਾਂ ਵਾਂਗ ਸੈਕਸ ਆਜ਼ਾਦੀ ਦੀ ਬਹੁਤ ਵੱਡੀ ਮੰਗ ਸੀ। ਜਿਸ ਦੀ ਪੂਰਨਤਾ ਨੇ ਸਮਾਜ ਵਿੱਚ ਵੱਖਰਾ ਹੀ ਰੂਪ ਪੇਸ਼ ਕੀਤਾ ਹੈ।ਇਸਤਰੀ ਦੀ ਆਜ਼ਾਦੀ ਨੇ ਪਰਿਵਾਰਕ ਜੀਵਨ ਨੂੰ ਵੀ ਢਾਅ ਲਾਈ ਹੈ। ਜਿਸਦਾ ਵੱਡਾ ਕਾਰਨ Extra marital affairs ਹਨ ਜੋ ਪਤੀ-ਪਤਨੀ ਵਰਗੇ ਰਿਸ਼ਤੇ ਨੂੰ ਕਮਜ਼ੋਰ ਕਰ ਦਿੰਦੇ ਹਨ। ਇਸਤਰੀ ਆਜ਼ਾਦੀ ਦਾ ਇਹ ਸਫਰ ਸ਼ੁਰੂ ਤਾਂ ਹੋ ਚੁੱਕਿਆ ਹੈ ਪਰ ਖ਼ਤਮ ਕਿੱਥੇ ਅਤੇ ਕਿਵੇਂ ਹੋਣਾ ਹੈ ਇਸ ਬਾਰੇ ਕੋਈ ਵੀ ਚੇਤੰਨ ਨਹੀਂ ਹੈ। ਹਰ ਮਾਧਿਅਮ ਮੀਡੀਆ, ਟੀ.ਵੀ, ਅਖਬਾਰਾਂ, ਰਸਾਲਿਆਂ, ਫਿਲਮਾਂ ਅਤੇ ਇੰਟਰਨੈਟ ਆਦਿ ਇਸਤਰੀ ਆਜ਼ਾਦੀ ਦਾ ਭਰਪੂਰ ਫਾਇਦਾ ਲੈ ਰਿਹਾ ਹੈ।

ਨਾਰੀਵਾਦੀ ਸੋਚ ਇਸਤਰੀਆਂ ਦੀ ਸਥਿਤੀ ਨੂੰ ਬੇਹਤਰ ਕਰਨ ਲਈ ਜਾਗਰੂਕ ਹੋਈ ਸੀ ਪਰ ਉਸਦਾ ਸਫਰ ਔਖਾ ਹੁੰਦਾ ਜਾ ਰਿਹਾ ਹੈ। ਇਹ ਅਜਿਹੀ ਆਜ਼ਾਦੀ ਹੈ ਜਿਸ ਨਾਲ ਸਮਾਜਿਕ, ਪਰਿਵਾਰਕ ਸੰਸਥਾ ਢਹਿ ਢੇਰੀ ਹੋ ਗਈਆਂ ਹਨ। ਮਨੁੱਖੀ ਸੋਚ ਵਿੱਚ ਬਦਲਾਅ ਚੰਗੇ ਮਾਹੌਲ ਨੂੰ ਸਿਰਜ ਕੇ ਹੀ ਲਿਆਂਦਾ ਜਾ ਸਕਦਾ ਹੈ ਅਜਿਹੇ ਯਤਨ ਧਰਮ ਰਾਹੀਂ ਹੀ ਸਾਰਥਕ ਹੋ ਸਕਦੇ ਹਨ ਕਿਉਂਕਿ ਸਮਾਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਧਰਮ ਦੀ ਅਹਿਮੀਅਤ ਹਮੇਸ਼ਾ ਹੀ ਰਹੀ ਹੈ। ਧਰਮ ਦਾ ਮੁੱਖ ਸਕਸਦ ਮਨੁੱਖ ਨੂੰ ਨੈਤਿਕਤਾ ਨਾਲ ਜੋੜਨਾ ਹੁੰਦਾ ਹੈ। ਸਿੱਖ ਫ਼ਿਲਾਸਫ਼ੀ ਦੇ ਮਹਾਨ ਵਿਦਵਾਨ ਸ਼ੇਰ ਸਿੰਘ ਅਨੁਸਾਰ "ਸ੍ਰੀ ਗੁਰੂ ਨਾਨਕ ਸਾਹਿਬ ਲਈ ਮਨ ਦੀ ਸਚਿਆਈ, ਸਫਾਈ ਤੇ ਲੋਕਾਂ ਨਾਲ ਈਮਾਨਦਾਰੀ ਨਾਲ ਵਰਤਣਾ ਧਰਮ ਦਾ ਜ਼ਰੂਰੀ ਅੰਗ ਸੀ। ਇਹੋ ਗੁਣ (ਬਾਹਰਲੇ ਭੇਖਾਂ ਤੇ ਕਰਮਾਂ-ਕਾਡਾਂ ਨੂੰ ਪਰ੍ਹੇ ਸੁੱਟ ਕੇ) ਮਹਾਤਮਾ ਗੌਤਮ ਜੀ ਨੇ ਸਭ ਤੋਂ ਪਹਿਲਾਂ ਪ੍ਰਚਾਰੇ ਸਨ।"[95] ਕੋਈ ਵੀ ਜਾਤ, ਵਰਣ ਅਤੇ ਰੰਗ ਦਾ ਭੇਦਭਾਵ ਨਿਰਵਾਣ ਪ੍ਰਾਪਤੀ ਦੇ ਰਾਹ ਵਿੱਚ ਵਿਘਨ ਨਹੀਂ ਬਣ ਸਕਦਾ। ਬੇਸ਼ੱਕ ਮਹਾਤਮਾ ਬੁੱਧ ਨੇ ਪਰਮਾਤਮਾ ਲਈ ਚੁੱਪ ਸਾਧੀ, ਪਰ ਉਹਨਾਂ ਨੇ ਸਾਰੀ ਲੋਕਾਈ ਨੂੰ ਸਦਾਚਾਰਕ, ਨੈਤਿਕਤਾ ਭਰਪੂਰ ਅਤੇ ਸੰਜਮੀ ਜੀਵਨ ਦਾ ਉਪਦੇਸ਼ ਦਿੱਤਾ। ਚੰਗੇ ਕਰਮਾਂ ਦਾ ਸਿੱਟਾ ਖੁਸ਼ੀਆਂ ਦੀ ਸਿਰਜਣਾ ਕਰਦਾ ਹੈ ਪਰ ਮਾੜੇ ਕਰਮਾਂ ਦਾ ਫਲ ਇਨਸਾਨ ਕਿਸੇ ਨਾ ਕਿਸੇ ਦੁੱਖ ਰਾਹੀਂ ਭੁਗਤਦਾ ਹੈ। ਇਸੇ ਲਈ ਮਹਾਤਮਾ ਬੁੱਧ ਪਵਿੱਤਰ ਜੀਵਨ ਲਈ ਹਿਰਦੇ ਨੂੰ ਸ਼ੁੱਧ ਰੱਖਣ ਅਤੇ ਵਾਚਿਕ, ਮਾਨਸਿਕ ਅਤੇ ਕਾਇਕ, ਤਿੰਨੋ ਤਰ੍ਹਾਂ ਦੇ ਸਦਾਚਾਰਾਂ ਉੱਪਰ ਜ਼ੋਰ ਦਿੰਦੇ ਹਨ। ਦੂਜੇ ਪਾਸੇ ਸਿੱਖ ਧਰਮ ਵਿੱਚ ਸਤ, ਸੰਤੋਖ, ਸੱਚ, ਸ਼ੀਲ, ਸੰਜਮ, ਸ਼ਾਂਤ ਸੁਭਾਅ ਰਾਹੀਂ ਗੁਰਮੁਖ ਬਣਨ ਦੀ ਤਾਕੀਦ ਕੀਤੀ ਹੈ। ਸਿੱਖ ਧਰਮ ਅਨੁਸਾਰ ਵੀ ਕਰਮਾਂ ਦਾ ਫ਼ਲ ਜ਼ਰੂਰ ਮਿਲਦਾ ਹੈ, ਇੱਥੋਂ ਤੱਕ ਕਿ ਅਗਲਾ ਜਨਮ

---

[95] ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010, ਪੰਨਾ 188.

ਵੀ ਕਰਮਾਂ ਅਨੁਸਾਰ ਮਿਲਦਾ ਹੈ। "ਸਿੱਖ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਪ੍ਰਭੂ ਆਪ ਇਸ ਸ੍ਰਿਸ਼ਟੀ ਵਿੱਚ ਵਿਆਪਕ ਹੈ, ਜੋ ਵੀ ਸਾਨੂੰ ਨਜ਼ਰ ਆਉਂਦਾ ਹੈ ਉਹ ਸਭ ਪ੍ਰਭੂ ਦਾ ਵਿਆਪਕ ਰੂਪ ਹੈ। ਅਗਰ ਅਸੀਂ ਕਿਸੇ ਨਾਲ ਵੀ ਅੱਛਾ ਜਾਂ ਬੁਰਾ ਵਿਵਹਾਰ ਕਰਦੇ ਹਾਂ ਤਾਂ ਉਹ ਵਿਵਹਾਰ ਦਰਅਸਲ ਅਸੀਂ ਪ੍ਰਭੂ ਨਾਲ ਹੀ ਕਰ ਰਹੇ ਹੁੰਦੇ ਹਾਂ। ਫਿਰ ਅਸੀਂ ਉਸ ਪ੍ਰਭੂ ਨਾਲ ਹੀ ਦੁਰਵਿਵਹਾਰ ਕਰ ਕੇ ਆਪ ਕਿਵੇਂ ਉਸ ਤੱਕ ਪਹੁੰਚ ਸਕਦੇ ਹਾਂ? ਜਦਕਿ ਉਸ ਤੱਕ ਪਹੁੰਚਣ ਦਾ ਕੇਵਲ ਇੱਕੋ ਤਰੀਕਾ ਹੀ ਹੈ ਅਤੇ ਉਹ ਹੈ ਉਸ ਦੇ ਵਿਆਪਕ ਰੂਪ ਨਾਲ ਸਦਗੁਣਾਂ ਦੀ ਸਾਂਝ ਪਾ ਕੇ, ਉਸ ਪ੍ਰਤੀ ਪ੍ਰੇਮ ਭਾਵ ਰੱਖ ਕੇ, ਉਸ ਦੀ ਭਗਤੀ ਕਰਨਾ। ਜੇ ਮਨੁੱਖ ਇਹ ਸੋਚੇ ਕਿ ਉਹ ਪ੍ਰਭੂ ਦੀ ਭਗਤੀ ਤਾਂ ਕਰ ਰਿਹਾ ਹੈ ਪਰ ਜੇ ਉਹ ਉਸਦੀ ਸੰਪੂਰਨਤਾ ਨੂੰ ਪ੍ਰੇਮ ਨਾ ਕਰੇ ਤਾਂ ਪ੍ਰਭੂ ਚਰਨਾਂ ਵਿੱਚ ਉਸ ਦਾ ਪਿਆਰ ਕਿਵੇਂ ਸਵੀਕਾਰ ਹੋ ਸਕਦਾ ਹੈ? ਜੇ ਮਨੁੱਖ ਕਹੇ ਕਿ ਉਹ ਪ੍ਰਭੂ ਦੇ ਦੈਵੀ ਜਾਂ ਆਤਮ ਰੂਪ ਨੂੰ ਪਿਆਰ ਕਰਦਾ ਹੈ ਪਰ ਜੇ ਉਹ ਉਸ ਦੇ ਵਿਅਕਤ ਰੂਪ ਨੂੰ ਪਿਆਰ ਨਹੀਂ ਕਰਦਾ ਤਾਂ ਉਸ ਦਾ ਪਿਆਰ ਕਿਵੇਂ ਮਨਜ਼ੂਰ ਹੋ ਸਕਦਾ ਹੈ? ਕਿਉਂਕਿ ਇਹ ਤਾਂ ਇੱਕੋ ਪਰਮਾਤਮਾ ਦੇ ਦੋ ਪਹਿਲੂ ਹਨ।"[96] ਬੁੱਧ ਅਤੇ ਸਿੱਖ ਧਰਮ ਦੀ ਮੁੱਖ ਵਿਚਾਰਧਾਰਾ ਨੈਤਿਕ ਕਦਰਾਂ ਕੀਮਤਾਂ ਨੂੰ ਅਪਨਾਉਣਾ ਰਹੀ ਹੈ ਕਿਉਂਕਿ ਮਨੁੱਖੀ ਜੀਵਨ ਦਾ ਪਰਮ ਮਨੋਰਥ ਮੁਕਤੀ ਹੈ ਅਤੇ ਇਸ ਲਈ ਕੇਵਲ ਨੈਤਿਕ ਜੀਵਨ ਹੀ ਆਧਾਰ ਬਣ ਸਕਦਾ ਹੈ।

ਮਹਾਤਮਾ ਬੁੱਧ ਅਤੇ ਗੁਰੂ ਸਾਹਿਬਾਨ ਨੇ ਮਰਦ ਅਤੇ ਇਸਤਰੀ ਨੂੰ ਸਮਾਨ ਭਾਵੀ ਸਮਝਦਿਆਂ ਸਮਾਜ ਦਾ ਜ਼ਰੂਰੀ ਅੰਗ ਮੰਨਿਆ ਹੈ। ਆਧੁਨਿਕਤਾ ਦੇ ਨਾਮ ਹੇਠ ਹੋ ਰਹੇ ਇਸਤਰੀ ਦੁਰਵਿਵਹਾਰ ਨੂੰ ਖ਼ਤਮ ਕਰਨ ਲਈ ਬੁੱਧ ਅਤੇ ਸਿੱਖ ਧਰਮ ਦੀ ਅਸਲ ਵਿਚਾਰਧਾਰਾ ਨੂੰ ਸਮਝਣ ਦੀ ਜ਼ਰੂਰਤ ਹੈ। ਇਹ ਵਿਚਾਰਧਾਰਾ ਆਧੁਨਿਕ ਸਮੇਂ ਲਈ ਅਜਿਹੀ ਵਿਸ਼ਵ ਦ੍ਰਿਸ਼ਟੀ ਹੈ, ਜੋ ਇਸਤਰੀ ਨੂੰ ਸਾਰੇ ਉਲਝੇਵਿਆਂ ਅਤੇ ਗ਼ੁਲਾਮੀ ਤੋਂ ਮੁਕਤ ਕਰਵਾ ਕੇ ਨਵੀਂ ਜ਼ਿੰਦਗੀ ਦੇਣ ਦੀ ਸਮਰੱਥਾ ਰੱਖਦੀ ਹੈ।

---

[96] ਰਾਜਿੰਦਰ ਕੌਰ ਰੋਹੀ, *ਸ੍ਰੀ ਗੁਰੂ ਗ੍ਰੰਥ ਸਾਹਿਬ:ਅਧਿਆਤਮ ਤੇ ਵਿਵਹਾਰ*, ਪੰਨਾ 144.

# ਸਾਰਾਂਸ਼

ਧਰਮ ਮਨੁੱਖੀ ਜੀਵਨ ਦਾ ਅਨਿਖੜ ਅੰਗ ਹੈ। ਮਨੁੱਖ ਦੀ ਉਤਪਤੀ ਦੇ ਨਾਲ ਹੀ ਧਰਮ ਦਾ ਆਗਾਜ਼ ਹੁੰਦਾ ਹੈ। ਧਰਮ ਅਤੇ ਮਨੁੱਖ ਸਦੀਆਂ ਤੋਂ ਇੱਕ-ਦੂਜੇ ਨਾਲ ਚੱਲੇ ਆ ਰਹੇ ਹਨ। ਧਰਮ ਉਹ ਨਿਯਮ ਹੈ ਜਿਸ ਰਾਹੀਂ ਮਨੁੱਖੀ ਜੀਵਨ ਵਿੱਚ ਨੈਤਿਕਤਾ ਦਾ ਪ੍ਰਚਲਨ ਹੁੰਦਾ ਹੈ। ਜਿੱਥੇ ਧਰਮ ਮਨੁੱਖੀ ਜੀਵਨ ਦਾ ਰਾਹ ਦਸੇਰਾ ਹੈ ਉੱਥੇ ਹੀ ਧਰਮ ਦੇ ਨਾਮ 'ਤੇ ਹੀ ਮਨੁੱਖੀ ਜੀਵਨ ਨਿਗਾਰ ਵੱਲ ਤੁਰ ਪੈਂਦਾ ਹੈ। ਵੱਖ-ਵੱਖ ਸਮਿਆਂ 'ਤੇ ਨਵੇਂ ਧਰਮਾਂ ਦਾ ਆਗਾਜ਼ ਇਸੇ ਕਾਰਨ ਹੁੰਦਾ ਆਇਆ ਹੈ। ਹਰ ਧਰਮ ਸੰਸਥਾਪਕ ਆਪਣੀਆਂ ਸਮਕਾਲੀਨ ਪਰਿਸਥਿਤੀਆਂ ਦੇ ਅਨੁਰੂਪ ਉਪਦੇਸ਼ ਦਿੰਦਾ ਹੈ ਤਾਂਕਿ ਹਰ ਮਨੁੱਖ ਨੈਤਿਕਤਾ ਨੂੰ ਅਪਣਾ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਕਰ ਸਕੇ।

ਆਦਿ ਕਾਲੀਨ ਜਾਂ ਪੂਰਵ ਇਤਿਹਾਸਿਕ ਕਾਲ ਵਿੱਚ ਧਰਮ ਦਾ ਮੁਢ ਬੱਝਦਾ ਹੈ। ਇਸ ਸਮੇਂ ਮਨੁੱਖ ਕੁਦਰਤੀ ਸ਼ਕਤੀਆਂ ਦੇ ਵਿਭਿੰਨ ਪੱਖਾਂ ਨੂੰ ਪੂਜਦਾ ਸੀ। ਉਹ ਜੰਗਲਾਂ/ਕਬੀਲਿਆਂ ਵਿੱਚ ਰਹਿੰਦਾ ਹੋਇਆ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦਾ ਸੀ। ਦੋਨੋਂ ਮਰਦ ਅਤੇ ਇਸਤਰੀ ਮਿਲ-ਜੁਲ ਕੇ ਕੰਮ ਕਰਦੇ ਸਨ। ਇਸ ਸਮੇਂ ਕੋਈ ਅਜਿਹੀ ਭਾਵਨਾ ਪ੍ਰਤੀਤ ਨਹੀਂ ਹੁੰਦੀ ਜਿਸ ਤੋਂ ਇਸਤਰੀ ਨੂੰ ਮਰਦ ਦੀ ਅਧੀਨਤਾ ਵਿੱਚ ਰਹਿਣਾ ਪੈਂਦਾ ਹੋਵੇ ਬਲਕਿ ਇਸਤਰੀ ਦੀ ਜਣਨ ਸਮਰੱਥਾ ਕਾਰਨ ਉਸ ਨੂੰ ਮਹੱਤਤਾ ਹਾਸਲ ਸੀ ਕਿਉਂਕਿ ਉਸ ਰਾਹੀਂ ਨਵਾਂ ਜੀਵਨ ਪ੍ਰਦਾਨ ਕੀਤਾ ਜਾਂਦਾ ਸੀ। ਮਨੁੱਖ ਦੇ ਇਸ ਕਬਾਇਲੀ ਜੀਵਨ ਤੋਂ ਸਭਿਅਕ ਸਮਾਜ ਵੱਲ ਵੱਧਣ 'ਤੇ ਸਿੰਧੂ ਘਾਟੀ ਸਭਿਅਤਾ ਹੋਂਦ ਵਿੱਚ ਆਈ। ਇਸ ਸਭਿਅਕ ਸਮਾਜ ਵਿੱਚ ਇਸਤਰੀਆਂ ਨੂੰ ਮਰਦਾਂ ਤੋਂ ਉੱਚ ਸਥਾਨ ਪ੍ਰਾਪਤ ਸੀ। ਇੱਥੋਂ ਤੱਕ ਕਿ ਇਸਤਰੀ ਨੂੰ ਦੇਵੀ ਵਰਗਾ ਸਨਮਾਨ ਹਾਸਲ ਸੀ। ਸਿੰਧੂ ਘਾਟੀ ਸਭਿਅਤਾ ਦੇ ਉਪਰੰਤ ਆਰੀਅਨ ਇਸ ਭੂਗੋਲਿਕ ਖੇਤਰ ਵਿਖੇ ਆ ਕੇ ਵਸੇ ਸਨ। ਇਸੇ ਸਮੇਂ ਹੀ ਹਿੰਦੂ ਧਰਮ ਦੇ ਰੂਪ ਵਿੱਚ ਮਨੁੱਖ ਦਾ ਧਰਮ ਨੂੰ ਸੰਸਥਾਪਿਤ ਅਤੇ ਸੰਗ੍ਰਹਿਤ ਕਰਨ ਦਾ ਪਹਿਲਾ ਕਦਮ ਸੀ। ਇਹ ਸਮਾਂ ਰਿਗਵੈਦਿਕ ਅਤੇ ਉੱਤਰ ਵੈਦਿਕ ਕਾਲ ਵਜੋਂ ਜਾਣਿਆ ਜਾਂਦਾ ਹੈ। ਰਿਗਵੈਦਿਕ ਕਾਲ ਵਿੱਚ ਇਸਤਰੀ ਨੂੰ ਦੇਵੀ ਦਾ ਦਰਜਾ ਪ੍ਰਾਪਤ ਸੀ। ਇਸਤਰੀ ਦੀ ਧਾਰਮਿਕ ਕਾਰਜਾਂ ਵਿੱਚ ਸ਼ਮੂਲੀਅਤ ਵੀ ਜ਼ਰੂਰੀ ਸੀ। ਧਰਮ ਦੇ ਨਾਲ-ਨਾਲ ਸਮਾਜਿਕ ਪੱਖ ਤੋਂ ਵੀ ਇਸਤਰੀ ਦਾ ਆਦਰ ਸਨਮਾਨ ਕੀਤਾ ਜਾਂਦਾ ਸੀ। ਉੱਤਰ ਵੈਦਿਕ ਕਾਲ ਵਿੱਚ ਇਸਤਰੀ ਪ੍ਰਤੀ ਉੱਚ ਜਾਂ ਪਵਿੱਤਰ ਨਜ਼ਰ ਵਿੱਚ ਬਦਲਾਅ ਆ ਗਿਆ ਸੀ। ਇਸਤਰੀ ਨੂੰ ਮਾਹਵਾਰੀ ਜਾਂ ਬੱਚਾ ਪੈਦਾ ਹੋਣ ਸਮੇਂ ਅਛੂਤ ਸਮਝਦਿਆਂ ਧਾਰਮਿਕ ਕਾਰਜਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਸਭ ਤੋਂ ਵੱਡਾ ਬਦਲਾਅ ਇਹ

ਸੀ ਕਿ ਇਸਤਰੀ ਨੂੰ ਘਰ ਦੀ ਚਾਰ ਦੀਵਾਰੀ ਅਤੇ ਮਰਦ ਦੇ ਦਬਦਬੇ ਹੇਠ ਸੁਰੱਖਿਅਤ ਸਮਝਿਆ ਜਾਣ ਲੱਗਿਆ ਸੀ। ਅਜਿਹੇ ਮਾਹੌਲ ਵਿੱਚ ਬਾਲ ਵਿਆਹ, ਬਹੁ ਵਿਆਹ, ਵਿਦਿਆ 'ਤੇ ਰੋਕ, ਪਰਦਾ ਅਤੇ ਸਤੀ ਪ੍ਰਥਾ ਵਰਗੀਆਂ ਪੈਦਾ ਹੋਈਆਂ ਕੁਰੀਤੀਆਂ ਨੇ ਇਸਤਰੀ ਨੂੰ ਨਿਗੁਣਾ ਬਣਾ ਦਿੱਤਾ ਸੀ। ਬ੍ਰਾਹਮਣ ਗ੍ਰੰਥਾਂ ਦੇ ਸਮੇਂ ਇਸਤਰੀ ਨੂੰ ਸ਼ੂਦਰਾਂ ਵਰਗੇ ਵਤੀਰੇ ਦੇ ਨਾਲ-ਨਾਲ ਸਥਾਈ ਰੂਪ ਵਿੱਚ ਦੂਸ਼ਿਤ ਘੋਸ਼ਿਤ ਕਰ ਦਿੱਤਾ ਗਿਆ ਸੀ। ਇਸਤਰੀ ਨੂੰ ਹਰ ਅਧਿਕਾਰ ਤੋਂ ਵਾਂਝੀ ਕਰ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਇਸਤਰੀਆਂ (ਦਾਸੀਆਂ) ਨੂੰ ਉਪਹਾਰ ਵਿੱਚ ਵੀ ਦੇਣ ਦਾ ਰਿਵਾਜ ਵੀ ਸ਼ੁਰੂ ਹੋ ਗਿਆ ਸੀ। ਉਪਨਿਸ਼ਦਾਂ ਦੇ ਸਮੇਂ ਵਿੱਚ ਇਸਤਰੀਆਂ ਧਾਰਮਿਕ ਕਾਰਜਾਂ ਅਤੇ ਵਿੱਦਿਆ ਦੀਆਂ ਹੱਕਦਾਰ ਸਨ। ਗਾਰਗੀ ਵਾਚਕਨਵੀ ਅਤੇ ਮੈਤ੍ਰੇਈ ਦੇ ਗਿਆਨਵਾਨ ਹੋਣ ਦੀਆਂ ਉਦਾਹਰਨਾਂ ਇਸਤਰੀ ਦੀ ਆਜ਼ਾਦੀ ਅਤੇ ਸਵੈਨਿਰਭਰਤਾ ਨੂੰ ਬਿਆਨ ਕਰਦੀਆਂ ਹਨ। ਪਰ ਇਸ ਸਮੇਂ ਦੌਰਾਨ ਬਾਲ ਵਿਆਹ, ਲੜਕੀ ਦਾ ਬ੍ਰਾਹਮਣਾਂ ਨੂੰ ਦਾਨ ਵਿੱਚ ਦੇਣ ਅਤੇ ਪਤੀ ਦੁਆਰਾ ਮਾਰਨ ਦਾ ਜ਼ਿਕਰ ਵੀ ਮਿਲਦਾ ਹੈ।

ਮਹਾਂਕਾਵਿ ਕਾਲ ਦੇ ਦੋ ਮੁੱਖ ਕਾਵਿ ਰਾਮਾਇਣ ਅਤੇ ਮਹਾਂਭਾਰਤ ਇਸ ਸਮੇਂ ਦੀਆਂ ਪਰਿਸਥਿਤੀਆਂ ਤੋਂ ਰੂ-ਬਰੂ ਕਰਵਾਉਂਦੇ ਹਨ। ਇਸ ਕਾਲ ਵਿੱਚ ਇੱਕ ਪਾਸੇ ਇਸਤਰੀਆਂ ਦੀ ਧਾਰਮਿਕ ਕਾਰਜਾਂ ਵਿੱਚ ਸ਼ਮੂਲੀਅਤ ਜ਼ਰੂਰੀ ਸੀ ਦੂਸਰੇ ਪਾਸੇ ਇਸਤਰੀਆਂ ਦੀ ਪਰਿਵਾਰਿਕ ਜਾਂ ਸਮਾਜਿਕ ਜ਼ਿੰਦਗੀ ਚਿੰਤਾਤੁਰ ਸੀ। ਇਸ ਸਮੇਂ ਸੀਤਾ ਅਤੇ ਦ੍ਰੋਪਦੀ ਦੇ ਜੀਵਨ ਰਾਹੀਂ ਪਤੀ ਭਗਤੀ ਦੀ ਅਟੁੱਟ ਭਾਵਨਾ ਅਤੇ ਆਤਮ ਸਮਰਪਣ ਹੀ ਇਸਤਰੀਤਵ ਪ੍ਰਤੀਤ ਹੁੰਦਾ ਹੈ। ਇਸ ਉਪਰੰਤ ਮੰਨੂ ਦੇ ਵਿਚਾਰਾਂ ਦਾ ਸਮਾਂ ਮੰਨਿਆ ਜਾਂਦਾ ਹੈ। ਮੰਨੂ ਦੇ ਵਿਚਾਰਾਂ ਸਦਕਾ ਇਸਤਰੀ ਦੇ ਜੀਵਨ ਵਿੱਚ ਬਹੁਤ ਬਦਲਾਅ ਆਇਆ। ਇਸਤਰੀ ਨੂੰ ਧਾਰਮਿਕ ਕਾਰਜਾਂ ਤੋਂ ਵੰਚਿਤ ਕਰਨ ਦੇ ਨਾਲ-ਨਾਲ ਉਸਦਾ ਧਰਮ-ਕਰਮ ਪਤੀ, ਉਸਦੀ ਸੇਵਾ ਅਤੇ ਗ੍ਰਿਹਸਤ ਦੇ ਕੰਮ ਕਾਜ ਵਿੱਚ ਸਥਾਪਿਤ ਕਰ ਦਿੱਤਾ ਗਿਆ ਸੀ। ਅਜਿਹੇ ਮਾਹੌਲ ਵਿੱਚ ਇਸਤਰੀਆਂ ਨੂੰ ਸਰੀਰਕ ਅਤੇ ਮਾਨਸਿਕ ਦੋਵਾਂ ਪੱਖਾਂ ਤੋਂ ਕਮਜ਼ੋਰ ਮੰਨਿਆ ਜਾਣ ਲੱਗਿਆ ਸੀ। ਇਸ ਤਰ੍ਹਾਂ ਇਸਤਰੀ ਦੀ ਬਾਗਡੋਰ ਪਹਿਲਾ ਪਿਤਾ ਫੇਰ ਪਤੀ ਅਤੇ ਪੁੱਤਰ ਹੱਥ ਦੇ ਦਿੱਤੀ ਗਈ ਸੀ। ਇਸ ਸਮੇਂ ਦੌਰਾਨ ਇਕੇ-ਦੁਕੇ ਯਤਨ ਇਸਤਰੀ ਨਾਲ ਹੁੰਦੇ ਭੇਦਭਾਵਾਂ ਨੂੰ ਖ਼ਤਮ ਕਰਨ ਅਤੇ ਧਾਰਮਿਕ ਅਧਿਕਾਰਾਂ ਦੀ ਹੱਕਦਾਰ ਬਣਾਉਣ ਲਈ ਕੀਤੇ ਗਏ ਸਨ। ਇਹਨਾਂ ਅਧਿਕਾਰਾਂ ਨਾਲ ਇਸਤਰੀ ਦੀ ਘਰੇਲੂ ਜ਼ਿੰਦਗੀ ਵਿੱਚ ਬਦਲਾਅ ਤਾਂ ਆਇਆ ਪਰੰਤੂ ਫਿਰ ਵੀ ਇਸਤਰੀਆਂ ਨੂੰ ਸਮਾਜ ਵਿੱਚ ਖ਼ਾਸ ਰੁਤਬਾ ਹਾਸਲ ਨਹੀਂ ਹੋਇਆ ਸੀ।

ਇਸਤਰੀ ਹੋਂਦ ਨੂੰ ਸਥਾਪਿਤ ਕਰਨ ਲਈ ਅਜਿਹੀਆਂ ਕੋਸ਼ਿਸ਼ਾਂ ਸਮੇਂ-ਸਮੇਂ ਤੇ ਹੁੰਦੀਆਂ ਰਹੀਆਂ ਹਨ। ਜਿਹਨਾਂ ਦੇ ਹਵਾਲੇ ਬੁੱਧ ਅਤੇ ਸਿੱਖ ਧਰਮ ਦੇ ਗ੍ਰੰਥਾਂ ਵਿੱਚੋਂ ਪ੍ਰਾਪਤ ਹੁੰਦੇ ਹਨ। ਇਹਨਾਂ ਧਰਮਾਂ ਦੇ ਗ੍ਰੰਥਾਂ ਨੂੰ ਆਧਾਰ ਬਣਾ ਕੇ ਕੀਤੇ ਗਏ ਵਿਸ਼ਲੇਸ਼ਣ ਤੋਂ ਇਸਤਰੀ ਪ੍ਰਤੀ ਇੱਕ ਸਾਰਥਕ ਸੋਚ ਉਪਜਦੀ ਹੈ। ਛੇਵੀਂ ਸਦੀ ਈਸਵੀ ਪੂਰਵ ਮਹਾਤਮਾ ਬੁੱਧ ਨੇ ਆਮ ਭਾਸ਼ਾ ਵਿੱਚ ਉਪਦੇਸ਼ ਦਿੱਤੇ ਤਾਂ ਕਿ ਹਰ ਕੋਈ ਇਹਨਾਂ ਦਾ ਲਾਹਾ ਲੈ ਸਕੇ। ਧਰਮ ਦੇ ਹੱਕਦਾਰ ਹਰ ਇਨਸਾਨ ਨੂੰ ਬਣਾਇਆ, ਜਿਸ ਵਿੱਚ ਰੰਗ, ਨਸਲ, ਲਿੰਗ, ਜਾਤ ਦੇ ਭੇਦਭਾਵ ਦੀ ਕੋਈ ਥਾਂ ਨਹੀਂ ਸੀ। ਬੁੱਧ ਧਰਮ ਅਜਿਹਾ ਪਹਿਲਾ ਧਰਮ ਹੈ ਜਿਸ ਨੇ ਇਸਤਰੀ ਨੂੰ ਸੰਘ ਪ੍ਰਵੇਸ਼ ਕਰਵਾਕੇ ਜ਼ਿੰਦਗੀ ਦਾ ਰਹੱਸ ਜਾਣਨ ਲਈ ਮੌਕਾ ਪ੍ਰਦਾਨ ਕੀਤਾ। ਇਸਤਰੀਆਂ ਨੂੰ ਸੰਘ ਪ੍ਰਵੇਸ਼ ਅਤੇ ਨਿਰਵਾਣ ਪ੍ਰਾਪਤੀ ਦੇ ਅਵਸਰ ਨੇ ਉਸ ਸਮੇਂ ਦੀਆਂ ਮਰਦ ਪ੍ਰਧਾਨ ਰਵਾਇਤਾਂ ਨੂੰ ਤੋੜਿਆ ਸੀ। ਭਿੱਖੂ-ਭਿੱਖਣੀਆਂ ਲਈ ਬਣਾਏ ਗਏ ਨਿਯਮ ਕਿਸੇ ਨੂੰ ਉੱਚਾ ਜਾਂ ਨੀਵਾਂ ਸਾਬਿਤ ਕਰਨ ਲਈ ਨਹੀਂ ਸਗੋਂ ਮਰਦ ਅਤੇ ਇਸਤਰੀ ਦੇ ਆਪਸੀ ਰਿਸ਼ਤੇ ਵਿੱਚ ਪਵਿੱਤਰਤਾ ਅਤੇ ਇਸਤਰੀ ਦੀ ਸੁਰੱਖਿਆ ਨੂੰ ਕਾਇਮ ਕਰਨ ਲਈ ਬਣਾਏ ਗਏ ਸਨ। ਮਹਾਤਮਾ ਬੁੱਧ ਨੇ ਮਰਦ ਇਸਤਰੀ ਨੂੰ ਇੱਕ ਦੂਸਰੇ ਦੀ ਨਿੰਦਾ ਕਰਨ ਦੀ ਬਜਾਇ ਮਨ ਨੂੰ ਸੰਜਮ ਵਿੱਚ ਰੱਖਕੇ ਦੁੱਖ ਨਿਵਾਰਨ ਦਾ ਉਪਦੇਸ਼ ਦਿੱਤਾ ਸੀ। ਮਹਾਤਮਾ ਬੁੱਧ ਦੀ ਜ਼ਿੰਦਗੀ ਦੇ ਅਹਿਮ ਮੌਕਿਆਂ ’ਤੇ ਇਸਤਰੀਆਂ ਦੀ ਹਾਜ਼ਰੀ ਅਹਿਮ ਗੱਲ ਹੈ। ਬੁੱਧ ਧਰਮ ਵਿੱਚ ਇਸਤਰੀ ਦਾ ਸਥਾਨ ਮਹੱਤਵਪੂਰਨ ਰਿਹਾ ਹੈ। ਇੱਥੋਂ ਤੱਕ ਕਿ ਘਰ ਤਿਆਗਣ ਸਮੇਂ ਕਿੱਸਾ ਗੌਤਮੀ, ਗਿਆਨ ਦੇ ਰਾਹ ਤੋਂ ਜਾਣੂ ਕਰਵਾਉਣ ਵਿੱਚ ਨੱਚਣ ਵਾਲੀ ਦੇ ਬੋਲਾਂ ਅਤੇ ਹਿੰਮਤ ਦੇਣ ਲਈ ਸੁਜਾਤਾ ਦਾ ਬਹੁਤ ਵੱਡਾ ਰੋਲ ਸੀ। ਮਹਾਤਮਾ ਬੁੱਧ ਨੇ ਕਈ ਭਿੱਖਣੀਆਂ ਅਤੇ ਉਪਾਸਿਕਾਵਾਂ ਨੂੰ ਵਿਭਿੰਨ ਪੱਖਾਂ ਵਿੱਚ ਮਾਹਿਰ ਮੰਨਦਿਆ ਉਹਨਾਂ ਦੀ ਸਲਾਘਾ ਕੀਤੀ। ਇੱਥੋਂ ਤੱਕ ਕਿ ਮਹਾਤਮਾ ਬੁੱਧ ਨੇ ਭਿੱਖੂਆਂ ਅਤੇ ਉਪਾਸਕਾਂ ਵਾਂਗ ਹੀ ਭਿੱਖਣੀਆਂ ਅਤੇ ਉਪਾਸਿਕਾਵਾਂ ਨੂੰ ਪਰਿਸ਼ਦ ਦੇ ਗਹਿਣੇ ਅਤੇ ਸੰਘ ਦੀ ਸ਼ੋਭਾ ਨਾਲ ਸੰਬੋਧਿਤ ਕੀਤਾ ਸੀ। ਇਸੇ ਕਰਕੇ ਇਸਤਰੀਆਂ ਦਾ ਬੁੱਧ ਧਰਮ ਦੇ ਵਿਕਾਸ ਵਿੱਚ ਵਿਸ਼ੇਸ਼ ਸਹਿਯੋਗ ਅਤੇ ਸਾਹਿਤਕ ਯੋਗਦਾਨ ਰਿਹਾ ਹੈ।

ਬੁੱਧ ਧਰਮ ਸਦਕਾ ਇਸਤਰੀ ਨੂੰ ਸਮਾਜ ਵਿੱਚ ਬਰਾਬਰਤਾ ਹਾਸਲ ਹੋਈ ਸੀ। ਇਸਤਰੀ ਦੇ ਘਰੇਲੂ ਜੀਵਨ ਵਿੱਚ ਕਾਫ਼ੀ ਬਦਲਾਅ ਆਇਆ ਸੀ। ਉਸ ਨੂੰ ਪਤਨੀ, ਮਾਂ ਅਤੇ ਬੇਟੀ ਵਜੋਂ ਹੀ ਨਹੀਂ ਸਗੋਂ ਸਵੈ ਹੋਂਦ ਵਜੋਂ ਮਹੱਤਤਾ ਹਾਸਲ ਹੋਈ। ਬੁੱਧ ਧਰਮ ਤਿਆਗਵਾਦੀ ਜਾਂ ਸੰਨਿਆਸੀ ਧਰਮ ਹੀ ਨਹੀਂ ਹੈ ਬਲਕਿ ਗ੍ਰਹਿਸਤਮਈ ਜੀਵਨ ਵੀ ਬੁੱਧ ਧਰਮ ਦਾ ਅਹਿਮ ਹਿੱਸਾ ਹੈ। ਇਹ ਜ਼ਰੂਰ ਹੈ ਕਿ ਬੁੱਧ ਧਰਮ ਵਿੱਚ ਸੰਘ ਦੇ ਜੀਵਨ ਨੂੰ ਮੁੱਖ ਮੰਨਿਆ ਜਾਂਦਾ ਹੈ, ਪਰ ਮਹਾਤਮਾ ਬੁੱਧ ਨੇ ਗ੍ਰਹਿਸਤ ਜੀਵਨ ਨੂੰ ਸੁਖਾਲਾ ਕਰਨ ਹਿਤ ਵੀ ਉਪਰਾਲੇ ਕੀਤੇ ਸਨ। ਇਹਨਾਂ ਉਪਰਾਲਿਆਂ ਸਦਕਾ ਇਸਤਰੀ ਨੂੰ ਮਹੱਤਤਾ ਹਾਸਲ ਹੋਈ ਸੀ।

ਇੱਕ ਲੰਮੇ ਸਮੇਂ ਦੇ ਉਤਾਰ-ਚੜਾਅ ਤੋਂ ਬਾਅਦ ਸਿੱਖ ਧਰਮ ਹੋਂਦ ਵਿੱਚ ਆਇਆ। ਸਿੱਖ ਧਰਮ ਦਾ ਮੂਲ ਆਸ਼ਾ ਮਨੁੱਖੀ ਸਮਾਨਤਾ ਅਤੇ ਜੀਵਨ ਮਨੋਰਥ ਦੀ ਪ੍ਰਾਪਤੀ ਸੀ। ਗੁਰੂ ਸਾਹਿਬਾਨ ਨੇ ਪ੍ਰਚਲਿਤ ਸਮਾਜਿਕ ਵਿਧਾਨ ਨੂੰ ਖ਼ਤਮ ਕਰਨ ਲਈ ਸਾਰੀ ਮਨੁੱਖਤਾ ਨੂੰ ਇੱਕ ਬਰਾਬਰ ਦੱਸਿਆ। ਜਿਸ ਨਾਲ ਮਜ਼ਹਬ, ਰੰਗ, ਨਸਲ ਅਤੇ ਲਿੰਗ ਦੇ ਨਾਮ 'ਤੇ ਹੁੰਦੇ ਵਿਤਕਰਿਆਂ ਵਿੱਚ ਠਲ੍ਹ ਪਈ। ਗੁਰੂ ਸਾਹਿਬਾਨ ਨੇ ਮਰਦ ਇਸਤਰੀ ਦੇ ਵਖਰੇਵੇਂ ਦੀ ਬਜਾਇ ਗੁਣਵਾਨ ਅਤੇ ਗੁਣਹੀਨ ਇਨਸਾਨ ਦੇ ਭੇਦ ਨੂੰ ਮੰਨਿਆ। ਮਰਦ ਇਸਤਰੀ ਦੇ ਹਰ ਵਖਰੇਵੇਂ ਨੂੰ ਨਕਾਰਦਿਆਂ ਦੋਵਾਂ ਨੂੰ ਧਰਮ ਵਿੱਚ ਬਰਾਬਰ ਦਾ ਦਰਜਾ ਦਿੱਤਾ। ਸਿੱਖ ਧਰਮ ਵਿੱਚ ਗ੍ਰਹਿਸਤ ਮਾਰਗ ਨੂੰ ਵਿਸ਼ੇਸ਼ ਮਹੱਤਵ ਦੇਣ ਕਾਰਨ ਇਸਤਰੀ ਤੋਂ ਦੂਰ ਹੋ ਕੇ ਮੁਕਤੀ ਪ੍ਰਾਪਤ ਕਰਨ ਵਾਲੀ ਰਵਾਇਤ ਟੁੱਟੀ ਹੈ। ਸਿੱਖ ਧਰਮ ਵਿੱਚ ਮਨੁੱਖਾ ਜਨਮ ਦੇ ਅਸਲ ਮੰਤਵ ਲਈ ਮਰਦ ਇਸਤਰੀ ਦਾ ਕੋਈ ਵਖਰੇਵਾਂ ਨਹੀਂ ਸਮਝਿਆ ਗਿਆ। ਗੁਰੂ ਸਾਹਿਬਾਨ ਅਨੁਸਾਰ ਜਿਨਾਂ ਚਿਰ ਇਨਸਾਨ ਆਪਣੇ ਮਨ ਅੰਦਰ ਇਸਤਰੀ ਸਦਗੁਣਾਂ ਨੂੰ ਧਾਰਨ ਨਹੀਂ ਕਰਦਾ, ਉਹ ਅਨੋਖੇ ਵਿਸਮਾਦੀ ਰੰਗ ਨੂੰ ਨਹੀਂ ਮਾਣ ਸਕਦਾ। ਸਿੱਖ ਧਰਮ ਵਿੱਚ ਇਸਤਰੀ ਜੀਵਨ ਨੂੰ ਉੱਚਤਾ ਅਤੇ ਸਤਿਕਾਰ ਪ੍ਰਾਪਤ ਹੈ। ਇਸੇ ਆਦਰ ਸਨਮਾਨ ਸਦਕਾ ਇਸਤਰੀ ਦੇਹ ਨੂੰ ਸੂਤਕ ਜਾਂ ਅਪਵਿੱਤਰ ਦਰਜਾ ਦੇਣ ਵਾਲੀਆਂ ਸਾਰੀਆਂ ਪਿਤਰਕੀ ਧਾਰਨਾਵਾਂ ਦਾ ਵੀ ਖ਼ਾਤਮਾ ਹੋਇਆ। ਗੁਰੂ ਸਾਹਿਬਾਨ ਨੇ ਇਸਤਰੀ ਦੀ ਘਰੇਲੂ ਜ਼ਿੰਦਗੀ ਨੂੰ ਵੀ ਸੁਖਦ ਬਣਾਉਣ ਲਈ ਪਤੀ-ਪਤਨੀ ਦੇ ਰਿਸ਼ਤੇ ਵਿੱਚ ਪਿਆਰ ਅਤੇ ਸੰਜਮ ਦਾ ਉਪਦੇਸ਼ ਦਿੱਤਾ। ਇਸਤਰੀ ਦੀ ਸਿਰਜਣ ਸਮਰੱਥਾ ਨੂੰ ਬਹੁਤ ਉੱਚਾ ਮਾਣ ਹਾਸਲ ਹੋਇਆ। ਗੁਰੂ ਸਾਹਿਬਾਨ ਨੇ ਇਸਤਰੀ ਨੂੰ ਦੁਨਿਆਵੀ ਰਿਸ਼ਤਿਆਂ ਵਿੱਚ ਮਹੱਤਤਾ ਦੇਣ ਦੇ ਨਾਲ-ਨਾਲ ਸਵੈ ਪਹਿਚਾਨ ਵੀ ਦਿੱਤੀ। ਸਿੱਖ ਧਰਮ ਦੇ ਇਹਨਾਂ ਉਪਦੇਸ਼ਾਂ ਸਦਕਾ ਇਸਤਰੀ ਨੇ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਹਰ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

ਆਧੁਨਿਕ ਸਮੇਂ ਵਿੱਚ ਨਾਰੀਵਾਦੀ ਅੰਦੋਲਨ ਅਤੇ ਇਸ ਦੇ ਵੱਖ-ਵੱਖ ਸਿਧਾਂਤਾਂ ਸਦਕਾ ਇਸਤਰੀ ਜੀਵਨ ਵਿੱਚ ਤਬਦੀਲੀ ਆਈ। ਇਸ ਤਬਦੀਲੀ ਦਾ ਮਰਦਾਂਵੀ ਜ਼ਿੰਦਗੀ ਉੱਪਰ ਵੀ ਅਸਰ ਪਿਆ। ਇਸਤਰੀ ਆਰਥਿਕ, ਰਾਜਨੀਤਿਕ ਅਤੇ ਸਮਾਜਿਕ ਹਰ ਪੱਖ ਤੋਂ ਸਵੈ ਨਿਰਭਰ ਹੋਈ ਹੈ। ਨਾਰੀਵਾਦ ਅਜਿਹਾ ਅੰਦੋਲਨ ਪ੍ਰਤੀਤ ਹੁੰਦਾ ਹੈ ਜਿਸ ਵਿੱਚ ਇਸਤਰੀ ਲਿੰਗ ਵੱਲੋਂ ਮਰਦਾਂ ਦੇ ਖ਼ਿਲਾਫ਼ ਵਿਰੋਧ ਜ਼ਿਆਦਾ ਹੈ। ਜਿਸ ਵਿੱਚ ਮਰਦ ਪ੍ਰਧਾਨਤਾ ਅਤੇ ਲਿੰਗਕ ਭੇਦਭਾਵ ਨੂੰ ਹੀ ਮੁੱਖ ਸਮੱਸਿਆ ਵਜੋਂ ਲਿਆ ਗਿਆ ਹੈ। ਨਾਰੀਵਾਦੀ ਚਿੰਤਕਾਂ ਨੇ ਹਰ ਬੇਇਨਸਾਫ਼ੀ ਵਿਰੁੱਧ ਗਰਮਜੋਸ਼ੀ ਅਤੇ ਵੱਡੇ ਗ਼ੁੱਸੇ ਦਾ ਪ੍ਰਤਿਕਰਮ ਦਰਸਾਇਆ ਹੈ। ਨਾਰੀਵਾਦੀ ਅੰਦੋਲਨ ਅਸਲ ਵਿੱਚ ਇੱਕ ਪ੍ਰਤਿਕਰਮੀ ਅਤੇ ਰੋਸ ਲਹਿਰ ਸੀ, ਜਿਸ ਦਾ ਜਨਮ ਕਟੁਤਾ ਅਤੇ ਗ਼ੁੱਸੇ ਵਿੱਚੋਂ ਹੋਇਆ ਸੀ।

ਇਸਤਰੀ ਦੀ ਸਵੈਨਿਰਭਰਤਾ ਲਈ ਪੜਾਈ-ਲਿਖਾਈ, ਘਰੋਂ ਬਾਹਰ ਕੰਮ-ਕਾਜ, ਵੋਟ ਅਧਿਕਾਰ ਜਿਹੇ ਪੱਖਾਂ ਵਿੱਚ ਬਰਾਬਰਤਾ ਦਾ ਸੰਘਰਸ਼ ਵੱਡੇ ਰੂਪ ਵਿੱਚ ਸੀ। ਨਾਰੀਵਾਦੀ ਚਿੰਤਨ ਵਿੱਚ ਇਸਤਰੀ ਦੇ ਅਸਲ ਦਰਦ ਦੀ ਪਹਿਚਾਣ ਕਰਨ ਦੀ ਬਜਾਇ ਪਦਾਰਥਵਾਦੀ ਆਜ਼ਾਦੀ ਦਾ ਪੱਖ ਜ਼ਿਆਦਾ ਉਭਰਵੇਂ ਰੂਪ ਵਿੱਚ ਮੌਜੂਦ ਹੈ ਪਰ ਹੁਣ ਨਾਰੀਵਾਦੀ ਚਿੰਤਕਾਂ ਵੱਲੋਂ ਚਿੰਤਨ ਨੂੰ ਵੱਖਰੀ ਪਛਾਣ ਦਿੱਤੀ ਜਾ ਰਹੀ ਹੈ ਤਾਂਕਿ ਮਰਦ ਇਸਤਰੀ ਨੂੰ ਉਹਨਾਂ ਦੇ ਲਿੰਗ, ਰੰਗ ਅਤੇ ਨਸਲ ਸਦਕਾ ਨਹੀਂ ਸਗੋਂ ਮਨੁੱਖ ਵਜੋਂ ਮਹੱਤਤਾ ਹਾਸਲ ਹੋ ਸਕੇ।

ਨਾਰੀਵਾਦੀ ਅੰਦੋਲਨ ਨੇ ਮਨੁੱਖ ਦੇ ਪੁਰਾਣੇ ਵਿਸ਼ਵਾਸਾਂ ਤੋਂ ਬੇਮੁਖ ਹੁੰਦਿਆਂ ਨਵੇਂ ਪ੍ਰਭਾਵਾਂ ਨੂੰ ਉਲਾਰੂ ਹੱਦ ਤੱਕ ਸਥਾਪਿਤ ਕਰਨ ਦੇ ਨਾਲ-ਨਾਲ ਮਨੁੱਖ ਵਿੱਚ ਇੱਕ ਨਵਾਂ ਵਿਸ਼ਵਾਸ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਪਰੰਤੂ ਜਦੋਂ ਧਰਮ ਰਾਹੀਂ ਇਸ ਦੇ ਅੰਤਰੀਵ ਰਹੱਸ ਨਾਲ ਅਭੇਦ ਹੋਣ ਦਾ ਯਤਨ ਕਰਦੇ ਹਾਂ ਤਾਂ ਇਹ ਸਿਧਾਂਤ 20 ਵੀਂ ਸਦੀ ਦੇ ਸਿਧਾਂਤਾਂ ਤੋਂ ਕਿਤੇ ਵਧੇਰੇ ਪ੍ਰਭਾਵਮਈ, ਅਸਰਦਾਰ ਅਤੇ ਲੋੜਵੰਦ ਜਾਪਦੇ ਹਨ। ਨਾਰੀਵਾਦ ਸੰਸਾਰਿਕ/ਦੁਨਿਆਵੀ ਆਜ਼ਾਦੀ ਦੀ ਗੱਲ ਕਰਦਾ ਹੈ, ਜਿਸ ਦਾ ਭਾਵ ਬਰਾਬਰਤਾ ਤੋਂ ਲਿਆ ਜਾਂਦਾ ਹੈ। ਕਈ ਵਾਰ ਆਜ਼ਾਦੀ ਤੋਂ ਭਾਵ ਸਵੈ ਨਿਰਭਰਤਾ ਤੋਂ ਵੀ ਲਿਆ ਜਾਂਦਾ ਹੈ। ਧਰਮ ਦੇ ਪੱਖ ਵਿੱਚ ਸਮਝੀਏ ਤਾਂ ਆਜ਼ਾਦੀ ਦਿਮਾਗ਼ੀ ਜਾਂ ਅੰਦਰੂਨੀ ਹੁੰਦੀ ਹੈ ਜਿੱਥੇ ਕਿਸੇ ਵੀ ਸਵਾਲ ਜਾਂ ਸ਼ੱਕ ਲਈ ਕੋਈ ਜਗ੍ਹਾ ਨਹੀਂ ਰਹਿ ਜਾਂਦੀ। ਇਸ ਆਜ਼ਾਦੀ ਦਾ ਅਨੁਭਵ ਬਹੁਤ ਹੀ ਪ੍ਰਬਲ, ਤੀਖਣ ਅਤੇ ਸ਼ਕਤੀਸ਼ਾਲੀ ਹੁੰਦਾ ਹੈ ਜੋ ਹਰ ਨਿਰਭਰਤਾ, ਗ਼ੁਲਾਮੀ ਤੋਂ ਆਜ਼ਾਦ ਕਰ ਦਿੰਦਾ ਹੈ। ਸਭ ਤੋਂ ਵੱਡੀ ਗੱਲ ਇਹ ਆਜ਼ਾਦੀ ਕਿਸੇ ਜੈਂਡਰ ਆਧਾਰਿਤ ਹੋਂਦ ਨੂੰ ਪੇਸ਼ ਨਹੀਂ ਕਰਦੀ ਸਗੋਂ ਇਹ ਮਰਦ ਇਸਤਰੀ ਦੇ ਵਖਰੇਵੇਂ (ਜੈਂਡਰ) ਤੋਂ ਕਿਤੇ ਅਗਾਂਹ ਦੀ ਗੱਲ ਕਰਦੀ ਹੈ। ਅਜਿਹੀ ਆਜ਼ਾਦੀ ਬੁੱਧ ਅਤੇ ਸਿੱਖ ਧਰਮ ਵਿੱਚ ਪਰਮ ਮਨੋਰਥ ਦੀ ਪ੍ਰਾਪਤੀ ਹੈ। ਜਿਸ ਦੀ ਪ੍ਰਾਪਤੀ ਲਈ ਜੈਂਡਰ ਅਧਾਰਿਤ ਕੋਈ ਭੇਦਭਾਵ ਨਹੀਂ ਹੈ।

ਬੁੱਧ ਧਰਮ ਦੇ ਗ੍ਰੰਥਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਜਿਹਨਾਂ ਹੱਕਾਂ ਲਈ ਅੱਜ ਦੇ ਸਮੇਂ ਇਸਤਰੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ, ਮਹਾਤਮਾ ਬੁੱਧ ਨੇ ਛੇਵੀਂ ਸਦੀ ਈਸਵੀ ਪੂਰਵ ਵਿੱਚ ਹੀ ਅਜਿਹੇ ਅਧਿਕਾਰਾਂ ਦੀ ਗੱਲ ਕਰ ਦਿੱਤੀ ਸੀ। ਨਾਰੀਵਾਦ ਸਿਧਾਂਤ ਦੀ ਜੜ੍ਹ ਜਾਂ ਬਨਿਆਦ ਦਵੈਤ ਭਾਵਨਾ ਹੈ ਜੋ ਕਿ ਮਰਦ ਇਸਤਰੀ ਦੀਆਂ ਵੱਖੋ-ਵੱਖ ਜ਼ਰੂਰਤਾਂ ਲਈ ਸੰਘਰਸ਼ ਕਰਦਾ ਹੈ। ਮਹਾਤਮਾ ਬੁੱਧ ਨੇ ਸਾਰਿਆਂ ਵਿੱਚ ਬਰਾਬਰਤਾ ਅਤੇ ਇਕਰੂਪਤਾ ਨੂੰ ਵੇਖਿਆ। ਮਹਾਤਮਾ ਬੁੱਧ ਨੇ ਮਰਦ ਇਸਤਰੀ ਦੇ ਲਿੰਗ ਭੇਦ ਨੂੰ ਆਧਾਰ ਬਣਾਉਣ ਦੀ ਬਜਾਇ ਗੁਣਾਂ ਅਤੇ ਔਗੁਣਾਂ ਨੂੰ ਆਧਾਰ ਬਣਾਇਆ। ਇਸਤਰੀ ਸਵੈਨਿਰਭਰਤਾ ਨਾਰੀਵਾਦ ਦਾ ਮੁੱਖ ਮਸਲਾ ਹੈ। ਮਹਾਤਮਾ ਬੁੱਧ ਨੇ ਉਸ ਸਮੇਂ ਹੀ ਹਰ ਇਨਸਾਨ ਨੂੰ ਦੂਸਰੇ ਉੱਪਰ ਨਿਰਭਰ ਹੋਣ ਨੂੰ ਦੁੱਖ

ਦੱਸਦਿਆਂ ਸਵੈਨਿਰਭਰਤਾ ਉੱਪਰ ਜ਼ੋਰ ਦਿੱਤਾ। ਬੁੱਧ ਧਰਮ ਅਜਿਹਾ ਧਰਮ ਹੈ ਜਿਸ ਵਿੱਚ ਇਸਤਰੀਆਂ ਨੂੰ ਅਧਿਕਾਰ ਪ੍ਰਾਪਤ ਹੋਏ ਤੇ ਉਹ ਅਧਿਕਾਰ ਕੇਵਲ ਸਿਧਾਂਤਕ ਹੀ ਨਹੀਂ ਸਗੋਂ ਵਿਹਾਰਕ ਪੱਖੋਂ ਵੀ ਪ੍ਰਵਾਨ ਚੜ੍ਹੇ। ਮਹਾਤਮਾ ਬੁੱਧ ਨੇ ਜੀਵਨ ਦੇ ਅਸਲ ਮਨੋਰਥ (ਨਿਰਵਾਣ) ਦੀ ਪ੍ਰਾਪਤੀ ਲਈ ਇਸਤਰੀ ਨੂੰ ਕਾਬਿਲ ਸਮਝਿਆ। ਬੁੱਧ ਧਰਮ ਅਨੁਸਾਰ ਨਿਰਵਾਣ ਅੰਦਰੂਨੀ ਵਿਕਾਸ ਹੈ। ਇਹ ਇੱਕ ਚੇਤਨਾ, ਗਿਆਨ ਹੈ ਜੋ ਸਾਰੇ ਭੇਦਭਾਵਾਂ ਤੋਂ ਮੁਕਤ ਹੈ। ਇਸ ਵਿੱਚ ਜੈਂਡਰ ਅਧਾਰਿਤ ਭੇਦਭਾਵ ਨਹੀਂ ਕੀਤਾ ਜਾ ਸਕਦਾ। ਇਸਤਰੀਆਂ ਨੇ ਵੀ ਇਸ ਸੋਚ ਨੂੰ ਵਿਹਾਰਕ ਰੂਪ ਦਿੱਤਾ। ਇੱਥੋਂ ਤੱਕ ਕਿ ਇਸਤਰੀਆਂ ਨੇ ਆਪਣੇ ਅਧਿਆਤਮਿਕ ਅਨੁਭਵ ਨੂੰ ਲਿਖਤ ਰੂਪ ਵਿੱਚ ਵੀ ਲਿਆਂਦਾ। ਨਾਰੀਵਾਦੀ ਮਹਾਨ ਚਿੰਤਕਾਂ ਲੂਈਸ ਇਰੀਗੇਰੈ ਅਤੇ ਹੈਲੇਨ ਸਿੱਖੂ ਨੇ ਇਸਤਰੀ ਦੇਹ ਦੇ ਨਾਲ-ਨਾਲ ਇਸਤਰੀ ਲਿਖਤ ਦੀ ਮਹਾਨਤਾ ਉੱਪਰ ਵਿਚਾਰ ਪ੍ਰਗਟਾਏ ਹਨ। ਇਹਨਾਂ ਨਾਰੀਵਾਦੀ ਚਿੰਤਕਾਂ ਨੇ ਇਸਤਰੀ ਦੀ ਭਾਸ਼ਾ ਦੀ ਵਰਤੋਂ ਵਿਚਲੀ ਵਿਲੱਖਣਤਾ ਨੂੰ ਪ੍ਰਗਟਾਇਆ ਹੈ। ਇਹਨਾਂ ਅਨੁਸਾਰ ਇਸਤਰੀ ਦੁਆਰਾ ਵਰਤੀ ਗਈ ਭਾਸ਼ਾ ਹਉਮੈਂ ਤੋਂ ਪਰ੍ਹੇ ਆਤਮਿਕ ਅਹਿਸਾਸਾਂ ਨਾਲ ਵਧੇਰੇ ਜੁੜੀ ਹੋਵੇਗੀ ਜੋ ਕਿ ਮਰਦ ਪ੍ਰਧਾਨਤਾ ਲਈ ਵੰਗਾਰ ਦਾ ਰੂਪ ਧਾਰਨ ਕਰੇਗੀ। ਇਹਨਾਂ ਨਾਰੀਵਾਦੀ ਚਿੰਤਕਾਂ ਦੀ ਕੋਸ਼ਿਸ਼ ਸੀ ਕਿ ਇਸਤਰੀ ਦੇ ਖ਼ੂਬਸੂਰਤ ਅਨੁਭਵ ਨੂੰ ਭਾਸ਼ਾ ਰਾਹੀਂ ਪੇਸ਼ ਕੀਤਾ ਜਾ ਸਕੇ ਜਿਸਨੂੰ ਮਰਦਾਵੀਂ ਸੋਚ ਨੇ ਦਬਾਇਆ ਹੋਇਆ ਹੈ। ਮਰਦ ਪ੍ਰਧਾਨ ਸੋਚ ਤੋਂ ਆਜ਼ਾਦੀ ਲਈ ਭਾਸ਼ਾ ਦੀ ਦੁਨੀਆ ਵਿੱਚ ਨਵੀਨਤਾ ਲਿਆਉਣ ਦੀ ਜ਼ਰੂਰਤ ਸਮਝੀ। ਜਿਸ ਆਜ਼ਾਦੀ ਲਈ 20ਵੀਂ ਸਦੀ ਵਿੱਚ ਸੰਘਰਸ਼ ਚੱਲ ਰਿਹਾ ਹੈ ਉਹ ਆਜ਼ਾਦੀ ਮਹਾਤਮਾ ਬੁੱਧ ਦੇ ਸਮੇਂ ਇਸਤਰੀਆਂ ਨੂੰ ਪ੍ਰਾਪਤ ਸੀ। ਇਸਤਰੀਆਂ ਨੇ ਖ਼ੁਦ ਸਾਧਨਾ ਰਾਹੀਂ ਜੀਵਨ ਦੇ ਅਸਲ ਰਹੱਸ ਨੂੰ ਜਾਣਿਆ ਅਤੇ ਉਸਨੂੰ ਲਿਖਤ ਰੂਪ ਵੀ ਦਿੱਤਾ। ਮਹਾਤਮਾ ਬੁੱਧ ਨੇ ਇਸਤਰੀਆਂ ਨੂੰ ਇਸ ਕਾਬਿਲ ਵੀ ਮੰਨਿਆ ਕਿ ਉਹ ਖ਼ੁਦ ਸੱਚ ਦੇ ਰਾਹ ਚੱਲਣ ਦੇ ਨਾਲ-ਨਾਲ ਦੂਜਿਆਂ ਨੂੰ ਵੀ ਪ੍ਰਚਾਰ ਰਾਹੀਂ ਇਸ ਰਾਹੇ ਤੋਰ ਸਕਦੀਆਂ ਹਨ। ਅਜੋਕੇ ਸਮੇਂ ਵਿੱਚ ਇਸਤਰੀ ਜਿਹੜੇ ਅਧਿਕਾਰਾਂ ਲਈ ਸੰਘਰਸ਼ ਕਰ ਰਹੀ ਹੈ, ਮਹਾਤਮਾ ਬੁੱਧ ਨੇ ਆਪਣੇ ਸਮੇਂ ਇਸਤਰੀ ਭਾਵਨਾ ਨੂੰ ਸਮਝਿਆ ਅਤੇ ਦੁਨੀਆ ਨੂੰ ਉਸਦੀ ਮਹਾਨਤਾ ਤੋਂ ਰੂ-ਬਰੂ ਕਰਵਾਇਆ ਸੀ।

ਨਾਰੀਵਾਦੀ ਅੰਦੋਲਨ ਦਾ ਇਹ ਵੱਡਾ ਸਵਾਲ ਸੀ ਕਿ ਇਸਤਰੀ ਦੀਆਂ ਭਾਵਨਾਵਾਂ ਨੂੰ ਇੱਕ ਇਸਤਰੀ ਹੀ ਸਮਝ ਸਕਦੀ ਹੈ ਅਤੇ ਇਸੇ ਕਰਕੇ ਇਸ ਦੀਆਂ ਮੂੰਹ ਬੋਲਦੀਆਂ ਉਦਾਹਰਨਾਂ ਪੱਛਮੀ ਨਾਰੀਵਾਦੀ ਚਿੰਤਕ ਹਨ। ਇਹਨਾਂ ਨਾਰੀਵਾਦੀ ਚਿੰਤਕਾਂ ਦਾ ਮੰਨਣਾ ਹੈ ਕਿ ਮਰਦਾਂ ਦੁਆਰਾ ਸ਼ੁਰੂ ਕੀਤੀ ਮੁਹਿੰਮ ਨਾਰੀਵਾਦੀ ਕ੍ਰਾਂਤੀ ਨਹੀਂ ਲਿਆ ਸਕਦੀ ਕਿਉਂਕਿ ਕਿਤੇ ਨਾ ਕਿਤੇ ਮਰਦ ਇਸਤਰੀ ਉੱਪਰ ਹਾਵੀ ਹੀ ਹੋਣਗੇ। ਇਹਨਾਂ ਵਿਚਾਰਾਂ ਨੂੰ ਸਾਰਥਕ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਬੁੱਧ ਅਤੇ ਸਿੱਖ ਧਰਮ ਦੇ ਸੰਸਥਾਪਕ ਮਰਦ ਹੀ ਰਹੇ ਹਨ ਅਤੇ

ਇਹਨਾਂ ਦੇ ਯਤਨਾਂ ਸਦਕਾ ਇਸਤਰੀ ਹੋਂਦ ਦੀ ਨਵੀਂ ਪਹਿਚਾਣ ਬਣੀ। ਇੱਥੋਂ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਇਸਤਰੀਤਵ ਦੀ ਹਾਮੀ ਭਰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਾਰੇ ਜੀਵਾਂ ਨੂੰ ਇੱਕ ਪਰਮ ਸੱਚ ਦੇ ਅੰਸ਼ ਦੱਸਦਿਆਂ ਸਾਰੇ ਭੇਦਾਂ ਤੋਂ ਮੁਕਤ ਕਰ ਦਿੱਤਾ। ਮਰਦ ਇਸਤਰੀ ਨੂੰ ਵੱਖਰੇ ਨਹੀਂ ਸਗੋਂ ਸਾਰਿਆਂ ਨੂੰ ਹੀ ਜੀਵ ਇਸਤਰੀ ਦੇ ਰੂਪ ਵਿੱਚ ਸੰਬੋਧਿਤ ਕੀਤਾ ਹੈ। ਜਿਸ ਸੋਚ ਨੂੰ ਨਾਰੀਵਾਦੀ ਚਿੰਤਕਾਂ ਨੇ 20ਵੀਂ ਸਦੀ ਵਿੱਚ ਸਾਹਮਣੇ ਲਿਆਂਦਾ ਹੈ, ਗੁਰੂ ਸਾਹਿਬਾਨ ਨੇ ਚਾਰ ਸਦੀਆਂ ਪਹਿਲਾਂ ਹੀ ਮਰਦ ਇਸਤਰੀ ਦੇ ਵਖਰੇਵੇਂ ਨੂੰ ਖ਼ਤਮ ਕਰ ਦਿੱਤਾ ਸੀ। ਗੁਰੂ ਸਾਹਿਬਾਨ ਅਨੁਸਾਰ ਮਰਦ ਇਸਤਰੀ ਦੋਵੇਂ ਹੀ ਪਰਮ ਸੱਚ ਦੀ ਰਚਨਾ ਹਨ, ਜਿਹਨਾਂ ਵਿੱਚ ਚੰਗੇ-ਮਾੜੇ, ਉੱਚੇ-ਨੀਵੇਂ ਦਾ ਭੇਦ ਦੇਖਣਾ ਮਨੁੱਖ ਦੀ ਹਉਮੈਂ ਭਰੀ ਸੋਚ ਦੇ ਨਤੀਜੇ ਹਨ। ਵਿਸ਼ਿਸ਼ਟ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਾਰੀ ਲੋਕਾਈ ਨੂੰ ਪਰਮ ਮਨੋਰਥ ਦੀ ਪ੍ਰਾਪਤੀ ਲਈ ਇਸਤਰੀ ਗੁਣਾਂ ਨੂੰ ਅਪਨਾਉਣ ਦੀ ਤਾਕੀਦ ਕੀਤੀ ਹੈ। ਗੁਰੂ ਸਾਹਿਬਾਨ ਨੇ ਇਸਤਰੀਤਵ ਦੇ ਅਸਲ ਭਾਵ ਤੋਂ ਜਾਣੂ ਕਰਵਾਇਆ ਹੈ। ਇਸਤਰੀਤਵ ਦੀ ਇਸੇ ਪ੍ਰਸੰਸਾ ਨੇ ਇਸਤਰੀ ਨੂੰ ਗੌਰਵਸ਼ੀਲ ਸਥਾਨ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਰਦ ਪ੍ਰਧਾਨ ਕੀਮਤਾਂ ਨਾਲ ਹਾਸ਼ੀਆਗਤ ਕੀਤੀ ਇਸਤਰੀ ਦੀ ਸਿਰਜਨ ਸ਼ਕਤੀ ਨੂੰ ਬ੍ਰਹਿਮੰਡੀ ਸਿਰਜਨਾਤਮਕ ਸ਼ਕਤੀਆਂ ਨਾਲ ਜੋੜਿਆ ਹੈ। ਬੇਸ਼ੱਕ ਨਾਰੀਵਾਦੀ ਚਿੰਤਕਾਂ ਨੇ ਇਸਤਰੀ ਦੇ ਕੁਦਰਤੀ ਰੂਪ ਨੂੰ ਸਮਝਿਆ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਇਸਤਰੀ ਦੀ ਮਹਾਨਤਾ ਜਿਹੀ ਸੋਚ ਹੋਰ ਕਿਧਰੇ ਵੀ ਪ੍ਰਾਪਤ ਨਹੀਂ ਹੁੰਦੀ ਜਿਸ ਵਿੱਚ ਇਸਤਰੀ ਦੇ ਅਨੁਭਵ ਜਾਂ ਭਾਵਾਂ ਨੂੰ ਅਧਿਆਤਮਿਕ ਰਹੱਸ ਨਾਲ ਤੋਲਿਆ ਗਿਆ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਇਸਤਰੀ ਨੂੰ ਅਬਲਾ ਨਹੀਂ ਦਰਸਾਇਆ ਗਿਆ। ਇਹ ਪਵਿੱਤਰ ਬਾਣੀ ਇਸਤਰੀ ਨੂੰ ਪੂਰੀ ਖ਼ੁਦਮੁਖਤਾਰੀ ਪ੍ਰਦਾਨ ਕਰਦੀ ਹੈ। ਇਹ ਉਹਨਾਂ ਵੇਲਿਆਂ ਦੀ ਸਿਹਤਮੰਦ ਸੋਚ ਹੈ। ਜਦੋਂ ਪੱਛਮ ਵਿੱਚ ਇਸਤਰੀਆਂ ਇਸ ਗੱਲ ਤੋਂ ਵੀ ਜਾਣੂ ਨਹੀਂ ਸਨ ਕਿ ਉਹਨਾਂ ਨਾਲ ਦੂਸਰੇ ਦਰਜੇ ਦਾ ਸਲੂਕ ਹੋ ਰਿਹਾ ਹੈ, ਉਦੋਂ ਸਿੱਖ ਇਸਤਰੀਆਂ ਆਪਣੇ ਆਪ ਨੂੰ ਬਹੁਤ ਹੀ ਕਾਬਿਲ, ਸਮਰੱਥ ਸ਼ਾਸਕ, ਕੁਸ਼ਲ ਪ੍ਰਬੰਧਕ ਅਤੇ ਬਹਾਦਰ ਯੋਧਾ ਸਿੱਧ ਕਰ ਰਹੀਆਂ ਸਨ।

ਅੱਜ ਦੇ ਸਮੇਂ ਨਾਰੀਵਾਦ ਜਾਂ ਆਧੁਨਿਕਤਾ ਦੇ ਪ੍ਰਭਾਵ ਹੇਠ ਇਸਤਰੀਆਂ ਵਿੱਚ ਮਰਦਾਂ ਨਾਲ ਮੁਕਾਬਲਾ ਕਰਨ ਦੀ ਹੋੜ ਲੱਗੀ ਹੋਈ ਹੈ। ਅਜਿਹੇ ਮੁਕਾਬਲੇ ਸਦਕਾ ਸਮਲਿੰਗੀ (ਮਰਦ ਅਤੇ ਇਸਤਰੀ), ਵਿਆਹ ਤੋਂ ਪਹਿਲਾਂ ਅਤੇ ਵਿਆਹ ਤੋਂ ਬਾਹਰ ਸੈਕਸ ਆਦਿ ਰੁਝਾਨ ਵਧੇ ਹਨ। ਗੁਰੂ ਸਾਹਿਬਾਨ ਨੇ ਤਾਂ ਇਸਤਰੀ ਦੇ ਕਿਰਦਾਰ ਨੂੰ ਬਹੁਤ ਉੱਚਤਾ ਬਖਸ਼ੀ ਅਤੇ ਸਾਰੀ ਮਨੁੱਖਤਾ ਨੂੰ ਇਸਤਰੀ ਦੇ ਗੁਣਾਂ ਨੂੰ ਧਾਰਨ ਦੀ ਤਾਕੀਦ ਕੀਤੀ

ਹੈ। ਨਾਰੀਵਾਦੀ ਸੋਚ ਸਦਕਾ ਇਸਤਰੀਆਂ ਵਿਆਹ ਅਤੇ ਬੱਚਿਆਂ ਨੂੰ ਬੋਝ ਸਮਝਣ ਲੱਗ ਗਈਆਂ ਹਨ। ਗੁਰੂ ਸਾਹਿਬਾਨ ਨੇ ਇਸਤਰੀ ਆਜ਼ਾਦੀ ਦੇ ਨਾਲ-ਨਾਲ ਪਤੀ-ਪਤਨੀ ਦੇ ਰਿਸ਼ਤੇ ਵਿੱਚ ਵਿਸ਼ਵਾਸ, ਪਿਆਰ, ਵਫ਼ਾਦਾਰੀ ਜਿਹੇ ਗੁਣਾਂ ਨੂੰ ਬਣਾਏ ਰੱਖਣ ਦੀ ਤਾਕੀਦ ਕੀਤੀ ਹੈ। ਇਸ ਰਿਸ਼ਤੇ ਵਿੱਚ ਇੱਕ ਦੂਜੇ ਦੀ ਅਧੀਨਤਾ ਨਹੀਂ ਸਗੋਂ ਆਤਮ ਬਲੀਦਾਨ ਅਤੇ ਖ਼ੁਸ਼ੀ ਦਾ ਅਨੁਭਵ ਕਰਦੇ ਹਨ।

ਬੁੱਧ ਅਤੇ ਸਿੱਖ ਧਰਮ ਵਿੱਚ ਚਾਹੇ ਬਹੁਤ ਸਮਾਨਤਾਵਾਂ ਦੇ ਨਾਲ-ਨਾਲ ਵਖਰੇਵੇਂ ਵੀ ਹਨ, ਪਰ ਦੋਵੇਂ ਹੀ ਧਰਮ ਸਾਰੀ ਮਨੁੱਖਤਾ ਨੂੰ ਇੱਕ ਬਰਾਬਰ ਮੰਨਦੇ ਹੋਏ ਸਾਰੇ ਵਿਤਕਰਿਆਂ ਨੂੰ ਖ਼ਤਮ ਕਰਦੇ ਹਨ। ਇਸੇ ਤਰ੍ਹਾਂ ਲਿੰਗ ਜਿਹਾ ਭੇਦਭਾਵ ਵੀ ਦੋਵਾਂ ਧਰਮਾਂ ਵਿੱਚ ਕਿਧਰੇ ਪ੍ਰਵਾਨ ਨਹੀਂ ਹੈ। ਮਹਾਤਮਾ ਬੁੱਧ ਨੇ ਇਸਤਰੀ ਨੂੰ ਸ਼ੂਦਰ ਦੇ ਦਰਜੇ ਤੋਂ ਉੱਪਰ ਚੁੱਕ ਕੇ ਮਰਦਾਂ ਬਰਾਬਰ ਸੰਘ ਵਿੱਚ ਸ਼ਾਮਿਲ ਹੋਣ ਦਾ ਅਵਸਰ ਦਿੱਤਾ ਅਤੇ ਇਸਤਰੀਆਂ ਨੂੰ ਵੀ ਜੀਵਨ ਦੇ ਪਰਮ ਮਨੋਰਥ 'ਨਿਰਵਾਣ' ਦੀ ਅਧਿਕਾਰੀ ਬਣਾਇਆ। ਗੁਰੂ ਸਾਹਿਬਾਨ ਨੇ ਇਸਤਰੀਆਂ ਨੂੰ ਸਿੱਖ ਧਰਮ ਦੀਆਂ ਮੂਲ ਸੰਸਥਾਵਾਂ ਸੰਗਤ, ਪੰਗਤ, ਲੰਗਰ ਵਿੱਚ ਸਿਰਫ਼ ਸ਼ਾਮਿਲ ਹੀ ਨਹੀਂ ਕੀਤਾ ਸਗੋਂ ਇਹਨਾਂ ਸੰਸਥਾਵਾਂ ਦੇ ਮੋਢੀ ਵੀ ਸਥਾਪਿਤ ਕੀਤਾ। ਦੋਵਾਂ ਹੀ ਧਰਮਾਂ ਵਿੱਚ ਇਸਤਰੀ ਨੂੰ ਜਨਮਦਾਤੀ ਦੇ ਨਾਲ-ਨਾਲ ਇੱਕ ਇਨਸਾਨ ਵਜੋਂ ਵੀ ਮਹੱਤਤਾ ਦਿੱਤੀ ਗਈ ਹੈ। ਬੁੱਧ ਅਤੇ ਸਿੱਖ ਧਰਮ ਨਾਰੀਵਾਦ ਦੀਆਂ ਪਰਤਾਂ ਤੋਂ ਕਿਤੇ ਡੂੰਘੇਰੀ ਸੋਚ ਨੂੰ ਪੇਸ਼ ਕਰਦੇ ਹਨ। ਦੋਵਾਂ ਹੀ ਧਰਮਾਂ ਨੇ ਨਾਰੀਵਾਦੀ ਵਿਚਾਰਾਂ ਨੂੰ ਆਧਾਰ ਪ੍ਰਦਾਨ ਕੀਤੇ ਹਨ।

ਅਜੋਕੇ ਸਮੇਂ ਵਿੱਚ ਨਾਰੀਵਾਦੀ ਅੰਦੋਲਨ ਦੇ ਪ੍ਰਭਾਵ ਹੇਠ ਇਸਤਰੀ ਨੂੰ ਰਾਜਨੀਤਿਕ (ਵੋਟ), ਆਰਥਿਕ(ਪਿਤਾ ਅਤੇ ਪਤੀ ਦੀ ਜਾਇਦਾਦ ਦਾ ਅਧਿਕਾਰ), ਸਮਾਜਿਕ ਹਰ ਤਰ੍ਹਾਂ ਦੇ ਅਧਿਕਾਰ ਪ੍ਰਾਪਤ ਹਨ। ਇਸਤਰੀਆਂ ਨੂੰ ਮਰਦਾਂ ਦੀ ਬਰਾਬਰਤਾ ਦੇ ਨਾਲ ਨਾਲ ਕੰਮਕਾਜ ਅਤੇ ਤਨਖਾਹ ਦੇ ਬਰਾਬਰ ਹੱਕ ਵੀ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇਸਤਰੀ ਨਾਲ ਹੁੰਦੀਆਂ ਵਧੀਕੀਆਂ ਨੂੰ ਖ਼ਤਮ ਕਰਨ ਲਈ ਕਈ ਐਕਟ ਪਾਸ ਕੀਤੇ ਗਏ ਹਨ। ਇਸਤਰੀ ਨੂੰ ਗਰਭ ਧਾਰਨ, ਗਰਭਪਾਤ, ਬੱਚੇ ਦੇ ਸਾਰੇ ਹੱਕ, ਤਲਾਕ ਤੱਕ ਦਾ ਹੱਕ ਪ੍ਰਾਪਤ ਹੋਇਆ ਹੈ। ਇੱਥੋਂ ਤੱਕ ਕਿ ਭਾਰਤੀ ਪੈਨਲ ਕੋਡ ਵਿੱਚ ਇਸਤਰੀਆਂ ਨਾਲ ਹੁੰਦੇ ਦੁਰਵਿਵਹਾਰਾਂ ਜਿਵੇਂ: ਬਾਲ ਵਿਆਹ, ਭਰੂਣ ਹੱਤਿਆ, ਛੇੜ-ਛਾੜ(Eve-Teasing), ਤੇਜ਼ਾਬ ਸੁੱਟਣਾ, ਵੇਸਯਾ ਧੰਧੇ ਵਿੱਚ ਫਸਾਉਣਾ, ਵਿਆਹ ਦੇ ਨਾਮ 'ਤੇ ਧੌਖਾ, ਘਰੇਲੂ ਹਿੰਸਾ, ਕੰਮ ਕਾਜ ਤੇ ਸਰੀਰਕ ਹਿੰਸਾ, ਬਲਾਤਕਾਰ ਆਦਿ ਨੂੰ ਅਪਰਾਧ ਕਰਾਰ ਕਰ ਦਿੱਤਾ ਗਿਆ ਹੈ।

ਇਸਤਰੀ ਨੂੰ ਪ੍ਰਾਪਤ ਇਹਨਾਂ ਸਾਰੇ ਅਧਿਕਾਰਾਂ ਨਾਲ ਉਸਦੀ ਦਸ਼ਾ ਵਿੱਚ ਕਿਸ ਕਿਸਮ ਦਾ ਸੁਧਾਰ ਆਇਆ? ਕੀ ਇਹਨਾਂ ਸੁਧਾਰਾਂ ਸਦਕਾ ਇਸਤਰੀ ਆਜ਼ਾਦ ਹੋਈ ਹੈ ਜਾਂ ਨਹੀਂ? ਕੀ ਇਸਤਰੀ ਦੀ ਜ਼ਿੰਦਗੀ

ਪਹਿਲਾਂ ਨਾਲੋਂ ਜ਼ਿਆਦਾ ਸੰਪੂਰਨ ਅਤੇ ਖ਼ੁਸ਼ਹਾਲ ਹੈ? ਇਸਤਰੀ ਖ਼ੁਦ ਇਹਨਾਂ ਸਾਰੇ ਹੱਕਾਂ ਤੋਂ ਜਾਣੂ ਹੈ ਵੀ ਜਾਂ ਨਹੀਂ? ਕੀ ਉਹ ਖ਼ੁਦ ਨੂੰ ਅਸਲ ਵਿੱਚ ਆਜ਼ਾਦ ਮਹਿਸੂਸ ਕਰ ਰਹੀ ਹੈ? ਸਭ ਤੋਂ ਵੱਡੀ ਗੱਲ ਇਹਨਾਂ ਹੱਕਾਂ ਦੇ ਮਿਲਣ ਨਾਲ ਇਸਤਰੀ ਖ਼ੁਦ ਦੀ ਕਾਬਲੀਅਤ ਪੇਸ਼ ਕਰਨ ਲਈ ਕੀ ਕਰ ਰਹੀ ਹੈ? ਇਹ ਅਜਿਹੇ ਕਈ ਸਵਾਲ ਹਨ ਜਿਹਨਾਂ ਦਾ ਸ਼ਾਇਦ ਜਵਾਬ ਕਿਤੇ ਵੀ ਨਾ ਲੱਭੇ। ਇਹਨਾਂ ਕਾਨੂੰਨਾਂ ਅਤੇ ਹੱਕਾਂ ਦੇ ਹੁੰਦਿਆ ਉਸਦੀ ਸੁਰੱਖਿਆ ਪ੍ਰਤੀ ਕਈ ਸਵਾਲ ਅਜੇ ਵੀ ਜਿਉਂ ਦੇ ਤਿਉਂ ਖੜੇ ਹਨ। ਆਧੁਨਿਕਤਾ ਨੇ ਜਿੱਥੇ ਇਸਤਰੀ ਨੂੰ ਆਜ਼ਾਦੀ ਦਿੱਤੀ ਨਾਲ ਹੀ ਕਈ ਉਲਝਣਾਂ ਵਿੱਚ ਵੀ ਘੇਰ ਲਿਆ। ਦਿਨੋਂ ਦਿਨ ਇਸਤਰੀ ਪ੍ਰਤੀ ਵੱਧਦੇ ਜ਼ੁਲਮ ਇਸੇ ਦਾ ਨਤੀਜਾ ਹਨ। ਸਰੀਰਕ ਪ੍ਰਤਾੜਨਾ, ਤੇਜ਼ਾਬੀ ਹਮਲਾ, ਬਲਾਤਕਾਰ, ਛੇੜ-ਛਾੜ, ਤੱਸਕਰੀ ਆਦਿ ਹੋਰ ਤਾਂ ਹੋਰ ਘਰੇਲੂ ਹਿੰਸਾ ਨੇ ਤਾਂ ਉਸ ਦੀ ਮਹਿਫੂਜ਼ ਜਗ੍ਹਾ ’ਤੇ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਇਹ ਸਾਰੇ ਅਜਿਹੇ ਘਿਨਾਉਣੇ ਕੰਮ ਹਨ ਜਿਹਨਾਂ ਨੇ ਇਸਤਰੀ ਦੀ ਹੋਂਦ ਅਤੇ ਹੋਣੀ ’ਤੇ ਫੇਰ ਤੋਂ ਸਵਾਲ ਖੜੇ ਕਰ ਦਿੱਤੇ ਹੋਏ ਹਨ।

ਮਨੁੱਖੀ ਵਿਕਾਸ ਦੇ ਨਾਲ-ਨਾਲ ਪਦਾਰਥਕ ਖੇਤਰ ਵਿਚਲਾ ਵਿਕਾਸ ਇਸ ਦਾ ਵੱਡਾ ਕਾਰਨ ਮੰਨਿਆ ਜਾਂਦਾ ਹੈ। ਇਸਤਰੀਆਂ ਵੀ ਪਦਾਰਥਕ ਲਾਭ ਲੈਣਾ ਸੋਚਦੀਆਂ ਹਨ ਤਾਂਕਿ ਉਹ ਆਪਣਾ ਜੀਵਨ ਬਿਨਾਂ ਕਿਸੇ ਨਿਰਭੈਤਾ ਤੋਂ ਆਜ਼ਾਦ ਹੋ ਕੇ ਜੀਅ ਸਕਣ। ਇਹ ਆਜ਼ਾਦੀ ਕਿਸ ਨੂੰ, ਕਿਸ ਤੋਂ ਤੇ ਕਿਉਂ ਚਾਹੀਦੀ ਹੈ। ਇਹ ਅਜਿਹਾ ਪ੍ਰਸ਼ਨ ਹੈ ਜੋ ਸਮਾਜਿਕ ਅਤੇ ਪਰਿਵਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੰਦਾ ਹੈ। ਸਮਾਜ ਵਿੱਚ ਪਨਪ ਰਹੇ ਵਿਕਾਰ ਹਰ ਰਿਸ਼ਤੇ ਨੂੰ ਢਾਅ ਲਾਉਣ ਵਿੱਚ ਲੱਗੇ ਹੋਏ ਹਨ। ਇਸ ਵਾਸਤੇ ਇੱਕ ਪਾਸੇ ਮਰਦ ਦੋਸ਼ੀ ਸਾਬਤ ਹੁੰਦੇ ਹਨ ਪਰ ਦੂਜੇ ਪਾਸੇ ਇਸਤਰੀਆਂ ਵੀ ਇਸ ਲਈ ਜ਼ੁੰਮੇਵਾਰ ਹਨ। ਅਸਲ ਵਿੱਚ ਇਸਤਰੀ ਦੀ ਹੋਣੀ ਮਰਦਾਂ ਰਾਹੀਂ ਹੀ ਨਿਯੰਤਰਨ ਕੀਤੀ ਜਾਂਦੀ ਰਹੀ ਹੈ। ਅੱਜ ਦੀ ਸਥਿਤੀ ਵੀ ਕੁੱਝ ਇਸੇ ਤਰ੍ਹਾਂ ਦੀ ਹੀ ਹੈ। ਪਰ ਉਸ ਦਾ ਰੂਪ ਬਦਲ ਗਿਆ ਹੈ ਜੋ ਉਪਰੋਂ ਦੇਖਣ ਨੂੰ ਇਸਤਰੀਆਂ ਦੇ ਹੱਕ ਵਿੱਚ ਹੈ ਪਰ ਅਸਲ ਵਿੱਚ ਇਸਤਰੀ ਦੀ ਆਜ਼ਾਦੀ ਨੂੰ ਮਰਦ ਹੀ ਮਾਣ ਰਿਹਾ ਹੈ। ਇਸਤਰੀ ਦੀਆਂ ਆਰਥਿਕ ਲੋੜਾਂ ਨੂੰ ਪੂਰਨ ਕਰਨ ਹੇਠ ਉਸ ਨੂੰ ਵਰਤਿਆ ਜਾ ਰਿਹਾ ਹੈ। ਜਿਸ ਤੋਂ ਇਸਤਰੀ ਅਣਜਾਣ ਹੈ ਅਤੇ ਸਵੈਨਿਰਭਰਤਾ ਹੇਠ ਉਹ ਆਪਣਾ ਵਪਾਰ ਕਰਵਾ ਰਹੀ ਹੈ। ਅੱਜ ਦੇ ਪਦਾਰਥਕ ਯੁੱਗ ਵਿੱਚ ਸਾਰੀਆਂ ਸੰਵੇਦਨਾਵਾਂ ਪਿੱਛੇ ਛੱਡ ਕੇ ਹਰ ਇੱਕ ਇਨਸਾਨ ਵੱਧ ਤੋਂ ਵੱਧ ਪੈਸਾ ਤੇ ਐਸ਼ੋ ਅਰਾਮ ਲੈਣਾ ਚਾਹੁੰਦਾ ਹੈ ਭਾਵੇਂ ਉਹ ਮਰਦ ਹੈ ਜਾਂ ਇਸਤਰੀ। ਇਸੇ ਕਰਕੇ ਇਸ ਵਪਾਰ ਵਿੱਚ ਵੱਡੀ ਕੀਮਤ ਇਸਤਰੀ ਨੂੰ ਹੀ ਦੇਣੀ ਪੈ ਰਹੀ ਹੈ। ਆਜ਼ਾਦੀ ਦੇ ਥੱਲੇ ਉਸਦੀ ਮਾਣ-ਮਰਿਯਾਦਾ ਅਤੇ ਭਾਵਨਾਵਾਂ ਨਾਲ ਖੇਡਿਆ ਜਾ ਰਿਹਾ ਹੈ। ਮੀਡੀਆ, ਟੀ.ਵੀ, ਇੰਟਰਨੈਟ, ਅਖਬਾਰਾਂ, ਰਸਾਲੇ, ਫਿਲਮਾਂ ਅਤੇ

ਸੀਰੀਅਲ ਭਾਵੇਂ ਮਨੁੱਖਤਾ ਹੱਕੀ ਲਹਿਰ ਲਿਆ ਸਕਣ ਦੇ ਸਮਰੱਥ ਹਨ ਪਰ ਅਜੋਕੇ ਸਮੇਂ ਵਿੱਚ ਇਹ ਸਾਰੇ ਨੁਮਾਇੰਦੇ ਇਸਤਰੀ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਬਣਾ ਕੇ ਹੀ ਪੇਸ਼ ਕਰਨ ਵਿੱਚ ਮੋਹਰੀ ਬਣੇ ਹੋਏ ਹਨ। ਦੇਖਣ ਨੂੰ ਇਹ ਦੁਨੀਆ ਇਸਤਰੀ ਦੀ ਪੂਰਨ ਆਜ਼ਾਦੀ ਪੇਸ਼ ਕਰਦੀ ਹੈ, ਪਰ ਇਸ ਸਭ ਨੇ ਇਸਤਰੀ ਨੂੰ ਆਜ਼ਾਦੀ ਦਾ ਛਲਾਵਾ ਦੇ ਕੇ ਜ਼ਿਹਨ ਤੱਕ ਗ਼ੁਲਾਮ ਬਣਾਇਆ ਹੋਇਆ ਹੈ।

ਹਰ ਪੱਧਰ 'ਤੇ ਇਸਤਰੀ ਨਾਲ ਹੁੰਦੇ ਸ਼ੋਸ਼ਣ ਨੇ ਉਸਦੀ ਗ਼ੁਲਾਮੀ ਨੂੰ ਕੁਦਰਤੀ ਸੱਚ ਹੀ ਬਣਾ ਦਿਤਾ ਹੈ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਜੇਕਰ ਇਸਤਰੀ ਨੇ ਆਜ਼ਾਦ ਹੋਣਾ ਹੈ ਤਾਂ ਉਹ ਕੋਈ ਵੱਖਰੀ ਜਾਂ ਨਵੀਂ ਦੁਨੀਆ ਦੀ ਭਾਲ ਕਰੇ। ਨਹੀਂ ਤਾਂ ਇਸ ਸਮਾਜ ਵਿੱਚ ਬਹੁਤ ਵੱਡਾ ਬਦਲਾਅ ਲਿਆਉਣਾ ਪਵੇਗਾ। ਇਸ ਲਈ ਜੇਕਰ ਇਸਤਰੀ ਦੀ ਆਜ਼ਾਦੀ ਜਾਂ ਇਸ ਸੋਚ ਵਿੱਚ ਬਦਲਾਅ ਲਿਆਉਣਾ ਹੈ ਤਾਂ ਇਸਤਰੀ ਸਮੱਸਿਆਵਾਂ ਨੂੰ ਸਮਝਣ ਦੇ ਨਾਲ-ਨਾਲ ਮਰਦਾਂ ਦੀ ਸੋਚ ਨੂੰ ਵੀ ਲੈ ਕੇ ਅਗਾਂਹ ਵਧਣਾ ਪਵੇਗਾ ਕਿਉਂਕਿ ਇੱਕ ਪੱਖੀ ਸੋਚ ਨਾਲ ਸੁਮੇਲਤਾ ਦੀ ਥਾਂ ਵੰਡੀਆਂ ਦਾ ਖ਼ਤਰਾ ਹਮੇਸ਼ਾ ਹੀ ਵੱਧਦਾ ਹੈ। ਸੋ ਇਸਤਰੀ ਦੀ ਦਸ਼ਾ ਵਿੱਚ ਸੁਧਾਰ ਲਿਆਉਣ ਲਈ ਇੱਕ ਅਜਿਹਾ ਸਮਾਜ ਸਿਰਜਣ ਦੀ ਲੋੜ ਹੈ ਜਿਸ ਵਿੱਚ ਮਰਦ ਅਤੇ ਇਸਤਰੀ ਉੱਚੇ ਜਾਂ ਨੀਵੇਂ ਦੇ ਤੌਰ ਤੇ ਨਹੀਂ ਸਗੋਂ ਵੱਖਰੇ-ਵੱਖਰੇ ਗੁਣਾਂ ਦੇ ਬਾਵਜੂਦ ਵੀ ਬਰਾਬਰ ਦੀ ਅਹਿਮੀਅਤ ਰੱਖਦੇ ਹੋਣ। ਪਰ ਇਸ ਮਾਹੌਲ ਲਈ ਮਨੁੱਖੀ ਸੋਚ ਵਿੱਚ ਬਦਲਾਅ ਜ਼ਰੂਰੀ ਹੈ। ਇਸ ਬਦਲਾਅ ਲਈ ਧਰਮ ਅਤੇ ਇਸਤਰੀ ਦੇ ਅੰਤਰ-ਸੰਬੰਧਾਂ ਬਾਰੇ ਪ੍ਰਾਪਤ ਵਿਆਖਿਆਵਾਂ ਨੂੰ ਵੀ ਪੁਨਰ-ਘੋਖਣ ਦੀ ਲੋੜ ਹੈ। ਇਸ ਸੋਚ ਲਈ ਕਾਨੂੰਨ ਦੇ ਨਾਲ-ਨਾਲ ਧਰਮ ਨੂੰ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਮੰਨਿਆ ਜਾਣ ਨਾਲ ਹੀ ਧਰਮ ਰਾਹੀਂ ਨਵੀਆਂ ਸੰਭਾਵਨਾਵਾਂ ਪੈਦਾ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਇਸ ਦਿਸ਼ਾ ਵੱਲ ਬੁੱਧ ਅਤੇ ਸਿੱਖ ਧਰਮ ਦੀਆਂ ਵਿਚਾਰਧਾਰਾਵਾਂ ਪ੍ਰੇਰਨਾ ਸ੍ਰੋਤ ਹਨ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਹਾਤਮਾ ਬੁੱਧ ਦੇ ਉਪਦੇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਜਿਹੀ ਵਡਮੁੱਲੀ ਵਿਰਾਸਤ ਹਨ ਜਿਹਨਾਂ ਨੇ ਆਪਣੇ-ਆਪਣੇ ਸਮੇਂ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਯਥਾਰਥ ਨੂੰ ਪੇਸ਼ ਕਰਨ ਦੇ ਨਾਲ-ਨਾਲ ਮਨੁੱਖੀ ਹਿਤ ਲਈ ਵਿਸ਼ਵ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਇਹ ਅਜਿਹੀ ਵਿਸ਼ਵ ਦ੍ਰਿਸ਼ਟੀ ਹੈ, ਜੋ ਮਨੁੱਖ ਨੂੰ ਉਲਝੇਵਿਆਂ ਤੋਂ ਮੁਕਤ ਕਰ ਕੇ ਸਰਬ ਵਿਆਪਕਤਾ ਦੀ ਮੰਜ਼ਿਲ ਤੱਕ ਪਹੁੰਚਾਉਣ ਲਈ ਆਧੁਨਿਕ ਅਤੇ ਉੱਤਰ ਆਧੁਨਿਕ ਸਮਿਆਂ ਵਿੱਚ ਵੀ ਉਨੀਂ ਹੀ ਸਾਰਥਕ ਬਣ ਸਕਣ ਦੀ ਸਮਰੱਥਾ ਰੱਖਦੀ ਹੈ।

# ਪੁਸਤਕ ਸੂਚੀ

## ਪੰਜਾਬੀ:

ਆਰਨਲਡ, ਸਰ ਐਡਵਿਨ, ***ਏਸ਼ੀਆ ਦਾ ਚਾਨਣ***, ਮੋਹਨ ਸਿੰਘ (ਅਨੁ.), ਹਿੰਦ ਪਬਲਿਸ਼ਰਜ਼ ਲਿਮਿਟਿਡ, ਅੰਮ੍ਰਿਤਸਰ, ਚੌਥੀ ਵਾਰ, 1953.

ਸਹਿਗਲ, ਮਨਮੋਹਨ, ***ਗੁਰੂ ਗ੍ਰੰਥ ਸਾਹਿਬ ਇਕ ਸਭਿਆਚਾਰਕ ਸਰਵੇਖਣ***, ਭਾਸ਼ਾ ਵਿਭਾਗ, ਪੰਜਾਬ, 1987.

ਸਰਾਉ, ਕਰਮ ਤੇਜ ਸਿੰਘ, ***ਪ੍ਰਾਚੀਨ ਬੁੱਧ ਧਰਮ ਉਦਭਵ, ਸੁਭਾਅ ਅਤੇ ਪਤਨ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਸੰਤੋਖ ਸਿੰਘ, ਭਾਈ, ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***, ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਦੂਜੀ ਐਡੀਸ਼ਨ, 2011.

ਸਾਹਿਬ ਸਿੰਘ, ***ਧਰਮ ਤੇ ਸਦਾਚਾਰ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995.

__________, ਪ੍ਰੋ., ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ***, ਦੱਸ ਭਾਗ, ਰਾਜ ਪਰਲੀਸ਼ਰਜ਼, 1997.

__________, ***ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ***, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ਬਾਰ੍ਹਵੀ ਵਾਰ, 2003.

ਸਿੱਧੂ, ਗੁਰਬਚਨ ਸਿੰਘ, ***ਸੋ ਕਿਉ ਮੰਦਾ ਆਖੀਐ (ਗੁਰਮਤਿ ਵਿੱਚ ਇਸਤ੍ਰੀ ਦਾ ਸਥਾਨ),*** ਗੁਰੂ ਨਾਨਕ ਚੈਰੀਟੇਬਲ ਟਰੱਸਟ, ਲੁਧਿਆਣਾ.

ਸਿੱਧੂ, ਗੁਰਮੀਤ ਸਿੰਘ, ***ਭਾਰਤੀ ਸਮਾਜ ਦੇ ਮੂਲ ਆਧਾਰ***, ਅਦਬ ਪ੍ਰਕਾਸ਼ਨ, ਪਟਿਆਲਾ, 1999.

_______________, ***ਸਿੱਖ ਪੰਥ: ਨਵੇਂ ਯੁੱਗ ਦੇ ਸਨਮੁੱਖ,*** ਅਦਬ ਪ੍ਰਕਾਸ਼ਨ, ਪਟਿਆਲਾ, 2004.

_______________, ***ਧਰਮ: ਆਧੁਨਿਕ ਅਤੇ ਉਤਰ-ਆਧੁਨਿਕ ਸਿਧਾਂਤ***, ਗੁਰਗਿਆਨ ਬੁਕਸ, ਪਟਿਆਲਾ, 2015.

_______________,***ਸਿੱਖੀ ਅਤੇ ਸਿੱਖਾਂ ਦਾ ਭਵਿੱਖ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2015.

ਸਿਮਰਨ ਕੌਰ, ***ਪ੍ਰਸਿੱਧ ਸਿੱਖ ਬੀਬੀਆਂ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1991.

ਸੋਬਤੀ, ਹਰਚਰਨ ਸਿੰਘ, ***ਔਰਤ: ਬੁੱਧ ਦੀ ਨਜ਼ਰ ਵਿਚ***, ਵੈਂਲਵਿਸ਼ ਪਬਲਿਸ਼ਰਜ਼, ਦਿੱਲੀ, 1997.

ਹਉਰਾ, ਕੁਲਦੀਪ ਸਿੰਘ, ***ਸਿੱਖ ਨੈਤਿਕਤਾ ਦੀ ਰੂਪ-ਰੇਖਾ***, ਸਿਮਰ ਸਾਹਿਤ ਸਦਨ, ਅੰਮ੍ਰਿਤਸਰ, 1992.

ਹਰਪ੍ਰੀਤ ਕੌਰ, ***ਨਾਰੀਵਾਦ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.

ਹਰਿਭਜਨ ਸਿੰਘ, ***ਗੁਰਮਤਿ ਵਿਆਖਿਆਨ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1974.

ਹਰੀ ਸਿੰਘ, ਗਿਆਨੀ, ***ਮਾਤਾ ਸਾਹਿਬ ਕੌਰ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਕੀਰ, ਧਨੰਜੇ, ***ਡਾ.ਭੀਮ ਰਾਓ ਅੰਬੇਦਕਰ ਜੀਵਨ ਅਤੇ ਮਿਸ਼ਨ***, ਅੰਮ੍ਰਿਤ ਲਾਲ ਪਾਲ (ਅਨੁ.), ਸੰਗਮ ਪਬਲੀਕੇਸ਼ਨਜ਼, ਸਮਾਣਾ, 2014.

ਕੁਲਵੰਤ ਕੌਰ, ***ਔਰਤ ਈਮਾਨ ਹੈ***, ਵੈੱਲਵਿਸ਼ ਪਬਲਿਸ਼ਰਜ਼, ਦਿੱਲੀ, 2000.

ਕੋਸੰਭੀ, ਡੀ.ਡੀ., ***ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਅਤੇ ਸਭਿਅਤਾ***, ਰਘਬੀਰ ਸਿੰਘ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

ਗਿੱਲ, ਸਿਮਰਜੀਤ, ***ਨਾਰੀ ਦਾ ਹਾਸ਼ੀਆਗਤ ਅਸਤਿੱਤਵ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014.

ਗਿਲ, ਮਹਿੰਦਰ ਕੌਰ, ***ਧਰਮ ਸਮਾਜ ਤੇ ਨਾਰੀ***, ਸਪਤ ਸਿੰਧੂ ਪਬਲੀਕੇਸ਼ਨਜ਼, ਨਵੀਂ ਦਿੱਲੀ, 1994.

_______________,***ਬਾਣੀ ਵਿਵੇਚਨ***, ਆਰਸੀ ਪਬਲਿਸ਼ਰਜ਼, ਦਿੱਲੀ, 1995.

_______________,(ਸੰਪਾ.), ***ਗੁਰਬਾਣੀ ਸਮੀਖਿਆ,*** ਪੰਜਾਬੀ ਅਕਾਦਮੀ, ਦਿੱਲੀ, 1999.

_______________,***ਤੂੰ ਸਤਵੰਤੀ ਤੂੰ ਪਰਧਾਨਿ (ਸਿੱਖ ਸਮਾਜ ਦਾ ਨਾਰੀ ਮੰਡਲ),*** ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2009.

_______________, ***ਗੁਰੂ ਮਹਿਲ ਗਾਥਾ,*** ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2011.

ਗੰਡਾ ਸਿੰਘ (ਸੰਪਾ), ***ਹੁਕਮਨਾਮੇ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਗੁਰਭਗਤ ਸਿੰਘ, ***ਕਾਵਿ-ਸ਼ਾਸਤਰ, ਦੇਹ ਅਤੇ ਕ੍ਰਾਂਤੀ,*** ਵਿਚਾਰ ਪ੍ਰਕਾਸ਼ਨ, ਸੰਗਰੂਰ, 1995.

_____________, ***ਉਤਰਆਧੁਨਿਕਵਾਦ,*** ਮਦਾਨ ਪਬਲੀਕੇਸ਼ਨਜ਼, ਪਟਿਆਲਾ, 2000.

_____________, ***ਵਿਸਮਾਦੀ ਪੂੰਜੀ,*** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.

ਚਰਨਜੀਤ ਕੌਰ, ***ਨਾਰੀ ਚੇਤਨਾ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1999.

_____________, ***ਨਾਰੀ ਨੀਝ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

_____________ (ਸੰਪਾ.), ***ਨਾਰੀ ਦ੍ਰਿਸ਼ਟੀ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਮਿਤੀ ਰਹਿਤ.

ਚਾਵਲਾ, ਹਰਬੰਸ ਸਿੰਘ, ***ਗੁਰੂ ਗ੍ਰੰਥ ਬਾਣੀ ਵਿੱਚ ਸਮਕਾਲੀ ਸਮਾਜਿਕ ਚਿੱਤਰ,*** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿੱਲੀ, 1990.

ਜਸਪਾਲਜੀਤ, ***ਨਾਰੀ ਚਿੰਤਨ ਤੇ ਪੰਜਾਬੀ ਕਵਿਤਾ(ਆਲੋਚਨਾ),*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਜਸਵਿੰਦਰ ਸਿੰਘ (ਸੰਪਾ), ***ਪ੍ਰੋ. ਪੂਰਨ ਸਿੰਘ ਰਤਨਾਵਲੀ***, ਜਿਲਦ ਦੂਜੀ, ਨਾਦ ਪ੍ਰਗਾਸੁ, ਸ੍ਰੀ ਅੰਮ੍ਰਿਤਸਰ, 2013.

ਜੱਗੀ, ਰਤਨ ਸਿੰਘ, ***ਆਸਾ ਦੀ ਵਾਰ: ਵਿਸ਼ਲੇਸ਼ਣ ਅਤੇ ਵਿਆਖਿਆ***, ਗੁਰਮਤ ਪ੍ਰਕਾਸ਼ਨ, ਪਟਿਆਲਾ, 2014.

ਜੋਸ਼ੀ, ਐਲ.ਐਮ., ***ਵਿਸ਼ਵ ਧਰਮ ਸੰਗ੍ਰਹਿ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.

ਤਾਰਨ ਸਿੰਘ, ***ਸਿੱਖ ਸਿੱਖੀ ਅਤੇ ਸਿਧਾਂਤ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

ਤ੍ਰਿਪਤ ਕੌਰ, ***ਆਦਿ ਗ੍ਰੰਥ ਵਿਚ ਇਸਤਰੀ ਦਾ ਸੰਕਲਪ***, ਭਾਸ਼ਾ ਵਿਭਾਗ, ਪੰਜਾਬ, 2004.

ਦਰਸ਼ਨ ਸਿੰਘ, ***ਧਰਮ ਅਧਿਐਨ ਅਤੇ ਸਿੱਖ ਅਧਿਐਨ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਦਿਲਗੀਰ, ਹਰਜਿੰਦਰ ਸਿੰਘ, ***100 ਸਿੱਖ ਬੀਬੀਆਂ***, ਅਮਰਜੀਤ ਕੌਰ (ਅਨੁ.), ਸਿੱਖ ਯੂਨੀਵਰਸਿਟੀ ਪ੍ਰੈੱਸ, ਬੈਲਜ਼ੀਅਮ, 2015.

ਦੀਵਾਨ ਸਿੰਘ, ***ਗੁਰਮਤਿ ਸਿਧਾਂਤ***, ਚੰਨ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1988.

_________, ***ਸਿੱਖ ਧਰਮ ਬਾਰੇ***, ਚੰਨ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1988.

***ਧੱਮਪਦ***, ਜੋਸ਼ੀ, ਐਲ.ਐਮ.(ਸੰਪਾ.), ਸ਼ਾਰਦਾ ਗਾਂਧੀ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਨਰਿੰਦਰਾ ਵਾਗਲੈ, ***ਬੁੱਧ ਦੇ ਸਮੇਂ ਦਾ ਸਮਾਜ***, ਸਵਿੰਦਰ ਸਿੰਘ ਉੱਪਲ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਨਿਰਾਕਾਰੀ, ਰਾਮਦਾਸ, ***ਪ੍ਰਧਾਨ ਉਪਨਿਸ਼ਦ,*** ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਪਦਮ, ਪਿਆਰਾ ਸਿੰਘ, ***ਗੁਰੂ ਘਰ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.

ਪ੍ਰਭਜੋਤ ਕੌਰ, ***ਬਤੀਹ ਸੁਲੱਖਣੀ***, ਸੁਕ੍ਰਿਤ ਟਰੱਸਟ, ਲੁਧਿਆਣਾ, 2009.

ਪਰਮਜੀਤ ਕੌਰ ਅਤੇ ਵਿਨੋਦ ਮਿੱਤਲ, ***ਬੁਵਆਰ ਦਾ ਨਾਰੀਵਾਦ ਮਸਲੇ ਅਤੇ ਮੁਲਾਂਕਣ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011.

ਪਰਮਵੀਰ ਸਿੰਘ, ***ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖਸੀਅਤ***, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012.

______________, ***ਸਿੱਖ ਅਧਿਐਨ***, ਗਰੇਸ਼ੀਅਸ ਬੁਕਸ, ਪਟਿਆਲਾ, 2014.

ਪਰਮਿੰਦਰ ਕੌਰ, ***ਗੁਰੂ ਗ੍ਰੰਥ ਸਾਹਿਬ ਸਿਧਾਂਤ ਅਤੇ ਸੰਦੇਸ਼***, ਗ੍ਰੇਸ਼ਿਅਸ ਬੁਕਸ, ਪਟਿਆਲਾ, 2008.

ਪੰਨੂ, ਹਰਪਾਲ ਸਿੰਘ, ***ਭਾਰਤ ਦੇ ਪੁਰਾਤਨ ਧਰਮ-ਇੱਕ ਸੰਖੇਪ ਸਰਵੇਖਣ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਪ੍ਰੀਤਮ ਸਿੰਘ, ***ਸਿੱਖ ਵਿਚਾਰਧਾਰਾ,*** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

ਪੂਰਨ ਸਿੰਘ, ਪ੍ਰੋ., ***ਸਿਖੀ ਦੀ ਆਤਮਾ***, ਭਾਗ ਤਿੰਨ, ਕਿਰਪਾਲ ਸਿੰਘ ਕਸੇਲ (ਅਨੁ.), ਪੰਜਾਬੀ ਪਬਲੀਕੇਸ਼ਨ, ਪਟਿਆਲਾ, 1996.

__________, ***ਜਿਨ ਕੇ ਚੋਲੇ ਰੱਤੜੇ***, ਕਰਮ ਸਿੰਘ ਕਪੂਰ (ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਬਰਾੜ, ਬਲਵਿੰਦਰ ਕੌਰ, ***ਨਾਰੀਵਾਦ: ਸਿਧਾਂਤ, ਚਿੰਤਨ ਅਤੇ ਵਿਹਾਰ,*** ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਬੱਧਨ, ਬਲਦੇਵ ਸਿੰਘ (ਸੰਪਾ.), ***ਗੁਰਬਾਣੀ ਵਿਚਾਰਧਾਰਾਈ ਪਰਿਪੇਖ,*** ਲੋਕਗੀਤ ਪ੍ਰਕਾਸ਼ਨ, ਸਰਹੰਦ, 1989.

ਬਾਜਵਾ, ਸੁਖਵਿੰਦਰ ਕੌਰ, ***ਉੱਤਰ ਆਧੁਨਿਕਤਾਵਾਦ ਅਤੇ ਗੁਰਬਾਣੀ,*** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008.

ਬਾਲਮੀਕ, ***ਬਾਲਮੀਕੀ ਰਾਮਾਇਣ,*** ਰਵਿੰਦਰ ਕੌਰ, ਡੀ.ਕੇ ਗੁਪਤਾ ਅਤੇ ਰਤਨ ਚੰਦ ਸ਼ਰਮਾ (ਅਨੁ.), ਭਾਸ਼ਾ ਵਿਭਾਗ, ਪੰਜਾਬ, 1989.

ਬਾਲਾ, ਸ਼ਸ਼ੀ (ਸੰਪਾ.), ***ਸਿਧ ਗੋਸਟਿ: ਬਹੁਪੱਖੀ ਅਧਿਐਨ***, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2006.

ਬੇਦੀ, ਕਾਲਾ ਸਿੰਘ, ***ਵਾਰਕਾਰ ਗੁਰੂ ਨਾਨਕ***, ਪੰਜਾਬੀ ਬੁਕ ਸਟੋਰ, ਨਵੀਂ ਦਿੱਲੀ, 1968.

ਬੋਲੀਨਾ, ਹਰਬੰਸ ਸਿੰਘ (ਸੰਪਾ), ***ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਨਾਰੀ ਚੇਤਨਾ***, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2011.

ਭਗਤ ਸਿੰਘ, ***ਗੁਰ ਬਿਲਾਸ ਪਾਤਸ਼ਾਹੀ-੬***, ਗੁਰਮੁਖ ਸਿੰਘ (ਸੰਪਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਭਜਨ ਸਿੰਘ, ਗਿਆਨੀ, ***ਇਤਿਹਾਸਕ ਸਿੱਖ ਨਾਰੀਆਂ***, ਨੈਸ਼ਨਲ ਬੁਕ ਸ਼ਾਪ, ਦਿੱਲੀ, 2003.

***ਮੰਨੂ ਸਿਮ੍ਰਤੀ***, ਮੋਹਨ ਲਾਲ ਸ਼ਰਮਾ (ਅਨੁ.), ਭਾਸ਼ਾ ਵਿਭਾਗ, ਪੰਜਾਬ, 1989.

ਮਹਿਬੂਬ, ਹਰਿੰਦਰ ਸਿੰਘ, ***ਸਹਿਜੇ ਰਚਿਓ ਖਾਲਸਾ***, ਜੈਮ ਪ੍ਰਿੰਟਰਜ਼, ਜਲੰਧਰ, 1988.

ਮਾਨਸਾ, ਪਰਮਜੀਤ ਸਿੰਘ, ***ਸੋ ਕਿਉ ਮੰਦਾ ਆਖੀਐ,*** ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2009.

ਮੇਜਰ ਸਿੰਘ, ***ਪੰਜ ਪਿਆਰੇ ਤੇ ਸਿੱਖ ਬੀਬੀਆਂ***, ਵਿਰਸਾ ਸੰਭਾਲ ਪਬਲੀਕੇਸ਼ਨਜ਼, ਲੁਧਿਆਣਾ, 2006.

ਰਵੇਲ ਸਿੰਘ (ਸੰਪਾ.), ***ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਭਿਆਚਾਰਕ ਸਰੋਕਾਰ***, ਪੰਜਾਬੀ ਅਕਾਦਮੀ, ਦਿੱਲੀ, 2010.

ਰੰਧਾਵਾ, ਦੀਪਇੰਦਰਜੀਤ ਕੌਰ, ***ਜੂਲੀਆ ਕ੍ਰਿਸਤੇਵਾ:ਸਾਰਥਿਕਤਾ ਦੀ ਪੁਨਰ-ਪਰਿਭਾਸ਼ਾ ਅਤੇ ਪੰਜਾਬੀ ਪਰਿਪੇਖ***, ਪੰਜਾਬੀ ਅਕਾਦਮੀ, ਦਿੱਲੀ, 2009.

ਰਾਜਿੰਦਰ ਪਾਲ ਸਿੰਘ, ***ਉਤਰ ਆਧੁਨਿਕਤਾ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਰਿਤੁਰਾਜ, ਅਰਵਿੰਦ, ***ਬੁੱਧ ਧਰਮ ਦੀ ਰੂਪ ਰੇਖਾ***, ਗਰੇਸ਼ੀਅਸ ਬੁਕਸ, ਪਟਿਆਲਾ, 2013.

ਰੈਣਾ, ਅੰਮ੍ਰਿਤ ਕੌਰ, ***ਸ੍ਰੀ ਗੁਰੂ ਗ੍ਰੰਥ ਸਾਹਿਬ ਸਮੂਹਿਕ ਸਿੱਖਿਆ ਸੰਚਾਰ ਦਾ ਸਾਧਨ***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

______________, ***ਸਿੱਖ ਧਰਮ, ਬੁੱਧ ਧਰਮ ਅਤੇ ਧੱਮਪਦ***, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਰੋਹੀ, ਰਾਜਿੰਦਰ ਕੌਰ, ***ਸ੍ਰੀ ਗੁਰੂ ਗ੍ਰੰਥ ਸਾਹਿਬ: ਅਧਿਆਤਮ ਤੇ ਵਿਵਹਾਰ,*** ਪੰਜਾਬੀ ਯੂਨੀਵਰਸਿਟੀ ਪਟਿਆਲਾ, 2012.

ਵਯਾਸ, ਰਿਸਿ ਵੇਦ, ***ਮਹਾਭਾਰਤ,*** ਵੇਦ ਪ੍ਰਕਾਸ਼ ਸੁਰੀ (ਅਨੁ.), ਭਾਸ਼ਾ ਵਿਭਾਗ, ਪੰਜਾਬ, 1998.

ਵਜ਼ੀਰ ਸਿੰਘ, ***ਨਾਨਕ ਬਾਣੀ ਚਿੰਤਨ***, ਲਾਹੌਰ ਬੁਕ ਸ਼ਾਪ, ਲੁਧਿਆਣਾ, 1969.

ਵੀਰ ਸਿੰਘ, ਭਾਈ, ***ਗੁਰਸਿਖੀ ਮਾਰਗ ਅਰਥਾਤ ਗੁਰਮਤ ਜੀਵਨ***, ਸ੍ਰੀ ਮਾਨ ਗਯਾਨੀ ਲਾਲ ਸਿੰਘ, ਪਟਿਆਲਾ, 1946.

______________, ***ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ***, ਸੱਤ ਭਾਗ, ਡਾ.ਬਲਬੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 1958.

______________, ***ਸ੍ਰੀ ਕਲਗੀਧਰ ਚਮਤਕਾਰ,*** ਉਤਰਾਰਧ, ਸਾਹਿਤ ਸਦਨ, ਨਵੀਂ ਦਿੱਲੀ, 28ਵੀਂ ਵਾਰ, 2011.

______________, ***ਸ੍ਰੀ ਕਲਗੀਧਰ ਚਮਤਕਾਰ,*** ਪੁਰਬਾਰਧ, ਸਾਹਿਤ ਸਦਨ, ਨਵੀਂ ਦਿੱਲੀ, 28ਵੀਂ ਵਾਰ, 2011.

______________, ***ਸ੍ਰੀ ਅਸ਼ਟ ਗੁਰ ਚਮਤਕਾਰ,*** ਭਾਗ 1-2, ਸਾਹਿਤ ਸਦਨ, ਦਿੱਲੀ, 13ਵੀਂ ਵਾਰ, 2012.

ਵਿਸ਼ਿਸ਼ਟ, ਓਮਪ੍ਰਕਾਸ਼, ***ਚਿੰਨ੍ਹ-ਵਿਗਿਆਨ ਅਤੇ ਗੁਰੂ ਨਾਨਕ ਬਾਣੀ***, ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1986.

***ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ***, ਭਾਗ 1-4, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2004.

ਸ਼ੇਰ ਸਿੰਘ, ***ਗੁਰਮਤਿ ਦਰਸ਼ਨ***, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2010.


**ਕੋਸ਼:**

ਜੱਗੀ, ਰਤਨ ਸਿੰਘ, ***ਗੁਰੂ ਗ੍ਰੰਥ ਵਿਸ਼ਵਕੋਸ਼,*** (ਦੋ ਜਿਲਦਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

_____________, ***ਸਿੱਖ ਪੰਥ ਵਿਸ਼ਵਕੋਸ਼,*** (ਦੋ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਨਾਭਾ, ਕਾਨ੍ਹ ਸਿੰਘ, ***ਗੁਰਸ਼ਬਦ ਰਤਨਾਕਰ ਮਹਾਨ ਕੋਸ਼***, ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, 1999.

ਪਦਮ, ਪਿਆਰਾ ਸਿੰਘ, ***ਗੁਰੂ ਗ੍ਰੰਥ ਸੰਕੇਤ ਕੋਸ਼***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

______________, ***ਗੁਰੂ ਗ੍ਰੰਥ ਵਿਚਾਰ ਕੋਸ਼***, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.


**ਪਤ੍ਰਿਕਾਵਾਂ:**

***ਆਲੋਚਨਾ*** (ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ)

***ਸਿੱਖ ਸੰਦੇਸ਼*** (ਗੁਰਮਤਿ ਪ੍ਰਿੰਟਿੰਗ ਪ੍ਰੈਸ, ਜੰਮੂ)

***ਖੋਜ ਪਤ੍ਰਿਕਾ*** (ਪੰਜਾਬੀ ਯੂਨੀਵਰਸਿਟੀ, ਪਟਿਆਲਾ)

***ਗੁਰਮਤਿ ਪ੍ਰਕਾਸ਼*** (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)

***ਪੰਜਾਬੀ ਦੁਨੀਆ*** (ਭਾਸ਼ਾ ਵਿਭਾਗ, ਪਟਿਆਲਾ)

***ਪੰਚਬਟੀ ਸੰਦੇਸ਼*** (ਡਾ. ਬਲਬੀਰ ਸਾਹਿਤ ਕੇਂਦਰ, ਦੇਹਰਾਦੂਨ)

***ਨਾਨਕ ਪ੍ਰਕਾਸ਼ ਪਤ੍ਰਿਕਾ*** (ਪੰਜਾਬੀ ਯੂਨੀਵਰਸਿਟੀ, ਪਟਿਆਲਾ)


**English:**

Ahluwalia, Jasbir Singh, ***Doctrinal Aspects of Sikhism and Other Essays***, Punjabi University, Patiala, 2001.

Ahuja, Ram, ***Indian Social System***, Rawat Publication, Delhi, 2010.

Allen, Michael & S.N.Mukherjee (eds.), ***Women in India and Nepal***, Australian National University, Canberra, 1982.

Altekar, A. S., ***The Position of Women in Hindu Civilization***, Motilal Banarsidass, Delhi, 1959.

Anderson, Pamela Sue & Beverley Clack (eds.), ***Feminist Philosophy of Religion***, Routledge, London, 2004.

Avtar Singh, ***Ethics of the Sikhs***, Punjabi University, Patiala, 1970.

Bader, Clarisse, ***Women in Ancient India Moral and Literary Studies***, Mary E.R. Martin (tr.), Chowkhamba Sanskrit Series Office, Varanasi, 1964.

Baig, Tara Ali (ed.), ***Women of India***, Government of India, Delhi, 1958.

Bakshi, S.R., ***Arya Samaj Swami Dayananda and His Ideology***, vol 2, Anmol Publications, Delhi, 1991.

Bala, Shashi, ***Relevance of Guru Granth Sahib (in the Modern Context)***, Singh Brothers, Amritsar, 2006.

Bapat, P.V., ***2500 Years of Buddhism***, Publication Division Ministry of Information and Broadcasting Government of India, New Delhi, 6th reprint, 1997.

Bartholomeusz, Tessa J., ***Women Under The Bo Tree: Buddhist Nuns in Sri Lanka,*** Cambridge University Press, New York, 1994.

Basu, Jagiraj, ***India of the Age of Brahmanas***, Shyamapada Bhattacharya, 1969.

Beauvoir, Simone De, ***The Second Sex***, Constance Borde & Sheila Malovany-Chevallier (trs.), Vintage Books, New York, 2011.

Belsey, Catherine & Jane Moore (eds.), ***The Feminist Reader***, Mcmillian, London, 1999.

Bhaskar, Bhagchandra Jain, ***History of Buddhist Culture***, Alok Prakashan, Nagpur, 2001.

Bhattacharya, Bela, ***Buddhist Women Saints of India***, Firma Klm Private Limited, Calcutta, 2000.

Bhupinder Kaur, ***Status of Women in Sikhism***, Shiromani Gurdwara Parbandhak Committee, Amritsar, 2005.

Blackstone, Kathryn R., ***Women in the Footsteps of the Buddha: Struggle for Liberation in the Therigatha***, Motilal Banarsidass Publishers Private Limited, Delhi, 2000.

Cabezon, Jose Ignacio (ed.), ***Buddhism, Sexuality and Gender***, Sri Satguru Publications, Delhi, 1992.

Caroll, Theodora Foster, ***Women Religion and Development in the Third World,*** Praeger Special Studies, New York, 1983.

Chatterjee, Mohini, ***Women's Human Rights***, Aavishkar Publishers, Jaipur, 2005.

Chopra, P.N., ***Contribution of Buddhism to World Civilization and Culture***, S.Chand & Company Ltd., Delhi, 1983.

Cooey, Paula M., William R.Eakin & Jay B. Mcdaniel (eds.), ***After Patriarchy: Feminist Transformations of the World Religions,*** Sri Satguru Publications, Delhi, 1996.

Dahlke, Paul, ***Buddhist Essays***, Bhikkhu Silacara (tr.), Indological Book House, New Delhi, 1978.

Darshan Singh (ed.), ***Guru Granth Sahib Among the Scriptures of the World***, Punjabi University, Patiala, 2004.

Devi, Sri Sarada, ***Women Saints of East and West***, The Ramakrishna Vedanta Centre, London, 1995.

Dharam Singh (ed.), ***Sikhism And Secularism***, Harman Publishing House, Delhi, 1994.

Dhillon, Balwant Singh (ed.), ***Interfaith Study of Guru Granth Sahib***, Guru Nanak Dev University, Amritsar, 2005.

Diwan Singh, ***The Highway of Sikhism***, Peoples Publishing House, Chandigarh, 1995.

Dixit, Shalini, ***Patriarchy and Feminine Space: A Study of Women in Early Buddhism***, Manak Publication, New Delhi, 2008.

Dube, Leela, ***Women and Kinship: Comparative Perspective on Gender in South and South-East Asia***, Vistaar Publications, New Delhi, 1997.

Dutt, Nripendra Kumar, ***Origin and Growth of Caste in India***, Vol 1, Firma K.L. Mukhopadhay, Calcutta, 1968.

Dutt, Romesh C., ***Early Hindu Civilisation,*** R.P.Mitra & Son, Calcutta, 1927.

Findly, Ellison Banks (ed.), ***Women's Buddhism Buddhism's Women,*** Wisdom Publication, Boston, 2000.

Forbs, Geraldine, ***The New Cambridge History of India: Women in Modern India***, Cambridge University Press, New Delhi, 1996.

Franzmann, Majella, ***Women and Religion***, Oxford University Press, New York, 2000.

Freedman, Jane, ***Concepts in the Social Sciences: Feminism***, Viva Books Private Limited, New Delhi, 2002.

Gadkari, Jayant, ***Society and Religion From Rigveda to Puranas***, Popular Prakashan, Bombay, 1996.

Gajinder Singh (ed.), ***Sikhism and Women***, Institute of Sikh Studies, Chandigarh, 2012.

Goyal, S.R., ***A History of Indian Buddhism***, Kusumanjali Prakashan, Meerut, 1987.

Grewal, J,S., ***The Sikhs Ideology, Institutions, and Identity***, Oxford University Press, New Delhi, 2009.

__________, ***Recent Debates in Sikh Studies: An Assessment***, Manohar Publisher, New Delhi, 2011.

Gupta, Gayatri, ***Status of women in Ancient India***, Shree Niwas Publications, Jaipur, 2012.

Gupta, Sameer Das, ***Women in Buddhist Tradition***, Cyber Tech Publications, New Delhi, 2009.

Gupta, Sankar Sen (ed.), ***Indian Folkare: A Short Survey of their Social Status and Position***, Indian Publication, Calcutta, 1969.

Gurbhagat Singh, ***Sikhism and Postmodern Thought***, Ajanta Publication, Delhi, 1999.

Gurnam Kaur, ***Sikh Perspective of Human Values***, Punjabi University, Patiala, 1998.

Gutschow, Kim, ***Being A Buddhist Nun***, Harvard University Press, London, 2004.

Haralambos, M., ***Sociology Themes and Perspectives***, Oxford University Press, Delhi, 1980.

Harbans Singh (ed.), ***Perspectives on Guru Nanak***, Punjabi University, Patiala.

Havnevik, Hanna, ***Tibetan Buddhist Nuns***, Norwegian University Press, Oxford, 1957.

Hecker, Hellmuth, ***Buddhist Women at the Time of the Buddha,*** Buddhist Publication Society, Sri Lanka, 1994.

Herrmann, Anne C. &Abigail J. Stewart (eds.), ***Theorizing Feminism: Parallel Trends in the Humanities and Social Sciences***, Westview Press, 1994.

Hew Mcleod, ***Sikhism,*** Penguin Books, England, 1997.

Hooks, Bell, ***Feminism is for Everbody: Passionate Politics***, South End Press, Cambridge, 2000.

Hopkins, E.W., ***The Social and Military Position of the Ruling Caste in Ancient India***, Bharat Publication, Varanasi, 1972.

Horner, I.B., ***Women in Early Buddhist Literature***, Buddhist Publication Society, Ceylon, 1961.

__________, ***Women under Primitive Buddhism: Laywomen and Almswomen***, Oriental Publisher and Distributors, Delhi, 1975.

Indra, M.A, ***The Status of Women in Ancient India***, Motilal Banarasidass, Banaras, second ed. 1955.

Irigaray, Luce, ***An Ethics of Sexual Difference***, Carolyn Burke & Gillian C. Gill (trs.), Continuum London, 2005.

J.C. Powell-Price, ***A History of India***, Thomas Nelson and sons ltd., 1955.

Jackson, Stevi & Jackie Jones (eds.), ***Contemporary Feminist Theories***, Edinburgh University Press, Edinburgh, 1998.

Jaggi, Ratan Singh& Fauja Singh (eds.), ***Perspectives on Guru Amar Das***, Punjabi University, Patiala, 1982.

Jain, Devaki, ***Indian Women***, Ministry of Information and Broadcasting, New Delhi, 1975.

Jain, Jasbir (ed.), ***Women in Patriarchy Cross-Cultural Readings***, Rawat Publications, New Delhi, 2005.

Jakobsh, Doris R., ***Relocating Gender in Sikh History: Transformation, Meaning and Identity***, Oxford University Press, New Delhi, 2003.

Jampala, Jyothy, ***Feminism: A Philosphical Study***, Serials Publications, New Delhi, 2014.

Jayal, Shakambari, ***The Status of Women in the Epics***, Motilal Banarsidass, Delhi, 1966.

Jodh Singh, ***Sikh Religion and Human Civilization***, Punjabi University, Patiala, 1999.

Joy, Morny, Kathleen O'Grady & Judith L.Poxon (eds.), ***French Feminists on Religion***, Routledge, London, 2002.

K. Antonova, G. Bongard-Levin & G. Katousky, ***A History of India***, Progress Publicatin, Moscow, 1979.

Kapoor Singh, ***Sikhism for Modern Man***, Guru Nanak Dev University, Amritsar, 2006.

Kauffman, Linda (ed.), ***Gender and Theory: Dialogues on Feminist Criticism,*** Basil Blackwell, Oxford, 1990.

Kelkar, Meena & Deepti Gangavane (eds.), ***Feminism in Search of Identity: The Indian Context***, Rawat Publications, New Delhi, 2003.

Keown, Damien (ed.), ***Buddhist Studies from India to America***, Routledge, New York, 2006.

Kidwai, Shaikh M.H., ***Woman: Under Different Social and Religious Laws***, Seema Publication, Delhi, 1976.

King, Ursula, ***Women and Spirituality: Voices of Protest & Promise***, Macmillan Education, Ltd, London, 1989.

Klostermaier, Klaus K., ***Buddhism: A Short Introduction,*** Oneworld Publications, England, 2006.

Kohli, Surinder Singh, ***Real Sikhism***, Harman Publishing House, New Delhi, 1994.

__________________, ***The Sikh Philosophy***, Singh Brothers, Amritsar, 1992.

Law, Bimla Churn, ***Women in Buddhist Literature***, Asian Educational Services, New Delhi, 2007.

Lechte, John, ***Fifty Great Contemporary Thinkers: From Structuralism to Post Modernity***, Routledge, New York, 2003.

Madanjit Kaur & Piar Singh (eds.), ***Some Insights into Sikhism***, Guru Nanak Dev University, Amritsar, 2005.

Madhavanadra, Swami & Ramesh Canandra Majumdar (eds.), ***Great Women of India***, Advaita Asharma Mayavati, Almora, Himalayas, 1953.

Madsen, Deborah L., ***Feminist Theory and Literary Practice***, Pluto Press, London, 2000.

Majumdar, Maya (ed.), ***Encyclopaedia of Gender Equality through Women Empowerment,*** Vol. 2, Sarup & Sons, New Delhi, 2005.

Majumdar, R.C. (ed.), ***The Vedic Age***, Bharatiya Vidya Bhawan, Bombay, fifth ed., 1971.

Mazumdar, A.K., ***Understanding Vivekananda***, Sanskrit Pustak Bhandar, Calcutta, 1972.

Mehta, Sushila, ***Revolution and the Status of Women in India***, Metropolitan Book Ltd, New Delhi, 1982.

Mitra, S.M., ***The Position of Women in Indian life***, Longmans, Green & Co, New York, 1911.

Mizuno, Kogen, ***The Beginnings of Buddhism***, Richard L. Gage (tr.), Kosei Publishing Co., Tokyo, 1980.

Moi, Toril, ***What is Woman? And Other Essays***, Oxford University, Press, New York, 1999.

Morgan, Sue (ed.), ***The Feminist History Reader***, Routledge, New York, 2006.

Mudgal , S.Vats Shakuntla (ed.), ***Women and Society in Ancient India,*** Om Publication, Faridabad, 1999.

Muller, F.Max (ed.), '**Vinya Texts**', ***The Sacred of the East***, T.W.Rhys Davids & Hermann Oldenberg (trs.), Vol.17, Part.2, Motilal Banarsidass, New Delhi, 4th ed.,1982.

____________, '**Vinya Texts**', ***The Sacred of the East,*** T.W.Rhys Davids & Hermann Oldenberg (trs.), Vol.20, Part.3, Motilal Banarsidass, New Delhi, 2nd ed., 1984.

Myneni, S.R., ***Women and Law***, Asia Law House, Hyderabad, 2nd ed., 2011.

Naik, C.D., ***Ambedkar's Perspective on Buddhism and other Religions***, Kalpaz Publications, Delhi, 2004.

Nanda, B.R. (ed.), ***Indian Women:From Purdah to Modernity***, Vikas Publishing House Pvt Ltd, New Delhi, 1976.

Narada, Mahathera (ed.& tr.), ***A Comprehensive Manual of Abhidhamma***, Buddhist Publication Society, Sri Lanka, 2nd ed., 1999.

Narain, A.K. (ed.), ***Studies in History of Buddhism***, Buddhist World Peace Publication, New Delhi, 2nd ed., 2010.

Neill , William L.O', ***The Woman Movement: Feminism in the United State and England***, George Allen and unwin ltd., London, 1969.

Niharranjan Ray, ***Sikh Gurus and the Sikh Society***, Punjabi University, Patiala, 1970.

Nikky Guninder Kaur Singh, ***The Feminine Principle in the Sikh Vision of the Transcendent***, Cambridge University Press, New York, 1993.

________________________, ***Sikhism: An Introduction,*** I.B.Tauris & Co Ltd, London, 2011.

Nripinder Singh, ***The Sikh Moral Tradition***, Manohar Publication, New Delhi, 1990.

Obeyesekere, Ranjini, ***Portraits of Buddhist Women: Stories From the Saddharmaratnavaliya***, State University of New York Press, Albany, 2001.

Omvedt, Gail, ***Buddhism in India: Challenging Brahmanism and Caste,*** Sage Publications, New Delhi, 2003.

Padia, Chandrakala, ***Women in Dharmasastras: A Phenomenological and Critical Analysis***, Rawat Publications, Delhi, 2009.

Pathak, Raj Kumar, ***Historical Survey of Indian Buddhism,*** Ramanand Vidya Bawan, New Delhi, 1989.

Paul, Diana Y., ***Women in Buddhism: Images of the Feminine in Mahayana Tradition,*** Asian Humanities Press, California, 1979.

Pawar, Kiran (ed.), ***Women in Indian History: Social, Economic, Political and Cultural Perspectives***, Vision& Ventures, Patiala, 1996

Prabhjot Kaur, ***Women Liberation: Through the Prism of Sikh Faith***, G S Distribution Inc, Ludhiana, 2012.

Pruthi, Raj & Bela Rani Sharma, ***Sikhism and Women,*** Anmol Publications, New Delhi, 1995.

Puran Singh, ***The Spirit Born People***, Punjabi University, Patiala, 1976.

__________, ***The Book of the Ten Masters,*** Punjabi University, Patiala, 1981.

__________, ***On Paths of Life,*** Punjabi University, Patiala, 1982.

Radhakrishnan, S., ***Gautama the Buddha,*** Hind Kitabs Ltd., Bombay, 1949.

_______________, ***Religion and Society***, George Allen & Unwin Ltd., London, 2nd ed., 1956.

Rahula, Walpola Sri, ***What the Buddha Taught,*** Grove Press, New York, 1974.

Rohi, Rajinder Kaur, ***Semitic and Sikh Monotheism: A Comparative Study***, Punjabi University, Patiala, 1999.

Romesh, C. Dutt, ***Early Hindu Civilization***, R.P.Mitra & Son, Calcutta, 1927.

Roy, Kumkum (ed.), ***Women in Early Indian Societies***, Manohar Publishers, New Delhi, 2011.

Roy, Reginald A., ***Buddhist Saints in India: A Study in Buddhist Values and Orientations***, Oxford University Press, New York, 1994

S.K., Rait, ***Sikh Women in Leeds (Religious, Social and Cultural Beliefs and Tradition)***, Wisdom House Publication Ltd., England, 2003.

Saddhatissa, H., ***Buddhist Ethics: Essence of Buddhism***, George Allen & Unwin Ltd., London, 1970.

Saddhatissa, H., ***The Life of the Buddha***, George Allen & Unwin Ltd., London, 1976.

Sahni, Pragati, ***Enviornmental Ethics in Buddhism: A Virtue Approach***, Routledge, New York, 2008.

Sarkar, Jadunath, ***India Through the Ages***, M.C. Sarkar & Sons Private Ltd, Calcutta, 5th ed., 1960.

Saunders, Kenneth J., ***Gotama Buddha: A Biography***, Light & Life Publishers, New Delhi, 1978.

Sen, Gertrude Emerson, ***The Story of Early Indian Civilization***, Orient Longmans, Madras, 1964.

Sengupta, Padmini, ***The Story of Women of India,*** Indian Book Company, New Delhi, 1974.

Sharma, Arvind (ed.), ***Women in World Religions***, Sri Satguru Publications, Delhi, 1995.

________________, ***Women in Indian Religions***, Oxford University Press, New Delhi, 2002.

Sharma, J.B. & S.P. Sharma, ***Buddhist Culture,*** Sublime Publications, Jaipur, 1999.

Shastri, Shakuntala Rao, ***Women in the Vedic Age***, Bharatiya Vidya Bhavan, Bombay, 1960.

Shaw, Miranda, ***Buddhist Goddesses of India***, Princeton University Press, Oxford, 2006.

Sher Singh, ***Philosophy of Sikhism***, Shiromani Gurdwara Parbandhak, Committee, Amritsar, 2005.

Sobti, Harcharan Singh, ***My Buddhist Writings(Based on Pali Tipitaka and Adi Grantha)***, Eastern Book Linkers, Delhi, 1994.

Souza, Alfred De (ed.), ***Women in Contemporary India and South Asia***, Manohar Publication, New Delhi, 1980.

Swami Vivekananda, ***Our Women***, Advaita Ashrama Mayavati, Almora, Himalayas,1953.

Swaranjeet Kaur, Harvind Kaur Singh & Kulwant Kaur Hundal (eds.), ***Sach ki Bani: Universal Message for Peace***, IFCAPS Publications, USA, 2008.

Sylnester, Christine (ed.), ***Feminist Theory and International Relations in a Postmodern Era,*** Cambridge University Press, Cambridge, 1994.

Talim, Meena, ***Life of Women in Buddhist Literature,*** Buddhist World Press, Delhi, 2010.

Taran Singh (ed.), ***The Teachings of Guru Nanak***, Punjabi University Patiala, 1977.

Teja Singh, ***Essays in Sikhism***, Sikh University Press, Lahore, 1994.

Thapan, Meenakshi (ed.), ***Embodiment Essays on Gender and Identity***, Oxford University Press, New Delhi, 1997.

Tharu, Susie & K. Lalita (eds.), ***Women Writing (600 Bc to the Early 20$^{th}$ Century) in India,*** The Feminist Press, New York, 1991.

Thomas, Edward J., ***The Life of Buddha as Legend and History,*** Munshiram Manoharlal, Publishers, New Delhi, 1992.

Thomas, P., ***Indian Women Through the Ages***, Asia Publishing House, Bombay, 1964.

Tripathi, L.K., ***Position and Status of Women in Ancient India***, Banaras Hindu University, Varanasi, 1988.

Tripathy, Prabhat Chandra, ***Crime Against Working Women***, Aph Publishing Corporatin, New Delhi, 1998.

Tsomo, Karma Lekshe (ed.), ***Sakyadhita : Daughters of the Buddha,*** Sri Satguru Publication, Delhi, 1998.

__________________________, ***Buddhist Women and Social Justice: Ideals, Challenges, and Achievement***, Divine Books, Delhi, 2013.

Upadhaya, Bhagwat Saron, ***Women in Rgveda***, S.Chand & Co Pvt Ltd, New Delhi, 1974.

Upadhyay, H.C., ***Status of Women in India***, Vol.1, Anmol Publication, New Delhi, 1991.

Upinder Jit Kaur, ***Sikh Religion and Economic Development***, National Book Organisation, New Delhi, 1990.

Varma, Vishwanath Prasad, ***Early Buddhism and its Origins***, Munshiram Manoharlal Publishers, New Delhi, 1973.

Venerable Bhikshuni Wu Yin, ***Choosing Simplicity: Commentry on the Bhikshuni Pratimoksha,*** Bhikshuni Jendy Shin (tr.), Bhikshuni Thubten Chodron (ed.), Snow Lion Publication, New York, 2001.

Vyas, Shantikumar Nanooram, ***India in the Ramayana Age***, Atma Ram & Sons, Delhi, 1967.

Wadia, A.R., ***The Ethics of Feminism: A Study of the Revolt of Women***, Asian Publication Services, New Delhi, 1977.

Warchal, Robyn R. & Diane Price Herndl (eds.), ***Feminism: An Anthology of Literary Theory and Criticism***, Rutgers University Press, America, 1993.

Warder, A.K., ***Indian Buddhism***, Motilal Banarsidass, Delhi, 1970.

Young, Serinity, ***Courtesans and Tantric Consorts: Sexualities in Buddhist Narrative, Iconography and Ritual***, Routledge, New York, 2004.

## Encyclopedias:

Chitkara, M.G., ***Encyclopaedia of Buddhism: A World Faith***, Vol.15, Aph Publishing Corporation, New Delhi, 1999.

Eliade, Mircea, ***The Encyclopaedia of Religion***, Macmillian Publishing Company, New Delhi, 1987.

***Encyclopedia of World Religions***, Vol.14, Viva Books Private Limited, New Delhi, 2004.

Harbans Singh (ed.), ***The Encyclopedia of Sikhism,*** Vol.4, Punjabi University, Patiala, 1998.

James Hastings (ed.), ***Encyclopedia of Religion and Ethics***, Vol.5., Charles Scribner's Sons, New York, 1964.

Malalasekra, G.P (ed.), ***Encyclopaedia of Buddhism***, Govt Press, Ceylon, 1966.

Nagendra Kr. Singh, ***International Encyclopaedia of Buddhism***, Vol. 36, Anmol Publication, New Delhi, 1997.

Ralhan, O.P.(ed.), ***Encyclopaedia of Sikhism Religion and Culture,*** Vol.2, Anmol Publications, New Delhi, 1997.

***The New Encyclopedia Britannica***, Encyclopaedia Britannica, London, 15th ed., 1974.

***The New International Webster's Comprehensive Dictionary of the English Language***- Encyclopedic Edition, 2013.

## Journals:

***Abstract of Sikh Studies*** (Institute of Sikh Studies, Chandigarh)

***Eastern Buddhist*** (The Eastern Buddhist Society, Otani University, Kyato)

***Journal of Indian History*** (University of Kerala, Trivandrum)

***Journal of Sikh Studies*** (Guru Nanak Dev University, Amritsar)

***Proceedings of Punjab History Conference*** (Punjabi University, Patiala)

***Punjab Past and Present*** (Punjabi University, Patiala)

***Studies in Sikhism and Comparative Religion*** (Guru Nanak Foundation, New Delhi)

***The Journal of Religion and Sikh Studies*** (Sri Guru Granth Sahib World University, Fatehgarh Sahib)

***The Journal of Religious Studies*** (Punjabi University, Patiala)

***The Maha Bodhi*** (Maha Bodhi Society, Ceylon)

***The Middle Way*** (The Buddhist Society, London)

***The Sikh Courier International*** ( A Journal of Sikh Cultural Society, Great Britain)

***The Sikh Review*** (Kolkatta)

***World Buddhism*** (Buddhist Publication, Sri Lanka)

## ihNdI:

***ANguqr inkwX***, phlw Bwg, BdNq AwnNd kOsØXwXn (Anu.), mhwboiD sBw, klkÁw, 1957.

__________, dusrw Bwg, BdNq AwnNd kOsØXwXn (Anu.), mhwboiD sBw, klkÁw, 1963.

__________, qIsrw Bwg, BdNq AwnNd kOsØXwXn (Anu.), mhwboiD sBw, klkÁw, 1966.

***AQv_vyd (SOnkIX s<ihqw)***, pRBudXwlu Ai^ÓhoZI (Anu.), e_átn_ buk il<ks_, idØlI, 2005.

AMbyfkr, BImrwv rwmjI, ***bu© AOr ankw DMm***, gOqm buk sy<tr, idØlI, 2013.

apwÍXwX, Brq is>h, ***pwil swihäX kw eiqhws***, ih<dI swihäX sMmyln, pRXwg, 1985.

kwÜXp, jgdIS, ***gOqm bu©,*** rwàtRIX SYi@k Anus<Dwn AOr pRiS@x pir†d, idØlI, 1971.

cquvy_dI, jgdISvr, ***aqr AwDuinkqwvwd***, rwjkml pRkwSn, ne~ idØlI, 2004.

***jwqk***, phlw Bwg, BdNq AwnNd kOsØXwXn (Anu.), ihNdI swihËX sMmyln, pRXwg, 2013.

__________, dusrw Bwg, BdNq AwnNd kOsØXwXn (Anu.), ihNdI swihËX sMmyln, pRXwg, 1951.

__________, cOQw Bwg, BdNq AwnNd kOsØXwXn (Anu.), ihNdI swihËX sMmyln, pRXwg, 1951.

__________, pWcvw Bwg, BdNq AwnNd kOsØXwXn (Anu.), ihNdI swihËX sMmyln, pRXwg, 1954.

__________, qIsrw Bwg, BdNq AwnNd kOsØXwXn (Anu.), ihNdI swihËX sMmyln, pRXwg, 1971.

__________, CTw Bwg, BdNq AwnNd kOsØXwXn (Anu.), ihNdI swihËX sMmyln, pRXwg, 2013.

jwn átuAt~ iml, ***áZI AOr prwDInqw pRk÷iq, Si#q AOr Buimkw sy juVy pRSn,*** Xugw<k DIr (Anu.), svw<d pRkwSn, myrT, 2002.

jYn, komlcNdR, ***bO© AOr jYn Awgmo< my< nwrI jIvn,*** sohnlwl jYn Dm_ pRcwrk simiq, Am÷qsr, 1967.

jYn, koml, ***jYn Awgm my< nwrI***, pRzw pRkwSn, e<dOr, 1986.

jYn, jgdIScNdR, ***jYn Awgm swihäX my< BwrqIX smwj***, cOKMbw ivGwBvn, vwrwxsI, 1965.

jYn, Pulku<vr, ***jwqk kQwAo< my< nwrI***, AnIqw pRkwSn, aÈjYn, 1981.

***QyrIgwQw***, ávwmI ©wirkwdwsSwáZI (Anu.), bO© BwrqI, vwrwxsI, 2003.

***dIG inkwX***, rwhul swN™ËXwXn Ev< jgdIS kwÜXp (Anu.), gOqm buk syNtr, idØlI, 2010.

***DMmpd,*** Dm~ri@q (Anu.), myss~ KylwVIlwl, vwrwxsI, 1959.

DIryNdRkumwr is>h, ***bRw®x gRNQo< my< pRiqiviMbq smwj E<v s<ák÷iq***, pynmYn piÑlSs_, idØlI, 1990.

pw&fyX, ivjXlâmI, ***bO© s<G kw ávrUp E<v ivkws***, pRiqBw pRkwSn, idØlI, 1997.

***miÈJm inkwX,*** rwhul swN™ËXwXn (Anu.), mhwboiD sBw, vwrwxsI, i¿iÁX s<ákrx, 1964.

im‰, jXS<kr, ***pRwcIn Bwrq kw swmwijk eiqhws,*** cOQw s<skrx, ibhwr ihNdI gRNQ AkwdmI, ptnw, 1986.

muin, AwcwX_ iSv, ***BwrqIX Dmo_ my< mui#q***, BwgcNdR jYn Bwákr (Anu.), pRzw ÍXwn Ev ávwÍXwX kyNdR, muMbe_, 2001.

myrI voØstnkRwÏt, ***áZI AiDkwro< kw AOicËX-swDn***, mInw@I (Anu.), rwjkml pRkwSn, ne~ idØlI, 2009.

mohn is>h, mdn, ***bu©kwlIn smwj AOr Dm_***, ibhwr ih<dI gR<Q AkwdmI, ptnw, 1972.

rwDwk÷àxn, svy_piØl, ***gOqm bu©,*** rwjpwl E&f sNj, idØlI 1970.

lwl, A>gny, ***bO© s<ák÷iq***, pRbu© pRkwSn, lKna, 1998.

ÛXws, ÜXwm pRswd (s<pw.), ***Xug XugIn BwrqIX nwrI,*** rwjáQwnI gRNQwgwr, joDpur, 2010.

vwjpyXI, iSvkwNq, ***pRwriMBk bO© Dm_ s<G E<v smwj,*** zwnBwrqI piÑlkySNs, idØlI, 2002.

***ivnX iptk,*** rwhul swN™ËXwXn (Anu.), gOqm buk syNtr, idØlI, i¿iÁX s<ákrx, 2010.

vuØP, vjI_inXw, ***Apnw Ek kmrw***, mojyj mwekyl (Anu.), vwxI pRkwSn, nXI idØlI, 2011.

Smw_, gjwnn, ***pRwcIn BwrqIX swihäX my< nwrI,*** rcnw pRkwSn, elwhwbwd, 1971.

***sNXuÁ inkwX***, phlw Bwg, jgdIS kwÜXp Ev< Dm~ri@q (Anu.), mhwboiD sBw, bnwrs, 1954.

swN™ËXwXn, rwhul, ***bu…cXw***~~, mhwboiD sBw, bnwrs, 1952.

__________, ***bO© dS_n***, ikqwb mhl, elwhwbwd, 1977.

is<hl, lqw, ***BwrqIX s<ák÷iq my< nwrI***, pirml piÑlkySNs, idØlI, 1991.

ˆ***^vyd s<ihqw***, sqX pRkwS srávqI Ev< säXkwm ivDwl<kw (Anu.), vyd pRiqàTwn, ne_ idØlI, 1977.

iZpwTI, cNdRvlI, ***BwrqIX smwj my< nwrI AwdSo_ kw ivkws***, dugw_vqI pRkwSn, gorKpur, 1981.

## ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ ਮੇਰੇ ਵੱਲੋਂ **'ਬੁੱਧ ਧਰਮ ਅਤੇ ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ: ਆਧੁਨਿਕ ਪਰਿਪੇਖ ਵਿੱਚ ਇਕ ਤੁਲਨਾਤਮਕ ਅਧਿਐਨ'** ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ ਪੀਐੱਚ.ਡੀ. ਦੀ ਉਪਾਧੀ ਲਈ ਪੇਸ਼ ਕੀਤਾ ਜਾ ਰਿਹਾ ਖੋਜ-ਪ੍ਰਬੰਧ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਨੂੰ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

**ਖੋਜਾਰਥਣ**

ਪ੍ਰਦੀਪ ਕੌਰ

ਪ੍ਰਦੀਪ ਕੌਰ

## ਧੰਨਵਾਦ


- ਸਭ ਤੋਂ ਪਹਿਲਾਂ ਮੈਂ ਉਸ ਅਕਾਲ ਪੁਰਖ ਅੱਗੇ ਸਿਜਦਾ ਕਰਦੀ ਹਾਂ ਜਿਸ ਦੀ ਬਖ਼ਸ਼ਿਸ਼ ਨੇ ਮੈਨੂੰ ਇਸ ਖੋਜ ਕਾਰਜ ਨੂੰ ਕਰਨ ਦੇ ਸਮਰੱਥ ਬਣਾਇਆ।

- ਮੈਂ ਆਪਣੇ ਨਿਗਰਾਨ ਡਾ.ਅਬਨੀਸ਼ ਕੌਰ ਜੀ ਦੀ ਬਹੁਤ ਸ਼ੁਕਰਗੁਜ਼ਾਰ ਹਾਂ, ਜਿਹਨਾਂ ਦੀ ਸੁਯੋਗ ਨਿਗਰਾਨੀ ਹੇਠ ਮੈਨੂੰ ਆਪਣਾ ਖੋਜ ਕਾਰਜ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀ ਉਤਸ਼ਾਹਿਤ ਅਗਵਾਈ, ਨਿੱਜੀ ਦਿਲਚਸਪੀ, ਪਿਆਰ ਭਰੀ ਪ੍ਰੇਰਨਾ ਅਤੇ ਅਨੁਸ਼ਾਸਨਬੱਧਤਾ ਕਾਰਨ ਹੀ ਮੇਰਾ ਇਹ ਖੋਜ-ਪ੍ਰਬੰਧ ਸੰਪੂਰਨ ਹੋ ਸਕਿਆ। ਮੈਂ ਆਪਣੇ ਸਹਿ ਨਿਗਰਾਨ ਡਾ.ਰਾਜੇਸ਼ ਰੰਜਨ ਜੀ ਦੀ ਵੀ ਬਹੁਤ ਧੰਨਵਾਦੀ ਹਾਂ।

- ਮੈਂ ਆਪਣੇ ਵਿਭਾਗ ਦੇ ਮੁਖੀ ਡਾ. ਰਾਜਿੰਦਰ ਕੌਰ ਰੋਹੀ ਤੇ ਹੋਰ ਅਧਿਆਪਕ ਸਾਹਿਬਾਨ ਡਾ. ਦਰਸ਼ਨ ਸਿੰਘ (ਰਿਟਾ.), ਡਾ. ਹਰਪਾਲ ਸਿੰਘ ਪੰਨੂ, ਡਾ. ਗੁਰਮੀਤ ਸਿੰਘ ਸਿੱਧੂ, ਡਾ. ਤੇਜਿੰਦਰ ਕੌਰ ਧਾਲੀਵਾਲ, ਡਾ. ਜਸਵਿੰਦਰ ਸਿੰਘ ਅਤੇ ਸਮੁੱਚੇ ਦਫਤਰ ਸਟਾਫ ਤੇ ਕਰਮਚਾਰੀਆਂ ਦੀ ਧੰਨਵਾਦੀ ਹਾਂ ਜਿਹਨਾਂ ਦੇ ਪਿਆਰ ਅਤੇ ਸਹਿਯੋਗ ਨੇ ਇਸ ਕਾਰਜ ਨੂੰ ਬਹੁਤ ਜ਼ਿਆਦਾ ਸੌਖਾ ਬਣਾਇਆ।

- ਮੈਂ ਸਮਾਜ ਸ਼ਾਸਤਰ ਵਿਭਾਗ ਦੇ ਗੌਤਮ ਸੂਦ ਜੀ ਅਤੇ ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਡਾ.ਅਨੀਤਾ ਗਿੱਲ ਜੀ ਦੇ ਪਿਆਰ ਅਤੇ ਅਗਵਾਈ ਲਈ ਬਹੁਤ ਧੰਨਵਾਦੀ ਹਾਂ। ਮੈਂ ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਸਮੂਹ ਸਟਾਫ ਅਤੇ ਕਰਮਚਾਰੀਆਂ ਦੀ ਵੀ ਧੰਨਵਾਦੀ ਹਾਂ।

- ਮੈਂ ਭਾਈ ਕਾਨ੍ਹ ਸਿੰਘ ਨਾਭਾ ਅਤੇ ਡਾ.ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਦੇ ਸਮੂਹ ਸਟਾਫ ਦੀ ਧੰਨਵਾਦੀ ਹਾਂ, ਜਿਹਨਾਂ ਦੀ ਸਹਾਇਤਾ ਬਿਨਾਂ ਇਹ ਕੰਮ ਸੰਪੂਰਨ ਹੋਣਾ ਔਖਾ ਸੀ।

- ਮੈਂ ਆਪਣੇ ਪਰਿਵਾਰ ਵੱਲੋਂ ਮਿਲੇ ਪਿਆਰ, ਵਿਸ਼ਵਾਸ ਅਤੇ ਹੌਸਲਾ ਅਫਜ਼ਾਈ ਦੀ ਬਹੁਤ ਸ਼ੁਕਰਗੁਜ਼ਾਰ ਹਾਂ। ਮੇਰੇ ਪਿਤਾ ਸਵ. ਸ. ਆਤਮਾ ਸਿੰਘ, ਮੇਰੇ ਮਾਤਾ ਕੁਲਵੰਤ ਕੌਰ ਤੇ ਮੇਰੇ ਛੋਟੇ ਵੀਰ ਸ. ਰਵਿੰਦਰ ਸਿੰਘ, ਜਿਹਨਾਂ ਨੇ ਪਰਿਵਾਰਿਕ ਜ਼ੁੰਮੇਵਾਰੀਆਂ ਨੂੰ ਆਪਣੇ ਤੱਕ ਸੀਮਤ ਰੱਖਿਆ ਅਤੇ ਮੇਰੀ ਜ਼ਿੰਦਗੀ ਨੂੰ ਵਧੇਰੇ ਅਰਥ-ਭਰਪੂਰ ਬਣਾ ਦਿੱਤਾ।

- ਮੇਰੇ ਸਾਰੇ ਪਿਆਰੇ ਦੋਸਤਾਂ ਦਾ ਬਹੁਤ-ਬਹੁਤ ਧੰਨਵਾਦ ਜਿਹਨਾਂ ਦੀਆਂ ਹਮਾਇਤਾਂ ਨੇ ਹਮੇਸ਼ਾ ਮਨੋਬਲ ਉੱਚਾ ਕਰੀ ਰੱਖਿਆ।

- ਅੰਤ ਵਿੱਚ ਮੈਂ ਸਾਰਿਆਂ ਦਾ ਧੰਨਵਾਦ ਕਰਦੀ ਹੋਈ ਕਹਾਂਗੀ ਕਿ ਇਸ ਖੋਜ ਕਾਰਜ ਨੂੰ ਕਰਨਾ ਮੇਰੀ ਇੱਕ ਨਿਮਾਣੀ ਜਿਹੀ ਕੋਸ਼ਿਸ਼ ਹੈ, ਇਸ ਵਿਚਲੇ ਸਿੱਟੇ ਅੰਤਿਮ ਨਹੀਂ ਹਨ।

ਪ੍ਰਦੀਪ ਕੌਰ

(ਪ੍ਰਦੀਪ ਕੌਰ)

# ਤਤਕਰਾ


| ਨੰ: | ਅਧਿਆਇ | ਪੰਨਾ |
|---|---|---|
| | ਭੂਮਿਕਾ | i-vi |
| ਅਧਿਆਇ–1 | ਭਾਰਤੀ ਧਰਮ ਅਤੇ ਇਸਤਰੀ | 1-44 |
| ਅਧਿਆਇ–2 | ਬੁੱਧ ਧਰਮ ਵਿੱਚ ਇਸਤਰੀ ਦੀ ਸਥਿਤੀ: ਸੰਦਰਭ ਅਤੇ ਸਰੋਕਾਰ | 45-106 |
| ਅਧਿਆਇ–3 | ਸਿੱਖ ਧਰਮ ਵਿੱਚ ਇਸਤਰੀ ਦੀ ਸਥਿਤੀ: ਸੰਦਰਭ ਅਤੇ ਸਰੋਕਾਰ | 107-151 |
| ਅਧਿਆਇ–4 | ਆਧੁਨਿਕ ਪਰਿਪੇਖ ਵਿੱਚ ਇਕ ਤੁਲਨਾਤਮਕ ਅਧਿਐਨ | 152-204 |
| | ਸਾਰਾਂਸ਼ | 205-214 |
| | ਪੁਸਤਕ ਸੂਚੀ | 215-235 |